# ਲੋਕ ਮਸਲੇ

## ਦਸ਼ਾ ਤੇ ਦਿਸ਼ਾ






ਡਾ. ਚਰਨਜੀਤ ਸਿੰਘ ਗੁਮਟਾਲਾ

Academy of the Punjab in North America: http://www.apnaorg.com

# ਲੋਕ ਮਸਲੇ

## ਦਿਸ਼ਾ ਅਤੇ ਦਸ਼ਾ

ਡਾ. ਚਰਨਜੀਤ ਸਿੰਘ ਗੁਮਟਾਲਾ

ਸਾਂਝੀ ਸੋਚ ਪ੍ਰਕਾਸ਼ਨ
ਮੋਡੈਸਟੋ, ਕੈਲੇਫ਼ੋਰਨੀਆ



Academy of the Punjab in North America: http://www.apnaorg.com

# LOK MASLE : Disha Ate Dasha

*by*
Dr. Charanjit Singh Gumtala
253, Ajit Nagar, Amritsar-143006
Ph. 0183-2582323, +91 9417533060
e-mail : csgumtala@gmail.com

© Author

ਪਹਿਲੀ ਵਾਰ : 2016

**ਮੁੱਲ : ₹ 200**
**$ 10**

*ਪ੍ਰਕਾਸ਼ਕ :*
**ਸਾਂਝੀ ਸੋਚ**
2601, ਓਕਡੇਲ ਰੋਡ, ਸੂਟ ਐੱਚ-2,
ਬਾਕਸ 167, ਮੋਡੈਸਟੋ, ਕੈਲੇਫ਼ੋਰਨੀਆ, 95355, ਯੂ.ਐੱਸ.ਏ.
ਫ਼ੋਨ : +1 209 303 1260
e-mail : info@sanjisoch.com

*ਭਾਰਤ ਵਿਚ ਮਿਲਣ ਦਾ ਪਤਾ :*
**ਵਾਰਿਸ ਸ਼ਾਹ ਫ਼ਾਊਂਡੇਸ਼ਨ**
42, ਗੁਰੂ ਤੇਗ ਬਹਾਦਰ ਨਗਰ,
ਡਾ. ਖ਼ਾਲਸਾ ਕਾਲਜ, ਅੰਮ੍ਰਿਤਸਰ-143 002
ਫ਼ੋਨ : 0183-2450520, 098151 26942 (ਮੋ.)
e-mail : bikramsingh.ghuman@yahoo.com

*ਟਾਈਪ ਸੈਟਿੰਗ :*
**ਜੋਤ ਕ੍ਰਿਏਸ਼ਨਜ਼**
ਅੰਮ੍ਰਿਤਸਰ। ਫ਼ੋਨ : 99157 22047
e-mail : avtarbhullar30@gmail.com

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ



Academy of the Punjab in North America: http://www.apnaorg.com

# ਸਮਰਪਿਤ

ਆਪਣੇ ਸੁਹਿਰਦ ਪਾਠਕਾਂ

ਨੂੰ

ਜਿਹਨਾਂ ਨੇ ਮੇਰੇ ਲੇਖਾਂ ਨੂੰ ਸਲਾਹਿਆ

ਤੇ

ਲਿਖਣ ਵਿਚ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ



Academy of the Punjab in North America: http://www.apnaorg.com

*ਏਸੇ ਕਲਮ ਤੋਂ:*

- ਭਗਤ ਰਵਿਦਾਸ : ਜੀਵਨ ਅਤੇ ਰਚਨਾ
- ਕਿੱਸਾ ਮਿਰਜ਼ਾ ਸਾਹਿਬਾਂ (ਪੀਲੂ)
- ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ
- ਗੁਰੂ ਅਮਰਦਾਸ : ਜੀਵਨ ਅਤੇ ਦਰਸ਼ਨ
- ਗੁਰਬਾਣੀ ਵਿਚ ਰਾਜ ਦਾ ਸੰਕਲਪ
- ਚੰਡੀ ਦੀ ਵਾਰ : ਚਿੰਤਨ ਤੇ ਕਲਾ (ਸਹਿ ਸੰਪਾਦਕ ਡਾ. ਬਿਕਰਮ ਸਿੰਘ ਘੁੰਮਣ)
- ਕਿੱਸਾ ਦੁੱਲਾ ਭੱਟੀ ਕ੍ਰਿਤ ਕਿਸ਼ਨ ਸਿੰਘ (ਸਹਿ ਸੰਪਾਦਕ ਡਾ. ਬਿਕਰਮ ਸਿੰਘ ਘੁੰਮਣ)

ਹਿੰਦੀ

- ਭਗਤ ਰਵਿਦਾਸ : ਜੀਵਨ ਵ ਬਾਣੀ



Academy of the Punjab in North America: http://www.apnaorg.com

# ਤਤਕਰਾ


| | | |
|---|---|---|
| – | ਮੁੱਢਲੇ ਸ਼ਬਦ | 9 |
| 1. | ਰਾਜਨੀਤਕ ਪਾਰਟੀਆਂ ਨੇ ਲੋਕ-ਪੱਖੀ ਮੁਦਿਆਂ ਨੂੰ ਵਿਸਾਰਿਆ | 11 |
| 2. | ਸ਼ਹੀਦ ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਦਾ ਕਤਲ ਕਿਉਂ ਕੀਤਾ ? | 14 |
| 3. | ਨਿਖੇਧੀਯੋਗ ਸੀ ਸ਼ਹੀਦ ਊਧਮ ਸਿੰਘ ਦੇ ਕਾਰਨਾਮੇ ਪ੍ਰਤੀ ਭਾਰਤੀਆਂ ਦੀ ਪਹੁੰਚ | 18 |
| 4. | ਕਾਲੇ ਧਨ ਦੀ ਸ਼ਿਕਾਰ ਹੋਈ ਡਾਕਟਰੀ ਸਿੱਖਿਆ ਪ੍ਰਣਾਲੀ | 22 |
| 5. | ਅੰਗਹੀਣਾਂ ਨੂੰ ਕਦੋਂ ਮਿਲੇਗਾ ਬਣਦਾ ਮਾਣ-ਸਤਿਕਾਰ ? | 26 |
| 6. | ਵੱਡੇ ਨੋਟ ਬੰਦ ਕਰਨ ਦਾ ਹੁਣ ਸਮਾਂ ਆ ਗਿਆ | 29 |
| 7. | ਵਧੇਰੇ ਕੀਟਨਾਸ਼ਕ ਹੋਣ ਕਾਰਨ ਵਿਦੇਸ਼ਾਂ ਤੋਂ ਖੋਟੇ ਪੈਸੇ ਵਾਂਗ ਵਾਪਸ ਆ ਰਹੀਆਂ ਖੁਰਾਕੀ ਵਸਤਾਂ | 32 |
| 8. | ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਦਾ ਮਹੱਤਵ | 35 |
| 9. | ਵਿਰਸੇ ਨੂੰ ਸਮਰਪਿਤ ਸਨ : ਹਰਕੇਸ਼ ਸਿੰਘ ਕਹਿਲ | 41 |
| 10. | ਏਅਰ ਇੰਡੀਆ ਦੇ 'ਅੱਛੇ ਦਿਨ' ਕਦੋਂ ਆਉਣਗੇ ? | 43 |
| 11. | ਸ੍ਰੀ ਗੁਰੂ ਰਾਮਦਾਸ ਜੀ ਹਵਾਈ ਅੱਡੇ ਦੇ 'ਅੱਛੇ ਦਿਨ' ਕਿਵੇਂ ਆਉਣ ? | 46 |
| 12. | ਕਿਵੇਂ ਸਵੱਛ ਹੋਵੇ ਗੁਰੂ ਕੀ ਨਗਰੀ, ਸ੍ਰੀ ਅੰਮ੍ਰਿਤਸਰ ਸਾਹਿਬ | 50 |
| 13. | ਲੋਕ ਵਿਰੋਧੀ ਹੈ ਵੀ.ਆਈ.ਪੀ. ਸਭਿਆਚਾਰ | 54 |
| 14. | ਵਿਸ਼ਵ ਭਰ ਵਿਚ ਹਰਮਨ ਪਿਆਰੇ ਹੋ ਰਹੇ ਨੇ ਪੁਲਿਸ ਦੇ ਬਾਡੀ ਕੈਮਰੇ | 57 |
| 15. | ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਲਈ ਵਿਚਾਰਨਯੋਗ ਗੱਲਾਂ | 60 |
| 16. | ਸੜਕ ਹਾਦਸੇ ਰੋਕਣ ਲਈ ਅਮਰੀਕਾ ਤੋਂ ਸੇਧ ਲਵੇ ਭਾਰਤ | 63 |
| 17. | ਅਮਰੀਕਾ ਦੀ ਧਰਤੀ ਦਾ ਖੇਡ-ਲੇਖਕ : ਇਕਬਾਲ ਸਿੰਘ ਜੱਬੋਵਾਲੀਆ | 66 |
| 18. | ਪੁਸਤਕ ਸਭਿਆਚਾਰ ਵੀ ਚੋਣ ਮੁੱਦਾ ਬਣੇ | 70 |
| 19. | ਵੇਲਾ ਵਿਹਾਅ ਚੁੱਕੀ ਹੈ ਰਾਜ ਸਭਾ ਪ੍ਰਣਾਲਿ | 74 |
| 20. | ਏਅਰ ਇੰਡੀਆ ਨੇ ਰੱਖੀ ਹੈ ਵਿਹਲੜਾਂ ਦੀ ਫ਼ੌਜ | 78 |
| 21. | ਕਿਉਂ ਖ਼ੁਦਕੁਸ਼ੀਆਂ ਦੇ ਰਾਹ ਪਏ ਹੋਏ ਨੇ ਪੁਲੀਸ ਮੁਲਾਜ਼ਮ | 81 |
| 22. | ਨਿਘਾਰ ਵੱਲ ਨੂੰ ਜਾ ਰਹੀ ਹੈ ਭਾਰਤੀ ਮੈਡੀਕਲ ਸਿੱਖਿਆ ਪ੍ਰਣਾਲੀ | 84 |
| 23. | ਦੁਨੀਆਂ ਲਈ ਚੁਣੌਤੀ ਬਣ ਰਹੇ ਨੇ ਨਸ਼ਈ ਮਾਵਾਂ ਦੇ ਨਸ਼ਈ ਬੱਚੇ | 88 |




Academy of the Punjab in North America: http://www.apnaorg.com

24. ਭਾਰਤੀ ਹਵਾਈ ਅੱਡਿਆਂ ਦੇ ਅੱਛੇ ਦਿਨ ਕਿਵੇਂ ਆਉਣ ? 91
25. ਹਵਾਈ ਅੱਡਿਆਂ 'ਤੇ ਖ਼ਤਮ ਹੋਵੇ 'ਵੀ.ਆਈ.ਪੀ. ਵਿਵਸਥਾ' 94
26. ਗੰਗਾ ਦਰਿਆ ਦੇ ਅੱਛੇ ਦਿਨ ਕਿਵੇਂ ਆਉਣ ? 98
27. ਭਾਰਤੀ ਵਿਦਿਆਰਥੀਆਂ ਦੀਆਂ ਅਮਰੀਕਾ ਵੱਲ ਨੂੰ ਵਹੀਰਾਂ 101
28. ਕਾਸ਼ ਸਾਡੀ ਪੁਲੀਸ ਵੀ ਇਹੋ ਜਿਹੀ ਹੋਵੇ ! 104
29. ਅਮਰੀਕਾ ਦੀ ਤਰੱਕੀ ਦਾ ਰਾਜ, ਸ਼ਕਤੀਆਂ ਦਾ ਵਿਕੇਂਦਰੀਕਰਨ 107
30. ਸਵੱਛ ਭਾਰਤ ਕਿਵੇਂ ਹੋਵੇ ? 110
31. ਨਿਯੁਕਤੀਆਂ ਅਤੇ ਬਦਲੀਆਂ ਲਈ ਤਰਕ ਸੰਗਤ ਨੀਤੀ ਬਨਾਉਣ ਦੀ ਲੋੜ 113
32. ਸਰਕਾਰੀ ਕਰਮਚਾਰੀਆਂ ਵਾਂਗ ਮੇਅਰਾਂ, ਮੰਤਰੀਆਂ, ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਨੂੰ ਵੀ ਜੁਆਬਦੇਹ ਬਨਾਉਣ ਦੀ ਲੋੜ 116
33. ਪਾਇਲਟਾਂ ਦੀ ਘੜੀ ਮੁੜੀ ਹੜਤਾਲ ਕਿਉਂ ? 119
34. ਬੁਢਾਪਾ ਪੈਨਸ਼ਨ ਲੋੜਾਂ ਮੁਤਾਬਕ ਕਿਉਂ ਨਹੀਂ ? 124
35. ਵਿਦੇਸ਼ੀਆਂ ਦੀ ਭਾਰਤੀ ਖੁਰਾਕੀ ਚੀਜ਼ਾਂ ਪ੍ਰਤੀ ਪਹੁੰਚ 127
36. ਰਿਸ਼ਵਤ ਦੇ ਬਗੈਰ ਕੰਮ ਕਰਾਉਣਾ ਬਹੁਤ ਮੁਸ਼ਕਲ ਹੈ 130
37. ਭ੍ਰਿਸ਼ਟਾਚਾਰ ਬਨਾਮ ਸ਼ਕਤੀਆਂ ਦਾ ਵਿਕੇਂਦਰੀਕਰਨ 134
38. ਕੰਮ ਸਭਿਆਚਾਰ ਤੇ ਯੋਜਨਾਬੰਦੀ ਤਰੱਕੀ ਦੇ ਥੰਮ੍ਹ ਹਨ 137
39. ਵਿਦਿਆਰਥੀਆਂ ਨੂੰ ਕੁੱਟਣਾ ਮੇਰੀ ਬੜੀ ਵੱਡੀ ਭੁੱਲ ਸੀ 140
40. ਬੇਲੋੜੇ ਨੇ ਗਵਰਨਰਾਂ ਦੇ ਅਹੁਦੇ 143
41. ਲੇਖਕ ਇੰਝ ਬਣਿਆ 146
42. ਵਿਸ਼ਵ ਮਜ਼ਦੂਰ ਦਿਵਸ ਦਾ ਜਨਮ-ਦਾਤਾ ਅਮਰੀਕਾ 149
43. ਅਮਰੀਕਾ ਵਿਚ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਹੋਣੀ 152
44. ਮਾਸਟਰ ਵਜ਼ੀਰ ਸਿੰਘ ਨੂੰ ਯਾਦ ਕਰਦਿਆਂ 155
45. ਸਰਕਾਰੀ ਸਕੂਲਾਂ ਪ੍ਰਤੀ ਲੋਕ ਪੱਖੀ ਪਹੁੰਚ ਅਪਨਾਉਣ ਦੀ ਲੋੜ 158
46. ਮਸਲਾ ਲੋਕ ਪ੍ਰਤੀਨਿਧਾਂ ਦੀ ਜੁਆਬਦੇਹੀ ਦਾ 162
47. ਇਹੋ ਜਿਹਾ ਹੁੰਦਾ ਸੀ ਪਹਿਲਾਂ ਪਿੰਡ ਗੁਮਟਾਲਾ 166
48. 'ਕੁੜੀਏ ਬਦਾਮੀ ਰੰਗੀਏ' ਵਾਲਾ ਦਲੀਪ ਸਿੰਘ 'ਦੀਪ' 168
49. ਅਮਰੀਕੀ ਸਕੂਲ ਵਿਚ ਇਕ ਫੇਰੀ 172
50. ਬਹੁਤ ਲਾਹੇਵੰਦ ਹੈ, ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਕਾਨੂੰਨ 2005 175
51. ਕਾਸ਼ ! ਸਾਡੀ ਪੁਲੀਸ ਵੀ ਐਸੀ ਹੋਵੇ 179
52. ਕਾਸ਼ ! ਸਾਡੀਆਂ ਸਿਹਤ ਸੇਵਾਵਾਂ ਵੀ ਅਜਿਹੀਆਂ ਹੋਣ 183
53. ਸ. ਰਵਿੰਦਰਪਾਲ ਸਿੰਘ ਨੂੰ ਸੱਚੀ ਸ਼ਰਧਾਂਜਲੀ 186
54. ਕੀ ਏਅਰ ਇੰਡੀਆ ਦੀ ਆਨ ਤੇ ਸ਼ਾਨ ਮੁੜ ਬਹਾਲ ਹੋ ਸਕਦੀ ਹੈ ? 189
55. ਪੁਸਤਕ ਰੀਵਿਊ—ਪੁਸਤਕ : 'ਸਖ਼ੀਰਾ' 194




Academy of the Punjab in North America: http://www.apnaorg.com

56. ਹਲਕਾ ਵਿਕਾਸ ਫੰਡ ਵੀ ਹੈ ਘਪਲਿਆਂ ਦਾ ਸ਼ਿਕਾਰ 197
57. ਆਉਂਦੀਆਂ ਚੋਣਾਂ ਵਿੱਚ ਪਾਰਟੀਆਂ ਦਾ ਚੋਣ ਮਨੋਰਥ ਕੀ ਹੋਵੇ 201
58. ਭਾਰਤ ਵਿਚ ਪਾਰਟੀ ਮੈਂਬਰਾਂ ਦੀ ਕੋਈ ਪੁੱਛ-ਗਿੱਛ ਨਹੀ 205
59. ਵਿਲੁਪੁਰਮ ਕਾਂਡ ਨੇ ਡਾਕਟਰੀ ਸਿਖਿਆ ਦੇ ਖੇਤਰ ਦੀ ਪੋਲ ਖੋਲ੍ਹੀ 207
60. ਯੂਨੀਵਰਸਿਟੀਆਂ ਨੂੰ ਸਿਆਸਤਦਾਨਾਂ ਦੇ ਸ਼ਿਕੰਜੇ ਤੋਂ ਮੁਕਤ ਕਰਾਉਣ ਦੀ ਲੋੜ 211
61. ਲੀਹੋਂ ਲੱਥੀ ਸਕੂਲ ਸਿੱਖਿਆ ਪ੍ਰਣਾਲੀ 215
62. ਅਮਰੀਕੀ ਸਕੂਲ ਬੱਸਾਂ ਤੋਂ ਸੇਧ ਲਵੇ ਭਾਰਤ 218
63. ਸਾਕਾ ਨੀਲਾ ਤਾਰਾ ਦੇ ਸਬਕ 220
64. ਭਾਰਤੀ ਹਵਾਈ ਅੱਡਿਆਂ ਲਈ ਉਸਾਰੂ ਨੀਤੀ ਬਣਾਉਣ ਦੀ ਲੋੜ 226
65. ਖ਼ਾਲਸਾ ਯੂਨੀਵਰਸਿਟੀ : ਕੀ ਸੱਚਮੁੱਚ ਇਸ ਦੀ ਲੋੜ ਹੈ? 230
66. ਬੜੀਆਂ ਹੱਕੀ ਨੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਅਧਿਆਪਕਾਂ ਤੇ ਕਰਮਚਾਰੀਆਂ ਦੀਆਂ ਮੰਗਾਂ 234
67. ਸ਼ਰਾਬ ਬੰਦੀ ਲਈ ਜਨਤਕ ਲਹਿਰ ਉਸਾਰਨ ਦੀ ਲੋੜ 237
68. ਬਹੁ-ਪੱਖੀ ਲੇਖਕ : ਚਰਨਜੀਤ ਸਿੰਘ ਪੰਨੂੰ 240
69. ਵਿਦੇਸ਼ੀ ਸਿੱਖਾਂ ਪ੍ਰਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸਾਰੂ ਨੀਤੀ ਅਪਣਾਏ 241
70. ਪੰਜਾਬੀ ਪੁਸਤਕਾਂ ਦਾ ਭੰਡਾਰ ਹੈ ਕਰਮਨ (ਅਮਰੀਕਾ) ਦੀ ਜਨਤਕ ਲਾਇਬਰੇਰੀ 244
71. ਲਾਲਾ ਲਾਜਪਤ ਰਾਏ ਦੀ ਗ਼ਦਰ ਪਾਰਟੀ ਪ੍ਰਤੀ ਪਹੁੰਚ 247
72. ਸਿੱਖਿਆ ਪ੍ਰਣਾਲੀ ਅਧਿਆਪਕ ਕੇਂਦ੍ਰਿਤ ਹੋਵੇ 250
73. ਵੇਲਾ ਵਿਆਹ ਚੁੱਕੀ ਹੈ 'ਸੰਗਤ ਦਰਸ਼ਨ' ਪ੍ਰਣਾਲੀ 253



Academy of the Punjab in North America: http://www.apnaorg.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ
ਅਲੰਬਰਦਾਰ ਹਫ਼ਤਾਵਾਰੀ ਅਖ਼ਬਾਰ

# 'ਸਾਂਝੀ ਸੋਚ'

ਆਪਣੇ ਕਾਰੋਬਾਰ ਤੇ ਵਪਾਰ 'ਚ ਵਾਧਾ ਕਰਨ। ਵਿਆਹ-ਸ਼ਾਦੀ ਨਾਲ ਸਬੰਧਿਤ ਅਤੇ ਹੋਰ ਹਰ ਕਿਸਮ ਦੇ ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸੰਪਰਕ ਕਰੋ :

ਫੋਨ : (209) 232-7833

ਫੈਕਸ : (209) 343-0829

Email : info@sanjhisoch.com

ਤਾਜ਼ੀਆਂ ਖ਼ਬਰਾਂ ਪੜ੍ਹਣ ਵਾਸਤੇ ਲਾਗ ਆਨ ਕਰੋ

**www.sanjhisoch.com**



Academy of the Punjab in North America: http://www.apnaorg.com

# ਮੁੱਢਲੇ ਸ਼ਬਦ

ਪੱਤਰਕਾਰੀ ਦਾ ਅਜੋਕੇ ਸਮਾਜ ਵਿਚ ਵਿਸ਼ੇਸ਼ ਸਥਾਨ ਹੈ। ਪ੍ਰੈੱਸ ਨੇ ਹਮੇਸ਼ਾਂ ਦੁਨੀਆਂ ਵਿਚ ਕ੍ਰਾਂਤੀਕਾਰੀ ਰੋਲ ਅਦਾ ਕੀਤਾ ਹੈ। ਨਰੋਈ ਪੱਤਰਕਾਰੀ ਸਮਾਜ ਨੂੰ ਹਮੇਸ਼ਾ ਚੰਗੀ ਸੇਧ ਦਿੰਦੀ ਹੈ। ਮੈਂ ਭਾਵੇਂ ਪੇਸ਼ਾਵਰ ਪੱਤਰਕਾਰ ਨਹੀਂ, ਫਿਰ ਵੀ ਮੈਂ ਸਮੇਂ-ਸਮੇਂ 'ਤੇ ਵੱਖ-ਵੱਖ ਮਸਲਿਆਂ 'ਤੇ ਲਿਖਦਾ ਰਿਹਾ ਹਾਂ ਤੇ ਇਹ ਲਿਖਤਾਂ ਵੱਖ-ਵੱਖ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਹਨ।

ਹਥਲੀ ਪੁਸਤਕ ਮੇਰੇ ਲੇਖਾਂ ਦਾ ਪਹਿਲਾ ਸੰਗ੍ਰਹਿ ਹੈ, ਜਿਸ ਵਿਚ ਕੁਝ ਚੋਣਵੇਂ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। 'ਸਾਂਝੀ ਸੋਚ' ਅਦਾਰੇ ਦੀ ਵੀ ਇਹ ਪਹਿਲੀ ਪ੍ਰਕਾਸ਼ਨਾ ਹੈ। ਇਸ ਪੁਸਤਕ ਨਾਲ ਇਹ ਅਦਾਰਾ ਪ੍ਰਕਾਸ਼ਨਾ ਦੇ ਖੇਤਰ ਵਿਚ ਪ੍ਰਵੇਸ਼ ਕਰ ਰਿਹਾ ਹੈ। ਇਸ ਨੂੰ ਚੌਥੇ ਸਾਲਾਨਾ ਸਮਾਗਮ ਸਮੇਂ ਰੀਲੀਜ਼ ਕਰਨਾ, ਇਕ ਸ਼ੁਭ ਸ਼ਗਨ ਹੈ।

ਹਰ ਲੇਖ ਕੇ ਅੰਤ ਵਿਚ ਲਿਖਣ-ਮਿਤੀ ਦਿੱਤੀ ਗਈ ਹੈ। ਲੇਖਾਂ ਵਿਚ ਅੰਕੜੇ ਤੇ ਵੇਰਵੇ ਇਹਨਾਂ ਮਿਤੀਆਂ ਅਨੁਸਾਰ ਹੀ ਹਨ। ਉਮੀਦ ਹੈ ਕਿ ਪਾਠਕ ਇਸ ਨੂੰ ਜ਼ਰੂਰ ਪਸੰਦ ਕਰਨਗੇ।

ਪੁਸਤਕ ਨੂੰ ਪ੍ਰਕਾਸ਼ਿਤ ਕਰਨ ਲਈ ਲੇਖਕ 'ਸਾਂਝੀ ਸੋਚ' ਅਦਾਰੇ ਦੀ ਪ੍ਰਬੰਧਕੀ ਕਮੇਟੀ ਤੇ ਇਸ ਦੇ ਪ੍ਰੈਜ਼ੀਡੈਂਟ ਤੇ ਮੁੱਖ ਸੰਪਾਦਕ ਸ੍ਰੀ ਬੂਟਾ ਸਿੰਘ ਬਾਸੀ ਦਾ ਤਹਿਦਿਲੋਂ ਧੰਨਵਾਦੀ ਹੈ। 'ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ' ਦੇ ਪ੍ਰਧਾਨ ਅਤੇ ਮੇਰੇ ਗੁਰੂਦੇਵ ਸ. ਬਿਕਰਮ ਸਿੰਘ ਘੁੰਮਣ ਜਿਹਨਾਂ ਦੀ ਅਗਵਾਈ ਵਿਚ ਮੈਂ ਪੀਐੱਚ.ਡੀ. ਕੀਤੀ, ਦਾ ਵੀ ਰਿਣੀ ਹੈ, ਜਿਹਨਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਲਈ ਵੱਡਮੁੱਲਾ ਯੋਗਦਾਨ ਪਾਇਆ ਅਤੇ ਇਸ ਬਾਰੇ ਆਪਣੇ ਵਿਚਾਰ ਲਿਖੇ। ਮੈਂ ਆਪਣੇ ਪਰਿਵਾਰ ਦਾ ਧੰਨਵਾਦੀ ਹਾਂ ਜਿਸ ਨੇ ਮੈਨੂੰ ਲੇਖ ਲਿਖਣ ਲਈ ਹਰ ਤਰ੍ਹਾਂ ਦੀ ਸੁਵਿਧਾ ਪ੍ਰਦਾਨ ਕੀਤੀ। 'ਜੋਤ ਕ੍ਰੀਏਸ਼ਨਜ਼' ਦੇ ਸ. ਅਵਤਾਰ ਸਿੰਘ ਭੁੱਲਰ ਦਾ ਵੀ ਧੰਨਵਾਦ, ਜਿਹਨਾਂ ਨੇ ਲੇਖਾਂ ਨੂੰ ਟਾਈਪ ਕਰ ਕੇ ਇਸ ਨੂੰ ਕਿਤਾਬੀ ਰੂਪ ਦਿੱਤਾ। ਖ਼ੂਬਸੂਰਤ ਛਪਾਈ ਲਈ 'ਪ੍ਰਿੰਟਵੈੱਲ' ਦੇ ਸ. ਰਵਿੰਦਰ ਸਿੰਘ ਅਤੇ ਸ. ਗੁਰਿੰਦਰ ਸਿੰਘ ਦਾ ਵੀ ਲੇਖਕ ਬਹੁਤ ਧੰਨਵਾਦੀ ਹੈ

ਪਾਠਕਾਂ ਦੇ ਵੱਡਮੁੱਲੇ ਸੁਝਾਵਾਂ ਦੀ ਸਾਨੂੰ ਹਮੇਸ਼ਾ ਉਡੀਕ ਰਹੇਗੀ।

ਅੰਮ੍ਰਿਤਸਰ

ਡਾ. ਚਰਨਜੀਤ ਸਿੰਘ ਗੁਮਟਾਲਾ



Academy of the Punjab in North America: http://www.apnaorg.com

# ਰਾਜਨੀਤਕ ਪਾਰਟੀਆਂ ਨੇ ਲੋਕ-ਪੱਖੀ ਮੁਦਿਆਂ ਨੂੰ ਵਿਸਾਰਿਆ

ਲੋਕ ਸਭਾ ਦੀਆਂ ਚੋਣਾਂ ਵਿਚ ਚਲ ਰਹੇ ਭੰਡੀ ਪ੍ਰਚਾਰ ਉਪਰ ਜੇ ਧਿਆਨ ਮਾਰੀਏ ਤਾਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਕਾਂਗਰਸ, ਭਾਜਪਾ ਆਦਿ ਇਕ ਦੂਜੇ ਉਪਰ ਦੂਸ਼ਨਬਾਜ਼ੀ ਦੀ ਖੇਡ ਖੇਡ ਰਹੀਆਂ ਹਨ ਤੇ ਉਹ ਮਸਲੇ ਜਿਨ੍ਹਾਂ ਦਾ ਆਮ ਸ਼ਹਿਰੀ ਦੀ ਭਲਾਈ ਦਾ ਸੰਬੰਧ ਹੈ, ਉਸ ਬਾਰੇ ਗੱਲ ਨਹੀਂ ਕਰ ਰਹੀਆਂ। ਵਿਕਾਸ ਦੇ ਨਾਂ 'ਤੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਸੜਕਾਂ, ਗਲੀਆਂ, ਨਾਲੀਆਂ ਬਣਾਉਣਾ ਤਾਂ ਸਰਕਾਰਾਂ ਦਾ ਰੋਜ਼ਾਨਾ ਦਾ ਕਾਰ ਵਿਹਾਰ ਹੈ। ਲੋਕਾਂ ਨਾਲ ਜੁੜੇ ਮੁਦੇ ਹਨ ਕਿ ਕੀ ਆਮ ਆਦਮੀ ਨੂੰ ਪੇਟ ਭਰਨ ਲਈ ਰੋਟੀ ਮਿਲ ਰਹੀ ਹੈ ? ਕੀ ਆਮ ਆਦਮੀ ਨੂੰ ਮਿਆਰੀ ਸਿਖਿਆ ਤੇ ਸਿਹਤ ਸੇਵਾਵਾਂ ਮਿਲ ਰਹੀਆਂ ਹਨ ? ਨੌਜੁਆਨਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ ? ਵਗੈਰਾ ਵਗੈਰਾ। ਵਧ ਰਹੀ ਆਬਾਦੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ, ਪਰ ਇਹ ਕਿਸੇ ਪਾਰਟੀ ਦੇ ਚੋਣ ਏਜੰਡੇ ਉਪਰ ਨਹੀਂ

ਭਾਰਤ ਵਿਚ ਭੁੱਖ-ਮਰੀ ਇਕ ਅਹਿਮ ਸਮੱਸਿਆ ਹੈ। ਜੇ ਮਾਂ ਭੁੱਖੀ ਹੋਵੇਗੀ ਤਾਂ ਸਿਹਤਮੰਦ ਔਲਾਦ ਕਿਵੇਂ ਪੈਦਾ ਹੋਵੇਗੀ। ਆਮਰ ਖਾਨ ਨੇ ਆਪਣੇ ਪ੍ਰੋਗਰਾਮ ਸਤਯਮੇਵ ਜਯਤੇ ਵਿਚ ਇਸ ਉਪਰ ਬੜਾ ਚਾਨਣਾ ਪਾਇਆ ਹੈ ਕਿ ਜਨਮ ਲੈਣ ਉਪਰ ਜਿਨ੍ਹਾਂ ਬੱਚਿਆਂ ਨੂੰ ਪੂਰੀ ਖੁਰਾਕ ਨਹੀਂ ਮਿਲਦੀ, ਉਹ ਸਿਹਤਮੰਦ ਇਨਸਾਨ ਨਹੀਂ ਬਣ ਸਕਦੇ। ਭਾਰਤ ਵਿਚ ਬੇ-ਰੁਜ਼ਗਾਰਾਂ ਤੇ ਬਜ਼ੁਰਗਾਂ ਨੂੰ ਜਿਹੜੀ ਰਕਮ ਮਿਲਦੀ ਹੈ, ਉਹ ਬਹੁਤ ਹੀ ਘੱਟ ਹੈ। ਉਸ ਨਾਲ ਉਨ੍ਹਾਂ ਦਾ ਗੁਜਾਰਾ ਨਹੀਂ ਹੋ ਸਕਦਾ। ਪੰਜਾਬ ਵਿਚ ਬੁਢਾਪਾ ਪੈਨਸ਼ਨ 250 ਰੁਪਏ ਮਹੀਨਾ ਦੇਣਾ ਬਜ਼ੁਰਗਾਂ ਨਾਲ ਇਕ ਕੋਝਾ ਮਜ਼ਾਕ ਹੈ ਤੇ ਉਹ ਵੀ ਕਈ ਕਈ ਮਹੀਨੇ ਨਹੀਂ ਮਿਲਦੀ। ਅਮਰੀਕਾ ਵਿਚ 65 ਸਾਲ ਤੋਂ ਵੱਧ ਉਮਰ ਵਾਲੇ ਨੂੰ ਪੈਂਨਸ਼ਨ ਮਿਲਦੀ ਹੈ। ਜਿਨ੍ਹਾਂ ਨੂੰ ਪੈਨਸ਼ਨ ਨਹੀਂ ਮਿਲਦੀ, ਉਨ੍ਹਾਂ ਨੂੰ ਸਰਕਾਰ ਵਲੋਂ 1100 ਡਾਲਰ ਮਹੀਨਾ ਜੋ ਕਿ 66 ਹਜ਼ਾਰ ਰੁਪਏ ਦੇ ਕਰੀਬ ਬਣਦਾ ਹੈ, ਦਿੱਤੇ ਜਾਂਦੇ ਹਨ ਤਾਂ ਜੋ ਉਹ ਆਪਣਾ ਗੁਜਾਰਾ ਸੌਖਿਆਂ ਹੀ ਕਰ ਸਕਣ। ਜਿਹੜੇ ਵਿਅਕਤੀ 65 ਸਾਲ ਤੋਂ ਘੱਟ ਹਨ, ਜੇ ਉਨ੍ਹਾਂ ਪਾਸ ਗੁਜ਼ਾਰਾ ਕਰਨ ਲਈ ਕੋਈ ਸਾਧਨ ਨਹੀਂ ਤਾਂ ਉਨ੍ਹਾਂ ਨੂੰ ਫੂਡ ਸਟੈਂਪਸ ਭਾਵ ਕਿ ਖਾਣ-ਪੀਣ ਵਾਲੀਆਂ ਪਰਚੀਆਂ ਦਿੱਤੀਆਂ ਜਾਂਦੀਆਂ ਹਨ, ਜਿਸ ਦੇ ਨਾਲ ਉਹ ਕਿਸੇ ਵੀ ਰੈਸਟੋਰੈਂਟ ਤੋਂ ਮਨ ਚਾਹਿਆ ਖਾਣਾ ਖਾ ਸਕਦੇ ਹਨ। ਕੈਨੇਡਾ, ਇੰਗਲੈਂਡ ਆਦਿ ਵਿਚ ਵੀ ਐਸੀਆਂ ਸਕੀਮਾਂ ਹਨ ਤਾਂ ਜੋ ਕੋਈ ਵੀ



Academy of the Punjab in North America: http://www.apnaorg.com

ਵਿਅਕਤੀ ਰਾਤ ਨੂੰ ਭੁੱਖਾ ਨਾ ਸੌਂਵੇ । ਇਸ ਦ੍ਰਿਸ਼ਟੀ ਤੋਂ ਘਟੋ-ਘਟ 10 ਹਜ਼ਾਰ ਰੁਪਏ ਬੁਢਾਪਾ ਪੈਨਸ਼ਨ ਚਾਹੀਦੀ ਹੈ । ਏਨੀ ਰਾਸ਼ੀ ਦੇਣਾ ਕਿਸੇ ਵੀ ਪਾਰਟੀ ਦੀ ਸੂਚੀ ਵਿਚ ਨਹੀਂ ਹੈ । ਅਮਰੀਕਾ ਵਿਚ ਘਟੋ-ਘਟ ਤਨਖਾਹ 2200 ਡਾਲਰ ਪ੍ਰਤੀ ਮਹੀਨਾ ਹੈ ਤੇ ਪ੍ਰਤੀ ਘੰਟਾ 8 ਡਾਲਰ ਹਰੇਕ ਨੂੰ ਜ਼ਰੂਰ ਮਿਲਦੇ ਹਨ, ਭਾਵੇਂ ਕਿ ਉਹ ਪੈਲੀਆਂ ਵਿਚ ਕੰਮ ਕਰਨ ਵਾਲੇ ਮਜਦੂਰ ਕਿਉਂ ਨਾ ਹੋਣ । ਇਸ ਲਈ ਸਾਡੇ ਵੀ ਘਟੋ-ਘਟ 20 ਹਜ਼ਾਰ ਰੁਪਏ ਤਨਖਾਹ ਚਾਹੀਦੀ ਹੈ । ਸਾਡੇ ਵੀ ਪਾਰਟ-ਟਾਇਮ ਕੰਮ ਕਰਨ ਵਾਲੇ ਲਈ ਵੀ ਅਜਿਹੀ ਚਾਹੀਦੀ ਹੈ ।

ਸਿਹਤਮੰਦ ਲੋਕ ਹੀ ਸਿਹਤਮੰਦ ਸਮਾਜ ਬਣਾ ਸਕਦੇ ਹਨ । ਇਸ ਲਈ ਵਿਕਸਤ ਦੇਸ਼ਾਂ ਵਿਚ ਮਿਆਰੀ ਹਸਪਤਾਲ ਹਨ । ਬਸ ਤੁਸੀਂ ਫੋਨ ਕਰੋ ਐਂਬੂਲੈਂਸ ਆ ਜਾਵੇਗੀ। ਤੁਹਾਡੇ ਘਰਦਿਆਂ ਨੂੰ ਤੁਹਾਡਾ ਫਿਕਰ ਕਰਨ ਦੀ ਲੋੜ ਨਹੀਂ। ਉਹ ਆਪਣਾ ਕਾਰੋਬਾਰ ਕਰਨ। ਤੁਹਾਡੀ ਸਾਂਭ ਸੰਭਾਲ ਦੀ ਜ਼ੁੰਮੇਵਾਰੀ ਹਸਪਤਾਲ ਦੀ ਹੋਵੇਗੀ। ਜਿਹੜੀ ਦੁਆਈ ਪ੍ਰਧਾਨ ਮੰਤਰੀ ਖਾਂਦਾ ਹੈ ਉਹੋ ਆਮ ਆਦਮੀ ਨੂੰ ਮਿਲਦੀ ਹੈ ਪਰ ਭਾਰਤ ਵਿਚ ਸਰਕਾਰੀ ਹਸਪਤਾਲ ਨਾਂ ਦੇ ਹੀ ਹਨ। ਉਨ੍ਹਾਂ ਵਿਚ ਸਟਾਫ ਤੇ ਹੋਰ ਸਾਜ਼ੋ-ਸਾਮਾਨ ਦੀ ਕਮੀ ਹੈ। ਇਹੋ ਕਾਰਨ ਹੈ ਕਿ ਕੋਈ ਵੀ ਇਨ੍ਹਾਂ ਵਿਚ ਜਾਣ ਨੂੰ ਤਿਆਰ ਨਹੀਂ। ਸਾਡੇ ਮੁੱਖ-ਮੰਤਰੀ ਤੇ ਹੋਰ ਮੰਤਰੀ ਵਿਦੇਸ਼ਾਂ ਵਿਚ ਇਲਾਜ ਕਰਾਉਣ ਲਈ ਜਾਂਦੇ ਹਨ ਭਾਵੇਂ ਕਿ ਉਹ ਦਾਅਵੇ ਕਰਦੇ ਹਨ ਕਿ ਸਾਡੇ ਰਾਜ ਵਿਚ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਅਗਾਂਹਵਧੂ ਦੇਸ਼ਾਂ ਵਿਚ 99 ਪ੍ਰਤੀਸ਼ਤ ਤੋਂ ਵੱਧ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ ਜੋ ਘਰਾਂ ਦੇ ਨਜ਼ਦੀਕ ਹਨ ਤੇ ਉੱਥੇ ਬਾਰਵੀਂ ਤੀਕ ਮੁਫਤ ਵਿਦਿਆ ਦਿੱਤੀ ਜਾਂਦੀ ਹੈ। ਬਸਾਂ ਵੀ ਮੁਫ਼ਤ ਹਨ। ਸਰਕਾਰੀ ਸਕੂਲਾਂ ਵਿਚ ਮੁੱਖ-ਮੰਤਰੀਆਂ ਤੇ ਪ੍ਰਧਾਨ ਮੰਤਰੀਆਂ ਦੇ ਬੱਚੇ ਵੀ ਪੜ੍ਹਦੇ ਹਨ। ਪਰ ਸਾਡੇ ਸਰਕਾਰੀ ਸਕੂਲਾਂ ਦੀ ਜੋ ਹਾਲਤ ਹੈ, ਉਹ ਇਥੇ ਦਸਣ ਦੀ ਲੋੜ ਨਹੀਂ।

ਰੁਜ਼ਗਾਰ ਦੇ ਸਾਧਨ ਪੈਦਾ ਕਰਨਾ, ਸਰਕਾਰ ਦੀ ਬਹੁਤ ਵੱਡੀ ਜ਼ੁੰਮੇਵਾਰੀ ਹੈ। ਪੰਜਾਬ ਇਸ ਪੱਖੋਂ ਮਾਰ ਖਾ ਰਿਹਾ ਹੈ। ਪੰਜਾਬ ਦੇ ਉਦਯੋਗ ਹਜ਼ਾਰਾਂ ਦੀ ਗਿਣਤੀ ਵਿਚ ਬੰਦ ਹੋ ਗਏ ਹਨ। ਅੰਗਰੇਜ਼ਾਂ ਸਮੇਂ ਅੰਮ੍ਰਿਤਸਰ ਮੱਧ ਏਸ਼ੀਆ ਦਾ ਇਕ ਉਦਯੋਗਿਕ ਤੇ ਵਪਾਰਕ ਕੇਂਦਰ ਸੀ ਪਰ ਹੁਣ ਇਹ ਸਭ ਕੁਝ ਗੁਆ ਚੁੱਕਾ ਹੈ। ਇਸੇ ਤਰ੍ਹਾਂ ਪੰਜਾਬ ਦੇ ਵੱਖ ਵੱਖ ਸ਼ਹਿਰ ਕਿਸੇ ਨਾ ਕਿਸੇ ਉਦਯੋਗ ਲਈ ਪ੍ਰਸਿੱਧ ਸਨ, ਜਿਵੇਂ ਜਲੰਧਰ ਖੇਡਾਂ ਤੇ ਚਮੜੇ ਦੇ ਉਦਯੋਗ, ਜੰਡਿਆਲਾ ਗੁਰੂ ਭਾਂਡਿਆਂ ਲਈ, ਮੰਡੀ ਗੋਬਿੰਦਗੜ੍ਹ ਲੋਹਾ ਮੰਡੀ ਦੇ ਤੌਰ 'ਤੇ ਪ੍ਰਸਿੱਧ ਸੀ।

ਰਿਸ਼ਵਤਖੋਰੀ, ਵਿਦੇਸ਼ਾਂ ਵਿਚ ਜਮ੍ਹਾਂ ਧਨ ਤੇ ਭਾਰਤ ਵਿਚ ਕਾਲੇ ਧਨ ਦੀ ਭਰਮਾਰ ਕੁਝ ਅਹਿਮ ਮੁਦੇ ਹਨ, ਜਿਨ੍ਹਾਂ ਬਾਰੇ ਪਾਰਟੀਆਂ ਚਰਚਾ ਤਾਂ ਕਰਦੀਆਂ ਹਨ ਪਰ ਅਮਲ ਵਿਚ ਉਹ ਕਰਦੀਆਂ ਕੁਝ ਨਹੀਂ ਕਿਉਂਕਿ ਇਹ ਉਨ੍ਹਾਂ ਦੇ ਹਿੱਤ ਵਿਚ ਹੈ। ਆਮ ਆਦਮੀ ਰਿਸ਼ਵਤ ਤੋਂ ਨਿਜਾਤ ਪਾਉਣਾ ਚਾਹੁੰਦਾ ਹੈ। ਨਾ ਤਾਂ ਪੰਜਾਬ ਸਰਕਾਰ ਨੇ ਤੇ ਨਾ ਹੀ ਗੁਜਰਾਤ ਸਰਕਾਰ ਨੇ ਅਤੇ ਨਾ ਹੀ ਕਿਸੇ ਹੋਰ ਸੂਬਾਈ ਸਰਕਾਰ ਅਤੇ ਕੇਂਦਰੀ ਸਰਕਾਰ



Academy of the Punjab in North America: http://www.apnaorg.com

ਨੇ ਸਖਤ ਲੋਕ ਪਾਲ ਸਬੰਧੀ ਕਾਨੂੰਨ ਬਣਾਏ ਹਨ, ਜਿਨ੍ਹਾਂ ਦੀ ਬਜ਼ੁਰਗ ਆਗੂ ਅੰਨਾ ਹਜ਼ਾਰੇ ਦੀ ਟੀਮ ਮੰਗ ਕਰਦੀ ਰਹੀ ਹੈ। ਸਿੰਗਾਪੁਰ ਦਾ 1976 ਵਿਚ ਬਣਾਇਆ ਲੋਕ-ਪਾਲ ਦੁਨੀਆਂ ਭਰ ਵਿਚ ਪ੍ਰਸਿੱਧ ਹੈ। ਦਿੱਲੀ ਵਿਚ ਆਮ ਪਾਰਟੀ ਨੇ ਸਖਤ ਕਾਨੂੰਨ ਦਿੱਲੀ ਵਿਧਾਨ ਸਭਾ ਵਿਚ ਪੇਸ਼ ਕੀਤਾ ਸੀ, ਜੋ ਕਾਂਗਰਸ ਪਾਰਟੀ ਦੀ ਵਿਰੋਧਤਾ ਕਰਕੇ ਪਾਸ ਨਹੀਂ ਹੋ ਸਕਿਆ ਤੇ ਕੇਜਰੀਵਾਲ ਨੂੰ ਆਪਣੇ ਆਹੁਦੇ ਤੋਂ ਅਸਤੀਫ਼ਾ ਦੇਣਾ ਪਿਆ।

ਆਮ ਆਦਮੀ ਚਾਹੁੰਦਾ ਹੈ ਕਿ ਰਿਸ਼ਵਤਖੋਰਾਂ ਨੂੰ ਉਮਰ ਕੈਦ ਦੀ ਵਿਵਸਥਾ ਹੋਵੇ ਜਦ ਕਿ ਮੌਜੂਦਾ ਕਾਨੂੰਨਾਂ ਵਿਚ ਵੱਧ ਤੋਂ ਵੱਧ 7 ਸਾਲ ਦੀ ਕੈਦ ਦੀ ਵਿਵਸਥਾ ਹੈ। ਇਹੋ ਕਾਰਨ ਹੈ ਕਿ ਲਾਲੂ ਪ੍ਰਸਾਦਿ ਨੂੰ ਚਾਰਾ ਘੋਟਾਲੇ ਵਿਚ 7 ਸਾਲ ਦੀ ਕੈਦ ਹੋਈ ਹੈ। ਦੂਜੀ ਮਹੱਤਵਪੂਰਨ ਮੱਦ ਜਾਇਦਾਦ ਨੂੰ ਜਬਤ ਕਰਨ ਦੀ ਹੋਵੇ। ਨੌਕਰੀ ਸ਼ੁਰੂ ਕਰਨ ਸਮੇਂ ਜੋ ਕਰਮਚਾਰੀ ਜਾਂ ਮੰਤਰੀ ਦੀ ਜੋ ਜਾਇਦਾਦ ਹੈ, ਉਸ ਨੂੰ ਛੱਡ ਕੇ ਬਾਕੀ ਸਾਰੀ ਜਾਇਦਾਦ ਜ਼ਬਤ ਕਰਨ ਦੀ ਵਿਵਸਥਾ ਹੋਵੇ। ਮੌਜੂਦਾ ਕਾਨੂੰਨਾਂ ਅਨੁਸਾਰ ਇਹ ਅਦਾਲਤ ਦੀ ਮਰਜ਼ੀ 'ਤੇ ਨਿਰਭਰ ਹੈ, ਕਾਨੂੰਨ ਇਸ ਬਾਰੇ ਖਾਮੋਸ਼ ਹੈ। ਤੀਜੀ ਮਹੱਤਵਪੂਰਨ ਗੱਲ ਇਹ ਹੋਵੇ ਕਿ ਅਦਾਲਤ ਇਕ ਜਾਂ ਦੋ ਸਾਲ ਵਿਚ ਆਪਣਾ ਫੈਸਲਾ ਸੁਣਾਉਣ ਲਈ ਪਾਬੰਦ ਹੋਵੇ ਪਰ ਮੌਜੂਦਾ ਕਾਨੂੰਨ ਵਿਚ ਸਮੇਂ ਦੀ ਕੋਈ ਹੱਦ ਨਹੀਂ। ਇਹੋ ਕਾਰਨ ਹੈ ਕਿ ਲਾਲੂ ਪ੍ਰਸਾਦਿ ਦੇ ਕੇਸ ਦਾ ਫੈਸਲਾ 17 ਸਾਲ ਬਾਦ ਆਇਆ। ਹੁਣ ਉਸ ਨੇ ਹਾਈਕੋਰਟ ਕੋਲੋਂ ਜ਼ਮਾਨਤ ਲੈ ਲਈ ਹੈ। ਇਹ ਮਾਮਲਾ ਫਿਰ ਸੁਪਰੀਮ ਕੋਰਟ ਤੀਕ ਜਾਵੇਗਾ। ਅੰਤਿਮ ਫੈਸਲਾ ਕਿੰਨੇ ਸਾਲਾਂ ਬਾਦ ਹੋਵੇਗਾ, ਇਹ ਸਮਾਂ ਹੀ ਦਸੇਗਾ।

ਉਪਰੋਕਤ ਚਰਚਾ ਤੋਂ ਸਾਡਾ ਭਾਵ ਇਹ ਹੈ ਕਿ ਰਾਜਨੀਤਕ ਪਾਰਟੀਆਂ ਲੋਕਾਂਦੀ ਭਲਾਈ ਨਾਲ ਜੁੜੇ ਮਸਲਿਆਂ ਜਿਨ੍ਹਾਂ ਬਾਰੇ ਪਹਿਲਾਂ ਚਰਚਾ ਕੀਤੀ ਗਈ ਹੈ, ਬਾਰੇ ਚਰਚਾ ਕਰਨ ਦੀ ਬਜਾਇ ਲੋਕਾਂ ਦੇ ਜ਼ਜਬਾਤਾਂ ਨਾਲ ਖੇਡ ਰਹੀਆਂ ਹਨ ਤਾਂ ਜੋ ਕਿਸੇ ਤਰ੍ਹਾਂ ਚੋਣ ਜਿੱਤੀ ਜਾ ਸਕੇ। ਭਾਜਪਾ ਵਲੋਂ ਨਾਮਜਦ ਸ੍ਰੀ ਨਰਿੰਦਰ ਮੋਦੀ ਨੇ ਅਜੇ ਤੀਕ ਦੇਸ਼ ਦੇ ਭਖਵਿਆਂ ਮਸਲਿਆਂ ਜਿਵੇਂ ਆਰਥਕ ਨੀਤੀ, ਵਿਦੇਸ਼ ਨੀਤੀ, ਸਿੱਖਿਆ ਨੀਤੀ, ਸਿਹਤ ਨੀਤੀ, ਵਿਦੇਸ਼ੀ ਧਨ ਦੀ ਵਾਪਸੀ, ਰਿਸ਼ਵਤਖੋਰੀ, ਘਟ ਗਿਣਤੀਆਂ ਪ੍ਰਤੀ ਆਪਣੀ ਨੀਤੀ ਸਪੱਸ਼ਟ ਨਹੀਂ ਕੀਤੀ। ਗੁਜਰਾਤ ਵਿਚ ਵੀ ਸਰਕਾਰੀ ਸਕੂਲ, ਸਰਕਾਰੀ ਹਸਪਤਾਲਾਂ ਵਿਚ ਉਹੋ ਜਿਹੀਆਂ ਮਿਆਰੀ ਸਹੂਲਤਾਂ ਨਹੀਂ ਅਤੇ ਨਾ ਹੀ ਉਹੋ ਜਿਹੀ ਬੁਢਾਪਾ ਪੈਨਸ਼ਨ ਹੈ, ਜਿਨ੍ਹਾਂ ਬਾਰੇ ਉਪਰ ਚਰਚਾ ਕੀਤੀ ਗਈ ਹੈ। ਇਸ ਤਰ੍ਹਾਂ ਉਹ ਬਤੌਰ ਮੁਖ-ਮੰਤਰੀ ਉਹ ਫ਼ਰਜ ਨਹੀਂ ਨਿਭਾ ਰਹੇ,ਜੋ ਉਨ੍ਹਾਂ ਨੂੰ ਨਿਭਾਉਣੇ ਚਾਹੀਦੇ ਹਨ। ਇਹੋ ਹਾਲ ਬਾਕੀ ਪਾਰਟੀਆਂ ਦਾ ਹੈ।

ਇਸ ਲਈ ਵੋਟਰਾਂ ਨੂੰ ਬਹੁਤ ਸੁਚੇਤ ਹੋ ਕੇ ਉਨ੍ਹਾਂ ਉਮਦੀਵਾਰਾਂ ਨੂੰ ਹੀ ਵੋਟ ਪਾਉਣੀ ਚਾਹੀਦੀ ਹੈ, ਜਿਹੜੇ ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਲਈ ਅੱਗੇ ਆਉਣ।

*27 ਅਪ੍ਰੈਲ 2014*



Academy of the Punjab in North America: http://www.apnaorg.com

# ਸ਼ਹੀਦ ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਦਾ ਕਤਲ ਕਿਉਂ ਕੀਤਾ ?

ਇਹ ਸੁਆਲ ਕਈ ਵੇਰਾਂ ਉਠਾਇਆ ਜਾਂਦਾ ਹੈ ਕਿ ਜਲ੍ਹਿਆਂ ਵਾਲੇ ਬਾਗ਼ ਵਿੱਚ ਬੇ-ਦੋਸ਼ਿਆਂ ਦੀ ਕਤਲੋਗਾਰਤ ਤਾਂ ਪੁਲੀਸ ਅਫ਼ਸਰ ਜਨਰਲ ਡਾਇਰ ਨੇ ਕੀਤੀ ਸੀ, ਫਿਰ ਸ਼ਹੀਦ ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਦਾ ਕਤਲ ਇੰਗਲੈਂਡ ਦੇ ਕੈਕਸਟਨ ਹਾਲ ਵਿਖੇ 13 ਮਾਰਚ 1940 ਦੀ ਸ਼ਾਮ ਨੂੰ ਜਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਪੂਰੇ ਵੀਹ ਸਾਲ ਗਿਆਰਾਂ ਮਹੀਨੇ ਬਾਅਦ ਕਿਉਂ ਕੀਤਾ ? ਇੰਗਲੈਂਡ ਵਾਸੀ ਜੋਗਿੰਦਰ ਸ਼ਮਸ਼ੇਰ ਨੇ ਆਪਣੀ ਪੁਸਤਕ 'ਲੰਡਨ ਦੇ ਸ਼ਹੀਦ' ਜੋ ਕਿ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਦੀ ਛਪੀ ਹੋਈ ਹੈ, ਵਿਚ ਬੜੇ ਵਿਸਥਾਰ ਨਾਲ ਇਸ ਵਿਸ਼ੇ 'ਤੇ ਚਾਨਣਾ ਪਾਇਆ ਹੈ। ਸ਼ਹੀਦ ਊਧਮ ਸਿੰਘ ਵਲੋਂ ਜਨਰਲ ਡਾਇਰ ਦੀ ਥਾਂ 'ਤੇ ਸਰ ਮਾਈਕਲ ਓਡਵਾਇਰ ਦੀ ਚੋਣ ਨੂੰ ਅਸੀਂ ਕਈ ਨੁਕਤਿਆਂ ਤੋਂ ਵੇਖ ਸਕਦੇ ਹਾਂ।

ਪੰਜਾਬੀ ਲੋਕਾਂ ਦੀਆਂ ਬਹਾਦਰਨਾ ਸਪਿਰਟ, ਉਨ੍ਹਾਂ ਦੀ ਬਰਤਾਨਵੀ ਫ਼ੌਜਾਂ ਪ੍ਰਤੀ ਅਹਿਮੀਅਤ ਅਤੇ ਉਨ੍ਹਾਂ ਅੰਦਰ ਉਭਰ ਰਹੀਆਂ ਇਨਕਲਾਬੀ ਭਾਵਨਾਵਾਂ ਨੂੰ ਵੇਖਦੇ ਹੋਏ ਵਾਇਸਰਾਇ ਨੇ ਸਰ ਮਾਈਕਲ ਓਡਵਾਇਰ ਨੂੰ ਬੜੀ ਸੋਚ ਵਿਚਾਰ ਤੋਂ ਬਾਅਦ 1913 ਵਿੱਚ ਪੰਜਾਬ ਦਾ ਮੁਖੀ ਲਾਇਆ ਸੀ। ਇਸ ਤੋਂ ਪਹਿਲਾਂ ਉਹ ਬਾਰਾਂ ਸਾਲ ਪੰਜਾਬ ਦੇ ਜ਼ਿਲ੍ਹਾ ਸ਼ਾਹਪੁਰ ਵਿੱਚ ਸੈਟਲਮੈਂਟ ਅਫਸਰ ਰਹਿ ਚੁੱਕਾ ਸੀ। ਉਹ ਉਨ੍ਹਾਂ ਅੰਗਰੇਜ਼ੀ ਸਿਵਲਿਅਨ ਅਫਸਰਾਂ ਦੇ ਤਬਕੇ ਨਾਲ ਸਬੰਧ ਰੱਖਦਾ ਸੀ, ਜੋ ਵਿਸ਼ਵਾਸ਼ ਕਰਦੇ ਸਨ ਕਿ ਗੋਰੇ ਲੋਕਾਂ ਦਾ ਹਿੰਦੁਸਤਾਨ ਦੇ ਅਸੀਮਤ ਵਸੀਲਿਆਂ ਦੀ ਲੁੱਟ ਘਸੁੱਟ ਕਰਨਾ ਤੇ ਆਪਣੀ ਰਾਜਸੀ ਤੇ ਆਰਥਕ ਸਰਦਾਰੀ ਨੂੰ ਮਜ਼ਬੂਤ ਕਰਨਾ ਉਨ੍ਹਾਂ ਦਾ ਪਵਿੱਤਰ ਮਿਸ਼ਨ ਹੈ ਭਾਵੇਂ ਕਿ ਉਨ੍ਹਾਂ ਨੂੰ ਤਾਕਤ ਦੀ ਵਰਤੋਂ ਕਿਉਂ ਨਾ ਕਰਨੀ ਪਵੇ। ਉਹ 1913 ਤੋਂ 1919 ਤੀਕ ਛੇ ਸਾਲ ਇਸ ਨੀਤੀ 'ਤੇ ਚਲਦਾ ਰਿਹਾ।

ਇਹ ਮਾਈਕਲ ਓਡਵਾਇਰ ਹੀ ਸੀ ਕਿ ਜਿਸਨੇ ਵਿਸ਼ੇਸ਼ ਅਦਾਲਤਾਂ ਸਥਾਪਤ ਕਰਕੇ ਗ਼ਦਰੀ ਸੂਰਬੀਰਾਂ ਨੂੰ ਸਖ਼ਤ ਸਜ਼ਾਵਾਂ ਦੁਆਈਆਂ। ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ. ਮਥਰਾ ਸਿੰਘ, ਵਿਸ਼ਨੂੰ ਗਣੇਸ਼ ਪਿੰਗਲੇ ਸਮੇਤ 48 ਗ਼ਦਰ ਪਾਰਟੀ ਨਾਲ ਸਬੰਧਤ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਫਾਂਸੀ ਦੀ ਸਜ਼ਾ ਹੋਈ। 133 ਨੂੰ ਉਮਰ ਕੈਦ ਅਤੇ ਹੋਰ ਸਜ਼ਾਵਾਂ ਹੋਈਆਂ ਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਖ਼ੂਬਸੂਰਤ ਹਿੱਸੇ ਜੇਲ੍ਹਾਂ ਦੀਆਂ ਕਾਲ



Academy of the Punjab in North America: http://www.apnaorg.com

ਕੋਠੜੀਆਂ ਵਿੱਚ ਕੱਟਣੇ ਪਏ। 1919 ਵਿਚ 10 ਹਜ਼ਾਰ ਗ਼ਦਰੀ ਪਾਰਟੀ ਦੇ ਸਮਰਥਕ ਜੇਲ੍ਹਾਂ ਵਿਚ ਸਨ।

1914 ਤੋਂ 1918 ਦੇ ਵਿਚਕਾਰ 8 ਅਖ਼ਬਾਰਾਂ ਜ਼ਬਤ ਕੀਤੀਆਂ ਗਈਆਂ। 'ਸਦਾਕਤ', 'ਜਮਹੂਰ', 'ਨਕਾਸ਼' ਅਤੇ 'ਨਿਊ-ਇੰਡੀਆ' ਦੇ ਪੰਜਾਬ ਦਾਖਲੇ 'ਤੇ ਰੋਕ ਲਾਈ ਗਈ। 1919 ਵਿੱਚ 12 ਹੋਰ ਅਖਬਾਰਾਂ ਉਤੇ ਪੰਜਾਬ ਵਿੱਚ ਆਉਣ 'ਤੇ ਪਾਬੰਦੀ ਲਾਈ ਗਈ ਜਿਨ੍ਹਾਂ ਵਿੱਚ ਕਲਕੱਤੇ ਦਾ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ 'ਅੰਮ੍ਰਿਤ ਬਜ਼ਾਰ ਪੱਤਰਕਾ', ਅਲਾਹਾਬਾਦ ਦਾ 'ਇੰਡੀਪੈਂਡੇਟ' ਅਤੇ ਲਖਨਊ ਦਾ 'ਨੈਸ਼ਨਲ ਹੈਰਲਡ' ਵੀ ਸ਼ਾਮਲ ਸੀ। 24 ਪ੍ਰੈਸਾਂ ਅਤੇ 4 ਅਖ਼ਬਾਰਾਂ ਦੀਆਂ ਜ਼ਮਾਨਤਾਂ ਜ਼ਬਤ ਕੀਤੀਆਂ ਗਈਆਂ। 'ਜ਼ਿਮੀਦਾਰ' ਅਖ਼ਬਾਰ ਦੀ ਨਾ ਕੇਵਲ ਜ਼ਮਾਨਤ ਜ਼ਬਤ ਕੀਤੀ ਗਈ, ਸਗੋਂ ਇਸ ਦੇ ਸੰਪਾਦਕ ਮੌਲਾਨਾ ਜ਼ਫ਼ਰ ਅਲੀ ਖਾਂ ਨੂੰ ਉਨ੍ਹਾਂ ਦੇ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ।

28 ਫਰਵਰੀ 1919 ਦੇ 'ਇਨਕਲਾਬ' ਅਖ਼ਬਾਰ ਨੇ ਲਿਖਿਆ ਸੀ, "ਉਡਵਾਇਰ ਦੇ ਰਾਜ ਨੇ ਅਤਿਆਚਾਰ ਦੀਆਂ ਪਹਿਲੀਆਂ ਸਭ ਕਹਾਣੀਆਂ ਲੋਕਾਂ ਨੂੰ ਭੁੱਲਾ ਦਿੱਤੀਆਂ ਹਨ। ਉਡਵਾਇਰ ਦੇ ਘਿਰਣਾਤਮਿਕ ਅਤੇ ਤਸ਼ੱਦਦ ਭਰੇ ਢੰਗ ਵਾਲੇ ਪ੍ਰਬੰਧਾਂ ਨੇ ਵਹਿਸ਼ੀ ਯੁੱਗ ਦੀਆਂ ਯਾਦਾਂ ਨੂੰ ਸੁਰਜੀਤ ਕਰ ਦਿੱਤਾ ਹੈ।" ਬਰਤਾਨਵੀ ਸਰਕਾਰ ਦਾ ਹਿੰਦ ਮੰਤਰੀ ਮਿਸਟਰ ਮਾਂਟੇਗੋ 1918 ਨੂੰ ਭਾਰਤ ਆਇਆ। ਉਡਵਾਇਰ ਨਾਲ ਹੋਈ ਮਿਲਣੀ ਬਾਰੇ ਉਸ ਨੇ ਆਪਣੀ ਡਾਇਰੀ ਵਿੱਚ ਲਿਖਿਆ ਹੈ ਕਿ ਉਹ ਲੋਹੇ ਦੇ ਹੱਥਾਂ ਨਾਲ ਰਾਜ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਜਲ੍ਹਿਆਂਵਾਲਾ ਕਾਂਡ ਦੇ ਤਿੰਨ ਦਿਨ ਪਹਿਲਾਂ 10 ਅਪ੍ਰੈਲ 1919 ਨੂੰ ਅੰਗਰੇਜ਼ੀ ਅਖ਼ਬਾਰ 'ਦਾ ਟ੍ਰਿਬਿਊਨ' ਅਤੇ 'ਬੰਬਈ ਕਰਾਨੀਕਲ' ਨੇ ਉਡਵਾਇਰ ਨੂੰ ਦੂਜਾ ਨਾਦਰਸ਼ਾਹ ਗਰਦਾਨਿਆ ਅਤੇ ਉਸ 'ਤੇ ਦੋਸ਼ ਲਾਇਆ ਕਿ ਉਹ ਪੰਜਾਬ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਕਰ ਦੇਣਾ ਚਾਹੁੰਦਾ ਹੈ। ਹੰਟਰ ਕਮਿਸ਼ਨਰ ਨੇ ਵੀ ਮੰਨਿਆ ਕਿ ਉਹ ਹਿੰਸਾ ਜਿਹੜੀ ਫੈਲੀ, ਕਦੇ ਨਾ ਫੈਲਦੀ ਜੇ ਸਰ ਮਾਈਕਲ ਉਡਵਾਇਰ ਗੰਭੀਰ ਗਲਤੀਆਂ ਨਾ ਕਰਦਾ। 7 ਅਪ੍ਰੈਲ ਦੀ ਸ਼ਾਮ ਨੂੰ ਉਸ ਨੇ ਜਲੰਧਰ ਦੇ ਇਕ ਵਕੀਲ ਰਾਏਜ਼ਾਦਾ ਭਗਤ ਰਾਮ ਨਾਲ ਇਕ ਮਿਲਣੀ ਸਮੇਂ, ਰਾਏਜ਼ਾਦਾ ਦੇ ਇਹ ਕਹਿਣ 'ਤੇ ਕਿ ਮਹਾਤਮਾ ਗਾਂਧੀ ਦੀ ਰੂਹਾਨੀ ਤਾਕਤ ਬੜੀ ਜ਼ਬਰਦਸਤ ਹੈ; ਮੁੱਕਾ ਵੱਟ ਕਿ ਆਖਿਆ ਸੀ, "ਰਾਏਜ਼ਾਦਾ ਸਾਹਿਬ, ਇਹ ਯਾਦ ਰੱਖਣਾ ਰੂਹਾਨੀ ਤਾਕਤ ਤੋਂ ਵੱਡੀ ਦੂਸਰੀ ਤਾਕਤ ਵੀ ਹੈ"।

1919 ਵਿੱਚ ਹੋਏ ਅੰਮ੍ਰਿਤਸਰ ਕਾਂਗਰਸ ਇਜਲਾਸ ਦੇ ਪ੍ਰਧਾਨ ਪੰਡਤ ਮੋਤੀ ਲਾਲ ਨਹਿਰੂ ਨੇ ਕਿਹਾ ਸੀ, "ਜੋ ਕੁਝ ਵੀ ਇਥੇ ਵਾਪਰਿਆ ਉਸ ਦੀ ਜ਼ਿਆਦਾਤਰ ਜ਼ੁੰਮੇਵਾਰੀ ਮਾਈਕਲ ਉਡਵਾਇਰ ਦੇ ਸਿਰ 'ਤੇ ਹੈ"। ਉਸ ਨੇ ਜਨਰਲ ਡਾਇਰ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਗੋਲੀ ਚਲਾਉਣ ਉਤੇ ਪੂਰੀ ਥਾਪਣਾ ਅਤੇ ਸਵੀਕਾਰਤਾ ਦਿੱਤੀ।

ਇਸ ਤਰ੍ਹਾਂ ਲੰਬੀ ਚੌੜੀ ਚਰਚਾ ਦੇ ਬਾਅਦ ਜੋਗਿੰਦਰ ਸ਼ਮਸ਼ੇਰ ਇਸ ਨਤੀਜੇ 'ਤੇ ਪੁੱਜਦਾ ਹੈ ਕਿ 1919 ਦੀਆਂ ਸਾਰੀਆਂ ਘਟਨਾਵਾਂ ਦਾ ਜ਼ੁੰਮੇਵਾਰ ਸਰ ਮਾਈਕਲ ਉਡਵਾਇਰ ਸੀ ਤੇ ਜਨਰਲ ਡਾਇਰ ਮਸ਼ੀਨ ਦਾ ਇਕ ਮਹਿਜ਼ ਪੁਰਜਾ ਸੀ। ਸ਼ਾਇਦ



Academy of the Punjab in North America: http://www.apnaorg.com

ਇਹੋ ਕਾਰਨ ਸੀ ਕਿ ਉਹ ਖ਼ੈਰ-ਖ਼ੈਰੀਅਤ ਨਾਲ ਵਾਪਸ ਆਪਣੇ ਦੇਸ਼ ਪਹੁੰਚ ਗਿਆ ਸੀ। ਜੋ ਕੁਝ ਵੀ 13 ਅਪ੍ਰੈਲ 1919 ਨੂੰ ਅਤੇ ਉਨ੍ਹਾਂ ਮਾਰਸ਼ਲ ਲਾਅ ਦੇ 7 ਹਫਤਿਆਂ ਵਿੱਚ ਪੰਜਾਬ ਵਿੱਚ ਵਾਪਰਿਆ, ਉਹ ਉਡਵਾਇਰ ਤੇ ਉਸ ਦੇ ਅਧੀਨ ਅਫਸਰਾਂ ਵਲੋਂ ਸਭ ਕੁਝ ਤਹਿ ਕੀਤੇ ਇਕ ਪਲੈਨ ਦੇ ਮੁਤਾਬਿਕ ਹੀ ਹੋਇਆ। ਇਸ ਸਮੇਂ ਅਤੇ ਪਹਿਲੇ ਵਿਸ਼ਵ ਯੁਧ ਸਮੇਂ ਫ਼ੌਜ ਵਿਚ ਜਬਰੀ ਭਰਤੀ ਕਰਨ ਲਈ ਜੋ ਜ਼ੁਲਮ ਪੰਜਾਬੀਆਂ 'ਤੇ ਕੀਤੇ ਗਏ, ਉਹ ਲੂੰਅ ਕੰਡੇ ਖੜੇ ਕਰਨ ਵਾਲੇ ਹਨ।

ਸ. ਊਧਮ ਸਿੰਘ ਲਈ ਜਿਸ ਦੇ ਦਿਲ ਉਤੇ ਖ਼ੂਨੀ ਵਿਸਾਖੀ ਵਾਲੀ ਰਾਤ ਨੂੰ ਜਲਿਆਂਵਾਲੇ ਬਾਗ਼ ਵਿੱਚ ਵੇਖੇ ਹੌਲਨਾਕ ਦ੍ਰਿਸ਼ ਅੰਕਿਤ ਸਨ, ਜਿਨ੍ਹਾਂ ਨੂੰ ਵੇਖ ਕੇ ਉਸ ਦਾ ਦਿਲ ਕੰਬ ਉਠਿਆ ਸੀ ਅਤੇ ਜਿਸ ਦੇ ਅੰਗ ਅੰਗ ਵਿੱਚ ਆਪਣੇ ਦੇਸ਼ ਵਾਸੀਆਂ ਉਤੇ ਹੋਏ ਇਸ ਜ਼ੁਲਮ ਕਰਨ ਵਾਲੇ ਤੋਂ ਬਦਲਾ ਲੈਣ ਦੀ ਭਾਵਨਾ ਪਨਪ ਰਹੀ ਸੀ, ਨੂੰ ਸਰ ਮਾਈਕਲ ਉਡਵਾਇਰ ਨੂੰ ਭੁਲਾਣਾ ਅਸੰਭਵ ਸੀ। ਉਸ ਲਈ ਉਸ ਨੂੰ ਗੋਲੀਆਂ ਨਾਲ ਉਡਾ ਦੇਣਾ ਇਕ ਮਨੋਵਿਗਿਆਨਕ ਕਰਮ ਸੀ ਅਤੇ ਬਹਾਦਰੀ ਭਰਿਆ ਕਾਰਨਾਮਾ। ਇਸ ਤਰ੍ਹਾਂ ਉਸ ਦੀ ਚੋਣ ਸਹੀ ਸੀ। ਉਸ ਨੇ ਅਦਾਲਤ ਨੂੰ ਸਾਫ਼-ਸਾਫ਼ ਆਖਿਆ ਸੀ, "ਉਹ (ਸਰ ਮਾਈਕਲ) ਇਸੇ ਲਾਇਕ ਸੀ, ਮੈਨੂੰ ਮਰਨ ਦੀ ਪ੍ਰਵਾਹ ਨਹੀਂ, ਮੈਂ ਆਪਣੇ ਮੁਲਕ ਲਈ ਜਾਨ ਦੇ ਰਿਹਾ ਹਾਂ"।

ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਸਮੇਂ ਊਧਮ ਸਿੰਘ ਦੀ ਉਮਰ 16 ਸਾਲ ਦੀ ਸੀ। ਹੁਣ ਉਹ 37 ਵਰ੍ਹੇ ਦਾ ਹੋ ਗਿਆ ਸੀ। ਉਸ ਨੂੰ ਅਫ਼ਸੋਸ ਸੀ ਕਿ ਉਸ ਦੀ ਗੋਲੀ ਨਾਲ ਇਕੋ ਹੀ ਮਰਿਆ, ਜਿਵੇਂ ਕਿ ਸਾਰਜੈਂਟ ਵਲੋਂ ਦਿੱਤੇ ਅਦਾਲਤ ਵਿੱਚ ਬਿਆਨ ਤੋਂ ਸਪੱਸ਼ਟ ਹੈ, ਜਿਸ ਵਿਚ ਉਸ ਨੇ ਕਿਹਾ ਸੀ, "ਜਦੋਂ ਸਿੰਘ ਨੂੰ ਗ੍ਰਿਫਤਾਰ ਕੀਤਾ ਉਹ ਕਾਫੀ ਦੇਰ ਚੁੱਪ ਰਿਹਾ, ਪਰ ਅਚਾਨਕ ਆਖਣ ਲੱਗਾ, ਸਿਰਫ਼ ਇਕੋ ਮਰਿਆ। ਉਹੋ ! ਮੇਰਾ ਖਿਆਲ ਸੀ, ਮੈਂ ਹੋਰ ਵੀ ਲਊਂਗਾ। ਮੈਂ ਜ਼ਰੂਰ ਸੁਸਤ ਰਿਹਾ ਹੋਵਾਂਗਾ। ਦਰਅਸਲ ਆਲੇ ਦੁਆਲੇ ਤੀਵੀਆਂ ਬਹੁਤ ਸਨ।"

5 ਜੂਨ 1940 ਨੂੰ ਮਿਸਟਰ ਜਸਟਿਸ ਐਟਕਿਨਸਨ ਦੀ ਅਦਾਲਤ ਵਿੱਚ ਕੇਸ ਪੇਸ਼ ਹੋਇਆ। ਜੱਜ ਦੇ ਸਜ਼ਾ ਸੁਣਾਉਣ ਤੋਂ ਪਹਿਲਾਂ ਊਧਮ ਸਿੰਘ 15 ਮਿੰਟ ਆਪਣਾ ਬਿਆਨ ਦਿੰਦਾ ਰਿਹਾ। ਜੱਜ ਨੇ ਇਹ ਬਿਆਨ ਪ੍ਰਕਾਸ਼ਿਤ ਕਰਨ 'ਤੇ ਰੋਕ ਲਾ ਦਿੱਤੀ। ਉਸ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਸਜ਼ਾ ਸੁਣ ਕੇ ਉਹ ਜਲਾਲ ਵਿੱਚ ਆ ਗਿਆ। ਉਸ ਨੇ ਲਲਕਾਰ ਕੇ ਕਿਹਾ, "ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ, ਮੈਨੂੰ ਮਰਨ ਦੀ ਕੋਈ ਪ੍ਰਵਾਹ ਨਹੀਂ"। ਉਹ ਮੁੱਕੇ ਵੱਟ ਵੱਟ ਕੇ ਕਟਹਿਰੇ ਦੇ ਜੰਗਲੇ ਦੀ ਬਾਹੀ 'ਤੇ ਮਾਰਦਾ ਰਿਹਾ। ਉਸ ਨੇ ਅਦਾਲਤ ਵਿੱਚ ਥੁਕਿਆ, ਫਿਰ ਸ਼ਾਂਤ ਚਿਤ ਹੋ ਕੇ ਮੁਸਕਰਾ ਪਿਆ।

ਉਹ ਚਾਹੁੰਦਾ ਸੀ ਕਿ ਉਸ ਨੂੰ ਵੀ ਸ਼ਹੀਦ ਭਗਤ ਸਿੰਘ ਵਾਂਗ 23 ਤਾਰੀਖ ਨੂੰ ਫ਼ਾਂਸੀ ਮਿਲੇ ਜਿਵੇਂ ਕਿ ਉਸ ਵਲੋਂ ਸਿਨਕਲੇਅਰ ਰੋਡ ਲੰਡਨ ਦੇ ਗੁਰਦੁਆਰੇ ਦੇ ਸਕੱਤਰ ਸ. ਜਾਹਲ ਸਿੰਘ ਨੂੰ 30 ਮਾਰਚ 1940 ਨੂੰ ਬਰਿਕਸਟਨ ਜੇਲ੍ਹ ਤੋਂ ਪੁਸਤਕਾਂ ਵਾਪਸ ਭੇਜਦੇ ਸਮੇਂ ਲਿਖੇ ਪੱਤਰ ਤੋਂ ਸਪੱਸ਼ਟ ਹੈ। ਇਸ ਪੱਤਰ ਵਿੱਚ ਉਸ ਨੇ ਲਿਖਿਆ ਸੀ,



Academy of the Punjab in North America: http://www.apnaorg.com

"ਕੋਈ ਦਸ ਸਾਲ ਹੋਏ ਕਿ ਮੇਰਾ ਸਭ ਤੋਂ ਵਧੀਆ ਮਿੱਤਰ ਮੈਨੂੰ ਪਿੱਛੇ ਛੱਡ ਗਿਆ ਸੀ ਅਤੇ ਮੈਨੂੰ ਯਕੀਨ ਹੈ ਕਿ ਮੌਤ ਤੋਂ ਬਾਅਦ ਅਸੀਂ ਇਕ ਦੂਸਰੇ ਨੂੰ ਮਿਲਾਂਗੇ, ਉਹ ਮੈਨੂੰ ਉਡੀਕ ਰਿਹਾ ਹੈ। ਉਸ ਦਿਨ 23 ਤਾਰੀਖ ਸੀ। ਮੈਨੂੰ ਆਸ ਹੈ ਕਿ ਮੈਨੂੰ ਵੀ ਇਸੇ ਤਾਰੀਖ ਨੂੰ ਫਾਂਸੀ ਦੇਣਗੇ, ਜਿਸ ਤਾਰੀਖ ਉਸ ਨੂੰ ਦਿੱਤੀ ਸੀ"। ਉਹ ਹੋਰ ਲਿਖਦੇ ਹਨ, "ਜਿਸ ਦਿਨ ਦਾ ਮੈਂ ਸ਼ਾਹੀ ਖ਼ਾਨਦਾਨ ਦਾ ਮਹਿਮਾਨ ਹੋ ਕੇ ਆਇਆ ਹਾਂ, 5 ਪੌਂਡ ਭਾਰ ਵਧਿਆ ਹੈ। ਮੈਨੂੰ ਕਿਸੇ ਚੀਜ਼ ਤੋਂ ਮੁਨਕਰ ਹੋਣ ਦੀ ਲੋੜ ਨਹੀਂ। ਮੈਂ ਜੰਮਿਆ ਹੀ ਮਰਨ ਲਈ ਹਾਂ ਅਤੇ ਜ਼ਰੂਰ ਮਰਨਾ ਹੈ"। ਪਰ ਉਸ ਦੀ ਇਹ ਖ਼ਾਹਿਸ਼ ਪੂਰੀ ਨਾ ਹੋਈ ਤੇ ਉਸ ਨੂੰ 31 ਜੁਲਾਈ 1940 ਨੂੰ ਫਾਂਸੀ ਦਿੱਤੀ ਗਈ।



Academy of the Punjab in North America: http://www.apnaorg.com

# ਨਿਖੇਧੀਯੋਗ ਸੀ ਸ਼ਹੀਦ ਊਧਮ ਸਿੰਘ ਦੇ ਕਾਰਨਾਮੇ ਪ੍ਰਤੀ ਭਾਰਤੀਆਂ ਦੀ ਪਹੁੰਚ

ਅੱਜ ਸ਼ਹੀਦ ਊਧਮ ਸਿੰਘ ਦਾ ਨਾਂ ਬੜੇ ਸਤਿਕਾਰ ਅਤੇ ਮਾਣ ਨਾਲ ਲਿਆ ਜਾ ਰਿਹਾ ਹੈ। ਉਸ ਦੇ ਸ਼ਹੀਦੀ ਦਿਨ 'ਤੇ 31 ਜੁਲਾਈ ਨੂੰ ਪੰਜਾਬ ਸਰਕਾਰ ਵਲੋਂ ਸਰਕਾਰੀ ਤੌਰ 'ਤੇ ਛੁੱਟੀ ਕੀਤੀ ਜਾਂਦੀ ਹੈ। ਉਸ ਦੇ ਨਾਂ 'ਤੇ ਸੰਸਥਾਵਾਂ ਖੋਲ੍ਹੀਆਂ ਜਾ ਰਹੀਆਂ ਹਨ, ਬੁੱਤ ਲਾਏ ਜਾ ਰਹੇ ਹਨ, ਹਾਲਾਂ ਵਿੱਚ ਤਸਵੀਰਾਂ ਲਾਈਆਂ ਜਾ ਰਹੀਆਂ ਹਨ, ਸੜਕਾਂ ਅਤੇ ਕਲੋਨੀਆਂ ਦੇ ਨਾਂ ਰੱਖੇ ਜਾ ਰਹੇ ਹਨ। ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਦੇਸ਼ ਵਾਸੀਆਂ ਨੇ ਉਸ ਦੇ ਬਹਾਦਰੀ ਭਰੇ ਕਾਰਨਾਮੇ ਨੂੰ ਉਸ ਸਮੇਂ ਨਹੀਂ ਸਲਾਹਿਆ ਸੀ ਜਦ ਉਸ ਨੇ ਇੰਗਲੈਂਡ ਦੇ ਕੈਕਸਟਨ ਹਾਲ ਵਿਖੇ 13 ਮਾਰਚ 1940 ਦੀ ਸ਼ਾਮ ਨੂੰ ਜਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਪੂਰੇ ਵੀਹ ਸਾਲ ਗਿਆਰਾਂ ਮਹੀਨੇ ਬਾਅਦ ਇਕ ਐਸਾ ਕਾਰਨਾਮਾ ਕੀਤਾ ਜਦ ਕਿ ਇਸ ਨੂੰ ਸਲਾਹੇ ਜਾਣ ਦੀ ਲੋੜ ਸੀ। ਇਹ ਵੀ ਉਸ ਸਮੇਂ ਜਦ ਕਿ ਸਭ ਨੂੰ ਪਤਾ ਸੀ ਕਿ ਉਸ ਨੂੰ ਆਉਂਦੇ ਕੁਝ ਦਿਨਾਂ ਵਿੱਚ ਫਾਂਸੀ ਲਾਇਆ ਜਾਣਾ ਹੈ ਤੇ ਉਸ ਸਮੇਂ ਉਸ ਨੂੰ ਇਖ਼ਲਾਕੀ ਮਦਦ ਦੀ ਲੋੜ ਹੈ। ਇਸ ਦਿਨ ਉਸ ਨੇ ਸਰ ਮਾਈਕਲ ਉਡਵਾਇਰ ਜੋ ਕਿ 1913 ਤੋਂ 1919 ਤੀਕ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਹਿ ਚੁੱਕਾ ਸੀ ਨੂੰ ਆਪਣੀ ਗੋਲੀ ਦਾ ਨਾ ਉਕਣ ਵਾਲਾ ਨਿਸ਼ਾਨਾ ਬਣਾਇਆ। ਉਡਵਾਇਰ ਉਹ ਅਧਿਕਾਰੀ ਜਿਸ ਨੇ ਪੰਜਾਬੀਆਂ 'ਤੇ ਅਥਾਹ ਅਤਿਆਚਾਰ ਢਾਹੇ ਉਹ ਜਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਸੀ। ਜਿਸ ਦਾ ਵਰਨਣ ਅਸੀ ਪਿਛਲੇ ਲੇਖ ਵਿਚ ਕੀਤਾ ਹੈ।

ਇਸ ਸਬੰਧੀ ਇੰਗਲੈਂਡ ਵਾਸੀ ਜੋਗਿੰਦਰ ਸ਼ਮਸ਼ੇਰ ਨੇ ਆਪਣੀ ਪੁਸਤਕ 'ਲੰਡਨ ਦੇ ਸ਼ਹੀਦ' ਵਿੱਚ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਸ. ਊਧਮ ਸਿੰਘ ਨੇ ਇਕ ਐਸਾ ਕਾਰਨਾਮਾ ਕੀਤਾ ਸੀ ਜੋ ਭਾਰਤ ਦੀ ਆਜ਼ਾਦੀ ਲਹਿਰ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ ਤੇ ਜਿਸਦਾ ਜ਼ਿਕਰ ਕਰਦਿਆਂ ਲੋਕਾਂ ਦੇ ਸਿਰ ਸਤਿਕਾਰ ਤੇ ਸ਼ਰਧਾ ਨਾਲ ਝੁੱਕ ਜਾਂਦੇ ਹਨ। ਅਫ਼ਸੋਸ ਦੀ ਗੱਲ ਹੈ ਕਿ ਹੱਸ-ਹੱਸ ਕੇ ਦੇਸ਼ ਦੀ ਅਣਖ ਦੀ ਖ਼ਾਤਰ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਲੰਡਨ ਵਿੱਚ ਸ਼ਹੀਦ ਹੋਣ ਵਾਲੇ ਇਸ ਦੂਜੇ ਸੂਰਬੀਰ (ਲੰਡਨ ਦਾ ਪਹਿਲਾ ਸ਼ਹੀਦ ਮਦਨ ਲਾਲ ਢੀਂਗਰਾ ਸੀ ਜਿਸ ਨੂੰ 17 ਅਗਸਤ 1909 ਨੂੰ ਲੰਡਨ ਵਿਚ ਫਾਂਸੀ ਦਿੱਤੀ ਗਈ) ਨੂੰ ਉਸ ਸਮੇਂ ਭਾਵ 1940 ਦੇ ਸਿਆਸਤਦਾਨਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਉਸ ਦੇ ਕਾਰਨਾਮੇ ਨੂੰ ਸਲਾਹੁਣ ਦੀ ਥਾਂ 'ਤੇ ਉਸ ਸਮੇਂ



Academy of the Punjab in North America: http://www.apnaorg.com

ਜੋ ਕੁਝ ਕੀਤਾ ਉਸ ਨੂੰ ਜਾਣ ਕੇ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਇਨਕਲਾਬੀ ਗਰੁੱਪਾਂ ਵਲੋਂ ਕੱਢੀ ਜਾਂਦੀਆਂ ਗੁਪਤ ਅਖਬਾਰਾਂ ਵਿੱਚ ਸ਼ਾਇਦ ਉਸ ਨੂੰ ਸਲਾਹਿਆ ਗਿਆ ਹੋਵੇ ਪਰ ਸਾਨੂੰ ਅਜਿਹੇ ਕੋਈ ਪ੍ਰਗਟ ਰੂਪ ਵਿੱਚ ਲਿਖਤ ਨਹੀਂ ਮਿਲਦੀ ਜਿਸ ਵਿੱਚ ਉਸ ਦੇ ਕਾਰਨਾਮੇ ਦੀ ਸ਼ਲਾਘਾ ਕੀਤੀ ਗਈ ਹੋਵੇ।

ਭਾਰਤ ਦੀ ਆਜ਼ਾਦੀ ਲਈ ਲੜਾਈ ਲੜ ਰਹੀ ਸਭ ਤੋਂ ਵੱਡੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਦਾ ਵਤੀਰਾ ਉਸ ਸਮੇਂ ਬਿਲਕੁਲ ਉਸ ਤਰ੍ਹਾਂ ਦਾ ਸੀ, ਜਿਸ ਤਰ੍ਹਾਂ ਦਾ ਸ਼ਹੀਦ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਨਾਉਣ ਤੇ ਦੇਣ ਸਮੇਂ ਸੀ । ਪੰਡਿਤ ਜਵਾਹਰ ਲਾਲ ਨਹਿਰੂ ਨੇ ਸਿਰਫ਼ ਏਨਾ ਹੀ ਕਿਹਾ, "ਇਹ ਅਫ਼ਸੋਸਨਾਕ ਹੈ।" ਪਰ ਮਹਾਤਮਾ ਗਾਂਧੀ ਨੇ ਊਧਮ ਸਿੰਘ ਦੇ ਇਸ ਕਾਰਨਾਮੇ ਨੂੰ ਉਸ ਸਮੇਂ ਪਾਗ਼ਲਪਨ ਕਰਾਰ ਦਿੰਦੇ ਹੋਇ ਕਿਹਾ ਸੀ, "ਸਰ ਮਾਈਕਲ ਉਡਵਾਇਰ ਦੀ ਮੌਤ, ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਸਰ ਲੂਈ ਡੇਨ ਦੇ ਜ਼ਖਮੀ ਹੋਣ ਨਾਲ ਮੈਨੂੰ ਡੂੰਘਾ ਦੁੱਖ ਹੋਇਆ ਹੈ। ਮੈਂ ਮਿਰਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾ ਕਰਦਾ ਹਾਂ ਅਤੇ ਆਸ ਰੱਖਦਾ ਹਾਂ ਕਿ ਜ਼ਖ਼ਮ ਛੇਤੀ ਤੰਦਰੁਸਤ ਹੋ ਜਾਣਗੇ। ਮੈਂ ਇਸ ਕਾਰਨਾਮੇ ਨੂੰ ਪਾਗ਼ਲਪਨ ਸਮਝਦਾ ਹਾਂ। ਇਹੋ ਜਿਹੇ ਕਾਰਨਾਮੇ ਉਨ੍ਹਾਂ ਮੰਤਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਨ੍ਹਾਂ ਲਈ ਉਹ ਕੀਤੇ ਜਾਂਦੇ ਹਨ। ਮੈਨੂੰ ਆਸ ਹੈ ਕਿ ਰਾਜਸੀ ਫੈਸਲੇ ਵੇਲੇ ਇਸ ਨੂੰ ਨਜ਼ਰ ਅੰਦਾਜ਼ ਨਹੀਂ ਹੋਣ ਦਿੱਤਾ ਜਾਵੇਗਾ"। ਉਸ ਵੇਲੇ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਕਿਹਾ ਸੀ, "ਇਸ ਦੁਖਾਂਤਕ ਘਟਨਾ ਲਈ, ਸਾਨੂੰ ਬਹੁਤ ਅਫ਼ਸੋਸ ਹੈ। ਇਹ ਪਤਾ ਲੱਗਣ 'ਤੇ ਕੁਝ ਸ਼ਾਂਤੀ ਹੋਈ ਹੈ ਕਿ ਇਸ ਨਾਲ ਕੋਈ ਰਾਜਸੀ ਮਹੱਤਤਾ ਸੰਬੰਧਤ ਨਹੀਂ"। ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਨੇ ਆਪਣੇ ਰਾਮਗੜ੍ਹ ਵਾਲੇ ਅਜਲਾਸ ਵਿਚ ਵੀ ਇਸੇ ਤਰ੍ਹਾਂ ਦਾ ਮਿਲਦਾ ਜੁਲਦਾ ਮਤਾ ਪਾਸ ਕੀਤਾ ਸੀ।

14 ਮਾਰਚ 1940 ਨੂੰ ਪੰਜਾਬ ਅਸੈਂਬਲੀ ਵਿੱਚ ਉਸ ਸਮੇਂ ਦੇ ਵਜ਼ੀਰੇ ਆਜ਼ਮ ਸਰ ਸਕੰਦਰ ਹਯਾਤ ਖਾਂ ਨੇ ਪੇਸ਼ ਕੀਤੇ ਮਤੇ ਵਿੱਚ ਇਸ ਦਲੇਰੀ ਭਰੇ ਕਾਰਨਾਮੇ ਨੂੰ ਕਮੀਨਾ ਕਿਹਾ ਸੀ। ਮਤੇ ਅਨੁਸਾਰ, "ਇਹ ਹਾਊਸ ਉਸ ਕਮੀਨੇ ਹਮਲੇ ਦੀ, ਜਿਹੜਾ ਕਿ ਰਿਪੋਰਟਰਾਂ ਮੁਤਾਬਕ ਇਕ ਹਿੰਦੁਸਤਾਨੀ ਨੇ ਕੈਕਸਟਨ ਹਾਲ ਲੰਡਨ ਵਿਖੇ ਕੀਤਾ, ਪੂਰੀ ਨਿਖੇਧੀ ਕਰਦਾ ਹੈ ਅਤੇ ਇਸ ਉਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਹ ਲੇਡੀ ਉਡਵਾਇਰ ਅਤੇ ਪਰਿਵਾਰ ਦੇ ਹੋਰ ਜੀਆਂ ਨਾਲ ਪੂਰੀ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ"। ਉਸ ਨੇ ਮਤੇ ਨੂੰ ਪੇਸ਼ ਕਰਦਿਆਂ ਕਿਹਾ ਸੀ, "ਇਹੋ ਜਿਹੇ ਹਿੰਸਾ ਦੇ ਕਾਰਨਾਮੇ ਹਿੰਦੁਸਤਾਨ ਦੇ ਨਾਮ ਧੱਬਾ ਹਨ ਅਤੇ ਦੇਸ਼ ਦੀਆਂ ਰਵਾਇਤਾਂ ਦੇ ਖਿਲਾਫ਼ ਹਨ"। ਕਾਂਗਰਸ ਪਾਰਟੀ ਉਸ ਸਮੇਂ ਵਿਰੋਧੀ ਧਿਰ ਵਿੱਚ ਸੀ। ਪਰ ਕਿਸੇ ਨੇ ਵੀ ਇਸ ਮਤੇ ਦੀ ਵਿਰੋਧਤਾ ਨਾ ਕੀਤੀ ਤੇ ਇਹ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ।

ਯਾਦ ਰਹੇ ਕਿ ਸਰ ਸਕੰਦਰ ਹਯਾਤ ਖਾਂ ਦੀ ਇਸ ਵਜ਼ਾਰਤ ਵਿੱਚ ਸਰ ਸੁੰਦਰ ਸਿੰਘ ਮਜੀਠੀਆ, ਸਰ ਛੋਟੂ ਰਾਮ ਅਤੇ ਹੋਰ ਅੰਗਰੇਜ਼ ਪ੍ਰਸਤ ਸ਼ਾਮਲ ਸਨ ਜਿਸ ਨੇ 1939 ਵਿੱਚ ਦੂਜਾ ਵਿਸ਼ਵ ਯੁੱਧ ਦੇ ਸ਼ੁਰੂ ਵਿੱਚ ਅਨੇਕਾਂ ਦੇਸ਼ ਭਗਤਾਂ ਨੂੰ ਡੀਫੈਂਸ ਆਫ ਇੰਡੀਆ



Academy of the Punjab in North America: http://www.apnaorg.com

ਰੂਲਜ਼ ਹੇਠਾਂ ਗ੍ਰਿਫਤਾਰ ਕਰਕੇ ਕੈਂਪਾਂ ਵਿੱਚ ਨਜ਼ਰਬੰਦ ਕੀਤਾ ਸੀ।

ਰਿਆਸਤੀ ਰਾਜਿਆਂ ਦੀ ਐਸੋਸੀਏਸ਼ਨ 'ਚੈਂਬਰ ਆ। ਪ੍ਰਿੰਸਜ਼' ਦੇ ਚਾਰਲਸ ਜਾਮ ਸਾਹਿਬ ਆ। ਨਵਾਂ ਨਗਰ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਗਲ ਦਾ ਬੜਾ ਅਫ਼ਸੋਸ ਹੈ ਕਿ ਐਸਾ ਕਮੀਨਾ ਜੁਰਮ ਕਰਨ ਵਾਲਾ ਇਕ ਹਿੰਦੁਸਤਾਨੀ ਹੈ। ਉਨ੍ਹਾਂ ਨੇ ਸਾਰੇ ਰਿਆਸਤੀ ਰਾਜਿਆਂ ਵਲੋਂ ਇਸ ਕਾਰਵਾਈ ਨੂੰ ਪਾਗ਼ਲਾਨਾ ਅਤੇ ਅਰਥਹੀਣ ਕਾਰਨਾਮਾ ਕਰਾਰ ਦਿੰਦੇ ਹੋਇ ਇਸ 'ਤੇ ਸ਼ੋਕ ਪ੍ਰਗਟ ਕੀਤਾ।

ਉਡਵਾਇਰ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪੰਜਾਬ ਦੇ ਸਾਰੇ ਦਫ਼ਤਰ ਬੰਦ ਹੋ ਗਏ ਤੇ ਝੰਡੇ ਨੀਵੇਂ ਕਰ ਦਿੱਤੇ ਗਏ। ਉਡਵਾਇਰ ਦੀ ਬਹਾਦਰੀ ਦੇ ਗੁਣ ਗਾਏ। ਪਰ ਉਸ ਮਹਾਨ ਸ਼ਹੀਦ ਲਈ ਬਹੁਤ ਹੀ ਘਟੀਆ ਸ਼ਬਦਾਂ ਦਾ ਇਸਤੇਮਾਲ ਕੀਤਾ ਗਿਆ। ਭਾਰਤ ਤੋਂ ਇਲਾਵਾ ਇੰਗਲੈਂਡ ਵਿੱਚ ਜਿੱਥੇ ਕਿ ਇਹ ਘਟਨਾ ਵਾਪਰੀ ਵਿਖੇ ਵੀ ਇੰਡੀਆ ਹਾਊਸ ਵਿੱਚ ਉਸ ਸਮੇਂ ਦੇ ਇੰਡੀਅਨ ਹਾਈ ਕਮਿਸ਼ਨਰ ਸਰ ਫਿਰੋਜ਼ ਖਾਂ ਨੂਨ ਵਲੋਂ ਇਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ, ਮੁਸਲਮ ਲੀਗ, ਸਿੱਖ ਖ਼ਾਲਸਾ ਜੱਥਾ, ਇੰਡੀਆ ਲੀਗ, ਪਾਰਸੀ ਐਸੋਸੀਏਸ਼ਨ ਤੇ ਹੋਰ ਕਈ ਜਥੇਬੰਦੀਆਂ ਦੇ ਪ੍ਰਤੀਨਿੱਧ ਸ਼ਾਮਲ ਹੋਏ। ਇਸ ਵਿੱਚ ਵੀ ਇਸ ਕਾਰਨਾਮੇ ਦੀ ਨਿਖੇਧੀ ਕੀਤੀ ਗਈ ਤੇ ਉਡਵਾਇਰ ਦੀ ਮੌਤ 'ਤੇ ਸ਼ੋਕ ਪ੍ਰਗਟ ਕੀਤਾ ਗਿਆ।

ਪਰ ਇਹ ਜਾਣ ਕੇ ਖ਼ੁਸ਼ੀ ਹੁੰਦੀ ਹੈ ਕਿ ਇਸ ਦੇ ਬਾਵਜੂਦ ਵੀ ਕਿਸੇ ਨੇ ਉਸ ਦਾ ਕੇਸ ਲੜਨ ਲਈ ਵਕੀਲ ਕੀਤਾ ਜਿਵੇਂ ਕਿ ਉਸ ਵਲੋਂ ਸਿਨਕਲੇਅਰ ਰੋਡ ਲੰਡਨ ਦੇ ਗੁਰਦੁਆਰੇ ਦੇ ਸਕੱਤਰ ਸ. ਜਾਹਲ ਸਿੰਘ ਨੂੰ 30 ਮਾਰਚ 1940 ਨੂੰ ਬਰਿਕਸਟਨ ਜੇਲ੍ਹ ਤੋਂ ਪੁਸਤਕਾਂ ਵਾਪਸ ਭੇਜਦੇ ਸਮੇਂ ਲਿਖੇ ਪੱਤਰ ਤੋਂ ਸਪੱਸ਼ਟ ਹੈ, "ਮੈਂ ਜਾਣਦਾ ਹਾਂ ਕਿ ਇਥੇ ਰਹਿੰਦੇ ਕਈ ਹਿੰਦੁਸਤਾਨੀ ਮੇਰੇ ਖਿਲਾਫ਼ ਹਨ। ਪਰ ਮੇਰਾ ਦਿਲ ਜਾਣਦਾ ਹੈ ਕਿ ਤੁਹਾਨੂੰ ਗੱਲ ਦਸਾਂ। ਮੈਨੂੰ ਨਹੀਂ ਪਤਾ ਕਿ ਕੌਣ ਮੇਰੀ ਖ਼ਾਤਰ ਸੋਲਿਸਟਰ (ਵਕੀਲ) ਦਾ ਝੰਜਟ ਕਰ ਰਿਹਾ ਹੈ। ਮੈਂ ਨਹੀਂ ਚਾਹੁੰਦਾ ਕਿ ਉਸ ਦਾ ਪੈਸਾ ਮੇਰੇ ਮੁਕੱਦਮੇ 'ਤੇ ਲੱਗੇ ਜਦੋਂ ਕਿ ਮੈਨੂੰ ਕੁਝ ਵੀ ਹੋਵੇ, ਚਿੰਤਾ ਨਹੀਂ ਮੈਂ ਕਿਸੇ ਵੀ ਥਾਓਂ ਜਾਣ ਲਈ ਤਿਆਰ ਹਾਂ, ਤਾਂ ਮੇਰੀ ਖ਼ਾਤਰ ਲੋਕ ਕਿਉਂ ਕਸ਼ਟ ਕਰਦੇ ਹਨ। ਮੈਨੂੰ ਮੌਤ ਦਾ ਡਰ ਨਹੀਂ ਕਿਉਂਕਿ ਜਲਦੀ ਹੀ ਫਾਂਸੀ ਨਾਲ ਵਿਆਹ ਹੋਣਾ ਹੈ।... ਜੇ ਤੁਹਾਨੂੰ ਪਤਾ ਲੱਗੇ ਕਿ ਮੇਰੀ ਮਦਦ ਕਰਨ ਵਾਲੇ ਕੌਣ ਹਨ, ਬਰਾਏ ਮਿਹਰਬਾਨੀ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦੇਣਾ, ਮੈਨੂੰ ਖੁਸ਼ੀ ਹੋਵੇਗੀ। ਜੋ ਉਹ ਕਾਤਿਲ ਦੀ ਮਦਦ ਕਰਨ ਦੀ ਥਾਉਂ ਵਿਦਿਆ ਤੇ ਪੈਸਾ ਖਰਚਣ।" ਪਰ ਇੰਗਲੈਂਡ ਵਿਚ ਉਸ ਦੇ ਕਿੰਨੇ ਹਮਦਰਦੀ ਸਨ, ਇਸ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ। ਸਰਕਾਰ-ਪ੍ਰਸਤਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਸ਼ਹੀਦ ਊਧਮ ਸਿੰਘ ਦੀ ਇਸ ਕਾਰਵਾਈ ਦੀ ਨਿਖੇਧੀ, ਇਕ ਗ਼ੁਲਾਮ ਮਾਨਸਿਕਤਾ ਦਾ ਕੁਦਰਤੀ ਪ੍ਰਗਟਾਵਾ ਸੀ।

ਅੰਤਰ ਰਾਸ਼ਟਰੀ ਪੱਧਰ 'ਤੇ ਉਸ ਦੇ ਹੱਕ ਵਿੱਚ ਇਕੋ ਇਕ ਆਵਾਜ਼ ਸਾਰੇ ਵਿਸ਼ਵ ਵਿੱਚ ਗੂੰਜੀ ਉਹ ਸੀ ਜਰਮਨ ਰੇਡੀਓ ਜਿਸ ਨੇ ਆਪਣੇ ਪ੍ਰਸਾਰਨ ਵਿੱਚ ਕਿਹਾ ਸੀ, "ਅਤਿਆਚਾਰ ਦਾ ਸ਼ਿਕਾਰ ਲੋਕਾਂ ਦੀ ਆਵਾਜ਼ ਗੋਲੀਆਂ ਬਣ ਕੇ ਗੂੰਜੀ (The cry



Academy of the Punjab in North America: http://www.apnaorg.com

of tormented people spoke with shots)". ਜੋਗਿੰਦਰ ਸ਼ਮਸ਼ੇਰ ਨੇ ਠੀਕ ਹੀ ਲਿਖਿਆ ਹੈ ਕਿ ਭਾਰਤ ਦੀਆਂ ਨਰਮ ਦਲ ਦੀਆਂ ਰਾਜਸੀ ਪਾਰਟੀਆਂ, ਸਾਰੀ ਬਰਤਾਨਵੀ ਸਰਕਾਰ, ਪ੍ਰਤੀਗਾਮੀ ਫਿਰਕਾਪ੍ਰਸਤ ਅਤੇ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਬੇ-ਜ਼ਮੀਰੇ ਲੋਕ ਇਕ ਬੰਨੇ ਸਨ। ਪਰ ਦੂਜੇ ਬੰਨੇ ਊਧਮ ਸਿੰਘ ਸੀ, ਜਿਸ ਕੋਲ ਕਿ ਬਲਵਾਨ ਆਤਮਾ ਅਤੇ ਸ਼ੇਰ ਵਰਗਾ ਜਿਗਰਾ ਸੀ, ਜਿਸ ਨਾਲ ਕਰੋੜਾਂ ਉਨ੍ਹਾਂ ਹਿੰਦੁਸਤਾਨੀਆਂ ਦੀ ਹਮਦਰਦੀ ਸੀ, ਜੋ ਬੇ-ਆਵਾਜ਼ ਸਨ। ਸ਼ਾਇਦ ਇਸ ਲਈ ਕਿ ਊਧਮ ਸਿੰਘ ਦਾ ਕਾਰਨਾਮਾ ਜਿੰਨੀ ਦਲੇਰੀ ਭਰਿਆ ਸੀ, ਉਸ ਦਾ ਸਾਥ ਦੇਣ ਲਈ ਵੀ ਉਨੀ ਦਲੇਰੀ ਦੀ ਲੋੜ ਸੀ।



Academy of the Punjab in North America: http://www.apnaorg.com

# ਕਾਲੇ ਧਨ ਦੀ ਸ਼ਿਕਾਰ ਹੋਈ ਡਾਕਟਰੀ ਸਿੱਖਿਆ ਪ੍ਰਣਾਲੀ

ਡਾਕਟਰੀ, ਪੇਸ਼ਾ ਇਕ ਪਵਿੱਤਰ ਪੇਸ਼ਾ ਹੈ। ਡਾਕਟਰ ਨੂੰ ਤਾਂ ਰੱਬ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਬਾਕੀ ਖੇਤਰਾਂ ਵਾਂਗ ਹੀ ਡਾਕਟਰਾਂ ਨੂੰ ਸਿਖਿਆ ਦੇਣ ਵਾਲੀ ਪ੍ਰਣਾਲੀ ਵੀ ਕਾਲੇ ਧਨ ਦਾ ਸ਼ਿਕਾਰ ਹੈ। ਇਸ ਸਬੰਧੀ ਟਾਈਮਜ਼ ਆਫ਼ ਇੰਡੀਆ ਨੇ ਹਾਲ ਹੀ ਵਿਚ ਜੋ ਅੰਕੜੇ ਪੇਸ਼ ਕੀਤੇ ਹਨ, ਉਹ ਹੈਰਾਨੀਜਨਕ ਹਨ। ਐਮ.ਬੀ.ਬੀ.ਐਸ. ਤੇ ਪੋਸਟ ਗ੍ਰੈਜੂਏਟ ਦੀਆਂ 25000 ਸੀਟਾਂ ਤੋਂ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ 12000 ਕਰੋੜ ਰੁਪਏ ਦੇ ਕਾਲੇ ਧਨ ਦੀ ਕਮਾਈ ਹੁੰਦੀ ਹੈ। ਭਾਰਤ ਵਿਚ ਕੁਲ 422 ਮੈਡੀਕਲ ਕਾਲਜਾਂ ਵਿਚੋਂ 224 ਪ੍ਰਾਈਵੇਟ ਹਨ। ਇਸ ਤਰ੍ਹਾਂ 53% ਐਮ.ਬੀ.ਬੀ.ਐਸ. ਦੀਆਂ ਸੀਟਾਂ ਪ੍ਰਾਈਵੇਟ ਕਾਲਜਾਂ ਪਾਸ ਹਨ। ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਵਿਚ ਪ੍ਰਬੰਧਕੀ ਕਮੇਟੀ ਦਾ ਕੋਟਾ 43% ਹੈ ਤੇ ਐਨ.ਆਰ.ਆਈ. ਦਾ 15% ਹੈ। ਇਸ ਤਰ੍ਹਾਂ ਇਹ 60% ਦੇ ਆਸ ਪਾਸ ਬਣਦਾ ਹੈ। ਇਸ ਹਿਸਾਬ ਨਾਲ 15100 ਐਮ.ਬੀ.ਬੀ.ਐਸ. ਸੀਟਾਂ ਪ੍ਰਬੰਧਕੀ ਕਮੇਟੀਆਂ ਅਧੀਨ ਹਨ। ਇਨ੍ਹਾਂ ਸੀਟਾਂ ਨੂੰ 25 ਲੱਖ ਰੁਪਏ ਤੋਂ ਲੈ ਕੇ 1 ਕਰੋੜ ਰੁਪਏ ਤੀਕ ਵੇਚਿਆ ਜਾਂਦਾ ਹੈ। ਬੰਗਲੌਰ ਵਰਗੇ ਕਾਲਜਾਂ ਵਿਚ ਇਨ੍ਹਾਂ ਦੀ ਦਰ 1 ਕਰੋੜ ਰੁਪਏ ਤੇ ਉਤਰ ਪ੍ਰਦੇਸ਼ ਵਰਗੇ ਸੂਬਿਆਂ ਵਿਚ 25 ਲੱਖ ਤੋਂ 35 ਲੱਖ ਰੁਪਏ ਹੈ। ਜਿੱਥੋਂ ਤੀਕ ਪੋਸਟ ਗ੍ਰੈਜੂਏਟ ਭਾਵ ਐਮ.ਡੀ./ਐਮ.ਐਸ. ਦੇ ਦਾਖ਼ਲਿਆਂ ਦਾ ਸੰਬੰਧ ਹੈ, ਇਨ੍ਹਾਂ ਸੀਟਾਂ ਦੀ ਗਿਣਤੀ 9600 ਦੇ ਕਰੀਬ ਹੈ। ਇਨ੍ਹਾਂ ਨੂੰ ਬੜੇ ਮਹਿੰਗੇ ਭਾਅ ਵੇਚਿਆ ਜਾਂਦਾ ਹੈ। ਰੇਡੀਆਲੋਜੀ (ਐਕਸਰੇ ਨਾਲ ਸਬੰਧਿਤ) ਤੇ ਡਰਮੈਟਾਲੋਜੀ (ਚਮੜੀਆਂ ਦੀਆਂ ਬਿਮਾਰੀਆਂ ਨਾਲ ਸਬੰਧਿਤ) ਵਰਗੀਆਂ ਵਕਾਰੀ ਸੀਟਾਂ ਦੀ ਕੀਮਤ 3 ਕਰੋੜ ਰੁਪਏ ਹੈ। ਮਜ਼ੇਦਾਰ ਗੱਲ ਇਹ ਹੈ ਕਿ ਦਾਖ਼ਲਿਆਂ ਤੋਂ ਪਹਿਲਾਂ ਹੀ ਅਗਾਊਂ ਸੀਟਾਂ ਸਸਤੇ ਭਾਅ ਵਿਚ ਬੁੱਕ ਹੋ ਜਾਂਦੀਆਂ ਹਨ। ਦਾਖ਼ਲੇ ਸ਼ੁਰੂ ਹੋਣ ਦੇ ਬਾਅਦ ਇਨ੍ਹਾਂ ਦੀ ਕੀਮਤ ਵਿਚ ਭਾਰੀ ਵਾਧਾ ਹੋ ਜਾਂਦਾ ਹੈ।

ਇਸ ਪਰਚੇ ਨੇ ਮੈਡੀਕਲ ਕੌਂਸਲ ਆਫ਼ ਇੰਡੀਆ ਨੂੰ ਇਸ ਲਈ ਦੋਸ਼ੀ ਠਹਿਰਾਇਆ ਹੈ। ਮੈਡੀਕਲ ਕੌਂਸਲ ਆਫ਼ ਇੰਡੀਆ ਪਾਸ ਪਹਿਲਾਂ ਕੇਵਲ ਡਾਕਟਰਾਂ ਦੀ ਰਜਿਸਟਰੇਸ਼ਨ ਦੇ ਅਧਿਕਾਰ ਸਨ, ਪਰ 1993 ਵਿਚ ਮੈਡੀਕਲ ਕੌਂਸਲ ਐਕਟ ਵਿਚ ਸੋਧ ਕਰਕੇ ਇਸ ਨੂੰ ਮੈਡੀਕਲ ਕਾਲਜਾਂ ਨੂੰ ਮਾਨਤਾ ਦੇਣ ਅਤੇ ਉਨ੍ਹਾਂ ਦਾ ਨਿਰੀਖਣ (ਇਨਸਪੈਕਸ਼ਨ) ਕਰਨ ਦੇ ਅਧਿਕਾਰ ਦੇ ਦਿੱਤੇ ਗਏ। ਇਸ ਨਾਲ ਇਹ ਸੰਸਥਾ ਵਾਦ



Academy of the Punjab in North America: http://www.apnaorg.com

ਵਿਵਾਦ ਤੇ ਭ੍ਰਿਸ਼ਟਾਚਾਰ ਦਾ ਕੇਂਦਰ ਬਣ ਗਈ। ਸਿੱਟੇ ਵਜੋਂ 1996 ਤੋਂ 2010 ਤੀਕ ਵੱਡੀ ਪੱਧਰ 'ਤੇ ਪ੍ਰਾਈਵੇਟ ਕਾਲਜ ਹੋਂਦ ਵਿਚ ਆਏ।

ਜਦ ਦੇਸ਼ ਆਜ਼ਾਦ ਹੋਇਆ ਤਾਂ ਕੇਵਲ ਇਕ ਪ੍ਰਾਈਵੇਟ ਮੈਡੀਕਲ ਕਾਲਜ ਸੀ, ਜਿਸ ਵਿਚ ਵਿਚ 100 ਸੀਟਾਂ ਸਨ। 1980 ਤੀਕ ਕੇਵਲ 11 ਪ੍ਰਾਈਵੇਟ ਮੈਡੀਕਲ ਕਾਲਜ ਸਨ। 1996 ਤੋਂ 2010 ਦਰਮਿਆਨ 114 ਪ੍ਰਾਈਵੇਟ ਮੈਡੀਕਲ ਕਾਲਜ ਖੋਲ੍ਹੇ ਗਏ। ਆਜ਼ਾਦੀ ਸਮੇਂ ਸਰਕਾਰੀ ਮੈਡੀਕਲ ਕਾਲਜ 19 ਸਨ, ਜਿਨ੍ਹਾਂ ਵਿਚ 3780 ਸੀਟਾਂ ਸਨ। 1995 ਵਿਚ ਸਰਕਾਰੀ ਕਾਲਜਾਂ ਵਿਚ ਸੀਟਾਂ ਦੀ ਗਿਣਤੀ ਵੱਧ ਕੇ 13550 ਤੇ ਪ੍ਰਾਈਵੇਟ ਕਾਲਜਾਂ ਵਿਚ 6345 ਹੋ ਗਈ। 1996 ਤੋਂ 2010 ਤੀਕ ਪ੍ਰਾਈਵੇਟ ਕਾਲਜਾਂ ਦੇ ਵਾਧੇ ਕਰਕੇ ਇਹ ਗਿਣਤੀ 15150 ਹੋ ਗਈ ਜਦ ਕਿ ਸਰਕਾਰੀ ਮੈਡੀਕਲ ਕਾਲਜਾਂ ਦੀ ਗਿਣਤੀ 92 ਤੋਂ ਘੱਟ ਕੇ 40 ਹੋ ਜਾਣ ਕਰਕੇ ਸੀਟਾਂ ਦੀ ਗਿਣਤੀ 13550 ਤੋਂ ਘੱਟ ਕੇ ਕੇਵਲ 4500 ਤੇ ਰਹਿ ਗਈ। 2011-15 ਸਮੇਂ ਸਰਕਾਰੀ ਕਾਲਜਾਂ ਦੀ ਗਿਣਤੀ 47 ਹੋ ਗਈ ਤੇ ਸੀਟਾਂ ਦੀ ਗਿਣਤੀ 5200 ਹੋ ਗਈ ਜਦ ਕਿ ਪ੍ਰਾਈਵੇਟ ਕਾਲਜਾਂ ਦੀ ਗਿਣਤੀ ਘੱਟ ਕੇ 54 ਰਹਿ ਗਈ ਤੇ ਸੀਟਾਂ ਦੀ ਗਿਣਤੀ ਘੱਟ ਕੇ 7350 ਹੋ ਗਈ। ਅਜਿਹਾ ਇਸ ਲਈ ਹੋਇਆ ਕਿ ਬਹੁਤ ਸਾਰੇ ਪ੍ਰਾਈਵੇਟ ਕਾਲਜਾਂ ਵਿਚ ਦਾਖ਼ਲਿਆਂ 'ਤੇ ਪਾਬੰਦੀ ਲਾ ਦਿੱਤੀ ਗਈ।

ਪੰਜਾਬ ਮੈਡੀਕਲ ਕੌਂਸਲ ਦੇ ਪ੍ਰਧਾਨ ਡਾ. ਜੀ.ਐਸ. ਗਰੇਵਾਲ ਨੇ ਐਨ.ਡੀ. ਟੀ.ਵੀ. ਦੇ ਧਿਆਨ ਵਿਚ ਲਿਆਂਦਾ ਕਿ ਕਿਵੇਂ ਭਾਰਤ ਵਿਚ ਬਹੁਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਾਲੇ ਆਪਣੀ ਸੰਸਥਾ ਦੀ ਮਨਜ਼ੂਰੀ ਲੈਣ ਲਈ ਕੇਵਲ ਪੜਤਾਲ (ਇਨਸਪੈਕਸ਼ਨ) ਸਮੇਂ ਡਾਕਟਰਾਂ ਤੇ ਮਰੀਜ਼ਾਂ ਨੂੰ ਬੁਲਾ ਕੇ ਕੰਮ ਸਾਰ ਲੈਂਦੇ ਹਨ। ਉਨ੍ਹਾਂ ਅਨੁਸਾਰ 5 ਸਾਲ ਦੇ ਐਮ.ਬੀ.ਬੀ.ਐਸ. ਪ੍ਰੋਗਰਾਮ ਲਈ ਇਕ ਫੈਕਲਟੀ ਲਈ ਜੋ ਉਹ 150 ਵਿਦਿਆਰਥੀ ਦਾਖ਼ਲ ਕਰ ਰਿਹਾ ਹੈ ਤਾਂ 110 ਡਾਕਟਰ ਤੇ 900 ਦੇ ਕਰੀਬ ਮਰੀਜ਼ ਚਾਹੀਦੇ ਹਨ। ਕਿਸੇ ਵੀ ਸਮੇਂ 80-90% ਹਾਜ਼ਰੀ ਚਾਹੀਦੀ ਹੈ। ਪਰ ਉਨ੍ਹਾਂ ਨੇ ਪੜਤਾਲ ਸਮੇਂ ਵੇਖਿਆ ਕਿ ਬਹੁਤ ਸਾਰੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਪੜਤਾਲ ਸਮੇਂ ਹੀ ਡਾਕਟਰ ਤੇ ਮਰੀਜ਼ ਬੁਲਾਏ ਜਾਂਦੇ ਹਨ। ਇਸ ਤਰ੍ਹਾਂ ਇਹ ਕਾਲਜ ਨਿਰਧਾਰਿਤ ਸ਼ਰਤਾਂ ਪੂਰੀਆਂ ਨਹੀਂ ਕਰਦੇ। ਉਨ੍ਹਾਂ ਵੱਲੋਂ ਦਿੱਤੇ ਤੱਥਾਂ ਦਾ ਪਤਾ ਲਾਉਣ ਲਈ ਐਨ.ਡੀ. ਟੀ.ਵੀ. ਦੀ ਟੀਮ ਨੇ ਗੁਪਤ (ਸਟਿੰਗ) ਅਪਰੇਸ਼ਨਕੀਤਾ। ਇਸ ਅਪਰੇਸ਼ਨ ਵਿਚ ਰੌਂਗਟੇ ਖੜੇ ਕਰਨ ਵਾਲੀਆਂ ਕਈ ਗੱਲਾਂ ਸਾਹਮਣੇ ਆਈਆਂ।

ਇਕ ਟਰੱਸਟ ਵੱਲੋਂ ਹਿਮਾਚਲ ਦੇ ਸੋਲਨ ਅਤੇ ਹਰਿਆਣਾ ਦੇ ਅੰਬਾਲਾ ਸ਼ਹਿਰ ਵਿਚ ਮੈਡੀਕਲ ਕਾਲਜ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਅਜਿਹੇ 300 ਤੋਂ ਉਪਰ ਕਥਿਤ ਤੌਰ 'ਤੇ ਅਜਿਹੇ ਡਾਕਟਰ ਪਾਏ ਗਏ ਜਿਹੜੇ ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਰਿਕਾਰਡ ਵਿਚ ਇਨ੍ਹਾਂ ਹਸਪਤਾਲਾਂ ਵਿਚ ਨੌਕਰੀ ਕਰਦੇ ਹਨ। ਜਦ ਕਿ ਅਸਲੀਅਤ ਇਹ ਹੈ ਕਿ ਉਹ ਇਨ੍ਹਾਂ ਕਾਲਜਾਂ ਤੋਂ ਬਹੁਤ ਦੂਰ ਆਪਣੀ ਪ੍ਰੈਕਟਿਸ ਕਰ ਰਹੇ ਹਨ। ਇਹ ਕਾਲਜ ਉਨ੍ਹਾਂ ਦੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਹਨ ਤੇ ਉਹ ਰੋਜ਼ਾਨਾ ਕੇਵਲ ਹੈਲੀਕਾਪਟਰ ਰਾਹੀਂ ਆ ਜਾ ਸਕਦੇ ਹਨ । ਇਨ੍ਹਾਂ ਵਿਚੋਂ ਕਈਆਂ ਦੀ ਇੰਟਰਵਿਊ ਲੈਣ



Academy of the Punjab in North America: http://www.apnaorg.com

ਦੀ ਕੋਸ਼ਿਸ਼ ਕੀਤੀ ਗਈ ਪਰ ਡਾਕਟਰਾਂ ਨੇ ਇੰਟਰਵਿਊ ਦੇਣ ਤੋਂ ਇਨਕਾਰ ਕਰ ਦਿੱਤਾ।

ਇਕ ਮੈਡੀਕਲ ਕਾਲਜ ਦੀ ਵੈੱਬ ਸਾਇਟ ਉਪਰ ਲਿੱਖਿਆ ਹੈ ਕਿ ਉਸ ਕਾਲਜ ਵਿਚ ਵਿਸ਼ਵ ਪੱਧਰੀ ਡਾਕਟਰੀ ਸਿੱਖਿਆ ਦਿੱਤੀ ਜਾਂਦੀ ਹੈ ਪਰ ਜਦ ਐਨ.ਡੀ. ਟੀ.ਵੀ. ਦੀ ਟੀਮ ਗਈ ਤਾਂ ਨਾ ਤਾਂ ਹਸਪਤਾਲ ਦੇ ਐਮਰਜੈਂਸੀ ਕਮਰੇ ਵਿਚ ਕੋਈ ਮਰੀਜ਼ ਸੀ ਤੇ ਨਾ ਹੀ ਆਊਟ ਡੋਰ ਕਮਰੇ ਵਿਚ ਕੋਈ ਮਰੀਜ਼ ਸੀ। ਪੰਜਾਬ ਇਨਸਟਿਚਿਊਟ ਆਫ਼ ਮੈਡੀਕਲ ਸਾਇੰਸਜ਼ ਜਲੰਧਰ ਵਿਚ ਮੈਡੀਕਲ ਕੌਂਸਲ ਨੇ ਕਥਿਤ ਤੌਰ 'ਤੇ ਕਈ ਅਜਿਹੇ ਡਾਕਟਰਾਂ ਦਾ ਪਤਾ ਲਾਇਆ ਜਿਹੜੇ ਕੇਵਲ ਨਾਂ ਦੇ ਹੀ ਡਾਕਟਰ ਹਨ। ਇਸ ਸੰਸਥਾ ਦੇ ਡਾਇਰੈਕਟਰ ਡਾ. ਕੰਵਲਜੀਤ ਸਿੰਘ ਨੇ ਐਨ.ਡੀ. ਟੀ.ਵੀ. ਦੀ ਟੀਮ ਨੂੰ ਦੱਸਿਆ ਕਿ ਇਕ ਸਾਲ ਪਹਿਲਾਂ ਜਿਨ੍ਹਾਂ ਡਾਕਟਰਾਂ ਦਾ ਪਤਾ ਲੱਗਾ ਕਿ ਉਹ ਪ੍ਰੈਕਟਿਸ ਕਰਦੇ ਹਨ, ਉਨ੍ਹਾਂ ਨੂੰ ਹਟਾ ਦਿੱਤਾ ਗਿਆ ਸੀ।

ਪੰਜਾਬ ਸਮੇਤ ਦੇਸ਼ ਵਿਚ ਕਈ ਏਜੰਸੀਆਂ ਅਜਿਹੀਆਂ ਕੰਮ ਕਰ ਰਹੀਆਂ ਹਨ, ਜਿਹੜੀਆਂ ਮਾਨਤਾ ਪ੍ਰਾਪਤ ਕਰਨ ਸਮੇਂ ਡਾਕਟਰਾਂ ਤੇ ਮਰੀਜ਼ਾਂ ਦਾ ਪ੍ਰਬੰਧ ਕਰ ਦਿੰਦੀਆਂ ਹਨ। ਇੱਥੋਂ ਤੀਕ ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਮੈਂਬਰਾਂ ਨਾਲ ਵੀ ਉਨ੍ਹਾਂ ਦੀ ਗੱਲਬਾਤ ਹੈ। ਐਨ.ਡੀ. ਟੀ.ਵੀ. ਨੇ ਡਾ. ਗਰੇਵਾਲ ਨੂੰ ਅਜਿਹੀ ਇਕ ਏਜੰਸੀ ਨਾਲ ਗੱਲਬਾਤ ਕਰਨ ਲਈ ਕਿਹਾ ਤਾਂ ਏਜੰਸੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ 3 ਦਿਨ ਲਈ ਕਲਿਨਕ ਬੰਦ ਕਰਨਾ ਪਵੇਗਾ ਤੇ ਇਨ੍ਹਾਂ ਦਿਨਾਂ ਸਮੇਂ ਜਿਸ ਕਾਲਜ ਦੀ ਇਨਸਪੈਕਸ਼ਨ ਹੋਣੀ ਹੈ, ਉਸ ਵਿਚ ਠਹਿਰਨਾ ਪਵੇਗਾ। ਇਸ ਦੇ ਬਦਲੇ ਉਨ੍ਹਾਂ ਨੂੰ ਜੇ ਉਹ ਐਸੋਸੀਏਟ ਪ੍ਰੋਫ਼ੈਸਰ ਹਨ ਤਾਂ 4-5 ਲੱਖ ਰੁਪਏ ਇਕ ਫੇਰੇ ਦੇ ਮਿਲਣਗੇ। ਡਾ. ਗਰੇਵਾਲ ਨੇ ਡਾ. ਸਭਰਵਾਲ ਬਣ ਕੇ ਜਲੰਧਰ ਦੇ ਇਕ ਵਿਅਕਤੀ ਨੂੰ ਫੋਨ ਕੀਤਾ ਜਿਹੜਾ ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਇਨਸਪੈਕਸ਼ਨ ਭਾਵ ਪੜਤਾਲ ਲਈ ਪੂਰਾ ਸਟਾਫ ਮੁਹੱਈਆ ਕਰਦਾ ਹੈ। ਉਸ ਨੇ ਇਸ ਕੰਮ ਲਈ ਉਨ੍ਹਾਂ ਦੀ ਪੂਰੀ ਤਰ੍ਹਾਂ ਮਦਦ ਕਰਨ ਦਾ ਭਰੋਸਾ ਦਿੱਤਾ।

ਹੈਰਾਨੀ ਇਸ ਗੱਲ ਦੀ ਹੈ ਪੰਜਾਬ ਦੇ ਡਾਕਟਰੀ ਸਿੱਖਿਆ ਮੰਤਰੀ ਵੱਲੋਂ ਡਾ. ਗਰੇਵਾਲ ਨੂੰ ਚੰਗਾ ਕੰਮ ਕਰਨ ਲਈ ਇਨਾਮ ਦੇਣ ਦੀ ਥਾਂ 'ਤੇ ਇਸ ਪ੍ਰੋਗਰਾਮ ਦੇ ਪ੍ਰਸਾਰਿਤ ਹੋਣ ਪਿੱਛੋਂ ਅਗਲੇ ਹੀ ਦਿਨ ਪੰਜਾਬ ਮੈਡੀਕਲ ਕੌਂਸਲ ਦੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ। ਇਸ ਤੋਂ ਪਤਾ ਚਲਦਾ ਹੈ ਕਿ ਸਾਡੇ ਸਿਆਸਦਾਨ ਵੀ ਕਥਿਤ ਤੌਰ 'ਤੇ ਇਸ ਕਾਲੇ ਧਨ ਵਿਚ ਭਾਗੀਦਾਰ ਹਨ।

ਵਿਸ਼ਵ ਦੀ ਪ੍ਰਸਿੱਧ ਨਿਊਜ਼ ਏਜੰਸੀ 'ਰਾਈਟਰ' ਨੇ 4 ਮਹੀਨੇ ਪੜਤਾਲ ਕਰ ਕੇ ਜੁਲਾਈ 2015 ਵਿਚ ਜੋ ਰਿਪੋਰਟ ਜਾਰੀ ਕੀਤੀ ਉਸ ਅਨੁਸਾਰ 398 ਮੈਡੀਕਲ ਕਾਲਜਾਂ ਵਿਚ ਛੇਇਆਂ ਵਿਚੋਂ ਇਕ ਉਪਰ ਹੇਰਾਫੇਰੀ ਦੇ ਦੋਸ਼ ਹਨ। ਇਨਸਪੈਕਸ਼ਨ ਸਮੇਂ ਏਜੰਸੀਆਂ ਪਾਸੋਂ ਕਿਰਾਏ 'ਤੇ ਡਾਕਟਰ ਤੇ ਸਿਹਤਮੰਦ ਵਿਅਕਤੀ ਬਤੌਰ ਮਰੀਜ਼ ਭਰਤੀ ਕਰਕੇ ਵਿਖਾਏ ਜਾਂਦੇ ਹਨ। ਸਰਕਾਰੀ ਰਿਕਾਰਡ ਅਨੁਸਾਰ 2010 ਤੋਂ ਹੁਣ ਤੀਕ 69 ਮੈਡੀਕਲ ਕਾਲਜ ਨਕਲੀ ਡਾਕਟਰ ਰਖਣ, ਨਕਲੀ ਮਰੀਜ਼ ਵਿਖਾਉਣ ਤੇ ਪ੍ਰੀਖਿਆਵਾਂ ਵਿਚ ਰਿਸ਼ਵਤ ਲੈਣ ਦੇ ਦੋਸ਼ੀ ਪਾਏ ਗਏ। ਮੈਡੀਕਲ ਕਾਲਜ ਦਾਨ ਦੇ ਨਾਂ 'ਤੇ ਰਿਸ਼ਵਤ ਲੈਂਦੇ



Academy of the Punjab in North America: http://www.apnaorg.com

ਹਨ ਤੇ ਮੈਡੀਕਲ ਕੌਂਸਲ ਆਫ਼ ਇੰਡੀਆ ਵਿਰੁੱਧ ਕਈ ਮੁਕੱਦਮੇ ਚੱਲ ਰਹੇ ਹਨ। ਭਾਰਤੀ ਮੈਡੀਕਲ ਸਿੱਖਿਆ ਪ੍ਰਣਾਲੀ ਦੇ ਮਿਆਰ ਦਾ ਵਿਦੇਸ਼ਾਂ ਵਿਚ ਕੰਮ ਕਰਦੇ ਭਾਰਤੀ ਡਾਕਟਰਾਂ ਦੇ ਕੰਮ ਕਾਜ ਤੋਂ ਵੀ ਪਤਾ ਚੱਲ ਜਾਂਦਾ ਹੈ। ਜਿਵੇਂ ਕਿ ਇੰਗਲੈਂਡ ਵਿਚ ਜਿਨ੍ਹਾਂ ਡਾਕਟਰਾਂ 'ਤੇ ਪ੍ਰੈਕਟਿਸ ਕਰਨ ਦੀ ਪਾਬੰਦੀ ਲਾਈ ਜਾਂਦੀ ਹੈ, ਉਨ੍ਹਾਂ ਵਿਚ ਭਾਰਤੀਆਂ ਦੀ ਗਿਣਤੀ ਬਾਕੀਆਂ ਨਾਲੋਂ ਚਾਰ ਗੁਣਾਂ ਵੱਧ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਅਨੁਸਾਰ ਭਾਰਤ ਵਿਚ ਪ੍ਰੈਕਟਿਸ ਕਰਨ ਵਾਲਿਆਂ ਵਿਚੋਂ 43% ਪਾਸ ਕੋਈ ਟ੍ਰੇਨਿੰਗ ਨਹੀਂ। ਇਕ ਬਹੁਤ ਹੀ ਅਹਿਮ ਨੁਕਤਾ ਇਸ ਏਜੰਸੀ ਨੇ ਉਠਾਇਆ ਹੈ ਕਿ 1990 ਵਿਚ ਕਾਨੂੰਨੀ ਸੋਧ ਪਿੱਛੋਂ ਡਾਕਟਰੀ ਸਿੱਖਿਆ ਗਿਰਾਵਟ ਵੱਲ ਗਈ, ਕਿਉਂਕਿ ਇਸ ਸੋਧ ਨਾਲ ਪ੍ਰਾਈਵੇਟ ਕਾਲਜ ਖੋਲ੍ਹਣਾ ਆਸਾਨ ਬਣਾ ਦਿੱਤਾ ਗਿਆ। ਸਿੱਟੇ ਵਜੋਂ ਵਪਾਰੀਆਂ ਅਤੇ ਸਿਆਸਤਦਾਨਾਂ ਨੇ ਮੈਡੀਕਲ ਕਾਲਜ ਖੋਲ੍ਹ ਲਏ। ਇਸ ਨਾਲ ਜਿੱਥੇ ਭ੍ਰਿਸ਼ਟਾਚਾਰ ਵਧਿਆ ਉੱਥੇ ਸਿੱਖਿਆ ਦਾ ਮਿਆਰ ਵੀ ਡਿੱਗਿਆ।

1990 ਵਿਚ ਡਾ. ਕੇਤਨ ਡਿਸਾਈ ਨੇ ਮੈਡੀਕਲ ਕੌਂਸਲ ਦੀ ਪ੍ਰਧਾਨਗੀ ਸੰਭਾਲੀ। ਉਸ ਦੇ ਸਮੇਂ ਸਭ ਤੋਂ ਜ਼ਿਆਦਾ ਪ੍ਰਾਈਵੇਟ ਕਾਲਜ ਖੁੱਲ੍ਹੇ। ਉਸ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤੇ ਮਾਮਲਾ ਦਿੱਲੀ ਹਾਈਕੋਰਟ ਵਿਚ ਵੀ ਗਿਆ ਪਰ ਉਸ ਨੂੰ ਕੋਈ ਸਜ਼ਾ ਨਹੀਂ ਹੋਈ।

ਮਾਰਚ 2016 ਵਿਚ ਜਿਹੜੀ ਸਿਹਤ ਬਾਰੇ ਪਾਰਲੀਮੈਂਟ ਸਟੈਂਡਿੰਗ ਕਮੇਟੀ ਦੀ ਪਾਰਲੀਮੈਂਟ ਵਿਚ ਰਿਪੋਰਟ ਪੇਸ਼ ਕੀਤੀ ਗਈ, ਉਸ ਵਿਚ ਭਾਰਤੀ ਮੈਡੀਕਲ ਕੌਂਸਲ ਦੀ ਕਾਰਜ ਪ੍ਰਣਾਲੀ ਦੀ ਸਖ਼ਤ ਨੁਕਤਾਚੀਨੀ ਕੀਤੀ ਗਈ ਹੈ। ਇਹ ਕੌਂਸਲ ਡਾਕਟਰੀ ਸਿੱਖਿਆ ਦੇ ਕਾਲਜਾਂ ਨੂੰ ਮਾਨਤਾ ਦੇਣ, ਉਨ੍ਹਾਂ ਦਾ ਨਿਰੀਖਣ ਕਰਨ, ਉਨ੍ਹਾਂ ਦਾ ਪਾਠਕ੍ਰਮ ਤਿਆਰ ਕਰਨ ਆਦਿ ਤੋਂ ਇਲਾਵਾ ਪ੍ਰੈਕਟਿਸ ਕਰਨ ਲਈ ਡਾਕਟਰਾਂ ਦੀ ਰਜਿਸਟਰੇਸ਼ਨ ਵੀ ਕਰਦੀ ਹੈ। ਇਸ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਇਸ ਦੇ ਦੋ ਟੁਕੜੇ ਕਰਕੇ ਇਕ ਨੂੰ ਰਜਿਸਟਰੇਸ਼ਨ ਕਰਨ 'ਤੇ ਦੂਜੇ ਨੂੰ ਡਾਕਟਰੀ ਸਿੱਖਿਆ ਦਾ ਕੰਮ ਸੌਂਪਿਆ ਜਾਵੇ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਹੁਣੇ ਜਿਹੇ ਚਿੰਤਪੁਰਨੀ ਮੈਡੀਕਲ ਕਾਲਜ ਪਠਾਨਕੋਟ ਬਾਰੇ ਜੋ ਫ਼ੈਸਲਾ ਦਿੱਤਾ ਹੈ, ਉਸ ਤੋਂ ਪੰਜਾਬ ਸਰਕਾਰ ਤੇ ਭਾਰਤੀ ਮੈਡੀਕਲ ਕੌਂਸਲ ਨੂੰ ਸਬਕ ਸਿੱਖਣਾ ਚਾਹੀਦਾ ਹੈ ਤੇ ਆਪਣੀ ਕਾਰਜ ਪ੍ਰਣਾਲੀ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ।

ਇਸ ਲਈ ਲੋੜ ਹੈ, ਸਾਰੀ ਡਾਕਟਰੀ ਸਿੱਖਿਆ ਪ੍ਰਣਾਲੀ ਦੇ ਢਾਂਚੇ ਦਾ ਇਕ ਵਿਸ਼ੇਸ਼ ਕਮੇਟੀ ਦੁਆਰਾ ਮੁਲੰਕਣ ਕਰਵਾਇਆ ਜਾਵੇ ਤੇ ਉਸ ਪਿੱਛੋਂ ਵੱਖ ਵੱਖ ਵਰਗਾਂ ਪਾਸੋਂ ਸੁਝਾਅ ਲੈ ਕੇ ਇਸ ਵਿਚ ਸੁਧਾਰ ਲਿਆਂਦਾ ਜਾਵੇ। ਅਜਿਹੇ ਕਾਰੋਬਾਰ ਵਿਚ ਸ਼ਾਮਲ ਲੋਕਾਂ ਨੂੰ ਉਮਰ ਕੈਦ ਹੋਣੀ ਚਾਹੀਦੀ ਹੈ। ਜਿੰਨੀ ਦੇਰ ਅਜਿਹਾ ਨਹੀਂ ਹੁੰਦਾ, ਓਨੀ ਦੇਰ ਤੀਕ ਇਹ ਕਾਲੀ ਚੋਰ ਬਾਜ਼ਾਰੀ ਨਹੀਂ ਰੁਕ ਸਕਦੀ।

*22 ਮਾਰਚ 2016*



Academy of the Punjab in North America: http://www.apnaorg.com

# ਅੰਗਹੀਣਾਂ ਨੂੰ ਕਦੋਂ ਮਿਲੇਗਾ ਬਣਦਾ ਮਾਣ-ਸਤਿਕਾਰ ?

ਅਮਰੀਕਾ ਵਿੱਚ ਕਿਤੇ ਵੀ ਜਾਉ ਤਾਂ ਦਰਵਾਜ਼ਿਆਂ ਦੇ ਨੇੜੇ ਅੰਗਹੀਣ ਪਾਰਕਿੰਗ ਦੇ ਨਿਸ਼ਾਨ ਤੇ ਸਾਇਨ ਬੋਰਡ ਮਿਲਣਗੇ। ਇਨ੍ਹਾਂ ਉਪਰ ਚਿਤਾਵਨੀ ਲਿਖੀ ਹੁੰਦੀ ਹੈ ਕਿ ਗੱਡੀ ਖੜ੍ਹਨ 'ਤੇ ਦੁਗਣਾ ਜੁਰਮਾਨਾ ਜੋ ਕਿ 250 ਤੋਂ 500 ਡਾਲਰ ਹੈ ਹੋ ਸਕਦਾ ਹੈ। ਤੁਹਾਨੂੰ ਹੋਟਲਾਂ, ਦਫ਼ਤਰਾਂ, ਧਾਰਮਿਕ ਸਥਾਨਾਂ, ਸਟੋਰਾਂ ਆਦਿ ਥਾਵਾਂ 'ਤੇ ਹਰ ਥਾਂ ਇਹ ਪਾਰਕਿੰਗ ਮਿਲੇਗੀ। ਇੰਝ ਇੱਥੇ ਕੋਈ ਵੀ ਹੋਰ ਗੱਡੀ ਨਹੀਂ ਲਾ ਸਕਦਾ ਹੈ।

ਵੈਸੇ ਇੱਥੇ ਭਾਰਤ ਵਾਂਗ ਕੋਈ ਲਾਲ ਬੱਤੀ ਸਭਿਆਚਾਰ ਨਹੀਂ । ਇੱਥੋਂ ਦੇ ਪਾਰਲੀਮੈਂਟ ਮੈਂਬਰ, ਮੰਤਰੀ, ਮੇਅਰ ਵਗੈਰਾ ਆਪਣੀਆਂ ਗੱਡੀਆਂ ਖ਼ੁਦ ਚਲਾਉਂਦੇ ਹਨ ਤੇ ਨਾ ਹੀ ਉਨ੍ਹਾਂ ਗੱਡੀਆਂ ਉਪਰ ਕੋਈ ਵਿਸ਼ੇਸ਼ ਨਿਸ਼ਾਨ ਹੁੰਦਾ ਹੈ, ਜਿੱਥੋਂ ਪਤਾ ਚਲ ਸਕੇ ਕਿ ਉਹ ਵੀ.ਆਈ.ਪੀ. ਹਨ। ਅਮਰੀਕਾ ਵਿੱਚ ਜਿੱਥੇ ਵੀ ਪੌੜੀਆਂ ਹਨ, ਉਸ ਦੇ ਨਾਲ ਹੀ ਲਿਫਟ ਦਾ ਪ੍ਰਬੰਧ ਹੈ ਜਿਸ ਰਾਹੀਂ ਨਾ ਕੇਵਲ ਅੰਗਹੀਣ, ਸਗੋਂ ਬਜ਼ੁਰਗ, ਬੱਚੇ ਤੇ ਹੋਰ ਚਾਹਵਾਨ ਵੀ ਉਸ ਦੀ ਵਰਤੋਂ ਕਰ ਸਕਦੇ ਹਨ।

ਅੰਗਹੀਣਾਂ ਲਈ ਯੂ. ਐਨ. ਓ. ਲਈ ਵਿਸ਼ੇਸ਼ ਅਧਿਕਾਰ ਨਿਰਧਾਰਿਤ ਕੀਤੇ ਗਏ ਹਨ । ਇਸ ਸਬੰਧੀ ਭਾਰਤ ਸਰਕਾਰ ਨੇ ਵੀ 2011 ਵਿਚ ਕਾਨੂੰਨ ਬਣਾਇਆ ਹੋਇਆ ਹੈ। ਇਨ੍ਹਾਂ ਕਾਨੂੰਨਾਂ ਦੀ ਮੋਟੀ ਜਿਹੀ ਗੱਲ ਇਹ ਹੈ ਕਿ ਅੰਗਹੀਣ ਲਈ ਵਧਣ ਫੁੱਲਣ, ਨੌਕਰੀਆਂ, ਪੜ੍ਹਾਈ ਕਰਨ, ਸਿਹਤ ਤੇ ਹੋਰ ਸੇਵਾਵਾਂ ਲਈ ਬਰਾਬਰ ਦੇ ਮੌਕੇ ਮੁਹੱਈਆ ਕਰਨਾ ਸਰਕਾਰਾਂ ਦਾ ਕੰਮ ਹੈ। ਪਖ਼ਾਨਿਆਂ, ਪਿਸ਼ਾਬ-ਖ਼ਾਨਿਆਂ ਵਿਚ ਉਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਹੋਵੇ। ਗੱਡੀਆਂ, ਬੱਸਾਂ ਤੇ ਹੋਰ ਸਫ਼ਰ ਕਰਨ ਵਾਲੇ ਸਾਧਨਾਂ ਵਿਚ ਉਨ੍ਹਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਦਰਵਾਜ਼ਿਆਂ ਨੂੰ ਖੋਲ੍ਹਣ ਲਈ ਕੋਈ ਦਿਕਤ ਨਾ ਆਵੇ, ਇਸ ਲਈ ਵਿਸ਼ੇਸ਼ ਪ੍ਰਬੰਧ ਹੋਵੇ। ਅਮਰੀਕਾ ਵਿਚ ਉਨ੍ਹਾਂ ਲਈ ਇਕ ਬਟਨ ਲਗਾ ਹੁੰਦਾ ਹੈ, ਜਿਸ ਨੂੰ ਨੱਪਣ ਨਾਲ ਦਰਵਾਜ਼ਾ ਆਪਣੇ ਆਪ ਖੁੱਲ੍ਹ ਜਾਂਦਾ ਹੈ। ਇਮਾਰਤ ਅੰਦਰ ਜਾਣ ਲਈ ਵਿਸ਼ੇਸ਼ ਰੈਂਪ ਬਣਾਏ ਜਾਂਦੇ ਹਨ ਤਾਂ ਜੋ ਉਹ ਵੀਲ ਚੇਅਰ ਨਾਲ ਆਸਾਨੀ ਨਾਲ ਅੰਦਰ ਜਾ ਸਕਣ।

ਭਾਰਤ ਵਿੱਚ ਹਰ ਸੂਬੇ ਵਿਚ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਲਈ ਇਕ ਵਿਸ਼ੇਸ਼ ਕਮਿਸ਼ਨ ਬਣਿਆ ਹੋਇਆ ਪਰ ਇਸ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਆਪਣੀਆਂ ਮੰਗਾਂ ਲਈ ਸੜਕਾਂ ਉਪਰ ਆਉਣਾ ਪੈਂਦਾ ਹੈ, ਜਿੱਥੇ ਅਕਸਰ ਪੁਲੀਸ ਵਲੋਂ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਜਾਂਦਾ ਹੈ, ਜੋ ਕਿ ਸ਼ਰਮ ਵਾਲੀ ਗੱਲ ਹੈ। ਅੰਗਹੀਣ ਤਰਸ ਦੇ ਪਾਤਰ ਬਣੇ ਹੋਏ ਹਨ। ਉਨ੍ਹਾਂ ਨੂੰ ਬਰਾਬਰ ਦੇ ਮੌਕੇ ਨਹੀਂ ਦਿੱਤੇ ਜਾ ਰਹੇ। ਆਜ਼ਾਦੀ



Academy of the Punjab in North America: http://www.apnaorg.com

ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ 'ਤੇ ਉਨ੍ਹਾਂ ਨੂੰ ਵਿਸ਼ੇਸ਼ ਮਹਿਮਾਨ ਦੁਆਰਾ ਤਿੰਨ ਪਹੀਆ ਸਾਈਕਲ ਰਿਕਸ਼ਾ ਦਿੱਤੇ ਜਾਂਦੇ ਹਨ, ਜਦ ਕਿ ਲੋੜਵੰਦਾਂ ਨੂੰ ਇਹ ਰਿਕਸ਼ੇ ਸਾਰਾ ਸਾਲ ਲੋੜ ਪੈਣ 'ਤੇ ਮਿਲਣੇ ਚਾਹੀਦੇ ਹਨ। ਲੋਕਾਂ ਦੀ ਭੀੜ ਇਕੱਠੀ ਕਰਨ ਦੀ ਲੋੜ ਨਹੀਂ ਤੇ ਨਾ ਹੀ ਅਖ਼ਬਾਰਾਂ ਵਿੱਚ ਫੋਟੋਆਂ ਛਪਵਾਉਣੀਆਂ ਚਾਹੀਦੀਆਂ ਹਨ। ਵਿਦੇਸ਼ਾਂ ਵਾਂਗ ਉਨ੍ਹਾਂ ਲਈ ਹਰ ਦਰਵਾਜ਼ੇ ਵਿੱਚ ਵਿਸ਼ੇਸ਼ ਜੰਤਰ ਲੱਗੇ ਹੋਏ ਚਾਹੀਦੇ ਹਨ ਤਾਂ ਜੋ ਉਹ ਜਦੋਂ ਉਸ ਨੂੰ ਨਪਣ ਤਾਂ ਦਰਵਾਜ਼ਾ ਆਪਣੇ ਆਪ ਖੁੱਲ੍ਹ ਜਾਵੇ।

ਅੰਗਹੀਣਾਂ ਲਈ ਵਿਸ਼ੇਸ਼ ਕਿਸਮ ਦੀਆਂ ਕਾਰਾਂ ਚਾਹੀਦੀਆਂ ਹਨ। ਉਹ ਵੀਲ੍ਹ ਚੇਅਰ 'ਤੇ ਬੈਠੇ ਹੋਏ ਕਾਰ ਵਿੱਚ ਜਾ ਸਕਣ ਤੇ ਆ ਸਕਣ। ਜੇ ਕਿਸੇ ਕਾਰਨ ਵਿਅਕਤੀ ਦੀਆਂ ਲੱਤਾਂ ਕੰਮ ਕਰਨ ਤੋਂ ਹੱਟ ਜਾਣ ਤਾਂ ਕੰਪਨੀ ਵਾਲੇ ਉਨ੍ਹਾਂ ਲਈ ਵਿਸ਼ੇਸ਼ ਕਾਰ ਦਾ ਪ੍ਰਬੰਧ ਕਰਨ।

ਅਮਰੀਕਾ ਹੀ ਨਹੀਂ, ਸਾਰੇ ਅਗਾਂਹਵਧੂ ਦੇਸ਼ਾਂ ਵਿੱਚ ਹਵਾਈ ਅੱਡਿਆਂ 'ਤੇ ਅੰਗਹੀਣਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਭਾਰਤੀ ਹਵਾਈ ਅੱਡਿਆਂ 'ਤੇ ਕਈ ਵਾਰ ਯਾਤਰੂਆਂ ਨੂੰ ਪੌੜੀਆਂ ਰਾਹੀਂ ਉਤਾਰਿਆ ਜਾਂਦਾ ਹੈ, ਜਿਸ ਨਾਲ ਬਜ਼ੁਰਗਾਂ ਤੇ ਅੰਗਹੀਣਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਵਿਦੇਸ਼ਾਂ ਵਿੱਚ ਇੱਕ ਦਰਵਾਜ਼ੇ ਨਾਲ ਪੌੜੀ ਤੇ ਉਸ ਦੇ ਸਾਹਮਣੇ ਦੂਜੇ ਦਰਵਾਜ਼ੇ ਅੱਗੇ ਲਿਫ਼ਟ ਲਾ ਦਿੱਤੀ ਜਾਂਦੀ ਹੈ ਜਿਸ ਰਾਹੀਂ ਅੰਗਹੀਣ, ਬਜ਼ੁਰਗ, ਬੱਚੇ ਆਸਾਨੀ ਨਾਲ ਉਤਰ ਜਾਂਦੇ ਹਨ। ਅਜਿਹਾ ਮਾੜਾ ਤਜਰਬਾ ਇਸ ਲੇਖਕ ਨੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਵੀ ਵੇਖਿਆ ਹੈ। ਸਾਨੂੰ ਵੀ ਅਜਿਹਾ ਪ੍ਰਬੰਧ ਕਰਨਾ ਚਾਹੀਦਾ ਹੈ ।

ਭਾਰਤ ਵਿਚ ਰੇਲਵੇ ਸਟੇਸ਼ਨਾਂ ਉਪਰ ਅਜੇ ਵੀ ਲੋਕਾਂ ਨੂੰ ਪੌੜੀਆਂ ਚੜ੍ਹ ਕੇ ਇੱਕ ਪਲੇਟਫਾਰਮ ਤੋਂ ਦੂਜੇ ਪਲੇਟਫਾਰਮ ਜਾਣਾ ਪੈਂਦਾ ਹੈ। ਅੰਗਹੀਣਾਂ, ਬੁਜ਼ਰਗਾਂ ਤੇ ਬੱਚਿਆਂ ਨਾਲ ਔਰਤਾਂ ਨੂੰ ਸਾਮਾਨ ਲੈ ਕੇ ਇੱਕ ਪਲੇਟਫਾਰਮ ਤੋਂ ਦੂਜੇ ਪਲੇਟਫਾਰਮ ਜਾਣ ਲਈ ਬੜੀ ਪ੍ਰੇਸ਼ਾਨੀ ਹੁੰਦੀ ਹੈ। ਇਸ ਲਈ ਇਨ੍ਹਾਂ ਉਪਰ ਵੀ ਲਿਫ਼ਟ ਦਾ ਪ੍ਰਬੰਧ ਚਾਹੀਦਾ ਹੈ।

ਵੀ.ਆਈ.ਪੀ. ਸਭਿਆਚਾਰ ਗ਼ੁਲਾਮ ਭਾਰਤ ਦੀ ਦੇਣ ਹੈ, ਜਿਸ ਨੂੰ ਹੁਣ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ। ਲੋੜ ਹੈ ਡਿਪਟੀ ਕਮਿਸ਼ਨਰ, ਐਸ.ਡੀ.ਐਮ., ਤਹਿਸੀਲਦਾਰ ਆਪਣੀ ਕਾਰ ਆਪਣੇ ਦਫ਼ਤਰ ਦੇ ਬੂਹੇ ਦੀ ਥਾਂ 'ਤੇ ਪਾਰਕਿੰਗ ਵਾਲੀ ਥਾਂ 'ਤੇ ਲਾਉਣ ਤੇ ਅੰਗਹੀਣਾਂ ਨੂੰ ਬੂਹੇ ਲਾਗੇ ਪਾਰਕਿੰਗ ਦੀ ਆਗਿਆ ਦਿੱਤੀ ਜਾਵੇ। ਜਿੱਥੇ ਵੀ ਪੌੜੀਆਂ ਹੋਣ, ਉਹ ਭਾਵੇਂ ਕਿਸੇ ਦੁਕਾਨ ਵਿੱਚ ਕਿਉਂ ਨਾ ਹੋਣ, ਉੱਥੇ ਲਿਫ਼ਟ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਬਜ਼ੁਰਗ ਅਤੇ ਅੰਗਹੀਣ ਸਤਿਕਾਰ ਦੇ ਪਾਤਰ ਹਨ, ਉਨ੍ਹਾਂ ਦੇ ਵਿਸ਼ੇਸ਼ ਅਧਿਕਾਰ ਹਨ, ਜਿਨ੍ਹਾਂ ਦੇ ਉਹ ਹੱਕਦਾਰ ਹਨ, ਉਨ੍ਹਾਂ ਦਾ ਪੂਰਾ ਪੂਰਾ ਧਿਆਨ ਰੱਖਿਆ ਜਾਵੇ ਤੇ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ। ਉਨ੍ਹਾਂ ਨੂੰ ਆਪਣੀਆਂ ਮੰਗਾਂ ਮੰਨਵਾਉਣ ਲਈ ਮੁਜ਼ਾਹਰਾ ਕਰਨ ਦੀ ਨੌਬਤ ਹੀ ਨਹੀਂ ਆਉਣੀ ਚਾਹੀਦੀ । ਉਨ੍ਹਾਂ ਦੀਆਂ ਮੰਗਾਂ ਲਈ ਉਨ੍ਹਾਂ ਨੂੰ ਸੱਦ ਕੇ ਮੇਜ 'ਤੇ ਬਿਠਾ ਕੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ। ਜੇ ਉਹ ਮੁਜ਼ਾਹਰਾ ਕਰਦੇ ਵੀ ਹਨ ਤਾਂ ਸੰਬੰਧਿਤ ਅਫ਼ਸਰ, ਮੰਤਰੀ ਖ਼ੁਦ ਜਾ ਕੇ ਉਨ੍ਹਾਂ



Academy of the Punjab in North America: http://www.apnaorg.com

ਦਾ ਮੰਗ ਪੱਤਰ ਲੈਣ ਤੇ ਯਕੀਨ ਦੁਆਉਣ ਕਿ ਉਨ੍ਹਾਂ ਦੀ ਜਾਇਜ਼ ਮੰਗਾਂ ਜ਼ਰੂਰ ਮੰਨੀਆਂ ਜਾਣਗੀਆਂ।

ਅਸਲ ਵਿੱਚ ਭਾਰਤੀ ਸਿਆਸਤਦਾਨ ਤੇ ਅਫ਼ਸਰਸ਼ਾਹੀ ਅਜੇ ਵੀ ਆਪਣੇ ਆਪ ਨੂੰ ਆਮ ਲੋਕਾਂ ਤੋਂ ਉਪਰ ਸਮਝਦੀ ਹੈ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੜੇ ਸਰਕਾਰੀ ਖ਼ਜ਼ਾਨੇ ਵਿੱਚੋਂ ਉਨ੍ਹਾਂ ਨੂੰ ਤਨਖਾਹਾਂ ਤੇ ਸ਼ਾਨਦਾਰ ਗੱਡੀਆਂ ਤੇ ਰਹਿਣ ਲਈ ਆਲੀਸ਼ਾਨ ਘਰ ਮਿਲੇ ਹੋਏ ਹਨ, ਉਹ ਜਨਤਾ ਕੋਲੋਂ ਟੈਕਸਾਂ ਦੁਆਰਾ ਇੱਕਤਰ ਕੀਤੇ ਗਏ ਪੈਸੇ ਕਰਕੇ ਹੈ। ਸਰਕਾਰੀ ਖ਼ਜਾਨਾ ਲੁੱਟ ਦਾ ਮਾਲ ਨਹੀਂ। ਇਹ ਲੋਕਾਂ ਦੀ ਅਮਾਨਤ ਹੈ। ਇਸ ਦੀ ਵਰਤੋਂ ਬੜੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਉਹ ਲੋਕਾਂ ਦੇ ਸੇਵਕ (ਸਰਵੈਂਟ) ਹਨ । ਇਹੋ ਕਾਰਨ ਹੈ ਕਿ ਉਨ੍ਹਾਂ ਦਾ ਜਿਸ ਰਜਿਸਟਰ ਵਿੱਚ ਸੇਵਾ ਦਾ ਰਿਕਾਰਡ ਦਰਜ ਕੀਤਾ ਜਾਂਦਾ ਹੈ, ਉਸ ਨੂੰ ਸਰਵਿਸ ਬੁਕ ਕਿਹਾ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ ਤਾਨਾਸ਼ਾਹੀ ਰਵੀਆ ਤਿਆਗ ਕੇ ਸਹੀ ਅਰਥਾਂ ਵਿੱਚ ਜਨ-ਸੇਵਕ ਬਣਨਾ ਚਾਹੀਦਾ ਹੈ।

*(21 ਮਈ 2016)*



Academy of the Punjab in North America: http://www.apnaorg.com

# ਵੱਡੇ ਨੋਟ ਬੰਦ ਕਰਨ ਦਾ ਹੁਣ ਸਮਾਂ ਆ ਗਿਆ

ਅਮਰੀਕਾ ਵਿਚ ਵਿਚਰਦਿਆਂ ਜਿਹੜੀ ਭਾਰਤ ਨਾਲੋਂ ਵਿਲੱਖਣਤਾ ਤੁਹਾਨੂੰ ਪੈਸੇ ਦੇਣ ਲੈਣ ਵਿਚ ਮਿਲਦੀ ਹੈ, ਉਹ ਇਹ ਹੈ ਕਿ ਇੱਥੇ ਜੇਬ ਵਿਚ ਨੋਟ ਬਹੁਤ ਘੱਟ ਰੱਖਣੇ ਪੈਂਦੇ ਹਨ। ਸਾਰਾ ਦੇਣ ਲੈਣ ਕਰੈਡਿਟ ਤੇ ਡੈਬਿਟ ਕਾਰਡਾਂ ਰਾਹੀਂ ਹੁੰਦਾ ਹੈ। ਇਕ ਸਮਾਂ ਸੀ ਜਦ ਅਮਰੀਕਾ ਵਿਚ 1 ਲੱਖ ਡਾਲਰ ਦੇ ਨੋਟ ਵੀ ਹੁੰਦੇ ਸਨ, ਪਰ ਹੁਣ 1, 5, 10, 20, 50 ਤੇ 100 ਡਾਲਰ ਦੇ ਨੋਟ ਹਨ।

ਅਮਰੀਕਾ ਵਿਚ ਭ੍ਰਿਸ਼ਟਾਚਾਰ ਬਹੁਤ ਸੀ ਤੇ ਬੈਂਕ ਵੀ ਘੱਟ ਸਨ। ਭ੍ਰਿਸ਼ਟਾਚਾਰ ਦੇ ਨਾਲ ਨਾਲ ਕਾਲੇ ਧਨ ਅਤੇ ਜਰਾਇਮ-ਪੇਸ਼ਾ ਵੱਲੋਂ ਨਕਦੀ ਦੀ ਵਰਤੋਂ ਨੂੰ ਰੋਕਣ ਵਾਸਤੇ 1969 ਵਿਚ ਉਸ ਸਮੇਂ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ 100 ਡਾਲਰ ਤੋਂ ਵੱਡੇ ਨੋਟਾਂ 'ਤੇ ਪਾਬੰਦੀ ਲਾ ਦਿੱਤੀ। ਪਹਿਲਾਂ ਪਹਿਲਾਂ ਤਾਂ ਲੋਕਾਂ ਨੂੰ ਬੜੀ ਮੁਸ਼ਕਲ ਆਈ ਪਰ ਫਿਰ ਸਭ ਠੀਕ ਠਾਕ ਹੋ ਗਿਆ। ਇਸ ਨਾਲ ਬੈਂਕ ਵੱਡੀ ਗਿਣਤੀ ਵਿੱਚ ਖੁੱਲ੍ਹੇ ਤੇ ਲੋਕਾਂ ਨੇ ਨਕਦੀ ਦੀ ਥਾਂ 'ਤੇ ਲੈਣ ਦੇਣ ਬੈਂਕਾਂ ਰਾਹੀਂ ਕਰਨਾ ਸ਼ੁਰੂ ਕਰ ਦਿੱਤਾ। ਅਮਰੀਕਾ ਹੀ ਨਹੀਂ ਹੁਣ ਸਾਰੇ ਵਿਕਸਤ ਦੇਸ਼ਾਂ ਨੇ ਬੈਂਕਾਂ ਰਾਹੀਂ ਦੇਣ ਲੈਣ ਸ਼ੁਰੂ ਕੀਤਾ ਹੈ। ਪਰ ਭਾਰਤ ਇਸ ਪੱਖੋਂ ਪਛੜਿਆ ਹੋਇਆ ਹੈ। ਜਿੱਥੇ ਵਿਕਸਤ ਦੇਸ਼ਾਂ ਵਿਚ 90 ਪ੍ਰਤੀਸ਼ਤ ਦੇਣ ਲੈਣ ਬੈਂਕਾਂ ਰਾਹੀਂ ਹੁੰਦਾ ਹੈ, ਉਥੇ ਭਾਰਤ ਵਿਚ ਕੇਵਲ 20 ਪ੍ਰਤੀਸ਼ਤ ਦੇਣ ਲੈਣ ਹੀ ਬੈਂਕਾਂ ਰਾਹੀਂ ਹੁੰਦਾ ਹੈ।

ਇਸ ਸਮੇਂ ਵੀ ਅਮਰੀਕਾ ਵਿਚ 100 ਡਾਲਰ ਦੇ ਨੋਟ ਸਮਗਲਰਾਂ ਵੱਲੋਂ ਨਸ਼ਾ ਤਸਕਰੀ ਲਈ ਜਾਂ ਵਿਦੇਸ਼ਾਂ ਵਿਚ ਕਾਲਾ ਧਨ ਭੇਜਣ ਜਾਂ ਵੱਧ ਵਿਆਜ਼ ਲੈਣ ਲਈ ਭੇਜੇ ਜਾਂਦੇ ਹਨ। ਮੈਕਸੀਕੋ ਬਾਰਡਰ ਤੇ ਜਿੰਨਾਂ ਵੀ ਨਜਾਇਜ਼ ਧਨ ਫੜਿਆ ਗਿਆ ਹੈ, ਉਹ 100 ਡਾਲਰ ਦੀ ਕਰੰਸੀ ਵਿਚ ਹੀ ਹੈ।

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਭਾਰਤ ਦੀਆਂ ਚੋਣਾਂ ਵਿਚ ਜਿਹੜਾ ਕਾਲਾ ਧਨ ਵਰਤਿਆ ਜਾਂਦਾ ਹੈ, ਉਹ 500 ਜਾਂ 1000 ਦੇ ਨੋਟਾਂ ਵਿਚ ਹੁੰਦਾ ਹੈ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਵਿਚ ਵੀ ਇਨ੍ਹਾਂ ਨੋਟਾਂ ਦੀ ਅਹਿਮ ਭੂਮਿਕਾ ਹੈ। ਨਕਲੀ ਨੋਟ ਵੀ 500 ਜਾਂ 1000 ਦੀ ਕਰੰਸੀ ਵਿਚ ਹੁੰਦੇ ਹਨ। ਜੇ ਇਹ ਨੋਟ ਬੰਦ ਹੋ ਜਾਂਦੇ ਤਾਂ ਜਿੱਥੇ ਨਕਲੀ ਨੋਟਾਂ ਦੀ ਛਪਾਈ ਬੰਦ ਹੋ ਜਾਵੇਗੀ, ਉੱਥੇ ਭ੍ਰਿਸ਼ਟਾਚਾਰ ਤੇ ਸਮਗਲਿੰਗ ਨੂੰ ਵੀ ਠੱਲ੍ਹ ਪਵੇਗੀ ਕਿਉਂਕਿ 100 ਦੇ ਨੋਟਾਂ ਲਈ ਇਕ ਦੀ ਥਾਂ 'ਤੇ ਕਈ ਇਟੈਚੀ ਭਰ ਕੇ ਖੜ੍ਹਨੇ ਪੈਣਗੇ, ਜੋ ਕਿ ਮੁਸ਼ਕਲ ਤੇ ਖ਼ਤਰੇ ਭਰਿਆ ਕੰਮ ਹੈ।

ਇਸ ਸਮੇਂ ਬਿੱਲ ਕੱਟਣ ਤੋਂ ਬਗੈਰ ਸਮਾਨ ਵੱਡੀ ਪੱਧਰ 'ਤੇ ਵੇਚਿਆ ਜਾ ਰਿਹਾ



Academy of the Punjab in North America: http://www.apnaorg.com

ਹੈ। ਇਸ ਨਾਲ ਨਾ ਕੇਵਲ ਨਕਲੀ ਦਵਾਈਆਂ ਹੀ ਬਜ਼ਾਰ ਵਿਚ ਵਿਕ ਰਹੀਆਂ ਹਨ, ਸਗੋਂ ਵਧੀਆ ਕੰਪਨੀਆਂ ਦੀਆਂ ਖਾਣ ਪੀਣ ਦੀਆਂ ਨਕਲੀ ਵਸਤੂਆਂ ਵੀ ਬਜ਼ਾਰ ਵਿਚ ਵਿਕ ਰਹੀਆਂ ਹਨ। ਸੋਨੇ ਦਾ ਦੇਣ ਲੈਣ ਵੀ ਨਕਦੀ ਵਿਚ ਬਹੁਤਾ ਹੈ। ਇਸ ਲਈ ਇਨ੍ਹਾਂ ਨੋਟਾਂ ਦੇ ਬੰਦ ਕਰਨ ਨਾਲ ਟੈਕਸ ਚੋਰੀ ਨੂੰ ਰੋਕਣ ਵਿਚ ਸਹਾਇਤਾ ਮਿਲੇਗੀ।

ਇਸ ਸਮੇਂ ਗ਼ੈਰ ਸਰਕਾਰੀ ਅਨੁਮਾਨਾਂ ਅਨੁਸਾਰ ਭਾਰਤ ਵਿਚ 1 ਲੱਖ 69 ਹਜ਼ਾਰ ਤੋਂ ਲੈ ਕੇ 2 ਲੱਖ ਕਰੋੜ ਰੁਪਏ ਤੋਂ ਵੱਧ ਦੀ ਨਕਲੀ ਕਰੰਸੀ ਚੱਲ ਰਹੀ ਹੈ। ਭਾਰਤ ਸਰਕਾਰ ਦੀ ਰਿਪੋਰਟ ਅਨੁਸਾਰ 70 ਪ੍ਰਤੀਸ਼ਤ ਭਾਰਤੀਆਂ ਦੀ ਰੋਜ਼ਾਨਾ ਦੀ ਆਮਦਨ 20 ਰੁਪਏ ਹੈ। ਇਸ ਦਾ ਮਤਲਬ ਹੈ ਕਿ 70 ਪ੍ਰਤੀਸ਼ਤ ਭਾਰਤੀ ਮਸਾਂ ਗੁਜ਼ਾਰਾ ਹੀ ਕਰਦੇ ਹਨ। ਭਾਰਤੀ ਪੈਸਾ ਚੰਦ ਲੋਕਾਂ ਦੇ ਹੱਥਾਂ ਵਿਚ ਇਕੱਠਾ ਹੋ ਰਿਹਾ ਹੈ।

ਯੂਰਪੀਅਨ ਸੈਂਟਰਲ ਬੈਂਕ ਨੇ ਐਲਾਨ ਕੀਤਾ ਹੈ ਕਿ ਆਉਂਦੇ ਕੁਝ ਸਾਲਾਂ ਵਿਚ ਉਹ ਨਾ ਤਾਂ 500 ਯੂਰੋ ਡਾਲਰ ਦੇ ਨੋਟ ਛਾਪੇਗਾ ਤੇ ਨਾ ਹੀ ਜਾਰੀ ਕਰੇਗਾ। ਦੂਜੇ ਪਾਸੇ ਕਈ ਅਮਰੀਕੀ ਸਿਆਸਤਦਾਨ 100 ਡਾਲਰ ਦਾ ਨੋਟ ਵੀ ਬੰਦ ਕਰਨ ਦੀ ਮੰਗ ਕਰ ਰਹੇ ਹਨ।

ਭਾਰਤ ਵਿਚ 80 ਪ੍ਰਤੀਸ਼ਤ ਕਰੰਸੀ 500 ਅਤੇ 1000 ਦੇ ਨੋਟਾਂ ਵਿੱਚ ਹੈ। ਬੈਂਕਾਂ ਵੱਲੋਂ 50 ਹਜ਼ਾਰ ਤੋਂ ਵੱਧ ਨਕਦੀ ਜਮਾਂ ਕਰਾਉਣ ਲਈ ਪੈਨ ਨੰਬਰ ਦੇਣ ਦੀ ਸ਼ਰਤ ਨਾਲ ਵੀ ਨਕਦ ਕਰੰਸੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। 29 ਅਪ੍ਰੈਲ 2016 ਨੂੰ ਪਿਛਲੇ ਸਾਲ ਨਾਲੋਂ 15.32% ਦਾ ਵਾਧਾ ਹੋਇਆ ਹੈ ਤੇ ਨਕਦੀ ਦੀ ਮਾਤਰਾ 16.50 ਲੱਖ ਕ੍ਰੋੜ ਰੁਪਏ ਪੁੱਜ ਗਈ ਹੈ। ਕਿਹਾ ਜਾ ਰਿਹਾ ਹੈ ਕਿ ਇਹ ਵਾਧਾ ਚੋਣਾਂ ਕਰਕੇ ਹੋਇਆ ਹੈ। 2017 ਦੀਆਂ ਚੋਣਾਂ ਕਰਕੇ ਨਕਦੀ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਕਈਆਂ ਦਾ ਖਿਆਲ ਹੈ ਕਿ ਇਨ੍ਹਾਂ ਨੋਟਾਂ ਨੂੰ ਹਟਾਉਣਾ ਮਹਿੰਗਾ ਸੌਦਾ ਹੈ। ਇਸ ਦਾ ਕਾਰਨ ਇਹ ਹੈ ਕਿ 10 ਰੁਪਏ ਦਾ ਨੋਟ ਛਾਪਣ ਲਈ 96 ਪੈਸੇ ਖਰਚਾ ਆਉਂਦਾ ਹੈ ਜਦ ਕਿ 1000 ਦੇ ਨੋਟ ਲਈ 3 ਰੁਪਏ 17 ਪੈਸੇ ਹੈ। ਇੰਜ 10 ਰੁਪਏ ਦੀ ਕਰੰਸੀ ਵਿਚ ਜੇ 1000 ਰੁਪਏ ਦੀ ਰਕਮ ਛਾਪੀ ਜਾਵੇ ਤਾਂ 9 ਰੁਪਏ 60 ਪੈਸੇ ਖ਼ਰਚਾ ਆਵੇਗਾ। ਇਸ ਲਈ ਵੱਡੇ ਨੋਟ ਛਾਪਣਾ ਲਾਹੇਵੰਦ ਧੰਦਾ ਹੈ। ਪਰ ਜੇ ਦੂਰ ਅੰਦੇਸ਼ੀ ਤੋਂ ਕੰਮ ਲਿਆ ਜਾਵੇ ਤਾਂ ਇਨ੍ਹਾਂ ਨੂੰ ਬੰਦ ਕਰਨਾ ਹੀ ਲਾਹੇਵੰਦ ਹੈ। ਭਾਰਤ ਸਰਕਾਰ ਵੱਲੋਂ ਜਿਹੜੀਆਂ ਨਵੀਆਂ ਸਕੀਮਾਂ ਆ ਰਹੀਆਂ ਹਨ, ਉਨ੍ਹਾਂ ਵਿਚ ਨਕਦੀ ਦੀ ਥਾਂ 'ਤੇ ਬੈਂਕਾਂ ਦੀ ਵਰਤੋਂ ਹੋ ਰਹੀ ਹੈ। ਰੇਲਵੇ ਤੇ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਹੁਣ ਇੰਟਰਨੈੱਟ ਰਾਹੀਂ ਵਿਕਦੀਆਂ ਹਨ। ਗੈਸ ਸਿਲੰਡਰ ਦੀ ਸਬਸਿਡੀ ਵੀ ਹੁਣ ਬੈਂਕ ਖਾਤਿਆਂ ਵਿਚ ਜਾ ਰਹੀ ਹੈ। ਹੋਰ ਸਹੂਲਤਾਂ ਵਿਚ ਵੀ ਰਕਮਾਂ ਹੁਣ ਨਕਦੀ ਦੀ ਥਾਂ 'ਤੇ ਬੈਂਕਾਂ ਰਾਹੀਂ ਲੋਕਾਂ ਦੇ ਖਾਤਿਆਂ ਵਿਚ ਜਾ ਰਹੀਆਂ ਹਨ।

ਹੁਣ ਬੈਂਕਾਂ ਨੇ ਲੋਕਾਂ ਦੀ ਸਹੂਲਤ ਲਈ ਏ.ਟੀ.ਐਮ. ਮਸ਼ੀਨਾਂ ਲਾ ਦਿੱਤੀਆਂ ਹਨ। ਬਿਜਲੀ, ਪਾਣੀ ਤੇ ਹੋਰ ਬਿੱਲ ਇੰਟਰਨੈੱਟ ਰਾਹੀਂ ਬੈਂਕਾਂ ਵਿਚ ਸਬੰਧਿਤ ਮਹਿਕਮਿਆਂ ਦੇ ਖਾਤਿਆਂ ਵਿਚ ਜਾ ਰਹੇ ਹਨ। ਪੈਨਸ਼ਨਾਂ ਬੈਂਕਾਂ ਰਾਹੀਂ ਦਿੱਤੀਆਂ ਜਾ ਰਹੀਆਂ ਹਨ। ਬੈਂਕਾਂ ਰਾਹੀਂ ਦੇਣ ਲੈਣ ਵਿਚ ਭਾਰੀ ਵਾਧਾ ਹੋ ਰਿਹਾ ਹੈ।



Academy of the Punjab in North America: http://www.apnaorg.com

ਦੁਕਾਨਦਾਰ ਵੀ ਹੁਣ ਕਰੈਡਿਟ ਕਾਰਡਾਂ ਰਾਹੀਂ ਦੇਣ ਲੈਣ ਕਰਨ ਲੱਗ ਪਏ ਹਨ। ਇਸ ਲਈ ਵੱਡੇ ਨੋਟ ਬੰਦ ਕਰਨ ਨਾਲ ਆਮ ਜਨਤਾ ਨੂੰ ਬਹੁਤਾ ਫ਼ਰਕ ਨਹੀਂ ਪੈਣਾ। ਫ਼ਰਕ ਪਵੇਗਾ ਤਾਂ ਗ਼ੈਰ ਕਾਨੂੰਨੀ ਧੰਦਾ ਕਰਨ ਵਾਲਿਆਂ ਨੂੰ ਜਾਂ ਨਕਲੀ ਨਕਦੀ ਛਾਪਣ ਵਾਲਿਆਂ ਨੂੰ। ਇਸ ਲਈ ਜੇ ਭਾਰਤੀਆਂ ਨੇ ਕਾਲੇ ਧਨ, ਸਮਗਲਿੰਗ ਤੇ ਨਸ਼ਾ ਖੋਰੀ ਦੇ ਕਾਰੋਬਾਰ ਤੋਂ ਨਿਜ਼ਾਤ ਪਾਉਣੀ ਹੈ ਤਾਂ ਇਨ੍ਹਾਂ ਨੋਟਾਂ ਨੂੰ ਬੰਦ ਕਰਾਉਣ ਲਈ ਜਨਤਕ ਲਹਿਰ ਉਸਾਰਨੀ ਚਾਹੀਦੀ ਹੈ। ਇਸ ਵਿਚ ਉਨ੍ਹਾਂ ਦਾ ਅਤੇ ਦੇਸ਼ ਦਾ ਭਲਾ ਹੈ।

*(7 ਜੂਨ 2016)*



Academy of the Punjab in North America: http://www.apnaorg.com

# ਵਧੇਰੇ ਕੀਟਨਾਸ਼ਕ ਹੋਣ ਕਾਰਨ ਵਿਦੇਸ਼ਾਂ ਤੋ ਖੋਟੇ ਪੈਸੇ ਵਾਂਗ ਵਾਪਸ ਆ ਰਹੀਆਂ ਖੁਰਾਕੀ ਵਸਤਾਂ

ਮੈਗੀ ਵਿਚਲੇ ਮਿਲੇ ਮਿਲਾਵਟੀ ਪਦਾਰਥਾਂ 'ਤੇ ਛਿੜੀ ਬਹਿਸ ਨੇ ਭਾਰਤੀ ਲੋਕ ਤੰਤਰ ਦੇ ਕਰੂਪ ਚਿਹਰੇ ਨੂੰ ਬੇਨਕਾਬ ਕੀਤਾ ਹੈ। ਭਾਰਤ ਦੀ ਖਾਧ ਸੁਰੱਖਿਆ ਅਤੇ ਮਿਆਰੀ ਅਥਾਰਟੀ ਜਿਸ ਦਾ ਕੰਮ ਲੋਕਾਂ ਨੂੰ ਮਿਆਰੀ ਖਾਣ ਪੀਣ ਦੀਆਂ ਵਸਤੂਆਂ ਮੁਹੱਈਆ ਕਰਾਉਣਾ ਹੈ, ਵੱਲੋਂ ਰਿਸ਼ਵਤ ਲੈ ਕੇ ਵਸਤੂਆਂ ਦੇ ਸੈਂਪਲ ਪਾਸ ਕਰਨ ਦੀਆਂ ਖਬਰਾਂ ਨੇ ਭਾਰਤ ਦੇ ਭ੍ਰਿਸ਼ਟ ਤੰਤਰ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਹੈ। ਇਸ ਸੰਸਥਾ ਦੇ ਤਿੰਨ ਸਾਬਕਾ ਡਾਇਰੈਕਟਰਾਂ ਨੇ ਬੀਤੇ ਦਿਨੀਂ ਸਿਹਤ ਮੰਤਰੀ ਜੇ. ਪੀ. ਨੱਢਾ ਨੂੰ 6 ਸਫ਼ਿਆਂ ਦੇ ਲਿਖੇ ਪੱਤਰ ਵਿੱਚ ਹਾਲ ਹੀ ਵਿਚ ਇਸ ਸੰਸਥਾ ਦੇ ਸੇਵਾ ਮੁਕਤ ਚੇਅਰਪਰਸਨ ਵਿਰੁੱਧ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਹਨ ਤੇ ਇਸ ਦੀ ਪੜਤਾਲ ਦੀ ਮੰਗ ਕੀਤੀ ਹੈ।

ਮੈਗੀ ਦੀਆਂ ਖ਼ਬਰਾਂ ਨੇ ਜਿੱਥੇ ਹਜ਼ਾਰਾਂ ਕਰਮਚਾਰੀਆਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ, ਉੱਥੇ ਇਸ ਦੀ ਨਿਰਮਾਤਾ ਕੰਪਨੀ ਨੈਸਲੇ ਦੇ 3.2 ਅਰਬ ਰੁਪਏ ਦਾ ਕਾਰੋਬਾਰ ਪ੍ਰਭਾਵਿਤ ਹੋਇਆ ਹੈ। ਉਤਰਾਖੰਡ ਦੇ ਰੁਦਰਾਪੁਰ ਦੇ ਇਕ ਕੰਮ ਤੋਂ ਹਟਾਏ ਕਰਮਚਾਰੀ 35 ਸਾਲ ਦੇ ਲਲਤਾ ਪ੍ਰਸ਼ਾਦ ਨੇ ਮਾਨਸਿਕ ਪ੍ਰੇਸ਼ਾਨੀ ਕਰਕੇ ਆਤਮ ਹੱਤਿਆ ਕਰ ਲਈ। ਇਸ ਦਾ ਕਾਰਨ ਆਰਜ਼ੀ ਕਰਮਚਾਰੀਆਂ ਨੂੰ ਕੰਮ ਤੋਂ ਹਟਾਉਣ ਸਮੇਂ ਕੋਈ ਵੀ ਮੁਆਵਜ਼ਾ ਨਾ ਦੇਣਾ ਹੈ ਤੇ ਨਾ ਹੀ ਭਾਰਤ ਵਿਚ ਬੇ-ਰੁਜ਼ਗਾਰਾਂ ਲਈ ਗੁਜ਼ਾਰਾ ਭਤੇ ਦੀ ਕੋਈ ਵਿਵਸਥਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਚੰਡੀਗੜ੍ਹ, ਹੈਦਰਾਬਾਦ ਤੇ ਕਈ ਹੋਰ ਸ਼ਹਿਰਾਂ ਵਿਚ ਮੈਗੀ ਦੇ ਸੈਂਪਲ ਠੀਕ ਪਾਏ ਗਏ। ਵੈਸੇ ਮੈਗੀ ਨਾਲੋਂ ਕਿਤੇ ਵੱਧ ਜ਼ਹਿਰੀਲਾ ਪਾਣੀ ਪੰਜਾਬ ਤੇ ਦਰਿਆਵਾਂ ਦੇ ਕੰਢੇ ਵਸੇ ਸ਼ਹਿਰ ਪੀ ਰਹੇ ਹਨ ਜਿਨ੍ਹਾਂ ਵਿਚ ਆਰਸੈਨਿਕ, ਕ੍ਰੋਮੀਅਮ, ਯੂਰੇਨੀਅਮ ਵਰਗੇ ਜ਼ਹਿਰੀਲੇ ਤੱਤ ਹਨ। ਇਨ੍ਹਾਂ ਤੱਤਾਂ ਕਰਕੇ ਪੰਜਾਬ ਅਤੇ ਭਾਰਤ ਦੇ ਬਹੁਤ ਸਾਰੇ ਹਿੱਸੇ ਕੈਂਸਰ ਅਤੇ ਪੇਟ ਦੀਆਂ ਬੀਮਾਰੀਆਂ ਤੋਂ ਪੀੜਤ ਹਨ।

ਅਮਰੀਕਾ ਵਿਚ ਜਿਹੜੀਆਂ ਵਸਤੂਆਂ ਵਿਦੇਸ਼ਾਂ ਤੋਂ ਆਉਂਦੀਆਂ ਹਨ, ਉਨ੍ਹਾਂ ਵਿਚੋਂ ਭਾਰਤ ਤੋਂ ਆਈਆਂ ਵਸਤੂਆਂ ਸਭ ਤੋਂ ਵੱਧ ਪ੍ਰਦੂਸ਼ਿਤ ਜਾਂ ਗ਼ੈਰ-ਮਿਆਰੀ ਹੋਣ ਕਰਕੇ ਵਾਪਸ ਭੇਜੀਆਂ ਜਾਂਦੀਆਂ ਹਨ। ਮੋਦੀ ਸਰਕਾਰ ਵੱਲੋਂ 'ਮੇਕ ਇੰਨ ਇੰਡੀਆ' ਦਾ ਸੱਦਾ ਦੇਣ ਦੇ ਬਾਵਜੂਦ ਵੀ ਪਿਛਲੇ ਇਕ ਸਾਲ ਵਿਚ 'ਮੇਡ ਇੰਨ ਇੰਡੀਆ' ਦੀਆਂ ਖਾਣ ਵਾਲੀਆਂ ਤੇ ਸਿਹਤ ਸੰਭਾਲਣ ਨਾਲ ਸੰਬੰਧਿਤ 2100 ਵਸਤੂਆਂ ਐਫ.ਡੀ.ਏ. ਵੱਲੋਂ ਫ਼ੇਲ੍ਹ ਕੀਤੀਆਂ ਗਈਆਂ। ਜਿਨ੍ਹਾਂ ਕੰਪਨੀਆਂ ਦਾ ਸਾਮਾਨ ਵਾਪਸ ਭੇਜਿਆ ਗਿਆ



Academy of the Punjab in North America: http://www.apnaorg.com

ਉਨ੍ਹਾਂ ਵਿਚ ਬ੍ਰਿਟੇਨੀਆ, ਹਲਦੀ ਰਾਮ, ਹਿੰਦੁਸਤਾਨ ਯੂਨੀਲੀਵਰ, ਨੈਸਲੇ ਇੰਡੀਆ, ਹੈਨਜ ਇੰਡੀਆ ਅਤੇ ਐਮ.ਟੀ.ਆਰ. ਫੂਡਜ਼ ਆਦਿ ਵਰਗੀਆਂ ਪ੍ਰਸਿੱਧ ਕੰਪਨੀਆਂ ਸ਼ਾਮਿਲ ਹਨ।

ਇਨ੍ਹਾਂ ਦੇ ਕਈ ਕਾਰਨ ਹਨ। ਸਭ ਤੋਂ ਪਹਿਲੀ ਗੱਲ ਹੈ ਕਿ ਅਮਰੀਕਾ ਵਿਚਲੇ ਪੈਕਟਾਂ ਦੇ ਲੇਬਲਾਂ ਉਪਰ ਵਧੇਰੇ ਜਾਣਕਾਰੀ ਦੇਣੀ ਪੈਂਦੀ ਹੈ ਜੋ ਕਿ ਭਾਰਤ ਵਿਚ ਵਿਕਦੀਆਂ ਵਸਤੂਆਂ ਉਪਰ ਨਹੀਂ। ਇਸ ਦਾ ਫ਼ਰਕ ਵੇਖਣਾ ਹੋਵੇ ਤਾਂ ਤੁਸੀਂ ਹਲਦੀ ਰਾਮ ਦੇ ਬਰਾਮਦ (ਐਕਸਪੋਰਟ) ਕਰਨ ਵਾਲੀਆਂ ਵਸਤੂਆਂ ਦੇ ਪੈਕਟਾਂ ਤੋਂ ਵੇਖ ਸਕਦੇ ਹੋ। ਇਸ ਸਾਲ ਜਨਵਰੀ ਵਿਚ ਨੈਸਲੇ ਦੇ ਨੂਡਲਜ਼ ਇਸੇ ਕਰਕੇ ਵਾਪਸ ਕੀਤੇ ਗਏ ਕਿ ਉਨ੍ਹਾਂ ਉਪਰ ਅਮਰੀਕੀ ਨਿਯਮਾਂ ਅਨੁਸਾਰ ਜਾਣਕਾਰੀ ਨਹੀਂ ਸੀ। ਦੂਜਾ ਕਾਰਨ ਭਾਰਤੀ ਵਸਤੂਆਂ ਵਿਚ ਕੀੜੇ ਮਾਰ ਦਵਾਈਆਂ ਦੀ ਮਾਤਰਾ ਹੱਦ ਤੋਂ ਵੱਧ ਹੁੰਦੀ ਹੈ। ਇਸੇ ਕਰਕੇ ਪਿਛਲੇ ਸਾਲ ਸਾਊਦੀ ਅਰਬ ਨੇ ਭਾਰਤੀ ਮਿਰਚਾਂ ਦੀ ਦਰਾਮਦ ਉਪਰ ਪਾਬੰਦੀ ਲਾ ਦਿੱਤੀ ਸੀ। ਤੀਜਾ ਕਾਰਨ ਵਸਤੂਆਂ ਨੂੰ ਠੀਕ ਵਾਤਾਵਰਨ ਵਿਚ ਵਿਚ ਤਿਆਰ ਨਾ ਕਰਨਾ ਹੈ। ਅਮਰੀਕਾ ਨੇ ਮਈ 2015 ਵਿਚ ਹਲਦੀ ਰਾਮ ਦੀਆਂ 53 ਖੇਪਾਂ ਵਾਪਸ ਕਰ ਦਿੱਤੀਆਂ ਕਿਉਂਕਿ ਉਨ੍ਹਾਂ ਵਿਚ ਜਾਂ ਤਾਂ ਕੀੜੇ ਮਾਰ ਦਵਾਈਆਂ ਦੀ ਮਾਤਰਾ ਵੱਧ ਸੀ ਜਾਂ ਉਨ੍ਹਾਂ ਨੂੰ ਠੀਕ ਹਾਲਤ ਵਿਚ ਤਿਆਰ ਨਹੀਂ ਸੀ ਕੀਤਾ ਗਿਆ। ਵਿਸ਼ਵ ਸਿਹਤ ਸੰਸਥਾ (ਡਬਲਯੂ.ਐਚ.ਓ.) ਅਨੁਸਾਰ ਭਾਰਤ ਵਿਚ 76000 ਲੋਕ ਕੀੜੇ ਮਾਰ ਦਵਾਈਆਂ ਦੇ ਜ਼ਹਿਰ ਕਾਰਨ ਮਰਦੇ ਹਨ। ਭਾਰਤ ਵਿਚ ਪਾਬੰਦੀ ਸ਼ੁਦਾ ਖਾਦ ਮੋਨੋਕਰੋਟੋਫਾਸ ਵਰਤੀ ਜਾ ਰਹੀ ਹੈ, ਜਿਸ ਦੇ ਕਾਰਨ ਜੁਲਾਈ 2013 ਵਿਚ ਬਿਹਾਰ ਦੇ ਇਕ ਸਕੂਲ ਵਿਚ ਮਿਡ ਡੇ ਮੀਲ ਖਾਣ ਕਾਰਨ 23 ਬੱਚੇ ਮਾਰੇ ਗਏ ਸਨ।

ਅਮਰੀਕਾ ਦੀ ਪ੍ਰਸਿੱਧ ਅਖ਼ਬਾਰ 'ਵਾਲ ਸਟਰੀਟ ਜਨਰਲ' ਅਨੁਸਾਰ ਅਮਰੀਕਾ ਵੱਲੋਂ ਜਿਹੜੀਆਂ ਖਾਣ ਦੀਆਂ ਵਸਤੂਆਂ ਵਾਪਸ ਭੇਜੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਭਾਰਤ ਪਹਿਲੇ ਸਥਾਨ 'ਤੇ ਹੈ। ਮੈਕਸੀਕੋ ਦਾ ਵਾਪਾਰ ਭਾਰਤ ਨਾਲੋਂ ਕਈ ਗੁਣਾਂ ਜ਼ਿਆਦਾ ਹੈ ਪਰ ਉਹ ਦੂਜੇ ਸਥਾਨ 'ਤੇ ਹੈ। ਇਸ ਸਾਲ ਦੇ ਜਿਹੜੇ ਨਮੂਨੇ ਫ਼ੇਲ੍ਹ ਹੋਏ ਉਨ੍ਹਾਂ ਵਿਚੋਂ ਅੱਧਿਆਂ ਤੋਂ ਵੱਧ ਭਾਰਤ ਦੇ ਸਨ। ਇਨ੍ਹਾਂ ਵਿਚ ਬਹੁਤ ਸਾਰੇ ਪਦਾਰਥ ਹਲਦੀ ਰਾਮ ਦੀ ਨਾਗਪੁਰ ਕਾਰਖਾਨੇ ਦੇ ਬਣੇ ਹੋਏ ਸਨ ਤੇ ਇਨ੍ਹਾਂ ਵਿਚ ਮਾਤਰਾ ਤੋਂ ਵੱਧ ਕੀੜੇ ਮਾਰ ਦਵਾਈਆਂ ਸਨ। ਹਲਦੀ ਰਾਮ ਦੇ ਸੀਨੀਅਰ ਮੀਤ ਪ੍ਰਧਾਨ ਏ ਕੇ ਤਿਆਗੀ ਨੇ ਵਾਲ ਸਟਰੀਟ ਜਨਰਲ ਦੇ ਨੁਮਾਇੰਦੇ ਨੂੰ ਦੱਸਿਆ ਕਿ ਭਾਰਤੀ ਮਿਆਰਾਂ ਅਨੁਸਾਰ ਇਹ ਬਿਲਕੁਲ ਖਾਣਯੋਗ ਹਨ ਪਰ ਅਮਰੀਕਾ ਦੇ ਉੱਚੇ ਮਿਆਰ ਹੋਣ ਕਰਕੇ ਇਹ ਨਮੂਨੇ ਫ਼ੇਲ੍ਹ ਹੋਏ ਹਨ। ਇਸ ਸਾਲ ਸੈਂਕੜੇ ਭਾਰਤੀ ਸਨੈਕ ਦੇ ਨਮੂਨੇ ਅਮਰੀਕੀ ਇਨਸਪੈਕਟਰਾਂ ਨੇ ਫ਼ੇਲ੍ਹ ਕੀਤੇ ਕਿਉਂਕਿ ਉਹ ਅਮਰੀਕੀ ਮਿਆਰਾਂ ਅਨੁਸਾਰ ਨਹੀਂ ਸਨ।

ਬੀਤੇ ਸਾਲਾਂ ਵਿਚ ਹਲਦੀ ਰਾਮ, ਅਡਾਨੀ ਫੂਡਜ਼ ਆਦਿ ਦੀ ਗਚਕ ਤੇ ਹੋਰ ਪਦਾਰਥਾਂ ਵਿਚ ਸਿਹਤ ਲਈ ਹਾਨੀਕਾਰਕ ਪਦਾਰਥ ਅਫ਼ਲਾਟੋਕਸਿਨ ਹੋਣ ਕਰਕੇ ਵਾਪਸ ਭੇਜੇ ਗਏ। ਰਾਮਦੇਵ ਦੀਆਂ ਕਈਆਂ ਆਯੂਰਵੈਦਿਕ ਦਵਾਈਆਂ ਅਮਰੀਕਾ ਵੱਲੋਂ ਮਨਜ਼ੂਰ ਨਾ ਹੋਣ ਕਰਕੇ ਵਾਪਸ ਭੇਜੀਆਂ ਜਾਂਦੀਆਂ ਰਹੀਆਂ ਹਨ, ਜਿਨ੍ਹਾਂ ਵਿਚ ਸ਼ਿਲਾਜੀਤ,



Academy of the Punjab in North America: http://www.apnaorg.com

ਆਮਲਾ ਚੂਰਨ ਆਦਿ ਸ਼ਾਮਲ ਹਨ। ਭਾਰਤ ਹਰ ਸਾਲ ਕੋਈ 40 ਲੱਖ ਟਨ ਦੇ ਕਰੀਬ ਬਾਸਮਤੀ ਵਿਦੇਸ਼ਾਂ ਨੂੰ ਭੇਜਦਾ ਹੈ। 2009 ਵਿਚ ਭਾਰਤ ਨੇ 55762 ਟਨ ਬਾਸਮਤੀ ਅਮਰੀਕਾ ਨੂੰ ਬਰਾਮਦ ਕੀਤੀ ਜੋ 2013-14 ਵਿਚ ਘੱਟ ਕੇ 870 ਟਨ ਰਹਿ ਗਈ। ਇਸ ਦਾ ਕਾਰਨ ਇਹ ਸੀ ਕਿ ਅਮਰੀਕਾ ਨੇ ਮਈ 2011 ਵਿਚ ਵੇਖਿਆ ਕਿ ਭਾਰਤੀ ਬਾਸਮਤੀ ਵਿਚ 11 ਰਸਾਇਣਕ ਪਦਾਰਥ ਅਜਿਹੇ ਹਨ ਜੋ ਉੱਥੇ ਰਜਿਸਟਰਡ ਨਹੀਂ ਸਨ। ਸਿੱਟੇ ਵਜੋਂ ਉਨ੍ਹਾਂ ਨੇ ਸਾਰੇ ਚਾਵਲ ਵਾਪਸ ਭੇਜ ਦਿੱਤੇ। ਹੁਣ ਭਾਰਤ ਦੇ ਚੌਲਾਂ ਦੀ 100 ਪ੍ਰਤੀਸ਼ਤ ਪੜਤਾਲ ਹੁੰਦੀ ਹੈ ਤੇ 90% ਚਾਵਲ ਵਾਪਸ ਭੇਜ ਦਿੱਤੇ ਜਾਂਦੇ ਹਨ।

ਅਮਰੀਕਾ ਵਿਚ ਭਾਰਤ ਦੇ ਅਲਫਾਂਸੋ ਤੇ ਕੇਸਰ ਅੰਬ ਦੀ ਬਹੁਤ ਮੰਗ ਹੈ । ਪਰ ਇਨ੍ਹਾਂ ਵਿਚ ਕੀੜੇ ਮਾਰ ਦਵਾਈਆਂ ਹੋਣ ਕਰਕੇ 1980 ਈ. ਵਿਚ ਅਮਰੀਕਾ ਨੇ ਪਾਬੰਦੀ ਲਾ ਦਿੱਤੀ ਜੋ 18 ਸਾਲ ਪਿੱਛੋਂ 1998 ਈ. ਵਿਚ ਉਸ ਸਮੇਂ ਹਟਾਈ ਗਈ ਜਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਮਰੀਕਾ ਆਏ ਤੇ ਉਨ੍ਹਾਂ ਨੇ ਉਸ ਸਮੇਂ ਦੇ ਰਾਸ਼ਟਰਪਤੀ ਬੁਸ਼ ਨਾਲ ਦੁਵੱਲੇ ਵਪਾਰ ਸਮਝੌਤੇ 'ਤੇ ਦਸਤਖ਼ਤ ਕੀਤੇ।

ਇਸ ਲਈ ਜੇ ਮੋਦੀ ਸਰਕਾਰ ਨੇ 'ਮੇਕ ਇਨ ਇੰਡੀਆ' ਮੁਹਿੰਮ ਨੂੰ ਕਾਮਯਾਬ ਕਰਨਾ ਹੈ ਤਾਂ ਖਾਣ ਪੀਣ ਦੀਆਂ ਵਸਤੂਆਂ ਦੇ ਮਿਆਰ ਅਮਰੀਕਾ ਪੱਧਰ ਦੇ ਲਿਆਉਣੇ ਚਾਹੀਦੇ। ਭਾਰਤੀ ਖ਼ੁਰਾਕ ਸੁਰੱਖਿਆ ਅਤੇ ਸਟੈਂਡਰਡ ਅਥਾਰਟੀ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣੀ ਚਾਹੀਦੀ ਹੈ। ਇਸ ਸੰਸਥਾ ਨੂੰ ਸਟਾਫ਼ ਤੇ ਲੋੜੀਂਦੀਆਂ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਹਰ ਖ਼ਾਣੇ ਦੀ ਚੈਕਿੰਗ ਹੋ ਸਕੇ। ਅਮਰੀਕਾ ਵਾਂਗ ਪੈਕਟਾਂ ਉਪਰ ਵਿਸਥਾਰ ਨਾਲ ਵਸਤੂ ਵਿਚਲੇ ਤੱਤਾਂ ਬਾਰੇ ਸੂਬਾਈ ਭਾਸ਼ਾਵਾਂ ਵਿਚ ਜਾਣਕਾਰੀ ਦੇਣੀ ਚਾਹੀਦੀ ਹੈ। ਕੀੜੇਮਾਰ ਦਵਾਈਆਂ ਦੀ ਸੁਚੱਜੀ ਵਰਤੋਂ ਕਰਨ ਲਈ ਕਿਸਾਨਾਂ ਨੂੰ ਸਹੀ ਜਾਣਕਾਰੀ ਦੇਣੀ ਚਾਹੀਦੀ ਹੈ । ਹਰ ਸਾਲ ਤਿਉਹਾਰਾਂ 'ਤੇ ਨਕਲੀ ਦੁੱਧ, ਨਕਲੀ ਖੋਆ ਵਗ਼ੈਰਾ ਫੜਿਆ ਜਾਂਦਾ ਹੈ ਪਰ ਕਿਸੇ ਨੂੰ ਸਜ਼ਾ ਨਹੀਂ ਹੁੰਦੀ। ਇਸ ਲਈ ਅਮਰੀਕਾ ਵਰਗੇ ਸਖ਼ਤ ਕਾਨੂੰਨ ਬਣਾ ਕੇ ਲਾਗੂ ਕਰਨ ਦੀ ਲੋੜ ਹੈ। ਸਿਹਤਮੰਦ ਲੋਕ ਹੀ ਨਰੋਆ ਸਮਾਜ ਬਣਾ ਸਕਦੇ ਹਨ। ਇਸ ਲਈ ਭਾਰਤੀਆਂ ਲਈ ਹੁਣ ਜਾਗਣ ਦਾ ਵੇਲਾ ਆ ਗਿਆ। ਅਸੀਂ ਪਹਿਲਾਂ ਹੀ ਬਹੁਤ ਦੇਰ ਕਰ ਦਿੱਤੀ ਹੈ, ਹੁਣ ਹੋਰ ਦੇਰ ਨਹੀਂ ਹੋਣੀ ਚਾਹੀਦੀ।

*(10 ਜੁਲਾਈ 2015)*



Academy of the Punjab in North America: http://www.apnaorg.com

# ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਦਾ ਮਹੱਤਵ

ਅਮਰੀਕਾ ਵਿਚ ਪਿਛਲੇ ਕਈ ਸਾਲਾਂ ਤੋਂ ਵਿਚਰਦਿਆਂ ਹੋਇਆਂ ਜੋ ਕੁਝ ਮੈਂ ਜਾਣ ਸਕਿਆਂ ਹਾਂ ਉਸ ਅਨੁਸਾਰ ਸਾਡੇ ਪੰਜਾਬੀ ਪਰਿਵਾਰਾਂ ਵਿਚ ਬਹੁ-ਗਿਣਤੀ ਨਾ ਤਾਂ ਘਰ ਵਿਚ ਪੰਜਾਬੀ ਬੋਲਦੀ ਹੈ ਤੇ ਨਾ ਹੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦੀ ਹੈ। ਜਿਨ੍ਹਾਂ ਬੱਚਿਆਂ ਦੇ ਦਾਦੀ ਦਾਦਾ ਜਾਂ ਨਾਨਾ ਨਾਨੀ ਕੋਲ ਰਹਿੰਦੇ ਹਨ ਉਹ ਬੱਚੇ ਪੰਜਾਬੀ ਬੋਲਣਾ ਇਸ ਲਈ ਸਿੱਖ ਜਾਂਦੇ ਹਨ ਕਿ ਉਨ੍ਹਾਂ ਦੇ ਦਾਦੀ ਦਾਦੇ ਤੇ ਨਾਨਾ ਨਾਨੀ ਦੀ ਬੋਲਚਾਲ ਦੀ ਭਾਸ਼ਾ ਪੰਜਾਬੀ ਹੁੰਦੀ ਹੈ। ਪਰ ਜਦ ਇਹ ਬੱਚੇ ਸਕੂਲ ਜਾਣ ਲੱਗਦੇ ਹਨ ਤਾਂ ਉਹ ਘਰ ਵਿਚ ਆਪਸ ਵਿਚ ਪੰਜਾਬੀ ਦੀ ਥਾਂ 'ਤੇ ਅੰਗਰੇਜ਼ੀ ਵਿਚ ਗੱਲਬਾਤ ਕਰਦੇ ਹਨ। ਸਿੱਖ ਸੰਸਥਾਵਾਂ ਵੱਲੋਂ ਜਿਹੜੇ ਸਿਮਪੋਜ਼ੀਅਮ ਕਰਵਾਏ ਜਾਂਦੇ ਹਨ, ਉਨ੍ਹਾਂ ਵਿਚ ਬਹੁਤ ਘੱਟ ਬੱਚੇ ਪੰਜਾਬੀ ਵਿਚ ਬੋਲਦੇ ਹਨ, ਹਾਲਾਂ ਕਿ ਪ੍ਰਬੰਧਕਾਂ ਨੇ ਪੰਜਾਬੀ ਵਿਚ ਬੋਲਣ ਵਾਲਿਆਂ ਲਈ ਵਿਸ਼ੇਸ਼ ਇਨਾਮ ਰੱਖੇ ਹੁੰਦੇ ਹਨ। ਸਿੱਖ ਕੈਂਪਾਂ ਵਿਚ ਵੀ ਅੰਗਰੇਜ਼ੀ ਦਾ ਬੋਲਬਾਲਾ ਹੁੰਦਾ ਹੈ, ਹਾਲਾਂਕਿ ਇਨ੍ਹਾਂ ਵਿਚ ਸਿੱਖ ਬੱਚੇ ਭਾਗ ਲੈ ਰਹੇ ਹੁੰਦੇ ਹਨ। ਜਿਹੜੇ ਬੱਚੇ ਸ਼ਬਦ ਕੀਰਤਨ ਕਰਦੇ ਹਨ, ਉਨ੍ਹਾਂ ਵਿਚੋਂ ਵੀ ਬਹੁਤਿਆਂ ਨੂੰ ਗੁਰਮੁਖੀ ਨਹੀਂ ਆਉਂਦੀ ਤੇ ਉਹ ਰੋਮਨ ਲਿਪੀ ਵਿਚ ਲਿੱਖੀ ਗੁਰਬਾਣੀ ਨਾਲ ਆਪਣਾ ਕੰਮ ਸਾਰ ਰਹੇ ਹਨ। ਗੁਰਮੁਖੀ ਨਾ ਆਉਣ ਕਰਕੇ, ਇਹ ਬੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਂ ਨਾ ਤਾਂ ਪਾਠ ਕਰ ਸਕਦੇ ਹਨ ਤੇ ਨਾ ਹੀ ਵਾਕ ਲੈ ਸਕਦੇ ਹਨ।

ਕੈਲੀਫੋਰਨੀਆ ਦੇ ਕਈ ਸਕੂਲਾਂ ਵਿਚ ਪੰਜਾਬੀ ਬਤੌਰ ਵਿਸ਼ਾ ਹੈ, ਪਰ ਇਸ ਦਾ ਲਾਭ ਮੈਕਸੀਕਨ ਤਾਂ ਉਠਾ ਰਹੇ ਹਨ ਕਿਉਂਕਿ ਉਨ੍ਹਾਂ ਨੇ ਪੰਜਾਬੀਆਂ ਕੋਲ ਕੰਮ ਕਰਨਾ ਹੁੰਦਾ ਹੈ, ਪਰ ਸਾਡੇ ਪੰਜਾਬੀ ਬੱਚੇ ਬਹੁਤੀ ਦਿਲਚਸਪੀ ਨਹੀਂ ਵਿਖਾ ਰਹੇ। ਪੰਜਾਬੀ ਵਿਰਸੇ ਤੇ ਭਾਸ਼ਾ ਨਾਲ ਪਿਆਰ ਕਰਨ ਵਾਲਿਆਂ ਨੇ ਹੁਣ ਅਮਰੀਕਾ ਵਿਚ ਚਾਰਟਰ ਸਕੂਲ ਖੋਲ੍ਹਣੇ ਸ਼ੁਰੂ ਕੀਤੇ ਹਨ। ਅਮਰੀਕਾ ਵਿਚ ਸਭ ਤੋਂ ਪਹਿਲਾ ਚਾਰਟਰ ਸਕੂਲ ਸੈਕਰਾਮੈਂਟੋ ਵਿਖੇ ਖੋਲ੍ਹਿਆ ਗਿਆ ਹੈ, ਜਿੱਥੇ ਹਰ ਵਿਦਿਆਰਥੀ ਨੂੰ 45 ਮਿੰਟ ਪੰਜਾਬੀ ਪੜ੍ਹਾਈ ਜਾਂਦੀ ਹੈ। ਵਿਦਿਆਰਥੀ ਪੰਜਾਬੀ ਪੜ੍ਹਦੇ, ਲਿਖਦੇ ਅਤੇ ਬੋਲਦੇ ਹਨ। ਮੈਨੂੰ ਵੀ ਇਸ ਸਕੂਲ ਨੂੰ ਵੇਖਣ ਦਾ ਮੌਕਾ ਮਿਲਿਆ ਤੇ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ ਕਿ ਵੱਖ ਵੱਖ ਧਰਮਾਂ ਅਤੇ ਨਸਲਾਂ ਦੇ ਬੱਚੇ ਪੰਜਾਬੀ ਦੀ ਪੜ੍ਹਾਈ ਕਰਨ ਲਈ ਇਸ ਸਕੂਲ ਵਿਚ ਦਾਖ਼ਲਾ ਲੈ ਰਹੇ ਹਨ । ਪਰ ਜਿੰਨੀ ਵਡੀ ਗਿਣਤੀ ਵਿਚ ਅਜਿਹੇ ਸਕੂਲ ਖੋਲ੍ਹਣੇ ਚਾਹੀਦੇ ਹਨ, ਉਹ ਨਹੀਂ ਖੁੱਲ੍ਹ ਰਹੇ।

ਅਮਰੀਕਾ ਦੇ ਕੁਝ ਸ਼ਹਿਰ ਅਜਿਹੇ ਵੀ ਹਨ, ਜਿੱਥੇ ਪਬਲਿਕ ਲਾਇਬਰੇਰੀਆਂ ਵਿਚ



Academy of the Punjab in North America: http://www.apnaorg.com

ਪੰਜਾਬੀ ਦੇ ਸੈਕਸ਼ਨ ਹਨ। ਇਨ੍ਹਾਂ ਵਿਚੋਂ ਕੈਲੀਫੋਰਨੀਆ ਸੂਬੇ ਦੇ ਕਰਮਨ ਸ਼ਹਿਰ ਦੀ ਪਬਲਿਕ ਲਾਇਬਰੇਰੀ ਵਿਚ ਇਸ ਸਮੇਂ 3000 ਤੋਂ ਵੱਧ ਪੰਜਾਬੀ ਪੁਸਤਕਾਂ ਹਨ। ਇਨ੍ਹਾਂ ਵਿਚ ਕਈ ਬਹੁਤ ਹੀ ਕੀਮਤੀ ਪੁਸਤਕਾਂ ਹਨ। ਇੱਥੇ ਅੰਗਰੇਜ਼ੀ ਤੋਂ ਬਾਅਦ ਪੰਜਾਬੀ ਦਾ ਦੂਜਾ ਸਥਾਨ ਹੈ। ਬਹੁਤ ਹੀ ਵੱਡਮੁੱਲੀਆਂ ਤੇ ਗਿਆਨਵਾਨ ਪੁਸਤਕਾਂ ਨੂੰ ਉੱਥੋਂ ਇਸ ਲਈ ਬਾਹਰ ਕੱਢਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਪਾਠਕ ਪੜ੍ਹਦੇ ਨਹੀਂ ਹਨ। ਅਮਰੀਕਾ ਵਿਚ ਇਹ ਨਿਯਮ ਹੈ ਕਿ ਜਿਹੜੀਆਂ ਕਿਤਾਬਾਂ ਬਹੁਤ ਘਟ ਪੜ੍ਹੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਇਕ ਸਮੇਂ ਬਾਅਦ ਬਾਹਰ ਕੱਢ ਦਿੱਤਾ ਜਾਂਦਾ ਹੈ । ਇਸ ਤੋਂ ਇਲਾਵਾ ਕਰਮਨ ਕਾਉਂਟੀ ਦੀਆਂ 13 ਬ੍ਰਾਚਾਂ ਵਿਚ ਪੰਜਾਬੀ ਸੈਕਸ਼ਨ ਬਣ ਗਏ ਸਨ ਪਰ ਪੰਜਾਬੀ ਪਾਠਕਾਂ ਦੀ ਪੜ੍ਹਨ ਰੁਚੀ ਘਟ ਹੋਣ ਕਰਕੇ ਹੁਣ ਇਹ ਗਿਣਤੀ ਘਟ ਰਹੀ ਹੈ।

ਪੰਜਾਬੀ ਅਖ਼ਬਾਰਾਂ ਦਾ ਅਮਰੀਕਾ ਵਿਚ ਬਹੁਤ ਬੋਲਬਾਲਾ ਹੈ, ਪਰ ਇਨ੍ਹਾਂ ਲਈ ਉਹੋ ਲੇਖਕ ਲਿਖ ਰਹੇ ਹਨ, ਜਿਹੜੇ ਪੰਜਾਬ 'ਚੋਂ ਅਮਰੀਕਾ ਆਏ ਹਨ। ਨਵੀਂ ਪੀੜ੍ਹੀ ਨਾ ਤਾਂ ਇਹ ਅਖ਼ਬਾਰਾਂ ਪੜ੍ਹਦੀ ਹੈ ਤੇ ਨਾ ਹੀ ਪੰਜਾਬੀ ਵਿਚ ਕੋਈ ਰਚਨਾ ਲਿਖਦੀ ਹੈ। ਜਿਹੜਾ ਸਾਹਿਤ ਨਵੀਂ ਪੀੜ੍ਹੀ ਲਿਖ ਰਹੀ ਹੈ, ਭਾਵੇਂ ਉਸ ਦਾ ਸੰਬੰਧ ਸਿੱਖ ਧਰਮ, ਵਿਰਸੇ, ਪੰਜਾਬ ਅਤੇ ਪੰਜਾਬੀਅਤ ਨਾਲ ਹੋਵੇ, ਉਹ ਸਾਰਾ ਅੰਗਰੇਜ਼ੀ ਵਿਚ ਹੈ। ਇਸ ਲਈ ਜੇ ਅਸੀਂ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਣ ਵੱਲ ਨਾ ਤੋਰਿਆ ਤਾਂ ਇਕ ਸਮਾਂ ਆਵੇਗਾ ਗੁਰਮੁਖੀ ਲਿਪੀ ਵਿਚ ਛਪਦੀਆਂ ਇਹ ਪੰਜਾਬੀ ਅਖ਼ਬਾਰਾਂ ਬੰਦ ਹੋ ਜਾਣਗੀਆਂ।

ਜਦੋਂ ਇਸ ਸਬੰਧੀ ਗੱਲ ਬਾਤ ਕੀਤੀ ਜਾਂਦੀ ਹੈ ਤਾਂ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਹੁਣ ਅੰਗਰੇਜ਼ੀ ਵਿਚ ਸਾਰਾ ਕੁਝ ਉਪਲਬਧ ਹੈ, ਇਸ ਲਈ ਪੰਜਾਬੀ ਪੜ੍ਹਨ ਦੀ ਕੋਈ ਲੋੜ ਨਹੀਂ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਵਿਚ ਜੋ ਲਿਖਿਆ ਜਾ ਚੁੱਕਾ ਹੈ ਜਾਂ ਲਿਖਿਆ ਜਾ ਰਿਹਾ ਹੈ, ਉਸ ਸਾਰੇ ਦਾ ਅਨੁਵਾਦ ਅੰਗਰੇਜ਼ੀ ਵਿਚ ਕਦੇ ਵੀ ਨਹੀਂ ਹੋ ਸਕਦਾ। ਮੌਲਿਕ ਰਚਨਾ ਦਾ ਆਨੰਦ, ਉਸੇ ਭਾਸ਼ਾ ਵਿਚ ਮਾਣਿਆ ਜਾ ਸਕਦਾ ਹੈ, ਜਿਸ ਵਿਚ ਉਹ ਲਿਖੀ ਗਈ ਹੋਵੇ। ਇਸ ਲਈ ਸੁਹਜ ਸੁਆਦ ਦੀ ਦ੍ਰਿਸ਼ਟੀ ਤੋਂ ਪੰਜਾਬੀ ਰਚਨਾਵਾਂ ਦਾ ਆਨੰਦ ਉਨ੍ਹਾਂ ਨੂੰ ਪੰਜਾਬੀ ਵਿਚ ਹੀ ਪੜ੍ਹ ਕੇ ਮਾਣਿਆ ਜਾ ਸਕਦਾ ਹੈ। ਅਨੁਵਾਦ ਤਾਂ ਗੁਜ਼ਾਰੇ ਮਾਤਰ ਹੈ ਜਾਂ ਉਨ੍ਹਾਂ ਵਾਸਤੇ ਹੈ, ਜਿਨ੍ਹਾਂ ਨੂੰ ਪੰਜਾਬੀ ਆਉਂਦੀ ਨਹੀਂ।

ਸਾਰੇ ਪੰਜਾਬੀਆਂ ਦੀਆਂ ਜੜ੍ਹਾਂ ਪੰਜਾਬ ਨਾਲ ਜੁੜੀਆਂ ਹੋਈਆਂ ਹਨ, ਉਹ ਭਾਵੇਂ ਪਾਕਿਸਤਾਨ ਦਾ ਪੰਜਾਬ ਹੋਵੇ ਤੇ ਭਾਵੇਂ ਭਾਰਤ ਦਾ। ਦੋਵਾਂ ਪੰਜਾਬਾਂ ਵਿਚ ਗੱਲਬਾਤ ਲਈ ਪੰਜਾਬੀ ਭਾਸ਼ਾ ਦਾ ਗਿਆਨ ਹੋਣਾ ਚਾਹੀਦਾ ਹੈ। ਪੰਜਾਬੀ ਭਾਸ਼ਾ ਇਕ ਅਮੀਰ ਭਾਸ਼ਾ ਹੈ ਤੇ ਇਸ ਦਾ ਵਿਰਸਾ ਵੀ ਬੜਾ ਅਮੀਰ ਹੈ। ਅਮੀਰ ਵਿਰਸੇ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਾਉਣ ਲਈ ਪੰਜਾਬੀ ਭਾਸ਼ਾ ਆਉਣੀ ਚਾਹੀਦੀ ਹੈ। ਸਭ ਤੋਂ ਵੱਡਾ ਵਿਰਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਸ ਨੂੰ ਪੜ੍ਹਨ ਲਈ ਗੁਰਮੁਖੀ ਆਉਣੀ ਚਾਹੀਦੀ ਹੈ ਤੇ ਗੁਰਬਾਣੀ ਨੂੰ ਸਮਝਣ ਲਈ ਪੰਜਾਬੀ ਆਉਣੀ ਚਾਹੀਦੀ ਹੈ। ਪੰਜਾਬੀ ਨਾ ਆਉਣ ਕਰਕੇ ਹੀ ਗੁਰਦੁਆਰਿਆਂ ਤੋਂ ਨਵੀਂ ਪੀੜ੍ਹੀ ਬੇ-ਮੁੱਖ ਹੋ ਰਹੀ ਹੈ ਕਿਉਂਕਿ ਇਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਕੀ ਪੜ੍ਹਿਆ ਜਾ ਰਿਹਾ ਹੈ। ਜਦ ਘਰਾਂ ਵਿਚ ਵੀ ਸ੍ਰੀ ਅਖੰਡ ਪਾਠ ਸਾਹਿਬ



Academy of the Punjab in North America: http://www.apnaorg.com

ਦਾ ਪਾਠ ਕਰਾਇਆ ਜਾਂਦਾ ਹੈ ਤਾਂ ਬੱਚੇ ਟੀ.ਵੀ. ਵੇਖ ਰਹੇ ਹੁੰਦੇ ਹਨ। ਪੁੱਛਣ 'ਤੇ ਕਹਿੰਦੇ ਹਨ ਕਿ ਗ੍ਰੰਥੀ ਸਿੰਘ ਕੀ ਪੜ੍ਹ ਰਿਹਾ ਹੈ, ਸਾਨੂੰ ਸਮਝ ਨਹੀਂ ਲਗਦੀ ਹੈ। ਸ਼ਬਦ ਕੀਰਤਨ ਤੋਂ ਇਲਾਵਾ ਗੁਰੂ ਘਰ ਨਾਲ ਸਬੰਧਤ ਢਾਡੀ ਵਾਰਾਂ ਸਾਡਾ ਇਕ ਅਹਿਮ ਵਿਰਸਾ ਹੈ, ਨਵੀਂ ਪੀੜ੍ਹੀ ਵੀ ਏਨਾ ਤੋਂ ਬੇ-ਮੁੱਖ ਹੈ।

ਵਿਰਸੇ ਨਾਲ ਜੁੜੀਆਂ ਹੋਈਆਂ ਹੋਰ ਵੀ ਬਹੁਤ ਗੱਲਾਂ ਹਨ, ਜਿਨ੍ਹਾਂ ਲਈ ਪੰਜਾਬੀ ਭਾਸ਼ਾ ਦਾ ਗਿਆਨ ਬਹੁਤ ਜਰੂਰੀ ਹੈ, ਜਿਵੇਂ ਇਤਿਹਾਸ, ਸਭਿਆਚਾਰ, ਰੀਤੀ ਰਿਵਾਜ, ਕਿੱਸਾ ਸਾਹਿਤ, ਸੂਫ਼ੀ ਸਾਹਿਤ, ਵਾਰ ਸਾਹਿਤ, ਬੀਰ ਕਾਵਿ, ਗੁਰੂ ਸਾਹਿਬਾਨ ਨਾਲ ਸਬੰਧਤ ਸਾਹਿਤ ਆਦਿ ਜੋ ਵਖਰੇ ਲੇਖ ਦੀ ਮੰਗ ਕਰਦਾ ਹੈ। ਕੇਵਲ ਅਮਰੀਕਾ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਵਿਚ ਅਜੋਕੀ ਪੀੜ੍ਹੀ ਪੰਜਾਬੀ ਨਾਲੋਂ ਟੁਟ ਰਹੀ ਹੈ। ਜੇ ਅਸੀਂ ਪੰਜਾਬੀ ਵੱਲ ਧਿਆਨ ਨਾ ਦਿੱਤਾ ਤਾਂ ਇਹ ਭਾਸ਼ਾ ਹੌਲੀ ਹੌਲੀ ਖ਼ਾਤਮੇ ਵੱਲ ਜਾਵੇਗੀ। ਇਸ ਸਮੇਂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੋਈ 14 ਕਰੋੜ ਦੇ ਕਰੀਬ ਹੈ ਤੇ ਪੰਜਾਬੀ ਦੁਨੀਆਂ ਦੀ 10ਵੇਂ ਨੰਬਰ ਦੀ ਭਾਸ਼ਾ ਹੈ।

ਪਹਿਲਾਂ ਪੰਜਾਬੀ ਭਾਸ਼ਾ ਦਾ ਖੇਤਰ ਬਹੁਤ ਵਿਸ਼ਾਲ ਸੀ। ਆਜ਼ਾਦੀ ਤੋਂ ਪਹਿਲਾਂ ਦਿੱਲੀ ਤੀਕ ਪੰਜਾਬੀ ਬੋਲੀ ਜਾਂਦੀ ਸੀ। ਪਾਕਿਸਤਾਨ ਬਣਨ ਨਾਲ ਤੇ ਭਾਰਤ ਵਿਚ ਨਵੇਂ ਸੂਬੇ ਬਣਨ ਨਾਲ ਸਥਿਤੀ ਬਹੁਤ ਬਦਲ ਗਈ ਹੈ। ਭਾਰਤੀ ਪੰਜਾਬ ਨੂੰ ਛੱਡ ਕੇ ਦਿੱਲੀ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਤੇ ਹੋਰਨਾਂ ਸੂਬਿਆਂ ਵਿਚ ਪੰਜਾਬੀ ਅੱਧੇ-ਅਧੂਰੇ ਢੰਗ ਨਾਲ ਕਿਧਰੇ ਕਿਧਰੇ ਸਕੂਲਾਂ ਵਿਚ ਇਕ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ। ਦਿੱਲੀ ਅਤੇ ਹਰਿਆਣਾ ਨੂੰ ਛੱਡ ਕੇ ਪੰਜਾਬੀ ਦੀ ਹਾਲਤ ਵਿਦੇਸ਼ਾਂ ਨਾਲੋਂ ਵੀ ਮਾੜੀ ਹੈ।

ਭਾਰਤੀ ਪੰਜਾਬ ਵਿਚ ਪਹਿਲਾਂ ਸਰਕਾਰੀ ਸਕੂਲਾਂ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਸੀ। ਕੇਵਲ ਇਸਾਈ ਮਿਸ਼ਨਰੀ ਸਕੂਲਾਂ ਵਿਚ ਹੀ ਅੰਗਰੇਜ਼ੀ ਮਾਧਿਅਮ ਸੀ, ਪਰ ਇਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ। ਤੀਜੀ ਜਮਾਤ ਵਿਚ ਹਿੰਦੀ ਤੇ ਛੇਵੀਂ ਜਮਾਤ ਵਿਚ ਅੰਗਰੇਜ਼ੀ ਪੜ੍ਹਾਈ ਜਾਂਦੀ ਸੀ। 1980 ਦੇ ਆਸ ਪਾਸ ਇਸ ਰੁਝਾਨ ਨੂੰ ਪੁੱਠਾ ਗੇੜਾ ਦਿੱਤਾ ਜਾਣ ਲੱਗਾ। 1990 ਤੋਂ ਬਾਅਦ ਅੰਗਰੇਜ਼ੀ ਭਾਸ਼ਾ ਨੇ ਭਾਰਤੀ ਮਾਤ-ਭਾਸ਼ਾਵਾਂ ਨੂੰ ਸਿੱਖਿਆ 'ਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਤੇ ਸੰਯੁਕਤ ਰਾਸ਼ਟਰ ਸੰਘ ਦੀ ਸਿੱਖਿਆ, ਸਭਿਆਚਾਰ ਅਤੇ ਸਮਾਜੀ ਮਾਮਲਿਆਂ ਬਾਰੇ ਅਜੰਸੀ (ਯੂਨੈਸਕੋ) ਨੇ 21ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਿਵੇਂ ਕਿ ਅਖਬਾਰਾਂ ਵਿਚ ਆਇਆ ਕਿ ਪੰਜਾਬੀ 50 ਸਾਲਾਂ ਵਿਚ ਲੋਪ ਹੋ ਜਾਵੇਗੀ। ਭਾਵੇਂ ਕਿ ਯੂਨੈਸਕੋ ਨੇ ਪੰਜਾਬੀ ਬਾਰੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਪਰ ਇਹ ਤੱਥ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਹੈ।

ਪੰਜਾਬੀ ਬੋਲਣ ਵਾਲਿਆਂ ਦੀ ਦੋ ਤਿਆਈ (2/3) ਗਿਣਤੀ ਪਾਕਿਸਤਾਨ ਵਿਚ ਹੈ। ਪਾਕਿਸਤਾਨੀ ਪੰਜਾਬ ਵਿਚ ਸਿੱਖਿਆ ਵਿਚ ਪੰਜਾਬੀ ਦੀ ਥਾਂ ਲਗਭਗ ਸਿਫ਼ਰ ਦੇ ਬਰਾਬਰ ਹੈ ਕਿਉਂਕਿ ਉੱਥੇ ਸਿੱਖਿਆ ਉਰਦੂ ਜਾਂ ਅੰਗਰੇਜ਼ੀ ਵਿਚ ਦਿੱਤੀ ਜਾ ਰਹੀ ਹੈ। ਪੰਜਾਬੀ ਦੀ ਵਰਤੋਂ ਟੈਲੀਵੀਜ਼ਨ ਅਤੇ ਰਸਾਲਿਆਂ ਵਿਚ ਤਾਂ ਹੋ ਰਹੀ ਹੈ, ਪਰ ਉੱਥੇ



Academy of the Punjab in North America: http://www.apnaorg.com

ਵੀ ਅਜਾਰੇਦਾਰੀ ਉਰਦੂ ਦੀ ਹੈ। ਇਸ ਤਰ੍ਹਾਂ ਨੌਜੁਆਨ ਪੀੜ੍ਹੀ ਪੰਜਾਬੀ ਨਾਲੋਂ ਟੁੱਟ ਰਹੀ ਹੈ।

ਭਾਰਤੀ ਪੰਜਾਬ ਵਿਚ ਭਾਵੇਂ ਪੰਜਾਬੀ ਪੀੜ੍ਹੀਓ-ਪੀੜ੍ਹੀ ਤਾਂ ਅੱਗੇ ਚਲ ਰਹੀ ਹੈ ਪਰ ਬਹੁਤ ਸਾਰੇ ਖੇਤਰ ਅਜਿਹੇ ਹਨ ਜਿੱਥੇ ਜਾਂ ਤਾਂ ਵਰਤੋਂ ਨਹੀਂ ਹੋ ਰਹੀ ਜਾਂ ਘੱਟ ਹੋ ਰਹੀ ਹੈ। ਇਨ੍ਹਾਂ ਵਿਚ ਸਭ ਤੋਂ ਵੱਧ ਖੇਤਰ ਸਕੂਲੀ ਸਿੱਖਿਆ ਦਾ ਹੈ। ਹੁਣ ਭਾਰੂ ਵਰਗ ਦਾ ਰੁਝਾਨ ਅੰਗਰੇਜ਼ੀ ਵੱਲ ਹੋ ਗਿਆ ਹੈ ਤੇ ਉਨ੍ਹਾਂ ਦੇ ਬੱਚੇ ਅਰੰਭਕ ਪੱਧਰ ਤੋਂ ਹੀ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਜਾ ਰਹੇ ਹਨ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਵਿਸ਼ੇ ਵਜੋਂ ਅਧੂਰੇ ਢੰਗ ਨਾਲ ਪੜ੍ਹਾਈ ਜਾ ਰਹੀ ਹੈ ਤੇ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਮਾਤ ਭਾਸ਼ੀ ਬੱਚੇ ਕਹਿਣਾ ਵੀ ਠੀਕ ਨਹੀਂ ਕਿਉਂਕਿ ਸਕੂਲੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਇਨ੍ਹਾਂ ਬੱਚਿਆਂ ਦੀ ਭਾਸ਼ਾਈ ਸਮਰਥਾ ਪੰਜਾਬੀ ਭਾਸ਼ਾ ਨਾਲੋਂ ਅੰਗਰੇਜ਼ੀ ਵਿਚ ਬਿਹਤਰ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਉਹ ਵੀ ਸੀਮਤ ਜਿਹੀ ਹੁੰਦੀ ਹੈ।

ਵਿਦੇਸ਼ਾਂ ਵਿਚ ਜਿੱਥੇ ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਹਨ, ਉੱਥੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਜਾਂ ਸੰਸਥਾਈ ਰੂਪ ਵਿਚ ਕੁਝ ਨਾ ਕੁਝ ਸਰਪ੍ਰਸਤੀ ਹਾਸਲ ਹੈ। ਕੈਨੇਡਾ ਵਿਚ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਦੀ ਵਰਤੋਂ ਨੂੰ ਵਕਾਰ ਹਾਸਲ ਹੈ।

## ਭਾਸ਼ਾਵਾਂ ਸੰਬੰਧੀ ਕੁਝ ਗ਼ਲਤ ਫ਼ਹਿਮੀਆਂ

ਭਾਸ਼ਾਵਾਂ ਸੰਬੰਧੀ ਕਈ ਗ਼ਲਤ ਫ਼ਹਿਮੀਆਂ ਹਨ। ਪਹਿਲੀ ਗ਼ਲਤ ਫ਼ਹਿਮੀ ਹੈ ਮਾਤ-ਭਾਸ਼ਾ ਬਾਰੇ। ਪੰਜਾਬ ਵਿਚ ਲੋਕ ਸਮਝਦੇ ਹਨ ਕਿ ਪੰਜਾਬੀ ਮਾਧਿਅਮ ਵਿਚ ਪੜ੍ਹਾਇਆ ਤਾਂ ਸਾਡੇ ਬੱਚੇ ਅੰਗਰੇਜ਼ੀ ਵਿਚ ਕਮਜ਼ੋਰ ਹੋ ਜਾਣਗੇ ਤੇ ਉਹ ਮੁਕਾਬਲੇ ਦੀ ਪ੍ਰੀਖਿਆਵਾਂ ਵਿਚ ਮਾਰ ਖਾ ਜਾਣਗੇ। ਜੇ ਅਸੀਂ ਪਿਛੋਕੜ 'ਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਿੰਨੇ ਵੀ ਇਸ ਸਮੇਂ ਸੇਵਾ ਮੁਕਤ ਆਈ.ਏ.ਐਸ, ਆਈ.ਪੀ.ਐਸ. ਅਫ਼ਸਰ, ਡਾਕਟਰ, ਇੰਜਨੀਅਰ ਹਨ, ਇਹ ਸਾਰੇ ਪੰਜਾਬੀ ਮਾਧਿਅਮ ਵਿਚ ਹੀ ਪੜ੍ਹੇ ਹਨ। ਭਾਰਤ ਵਿਚ ਜਿੰਨੇ ਵੀ ਸਿੱਖਿਆ ਕਮਿਸ਼ਨ ਬਣੇ, ਉਨ੍ਹਾਂ ਨੇ ਮਾਤ-ਭਾਸ਼ਾ ਵਿਚ ਮੁਢਲੀ ਸਿੱਖਿਆ ਦੇਣ ਦੀ ਸਿਫ਼ਾਰਸ਼ ਕੀਤੀ ਤੇ ਯੂਨੈਸਕੋ ਦੀਆਂ ਰਿਪੋਰਟਾਂ ਵੀ ਇਹੋ ਕਹਿੰਦੀਆਂ ਹਨ। ਇਹੋ ਕਾਰਨ ਸੀ ਕਿ ਪੰਜਾਬ ਵਿਚ ਆਰੰਭ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ, ਤੀਜੀ ਜਮਾਤ ਵਿਚ ਹਿੰਦੀ ਤੇ ਛੇਵੀਂ ਵਿਚ ਅੰਗਰੇਜ਼ੀ, ਜਿਵੇਂ ਕਿ ਉਪਰ ਜਿਕਰ ਕੀਤਾ ਗਿਆ ਹੈ।

ਕਾਂਗਰਸ ਪਾਰਟੀ ਨੇ 1929 ਵਿਚ ਲਾਹੌਰ ਸੈਸ਼ਨ ਵਿਚ ਹੀ ਇਸ ਬਾਰੇ ਸਪਸ਼ਟ ਐਲਾਨ ਕੀਤਾ ਸੀ ਕਿ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਮਾਤ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦਾ ਆਧਾਰ ਬਣਾਇਆ ਜਾਵੇਗਾ ਅਤੇ ਭਾਰਤੀ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦਾ ਆਧਾਰ ਬਨਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਮਹਾਤਮਾ ਗਾਂਧੀ ਨੇ 1938 ਵਿਚ ਸਪਸ਼ਟ ਕਿਹਾ ਸੀ ਕਿ ਖੇਤਰੀ ਭਾਸ਼ਾਵਾਂ ਨੂੰ ਉਨ੍ਹਾਂ ਦੀ ਹੱਕੀ ਥਾਂ ਦਿੰਦੇ ਹੋਏ ਸਿੱਖਿਆ ਦਾ ਮਾਧਿਅਮ ਹਰ ਹਾਲਤ ਵਿਚ ਤੁਰੰਤ ਬਦਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਤਾਂ ਇੱਥੋਂ ਤੀਕ ਕਿਹਾ ਸੀ ਕਿ ਅੰਗਰੇਜ਼ੀ ਭਾਸ਼ਾ ਦੇ ਹੇਜ ਤੋਂ ਨਿਜਾਤ ਪਾਉਣਾ ਸਵਰਾਜ ਦੇ ਸਭ ਤੋਂ ਜ਼ਰੂਰੀ ਉਦੇਸ਼ਾਂ ਵਿਚੋਂ ਇਕ ਹੈ। ਸ਼ਹੀਦ ਭਗਤ ਸਿੰਘ



Academy of the Punjab in North America: http://www.apnaorg.com

ਨੇ ਤਾਂ 15 ਸਾਲ ਦੀ ਉਮਰ ਵਿਚ ਕਹਿ ਦਿੱਤਾ ਸੀ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਤੋਂ ਬਿਨਾਂ ਅੱਗੇ ਵਧਿਆ ਨਹੀਂ ਜਾ ਸਕਦਾ।

ਜੇ ਰੂਸ, ਫ਼ਰਾਂਸ, ਜਰਮਨ, ਜਾਪਾਨ ਆਦਿ ਦੇਸ਼ ਅੰਗਰੇਜ਼ੀ ਤੋਂ ਬਿਨਾਂ ਤਰੱਕੀ ਕਰ ਸਕਦੇ ਹਨ ਤਾਂ ਭਾਰਤ ਕਿਉਂ ਨਹੀਂ ਕਰ ਸਕਦਾ। ਇਨ੍ਹਾਂ ਦੇਸ਼ਾਂ ਨੇ ਅੰਗਰੇਜ਼ੀ ਤੋਂ ਬਿਨਾਂ ਉਚ ਪਾਏ ਦੀਆਂ ਖੋਜਾਂ ਕੀਤੀਆਂ ਹਨ। ਭਾਰਤ ਨੇ ਵੀ ਆਯੂਰਵੈਦਿਕ ਖੇਤਰ ਵਿਚ ਬਿਨਾਂ ਅੰਗਰੇਜ਼ੀ ਤੋਂ ਹੀ ਮਲਾਂ ਮਾਰੀਆਂ ਸਨ। 2003 ਵਿਚ ਗਣਿਤ ਅਤੇ ਵਿਗਿਆਨਕ ਅਧਿਐਨਾਂ ਦੇ ਰੁਝਾਨਾਂ ਵਿਚ ਚੋਟੀ ਦੇ ਰਹਿਣ ਵਾਲੇ ਪੰਜ ਦੇਸ਼ ਸਿੰਗਾਪੁਰ, ਕੋਰੀਆ ਗਣਤੰਤਰ, ਹਾਂਗਕਾਂਗ, ਚੀਨੀ ਤਾਈਪੇਈ ਅਤੇ ਜਾਪਾਨ, ਉਹ ਸਨ, ਜਿੱਥੇ ਅੰਗਰੇਜ਼ੀ ਪਹਿਲੀ ਭਾਸ਼ਾ ਨਹੀਂ।

ਬੱਚਾ ਆਪਣੀ ਗੱਲ ਆਪਣੀ ਮਾਤ ਭਾਸ਼ਾ ਵਿਚ ਆਸਾਨੀ ਨਾਲ ਕਹਿ ਸਕਦਾ ਹੈ ਕਿਉਂਕਿ ਉਸ ਨੂੰ ਗ਼ਲਤੀਆਂ ਦਾ ਡਰ ਨਹੀਂ ਹੁੰਦਾ । ਮਾਤ ਭਾਸ਼ਾ ਅਧਾਰਤ ਸਿੱਖਿਆ ਵਿਚ ਵਿਦਿਆਰਥੀ ਸਰਗਰਮੀ ਨਾਲ ਭਾਗ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਜੋ ਦੱਸਿਆ ਜਾ ਰਿਹਾ ਹੁੰਦਾ ਹੈ, ਉਸ ਨੂੰ ਉਹ ਸਮਝ ਰਹੇ ਹੁੰਦੇ ਹਨ। ਮਾਤ ਭਾਸ਼ਾ ਆਧਾਰਤ ਸਿੱਖਿਆ ਵਿਚ ਮਾਪੇ ਵੀ ਸਰਗਰਮੀ ਨਾਲ ਭਾਗ ਲੈ ਸਕਦੇ ਹਨ ਕਿਉਂਕਿ ਸਕੂਲ ਦੀ ਭਾਸ਼ਾ ਤੇ ਉਨ੍ਹਾਂ ਦੀ ਭਾਸ਼ਾ ਇਕ ਹੁੰਦੀ ਹੈ।

ਯੂਗਾਂਡਾ ਵਿਚ 52 ਭਾਸ਼ਾ ਸਮੂਹ ਹਨ। ਉੱਥੇ ਪਹਿਲਾਂ ਸਕੂਲੀ ਸਿੱਖਿਆ ਆਰੰਭ ਵਿਚ ਅੰਗਰੇਜ਼ੀ ਮਾਧਿਅਮ ਵਿਚ ਦਿੱਤੀ ਜਾਂਦੀ ਸੀ ਪਰ ਉਨ੍ਹਾਂ ਨੇ 2007 ਵਿਚ ਤੈਅ ਕੀਤਾ ਕਿ ਮੁੱਢਲੀ ਸਿੱਖਿਆ ਦੇ ਪਹਿਲੇ ਤਿੰਨ ਸਾਲ ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ ਹੋਵੇ ਅਤੇ ਅੰਗਰੇਜ਼ੀ ਇਕ ਵਿਸ਼ੇ ਵਜੋਂ ਪੜ੍ਹਾਈ ਜਾਵੇ। ਇਸ ਦੇ ਬਹੁਤ ਵਧੀਆ ਨਤੀਜੇ ਸਾਹਮਣੇ ਆਏ।

ਵੈਸੇ ਦੁਨੀਆਂ ਵਿਚ ਅੰਗਰੇਜ਼ੀ ਦਾ ਬੋਲਬਾਲਾ ਘੱਟ ਰਿਹਾ ਹੈ। 2000 ਦੇ ਆਸ ਪਾਸ ਇੰਟਰਨੈਟ 'ਤੇ 80% ਤੋਂ ਵੱਧ ਅੰਗਰੇਜ਼ੀ ਵਿਚ ਪ੍ਰਾਪਤ ਹੋਣ ਵਾਲੀ ਜਾਣਕਾਰੀ ਮਹਿਜ 35% ਤੋਂ ਵੀ ਘੱਟ ਗਈ ਹੈ। 1990 ਦੀ ਜਨ-ਗਣਨਾ ਵਿਚ 3 ਕਰੋੜ 18 ਲੱਖ ਅਮਰੀਕੀਆਂ ਨੇ ਦਰਜ ਕਰਵਾਇਆ ਸੀ ਕਿ ਉਹ ਘਰ ਵਿਚ ਅੰਗਰੇਜ਼ੀ ਨਹੀਂ ਬੋਲਦੇ ਤੇ ਇਹ ਗਿਣਤੀ 2000 ਵਿਚ ਵਧ ਕੇ 4 ਕਰੋੜ 70 ਲੱਖ ਹੋ ਗਈ । 1980-2011 ਵਿਚ ਅਮਰੀਕਾ ਵਿਚ ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਬੋਲਣ ਵਾਲਿਆਂ ਦੀ ਗਿਣਤੀ 140 ਪ੍ਰਤੀਸ਼ਤ ਵਧੀ ਹੈ। ਇੰਗਲੈਂਡ ਅਤੇ ਅਮਰੀਕਾ ਦੇ ਵਿਦਿਆਰਥੀ ਵਿਸ਼ਵ-ਮੰਡੀ ਵਿਚ ਇਸ ਲਈ ਮਾਰ ਖਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਕੇਵਲ ਅੰਗਰੇਜ਼ੀ ਆਉਂਦੀ ਹੈ। ਸੰਸਾਰ ਵਿਚ ਚੀਨੀ ਤੇ ਸਪੇਨੀ ਭਾਸ਼ਾਵਾਂ ਦਾ ਦਬਦਬਾ ਵਧ ਰਿਹਾ ਹੈ। ਸਾਰੇ ਸੰਸਾਰ ਵਿਚ ਮਾਤ ਭਾਸ਼ਾ ਦੇ ਨਾਲ ਦੂਜੀਆਂ ਭਾਸ਼ਾਵਾਂ ਦੀ ਪੜ੍ਹਾਈ ਕਰਾਉਣ ਵੱਲ ਰੁਝਾਨ, ਹੁਣ ਵਧ ਰਿਹਾ ਹੈ। ਹੁਣ ਇਕ ਭਾਸ਼ਾ ਜਾਨਣ ਨਾਲ ਗੁਜ਼ਾਰਾ ਨਹੀਂ ਹੋ ਸਕਦਾ।

ਪੰਜਾਬੀ ਭਾਸ਼ਾ ਹੁਣ ਕਾਰੋਬਾਰ ਦੀ ਭਾਸ਼ਾ ਵੀ ਬਣ ਗਈ ਹੈ। ਵਿਦੇਸ਼ਾਂ ਵਿਚ ਕਈ ਪੰਜਾਬੀ ਇਲਾਕੇ ਹਨ, ਜਿੱਥੇ ਕਾਰੋਬਾਰ ਚਲਾਉਣ ਲਈ ਪੰਜਾਬੀ ਆਉਣੀ ਜ਼ਰੂਰੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਪ੍ਰੋਫੈਸਰ ਜੋਗਾ ਸਿੰਘ ਦਾ ਕਹਿਣਾ ਹੈ ਕਿ ਕੈਨੇਡਾ



Academy of the Punjab in North America: http://www.apnaorg.com

ਤੋਂ ਇਕ ਅੰਗਰੇਜ਼ ਪੰਜਾਬੀ ਸਿਖਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲੇ ਇਕ ਸਾਲ ਇਸ ਲਈ ਰਿਹਾ ਕਿ ਉਹ ਜਿੱਥੇ ਕਾਰੋਬਾਰ ਕਰਦਾ ਸੀ, ਉੱਥੇ ਪੰਜਾਬੀ ਵਸੋਂ ਸੀ ਤੇ ਪੰਜਾਬੀ ਤੋਂ ਬਗੈਰ ਉਹ ਗੱਲਬਾਤ ਨਹੀਂ ਸੀ ਕਰ ਸਕਦਾ। ਮੈਕਸੀਕਨ ਬੱਚੇ ਪੰਜਾਬੀ ਇਸ ਲਈ ਪੜ੍ਹ ਰਹੇ ਹਨ ਕਿਉਂਕਿ ਉਨ੍ਹਾਂ ਨੇ ਖੇਤਾਂ ਵਿਚ ਕੰਮ ਕਰਨਾ ਹੁੰਦਾ ਹੈ, ਜਿੱਥੇ ਗੱਲਬਾਤ ਲਈ ਪੰਜਾਬੀ ਆਉਣੀ ਚਾਹੀਦੀ ਹੈ। ਵਿਦੇਸ਼ਾਂ ਵਿਚ ਬਹੁਤ ਸਾਰੀਆਂ ਨੌਕਰੀਆਂ ਪੰਜਾਬੀ ਜਾਨਣ ਵਾਲਿਆਂ ਲਈ ਹਨ।

## ਸਿੱਟਾ

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨੂੰ ਜਿੱਥੇ ਭਾਰਤ ਅਤੇ ਪਾਕਿਸਤਾਨ ਵਿਚ ਪ੍ਰਫੁਲਤ ਕਰਨ ਦੀ ਲੋੜ ਹੈ, ਉੱਥੇ ਵਿਦੇਸ਼ਾਂ ਵਿਚ ਵੀ ਇਸ ਦੀ ਤਰੱਕੀ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਵਿਦੇਸ਼ਾਂ ਵਿਚ ਮਾਧਿਅਮ ਉੱਥੋਂ ਦੀ ਭਾਸ਼ਾ ਹੋਵੇ ਪਰ ਬਚਿਆਂ ਨੂੰ ਪੰਜਾਬੀ ਇਕ ਵਿਦੇਸ਼ੀ ਭਾਸ਼ਾ ਦੇ ਵਿਸ਼ੇ ਵਜੋਂ ਪੜ੍ਹਾਈ ਜਾਵੇ। ਜਿਨ੍ਹਾਂ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦੀ ਵਿਵਸਥਾ ਹੈ, ਉੱਥੇ ਬਚਿਆਂ ਨੂੰ ਜ਼ਰੂਰ ਪੰਜਾਬੀ ਦੂਜੀ ਭਾਸ਼ਾ ਵਜੋਂ ਲੈਣੀ ਚਾਹੀਦੀ ਹੈ। ਜਿਨ੍ਹਾਂ ਥਾਵਾਂ 'ਤੇ ਪੰਜਾਬੀ ਦਾ ਪ੍ਰਬੰਧ ਨਹੀਂ, ਉੱਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਇੰਟਰਨੈੱਟ ਉਪਰ ਔਨਲਾਇਨ ਪੰਜਾਬੀ ਸਿੱਖਣ ਦਾ ਪ੍ਰਬੰਧ ਹੈ। ਪੰਜਾਬੀ ਪੜ੍ਹਾ ਕੇ ਆਪਣੇ ਬੱਚਿਆਂ ਨੂੰ ਨਾ ਕੇਵਲ ਆਪਣੀਆਂ ਜੜ੍ਹਾਂ ਤੇ ਵਿਰਸੇ ਨਾਲ ਹੀ ਜੋੜਿਆ ਜਾ ਸਕਦਾ ਹੈ, ਸਗੋਂ ਉਨ੍ਹਾਂ ਨੂੰ ਇਕ ਸੁਘੜ ਵਿਚਾਰਵਾਨ ਬਣਨ ਵਿਚ ਵੀ ਸਹਾਇਤਾ ਮਿਲ ਸਕਦੀ ਹੈ।

## ਹਵਾਲਾ ਪੁਸਤਕ ਤੇ ਪਰਚੇ

ਇਸ ਲੇਖ ਵਿਚ ਵਰਤੀ ਗਈ ਸਮਗਰੀ ਤੇ ਹਵਾਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਡਾ. ਜੋਗਾ ਸਿੰਘ ਦੀ ਪੁਸਤਕ 'ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ, ਮਾਤ ਭਾਸ਼ਾ ਖੋਲਦੀ ਹੈ ਸਿੱਖਿਆ, ਗਿਆਨ ਅਤੇ ਅੰਗਰੇਜ਼ੀ ਸਿਖਣ ਦੇ ਦਰਵਾਜੇ' ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਤੋਂ ਇਲਾਵਾ ਉਨ੍ਹਾਂ ਦੇ ਖੋਜ ਪੱਤਰ 'ਪੰਜਾਬੀ ਭਾਸ਼ਾ ਨੂੰ ਕਿੰਨਾ ਖ਼ਤਰਾ' ਤੋਂ ਲਏ ਗਏ ਹਨ। ਇਹ ਸਮਗਰੀ ਤੇ ਹੋਰ ਪਰਚੇ ਇੰਟਰਨੈੱਟ ਉਪਰ ਹੇਠ ਲਿਖੇ ਲਿੰਕ ਉਪਰ ਉਪਲਬਧ ਹਨ : http://punjabiuniversity.academia.edu/JogaSingh/ papers


ਇਸ ਵਿਸ਼ੇ 'ਤੇ ਯੂ-ਟਿਊਬ ਉਪਰ ਵੀ ਉਨ੍ਹਾਂ ਦੀ ਬਹੁਤ ਸਾਰੀ ਸਮਗਰੀ ਉਪਲਬਧ ਹੈ। ਉਨ੍ਹਾਂ ਨਾਲ ਉਨ੍ਹਾਂ ਦੀ ਈ-ਮੇਲ virkjoga5@gmail.com, jogasinghvirk@yahoo.co.in ਰਾਹੀਂ ਜਾਂ ਉਨ੍ਹਾਂ ਦੇ ਮੋਬਾਇਲ +91-9915709582 ਰਾਹੀਂ ਸਪੰਰਕ ਕੀਤਾ ਜਾ ਸਕਦਾ ਹੈ।

*(20 ਜੂਨ, 2015)*



Academy of the Punjab in North America: http://www.apnaorg.com

# ਵਿਰਸੇ ਨੂੰ ਸਮਰਪਿਤ ਸਨ : ਹਰਕੇਸ਼ ਸਿੰਘ ਕਹਿਲ



ਬਹੁਤ ਹੀ ਮਿਲਾਪੜੇ ਤੇ ਹਸਮੁਖ ਤਬੀਅਤ ਦੇ ਮਾਲਕ ਹਰਕੇਸ਼ ਸਿੰਘ ਕਹਿਲ, ਜੋ ਬੀਤੇ ਦਿਨੀਂ ਅਮਰੀਕਾ ਵਿਖੇ ਆਪਣੀ ਬੇਟੀ ਤੇ ਜਵਾਈ ਕੋਲ ਅਕਾਲ ਚਲਾਣਾ ਕਰ ਗਏ, ਉਨ੍ਹਾਂ ਚੰਦ ਲੇਖਕਾਂ ਵਿਚੋਂ ਸਨ, ਜਿਨ੍ਹਾਂ ਨੇ ਲੋਕ ਵਿਰਸੇ ਅਤੇ ਪੇਂਡੂ ਜੀਵਨ 'ਤੇ ਨਿੱਠ ਕੇ ਕੰਮ ਕੀਤਾ। ਉਨ੍ਹਾਂ ਨੇ ਉਨ੍ਹਾਂ ਵਿਸ਼ਿਆਂ ਨੂੰ ਲਿਆ, ਜਿਹੜੇ ਅਜੇ ਅਣਗੌਲੇ ਹੀ ਸਨ।

ਉਨ੍ਹਾਂ ਦੀਆਂ ਹੁਣ ਤੀਕ 15 ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। 'ਲੋਕ ਗੀਤਾਂ ਵਿਚ ਪੰਜਾਬੀ ਜੀਵਨ, 'ਪੰਜਾਬੀ ਲੋਕ ਵਿਰਸਾ', 'ਇਕ ਪਿੰਡ ਦੀ ਕਹਾਣੀਸੰਦੌੜ', 'ਮੇਰੇ ਪਿੰਡ ਦੀ ਬਦਲੀ ਨੁਹਾਰ', 'ਅਲੋਪ ਹੋ ਰਿਹਾ ਪੰਜਾਬੀ ਵਿਰਸਾ ਭਾਗ ਪਹਿਲਾ', 'ਅਲੋਪ ਹੋ ਰਿਹਾ ਪੰਜਾਬੀ ਵਿਰਸਾ ਭਾਗ ਦੂਜਾ', 'ਲੋਕ ਗੀਤਾਂ ਵਿੱਚ ਰਿਸ਼ਤੇ-ਨਾਤੇ', 'ਅਲੋਪ ਹੋ ਰਹੀਆਂ ਵਿਆਹ ਦੀਆਂ ਰਸਮਾਂ', 'ਅਲੋਪ ਹੋ ਰਹੇ ਰਸਮ ਰਿਵਾਜ', 'ਪੰਜਾਬੀ ਵਿਰਸਾ ਕੋਸ਼', 'ਭਿੱਜ ਗਈ ਰੂਹ ਮਿੱਤਰਾ' ਲੋਕ ਵਿਰਸੇ ਨਾਲ ਸਬੰਧਿਤ ਆਪਣੀ ਕਿਸਮ ਦੀਆਂ ਨਿਵੇਕਲੀਆਂ ਪੁਸਤਕਾਂ ਹਨ। ਇਹ ਸਾਰੀਆਂ ਪੁਸਤਕਾਂ ਬਹੁਤ ਮਸ਼ਹੂਰ ਹੋਈਆਂ। 'ਅਲੋਪ ਹੋ ਰਿਹਾ ਪੰਜਾਬੀ ਵਿਰਸਾ-ਭਾਗ ਪਹਿਲਾ' ਦੀ ਚੌਥੀ ਐਡੀਸ਼ਨ ਵਿਕ ਰਹੀ ਹੈ। 'ਪੰਜਾਬੀ ਵਿਰਸਾ-ਕੋਸ਼' ਲਗਭਗ 400 ਪੰਨਿਆਂ ਦਾ ਹੈ। ਇਸ ਵਿਚ ਖੇਤੀਬਾੜੀ, ਫਸਲਾਂ, ਘਰੇਲੂ ਵਸਤਾਂ ਅਤੇ ਬੰਦਿਆਂ ਸਬੰਧੀ, ਲੋਕ ਕਿੱਤੇ, ਖੁਰਾਕਾਂ, ਪਹਿਰਾਵਾ, ਗਹਿਣੇ, ਰਸਮ ਰਿਵਾਜ਼, ਵਿਆਹ ਦੀਆਂ ਰਸਮਾਂ, ਤਿਓਹਾਰ ਅਤੇ ਮੇਲੇ, ਮਨੋਰੰਜਨ ਦੇ ਸਾਧਨ, ਨਾਤੇਦਾਰੀ/ਸਾਕਾਦਾਰੀ, ਰੁੱਖ-ਬੂਟੇ, ਪਸ਼ੂ-ਪੰਛੀ ਸਬੰਧੀ ਇੰਦਰਾਜ ਦਰਜ ਹਨ। ਇਸ ਤਰ੍ਹਾਂ ਇਹ ਖੋਜਾਰਥੀਆਂ ਲਈ ਬਹੁਤ ਹੀ ਲਾਹੇਵੰਦ ਪੁਸਤਕ ਹੈ। ਉਨ੍ਹਾਂ ਨੇ ਇਨ੍ਹਾਂ ਪੁਸਤਕਾਂ ਰਾਹੀਂ ਅਲੋਪ ਹੋ ਰਹੇ ਰੀਤੀ ਰਿਵਾਜਾਂ ਤੇ ਵਿਰਸੇ ਆਪਣੇ ਸ਼ਬਦਾਂ ਵਿਚ ਸਦਾ ਸਦਾ ਲਈ ਸੰਭਾਲ ਲਿਆ ਹੈ।

ਉਨ੍ਹਾਂ ਨੇ ਬਾਕੀ ਵਿਧਾਵਾਂ 'ਤੇ ਵੀ ਆਪਣੀ ਕਲਮ ਅਜਮਾਈ । ਅਫਸਰਸ਼ਾਹੀ ਦੇ ਪਾਜ ਖੋਲਦੀ ਪੁਸਤਕ, 'ਘੁੱਗੀਮਾਰ ਅਫ਼ਸਰ' ਲਿਖੀ, ਜਿਸ ਵਿਚ ਉਨ੍ਹਾਂ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਦਫ਼ਤਰੀ ਮਾਹੌਲ ਅਤੇ ਅਫ਼ਸਰਸ਼ਾਹੀ ਦੇ ਮੁਹਾਂਦਰੇ ਦੇ ਵੱਖ ਵੱਖ



Academy of the Punjab in North America: http://www.apnaorg.com

ਪਹਿਲੂਆਂ ਦੀ ਤਸਵੀਰ ਪੇਸ਼ ਕੀਤੀ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਕੌੜੇ ਮਿੱਠੇ ਤਜ਼ਰਬੇ ਆਪਣੀ ਸਵੈ-ਜੀਵਨੀ 'ਯਾਦਾਂ ਦਾ ਸੰਸਾਰ' ਵਿਚ ਦਰਜ ਕੀਤੇ ਹਨ। ਉਨ੍ਹਾਂ ਸਹਿਕਾਰੀ ਵਿਭਾਗ ਵਿਚ ਨੌਕਰੀ ਕਰਨ ਸਮੇਂ ਦੇ ਤਲਖ ਅਤੇ ਚੰਗੇ ਅਨੁਭਵਾਂ ਦਾ ਵਰਣਨ ਵੀ ਇਸ ਵਿਚ ਕੀਤਾ ਹੈ। ਉਹ ਅਮਰੀਕਾ ਤੇ ਕੈਨੇਡਾ ਕਈ ਵਾਰ ਗਏ। ਉਨ੍ਹਾਂ ਨੇ ਇਨ੍ਹਾਂ ਫੇਰੀਆਂ 'ਤੇ ਆਧਾਰਤ ਸਫ਼ਰਨਾਮਾ 'ਮੇਰੀਆਂ ਅਮਰੀਕਾ ਤੇ ਕਨੇਡਾ ਫੇਰੀਆਂ 'ਲਿਖਿਆ।

ਉਨ੍ਹਾਂ ਦਾ ਜਨਮ 29 ਦਸੰਬਰ, 1938 ਨੂੰ ਸ. ਹਰਕਿਸ਼ਨ ਸਿੰਘ ਕਹਿਲ ਅਤੇ ਸਰਦਾਰਨੀ ਹਰਨਾਮ ਕੌਰ ਕਹਿਲ ਦੇ ਘਰ ਪਿੰਡ ਸੰਦੌੜ ਤਹਿਸੀਲ ਮਲੇਰਕੋਟਲਾ ਜ਼ਿਲਾ ਸੰਗਰੂਰ ਵਿਖੇ ਹੋਇਆ। ਉਨ੍ਹਾਂ ਸੰਦੌੜ ਦੇ ਹਾਈ ਸਕੂਲ ਤੋਂ 1955 ਵਿੱਚ ਮੈਟ੍ਰਿਕ ਅਤੇ ਸਰਕਾਰੀ ਕਾਲਜ ਮਲੇਰਕੋਟਲਾ ਤੋਂ 1959 ਵਿੱਚ ਬੀ.ਏ. ਪਾਸ ਕੀਤੀ।

ਉਨ੍ਹਾਂ ਕਾਲਜ ਸਮੇਂ ਤੋਂ ਹੀ ਕਹਾਣੀਆਂ ਅਤੇ ਪੰਜਾਬੀ ਸਹਿਤ ਬਾਰੇ ਲਿਖਣਾ ਸ਼ੁਰੂ ਕੀਤਾ ਜੋ ਕਿ ਉਸ ਸਮੇਂ ਦੇ ਮੈਗਜ਼ੀਨ 'ਅਮਰ ਕਹਾਣੀਆਂ', 'ਕੰਵਲ', 'ਫਤਿਹ ਵੀਕਲੀ', 'ਜੀਵਨ ਪ੍ਰੀਤੀ', 'ਤ੍ਰਿੰਝਣ', 'ਜਾਗ੍ਰਿਤੀ', 'ਪੰਜਾਬੀ ਦੁਨੀਆ', 'ਜਨ ਸਾਹਿਤ', ਆਦਿ ਵਿੱਚ ਛਪਦਾ ਰਿਹਾ। ਉਹ ਸਹਿਕਾਰਤਾ ਵਿਭਾਗ 'ਚੋਂ ਬਤੌਰ ਡਿਪਟੀ ਰਜਿਸਟਰਾਰ (ਪੀ.ਸੀ.ਐਸ. ਕਲਾਸ-1) ਦਸੰਬਰ 1996 ਵਿੱਚ ਸੇਵਾ ਮੁਕਤ ਹੋਏ।

ਸੇਵਾ ਮੁਕਤੀ ਉਪਰੰਤ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਅਚਾਰ ਨੂੰ ਪ੍ਰਫੁਲਿਤ ਕਰਨ ਲਈ ਲਾ ਦਿੱਤੀ। ਉਹ ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੋਸਾਇਟੀ ਦੇ ਮੀਤ ਪ੍ਰਧਾਨ ਵੀ ਰਹੇ। ਉਹ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਤੇ ਕਈ ਹੋਰ ਸਾਹਿਤਕ ਸਭਾਵਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਨੂੰ ਤ੍ਰਿਵੈਣੀ ਸਾਹਿਤ ਅਕਾਦਮੀ ਜਲੰਧਰ ਵਲੋਂ 2007 ਵਿੱਚ, ਅੰਮ੍ਰਿਤਸਰ ਵਿਕਾਸ ਮੰਚ ਵਲੋਂ 2014 ਵਿਚ, ਅਮਰੀਕਾ ਦੇ ਸਪਤਾਹਿਕ ਪੱਤਰ 'ਸਾਂਝੀ ਸੋਚ' ਵਲੋਂ 2014 ਵਿਚ ਸਨਮਾਨਿਤ ਕੀਤਾ ਗਿਆ। ਉਹ ਭਾਵੇਂ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ, ਪਰ ਉਨ੍ਹਾਂ ਵਲੋਂ ਕੀਤੇ ਸਾਹਿਤਕ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

ਅਜ 25 ਫਰਵਰੀ 2015 ਨੂੰ ਉਨ੍ਹਾਂ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਬਾਅਦ ਦੁਪਹਿਰ ਇਕ ਵਜੇ ਗੁਰਦੁਆਰਾ ਮਾਈ ਬਿਸ਼ਨ ਕੌਰ, ਪ੍ਰੋਫੈਸਰ ਕਲੋਨੀ (ਅਗਰ ਨਗਰ ਦੇ ਪਿੱਛੇ) ਲੁਧਿਆਣਾ ਹੋਵੇਗੀ, ਜਿਸ ਵਿਚ ਰਿਸ਼ਤੇਦਾਰ, ਮਿਤਰ ਤੇ ਲੇਖਕ ਉਨ੍ਹਾਂ ਨੂੰ ਸ਼ਰਧਾ ਦੇ ਫੁਲ ਭੇਂਟ ਕਰਨਗੇ।

*(25 ਫ਼ਰਵਰੀ, 2015)*



Academy of the Punjab in North America: http://www.apnaorg.com

# ਏਅਰ ਇੰਡੀਆ ਦੇ 'ਅੱਛੇ ਦਿਨ' ਕਦੋਂ ਆਉਣਗੇ ?

25 ਨਵੰਬਰ 2014 ਨੂੰ ਲੋਕ ਸਭਾ ਨੂੰ ਲਿਖਤੀ ਜੁਆਬ ਵਿਚ ਰਾਜ ਮੰਤਰੀ ਸ੍ਰੀ ਮਹੇਸ਼ ਸ਼ਰਮਾ ਨੇ ਜੋ ਏਅਰ ਇੰਡੀਆ ਬਾਰੇ ਬਿਆਨ ਦਿੱਤਾ ਉਹ ਬੜਾ ਚੌਂਕਾਣ ਵਾਲਾ ਹੈ। ਉਨ੍ਹਾਂ ਅਨੁਸਾਰ ਏਅਰ ਇੰਡੀਆ ਰੋਜ਼ਾਨਾਂ 370 ਉਡਾਣਾਂ ਭਰਦੀ ਹੈ, ਜਿਨ੍ਹਾਂ ਵਿਚੋਂ 120 ਉਡਾਣਾਂ ਅੰਤਰ-ਰਾਸ਼ਟਰੀ ਹਨ। ਇਨ੍ਹਾਂ ਵਿਚੋਂ ਕੇਵਲ 3 ਅੰਤਰਰਾਸ਼ਟਰੀ ਤੇ 6 ਰਾਸ਼ਟਰੀ ਉਡਾਣਾਂ ਲਾਭ ਕਮਾ ਰਹੀਆਂ ਹਨ ਤੇ ਬਾਕੀ 361 ਉਡਾਣਾਂ ਘਾਟੇ ਵਿਚ ਜਾ ਰਹੀਆਂ ਹਨ। 3 ਅੰਤਰ-ਰਾਸ਼ਟਰੀ ਉਡਾਣਾਂ ਕੋਚੀਨ- ਕੋਜ਼ੀਕੋਡਾ ਜੱਦਾਅ, ਕੋਜ਼ੀਕੋਡਾ-ਸ਼ਾਰਜਾਹ ਅਤੇ ਕਲਕਤਾ-ਯਾਗੋਂਨ (ਰੰਗੂਨ) ਹੀ ਲਾਭ ਕਮਾ ਰਹੀਆਂ ਬਾਕੀ ਯੂਰਪ, ਏਸ਼ੀਆ, ਅਮਰੀਕਾ ਦੀਆਂ ਸਭ ਉਡਾਣਾਂ ਘਾਟੇ ਵਿਚ ਹਨ।

1 ਅਪ੍ਰੈਲ 2013 ਤੋਂ 31 ਮਾਰਚ 2014 ਨੂੰ ਖ਼ਤਮ ਹੋਏ ਸਾਲ ਵਿਚ ਏਅਰ ਇੰਡੀਆ ਦੇ 59 ਅੰਤਰ-ਰਾਸ਼ਟਰੀ ਰੂਟਾਂ ਵਿਚੋਂ 57 ਰੂਟ ਘਾਟੇ ਵਿਚ ਗਏ, ਜਿਨ੍ਹਾਂ ਦੇ ਘਾਟੇ ਦੀ ਰਕਮ 4273.35 ਕਰੋੜ ਰੁਪਏ ਬਣਦੀ ਹੈ। ਇਸ ਦੇ ਉਲਟ ਜੈੱਟ ਏਅਰਵੇਜ਼ ਦੀਆਂ ਅੰਤਰ-ਰਾਸ਼ਟਰੀ ਉਡਾਣਾਂ ਲਾਭ ਕਮਾ ਰਹੀਆਂ ਹਨ ਪਰ ਏਅਰ ਇੰਡੀਆ ਦੀਆਂ 55 ਪ੍ਰਤੀਸ਼ਤ ਅੰਤਰ-ਰਾਸ਼ਟਰੀ ਉਡਾਣਾਂ ਆਪਣੀ ਲਾਗਤ ਵੀ ਨਹੀਂ ਕੱਢ ਰਹੀਆਂ। ਜਿਹੜਾ ਘਾਟਾ ਏਅਰ ਇੰਡੀਆ ਨੂੰ ਪੈ ਰਿਹਾ ਹੈ ਉਸ ਵਿਚੋਂ 80 ਪ੍ਰਤੀਸ਼ਤ ਵਿਦੇਸ਼ਾਂ ਨੂੰ ਜਾਣ ਵਾਲੀਆਂ ਉਡਾਣਾਂ ਕਰਕੇ ਹੈ ਤੇ ਕੇਵਲ 20 ਪ੍ਰਤੀਸ਼ਤ ਦੇਸ਼ ਵਿਚਲੀਆਂ ਉਡਾਣਾਂ ਕਰਕੇ ਹੈ।

ਕੁਲ 4273.35 ਕਰੋੜ ਰੁਪਏ ਘਾਟੇ ਵਿਚੋਂ 1080 ਕਰੋੜ ਰੁਪਏ ਦਾ ਘਾਟਾ ਕੇਵਲ ਤਿੰਨ ਉਡਾਣਾਂ ਕਰਕੇ ਹੈ। ਅਹਿਮਦਾਬਾਦ-ਮੁੰਬਈ-ਨਵਾਰਕ (ਅਮਰੀਕਾ) ਰੂਟ 470 ਕਰੋੜ ਘਾਟੇ ਵਿਚ ਸੀ ਜੋ ਸਭ ਤੋਂ ਵੱਧ ਘਾਟੇ ਵਾਲਾ ਰੂਟ ਸੀ ਤੇ ਇਥੇ ਯਾਤਰੂਆਂ ਦੀ ਔਸਤ 74.37% ਸੀ। ਮੁੰਬਈ-ਦਿੱਲੀ-ਨਿਊਯਾਰਕ ਰੂਟ 'ਤੇ ਯਾਤਰੂਆਂ ਦੀ ਔਸਤ 72.10% ਸੀ ਤੇ ਘਾਟਾ 350 ਕਰੋੜ ਰੁਪਏ ਸੀ। ਤੀਜਾ ਰੂਟ ਅਹਿਮਦਾਬਾਦ-ਮੁੰਬਈ-ਲੰਡਨ ਸੀ ਜਿਸ ਦਾ ਘਾਟਾ 260 ਕਰੋੜ ਰੁਪਏ ਸੀ ਤੇ ਯਾਤਰੂਆਂ ਦੀ ਔਸਤ 69.49% ਸੀ। ਬਾਕੀ ਦੇ 7 ਚੋਟੀ ਦੇ ਅੰਤਰ-ਰਾਸ਼ਟਰੀ ਰੂਟ ਜੋ ਘਾਟੇ ਵਿਚ ਸਨ, ਉਨ੍ਹਾਂ ਵਿਚ ਸ਼ਾਮਲ ਸਨ, ਹੈਦਰਾਬਾਦ-ਦਿੱਲੀ-ਸ਼ਿਕਾਗੋ, ਘਾਟਾ 254 ਕਰੋੜ, ਅੰਮ੍ਰਿਤਸਰ-ਦਿੱਲੀ-ਲੰਡਨ (ਉਡਾਣ ਨੰਬਰ-112) ਘਾਟਾ 226 ਕਰੋੜ, ਦਿੱਲੀ-ਸਿਡਨੀ-ਮੈਲਬਾਰਨ, ਘਾਟਾ 183 ਕਰੋੜ,



Academy of the Punjab in North America: http://www.apnaorg.com

ਅੰਮ੍ਰਿਤਸਰ-ਦਿੱਲੀ-ਲੰਡਨ (ਉਡਾਣ ਨੰਬਰ- 115/116) ਘਾਟਾ 154 ਕਰੋੜ, ਚੈਨਈ-ਦਿੱਲੀ-ਪੈਰਿਸ ਘਾਟਾ 142 ਕਰੋੜ, ਮੁੰਬਈ-ਚੈਨਈ-ਸਿੰਗਾਪੁਰ ਘਾਟਾ 136 ਕਰੋੜ, ਮੁੰਬਈ-ਦਿੱਲੀਸ਼ੰਘਾਈ ਘਾਟਾ 123 ਕਰੋੜ ਰੁਪਏ। ਇਸ ਤਰ੍ਹਾਂ ਇਨ੍ਹਾਂ 10 ਰੂਟਾਂ ਦਾ ਘਾਟਾ 3299 ਕਰੋੜ ਦੇ ਉਪਰ ਬਣਦਾ ਹੈ। ਜੇ ਪਹਿਲੀਆਂ 3 ਉਡਾਣਾਂ ਬੰਦ ਕਰ ਦਿੱਤੀਆਂ ਜਾਣ ਤਾਂ ਇਸ ਨਾਲ 1080 ਕਰੋੜ (25.27%), ਪਹਿਲੀਆਂ 5 ਬੰਦ ਕਰਨ ਨਾਲ 1561 ਕਰੋੜ (36.5%) ਤੇ 10 ਬੰਦ ਕਰਨ ਨਾਲ 2299 ਕਰੋੜ (54%) ਭਾਵ ਕਿ ਅੱਧਾ ਘਾਟਾ ਘੱਟ ਸਕਦਾ ਹੈ।

1997 ਤੀਕ ਸ੍ਰੀ ਜੇ. ਆਰ. ਡੀ. ਟਾਟਾ ਚੇਅਰਮੈਨ ਸਨ ਤਾਂ ਏਅਰ ਇੰਡੀਆ ਦੁਨੀਆਂ ਦੀਆਂ ਚੋਟੀ ਦੀਆਂ 5 ਏਅਰਲਾਈਨਾਂ (ਫਾਈਵ ਸਟਾਰਸ) ਵਿਚੋਂ ਇਕ ਸੀ ਤੇ ਇਹ ਦੁਨੀਆਂ ਭਰ ਵਿਚ ਮਹਾਰਾਜਾ ਨਾਂ ਦੇ ਨਾਲ ਮਸ਼ਹੂਰ ਸੀ। ਇਸ ਦੇ ਆਪਣੇ ਹੋਟਲ ਸਨ। ਦੇਸ਼ ਤੇ ਵਿਦੇਸ਼ਾਂ ਵਿਚ ਜਾਇਦਾਦਾਂ ਸਨ। 1997 ਵਿਚ ਇਸ ਦੀ ਕਮਾਨ ਪੇਸ਼ਾਵਰ ਵਿਅਕਤੀਆਂ ਦੀ ਥਾਂ 'ਤੇ ਅਫ਼ਸਰਸ਼ਾਹੀ ਭਾਵ ਆਈ.ਏ.ਐਸ. ਅਫ਼ਸਰਾਂ ਹੱਥ ਆ ਗਈ, ਜਿਸ ਨਾਲ ਇਸ ਦੇ ਮਾੜੇ ਦਿਨ ਸ਼ੁਰੂ ਹੋ ਗਏ । ਇਸ ਸਮੇਂ ਏਅਰ ਇੰਡੀਆ 49,000 ਕਰੋੜ ਰੁਪਏ ਦੇ ਕਰਜ਼ੇ ਹੇਠ ਹੈ। ਇਸ ਤੋਂ ਇਸ ਆਰਥਕ ਸਿਹਤ ਦਾ ਪਤਾ ਲਗਦਾ ਹੈ।

ਸਭ ਤੋਂ ਮਾੜੀ ਗੱਲ ਇਹ ਹੋਈ ਕਿ 2007 ਵਿਚ ਏਅਰ ਇੰਡੀਆ ਤੇ ਇੰਡੀਅਨ ਏਅਰਲਾਇਨਜ਼ ਨੂੰ ਮਿਲਾ ਕੇ ਐਨ.ਏ.ਸੀ.ਆਈ.ਐਲ. (ਨੈਸ਼ਨਲ ਏਵੀਏਸ਼ਨ ਕੰਪਨੀ ਆਫ਼ ਇੰਡੀਆ ਲਿਮਟਿਡ) ਬਣਾ ਦਿੱਤੀ ਗਈ, ਜਿਸ ਨਾਲ ਇਹ ਹਵਾਈ ਕੰਪਨੀ ਘਾਟੇ ਵਿਚ ਜਾਣ ਲਗੀ। ਇਸ ਮਿਲਾਪ ਤੋਂ ਪਹਿਲਾਂ 31 ਮਾਰਚ 2007 ਤੀਕ ਏਅਰ ਇੰਡੀਆ ਨੇ ਲਾਭ ਕਮਾਇਆ। ਇੰਡੀਅਨ ਏਅਰਲਾਇਨਜ਼ ਨੇ ਵੀ 2001 ਤੋਂ 2007 ਵਿਚਲੇ 6 ਸਾਲਾਂ ਵਿਚੋਂ 3 ਸਾਲ ਲਾਭ ਕਮਾਇਆ। ਘਾਟਾ ਇਸ ਲਈ ਪਿਆ ਕਿ ਦੋਵਾਂ ਕੰਪਨੀਆਂ ਦੇ ਮਿਲਾਉਣ ਦੇ ਬਾਦ ਇਨ੍ਹਾਂ ਦੇ 80 ਰੂਟ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਗਏ, ਜਿਨ੍ਹਾਂ ਵਿਚੋਂ ਬਹੁਤੇ ਲਾਭ ਕਮਾ ਰਹੇ ਸਨ। ਕਈ ਲਾਭ ਵਾਲੇ ਰੂਟ ਬੰਦ ਕਰਕੇ ਘਾਟੇ ਵਾਲੇ ਰੂਟਾਂ 'ਤੇ ਜਹਾਜ਼ਾਂ ਨੂੰ ਚਲਾਇਆ ਗਿਆ। ਇੰਞ ਏਅਰ ਇੰਡੀਆ ਦੀ ਕੀਮਤ ਤੇ ਪ੍ਰਾਈਵੇਟ ਕੰਪਨੀਆਂ ਨੂੰ ਲਾਭ ਪਹੁੰਚਾਇਆ ਗਿਆ। ਸਿੰਗਾਪੁਰ ਲਈ 16 ਉਡਾਣਾਂ ਏਅਰ ਇੰਡੀਆ ਅਤੇ 16 ਹੀ ਇੰਡੀਅਨ ਏਅਰਲਾਇਨਜ਼ ਦੀਆਂ ਸਨ। ਏਕੀਕਰਨ ਪਿੱਛੋਂ 32 ਵਿਚੋਂ 16 ਲਾਹੇਵੰਦ ਰੂਟ ਕਿੰਗਫਿਸ਼ਰ ਨੂੰ ਦੇ ਦਿੱਤੇ ਗਏ। ਏਅਰ ਇੰਡੀਆ ਪਾਸ ਕੇਵਲ 16 ਉਡਾਣਾਂ ਰਹਿ ਗਈਆਂ। ਕਿੰਗਫਿਸ਼ਰ ਨੂੰ ਏਅਰ ਇੰਡੀਆ ਦੀ ਕੀਮਤ 'ਤੇ ਲਾਭ ਪਹੁੰਚਾਉਣ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਹਨ।

ਕੈਗ ਅਨੁਸਾਰ ਘਾਟੇ ਦਾ ਦੂਜਾ ਵੱਡਾ ਕਾਰਨ ਏਅਰ ਇੰਡੀਆ ਵੱਲੋਂ 2005 ਵਿਚ 68 ਬੋਇੰਗ ਜਹਾਜ਼ ਖਰੀਦਣ ਦਾ ਫ਼ੈਸਲਾ ਗ਼ਲਤ ਸੀ। ਇਹ ਰਿਪੋਰਟ 9 ਸਤੰਬਰ 2011 ਨੂੰ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ। ਇਸ ਨਾਲ ਏਅਰ ਇੰਡੀਆ 40,000 ਕਰੋੜ ਰੁਪਏ ਦੇ ਕਰਜ਼ੇ ਥੱਲੇ ਆ ਗਈ ਜਿੱਥੋਂ ਉਹ ਅਜੇ ਉਠ ਨਹੀਂ ਸਕੀ। ਇਸ ਨੂੰ ਦਿਵਾਲੀਆ ਹੋਣ ਤੋਂ ਬਚਾਉਣ ਲਈ ਪਿਛਲੀ ਸਰਕਾਰ ਨੇ ਇਸ ਨੂੰ 2020 ਤੀਕ



Academy of the Punjab in North America: http://www.apnaorg.com

30,231 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ। 31 ਜਨਵਰੀ 2014 ਤੀਕ ਇਸ ਨੂੰ 12,200 ਕਰੋੜ ਰੁਪਏ ਦਿੱਤੇ ਗਏ ਪਰ ਇਸ ਦੀ ਹਾਲਤ ਸੁਧਰ ਨਹੀਂ ਰਹੀ। ਆਖਰ ਕੀਤਾ ਕੀ ਜਾਵੇ ?

ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸ ਨੂੰ ਪ੍ਰਾਈਵੇਟ ਹੱਥਾਂ ਵਿਚ ਦੇ ਦਿੱਤਾ ਜਾਵੇ। ਪਰ ਇਹ ਇਸ ਦਾ ਬਦਲ ਨਹੀਂ। ਭਾਰਤ ਦੀਆਂ ਕਈ ਪ੍ਰਾਈਵੇਟ ਕੰਪਨੀਆਂ ਜਿਵੇਂ ਕਿੰਗ ਫ਼ਿਸ਼ਰ, ਏਅਰ ਦਖਨ, ਏਅਰ ਸਹਾਰਾ ਬੁਰੀ ਤਰ੍ਹਾਂ ਫੇਲ੍ਹ ਹੋਈਆਂ। ਦੁਨੀਆਂ ਦੀ ਸਭ ਤੋਂ ਪ੍ਰਸਿੱਧ ਪੈਨ ਐਮ 20 ਸਾਲ ਪਹਿਲਾਂ ਦੁਆਲੀਆ ਹੋ ਕੇ ਬੰਦ ਹੋ ਗਈ। ਇਸ ਦੇ ਟਾਕਰੇ 'ਤੇ ਸਿੰਗਾਪੁਰ ਏਅਰਲਾਇਨਜ਼ ਤੇ ਕਈ ਹੋਰ ਸਰਕਾਰੀ ਹਵਾਈ ਕੰਪਨੀਆਂ ਲਾਭ ਕਮਾ ਰਹੀਆਂ ਹਨ। ਇਕ ਸੁਝਾਅ ਆਇਆ ਹੈ ਕਿ ਇਸ ਦੇ ਸ਼ੇਅਰ ਏਅਰ ਇੰਡੀਆ ਦੇ ਕਰਮਚਾਰੀਆਂ ਅਤੇ ਲੋਕਾਂ ਨੂੰ ਜਾਰੀ ਕੀਤੇ ਜਾਣ ਤਾਂ ਇਸ ਨਾਲ ਅੱਧ ਪਚੱਧੀ ਏਅਰ ਇੰਡੀਆ ਪ੍ਰਾਈਵੇਟ ਹੋ ਜਾਵੇਗੀ ਤੇ ਇਸ ਨਾਲ ਸੁਧਾਰ ਵੀ ਆਵੇਗਾ।

ਸਭ ਤੋਂ ਜ਼ਰੂਰੀ ਹੈ ਕਿ ਏਅਰ ਇੰਡੀਆ ਦਾ ਚੇਅਰਮੈਨ ਤੇ ਪ੍ਰਬੰਧਕੀ ਬੋਰਡ ਦੇ ਮੈਂਬਰ ਟਾਟਾ ਵਰਗੇ ਇਸ ਪੇਸ਼ੇ ਨਾਲ ਜੁੜੇ ਵਿਅਕਤੀ ਲਏ ਜਾਣ। ਪ੍ਰਧਾਨ ਮੰਤਰੀ ਤੇ ਮੰਤਰੀਆਂ ਦਾ ਇਸ ਦੇ ਕੰਮ ਕਾਜ ਵਿਚ ਦਖ਼ਲ ਬਿਲਕੁਲ ਬੰਦ ਕੀਤਾ ਜਾਵੇ। ਜਾਪਾਨ ਏਅਰ ਲਾਇਨਜ਼ ਦੀ ਉਦਾਹਰਨ ਸਾਡੇ ਸਾਹਮਣੇ ਹੈ। ਇਸ ਏਅਰ ਲਾਇਨਜ਼ ਨੇ 1,28,000 ਕਰੋੜ ਰੁਪਏ ਦੇ ਕਰਜ਼ੇ ਕਾਰਨ ਦਿਵਾਲੀਆਪਣ ਦਾ ਕੇਸ ਪਾਇਆ ਸੀ ਪਰ ਇਸ ਦਾ ਚੇਅਰਮੈਨ ਇਕ ਸੁਝਵਾਨ ਵਪਾਰੀ ਨੂੰ ਲਾਇਆ ਗਿਆ, ਜਿਸ ਨੇ 9 ਮਹੀਨੇ ਵਿਚ ਹੀ ਇਸ ਨੂੰ ਲਾਭ ਕਮਾਉਣ ਵਾਲੀ ਕੰਪਨੀ ਬਣਾ ਦਿੱਤਾ। ਭਾਰਤ ਵਿਚ ਸਤਿਅਮ ਕੰਮਪਿਊਟਰਜ਼ ਸਿਸਟਮ ਜੋ ਕਿ ਵੱਡੇ ਘਪਲੇ ਦਾ ਸ਼ਿਕਾਰ ਸੀ ਨੂੰ ਟੈਕ ਮਹਿੰਦਰਾ ਨੇ ਆਪਣੇ ਹੱਥ ਲੈ ਕੇ ਮਹਿੰਦਰਾ ਸਤਿਅਮ ਦੇ ਨਾਂ ਹੇਠ ਚਲਾਇਆ ਤੇ 2009-10 ਦੇ ਪਹਿਲੇ 6 ਮਹੀਨਿਆਂ ਵਿਚ 2500 ਕਰੋੜ ਦਾ ਲਾਭ ਕਮਾਇਆ ਜਦ ਕਿ ਇਹ ਕੰਪਨੀ 2008-09 ਵਿਚ ਇਹ 10 ਹਜ਼ਾਰ ਕਰੋੜ ਰੁਪਏ ਦੇ ਘਾਟੇ ਵਿਚ ਸੀ।

ਸੀਨੀਅਰ ਕਾਂਗਰਸੀ ਐਮ. ਪੀ. ਸ੍ਰੀ ਵੀ. ਕਿਸ਼ੋਰ ਚੰਦਰਾ ਦੀ ਪ੍ਰਧਾਨਗੀ ਹੇਠ ਇਕ ਪਾਰਲੀਮੈਂਟ ਕਮੇਟੀ ਬਣੀ ਸੀ, ਜਿਸ ਨੇ 12 ਮਾਰਚ, 2010 ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਕਾਮਰੇਡ ਸੀਤਾ ਰਾਮ ਯੈਚੁਰੀ ਦੀ ਅਗਵਾਈ ਵਿਚ ਬਣੀ ਇਕ 31 ਮੈਂਬਰੀ ਪਾਰਲੀਮੈਂਟ ਸਟੈਂਡਿੰਗ ਕਮੇਟੀ ਨੇ ਇਸ ਕਮੇਟੀ ਦੀ ਰਿਪੋਰਟ ਦੀਆਂ ਦਲੀਲਾਂ ਤੇ ਸਿਫ਼ਾਰਸ਼ਾਂ ਦੀ ਪ੍ਰੋੜ੍ਹਤਾ ਕੀਤੀ ਸੀ। ਇਸ ਕਮੇਟੀ ਨੇ ਸਰਕਾਰ ਨੂੰ ਸੁਝਾਅ ਦਿਤੇ ਸਨ ਕਿ ਜਿੱਥੇ ਰੂਟ ਤਰਕਸੰਗਤ ਕੀਤੇ ਜਾਣ, ਉੱਥੇ ਜਿਹੜੇ ਅਧਿਕਾਰੀ ਇਸ ਘਾਟੇ ਲਈ ਜ਼ੁੰਮੇਵਾਰ ਹਨ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਏਅਰ ਇੰਡੀਆ ਦੀਆਂ ਦੋ ਯੂਨੀਅਨਾਂ ਨੇ ਇਸ ਸਾਲ ਅਗਸਤ ਵਿਚ ਪ੍ਰਧਾਨ ਮੰਤਰੀ ਨੂੰ ਏਅਰ ਇੰਡੀਆ ਦੇ ਘਾਟੇ ਦੀ ਸੀ. ਬੀ. ਆਈ. ਤੋਂ ਪੜਤਾਲ ਕਰਾਉਣ ਦੀ ਮੰਗ ਕੀਤੀ ਹੈ।

ਉਪਰੋਕਤ ਸੁਝਾਵਾਂ ਨੂੰ ਧਿਆਨ ਵਿਚ ਰਖਕੇ ਏਅਰ ਇੰਡੀਆਂ ਦੇ ਚੰਗੇ ਦਿਨ ਆ ਸਕਦੇ ਹਨ, ਜਿਸ ਦਾ ਵਾਅਦਾ ਪ੍ਰਧਾਨ ਮੰਤਰੀ ਨੇ ਚੋਣਾਂ ਤੋਂ ਪਹਿਲਾਂ ਕੀਤਾ ਸੀ।

*(16 ਦਸੰਬਰ 2014)*



Academy of the Punjab in North America: http://www.apnaorg.com

# ਸ੍ਰੀ ਗੁਰੂ ਰਾਮਦਾਸ ਜੀ ਹਵਾਈ ਅੱਡੇ ਦੇ 'ਅੱਛੇ ਦਿਨ' ਕਿਵੇਂ ਆਉਣ?

ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ, ਵਿਸ਼ਵ ਭਰ ਦੇ ਸ਼ਰਧਾਲੂਆਂ ਅਤੇ ਸੈਲਾਨੀਆਂ ਦੀਆਂ ਸਹੂਲਤਾਂ ਲਈ ਬਣਾਇਆ ਗਿਆ ਹੈ। ਇਸ ਦੀ ਭੂਗੋਲਿਕ ਸਥਿਤੀ ਬਹੁਤ ਹੀ ਲਾਭਦਾਇਕ ਹੈ। ਜਿਹੜੇ ਵੀ ਜਹਾਜ਼ ਯੂਰਪ ਅਮਰੀਕਾ, ਕੈਨੇਡਾ, ਅਰਬ ਦੇਸ਼ਾਂ ਤੋਂ ਦਿੱਲੀ ਆਉਂਦੇ ਹਨ, ਉਹ ਪਹਿਲਾਂ ਅੰਮ੍ਰਿਤਸਰ ਤੋਂ ਲੰਘਦੇ ਹਨ ਤੇ ਕੋਈ 40 ਮਿੰਟ ਬਾਦ ਦਿੱਲੀ ਪਹੁੰਚਦੇ ਹਨ।

ਇਹ ਹਵਾਈ ਅੱਡਾ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਜਹਾਜ਼ਾਂ ਦੇ ਧੁੰਦ ਵਿਚ ਉਤਰਨ ਲਈ ਦੁਨੀਆਂ ਦੀ ਸਭ ਤੋਂ ਵਧੀਆ ਪ੍ਰਣਾਲੀ ਕੈਟ ਤਿੰਨ ਬੀ ਲਗ ਰਹੀ ਹੈ, ਜੋ ਭਾਰਤ ਵਿਚ ਦਿੱਲੀ ਨੂੰ ਛੱਡ ਕੇ ਹੋਰ ਕਿਸੇ ਵੀ ਹਵਾਈ ਅੱਡੇ ਉਪਰ ਨਹੀਂ ਹੈ। ਇੱਥੇ ਇਕੋ ਸਮੇਂ 14 ਵੱਡੇ ਜਹਾਜ਼ ਭਾਵ ਬੋਇੰਗ 747 ਖਲੋ ਸਕਦੇ ਹਨ। 4 ਐਰੋਬ੍ਰਿਜ ਹਨ। 1200 ਯਾਤਰੂਆਂ ਦਾ ਇਕੋ ਸਮੇਂ ਬੈਠਣ ਦਾ ਪ੍ਰਬੰਧ ਹੈ। ਵਿਦੇਸ਼ਾਂ ਨੂੰ ਤਾਜ਼ੀਆਂ ਸਬਜ਼ੀਆਂ, ਫਲ, ਅੰਡੇ, ਮੀਟ ਤੇ ਹੋਰ ਡੱਬਾ ਬੰਦ ਵਸਤੂਆਂ ਭੇਜਣ ਲਈ ਆਧੁਨਿਕ ਸਹੂਲਤਾਂ ਵਾਲਾ ਏਅਰ ਕਾਰਗੋ ਕਮਪਲੈਕਸ ਹੈ। ਪਰ ਇੱਥੋਂ ਇੰਗਲੈਂਡ ਲਈ ਸਿੱਧੀ ਉਡਾਣ ਨਾ ਹੋਣ ਕਰਕੇ ਇਹ ਸਮਾਨ ਵਿਦੇਸ਼ਾਂ ਵਿਚ ਨਹੀਂ ਜਾ ਰਿਹਾ। ਇਸ ਤਰ੍ਹਾਂ ਇਸ ਏਅਰ ਕਾਰਗੋ ਕਮਪਲੈਕਸ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਹੋ ਰਹੀ, ਜਿਸ ਮਕਸਦ ਲਈ ਇਹ ਬਣਾਇਆ ਗਿਆ ਹੈ। ਦਿੱਲੀ ਜ਼ਿਆਦਾ ਧੁੰਦ ਹੋਣ ਸਮੇਂ ਦਿੱਲੀ ਨੂੰ ਜਾਣ ਵਾਲੀਆਂ ਉਡਾਣਾਂ ਨੂੰ ਇਥੇ ਉਤਾਰਿਆ ਜਾਂਦਾ ਹੈ। ਇਸ ਸਾਲ 15 ਵਿਦੇਸ਼ੀ ਉਡਾਣਾਂ ਨੂੰ ਇੱਥੇ ਉਤਾਰਨਾ ਪਿਆ।

ਇਸ ਦੀ ਸਥਿਤੀ ਅਤੇ ਵਿਸ਼ਵ ਪੱਧਰੀ ਸਹੂਲਤਾਂ ਹੋਣ ਦੇ ਬਾਵਜੂਦ ਇਹ ਹਵਾਈ ਅੱਡਾ 52 ਕਰੋੜ ਘਾਟੇ ਵਿਚ ਹੈ। 2013-14 ਵਿਚ ਭਾਰਤੀ ਹਵਾਈ ਅੱਡਿਆਂ ਦੀ ਦਰਜਾਬੰਦੀ ਵਿਚ ਦਿੱਲੀ ਦੇਸ਼ ਭਰ ਵਿਚੋਂ ਪਹਿਲੇ ਸਥਾਨ 'ਤੇ ਸੀ। ਇਥੇ ਆਉਣ ਤੇ ਜਾਣ ਵਾਲੇ ਯਾਤਰੂਆਂ ਦੀ ਗਿਣਤੀ 36876986 ਸੀ। ਅੰਮ੍ਰਿਤਸਰ 25 ਵੇਂ ਸਥਾਨ 'ਤੇ ਸੀ ਭਾਵੇਂ ਕਿ ਇੱਥੇ ਆਉਣ ਤੇ ਜਾਣ ਵਾਲੇ ਯਾਤਰੂਆਂ ਦੀ ਗਿਣਤੀ 1,118,929 ਸੀ। ਇਸ ਦੇ ਮੁਕਾਬਲੇ 'ਤੇ ਸਾਡੇ ਗੁਆਂਢੀ ਸ੍ਰੀ ਨਗਰ ਦਾ ਸਥਾਨ 14ਵਾਂ, ਜੈ ਪੁਰ ਦਾ 15ਵਾਂ, ਚੰਡੀਗੜ੍ਹ ਦਾ 24ਵਾਂ ਸਥਾਨ ਸੀ ਤੇ ਇਨ੍ਹਾਂ 'ਤੇ ਆਉਣ ਤੇ ਜਾਣ ਵਾਲੇ ਯਾਤਰੂਆਂ ਦੀ ਕੁਲ ਗਿਣਤੀ ਕ੍ਰਮਵਾਰ 2,195,511, 2,076,761, 1,144,771



Academy of the Punjab in North America: http://www.apnaorg.com

ਸੀ। ਚੰਡੀਗੜ੍ਹ ਤੋਂ ਅਜੇ ਵਿਦੇਸ਼ਾਂ ਨੂੰ ਉਡਾਣਾਂ ਸ਼ੁਰੂ ਨਹੀਂ ਹੋਈਆਂ ਤੇ ਨਾ ਹੀ ਉੱਥੇ ਅਜੇ ਨਵੀਂ ਇਮਾਰਤ ਬਣੀ ਹੈ, ਪਰ ਉੱਥੇ ਅੰਮ੍ਰਿਤਸਰ ਤੋਂ ਦੁਗਣੀਆਂ ਦੇ ਕਰੀਬ ਦੇਸ਼ ਵਿਚਲੀਆਂ ਉਡਾਣਾਂ ਹਨ।

ਇਸ ਲਈ ਉਸ ਨੇ ਅੰਮ੍ਰਿਤਸਰ ਨੂੰ ਪਛਾੜ ਦਿੱਤਾ ਹੈ। ਦਿੱਲੀ ਆਉਣ ਵਾਲੇ 40 ਪ੍ਰਤੀਸ਼ਤ ਦੇ ਕਰੀਬ ਵਿਦੇਸ਼ੀ ਪੰਜਾਬੀ ਹੁੰਦੇ ਹਨ। ਜੇ ਅਸੀਂ ਅੱਧੇ ਪੰਜਾਬੀਆਂ ਨੂੰ ਵੀ ਅੰਮ੍ਰਿਤਸਰ ਲੈ ਆਈਏ ਤਾਂ ਅੰਮ੍ਰਿਤਸਰ ਤੋਂ ਰੋਜ਼ਾਨਾ 50 ਤੋਂ ਵਧ ਉਡਾਣਾਂ ਚਲ ਸਕਦੀਆਂ ਹਨ ਕਿਉਂਕਿ ਦਿੱਲੀ ਕੋਈ 800 ਦੇ ਕਰੀਬ ਰੋਜ਼ਾਨਾ ਉਡਾਣਾਂ ਹਨ। ਅੰਮ੍ਰਿਤਸਰ ਦੇ ਨਾਲ ਦੇ ਸ਼ਹਿਰ ਲਾਹੌਰ ਤੋਂ ਰੋਜ਼ਾਨਾ 100 ਉਡਾਣਾਂ ਉਤਰਦੀਆਂ ਤੇ ਚੜ੍ਹਦੀਆਂ ਹਨ। ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੀ ਇਖ਼ਲਾਕੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਸਿੱਖਾਂ ਦੀ ਧਾਰਮਿਕ ਰਾਜਧਾਨੀ ਅੰਮ੍ਰਿਤਸਰ ਦੇ ਇਸ ਹਵਾਈ ਅੱਡੇ ਦੇ ਵਿਕਾਸ ਲਈ ਅੱਗੇ ਆਵੇ ਤਾਂ ਜੋ ਦੁਨੀਆਂ ਦੇ ਵਧ ਤੋਂ ਵਧ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਸਕਣ।

ਜਿੱਥੋਂ ਤੀਕ ਇਸ ਦੇ ਪੱਛੜੇਪਣ ਦਾ ਸੁਆਲ ਹੈ, ਇਸ ਦਾ ਕਾਰਨ ਕੇਂਦਰ ਸਰਕਾਰ ਵਲੋਂ ਅੰਮ੍ਰਿਤਸਰ ਹਵਾਈ ਅੱਡੇ ਦੀ ਕੀਮਤ 'ਤੇ ਦਿੱਲੀ ਹਵਾਈ ਅੱਡੇ ਨੂੰ ਅਤੇ ਏਅਰ ਇੰਡੀਆ ਦੀ ਕੀਮਤ 'ਤੇ ਪ੍ਰਾਈਵੇਟ ਏਅਰਲਾਈਨਾਂ ਨੂੰ ਲਾਭ ਪਹੁੰਚਾਉਣਾ ਹੈ। ਮਿਸਾਲ ਦੇ ਤੌਰ 'ਤੇ ਦਿੱਲੀ ਨੂੰ ਲਾਭ ਪਹੁੰਚਾਉਣ ਲਈ ਅੰਮ੍ਰਿਤਸਰ ਨੂੰ ਈ-ਵੀਜ਼ਾ ਦੀ ਸਹੂਲਤ ਨਹੀਂ ਦਿੱਤੀ ਗਈ। ਅੰਮ੍ਰਿਤਸਰ-ਦਿੱਲੀ-ਟੋਰਾਂਟੋ ਉਡਾਣ ਨੂੰ ਏਅਰ ਇੰਡੀਆ ਦੇ ਪਾਇਲਟਾਂ ਦੀ ਹੜਤਾਲ ਕਾਰਨ ਮਈ 2012 ਵਿਚ ਬੰਦ ਕੀਤਾ ਗਿਆ ਸੀ। ਇਸ ਨੂੰ ਮੁੜ ਚਾਲੂ ਕਰਾਉਣ ਲਈ ਸ. ਨਵਜੋਤ ਸਿੰਘ ਸਿੱਧੂ ਨੇ ਪਿਛਲੀ ਸਰਕਾਰ ਵਿਰੁਧ ਆਵਾਜ਼ ਬੁਲੰਦ ਕੀਤੀ ਸੀ। ਪਰ ਇਹ ਅਜੇ ਤੀਕ ਸ਼ੁਰੂ ਨਹੀਂ ਹੋਈ। ਜਦ ਕਿ ਜੈੱਟ ਏਅਰਵੇਜ਼ ਦੀ ਅੰਮ੍ਰਿਤਸਰ-ਦਿੱਲੀ-ਬਰਸਲ-ਟੋਰਾਂਟੋ ਉਡਾਣ ਸਫ਼ਲਤਾਪੂਰਵਕ ਚਲ ਰਹੀ ਹੈ। ਪਿਛਲੀ ਸਰਕਾਰ ਨੇ ਜਿਹੜੀਆਂ ਉਡਾਣਾਂ ਇੱਥੋਂ ਵਿਦੇਸ਼ਾਂ ਨੂੰ ਸਿੱਧੀਆਂ ਜਾਂਦੀਆਂ ਤੇ ਉਤਰਦੀਆਂ ਸਨ, ਉਨ੍ਹਾਂ ਨੂੰ ਬਰਾਸਤਾ ਦਿੱਲੀ ਕਰ ਦਿੱਤਾ ਗਿਆ। ਇਸ ਨਾਲ ਜਿਥੇ ਹਵਾਈ ਅੱਡੇ ਦੀ ਆਮਦਨ ਘੱਟੀ, ਉੱਥੇ ਯਾਤਰਆਂ ਨੂੰ ਦਿੱਲੀ ਧਕੇ ਖਾਣੇ ਪੈ ਰਹੇ ਹਨ। ਦਿੱਲੀ ਜਾਣ ਤੇ ਦਿੱਲੀ ਤੋਂ ਪੰਜਾਬ ਆਉਣ ਲਈ 8-9 ਘੰਟੇ ਦਾ ਸਫ਼ਰ ਤਹਿ ਕਰਨਾ ਪੈ ਰਿਹਾ ਹੈ।

ਹੁਣ ਕੀਤਾ ਕੀ ਜਾਵੇ? ਏਅਰ ਇੰਡੀਆ ਦੀ ਦਿੱਲੀ ਤੋਂ ਵਿਦੇਸ਼ਾਂ ਨੂੰ ਰਾਤ ਨੂੰ ਉਡਾਣਾਂ ਜਾਂਦੀਆਂ ਹਨ। ਸਿੰਗਾਪੁਰ ਨੂੰ ਉਡਾਣ ਰਾਤ 11.30 ਵਜੇ, ਸ਼ਿਕਾਗੋ ਦੀ ਰਾਤ ਨੂੰ 2 ਵਜੇ, ਨਿਊਯਾਰਕ ਲਈ ਰਾਤ ਨੂੰ ਡੇਢ ਵਜੇ ਹੈ ਪਰ ਏਅਰ ਇੰਡੀਆ ਅੰਮ੍ਰਿਤਸਰ ਤੋਂ ਸਵਾਰੀਆਂ ਨੂੰ ਦੁਪਹਿਰੇ 2.30 ਵਜੇ ਦਿੱਲੀ ਲੈ ਕੇ ਜਾਂਦੀ ਹੈ। ਯਾਤਰੂਆਂ ਨੂੰ ਦਿੱਲੀ ਜਾ ਕੇ 8 ਤੋਂ 11 ਘੰਟੇ ਬੈਠਣਾ ਪੈਂਦਾ ਹੈ। ਸਵਾਰੀਆਂ ਏਨਾ ਚਿਰ ਠਹਿਰਣਾ ਪਸੰਦ ਨਹੀਂ ਕਰਦੀਆਂ 'ਤੇ ਦੂਜੀਆਂ ਏਅਰਲਾਈਨਾਂ ਦੀਆਂ ਟਿਕਟਾਂ ਲੈ ਲੈਂਦੀਆਂ ਹਨ। ਇਸ ਦੇ ਟਾਕਰੇ 'ਤੇ ਜੈੱਟ ਏਅਰਵੇਜ ਸ਼ਾਮ ਨੂੰ 6.15 ਵਜੇ ਅੰਮ੍ਰਿਤਸਰ ਤੋਂ ਸਵਾਰੀਆਂ ਲੈ ਕੇ ਦਿੱਲੀ ਜਾਂਦੀ ਹੈ। ਉੱਥੋਂ 2 ਜਾਂ 3 ਘੰਟੇ ਬਾਅਦ ਸਵਾਰੀਆਂ ਟੋਰਾਂਟੋ ਤੇ ਹੋਰਨਾਂ ਥਾਵਾਂ ਲਈ ਚਲ ਪੈਂਦੀਆਂ ਹਨ। ਕਤਰ ਏਅਰਵੇਜ ਦੇ ਜਹਾਜ਼ ਅੰਮ੍ਰਿਤਸਰ ਤੋਂ ਦੋਹਾ ਲਈ ਭਰੇ



Academy of the Punjab in North America: http://www.apnaorg.com

ਜਾਂਦੇ ਹਨ ਕਿਉਂਕਿ ਦੋਹਾ ਤੋਂ ਕੋਈ 2 ਘੰਟੇ ਬਾਦ ਯਾਤਰੂਆਂ ਨੂੰ ਹੋਰ ਮੁਲਕਾਂ ਲਈ ਉਡਾਣ ਮਿਲ ਜਾਂਦੀ ਹੈ। ਜੇ ਠਹਿਰ 8 ਘੰਟੇ ਤੋਂ ਵਧ ਹੋਵੇ ਤਾਂ ਕਤਰ ਏਅਰਵੇਜ਼ ਵਾਲੇ ਸਵਾਰੀਆਂ ਨੂੰ ਹੋਟਲ ਵਿਚ ਠਹਿਰਾਉਂਦੇ ਹਨ। ਪਰ ਏਅਰ ਇੰਡੀਆ ਹੋਟਲ ਨਹੀਂ ਦੇਂਦੀ। ਉਜ਼ਬੇਕ ਏਅਰਵੇਜ਼ ਤੇ ਤੁਰਕਮਿਨਸਤਾਨ ਏਅਰਲਾਇਨਜ਼ ਦੀਆਂ ਅੰਮ੍ਰਿਤਸਰ ਤੋਂ ਉਡਾਣਾਂ ਭਰੀਆਂ ਜਾਂਦੀਆਂ ਹਨ। ਇਸ ਲਈ ਏਅਰ ਇੰਡੀਆ ਨੂੰ ਅੰਮ੍ਰਿਤਸਰ ਤੋਂ ਸ਼ਾਮ ਨੂੰ 8 ਜਾਂ 9 ਵਜੇ ਦਿੱਲੀ ਲਈ ਉਡਾਣ ਸ਼ੁਰੂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਏਅਰ ਇੰਡੀਆ 50 ਸਵਾਰੀਆਂ ਵਾਲੇ ਛੋਟੇ ਜਹਾਜ਼ ਲਾਵੇ ਜਿਹੜੇ ਰਾਤ ਨੂੰ ਦਿੱਲੀ ਆਉਂਦੀਆਂ ਤੇ ਜਾਂਦੀਆਂ ਸਵਾਰੀਆਂ ਨੂੰ ਅੰਮ੍ਰਿਤਸਰ ਲਿਆਉਣ ਤੇ ਖੜਨ ।

ਲੋੜ ਹੈ ਦਿੱਲੀ ਵਾਂਗ ਅੰਮ੍ਰਿਤਸਰ ਨੂੰ ਹੱਬ ਬਣਾਇਆ ਜਾਵੇ। ਏਅਰ ਇੰਡੀਆ ਦੀਆਂ ਕੇਵਲ 2 ਵਿਦੇਸ਼ੀ ਉਡਾਣਾਂ ਵਾਰਾਨਸੀ-ਕਾਠਮੰਡੂ ਤੇ ਕਲਕਤਾ-ਰੰਗੂਨ ਲਾਭ ਵਿਚ ਹਨ। ਇਹ ਇਸ ਕਰਕੇ ਹਨ ਕਿ ਇਹ ਉਡਾਣਾਂ ਸਿੱਧੀਆਂ ਹਨ ਤੇ ਉਨ੍ਹਾਂ ਦੇ ਮੁਕਾਬਲੇ 'ਤੇ ਕੋਈ ਹੋਰ ਏਅਰ ਲਾਇਨ ਨਹੀਂ। ਦਿੱਲੀ ਹਵਾਈ ਅੱਡੇ ਤੋਂ ਵਿਦੇਸ਼ੀ ਏਅਰਲਾਇਨਾਂ ਉਡਾਣਾਂ ਭਰਦੀਆਂ ਹਨ, ਜਿਨ੍ਹਾਂ ਦਾ ਮੁਕਾਬਲਾ ਏਅਰ ਇੰਡੀਆ ਨਹੀਂ ਕਰ ਸਕਦੀ। ਦਿੱਲੀ ਤੋਂ ਯਾਤਰੂ ਏਅਰ ਇੰਡੀਆ ਦੀ ਥਾਂ 'ਤੇ ਦੂਜੀਆਂ ਕੰਪਨੀਆਂ ਦੀਆਂ ਉਡਾਣਾਂ ਲੈ ਲੈਂਦੇ ਹਨ ਤੇ ਏਅਰ ਇੰਡੀਆ ਦੇ ਜਹਾਜ਼ ਖਾਲੀ ਜਾਂਦੇ ਹਨ ਤੇ ਇਹ ਸਾਰੀਆਂ ਉਡਾਣਾਂ ਘਾਟੇ ਵਿਚ ਹਨ। ਇਸ ਲਈ ਲੋੜ ਹੈ ਦਿੱਲੀ ਤੋਂ ਏਅਰ ਇੰਡੀਆ ਦੀਆਂ ਵਿਦੇਸ਼ੀ ਉਡਾਣਾਂ ਬੰਦ ਕਰਕੇ ਅੰਮ੍ਰਿਤਸਰ, ਜੈਪੁਰ, ਲਖਨਊ ਆਦਿ ਗ਼ੈਰ-ਮੈਟਰੋ ਹਵਾਈ ਅੱਡਿਆਂ ਤੋਂ ਸ਼ੁਰੂ ਕੀਤੀਆਂ ਜਾਣ, ਜਿਵੇਂ ਕਿ ਪਹਿਲਾਂ ਚਲਦੀਆਂ ਸਨ । ਜੇ ਇਕ ਹਵਾਈ ਜਹਾਜ਼ ਹਵਾਈ ਅਡੇ 'ਤੇ ਖੜਾ ਰਹੇ ਤਾਂ ਇਸ ਨਾਲ ਹਵਾਈ ਅੱਡੇ ਨੂੰ 10 ਕਰੋੜ ਰੁਪਏ ਸਾਲਾਨਾ ਆਮਦਨ ਹੁੰਦੀ ਹੈ। ਜੇ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਹੋ ਜਾਣ ਤਾਂ ਇਹ ਹਵਾਈ ਅੱਡਾ ਕਰੋੜਾਂ ਰੁਪਏ ਸਾਲਾਨਾ ਕਮਾ ਸਕਦਾ ਹੈ।

ਮਿਸਾਲ ਦੇ ਤੌਰ 'ਤੇ ਏਅਰ ਇੰਡੀਆ ਦੀਆਂ ਲੰਡਨ, ਬਰਮਿੰਘਮ ਦੀਆਂ ਉਡਾਣਾਂ ਘਾਟੇ ਵਿਚ ਹਨ। ਇਸ ਦਾ ਕਾਰਨ ਹੈ ਇਹ ਹੈ ਕਿ ਹਵਾਈ ਜਹਾਜ਼ ਅੰਮ੍ਰਿਤਸਰ ਤੋਂ ਦਿੱਲੀ ਜਾਂਦਾ ਹੈ ਤੇ ਫਿਰ ਦਿੱਲੀ ਤੋਂ ਅੰਮ੍ਰਿਤਸਰ ਆਉਂਦਾ ਹੈ। ਇਸ ਤਰ੍ਹਾਂ ਉਸ ਨੂੰ ਦੋ ਵਾਧੂ ਫੇਰੇ ਲਾਉਣੇ ਪੈਂਦੇ ਹਨ। ਇਕ ਫੇਰੇ ਦਾ ਖ਼ਰਚਾ ਕੋਈ 5 ਲੱਖ ਰੁਪਏ ਦੇ ਕਰੀਬ ਹੈ। ਬਰਮਿੰਘਮ ਤੇ ਮਾਨਚੈਸਟਰ ਪੰਜਾਬੀਆਂ ਦੇ ਗੜ੍ਹ ਹਨ। ਇਕ ਜਹਾਜ਼ ਰੋਜ਼ਾਨਾ ਅੰਮ੍ਰਿਤਸਰ-ਬਰਮਿੰਘਮ ਆਰਾਮ ਨਾਲ ਆ ਜਾ ਸਕਦਾ ਹੈ। ਇਸ ਨੂੰ ਦਿੱਲੀ ਤੋਂ ਚਲਾਉਣ ਦੀ ਲੋੜ ਨਹੀਂ। ਇਹ ਅੰਮ੍ਰਿਤਸਰ ਹੀ ਰਹਿ ਤੇ ਇਥੋਂ ਹੀ ਬਰਮਿੰਘਮ ਦੇ ਫੇਰੇ ਲਾਉਂਦਾ ਰਹੇ। ਬਰਮਿੰਘਮ ਤੋਂ ਦਿੱਲੀ ਜਾ ਰਹੀ ਉਡਾਣ ਨੂੰ ਜਦ ਇਸ ਸਾਲ ਧੁੰਦ ਕਾਰਨ ਅੰਮ੍ਰਿਤਸਰ ਉਤਾਰਿਆ ਗਿਆ ਤਾਂ ਜਹਾਜ ਇੱਥੇ ਹੀ ਖਾਲੀ ਹੋ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਬਰਮਿੰਘਮ ਨੂੰ ਦਿੱਲੀ ਤੋਂ ਜਾਂਦੀ ਉਡਾਣ ਵਿਚ ਕੇਵਲ ਪੰਜਾਬ ਦੀਆਂ ਸਵਾਰੀਆਂ ਹੀ ਹੁੰਦੀਆਂ ਹਨ।

ਜੈਟ ਏਅਰਵੇਜ਼ ਦੀ ਅੰਮ੍ਰਿਤਸਰ-ਲੰਡਨ ਉਡਾਣ ਬੜੀ ਸਫ਼ਲਤਾਪੂਰਵਕ ਚਲਦੀ ਰਹੀ ਹੈ। ਅੰਮ੍ਰਿਤਸਰ-ਦਿੱਲੀ-ਲੰਡਨ ਦੋ ਉਡਾਣਾਂ ਹਨ, ਇਕ ਦਾ ਘਾਟਾ 226 ਕਰੋੜ



Academy of the Punjab in North America: http://www.apnaorg.com

ਹੈ ਤੇ ਦੂਜੀ ਦਾ 154 ਕਰੋੜ ਰੁਪਏ ਹੈ। ਇਨ੍ਹਾਂ ਵਿਚੋਂ ਇਕ ਜਹਾਜ਼ ਨਾਲ ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇ। ਅੰਮ੍ਰਿਤਸਰ ਤੋਂ ਯਾਤਰੂ ਲੰਡਨ ਜਾ ਕੇ ਬ੍ਰਿਟਿਸ਼ ਏਅਰਵੇਜ਼ ਜਾਂ ਹੋਰ ਏਅਰ ਲਾਇਨਜ਼ ਦੀਆਂ ਉਡਾਣਾਂ ਲੈ ਕੇ ਅਮਰੀਕਾ, ਕੈਨੇਡਾ ਤੇ ਯੂਰਪ ਨੂੰ ਜਾ ਸਕਦੇ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਟੋਰਾਂਟੋ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇ। ਇਸ ਉਡਾਣ ਨੂੰ ਕੈਨੇਡਾ ਤੋਂ ਇਲਾਵਾ ਅਮਰੀਕਾ ਦੇ ਲਾਗਲੇ ਸ਼ਹਿਰਾਂ ਦੀਆਂ ਸਵਾਰੀਆਂ ਵੀ ਮਿਲਣਗੀਆਂ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਵੈਨਕੂਅਰ ਸਿੱਧੀ ਉਡਾਣ ਸ।ਲਤਾਪੂਰਵਕ ਚਲ ਸਕਦੀ ਹੈ। ਜਿਹੜੀਆਂ ਸਵਾਰੀਆਂ ਅਸਟ੍ਰੇਲੀਆ ਜਾਂਦੀਆਂ ਹਨ, ਉਸ ਵਿਚ ਸਭ ਪੰਜਾਬੀ ਹੁੰਦੇ ਹਨ। ਇਸ ਲਈ ਅੰਮ੍ਰਿਤਸਰ ਤੋਂ ਆਸਟ੍ਰੇਲੀਆ ਸਿੱਧੀ ਉਡਾਣ ਚਲ ਸਕਦੀ ਹੈ। ਅੰਮ੍ਰਿਤਸਰ-ਫ਼ਰੈਂਕਫਰਟ ਸਿੱਧੀ ਉਡਾਣ ਵੀ ਸਫ਼ਲਤਾ ਪੂਰਵਕ ਚਲ ਸਕਦੀ ਹੈ ਕਿਉਂਕਿ ਕਿ ਫ਼ਰੈਂਕਫਰਟ ਤੋਂ ਲੁਫਥਾਂਸਾਂ ਏਅਰਲਾਇਨਜ਼ ਦੀਆਂ ਉਡਾਣਾਂ ਲੈ ਕੇ ਯਾਤਰੂ ਅੱਗੇ ਜਾ ਸਕਦੇ ਹਨ। ਅੰਮ੍ਰਿਤਸਰ ਤੋਂ ਸਾਨਫਰਾਂਸਿਸਕੋ ਉਡਾਣ ਵੀ ਚਲ ਸਕਦੀ ਹੈ ਕਿਉਂਕਿ ਕੈਲੀਫੋਰਨੀਆ ਪੰਜਾਬੀਆਂ ਦਾ ਗੜ੍ਹ ਹੈ।

ਅੰਮ੍ਰਿਤਸਰ ਤੋਂ ਸਿੰਗਾਪੁਰ ਲਈ ਉਡਾਣ ਵੀ ਚਲ ਸਕਦੀ ਹੈ । ਇਸ ਤਰ੍ਹਾਂ ਹੋਰਨਾਂ ਰੂਟਾਂ ਦੀ ਘੋਖ ਕੀਤੀ ਜਾ ਸਕਦੀ ਹੈ।ਸਿਧੀਆਂ ਉਡਾਣਾਂ ਨਾਲ ਸਵਾਰੀਆਂ ਦੇ ਨਾਲ ਨਾਲ ਪੰਜਾਬ ਅਤੇ ਹਿਮਾਚਲ ਦੀਆਂ ਸਬਜ਼ੀਆਂ, ਫਲ, ਡੱਬਾ ਪੈਕ ਆਦਿ ਕਾਰਗੋ ਦਾ ਸਮਾਨ ਵੀ ਜਾ ਸਕਦਾ ਹੈ, ਜੋ ਇਸ ਸਮੇਂ ਨਹੀਂ ਜਾ ਰਿਹਾ। ਇਸ ਨਾਲ ਕਿਸਾਨਾਂ ਤੇ ਵਪਾਰੀਆਂ ਨੂੰ ਲਾਭ ਹੋਵੇਗਾ ਤੇ ਹੋਟਲ ਉਦਯੋਗ ਵੀ ਤਰਕੀ ਕਰੇਗਾ।

ਏਅਰ ਇੰਡੀਆ ਇਸ ਸਮੇਂ ਡਰੀਮਲਾਈਨਰ ਜਹਾਜ਼ ਵਰਤ ਰਹੀ ਹੈ, ਜਿਸ ਵਿਚ 18 ਸੀਟਾਂ ਬਿਜ਼ਨਸ ਕਲਾਸ ਤੇ 238 ਸੀਟਾਂ ਇਕਾਨੌਮੀ ਕਲਾਸ ਦੀਆਂ ਹਨ। ਇਹ ਜਹਾਜ਼ ਆਸਾਨੀ ਨਾਲ ਭਰ ਸਕਦੇ ਹਨ। ਜੇ ਏਅਰ ਇੰਡੀਆ ਸਿੱਧੀਆਂ ਉਡਾਣਾਂ ਸ਼ੁਰੂ ਕਰ ਦੇਵੇ ਤਾਂ ਇਸ ਨਾਲ ਹੋਰ ਵਿਦੇਸ਼ੀ ਕੰਪਨੀਆਂ ਆਪਣੇ ਆਪ ਆ ਜਾਣਗੀਆਂ। ਬਿਹਤਰ ਹੋਵੇਗਾ ਜੇ ਅੰਮ੍ਰਿਤਸਰ ਹਵਾਈ ਅੱਡੇ ਨੂੰ ਦਿੱਲੀ ਵਾਂਗ ਪ੍ਰਾਈਵੇਟ ਹੱਥਾਂ ਵਿਚ ਦੇ ਦਿੱਤਾ ਜਾਵੇ । ਇਸ ਨਾਲ ਇਸ ਅੱਡੇ ਨੂੰ ਚਲਾਉਣ ਵਾਲੀ ਕੰਪਨੀ ਵਿਦੇਸ਼ੀ ਉਡਾਣਾਂ ਲਿਆਵੇਗੀ ਜਿਸ ਨਾਲ ਇਹ ਹੋਰ ਤਰਕੀ ਕਰੇਗਾ।

*(18 ਫ਼ਰਵਰੀ 2015)*



Academy of the Punjab in North America: http://www.apnaorg.com

# ਕਿਵੇਂ ਸਵੱਛ ਹੋਵੇ ਗੁਰੂ ਕੀ ਨਗਰੀ, ਸ੍ਰੀ ਅੰਮ੍ਰਿਤਸਰ ਸਾਹਿਬ

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਿਫ਼ਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਅਣਗਿਣਤ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅਲੌਕਿਕ ਨਜ਼ਾਰੇ ਨੂੰ ਜਿਹੜਾ ਵੇਖਦਾ ਹੈ, ਉਹ ਅਸ਼-ਅਸ਼ ਕਰ ਉੱਠਦਾ ਹੈ। ਅਮਰੀਕਾ, ਕੈਨੇਡਾ ਆਦਿ ਵਿਚ ਗੋਰੇ, ਗੋਰੀਆਂ ਪੀ ਟੀ ਸੀ ਚੈਨਲ 'ਤੇ ਚਲ ਰਹੇ ਪ੍ਰੋਗਰਾਮ ਨੂੰ ਵੇਖ ਕੇ ਅਚੰਭਤ ਹੋ ਜਾਂਦੇ ਹਨ ਤੇ ਕਹਿ ਉਠਦੇ ਹਨ, 'ਇਟ ਇਜ਼ ਏ ਵੰਡਰਫੁਲ ਪਲੇਸ' (ਇਹ ਸ਼ਾਨਦਾਰ ਜਗਾਹ ਹੈ)। ਪਰ ਜਦ ਯਾਤਰੂ ਇੱਥੇ ਸੁਪਨੇ ਲੈ ਕੇ ਆਉਂਦੇ ਹਨ ਤਾਂ ਸ਼ਹਿਰ ਅੰਦਰ ਗ਼ੰਦਗੀ , ਟ੍ਰੈਫ਼ਿਕ, ਸੜਕਾਂ ਆਦਿ ਦੀ ਦੁਰ ਦਸ਼ਾ ਵੇਖ ਕੇ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਹਿੰਦ ਪਾਕ ਮੇਲੇ 'ਤੇ ਪਾਕਿਸਤਾਨ ਦੇ ਇਕ ਆਗੂ ਨੇ ਭਰੀ ਸਟੇਜ 'ਤੇ ਕਿਹਾ ਸੀ ਕਿ ਮੈਂ ਸੋਚਿਆ ਸੀ ਕਿ ਮੈਂ ਸਿੱਖਾਂ ਦੇ ਪਵਿੱਤਰ ਸ਼ਹਿਰ ਜਾ ਰਿਹਾ ਹਾਂ, ਉਹ ਸ਼ਹਿਰ ਲਾਹੌਰ ਨਾਲੋਂ ਵੀ ਕਿਤੇ ਵਧੀਆ ਤੇ ਖ਼ੂਬਸੂਰਤ ਹੋਵੇਗਾ ਪਰ ਇੱਥੇ ਆ ਕੇ ਟੁੱਟੀਆਂ ਸੜਕਾਂ ਤੇ ਗੰਦਗੀ ਵੇਖ ਕੇ ਮਨ ਨੂੰ ਬਹੁਤ ਦੁੱਖ ਹੋਇਆ । ਉਸ ਨੇ ਅਪੀਲ ਕੀਤੀ ਸੀ ਕਿ ਸਰਕਾਰ ਨੂੰ ਇਸ ਨੂੰ ਖ਼ੂਬਸੂਰਤ ਸ਼ਹਿਰ ਬਨਾਉਣਾ ਚਾਹੀਦਾ ਹੈ।2002 ਵਿਚ ਹਾਲੈਂਡ ਤੋਂ ਇਕ ਸਮਾਜ ਸੇਵੀ ਸੰਸਥਾ ਦਾ ਵਫ਼ਦ ਆਇਆ, ਉਸ ਨੇ ਇਸ ਸ਼ਹਿਰ ਦੀ ਸਫ਼ਾਈ ਦੀ ਮੰਦੀ ਹਾਲਤ ਵੇਖੀ ਤੇ ਇਸ ਨੂੰ ਸਾਫ਼ ਸੁਥਰਾ ਸ਼ਹਿਰ ਬਨਾਉਣ ਦਾ ਬੀੜਾ ਚੁੱਕਿਆ। ਉਨ੍ਹਾਂ ਨੇ ਆਪਣੇ ਖਰਚੇ 'ਤੇ 2003 ਵਿਚ ਉਸ ਸਮੇਂ ਦੇ ਮੇਅਰ ਤੇ ਹੋਰ ਅਧਿਕਾਰੀਆਂ ਨੂੰ ਹਾਲੈਂਡ ਤੇ ਜਰਮਨੀ ਵਿਖਾਇਆ ਕਿ ਕਿਵੇਂ ਇਨ੍ਹਾਂ ਦੇਸ਼ਾਂ ਵਿਚ ਸ਼ਹਿਰਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਉਹ ਇਸ ਲੇਖਕ ਨੂੰ ਨਾਲ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੂੰ ਮਿਲੇ। ਉਨ੍ਹਾਂ ਨੇ ਸਫ਼ਾਈ ਬਾਰੇ ਆਪਣੇ ਸੁਝਾਅ ਦਿੱਤੇ। ਉਨ੍ਹਾਂ ਵੇਖਿਆ ਕਿ ਇਥੋਂ ਦੀ ਨਗਰ ਨਿਗਮ ਨੂੰ ਕੋਈ ਦਿਲਚਸਪੀ ਨਹੀਂ, ਇਸ  ਲਈ ਉਨ੍ਹਾਂ ਨੇ ਕੁਝ ਸਾਲਾਂ ਪਿੱਛੋਂ ਇੱਥੇ ਆਉਂਣਾ ਬੰਦ ਕਰ ਦਿੱਤਾ । ਅਮਰੀਕਾ ਦੇ ਪ੍ਰਸਿੱਧ ਸਿੱਖ ਚਿੰਤਕ ਡਾ. ਰਾਜਵੰਤ ਸਿੰਘ ਨੇ ਆਪਣੀ ਸੰਸਥਾ ਈਕੋ ਸਿੱਖ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹੋਈਆਂ ਹਨ। ਵੇਖੋ ਇਸ ਦਾ ਕੀ ਸਿੱਟਾ ਨਿਕਲਦਾ ਹੈ ?

ਇਨ੍ਹਾਂ ਦਿਨਾਂ ਵਿਚ ਜੋ ਸਵੱਸ਼ ਭਾਰਤ ਦਾ ਸਰਵੇ ਆਇਆ ਹੈ ਉਸ ਵਿਚ 476



Academy of the Punjab in North America: http://www.apnaorg.com

ਸ਼ਹਿਰਾਂ ਵਿਚੋਂ ਗੁਰੂ ਕੀ ਨਗਰੀ ਦਾ 430ਵਾਂ ਸਥਾਨ ਆਇਆ ਹੈ।ਅਮਰੀਕੀ ਚੈਨਲਾਂ ਸਮੇਤ ਵਿਸ਼ਵ ਭਰ ਦੇ ਮੀਡਿਆ ਨੇ ਇਸ ਦਾ ਨੋਟਿਸ ਲੈ ਕੇ ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਹੈ। ਸ਼ਹਿਰ ਦੀ ਸਫ਼ਾਈ ਦੇ ਮੰਦੇ ਹਾਲ ਦਾ ਨੋਟਿਸ ਲੈਂਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਪਿੰਡਾਂ ਦੀਆਂ ਪੰਚਾਇਤਾਂ ਪਾਸੋਂ ਸੂਚੀਆਂ ਮੰਗੀਆਂ ਹਨ। ਪਰ ਪੁੱਛਣਾ ਬਣਦਾ ਹੈ ਕਿ ਜੇ ਪਿੰਡਾਂ ਤੋਂ ਆ ਕੇ ਸੰਗਤ ਨੇ ਸਫ਼ਾਈ ਕਰਨੀ ਹੈ ਤਾਂ ਪੰਜਾਬ ਸਰਕਾਰ ਨੇ ਜਿਹੜਾ ਸਥਾਨਕ ਸਰਕਾਰ ਵਿਭਾਗ ਖੋਲਿਆ ਹੋਇਆ ਹੈ, ਉਹ ਕਾਹਦੇ ਲਈ ਹੈ।

ਪਿਛਲੇ ਕਈ ਸਾਲਾਂ ਤੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ ਕਿ ਪ੍ਰਦੂਸ਼ਣ ਦੀ ਇਸ ਵਧੇਰੇ ਮਾਤਰਾ ਕਾਰਨ ਇਸ ਪਵਿੱਤਰ ਅਸਥਾਨ ਉੱਪਰ ਲੱਗੇ ਸੋਨੇ ਦੇ ਪਤਰਿਆਂ ਅਤੇ ਸੰਗਮਰਮਰ 'ਤੇ ਬੁਰਾ ਪ੍ਰਭਾਵ ਪੈਣ ਤੋਂ ਇਲਾਵਾ ਸੱਚਖੰਡ ਦੇ ਅੰਦਰਲੇ ਹਿੱਸੇ ਵਿੱਚ ਕੰਧਾਂ 'ਤੇ ਬਣੇ ਚਿੱਤਰਾਂ ਅਤੇ ਨੱਕਾਸ਼ੀ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ। ਪ੍ਰਦੂਸ਼ਣ ਦੇ ਬੁਰੇ ਪ੍ਰਭਾਵ ਕਾਰਨ ਹੀ ਸ੍ਰੀ ਦਰਬਾਰ ਸਾਹਿਬ ਦੀ ਕੰਧ ਉੱਪਰ ਲੱਗੀਆਂ ਸੋਨੇ ਦੀਆਂ ਪਲੇਟਾਂ ਦੀ ਚਮਕ ਖ਼ਰਾਬ ਹੋ ਜਾਣ ਕਾਰਨ 1999 ਵਿੱਚ ਸ਼੍ਰੋਮਣੀ ਕਮੇਟੀ ਨੂੰ ਇਹ ਬਦਲਣੀਆਂ ਪਈਆਂ ਸਨ।

ਪ੍ਰਦੂਸ਼ਣ ਕੰਟਰੋਲ ਕਮੇਟੀ ਅੰਮ੍ਰਿਤਸਰ ਦੀ ਜਨਹਿਤ ਪਟੀਸ਼ਨ 'ਤੇ ਮਾਨਯੋਗ ਹਾਈਕੋਰਟ ਨੇ ਦਸੰਬਰ 2008 ਵਿਚ ਨਗਰ ਨਿਗਮ, ਅੰਮ੍ਰਿਤਸਰ ਨੂੰ ਹਰ ਘਰ ਤੋਂ ਰੋਜ਼ਾਨਾ ਕੂੜਾ ਚੁੱਕਣ ਦੇ ਆਦੇਸ਼ ਦਿੱਤੇ ਸਨ। ਐਨਟੈਨੀ ਕੰਪਨੀ ਨੇ 2009 ਵਿਚ ਘਰ ਘਰ ਤੋਂ ਕੂੜਾ ਚੁੱਕਣਾ ਸ਼ੁਰੂ ਕੀਤਾ ਜਿਸ ਨਾਲ ਸ਼ਹਿਰ ਦੇ ਬਾਹਰਲੇ ਇਲਾਕੇ ਜਿਹੜੇ ਉਸ ਨੂੰ ਦਿੱਤੇ ਗਏ ਸਾਫ਼-ਸੁਥਰੇ ਹੋ ਗਏ ਤੇ ਸੜਕਾਂ ਉਪਰ ਗੰਦ ਦੇ ਢੇਰ ਲਗਣੇ ਬੰਦ ਹੋ ਗਏ। ਪਰ ਡੇਢ ਸਾਲ ਬਾਦ ਇਹ ਕੰਪਨੀ ਭੱਜ ਗਈ ਕਿਉਂਕਿ ਨਗਰ ਨਿਗਮ ਨੇ ਉਸ ਨੂੰ ਪੈਸੇ ਦੇਣੇ ਬੰਦ ਕਰ ਦਿੱਤੇ। ਇਸ ਤੋਂ ਬਾਦ ਇਨ੍ਹਾਂ ਨੇ ਕੋਈ ਉਪਰਾਲਾ ਨਹੀਂ ਕੀਤਾ।

ਇਸ ਸਰਵੇਖਣ ਦੇ ਬਾਦ ਜਿੱਥੇ ਕੂੜਾ ਸੁੱਟਿਆ ਜਾਂਦਾ ਹੈ,ਉੱਥੇ ਲਗੇ ਗੰਦਗੀ ਦੇ ਢੇਰਾਂ ਦੀਆਂ ਤਸਵੀਰਾਂ ਵੀ ਅਖ਼ਬਾਰਾਂ ਵਿਚ ਛਪੀਆਂ ਹਨ । ਪਿਛਲੇ ਸਾਲ 2 ਨਵੰਬਰ 2014 ਤੋਂ ਉਸ ਢੇਰ ਦੇ ਆਲੇ ਦੁਆਲੇ ਦੀਆਂ ਆਬਾਦੀਆਂ ਦੇ ਲੋਕ ਇੱਥੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਸਾਲਡ ਵੇਸਟ ਪਲਾਂਟ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਇਸ ਗੰਦਗੀ ਦੇ ਢੇਰ ਕਰਕੇ ਉਹ ਪ੍ਰਦੂਸ਼ਿਤ ਪਾਣੀ ਪੀ ਰਹੇ ਹਨ ਤੇ ਕਈ ਬਿਮਾਰੀਆਂ ਦਾ ਸ਼ਿਕਾਰ ਹਨ।

ਪੰਜਾਬ ਸਰਕਾਰ ਇੱਥੇ ਹੀ ਇਹ ਪਲਾਂਟ ਲਾਉਣ ਲਈ ਬਜਿੱਦ ਹੈ, ਜਿਥੇ ਦੂਜੇ ਸ਼ਹਿਰਾਂ ਦਾ ਕੂੜਾ ਵੀ ਆਵੇਗਾ। ਇਸ ਪਲਾਂਟ ਨੂੰ ਲੈ ਕੇ ਹਲਕੇ ਦੇ ਵਿਧਾਇਕ ਤੇ ਪਾਰਲੀਮੈਂਟਰੀ ਸਕੱਤਰ ਸ. ਇੰਦਰਬੀਰ ਸਿੰਘ ਬੁਲਾਰੀਆ ਤੇ ਪੰਜਾਬ ਸਰਕਾਰ ਆਹਮੋ ਸਾਹਮਣੇ ਹਨ। ਪਾਰਲੀਮੈਂਟਰੀ ਕਮੇਟੀ ਜਿਸ ਵਿਚ ਪੰਜਾਬ ਤੋਂ ਉਸ ਸਮੇਂ ਦੇ ਪਾਰਲੀਮੈਂਟ ਮੈਂਬਰ ਡਾ. ਮਨੋਹਰ ਸਿੰਘ ਗਿੱਲ, ਡਾ.ਰਤਨ ਸਿੰਘ ਅਜਨਾਲਾ, ਸ੍ਰੀ ਮਹਿੰਦਰ ਸਿੰਘ ਕੇ.ਪੀ. ਸਮੇਤ 28 ਮੈਂਬਰ ਸਨ ਜਿਨ੍ਹਾਂ ਨੇ 17 ਫਰਵਰੀ 2014 ਨੂੰ ਲੋਕ ਸਭਾ ਵਿਚ ਅਤੇ 13 ਫਰਵਰੀ 2014 ਨੂੰ ਰਾਜ ਸਭਾ ਵਿਚ ਦਿੱਤੀ ਰਿਪੋਰਟ ਵਿਚ ਲਿਖਿਆ ਹੈ ਕਿ ਰਿਹਾਇਸ਼ੀ



Academy of the Punjab in North America: http://www.apnaorg.com

ਅਬਾਦੀਆਂ ਵਿਚੋਂ ਸਾਲਿਡ ਵੇਸਟ ਪਲਾਂਟ ਹਟਾਏ ਜਾਣ ਕਿਉਂਕਿ ਇਹ ਜ਼ਹਿਰੀਲੀਆਂ ਗੈਸਾਂ ਪੈਦਾ ਕਰਦੇ ਹਨ ਪਰ ਇਸ ਦੇ ਬਾਵਜੂਦ ਪੰਜਾਬ ਸਰਕਾਰ ਬਜਿਦ ਹੈ। ਕਿਉਂਕਿ ਇਹ ਰਿਪੋਰਟ ਕਲ੍ਹ ਨੂੰ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਹੋ ਜਾਂਦੀ ਹੈ ਤਾਂ ਇਹ ਪਲਾਂਟ ਇੱਥੋਂ ਹਟਾਉਣਾ ਪਵੇਗਾ ਇਸ ਲਈ ਹੁਣੇ ਹੀ ਇਹ ਪ੍ਰੋਜੈਕਟ ਦੂਰ ਲਾਇਆ ਜਾਣਾ ਚਾਹੀਦਾ ਹੈ। ਇਸ ਪਲਾਂਟ ਦੀਆਂ ਜ਼ਹਿਰੀਲੀਆਂ ਗੈਸਾਂ ਨਾ ਕੇਵਲ ਮਨੁੱਖਾਂ ਲਈ ਸਗੋਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਦੂਰ ਦੂਰ ਦੀਆਂ ਇਤਿਹਾਸਕ ਇਮਾਰਤਾਂ ਲਈ ਤਬਾਹਕੁਨ ਸਾਬਤ ਹੋਣਗੀਆਂ।

ਹਾਲ ਹੀ ਵਿਚ ਵਿਸ਼ਵ ਸਿਹਤ ਸੰਸਥਾ ਨੇ ਜੋ ਹਵਾਈ ਪ੍ਰਦੂਸ਼ਣ ਦੀ ਰਿਪੋਰਟ ਜਾਰੀ ਕੀਤੀ ਹੈ,ਉਸ ਅਨੁਸਾਰ ਭਾਰਤ ਵਿਚ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਦਾ 9ਵਾਂ ਸਥਾਨ ਹੈ। ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਦਾ ਸੰਗਮਰਮਰ ਪੀਲਾ ਪੈ ਰਿਹਾ ਹੈ, ਇਸ ਬਾਰੇ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੰਤੁਤ ਹੈ ਤੇ ਨਾ ਹੀ ਪੰਜਾਬ ਸਰਕਾਰ। ਇਸ ਦੇ ਟਾਕਰੇ 'ਤੇ ਤਾਜ ਮਹੱਲ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਵੀ ਪੁਰਾਣਾ ਹੈ ਦੀ ਸੰਭਾਲ ਲਈ ਸੁਪਰੀਮ ਕੋਰਟ ਨੇ ਇਕ ਨਿਗਰਾਨ ਕਮੇਟੀ ਬਣਾਈ ਹੋਈ ਹੈ, ਜਿਸ ਨੇ ਬੀਤੇ ਦਿਨੀਂ ਦਰਖਤਾਂ ਦੀ ਕਟਾਈ 'ਤੇ ਪਾਬੰਦੀ ਲਾਈ ਹੈ ਪਰ ਅਸੀਂ ਅੰਮ੍ਰਿਤਸਰ ਵਿਚ ਬੀ.ਆਰ.ਟੀ.ਐਸ. ਪ੍ਰਾਜੈਕਟ ਅਧੀਨ ਸੜਕਾਂ ਦੇ ਕੰਢਿਆਂ 'ਤੇ ਦੋ-ਦੋ ਸੌ ਸਾਲ ਪੁਰਾਣੇ ਦਰਖ਼ਤ ਇਕੋ ਵੱਢੋਂ ਸਾਰੇ ਵੱਢ ਦਿੱਤੇ ਹਨ।

ਇਸ ਲਈ ਲੋੜ ਹੈ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਪੁਰਾਣੀਆਂ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਲਈ ਹਾਈਕੋਰਟ ਦੀ ਨਿਗਰਾਨੀ ਵਿਚ ਇਕ ਕਮੇਟੀ ਬਣਾਈ ਜਾਵੇ। ਵੈਸੇ ਇਸ ਨੂੰ ਵਿਰਾਸਤੀ ਸ਼ਹਿਰ ਬਨਾਉਣ ਲਈ ਕੇਂਦਰ ਸਰਕਾਰ ਨੇ 69 ਕਰੋੜ ਰੁਪਏ ਜਾਰੀ ਕੀਤੇ ਹਨ।

ਜਿੱਥੋਂ ਤੀਕ ਪ੍ਰਦੂਸ਼ਿਤ ਪਾਣੀ ਦਾ ਸੰਬੰਧ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਪ-ਕੁਲਪਤੀ ਸ. ਜੈਰੂਪ ਸਿੰਘ ਦੇ ਸਮੇਂ ਪਾਣੀ ਸੋਧਕ ਪਲਾਂਟ ਲਾਇਆ ਸੀ ਤੇ ਉਹ ਸਾਫ਼ ਕੀਤੇ ਪਾਣੀ ਨੂੰ ਯੂਨੀਵਰਸਿਟੀ ਵਿਚ ਬੂਟਿਆਂ ਨੂੰ ਪਾਣੀ ਦੇਣ ਲਈ ਵਰਤ ਰਹੇ ਹਨ ਪਰ ਨਗਰ ਨਿਗਮ ਨੇ ਇਕ ਵੀ ਪਲਾਂਟ ਨਹੀਂ ਲਾਇਆ ਤੇ ਗੰਦਾ ਪਾਣੀ ਬਰਸਾਤੀ ਨਾਲਿਆਂ ਵਿਚ ਪਾ ਕੇ ਉਨ੍ਹਾਂ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ, ਸਿੱਟੇ ਵਜੋਂ ਗੁਮਟਾਲਾ, ਮਾਹਲ ਤੇ ਹੋਰ ਪਿੰਡਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। ਪਾਕਿਸਤਾਨ ਨੂੰ ਇਹ ਪਾਣੀ ਜਾਂਦਾ ਹੈ ਤੇ ਉਸ ਨੇ ਯੂ.ਐਨ.ਓ. ਵਿਚ ਸ਼ਿਕਾਇਤ ਕੀਤੀ ਹੋਈ ਹੈ। ਗੁਮਟਾਲਾ ਪਿੰਡ ਲਾਗੋਂ ਲੰਘਦੇ ਬਰਸਾਤੀ ਨਾਲੇ ਵਿਚੋਂ ਅਸੀਂ ਮੱਛੀਆਂ ਫੜ੍ਹਦੇ ਹੁੰਦੇ ਸੀ ਜੋ ਕਿ ਹੁਣ ਏਨਾ ਤੇਜ਼ਾਬੀ ਤੇ ਗੰਦਲਾ ਹੈ ਕਿ ਜੇ ਪਸ਼ੂ ਵੜ ਜਾਵੇ ਤਾਂ ਉਸ ਦੀ ਚਮੜੀ ਖਰਾਬ ਹੋ ਜਾਂਦੀ ਹੈ। ਹੁਣ ਪ੍ਰਦੂਸ਼ਣ ਕੰਟਰੋਲ ਕਮੇਟੀ ਵੱਲੋਂ ਪਾਈ ਜਨਹਿਤ ਪਟੀਸ਼ਨ 'ਤੇ ਹਾਈਕੋਰਟ ਦੇ ਆਦੇਸ਼ਾਂ 'ਤੇ ਪਾਣੀ ਸੋਧਕ ਪਲਾਂਟ ਲਾਏ ਜਾ ਰਹੇ ਹਨ।

ਇਹ ਸਾਰਾ ਕੁਝ ਲਿਖਣ ਦਾ ਭਾਵ ਇਹ ਹੈ ਕਿ ਪੰਜਾਬ ਵਿਚ ਜਿੰਨੀਆਂ ਵੀ ਸਰਕਾਰਾਂ ਬਣੀਆਂ ਇਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਮੇਤ ਕਿਸੇ ਵੀ ਸ਼ਹਿਰ ਦੇ ਪ੍ਰਦੂਸ਼ਿਤ ਵਾਤਾਵਰਨ ਨੂੰ ਗੰਭੀਰਤਾ ਨਾਲ ਨਹੀਂ ਲਿਆ, ਇਹੋ ਕਾਰਨ ਹੈ ਕਿ ਸਾਡੇ ਦਰਿਆ



Academy of the Punjab in North America: http://www.apnaorg.com

ਪ੍ਰਦੂਸ਼ਿਤ ਹਨ ਤੇ ਇਹ ਪਾਣੀ ਰਾਜਸਥਾਨ ਵਿਚ ਸਾਡੇ ਭੈਣ ਭਰਾ ਪੀਂਦੇ ਹਨ। ਇਸ ਲਈ ਲੋੜ ਹੈ ਕਿ ਸਾਰੇ ਸ਼ਹਿਰਾਂ ਦੇ ਕੂੜੇ ਕਰਕਟ ਨੂੰ ਘਰੋਂ ਘਰੋਂ ਚੁੱਕਣ ਲਈ ਪ੍ਰਾਈਵੇਟ ਕੰਪਨੀਆਂ ਨੂੰ ਲਿਆਂਦਾ ਜਾਵੇ ਤੇ ਲੋਕਾਂ ਨੂੰ ਸਮਝਾਇਆ ਜਾਵੇ ਕਿ ਉਹ ਘਰਾਂ ਵਿਚ ਤਿੰਨ ਤਰ੍ਹਾਂ ਦੇ ਕੂੜਾ ਦਾਨ ਰੱਖਣ ਤਾਂ ਜੋ ਜਿਸ ਕੂੜੇ ਦੀ ਮੁੜ ਵਰਤੋਂ ਹੋ ਸਕਦੀ ਹੈ, ਉਸ ਨੂੰ ਮੁੜ ਵਰਤ ਲਿਆ ਜਾਵੇ। ਜਿਹੜੇ ਲੋਕ ਸੜਕਾਂ ਉਪਰ ਕੂੜਾ ਸੁੱਟਦੇ ਹਨ ਉਨ੍ਹਾਂ ਨੂੰ ਇਸ ਸਮੇਂ ਬਣੇ ਕਾਨੂੰਨ ਅਨੁਸਾਰ ਪਹਿਲਾਂ 500 ਰੁਪਏ ਤੇ ਫਿਰ 1000 ਰੁਪਏ ਜੁਰਮਾਨਾ ਕੀਤਾ ਜਾਵੇ। ਸ਼ਹਿਰ ਤੋਂ ਦੂਰ ਕੂੜੇ ਲਈ ਜਗ੍ਹਾ ਲੱਭ ਕੇ ਸਾਲਡ ਵੇਸਟ ਪਲਾਂਟ ਅਤੇ ਪਾਣੀ ਸੋਧਕ ਪਲਾਂਟ ਲਾਏ ਜਾਣ, ਗਰੀਬ ਘਰਾਂ ਲਈ ਟਾਇਲਟ ਬਨਾਉਣ ਲਈ ਅਪ੍ਰੈਲ 2012 ਵਿਚ ਹਰ ਘਰ ਨੂੰ 10000 ਰੁਪਏ ਦੇਣ ਦੀ ਵਿਵਸਥਾ ਹੈ, ਉਸ ਨੂੰ ਲਾਗੂ ਕੀਤਾ ਜਾਵੇ।

*(15 ਅਗਸਤ, 2015)*



Academy of the Punjab in North America: http://www.apnaorg.com

# ਲੋਕ ਵਿਰੋਧੀ ਹੈ ਵੀ.ਆਈ.ਪੀ. ਸਭਿਆਚਾਰ

ਜਦ ਤੁਸੀਂ ਅਮਰੀਕਾ ਆਉਂਦੇ ਹੋ ਤਾਂ ਸਭ ਤੋਂ ਪਹਿਲਾਂ ਹਵਾਈ ਅੱਡੇ 'ਤੇ ਉਤਰਦਿਆਂ ਜੋ ਵਖਰੇਵਾਂ ਵੇਖਣ ਨੂੰ ਮਿਲਦਾ ਹੈ, ਉਹ ਹੈ ਕਿ ਉੱਥੇ ਕੋਈ ਵੀ.ਆਈ.ਪੀ. ਪਾਰਕਿੰਗ ਨਹੀਂ। ਜਦ ਤੁਸੀਂ ਹਵਾਈ ਅੱਡੇ ਤੋਂ ਉਤਰ ਕੇ ਘਰ ਨੂੰ ਜਾਂਦੇ ਹੋ ਤਾਂ ਸੜਕ ਉਪਰ ਤੁਹਾਨੂੰ ਕੇਵਲ ਫਾਇਰ ਬ੍ਰੀਗੇਡ ਤੇ ਐਂਬੂਲੈਂਸ ਗੱਡੀਆਂ ਉਪਰ ਹੀ ਲਾਲ ਬੱਤੀਆਂ ਅਤੇ ਸਾਇਰਨ ਵਜਦੇ ਮਿਲਣਗੇ। ਜਦ ਇਹ ਗੱਡੀਆਂ ਲੰਘਦੀਆਂ ਹਨ ਤਾਂ ਇਨ੍ਹਾਂ ਨੂੰ ਰਾਹ ਦੇਣ ਲਈ ਲੋਕ ਆਪਣੀਆਂ ਗੱਡੀਆਂ ਪਾਸੇ ਖੜੀਆਂ ਕਰ ਲੈਂਦੇ ਹਨ। ਕਿਸੇ ਵੀ ਦਫ਼ਤਰ, ਹੋਟਲ, ਦੁਕਾਨ ਜਾਉ, ਉਸ ਦੇ ਬੂਹੇ ਅੱਗੇ ਜਾਂ ਪਾਰਕਿੰਗ ਵਾਲੀ ਥਾਂ 'ਤੇ ਸਭ ਤੋਂ ਪਹਿਲਾਂ ਕੁਝ ਥਾਵਾਂ ਅੰਗਹੀਣਾਂ ਲਈ ਮਿਲਣਗੀਆਂ । ਕੋਈ ਹੋਰ ਗੱਡੀ ਨਾ ਲਾਵੇ ਇਸ ਲਈ ਚਿਤਾਵਨੀ ਲਿਖੀ ਹੁੰਦੀ ਹੈ। ਕਹਿਣ ਦਾ ਭਾਵ ਹੈ ਅਮਰੀਕਾ ਵਿਚ ਸਭ ਤੋਂ ਮਹੱਤਵਪੂਰਨ ਵਿਅਕਤੀ ਜੇ ਹੈ ਤਾਂ ਉਹ ਹੈ ਅੰਗਹੀਣ । ਅੰਗਹੀਣਾਂ, ਬਜ਼ੁਰਗਾਂ ਤੇ ਬਚਿੱਆਂ ਦੀ ਸਹੂਲਤ ਲਈ ਤੁਹਾਨੂੰ ਹਰ ਥਾਂ ਪੌੜੀਆਂ ਦੇ ਨਾਲ ਹੀ ਲਿਫਟ ਮਿਲੇਗੀ। ਸਰਕਾਰੀ ਦਫ਼ਤਰਾਂ ਵਿਚ ਜਾਉ, ਉੱਥੇ ਇਕ ਮਸ਼ੀਨ ਵਿਚੋਂ ਪਰਚੀ ਖਿਚੋ, ਉਹ ਤੁਹਾਡੀ ਵਾਰੀ ਦਾ ਨੰਬਰ ਹੈ। ਆਰਾਮ ਨਾਲ ਬੈਠੋ ਤੇ ਆਪਣੀ ਵਾਰੀ ਦਾ ਇੰਤਜ਼ਾਰ ਕਰੋ। ਉੱਥੇ ਕਿਸੇ ਨੂੰ ਪਹਿਲ ਨਹੀਂ, ਭਾਵੇਂ ਕੋਈ ਵੀ ਹੋਵੇ।

ਅਮਰੀਕਾ ਵਿਚ ਮੁੱਖ-ਮੰਤਰੀ ਨੂੰ ਗਵਰਨਰ ਕਹਿੰਦੇ ਹਨ ਤੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਨੂੰ ਕਾਂਗਰਸਮੈਨ ਕਹਿੰਦੇ ਹਨ। ਸਾਡੇ ਵਾਂਗ ਗਵਰਨਰ ਦੀ ਆਸਾਮੀ ਨਹੀਂ ਹੈ। ਇਨ੍ਹਾਂ ਵਿਚੋਂ ਕਿਸੇ ਨੂੰ ਲਾਲ ਬੱਤੀ ਜਾਂ ਹੋਰ ਕੋਈ ਸਹੂਲਤ ਨਹੀਂ, ਜਿਵੇਂ ਸਾਡੇ ਹੈ। ਸਭ ਆਪਣੀ ਕਾਰ ਖ਼ੁਦ ਆਪ ਚਲਾਉਂਦੇ ਹਨ, ਆਮ ਲੋਕਾਂ ਦੀ ਤਰ੍ਹਾਂ ਵਿਚਰਦੇ ਹਨ। ਜੇ ਉਹ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਹਨ ਤਾਂ ਪੁਲਿਸ ਵਾਲੇ ਉਨ੍ਹਾਂ ਦਾ ਵੀ ਆਮ ਨਾਗਰਿਕਾਂ ਦੀ ਤਰ੍ਹਾਂ ਚਲਾਣ ਕਟਦੇ ਹਨ। ਜੇ ਕੋਈ ਰਿਸ਼ਵਤਖੋਰੀ ਦੇ ਕੇਸ ਵਿਚ ਕਾਬੂ ਆ ਜਾਵੇ ਤਾਂ ਐਫ.ਬੀ.ਆਈ. ਜੋ ਕਿ ਸਾਡੀ ਸੀ.ਬੀ.ਆਈ. ਵਾਂਗ ਕੇਂਦਰੀ ਏਜੰਸੀ ਹੈ, ਬਿਨਾਂ ਕਿਸੇ ਦੀ ਆਗਿਆ ਉਨ੍ਹਾਂ ਨੂੰ ਫੜ ਲੈਂਦੀ ਹੈ। ਅਮਰੀਕਾ ਵਿਚ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਸਪੀਕਰ ਤੇ ਕੁਝ ਹੋਰ ਨੂੰ ਹੀ ਵਿਸ਼ੇਸ਼ ਸਹੂਲਤਾਂ ਹਨ, ਜਿਵੇਂ ਇਨ੍ਹਾਂ ਨੂੰ ਸੀਕਿਊਰਟੀ ਮਿਲੀ ਹੋਈ ਹੈ, ਹਵਾਈ ਅਡਿਆਂ 'ਤੇ ਤਲਾਸ਼ੀ ਨਹੀਂ ਲਈ ਜਾਂਦੀ ਕਿਉਂਕਿ ਇਨ੍ਹਾਂ ਨਾਲ ਸੁਰਖਿਆ ਕਰਮਚਾਰੀ ਹੁੰਦੇ ਹਨ। ਇੱਥੇ ਪ੍ਰਧਾਨ ਮੰਤਰੀ ਦੀ ਆਸਾਮੀ ਨਹੀਂ ਹੈ।

ਇੰਗਲੈਂਡ ਵਿਚ ਸਿਰਫ਼ ਮਹਾਰਾਣੀ ਨੂੰ ਹੀ ਹਵਾਈ ਅਡਿਆਂ 'ਤੇ ਤਲਾਸ਼ੀ ਦੀ ਛੋਟ



Academy of the Punjab in North America: http://www.apnaorg.com

ਹੈ। ਪ੍ਰਧਾਨ ਮੰਤਰੀ ਦੀ ਵੀ ਚੈਕਿੰਗ ਹੁੰਦੀ ਹੈ। ਭਾਰਤ ਵਿਚ 33 ਵਰਗਾਂ ਨੂੰ ਛੋਟ ਹੈ ਤੇ ਇਹ ਗਿਣਤੀ ਬਹੁਤ ਜ਼ਿਆਦਾ ਹੈ। ਅਮਰੀਕਾ ਨੇ ਭਾਰਤ ਸਰਕਾਰ ਨੂੰ ਕੇਵਲ 4 ਜਾਂ 6 ਵਿਅਕਤੀਆਂ ਨੂੰ ਹੀ ਛੋਟ ਦੇਣ ਲਈ ਕਿਹਾ ਹੈ।

ਅਮਰੀਕਾ ਵਿਚ ਜੇ ਸੜਕ ਉਪਰ ਟੋਲ ਟੈਕਸ ਹੈ ਤਾਂ ਉਹ ਸਭ ਲਈ ਇਕੋ ਜਿਹਾ ਹੈ। ਨਾ ਤਾਂ ਵੱਖਰੀ ਕੋਈ ਵੀ.ਆਈ.ਪੀ. ਲਈ ਲਾਇਨ ਹੈ ਤੇ ਨਾ ਹੀ ਕੋਈ ਛੋਟ ਹੈ। ਵੀ.ਆਈ.ਪੀ. ਲਈ ਕੋਈ ਵੱਖਰੀ ਸੜਕ ਨਹੀਂ। ਇਹੋ ਸਥਿਤੀ ਅਗਾਂਹਵਧੂ ਦੇਸ਼ਾਂ ਵਿਚ ਹੈ। ਇੰਗਲੈਂਡ ਦੇ ਪ੍ਰਧਾਨ ਮੰਤਰੀ ਦੀਆਂ ਬੱਸ ਵਿਚ ਜਾਂ ਰੇਲ ਗੱਡੀ ਵਿਚ ਖੜ੍ਹੇ ਹੋ ਕੇ ਸਫ਼ਰ ਕਰਨ ਦੀਆਂ ਤਸਵੀਰਾਂ ਅਕਸਰ ਮੀਡੀਆ ਵਿਚ ਆਉਂਦੀਆਂ ਹਨ। ਸਵਿਟਰਜ਼ਰਲੈਂਡ ਦੁਨੀਆਂ ਦਾ ਇਕ ਅਜਿਹਾ ਮੁਲਕ ਹੈ ਜਿਸ ਦਾ ਲੋਕਤਾਂਤ੍ਰਿਕ ਢਾਂਚਾ ਸਭ ਤੋਂ ਲੋਕ-ਪੱਖੀ ਗਿਣਿਆ ਗਿਆ ਹੈ। ਉੱਥੇ ਪਾਰਲੀਮੈਂਟ ਮੈਂਬਰਾਂ ਨੂੰ ਕੋਈ ਤਨਖਾਹ ਨਹੀਂ ਮਿਲਦੀ। ਜਦ ਅਜਲਾਸ ਹੁੰਦਾ ਹੈ ਤਾਂ ਉਸ ਸਮੇਂ ਉਨ੍ਹਾਂ ਨੂੰ ਵਿਸ਼ੇਸ਼ ਭੱਤਾ ਤੇ ਕੰਮ ਤੋਂ ਛੁੱਟੀ ਮਿਲਦੀ ਹੈ। ਇਨ੍ਹਾਂ ਮੁਲਕਾਂ ਵਿਚ ਸਾਡੇ ਵਾਂਗ ਦਰਜਾ ਚਾਰ ਦੀ ਕੋਈ ਆਸਾਮੀ ਨਹੀਂ। ਉਹ ਆਪਣੇ ਆਪ ਨੂੰ ਜਨਤਾ ਦੇ ਸਹੀ ਸੇਵਕ ਸਮਝਦੇ ਹਨ।

ਹੁਣ ਅਸੀਂ ਭਾਰਤ ਦੀ ਗੱਲ ਕਰਦੇ ਹਾਂ। ਜਿਵੇਂ ਉਪਰ ਜ਼ਿਕਰ ਕੀਤਾ ਹੈ ਕਿ ਇੱਥੇ ਹਵਾਈ ਅੱਡਿਆਂ ਉਪਰ ਵਡੀ ਗਿਣਤੀ ਵਿਚ ਲੋਕਾਂ ਲਈ ਵਿਸ਼ੇਸ਼ ਲਾਂਘਾ ਬਣਾਇਆ ਗਿਆ ਹੈ ਤੇ ਉਨ੍ਹਾਂ ਦੀ ਤਲਾਸ਼ੀ ਵੀ ਨਹੀਂ ਲਈ ਜਾਂਦੀ ਹੈ। ਇਹ ਹਵਾਈ ਜਹਾਜ਼ ਦੇ ਯਾਤਰੂਆਂ ਲਈ ਤਬਾਹਕੁਨ ਸਾਬਤ ਹੋ ਸਕਦਾ ਹੈ। ਕਿਉਂਕਿ ਕੋਈ ਸ਼ਰਾਰਤੀ ਅਨਸਰ ਕੋਈ ਵਿਸਫੋਟਿਕ ਸਮਗਰੀ ਲੈ ਕੇ ਜਹਾਜ਼ ਵਿਚ ਜਾ ਸਕਦਾ ਹੈ। ਭਾਰਤ ਵਿਚ ਵਿਸ਼ੇਸ਼ ਵਿਅਕਤੀਆਂ ਦੀ ਸੁਰੱਖਿਆ ਲਈ ਸਰਕਾਰੀ ਗੰਨਮੈਨ ਤੇ ਗੱਡੀਆਂ ਦਿੱਤੀਆਂ ਹੋਈਆਂ ਹਨ ਜਦ ਕਿ ਆਮ ਆਦਮੀ ਦੀ ਕੋਈ ਸੁਰੱਖਿਆ ਨਹੀਂ। ਜਦ ਕਿ ਆਮ ਆਦਮੀ ਦੀ ਸੁਰੱਖਿਆ ਪਹਿਲਾਂ ਹੋਣੀ ਚਾਹੀਦੀ ਹੈ। ਜਦ ਇਸ ਸਾਲ ਦਿੱਲੀ ਵਿਚ 26 ਜਨਵਰੀ 2015 ਨੂੰ ਅਮਰੀਕੀ ਰਾਸ਼ਟਰਪਤੀ ਬਾਰਾਕ ਉਬਾਮਾ ਆਏ ਤਾਂ ਕਿਵੇਂ ਅਮਰੀਕੀ ਸੁਰੱਖਿਆ ਕਰਮਚਾਰੀਆਂ ਨੇ ਭਾਰਤ ਸਰਕਾਰ ਨੂੰ ਕਹਿ ਕੇ ਸੀ.ਸੀ.ਟੀ.ਵੀ. ਕੈਮਰੇ ਲਵਾਏ ਤੇ ਹੋਰ ਪ੍ਰਬੰਧ ਕਰਵਾਏ। ਆਮ ਅਮਰੀਕੀਆਂ ਦੀ ਸੁਰੱਖਿਆ ਲਈ ਸਰਕਾਰ ਨੇ ਸਭ ਸ਼ਹਿਰਾਂ ਅਜਿਹੇ ਪ੍ਰਬੰਧ ਕੀਤੇ ਹੋਏ ਹਨ।

ਭਾਰਤ ਵਿਚ ਵਿਸ਼ੇਸ਼ ਵਿਅਕਤੀਆਂ ਲਈ ਵਿਸ਼ੇਸ਼ ਸੜਕਾਂ ਬਨਾਉਣਾ, ਟਰੈਫਿਕ ਨੂੰ ਘੰਟਿਆਂ ਬੱਧੀ ਰੋਕ ਕੇ ਵਿਸ਼ੇਸ਼ ਵਿਅਕਤੀਆਂ ਨੂੰ ਲੰਘਾਉਣਾ, ਟੋਲ ਟੈਕਸ ਤੋਂ ਛੋਟ ਦੇਣਾ ਤੇ ਟੋਲ ਪਲਾਜ਼ਿਆਂ ਲਈ ਇਨ੍ਹਾਂ ਲਈ ਵਿਸ਼ੇਸ਼ ਰਸਤੇ ਦੇਣੇ, ਸਰਕਾਰੀ ਖਜ਼ਾਨੇ 'ਚੋਂ ਇਨ੍ਹਾਂ ਦੇ ਇਨਕਮ ਟੈਕਸ ਦੇਣਾ, ਹਵਾਈ ਜਹਾਜ਼ਾਂ ਵਿਚ ਇਨ੍ਹਾਂ ਲਈ ਵਿਸ਼ੇਸ਼ ਸਹੂਲਤਾਂ ਪੈਦਾ ਕਰਨੀਆਂ, ਲਾਲ ਬੱਤੀਆਂ ਵਾਲੀਆਂ ਗੱਡੀਆਂ ਵਗੈਰਾ ਦੇਣਾ, ਕਾਰਾਂ ਦੇ ਫੈਂਸੀ ਨੰਬਰ ਮੁਫ਼ਤ ਵਿਚ ਦੇਣਾ ਆਦਿ ਲੋਕਤੰਤਰ ਦਾ ਘਾਣ ਹੈ। ਅਮਰੀਕਾ ਵਿਚ ਜੇ ਕਿਸੇ ਨੂੰ ਸੁਰੱਖਿਆ ਦੀ ਲੋੜ ਹੈ ਤਾਂ ਉਸ ਨੂੰ ਉਸ ਦਾ ਖ਼ਰਚਾ ਦੇਣਾ ਪੈਂਦਾ ਹਾਂ। ਭਾਰਤ ਇਕ ਗਰੀਬ ਦੇਸ਼ ਹੈ, ਇਸ ਲਈ ਇੱਥੋਂ ਦੇ ਖ਼ਜ਼ਾਨੇ ਨੂੰ ਬੜੇ ਧਿਆਨ ਨਾਲ ਵਰਤਣ ਦੀ ਲੋੜ ਹੈ। ਜਣੇ-ਖਣੇ ਨੂੰ ਜ਼ੈਡ ਸਕਿਊਰਟੀ ਦੇਣ ਦੀ ਥਾਂ 'ਤੇ ਸਮੁੱਚੇ ਦੇਸ਼ ਨੂੰ ਸੁਰੱਖਿਅਤ ਬਨਾਉਣਾ ਚਾਹੀਦਾ ਹੈ।



Academy of the Punjab in North America: http://www.apnaorg.com

ਅਸੀਂ ਵਿਦੇਸ਼ੀਆਂ ਨੂੰ ਕਹਿੰਦੇ ਹਾਂ, ਇੱਥੇ ਆ ਕੇ ਪੈਸਾ ਲਾਉ, ਸੈਲਾਨੀਆਂ ਨੂੰ ਕਹਿੰਦੇ ਆਉ ਸਾਡਾ ਵਿਰਸਾ ਵੇਖੋ, ਇਹ ਤਾਂ ਹੀ ਹੋ ਸਕਦਾ ਹੈ, ਜੇ ਭਾਰਤ ਇਕ ਸੁਰੱਖਿਅਤ ਦੇਸ਼ ਹੋਵੇਗਾ। ਲੋਕ ਸਭਾ ਵਿਚ 3 ਮਾਰਚ 2015 ਨੂੰ ਪੇਸ਼ ਕੀਤੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2014 ਵਿਚ ਔਰਤਾਂ ਅਤੇ ਨਾਬਾਲਗ ਲੜਕੀਆਂ ਨਾਲ ਜ਼ੁਲਮਾਂ ਨਾਲ ਸੰਬੰਧਿਤ ਮਸਲਿਆਂ ਦੇ 2 ਲੱਖ 45 ਹਜ਼ਾਰ ਮਾਮਲੇ ਦਰਜੇ ਕੀਤੇ ਗਏ। ਦੇਸ਼ ਦੀ ਰਾਜਧਾਨੀ ਵਿਚ 13615 ਮਾਮਲੇ ਦਰਜ ਕੀਤੇ। ਜੇ ਦੇਸ਼ ਦੀ ਰਾਜਧਾਨੀ ਔਰਤਾਂ ਲਈ ਸੁਰੱਖਿਅਤ ਨਹੀਂ, ਤਾਂ ਬਾਕੀ ਦੇਸ਼ ਕਿੱਥੋਂ ਸੁਰੱਖਿਅਤ ਹੋਣਾ ਹੈ।

ਪੰਜਾਬ ਵਿਚ 1294 ਵੀ.ਆਈ.ਪੀ. ਹਨ । ਇਨ੍ਹਾਂ ਦੀ ਸੁਰੱਖਿਆ ਲਈ 4121 ਪੁਲੀਸ ਕਰਮਚਾਰੀ ਹਨ ਜਦ ਕਿ 2 ਕਰੋੜ 70 ਲੱਖ ਪੰਜਾਬੀਆਂ ਦੀ ਸੁਰੱਖਿਆ ਲਈ ਕੇਵਲ 7758 ਪੁਲੀਸ ਕਰਮਚਾਰੀ ਹਨ। ਇਹੋ ਕਾਰਨ ਹੈ ਕਿ ਰੋਜ਼ਾਨਾ ਹੀ ਬਲਾਤਕਾਰ, ਲੁੱਟਾਂ, ਖੋਹਾਂ, ਕੁੜੀਆਂ ਉਪਰ ਤੇਜ਼ਾਬ ਸੁੱਟਣ, ਉਨ੍ਹਾਂ ਨੂੰ ਅਗਵਾ ਕਰਨ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। 16 ਅਪ੍ਰੈਲ 2014 ਨੂੰ ਸੁਪਰੀਮ ਕੋਰਟ ਵਿਚ ਦਿੱਤੇ ਹਲਫੀਆ ਬਿਆਨ ਵਿਚ ਪੰਜਾਬ ਸਰਕਾਰ ਨੇ ਕਿਹਾ ਕਿ ਇਨ੍ਹਾਂ 1294 ਵੀ.ਆਈ.ਪੀ. 'ਤੇ 15 ਕਰੋੜ 69 ਲੱਖ ਰੁਪਏ ਮਹੀਨਾ ਖਰਚ ਆ ਰਿਹਾ ਹੈ। ਇਨ੍ਹਾਂ ਵਿਚ 36 ਧਾਰਮਿਕ ਆਗੂ, 19 ਮੀਡੀਆ ਨਾਲ ਸੰਬੰਧਿਤ ਵਿਅਕਤੀ ਹਨ। ਇਨ੍ਹਾਂ ਵਿਚੋਂ 65 ਵਿਅਕਤੀਆਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ ਜਿਨ੍ਹਾਂ ਵਿਚ 6 ਮੌਜੂਦ ਵਿਧਾਇਕ ਹਨ। ਕਈ ਸਾਬਕਾਂ ਵਿਧਾਇਕਾਂ ਉਪਰ ਧਾਰਾ 307 ਵਰਗੇ ਮੁਜਰਮਾਨਾ ਕੇਸ ਦਰਜ ਹਨ। ਇੱਥੇ ਹੀ ਬਸ ਨਹੀਂ ਪੰਜਾਬ ਸਰਕਾਰ ਨੇ ਪੰਜਾਬ ਤੋਂ ਬਾਹਰਲੇ ਲੋਕਾਂ ਨੂੰ ਵੀ ਸੁਰੱਖਿਆ ਦਿੱਤੀ ਹੋਈ ਹੈ, ਜਿਸ ਉਪਰ ਸਲਾਨਾ 9 ਕਰੋੜ 28 ਲੱਖ ਰੁਪਏ ਖਰਚਾ ਆ ਰਿਹਾ ਹੈ, ਜਦ ਕਿ ਇਨ੍ਹਾਂ ਨੂੰ ਉਸ ਸੂਬੇ ਨੇ ਸੁਰਖਿਆ ਦੇਣੀ ਹੁੰਦੀ ਹੈ, ਜਿਥੇ ਉਹ ਰਹਿੰਦੇ ਹਨ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਵੀ.ਆਈ.ਪੀ. 'ਤੇ ਸਰਕਾਰੀ ਖ਼ਜ਼ਾਨੇ ਦਾ ਕੋਈ 900 ਕਰੋੜ ਰੁਪਏ ਦੇ ਕਰੀਬ ਸਾਲਾਨਾ ਖਰਚਾ ਆ ਰਿਹਾ ਹੈ, ਜਦ ਕਿ ਕਰਮਚਾਰੀਆਂ ਨੂੰ ਕਈ ਕਈ ਮਹੀਨੇ ਤਨਖਾਹ ਨਹੀਂ ਮਿਲਦੀ।

ਪੰਜਾਬ ਵਿਚ ਹਰ ਵਿਧਾਇਕ ਨੂੰ 4, ਐਮ.ਪੀ. ਨੂੰ 6, ਕੈਬਨਿਟ ਮੰਤਰੀ ਨੂੰ 16, ਪਾਰਲੀਮੈਂਟਰੀ ਸਕੱਤਰ ਨੂੰ 11 ਸੁਰਖਿਆ ਕਰਮਚਾਰੀ ਮਿਲੇ ਹੋਏ ਹਨ। ਮੁੱਖਮੰਤਰੀ ਨੂੰ ਪ੍ਰਧਾਨ ਮੰਤਰੀ ਨਾਲੋਂ ਵੀ ਵੱਧ ਗੱਡੀਆਂ ਤੇ ਸੁਰੱਖਿਆ ਕਰਮਚਾਰੀ ਮਿਲੇ ਹਨ। ਉਨ੍ਹਾਂ ਪਾਸ 40 ਗੱਡੀਆਂ ਹਨ। ਸਮੁੱਚੇ ਬਾਦਲ ਪਰਿਵਾਰ ਦੀ ਸੁਰੱਖਿਆ ਲਈ 900 ਪੁਲੀਸ ਕਰਮਚਾਰੀ, ਨੈਸ਼ਨਲ ਸੀਕਿਊਰਟੀ ਗਾਰਡ, ਕਮਾਂਡੋ ਅਤੇ ਸੀ.ਆਈ.ਐਸ.ਐਫ਼. ਸੀਕਿਊਰਿਟੀ ਦੇ ਕਰਮਚਾਰੀ ਹਨ। ਮੁੱਖ-ਮੰਤਰੀ ਤੇ ਉਪ-ਮੁੱਖਮੰਤਰੀ ਪਾਸ ਇਕ ਇਕ ਹੈਲੀਕਾਪਟਰ ਹੈ।

ਭਾਰਤ ਇਕ ਗਰੀਬ ਦੇਸ਼ ਹੈ। ਜਿੱਥੋਂ ਦੀ 80 ਪ੍ਰਤੀਸ਼ਤ ਆਬਾਦੀ ਗਰੀਬੀ ਰੇਖਾ ਤੋਂ ਥੱਲੇ ਹੈ। ਲੋੜ ਹੈ ਸਵਿਟਰਜ਼ਰਲੈਂਡ ਵਾਂਗ ਇਨ੍ਹਾਂ ਸਿਆਸਤਦਾਨਾਂ ਦੇ ਭਤੇ, ਤਨਖਾਹਾਂ ਤੇ ਹੋਰ ਸਹੂਲਤਾਂ ਘਟਾਈਆਂ ਜਾਣ, ਉੱਥੇ ਹੀ ਅਮਰੀਕਾ ਵਾਂਗ ਵੀ.ਆਈ.ਪੀ. ਸਭਿਆਚਾਰ ਖ਼ਤਮ ਕਰਨ ਲਈ ਜਨਤਕ ਲਹਿਰ ਉਸਾਰੀ ਜਾਵੇ ਤਾਂ ਜੋ ਇਹ ਸਿਆਸਤਦਾਨ ਸਹੀ ਅਰਥਾਂ ਵਿਚ ਜਨਸੇਵਕ ਬਣ ਸਕਣ।

*13 ਮਾਰਚ 2015*



Academy of the Punjab in North America: http://www.apnaorg.com

# ਵਿਸ਼ਵ ਭਰ ਵਿਚ ਹਰਮਨ ਪਿਆਰੇ ਹੋ ਰਹੇ ਨੇ ਪੁਲਿਸ ਦੇ ਬਾਡੀ ਕੈਮਰੇ

ਵਿਦੇਸ਼ਾਂ ਵਿਚ ਭਾਰਤੀ ਬੱਚਿਆਂ ਸਾਹਮਣੇ ਭਾਰਤੀ ਚੈਨਲਾਂ 'ਤੇ ਖਬਰਾਂ ਨਹੀਂ ਸੁਣਦੇ ਕਿਉਂਕਿ ਭਾਰਤ ਵਿਚ ਪੁਲਿਸ ਲੋਕਾਂ ਨੂੰ ਬੜੀ ਬੇ-ਰਹਿਮੀ ਨਾਲ ਕੁਟਦੀ ਹੈ, ਜਦ ਕਿ ਇਨ੍ਹਾਂ ਮੁਲਕਾਂ ਵਿਚ ਪੁਲਿਸ ਲੋਕਾਂ ਦੀ ਸਹੀ ਅਰਥਾਂ ਵਿਚ ਲੋਕ ਸੇਵਕ ਹੈ। ਪਰ ਇਸ ਦੇ ਬਾਵਜੂਦ ਵੀ ਲੋਕ ਪੁਲੀਸ ਵਧੀਕੀਆਂ ਦਾ ਕਈ ਵੇਰ ਸ਼ਿਕਾਰ ਹੋ ਜਾਂਦੇ ਹਨ। ਪਿਛਲੇ ਸਾਲ ਅਮਰੀਕਾ ਦੇ ਫਰਗੂਸਨ ਸ਼ਹਿਰ ਵਿਚ ਇਕ ਬਿਨਾਂ ਹਥਿਆਰ ਅਮਰੀਕੀ ਅਫ਼ਰੀਕੀ ਨੌਜੁਆਨ ਕਾਲੇ ਨੂੰ ਗੋਰੇ ਪੁਲੀਸ ਵੱਲੋਂ ਮਾਰੇ ਜਾਣ ਕਾਰਨ ਦੰਗੇ ਫਸਾਦਾਂ ਨੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ। ਅਮਰੀਕਾ ਭਰ ਵਿਚ ਪੁਲੀਸ ਵਿਰੁੱਧ ਮੁਜ਼ਾਹਰੇ ਹੋਏ ਤੇ ਰਾਸ਼ਟਰਪਤੀ ਨੂੰ ਇਕ ਵਿਸ਼ੇਸ਼ ਟੀਮ ਗਠਨ ਕਰਨੀ ਪਈ, ਹਾਲਾਂ ਕਿ ਅਮਰੀਕਾ ਵਿਚ ਪੁਲੀਸ ਦੀਆਂ ਕਾਰਾਂ ਅਤੇ ਵਰਦੀ ਉੱਪਰ ਕੈਮਰੇ ਲੱਗੇ ਹੁੰਦੇ ਹਨ, ਜੋ ਕਿ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਰਿਕਾਰਡ ਕਰਦੇ ਹਨ।

ਇਸ ਤਰ੍ਹਾਂ ਦੀਆਂ ਕੁਝ ਹੋਰ ਘਟਨਾਵਾਂ ਦੂਜੇ ਸ਼ਹਿਰਾਂ ਵਿਚ ਵੀ ਹੋਈਆਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਗੋਰੇ ਪੁਲੀਸ ਕਰਮਚਾਰੀ ਉੱਥੋਂ ਦੇ ਅਮਰੀਕੀ ਅਫ਼ਰੀਕੀ ਮੂਲ ਦੇ ਕਾਲੇ ਲੋਕਾਂ ਨਾਲ ਪੱਖਪਾਤੀ ਰਵੱਈਆ ਕਰਦੇ ਹਨ। ਇਸ ਲਈ ਹੁਣ ਸਾਰੇ ਅਮਰੀਕਾ ਵਿਚ ਇਨ੍ਹਾਂ ਸਰੀਰਕ ਕੈਮਰਿਆਂ ਦੀ ਵਰਤੋਂ ਕਰਨ ਦੀ ਮੰਗ ਉਠ ਰਹੀ ਹੈ ਕਿਉਂਕਿ ਇਹ ਕੈਮਰੇ ਕਈ ਸੂਬਿਆਂ ਵਿਚ ਨਹੀਂ ਵਰਤੇ ਜਾ ਰਹੇ।

ਅਸਲ ਵਿਚ ਇਨ੍ਹਾਂ ਵੀਡੀਓ ਕੈਮਰਿਆਂ ਦੀ 2005 ਵਿਚ ਇੰਗਲੈਂਡ ਵਿਚ ਵਰਤੋਂ ਸ਼ੁਰੂ ਹੋਈ। ਸਰੀਰ ਦੇ ਸਾਹਮਣੇ ਲੱਗੇ ਇਹ ਕੈਮਰੇ ਜਿਹੜੀ ਵੀ ਗਤੀਵਿਧੀ ਉਨ੍ਹਾਂ ਸਾਹਮਣੇ ਹੁੰਦੀ ਹੈ, ਉਸ ਦੀ ਵੀਡੀਓ ਰਿਕਾਰਡਿੰਗ ਕਰਦੇ ਸਨ। ਇਸੇ ਲਈ ਇਨ੍ਹਾਂ ਨੂੰ ਬਾਡੀ ਵੌਰਨ ਵਿਡੀਓ (ਬੀ.ਡਬਲਯੂ.ਵੀ.) ਕਿਹਾ ਜਾਂਦਾ ਹੈ। ਹੁਣ ਇਨ੍ਹਾਂ ਨੂੰ ਸਰੀਰਕ ਕੈਮਰੇ (ਬਾਡੀ ਕੈਮਰੇ) ਕਰਕੇ ਜਾਣਿਆ ਜਾਣ ਲਗਾ ਹੈ।

ਇੰਗਲੈਂਡ ਵਿਚ ਇਨ੍ਹਾਂ ਦਾ ਲਾਭ ਬਹੁਤ ਹੋਇਆ। ਇਸ ਨਾਲ ਦੋਸ਼ੀਆਂ ਵੱਲੋਂ ਪੁਲੀਸ ਨਾਲ ਕੀਤੀ ਜਾਂਦੀ ਵਧੀਕੀ ਰਿਕਾਰਡਿੰਗ ਹੋਣ ਨਾਲ ਲੋਕ ਪੁਲੀਸ ਉਪਰ ਹਮਲੇ ਕਰਨ ਤੋਂ ਗੁਰੇਜ਼ ਕਰਨ ਲੱਗੇ। ਦੋਸ਼ੀਆਂ ਵਿਰੁੱਧ ਕੇਸ ਚਲਾਉਣ ਲਈ ਲਿਖਤੀ ਸਬੂਤ ਪੇਸ਼ ਕਰਨ ਦੀ ਥਾਂ 'ਤੇ ਵੀਡੀਓ ਇਕ ਕਾਰਗਰ ਸਬੂਤ ਵਜੋਂ ਪੇਸ਼ ਕੀਤੀ ਜਾਣ ਲੱਗੀ। ਇਸ ਨਾਲ ਪੁਲੀਸ ਦੇ ਕੰਮ ਕਾਜ ਵਿਚ ਬਹੁਤ ਸੁਧਾਰ ਆਇਆ ।



Academy of the Punjab in North America: http://www.apnaorg.com

ਇਸ ਨਾਲ ਪੁਲੀਸ ਦਾ ਕਾਗਜ਼ੀ ਲਿਖਾ ਪੜ੍ਹੀ ਵਿਚ 22 ਪ੍ਰਤੀਸ਼ਤ ਕੰਮ ਘੱਟ ਗਿਆ ਤੇ ਉਹ ਪੈਟਰੋਲਿੰਗ ਵਿਚ ਵਧੇਰੇ ਸਮਾਂ ਦੇਣ ਲੱਗੇ। 2010 ਵਿਚ ਇੰਗਲੈਂਡ ਦੇ 40 ਪੁਲੀਸ ਖੇਤਰਾਂ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਜਾਣ ਲੱਗੀ। 2012 ਵਿਚ ਕੈਮਰੇ ਬਨਾਉਣ ਵਾਲਾ ਇਹ ਉਦਯੋਗ ਤਰੱਕੀ ਕਰਨ ਲੱਗਾ ਤੇ ਇਨ੍ਹਾਂ ਉਪਰ ਖੋਜ ਦਾ ਕੰਮ ਵੀ ਸ਼ੁਰੂ ਹੋ ਗਿਆ। ਹੁਣ ਇਹ ਉਦਯੋਗ ਬਹੁਤ ਵਿਕਸਤ ਹੋ ਚੁੱਕਾ ਹੈ। ਕਰਮਚਾਰੀਆਂ ਦੀ ਸਹੂਲਤ ਲਈ ਹੁਣ ਇਹ ਕੈਮਰੇ ਕਈ ਤਰ੍ਹਾਂ ਦੇ ਬਣਾਏ ਜਾ ਰਹੇ ਹਨ। ਐਨਕਾਂ ਨਾਲ ਲਾਉਣ, ਆਪਣੇ ਕੰਨ ਦੇ ਨਾਲ ਲਾਉਣ, ਸਰੀਰ ਦੇ ਸਾਹਮਣੇ ਲਾਉਣ ਜਾਂ ਸਿਰ ਦੇ ਉਪਰ ਲਾਉਣ ਲਈ ਬਣਾਏ ਜਾ ਰਹੇ ਹਨ। ਦੁਨੀਆਂ ਦੇ ਵਿਕਸਤ ਦੇਸ਼ ਇਨ੍ਹਾਂ ਦੀ ਵਰਤੋਂ ਕਰ ਰਹੇ ਹਨ।

ਪਿਛਲੇ ਸਾਲ 1 ਦਸੰਬਰ ਨੂੰ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਇਕ ਤਜਵੀਜ਼ ਕਾਂਗਰਸ (ਭਾਵ ਲੋਕ ਸਭਾ) ਨੂੰ ਭੇਜੀ ਹੈ ਕਿ 50 ਹਜ਼ਾਰ ਕੈਮਰੇ ਖਰੀਦਣ ਅਤੇ ਵੀਡੀਓ ਸੰਭਾਲਣ ਲਈ 7 ਕਰੋੜ 50 ਲੱਖ ਡਾਲਰ ਜਾਰੀ ਕੀਤੇ ਜਾਣ । ਜੇ ਇਹ ਤਜਵੀਜ਼ ਪ੍ਰਵਾਨ ਹੋ ਜਾਂਦੀ ਹੈ ਤਾਂ 3 ਸਾਲਾਂ ਵਿਚ ਇਹ ਕੈਮਰੇ ਖਰੀਦੇ ਜਾਣਗੇ। ਇਨ੍ਹਾਂ ਕੈਮਰਿਆਂ ਲਈ ਅੱਧੀ ਰਕਮ ਕੇਂਦਰੀ ਸਰਕਾਰ ਦੇਵੇਗੀ।

ਇਕ ਸਰਵੇ ਅਨੁਸਾਰ ਅਮਰੀਕਾ ਦੇ ਬਹੁਤ ਹੀ ਜ਼ਿਆਦਾ ਆਬਾਦੀ ਵਾਲੇ 100 ਸ਼ਹਿਰਾਂ ਵਿਚੋਂ ਕੇਵਲ 41 ਸ਼ਹਿਰਾਂ ਵਿਚ ਹੀ ਕੁਝ ਪੁਲੀਸ ਕਰਮਚਾਰੀਆਂ ਪਾਸ ਹੀ ਸਰੀਰਕ ਵੀਡੀਓ ਕੈਮਰੇ ਹਨ। 25 ਸ਼ਹਿਰ ਇਨ੍ਹਾਂ ਦੀ ਵਰਤੋਂ ਲਈ ਯੋਜਨਾ ਬਣਾ ਰਹੇ ਹਨ ਤੇ 30 ਸ਼ਹਿਰ ਅਜਿਹੇ ਹਨ ਜਿਨ੍ਹਾਂ ਦੀ ਕੋਈ ਤਜਵੀਜ਼ ਨਹੀਂ। ਅਮਰੀਕਾ ਵਿਚ ਕਈ ਸ਼ਹਿਰਾਂ ਦੀਆਂ ਪੁਲੀਸ ਯੂਨੀਅਨਾਂ ਇਨ੍ਹਾਂ ਦਾ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਤਰਕ ਹੈ ਕਿ ਇਨ੍ਹਾਂ ਉਪਰ ਹੋਣ ਵਾਲੇ ਖ਼ਰਚੇ ਨਾਲ ਉਨ੍ਹਾਂ ਦੇ ਹੋਰਨਾਂ ਕੰਮਾਂ ਦੇ ਬਜਟ ਵਿਚ ਕਟੌਤੀ ਹੋਵੇਗੀ। ਘਰੇਲੂ ਝਗੜੇ ਵਾਲੇ ਲੋਕ ਡਰਦੇ ਮਾਰੇ ਪੁਲੀਸ ਨੂੰ ਨਹੀਂ ਬੁਲਾਉਣਗੇ। ਇਸ ਤਰ੍ਹਾਂ ਦੇ ਕਈ ਹੋਰ ਸ਼ੰਕੇ ਖੜੇ ਕੀਤੇ ਜਾ ਰਹੇ ਹਨ। ਪਰ ਸਮੁੱਚੇ ਰੂਪ ਵਿਚ ਅਮਰੀਕਾ ਦੀ ਬਹੁ-ਗਿਣਤੀ ਇਨ੍ਹਾਂ ਦੇ ਹੱਕ ਵਿਚ ਹੈ ਤੇ ਉਨ੍ਹਾਂ ਦੀ ਇਹ ਵੀ ਮੰਗ ਹੈ ਕਿ ਇਹ ਕੈਮਰੇ ਉਸ ਸਮੇਂ ਉਪਰ ਚਲਦੇ ਰਹਿਣੇ ਚਾਹੀਦੇ ਹਨ ਜਦ ਤੀਕ ਕਰਮਚਾਰੀ ਡਿਊਟੀ ਦਿੰਦਾ ਹੈ। ਅਮਰੀਕਾ ਦੀ ਸ਼ਹਿਰੀ ਆਜ਼ਾਦੀ ਦੀ ਯੂਨੀਅਨ ਵੀ ਇਨ੍ਹਾਂ ਦੇ ਹੱਕ ਵਿਚ ਹੈ। ਕਈ ਲੋਕ ਇਹ ਵੀ ਮੰਗ ਕਰ ਰਹੇ ਹਨ ਕਿ ਲੋਕਾਂ ਨੂੰ ਵੀ ਪੁਲੀਸ ਦੀ ਵੀਡੀਓ ਬਨਾਉਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਜਿਸ 'ਤੇ ਪੁਲੀਸ ਵਿਭਾਗ ਅਜੇ ਸਹਿਮਤ ਨਹੀਂ।

ਕੈਨੇਡਾ ਵਿਚ ਇਨ੍ਹਾਂ ਦੀ ਵਰਤੋਂ ਸ਼ੁਰੂ ਕੀਤੀ ਗਈ ਪਰ ਪੁਲੀਸ ਯੂਨੀਅਨਾਂ ਦੇ ਵਿਰੋਧ ਕਰਕੇ ਤੇ ਖਰਚੇ ਕਰਕੇ ਇਨ੍ਹਾਂ ਦੀ ਬਹੁਤੀ ਵਰਤੋਂ ਨਹੀਂ ਹੋ ਰਹੀ। ਪੁਲੀਸ ਯੂਨੀਅਨਾਂ ਦੇ ਵਿਰੋਧ ਦੇ ਬਾਵਜੂਦ ਇਨ੍ਹਾਂ ਦੀ ਵਰਤੋਂ ਵੱਖ ਵੱਖ ਦੇਸ਼ਾਂ ਵਿਚ ਵੱਧ ਰਹੀ ਹੈ ਕਿਉਂਕਿ ਇਸ ਨਾਲ ਜਿਥੇ ਪੁਲੀਸ ਉਪਰ ਹੁੰਦੇ ਹਮਲਿਆਂ ਵਿਚ ਗਿਰਾਵਟ ਆਈ ਹੈ, ਉੱਥੇ ਪੁਲੀਸ ਨੂੰ ਕੰਮ ਕਰਨ ਸਮੇਂ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ। ਇਹ ਵੀਡੀਓ ਸਬੂਤਾਂ ਵਿਚ ਅਹਿਮ ਰੋਲ ਅਦਾ ਕਰਦੀ ਹੈ, ਇਸ ਲਈ ਪੁਲੀਸ ਨੂੰ ਕੇਸਾਂ ਦੇ ਜਲਦੀ ਨਿਪਟਾਰੇ ਵਿਚ



Academy of the Punjab in North America: http://www.apnaorg.com

ਸਹਾਇਤਾ ਮਿਲਦੀ ਹੈ।

ਭਾਰਤ ਵਿਚ ਇਨ੍ਹਾਂ ਦੀ ਅਜੇ ਵਰਤੋਂ ਨਹੀਂ ਹੋਈ। ਪੁਲੀਸ ਦੀਆਂ ਵਧੀਕੀਆਂ ਦੀਆਂ ਕਈਆਂ ਵੱਲੋਂ ਮੋਬਾਇਲ ਜਾਂ ਕੈਮਰੇ ਰਾਹੀਂ ਵੀਡੀਓ ਬਣਾ ਕੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਵਿਚ ਨਸ਼ਰ ਕਰਨ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਤਰਨਤਾਰਨ ਵਿਚ ਪੁਲੀਸ ਵੱਲੋਂ ਇਕ ਔਰਤ ਦੀ ਬਹੁਤ ਮਾਰ ਕੁਟਾਈ ਕਰਨ ਦੀ ਵੀਡੀਓ ਨੇ ਪੰਜਾਬ ਪੁਲੀਸ ਨੂੰ ਸਾਰੇ ਦੇਸ਼ ਵਿਚ ਸ਼ਰਮਸਾਰ ਕੀਤਾ। ਪਰ ਪੁਲੀਸ ਨੇ ਇਸ ਵੀਡੀਓ ਬਨਾਉਣ ਵਿਰੁੱਧ ਕੇਸ ਬਣਾ ਦਿੱਤਾ ਤੇ ਉਹ ਵਿਅਕਤੀ ਇਸ ਸਮੇਂ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਿਹਾ ਹੈ, ਜਦ ਕਿ ਉਸ ਨੂੰ ਰਾਸ਼ਟਰਪਤੀ ਵਲੋਂ ਬਹਾਦਰੀ ਦਾ ਪੁਰਸਕਾਰ ਦੇਣਾ ਚਾਹੀਦਾ ਹੈ ਕਿਉਂਕਿ ਉਸ ਨੇ ਵੀਡੀਓ ਬਣਾ ਕੇ ਇਕ ਔਰਤ ਦੀ ਬੇ-ਤਹਾਸ਼ਾ ਕੁਟ ਮਾਰ ਨੂੰ ਜਨਤਾ ਸਾਹਮਣੇ ਲਿਆਂਦਾ ਹੈ।

ਜਿੱਥੇ ਵਿਦੇਸ਼ਾਂ ਵਿਚ ਪੁਲੀਸ ਦੀ ਪਹੁੰਚ ਬਹੁਤ ਹਮਦਰਦੀ ਵਾਲੀ ਹੁੰਦੀ ਹੈ, ਉੱਥੇ ਭਾਰਤੀ ਪੁਲੀਸ ਮੁਜ਼ਾਹਰਾਕਾਰੀਆਂ ਨੂੰ ਇਵੇਂ ਕੁਟਦੀ ਹੈ, ਜਿਵੇਂ ਕਿਸੇ ਦੁਸ਼ਮਣ ਨੂੰ ਕੁੱਟੀਦਾ ਹੈ। ਲੋਕ ਵੀ ਅਕਸਰ ਪੁਲੀਸ ਉਪਰ ਹਮਲੇ ਕਰ ਦਿੰਦੇ ਹਨ। ਇਸ ਲਈ ਪੁਲੀਸ ਦੀ ਸੁਰੱਖਿਆ ਲਈ ਇਨ੍ਹਾਂ ਦੀ ਵਰਤੋਂ ਕਰਨਾ ਜ਼ਰੂਰੀ ਹੈ। ਇਨ੍ਹਾਂ ਕੈਮਰਿਆਂ ਕਰਕੇ ਲੋਕ ਛੇਤੀ ਕੀਤੇ ਹਮਲੇ ਨਹੀਂ ਕਰਨਗੇ, ਜਿਵੇਂ ਕਿ ਵਿਦੇਸ਼ਾਂ ਵਿਚ ਤਜਰਬਿਆਂ ਤੋਂ ਸਾਬਤ ਹੁੰਦਾ ਹੈ। ਪੁਲੀਸ ਵੀ ਮਾਰ ਕੁਟਾਈ ਕਰਨ ਸਮੇਂ ਜਬਤ ਤੋਂ ਕੰਮ ਲਵੇਗੀ। ਅਦਾਲਤ ਵਿਚ ਵੀਡੀਓ ਨੂੰ ਇਕ ਕਾਰਗਰ ਸਬੂਤ ਵਜੋਂ ਪੇਸ਼ ਕੀਤਾ ਜਾ ਸਕੇਗਾ । ਇਸ ਨਾਲ ਪੁਲੀਸ ਦੇ ਕੰਮ ਕਾਜ ਵਿਚ ਬਹੁਤ ਸੁਧਾਰ ਆਵੇਗਾ।

ਝੂਠੇ ਪੁਲਿਸ ਮੁਕਾਬਲਿਆਂ ਵਿਚ ਲੋਕਾਂ ਨੂੰ ਮਾਰਨ 'ਤੇ ਲਗਾਮ ਲਗੇਗੀ। ਪੁਲੀਸ ਵਿਅਕਤੀ ਨੂੰ ਫੜਦੀ ਕਿਤਿਓ ਹੈ ਤੇ ਦਰਸਾਉਂਦੀ ਕਿਤਿਓਂ ਹੋਰ ਹੈ, ਇਨ੍ਹਾਂ ਨਾਲ ਉਹ ਅਜਿਹਾ ਨਹੀਂ ਕਰ ਸਕੇਗੀ। ਇੰਝ ਪੁਲੀਸ ਅਜਿਹੀਆਂ ਗ਼ੈਰ ਕਾਨੂੰਨੀ ਕਾਰਵਾਈ ਤੋਂ ਬਾਜ਼ ਆਵੇਗੀ। ਇਸ ਲਈ ਇਨ੍ਹਾਂ ਦੀ ਵਰਤੋਂ ਲਈ ਅਮਰੀਕਾ ਵਾਂਗ ਕੇਂਦਰ ਸਰਕਾਰ ਨੂੰ ਅਗੇ ਆਉਣਾ ਚਾਹੀਦਾ ਹੈ ਤੇ ਰਾਜਾਂ ਨੂੰ ਇਹ ਕੈਮਰੇ ਖਰੀਦ ਕੇ ਦੇਣੇ ਚਾਹੀਦੇ ਹਨ ਤਾਂ ਜੋ ਅਮਨ ਕਾਨੂੰਨ ਦੀ ਹਾਲਤ ਸੁਧਰੇ। ਜੇ ਭਾਰਤੀ ਪੁਲੀਸ ਕੋਲ ਅਜਿਹੇ ਕੈਮਰੇ ਹੁੰਦੇ ਤਾਂ 1984 ਸਿੱਖਾਂ ਦਾ ਕਤਲੇਆਮ ਨਹੀਂ ਸੀ ਹੋਣਾ ਤੇ ਨਾ ਹੀ 2002 ਵਿਚ ਗੁਜਰਾਤ ਵਿਚ ਮੁਲਲਮਾਨਾਂ ਦਾ ਕਤਲੇਆਮ ਹੋਣਾ ਸੀ। ਸਮਾਜ ਸੇਵੀ ਸੰਸਥਾਵਾਂ ਨੂੰ ਇਸ ਲਈ ਜਨਤਕ ਲਹਿਰ ਉਸਾਰਨ ਦੀ ਲੋੜ ਹੈ। ਇਨ੍ਹਾਂ ਦੀ ਵਰਤੋਂ ਵਿਚ ਪੁਲੀਸ ਤੇ ਲੋਕਾਂ ਦੋਵਾਂ ਦਾ ਭਲਾ ਹੈ।

*6 ਅਪ੍ਰੈਲ 2015*



Academy of the Punjab in North America: http://www.apnaorg.com

# ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਲਈ ਵਿਚਾਰਨਯੋਗ ਗੱਲਾਂ

ਭਾਰਤ ਵਿਚ ਬਹੁਤ ਸਾਰੀਆਂ ਏਜੰਸੀਆਂ ਵਿਦਿਆਰਥੀਆਂ ਨੂੰ ਠੀਕ ਤਰ੍ਹਾਂ ਜਾਣਕਾਰੀ ਨਹੀਂ ਦਿੰਦੀਆਂ, ਜਿਸ ਕਰਕੇ ਉਨ੍ਹਾਂ ਨੂੰ ਅਮਰੀਕਾ ਆ ਕੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਬਹੁਤ ਸੋਚ ਸਮਝ ਕੇ ਹੀ ਆਉਣਾ ਚਾਹੀਦਾ ਹੈ।

ਸਭ ਤੋਂ ਅਹਿਮ ਗੱਲ ਖ਼ਰਚੇ ਦੀ ਹੈ। ਅਮਰੀਕਾ ਵਿਚ ਵਿਦਿਆਰਥੀਆਂ ਨੂੰ ਕੰਮ ਕਰਨ ਲਈ ਵਰਕ ਪਰਮਿਟ ਨਹੀਂ ਮਿਲਦਾ। ਉਨ੍ਹਾਂ ਨੂੰ ਯੂਨੀਵਰਸਿਟੀ ਵਿਚ ਕੰਮ ਕਰਨ ਦੀ ਆਗਿਆ ਹੈ। ਬਾਹਰ ਕਿਤੇ ਵੀ ਕੰਮ ਕਰਨ ਦੀ ਆਗਿਆ ਨਹੀਂ। ਯੂਨੀਵਰਸਿਟੀ ਵਿਚ ਕੰਮ ਕਰਨ ਦੇ ਘੰਟਿਆਂ ਦੇ ਹਿਸਾਬ ਨਾਲ ਪੈਸੇ ਮਿਲਦੇ ਹਨ। ਜਿਹੜੇ ਵਿਦਿਆਰਥੀ ਪੀ.ਐਚ-ਡੀ. ਜਾਂ ਮਾਸਟਰ ਕਰਦੇ ਹਨ, ਉਨ੍ਹਾਂ ਵਿਚੋਂ ਕਈਆਂ ਨੂੰ ਪ੍ਰੋਜੈਕਟ ਮਿਲ ਜਾਂਦੇ ਹਨ ਜਾਂ ਟੀਚਿੰਗ ਅਸਿਸਟੈਂਟ ਵਗੈਰਾ ਦੀ ਨੌਕਰੀ ਯੂਨੀਵਰਸਿਟੀ ਵਿਚ ਮਿਲ ਸਕਦੀ ਹੈ, ਜਿਸ ਨਾਲ ਉਨ੍ਹਾਂ ਨੂੰ ਆਰਥਕ ਲਾਭ ਹੋ ਸਕਦਾ ਹੈ, ਜਿਸ ਬਾਰੇ ਯੂਨੀਵਰਸਿਟੀ ਦੀ ਵੈੱਬਸਾਈਟ ਤੋਂ ਪਤਾ ਲਗ ਸਕਦਾ ਹੈ, ਪਰ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਇਸ ਲਈ ਯੂਨੀਵਰਸਿਟੀ ਦੀਆਂ ਫ਼ੀਸਾਂ ਤੋਂ ਇਲਾਵਾ ਰਹਿਣ-ਸਹਿਣ ਦੇ ਖ਼ਰਚੇ ਦਾ ਹਿਸਾਬ ਲਾ ਕੇ ਹੀ ਆਉਣਾ ਚਾਹੀਦਾ ਹੈ। ਭਾਰਤ ਵਿਚ ਹੁਣ ਬੈਂਕ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਲਈ ਕਰਜ਼ਾ ਦੇਣ ਲਗ ਪਏ ਹਨ, ਇਸ ਦਾ ਲਾਭ ਉਠਾਉਣਾ ਚਾਹੀਦਾ ਹੈ। ਜਿਹੜੇ ਵਿਦਿਆਰਥੀ ਮਾਸਟਰ ਜਾਂ ਉਚੇਰੀ ਵਿਦਿਆ ਲਈ ਆਉਂਦੇ ਹਨ, ਉਨ੍ਹਾਂ ਨੂੰ ਸੰਬੰਧਿਤ ਯੂਨੀਵਰਸਿਟੀ ਜਾਂ ਕਾਲਜ ਦੇ ਪ੍ਰੋਫੈਸਰਾਂ ਨੂੰ ਈ-ਮੇਲ ਰਾਹੀਂ ਸੰਪਰਕ ਕਰਕੇ ਉਨ੍ਹਾਂ ਪਾਸੋਂ ਪ੍ਰੋਜੈਕਟ ਜਾਂ ਹੋਰ ਕੰਮਾਂ ਲਈ ਸਹਾਇਤਾ ਮੰਗਣੀ ਚਾਹੀਦੀ ਹੈ। ਇਸ ਨੂੰ ਨੈੱਟਵਰਕਿੰਗ ਕਹਿੰਦੇ ਹਨ।

ਅਮਰੀਕਾ ਦੀ ਹਰੇਕ ਯੂਨੀਵਰਸਿਟੀ ਜਾਂ ਕਾਲਜ ਦੀ ਆਪੋ-ਆਪਣੀ ਫ਼ੀਸ ਹੈ, ਇਸ ਲਈ ਚੋਣ ਕਰਨ ਸਮੇਂ ਆਪਣੇ ਵਿੱਤੀ ਹਾਲਤ ਦਾ ਧਿਆਨ ਰਖਣਾ ਚਾਹੀਦਾ ਹੈ। ਕਈ ਕਾਲਜਾਂ/ਯੂਨੀਵਰਸਿਟੀਆਂ ਵਿਚ ਉੱਥੋਂ ਦਾ ਮਾਹੌਲ ਠੀਕ ਨਹੀਂ ਹੁੰਦਾ। ਅਜਿਹੀਆਂ ਸੰਸਥਾਵਾਂ ਵਿਚ ਦਾਖ਼ਲਾ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੇ ਕੋਈ ਅਜਿਹੀ ਸੰਸਥਾ ਵਿਚ ਆ ਵੀ ਜਾਵੇ ਤੇ ਉਸ ਨੂੰ ਮਹਿਸੂਸ ਹੁੰਦਾ ਹੋਵੇ ਕਿ ਉਸ ਨੂੰ ਕਿਸੇ ਹੋਰ ਥਾਂ ਚਲੇ ਜਾਣਾ ਚਾਹੀਦਾ ਹੈ ਤਾਂ ਉਹ ਅਗਲੇ ਸਮੈਸਟਰ ਵਿਚ ਮਾਈਗਰੇਸ਼ਨ ਕਰਵਾ



Academy of the Punjab in North America: http://www.apnaorg.com

ਕੇ ਦੂਜੀ ਥਾਂ ਜਾ ਸਕਦਾ ਹੈ। ਉਸ ਨੂੰ ਭਾਰਤ ਵਾਪਸ ਜਾਣ ਦੀ ਲੋੜ ਨਹੀਂ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿੱਥੇ ਭਾਰਤੀ ਵਿਦਿਆਰਥੀ ਕਾਫੀ ਗਿਣਤੀ ਵਿਚ ਹੋਣ ਤਾਂ ਉੱਥੇ ਦਾਖ਼ਲਾ ਲਿਆ ਜਾਵੇ। ਅਜ-ਕਲ੍ਹ ਅਮਰੀਕੀ ਯੂਨੀਵਰਸਿਟੀਆਂ ਵਿਚ ਭਾਰਤੀ ਪ੍ਰੋਫ਼ੈਸਰ ਵੀ ਹਨ, ਜਿਨ੍ਹਾਂ ਬਾਰੇ ਯੂਨੀਵਰਸਿਟੀ ਦੀ ਵੈੱਬਸਾਈਟ ਤੋਂ ਪਤਾ ਲਗ ਜਾਂਦਾ ਹੈ, ਉਨ੍ਹਾਂ ਪਾਸੋਂ ਵੀ ਉੱਥੋਂ ਦੇ ਮਾਹੌਲ ਤੇ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਮਿਲ ਸਕਦੀ ਹੈ।

ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਭਾਰਤੀਆਂ ਨੇ ਆਪਣੀਆਂ ਸੰਸਥਾਵਾਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਬਾਰੇ ਯੂਨੀਵਰਸਿਟੀ ਦੀ ਵੈੱਬਸਾਈਟ ਤੋਂ ਪਤਾ ਲੱਗ ਸਕਦਾ ਹੈ। ਇਨ੍ਹਾਂ ਪਾਸੋਂ ਵੀ ਲੋੜੀਂਦੀ ਜਾਣਕਾਰੀ ਲਈ ਜਾ ਸਕਦੀ ਹੈ। ਇੱਥੇ ਇਕ ਘਰ ਵਿਚ ਕਈ ਕਈ ਵਿਦਿਆਰਥੀ ਇਕੱਠੇ ਰਹਿੰਦੇ ਹਨ ਤਾਂ ਜੋ ਕਿਰਾਇਆ ਘੱਟ ਦੇਣਾ ਪਵੇ। ਇਸ ਲਈ ਇਹ ਸੰਸਥਾ ਤੁਹਾਡੀ ਮਦਦ ਕਰ ਸਕਦੀ ਹੈ। ਕਈ ਵੇਰ ਉਨ੍ਹਾਂ ਨੇ ਨਵੇਂ ਆਉਣ ਵਾਲਿਆਂ ਲਈ ਹਵਾਈ ਅੱਡੇ ਤੋਂ ਆ ਕੇ ਲੈ ਜਾਣ ਦਾ ਵੀ ਪ੍ਰਬੰਧ ਕੀਤਾ ਹੁੰਦਾ ਹੈ।

ਜਿਥੋਂ ਤੀਕ ਰਿਸ਼ਤੇਦਾਰਾਂ ਪਾਸ ਰਹਿਣ ਦਾ ਸੰਬੰਧ ਹੈ, ਜੇ ਤਾਂ ਤੁਹਾਡਾ ਸਕਾ ਭੈਣ-ਭਰਾ ਹੈ ਤਾਂ ਠੀਕ ਹੈ, ਦੂਜੇ ਰਿਸ਼ਤੇਦਾਰਾਂ ਕੋਲ ਨਹੀਂ ਰਹਿਣਾ ਚਾਹੀਦਾ। ਕਈ ਵਾਰ ਤਾਂ ਸਕੇ ਭੈਣ-ਭਰਾ ਵੀ ਨਹੀਂ ਚਾਹੁੰਦੇ। ਇਸ ਲਈ ਯੂਨੀਵਰਸਿਟੀ ਦੇ ਨਜ਼ਦੀਕ ਹੀ ਰਹਿਣ ਦਾ ਆਪਣੇ ਪੱਧਰ 'ਤੇ ਪ੍ਰਬੰਧ ਕਰਨਾ ਚਾਹੀਦਾ ਹੈ। ਅਮਰੀਕਾ ਵਿਚ ਆਮ ਸ਼ਹਿਰਾਂ ਵਿੱਚ ਸਾਡੇ ਵਾਂਗ ਬੱਸਾਂ ਤੇ ਰੇਲ ਗੱਡੀਆਂ ਦਾ ਪ੍ਰਬੰਧ ਨਹੀਂ, ਇਸ ਲਈ ਤੁਸੀਂ ਆਪਣੀ ਕਾਰ ਤੋਂ ਬਗ਼ੈਰ ਕਿਤੇ ਆ ਜਾ ਨਹੀਂ ਸਕਦੇ। ਇਸ ਲਈ ਕਾਰ ਚਲਾਉਣੀ ਆਉਂਦੀ ਹੋਵੇ ਤਾਂ ਠੀਕ ਹੈ, ਨਹੀਂ ਤਾਂ ਸਿੱਖ ਕੇ ਤੇ ਅੰਤਰ-ਰਾਸ਼ਟਰੀ ਲਾਇਸੈਂਸ ਲੈ ਕੇ ਆਉਣਾ ਚਾਹੀਦਾ ਹੈ।

ਅਮਰੀਕਾ ਵਿਚ ਲਚਕਤਾ ਬਹੁਤ ਹੈ। ਤੁਸੀਂ ਇੱਥੇ ਆ ਕੇ ਕਿਸੇ ਹੋਰ ਵਿਸ਼ੇ ਵਿਚ ਵੀ ਦਾਖ਼ਲ ਹੋ ਸਕਦੇ ਹੋ, ਜੇ ਉਸ ਦੇ ਯੋਗ ਹੋਵੇ ਤਾਂ। ਤੁਸੀਂ ਵੱਧ ਕੋਰਸ ਲੈ ਕੇ ਜਲਦੀ ਪੜ੍ਹਾਈ ਮੁਕਾ ਸਕਦੇ ਹੋ ਤੇ ਘੱਟ ਕੋਰਸ ਲੈ ਕੇ ਜ਼ਿਆਦਾ ਸਮਾਂ ਵੀ ਲਾ ਸਕਦੇ ਹੋ। ਮਿਸਾਲ ਦੇ ਤੌਰ 'ਤੇ ਅਮਰੀਕਾ ਵਿਚ ਗਰੈਜੂਏਸ਼ਨ ਚਾਰ ਸਾਲ ਦੀ ਹੈ। ਸਾਡੇ ਤਾਂ ਬੀ.ਏ./ਬੀ.ਐਸ-ਸੀ. ਤਿੰਨ ਸਾਲ ਦੀ ਹੈ, ਪਰ ਅਮਰੀਕਾ, ਕੈਨੇਡਾ ਵਿਚ ਬੀ.ਟੈਕ. ਵਾਂਗ ਬੀ.ਏ./ਬੀ.ਐਸ-ਸੀ. ਵੀ ਚਾਰ ਸਾਲ ਦੀ ਹੈ। ਇਸ ਲਈ ਜੇ ਤੁਸੀਂ ਤਿੰਨ ਸਾਲ ਗਰੈਜੂਏਸ਼ਨ ਵਿਚ ਲਗਾਏ ਹਨ ਤਾਂ ਤੁਹਾਨੂੰ ਅਮਰੀਕਾ ਤੇ ਕੈਨੇਡਾ ਵਿਚ ਮਾਸਟਰ ਲਈ ਦਾਖ਼ਲਾ ਲੈਣ ਲਈ ਇਕ ਸਾਲ ਕਿਸੇ ਅਗਲੀ ਜਮਾਤ ਵਿਚ ਲਾ ਕੇ ਹੀ ਦਾਖ਼ਲਾ ਮਿਲ ਸਕਦਾ ਹੈ। ਇੱਥੇ ਜਿਹੜਾ ਨੁਕਤਾ ਮੈਂ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਅਮਰੀਕਾ ਵਿਚ ਤੁਸੀਂ ਵੱਧ ਪੇਪਰ ਦੇ ਕੇ ਗਰੈਜੂਏਸ਼ਨ ਚਾਰ ਸਾਲ ਦੀ ਥਾਂ 'ਤੇ ਤਿੰਨ ਸਾਲ ਜਾਂ ਇਸ ਤੋਂ ਵੀ ਘੱਟ ਸਮੇਂ ਵਿਚ ਕਰ ਸਕਦੇ ਹੋ, ਪਰ ਇਸ ਲਈ ਤੁਹਾਨੂੰ ਕੋਰਸ ਜ਼ਿਆਦਾ ਲੈਣੇ ਪੈਣਗੇ ਤੇ ਜਿਸ ਲਈ ਫ਼ੀਸ ਵੀ ਜ਼ਿਆਦਾ ਦੇਣੀ ਪਵੇਗੀ। ਜੇ ਤੁਹਾਡੇ ਪਾਸ ਪੈਸੇ ਘੱਟ ਹਨ ਜਾਂ ਸਮਾਂ ਘੱਟ ਹੈ ਤਾਂ ਤੁਸੀਂ ਥੋੜ੍ਹੇ ਥੋੜ੍ਹੇ ਪੇਪਰ ਦੇ ਕੇ ਚਾਰ ਸਾਲ ਦੀ ਥਾਂ



Academy of the Punjab in North America: http://www.apnaorg.com

'ਤੇ ਪੰਜ ਜਾਂ ਵੱਧ ਸਾਲ ਵੀ ਲਗਾ ਸਕਦੇ ਹੋ। ਇਹੋ ਅਵਸਥਾ ਮਾਸਟਰ ਕਰਨ ਵਾਲਿਆਂ ਦੀ ਹੈ।

ਜਿਸ ਦੇਸ਼ ਵਿਚ ਵੀ ਜਾਉ, ਹਮੇਸ਼ਾ ਉੱਥੋਂ ਦੀ ਕਰੰਸੀ ਵਿਚ ਵਸਤੂਆਂ ਖਰੀਦਣ ਬਾਰੇ ਸੋਚੋ। ਸਾਡੇ ਜਿਵੇਂ ਰੁਪਈਆ ਹੈ, ਅਮਰੀਕਾ ਵਿਚ ਡਾਲਰ ਹੈ। ਇਕ ਡਾਲਰ ਦਾ ਖੀਰਾ ਆਉਂਦਾ ਹੈ, ਦੋ ਡਾਲਰ ਦਾ ਖਰਬੂਜਾ ਆਉਂਦਾ, ਕਾਫ਼ੀ ਦਾ ਕੱਪ ਇਕ ਤੋਂ ਚਾਰ ਡਾਲਰ ਤੀਕ ਹੈ। ਕਿਸੇ ਰੈਸਟੋਰੈਂਟ ਤੋਂ ਰੋਟੀ ਖਾਣੀ ਹੋਵੇ ਤਾਂ ਤਕਰੀਬਨ ਦਸ ਡਾਲਰ ਲਗਦੇ ਹਨ। ਖਾਣ ਪੀਣ ਤੋਂ ਇਲਾਵਾ ਰਹਿਣ ਸਹਿਣ, ਫ਼ੀਸਾਂ ਤੇ ਹੋਰ ਲੋੜੀਂਦੀਆਂ ਵਸਤਾਂ ਦੇ ਖ਼ਰਚੇ ਦਾ ਹਿਸਾਬ ਕਿਤਾਬ ਲਾ ਕੇ ਹੀ ਆਉਣਾ ਚਾਹੀਦਾ ਹੈ। ਅਮਰੀਕਾ ਵਿਚ ਇਲਾਜ ਬਹੁਤ ਮਹਿੰਗਾ ਹੈ ਕਿਉਂਕਿ ਇਥੇ ਸਾਡੇ ਵਾਂਗ ਸਰਕਾਰੀ ਹਸਪਤਾਲ ਨਹੀਂ ਹਨ। ਬੀਮਾ ਕਰਾਉਣਾ ਪੈਂਦਾ ਹੈ। ਬੀਮੇ ਤੋਂ ਬਗ਼ੈਰ ਇਲਾਜ ਬਹੁਤ ਮਹਿੰਗਾ ਹੈ। ਜੇ ਤੁਸੀਂ ਬੀਮਾ ਕਰਵਾਇਆ ਹੈ ਤਾਂ ਐਕਸਰੇ ਦੇ ਤਕਰੀਬਨ ਦਸ ਡਾਲਰ ਲਗਦੇ ਹਨ, ਜੇ ਨਹੀਂ ਕਰਵਾਇਆ ਤਾਂ ਡੇਢ ਸੌ ਡਾਲਰ ਦੇ ਕਰੀਬ। ਇਸ ਲਈ ਇੱਥੇ ਆਉਂਦਿਆਂ ਸਾਰ ਇੱਥੇ ਹੀ ਬੀਮਾ ਕਰਾਉਣਾ ਚਾਹੀਦਾ ਹੈ। ਬੀਮੇ ਪੈਸੇ ਵੀ ਖ਼ਰਚੇ ਵਿਚ ਗਿਣਨੇ ਚਾਹੀਦੇ ਹਨ।

ਰੋਟੀ ਪਾਣੀ ਪਕਾਉਣਾ ਆਉਣਾ ਚਾਹੀਦਾ ਹੈ। ਅਮਰੀਕਾ ਵਿਚ ਇਕ ਬਹੁਤ ਵੱਡੀ ਸਮੱਸਿਆ ਅੰਗਰੇਜ਼ੀ ਦੀ ਹੈ। ਇਨ੍ਹਾਂ ਦਾ ਅੰਗਰੇਜ਼ੀ ਬੋਲਣ ਦਾ ਲਹਿਜਾ ਸਾਡੇ ਨਾਲੋਂ ਬਿਲਕੁਲ ਵਖਰਾ ਹੈ। ਸਾਡੀ ਕਈ ਵੇਰ ਇਹ ਅੰਗਰੇਜ਼ੀ ਨਹੀਂ ਸਮਝਦੇ ਤੇ ਅਸੀਂ ਇਨ੍ਹਾਂ ਦੀ ਨਹੀਂ ਸਮਝਦੇ। ਇਸ ਲਈ ਅੰਗਰੇਜ਼ੀ ਬੋਲਣ ਦੀ ਤੇ ਸੁਣਨ ਦੀ ਮੁਹਾਰਤ ਆਉਣੀ ਚਾਹੀਦੀ ਹੈ। ਪਰ ਘਬਰਾਉਣਾ ਨਹੀਂ ਚਾਹੀਦਾ, ਇੱਥੇ ਆ ਕੇ ਹੌਲੀ ਹੌਲੀ ਵਿਦਿਆਰਥੀ ਸਭ ਕੁਝ ਸਿੱਖ ਜਾਂਦੇ ਹਨ। ਇਹ ਤਾਂ ਮੇਰਾ ਇਕ ਸੁਝਾਅ ਹੈ।

ਅਮਰੀਕਾ ਵਿਚ ਟ੍ਰੈਫਿਕ ਸੱਜੇ ਪਾਸੇ ਹੈ, ਸਵਿਚ ਉਲਟ ਹਨ, ਭਾਵ ਕਿ ਸਾਡੇ ਸਵਿਚ ਥਲੇ ਨੂੰ ਕੰਮ ਕਰਦੇ ਹਨ ਪਰ ਇੱਥੇ ਉੱਪਰ ਨੂੰ। ਇੱਥੇ ਸਾਰੇ ਕੰਮ ਆਪ ਕਰਨੇ ਪੈਂਦੇ ਹਨ, ਕਿਉਂਕਿ ਇੱਥੇ ਮਜ਼ਦੂਰੀ ਬਹੁਤ ਜ਼ਿਆਦਾ ਹੈ। ਵੈਸੇ ਇੱਥੇ ਸਹੂਲਤਾਂ ਬਹੁਤ ਹਨ। ਸਾਰੀਆਂ ਇਮਾਰਤਾਂ ਵਾਤਾ-ਅਨੁਕੂਲ (ਏਅਰ-ਕੰਡੀਸ਼ਨ) ਹਨ। ਬਿਜਲੀ ਪਾਣੀ ਚੌਵੀ ਘੰਟੇ ਹੈ। ਸਾਡੇ ਵਾਂਗ ਮਿੱਟੀ ਘੱਟਾ ਨਹੀਂ। ਕਪੜੇ ਕਈ ਕਈ ਦਿਨ ਪਾਏ ਜਾ ਸਕਦੇ ਹਨ। ਜਿਹੜਾ ਇੱਥੇ ਆਉਂਦਾ ਹੈ, ਉਹ ਇੱਥੋਂ ਦਾ ਹੋ ਕੇ ਰਹਿ ਜਾਂਦਾ ਹੈ ਭਾਵੇਂ ਕਿ ਇੱਥੇ ਬਹੁਤ ਸਾਰੀਆਂ ਮੁਸ਼ਕਲਾਂ ਹਨ।

ਇਕ ਗੱਲ ਹੋਰ ਹੈ, ਭਾਰਤੀ ਡਿਗਰੀਆਂ ਨੂੰ ਇੱਥੇ ਪੂਰੀ ਮਾਨਤਾ ਹੈ। ਇਸ ਲਈ ਇਹ ਧਾਰਨਾ ਨਿਰਮੂਲ ਹੈ ਕਿ ਇੱਥੋਂ ਦੀ ਗਰੈਜੂਏਸ਼ਨ ਜਾਂ ਮਾਸਟਰ ਡਿਗਰੀ ਸਾਡੇ ਨਾਲੋਂ ਵਧੀਆ ਹੈ। ਅਮਰੀਕਾ ਵਿਚ ਭਾਰਤੀ ਡਾਕਟਰ, ਵਿਗਿਆਨੀ, ਇੰਜੀਨੀਅਰ ਛਾਏ ਹੋਏ ਹਨ। ਇੱਥੇ ਆ ਕੇ ਪੜ੍ਹਾਈ ਕਰਨ ਦਾ ਇਹੋ ਲਾਭ ਹੈ ਕਿ ਇੱਥੇ ਅਕਸਰ ਨੌਕਰੀ ਮਿਲ ਜਾਂਦੀ ਹੈ। ਇਥੇ ਆ ਕੇ ਵਿਆਹ ਕਰਾਉਣਾ ਵੀ ਆਸਾਨ ਹੋ ਜਾਂਦਾ ਹੈ। ਹਮੇਸ਼ਾ ਲਈ ਅਮਰੀਕਾ ਵਿਚ ਰਹਿਣ ਵਿਚ ਆਸਾਨੀ ਹੋ ਜਾਂਦੀ ਹੈ।

*10 ਜੁਲਾਈ 2014*



Academy of the Punjab in North America: http://www.apnaorg.com

# ਸੜਕ ਹਾਦਸੇ ਰੋਕਣ ਲਈ ਅਮਰੀਕਾ ਤੋਂ ਸੇਧ ਲਵੇ ਭਾਰਤ

ਪੰਜਾਬ ਵਿਚ ਪਿਛਲੇ ਅੱਠਾਂ ਸਾਲਾਂ ਵਿਚ 25 ਹਜ਼ਾਰ ਤੋਂ ਉੱਪਰ ਲੋਕ ਸੜਕੀ ਦੁਰਘਟਨਾਵਾਂ ਵਿਚ ਮਾਰੇ ਗਏ ਤੇ 36 ਹਜ਼ਾਰ ਤੋਂ ਉੱਪਰ ਜ਼ਖ਼ਮੀ ਹੋਏ। ਸੜਕੀ ਦੁਰਘਟਨਾਵਾਂ ਵਿਚ ਪੰਜਾਬ ਪਹਿਲੇ ਸਥਾਨ 'ਤੇ ਹੋਣ ਕਰਕੇ ਪੰਜਾਬ ਦੀਆਂ ਸੜਕਾਂ ਨੂੰ ਖ਼ੂਨੀ ਸੜਕਾਂ ਕਿਹਾ ਜਾਂਦਾ ਹੈ। ਪੰਜਾਬ ਦੇ ਮੁਕਾਬਲੇ 'ਤੇ ਅਮਰੀਕਾ ਵਿਚ ਕਾਰਾਂ, ਟਰੱਕਾਂ ਦੀ ਆਵਾਜਾਈ ਕਿਤੇ ਜ਼ਿਆਦਾ ਹੈ ਪਰ ਇੱਥੇ ਦੁਰਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ, ਜਿਸ ਦੇ ਕਈ ਕਾਰਨ ਹਨ। ਪਰ ਇਨ੍ਹਾਂ ਵਿਚੋਂ ਜਿਹੜਾ ਅਹਿਮ ਕਾਰਨ ਹੈ ਉਹ ਹੈ ਡਰਾਈਵਿੰਗ ਲਾਇਸੈਂਸ ਬਨਾਉਣ ਦੀ ਵਿੱਧੀ।

ਬੀਤੇ ਦਿਨੀ ਫਿਲਮੀ ਅਦਾਕਾਰ ਸ੍ਰੀ ਆਮਿਰ ਖ਼ਾਨ ਨੇ ਭਾਰਤ ਦੀਆਂ ਸੜਕਾਂ ਉਪਰ ਹੁੰਦੀਆਂ ਸੜਕੀ ਦੁਰਘਟਨਾਵਾਂ ਨੂੰ ਲੈ ਕੇ ਸਤਿਅਮੇਵ ਜਯਤੇ ਪ੍ਰੋਗਰਾਮ ਜੋ ਦਿੱਤਾ ਸੀ, ਉਸ ਵਿਚ ਟਰੱਕ ਡਰਾਇਵਰ ਕਹਿ ਰਹੇ ਸਨ ਕਿ ਇੱਥੇ ਘਰ ਬੈਠਿਆਂ ਲਾਇਸੈਂਸ ਬਣ ਜਾਂਦੇ ਹਨ। ਤੁਸੀਂ ਪੈਸੇ ਖ਼ਰਚੋ ਜਿੱਥੋਂ ਦਾ ਮਰਜ਼ੀ ਡਰਾਈਵਿੰਗ ਲਾਇਸੈਂਸ ਲੈ ਜਾਉ। ਇਕ ਡਰਾਇਵਰ ਕਹਿ ਰਿਹਾ ਸੀ ਕਿ ਮੇਰੇ ਕੋਲ ਕਈ ਸੂਬਿਆਂ ਦੇ ਲਾਇਸੈਂਸ ਹਨ। ਉਸ ਪਾਸ ਅੰਮ੍ਰਿਤਸਰ ਦਾ ਲਾਇਸੈਂਸ ਵੀ ਹੈ, ਜਦ ਕਿ ਉਹ ਅੰਮ੍ਰਿਤਸਰ ਰਹਿੰਦਾ ਨਹੀਂ।

ਇਸ ਪ੍ਰੋਗਰਾਮ ਵਿਚ ਇਕ ਉੱਚ ਅਧਿਕਾਰੀ ਨੂੰ ਬੁਲਾਇਆ ਗਿਆ ਸੀ, ਜਿਸ ਦਾ ਦਾਅਵਾ ਸੀ ਕਿ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਬਕਾਇਦਾ ਗੱਡੀ ਚਲਾ ਕੇ ਟੈਸਟ ਲਿਆ ਜਾਂਦਾ ਹੈ, ਪਰ ਉਸ ਦੇ ਸਾਹਮਣੇ ਬੈਠੇ ਦਰਸ਼ਕਾਂ ਨੂੰ ਸ੍ਰੀ ਆਮਿਰ ਖ਼ਾਨ ਨੇ ਪੁੱਛਿਆ ਕਿ ਤੁਹਾਡੇ ਵਿੱਚੋਂ ਕਿੰਨਿਆਂ ਨੇ ਟੈਸਟ ਦੇ ਕੇ ਲਾਇਸੈਂਸ ਪ੍ਰਾਪਤ ਕੀਤੇ ਹਨ ਤਾਂ ਕੇਵਲ ਇਕ ਕੁੜੀ ਨੇ ਹੱਥ ਖੜਾ ਕੀਤਾ। ਪੁੱਛਣ 'ਤੇ ਉਸ ਨੇ ਦੱਸਿਆ ਕਿ ਇੰਸਪੈਕਟਰ ਨੇ ਉਸ ਨੂੰ ਥੋੜ੍ਹਾ ਗੱਡੀ ਚਲਾ ਕੇ ਰੋਕ ਦਿੱਤਾ ਤੇ ਕਿਹਾ ਕਿ ਤੁਸੀਂ ਪਾਸ ਹੋ। ਹੁਣ ਜੇ ਅਸੀਂ ਅਣਸਿਖਿਅਤਾਂ ਨੂੰ ਗੱਡੀ ਫੜਾ ਦੇਵਾਂਗੇ ਤਾਂ ਉਨ੍ਹਾਂ ਨੇ ਆਪ ਤਾਂ ਮਰਨਾ ਹੀ ਹੈ, ਸਗੋਂ ਉਹ ਹੋਰਨਾਂ ਨੂੰ ਵੀ ਲੈ ਬੈਠਣਗੇ। ਇਸ ਦੇ ਮੁਕਾਬਲੇ 'ਤੇ ਅਮਰੀਕਾ ਵਿਚ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨਾ ਬੜਾ ਮੁਸ਼ਕਲ ਹੈ। ਅਮਰੀਕਾ ਵਿਚ ਥਾਂ ਥਾਂ 'ਤੇ ਡਰਾਈਵਿੰਗ ਸਕੂਲ ਹਨ, ਜਿਹੜੇ ਲੋਕਾਂ ਨੂੰ ਬਕਾਇਦਾ ਜਮਾਤਾਂ ਲਾ ਕੇ ਪਹਿਲਾਂ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹਨ ਤੇ ਫਿਰ ਉਹ ਕਾਰ ਚਲਾਉਣੀ ਸਿਖਾਉਂਦੇ ਹਨ। ਉਹ ਪਹਿਲਾਂ 8 ਘੰਟੇ ਕਾਰ ਚਲਾਉਣਾ ਸਿਖਾਉਂਦੇ ਹਨ, ਜਿਸ ਦੇ ਆਮ ਤੌਰ 'ਤੇ



Academy of the Punjab in North America: http://www.apnaorg.com

400 ਡਾਲਰ ਲੈਂਦੇ ਹਨ। ਕਈ ਵੇਰ ਸਿਖਿਆਰਥੀਆਂ ਨੂੰ ਦੋ, ਤਿੰਨ ਕੋਰਸ ਲੈਣ ਪਿੱਛੋਂ ਹੀ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਵਿਚ ਕਾਮਯਾਬੀ ਮਿਲਦੀ ਹੈ ਕਿਉਂਕਿ ਇਹ ਟੈਸਟ ਪਾਸ ਕਰਨਾ ਆਸਾਨ ਨਹੀਂ।

ਆਰਜ਼ੀ ਲਾਇਸੈਂਸ ਲੈਣ ਲਈ ਪਹਿਲਾਂ ਲਿਖਤੀ ਪ੍ਰੀਖਿਆ ਹੁੰਦੀ ਹੈ। ਮਿਉਂਸਿਪਲ ਕਾਰਪੋਰੇਸ਼ਨ ਦੇ ਬਹੁਤ ਸਾਰੇ ਦਫ਼ਤਰਾਂ ਵਿਚ ਲਿਖਤੀ ਟੈਸਟ ਦੇਣ ਦੀ ਸੁਵਿਧਾ ਹੈ। ਇਸ ਸਬੰਧੀ ਇਕ ਕਿਤਾਬਚਾ ਮੁਫ਼ਤ ਮਿਲਦਾ ਹੈ, ਜਿਸ ਵਿਚ ਲਾਇਸੈਂਸ ਬਣਾਉਣ ਬਾਰੇ ਜਾਣਕਾਰੀ ਦਿੱਤੀ ਹੁੰਦੀ। ਸੜਕਾਂ ਉਪਰ ਜਿਹੜੇ ਨਿਸ਼ਾਨ ਲੱਗੇ ਹੁੰਦੇ ਹਨ, ਉਨ੍ਹਾਂ ਬਾਰੇ ਜਾਣਕਾਰੀ ਹੁੰਦੀ ਹੈ, ਕਿੰਨੀ ਸ਼ਰਾਬ ਪੀ ਕੇ ਗੱਡੀ ਚਲਾਈ ਜਾ ਸਕਦੀ ਹੈ ਤੇ ਵੱਧ ਪੀ ਕੇ ਚਲਾਉਣ ਵਾਲਿਆਂ ਲਈ ਕੀ ਕੀ ਸਜ਼ਾਵਾਂ ਹਨ ਅਤੇ ਹੋਰ ਬਹੁਤ ਸਾਰੀ ਜਾਣਕਾਰੀ ਦਿੱਤੀ ਹੁੰਦੀ ਹੈ, ਜਿਸ ਦੀ ਕਿ ਆਮ ਆਦਮੀ ਨੂੰ ਲੋੜ ਹੁੰਦੀ ਹੈ। ਕੰਪਿਊਟਰ ਤੇ ਲਿਖਤੀ ਪਰੀਖਿਆ ਵਿਚੋਂ 40 ਪ੍ਰਸ਼ਨਾਂ ਵਿਚੋਂ 30 ਠੀਕ ਕਰਨ ਵਾਲੇ ਨੂੰ ਪਾਸ ਕੀਤਾ ਜਾਂਦਾ ਹੈ। ਜਿਸ ਵਿਅਕਤੀ ਨੇ ਇਹ ਕਿਤਾਬ ਚੰਗੀ ਤਰ੍ਹਾਂ ਪੜ੍ਹੀ ਹੋਵੇ ਉਹ ਹੀ ਪਾਸ ਹੁੰਦਾ ਹੈ।

ਆਰਜ਼ੀ ਲਾਇਸੈਂਸ ਪ੍ਰਾਪਤ ਕਰਨ ਪਿੱਛੋਂ ਹੀ ਕਾਰ ਚਲਾਈ ਜਾ ਸਕਦੀ ਹੈ ਤੇ ਬਿਨਾਂ ਲਾਇਸੈਂਸ ਕਾਰ ਚਲਾਉਣ ਵਾਲੇ ਲਈ ਸਖ਼ਤ ਸਜ਼ਾ ਹੈ। ਆਰਜ਼ੀ ਲਾਇਸੈਂਸ ਵਾਲਾ ਇਕੱਲਾ ਕਾਰ ਨਹੀਂ ਚਲਾ ਸਕਦਾ। ਜਿਸ ਪਾਸ ਡਰਾਈਵਿੰਗ ਲਾਇਸੈਂਸ ਹੋਵੇ ਉਸ ਦਾ ਨਾਲ ਬੈਠਣਾ ਜ਼ਰੂਰੀ ਹੈ।

ਪੱਕਾ ਲਾਇਸੈਂਸ ਲੈਣ ਲਈ ਦੋ ਪਰੀਖਿਆਵਾਂ ਪਾਸ ਕਰਨੀਆਂ ਪੈਂਦੀਆਂ ਹਨ। ਇਕ ਹੈ ਗੱਡੀ ਚਲਾਉਣ ਦਾ (ਰੋਡ ਟੈਸਟ), ਦੂਜਾ ਹੈ ਗੱਡੀ ਪਿੱਛੇ ਕਰਨ ਦਾ (ਮੈਨੂਵਰਬਿਲਟੀ ਟੈਸਟ) । ਹਰ ਪਰੀਖਿਆ 100 ਅੰਕ ਦੀ ਹੁੰਦੀ ਹੈ ਤੇ ਪਾਸ ਹੋਣ ਲਈ 75 ਅੰਕ ਆਉਣੇ ਚਾਹੀਦੇ ਹਨ।

ਰੋਡ ਟੈਸਟ ਵਿਚ ਇਨਸਪੈਕਟਰ ਪਰੀਖਿਆਰਥੀ ਨਾਲ ਬੈਠ ਕੇ ਇਹ ਵੇਖਦਾ ਹੈ ਕਿ ਪਰੀਖਿਆਰਥੀ ਨੂੰ ਠੀਕ ਢੰਗ ਨਾਲ ਗੱਡੀ ਸਟਾਰਟ ਕਰਨੀ ਆਉਂਦੀ ਹੈ, ਉਸ ਨੂੰ ਬ੍ਰੇਕਾਂ ਅਤੇ ਗੀਅਰ ਅਤੇ ਹੋਰ ਲੋੜੀਂਦੇ ਉਪਕਰਨ ਜਿਵੇਂ ਸਿਗਨਲ, ਲਾਇਟਾਂ, ਵਿਪਰ ਆਦਿ ਦੀ ਵਰਤੋਂ ਕਰਨੀ ਆਉਂਦੀ ਹੈ। ਸੜਕਾਂ ਉਪਰ ਲਗੇ ਟ੍ਰੈਫਿਕ ਬੋਰਡਾਂ ਉਪਰ ਜੋ ਲਿਖਿਆ ਹੈ, ਡਰਾਇਵਰ ਉਨ੍ਹਾਂ ਦੀ ਪਾਲਣਾ ਕਰ ਰਿਹਾ ਹੈ। ਕੀ ਉਹ ਖੱਬੇ, ਸੱਜੇ ਠੀਕ ਢੰਗ ਨਾਲ ਮੁੜਦਾ ਹੈ ਤੇ ਟ੍ਰੈਫਿਕ ਲਾਇਟਾਂ ਦੀ ਠੀਕ ਵਰਤੋਂ ਕਰ ਰਿਹਾ ਹੈ। ਲੇਨ ਠੀਕ ਤਰੀਕੇ ਨਾਲ ਬਦਲ ਰਿਹਾ ਹੈ, ਗੱਡੀ ਠੀਕ ਪਾਰਕਿੰਗ ਕਰ ਰਿਹਾ ਹੈ, ਵਗੈਰਾ ਵਗੈਰਾ। ਕਹਿਣ ਦਾ ਭਾਵ ਜਿਹੜੀਆਂ ਗੱਲਾਂ ਕਰਕੇ ਸੜਕੀ ਦੁਰਘਟਨਾਵਾਂ ਹੁੰਦੀਆਂ ਹਨ, ਉਨ੍ਹਾਂ ਤੋਂ ਬੱਚਣ ਲਈ ਕੀ ਪਰੀਖਿਆਰਥੀ ਧਿਆਨ ਦੇ ਰਿਹਾ ਹੈ। ਜਰਾ ਜਿੰਨਾ ਵੀ ਪਰੀਖਿਆਰਥੀ ਲਾ-ਪ੍ਰਵਾਹ ਹੋਇਆ ਨਹੀਂ ਤਾਂ ਉਸ ਨੇ ਅੰਕ ਕਟੇ ਨਹੀਂ। ਵੱਖ ਵੱਖ ਗਲਤੀਆਂ ਦੇ ਵੱਖ ਵੱਖ ਅੰਕ ਹਨ। ਗ਼ਲਤੀਆਂ ਦੇ ਇਹ ਅੰਕ 25% ਤੋਂ ਵੱਧ ਨਹੀਂ ਚਾਹੀਦੇ।

ਦੂਜਾ ਇਮਤਿਹਾਨ ਜੋ ਬਹੁਤ ਕਠਿਨ ਹੈ ਉਸ ਨੂੰ ਮੈਨੂਵਰਬਿਲਟੀ ਟੈਸਟ ਕਿਹਾ



Academy of the Punjab in North America: http://www.apnaorg.com

ਜਾਂਦਾ ਹੈ। ਇਸ ਵਿਚ ਕਾਰ ਨੂੰ 9 ਫੁੱਟ ਚੌੜੇ ਤੇ 20 ਫੁੱਟ ਲੰਬੇ 4 ਨਿਸ਼ਾਨੀਆਂ ਵਾਲੇ ਬਕਸੇ ਵਿਚੋਂ ਪਹਿਲਾਂ ਅੱਗੇ ਤੇ ਫਿਰ ਵਾਪਸ ਪਹਿਲੇ ਸਥਾਨ 'ਤੇ ਵਾਪਸ ਲਿਆਉਣਾ ਪੈਂਦਾ ਹੈ। ਜੇ ਕਾਰ ਕੋਨ ਨੂੰ ਲੱਗ ਜਾਵੇ ਤਾਂ ਫੇਲ੍ਹ । ਆਮ ਤੌਰ 'ਤੇ ਇਹ ਪਰੀਖਿਆ ਪਹਿਲਾਂ ਲਈ ਜਾਂਦੀ ਹੈ ਤੇ ਪਹਿਲੀ ਵਾਰ ਬਹੁਤ ਘੱਟ ਵਿਅਕਤੀ ਇਸ ਨੂੰ ਪਾਸ ਕਰਦੇ ਹਨ।

ਦੋਵਾਂ ਪਰੀਖਿਆਵਾਂ ਵਿਚੋਂ ਜੇ ਕਿਸੇ ਇਕ ਵਿਚ ਕੋਈ ਪਾਸ ਹੋ ਜਾਂਦਾ ਹੈ ਤਾਂ ਉਸ ਨੂੰ ਉਹ ਦੁਬਾਰਾ ਪਰੀਖਿਆ ਨਹੀਂ ਦੇਣੀ ਪੈਂਦੀ। ਜੇ ਕੋਈ ਦੋਵਾਂ ਵਿਚੋਂ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਨੂੰ ਜਿਨ੍ਹਾਂ ਗੱਲਾਂ ਵਿਚੋਂ ਪਾਸ ਹੋਇਆ ਉਹ ਦੁਬਾਰਾ ਨਹੀਂ ਦੇਣੀਆਂ ਪੈਣਗੀਆਂ। ਦੂਜੀ ਪ੍ਰੀਖਿਆ ਹਫ਼ਤੇ ਬਾਦ ਹੁੰਦੀ ਹੈ। ਇਸ ਤਰ੍ਹਾਂ, ਤਿੰਨ ਪ੍ਰੀਖਿਆਵਾਂ ਹੁੰਦੀਆਂ ਹਨ। ਜੇ ਕੋਈ ਚੌਥੀ ਵਾਰ ਫੇਲ੍ਹ ਹੋ ਜਾਵੇ ਤਾਂ ਉਸ ਨੂੰ 6 ਮਹੀਨੇ ਤੀਕ ਉਡੀਕ ਕਰਨੀ ਪੈਂਦੀ ਹੈ ਤਾਂ ਜੋ ਉਹ ਹੋਰ ਕਾਰ ਚਲਾ ਕੇ ਟਰੇਂਡ ਹੋ ਸਕੇ ।

ਸਾਢੇ ਪੰਦਰਾਂ ਸਾਲ ਬੱਚੇ ਦਾ ਲਾਇਸੈਂਸ ਬਣਨਾ ਸ਼ੁਰੂ ਹੋ ਜਾਂਦਾ ਹੈ। ਪਰ 18 ਸਾਲ ਤੋਂ ਘੱਟ ਬੱਚਿਆਂ ਲਈ ਖ਼ਾਸ ਸ਼ਰਤਾਂ ਹਨ। ਉਨ੍ਹਾਂ ਨੂੰ ਡਰਾਈਵਿੰਗ ਸਕੂਲ ਜਾਂ ਹਾਈ ਸਕੂਲ ਵਿਚ ਡਰਾਈਵਿੰਗ ਸੰਬੰਧੀ 24 ਘੰਟੇ ਦੀ ਪੜ੍ਹਾਈ ਕਰਨੀ ਪੈਂਦੀ ਹੈ। ਇਸ ਤੋਂ ਪਿੱਛੋਂ 8 ਘੰਟੇ ਦੀ ਕਾਰ ਚਲਾਉਣ ਦੀ ਟ੍ਰੇਨਿੰਗ ਲੈਣੀ ਪੈਂਦੀ ਹੈ। ਇਸ ਤੋਂ ਇਲਾਵਾ ਮਾਪਿਆਂ ਨਾਲ ਘੱਟੋ ਘੱਟ 50 ਘੰਟੇ ਕਾਰ ਚਲਾਉਣੀ ਹੁੰਦੀ ਹੈ, ਜਿਸ ਵਿਚੋਂ ਘੱਟੋ ਘੱਟ 10 ਘੰਟੇ ਦੀ ਰਾਤ ਦੀ ਡਰਾਈਵਿੰਗ ਹੋਣੀ ਚਾਹੀਦੀ ਹੈ। ਇਸ ਸੰਬੰਧੀ ਮਾਪਿਆਂ ਨੂੰ ਕਿਸੇ ਨੋਟਰੀ ਤੋਂ ਹਲਫ਼ੀਆ ਬਿਆਨ ਤਸਦੀਕ ਕਰਵਾ ਕੇ ਪੱਕਾ ਲਾਇਸੈਂਸ ਬਨਾਉਣ ਸਮੇਂ ਦੇਣਾ ਪੈਂਦਾ ਹੈ। ਡਰਾਈਵਿੰਗ ਸਕੂਲਾਂ ਵਾਲਿਆਂ ਨੇ ਬਕਾਇਦਾ ਲਾਇਸੈਂਸ ਲਏ ਹੋਏ ਹਨ ਤੇ ਉਨ੍ਹਾਂ ਲਈ ਬਕਾਇਦਾ ਕਾਨੂੰਨ ਬਣੇ ਹੋਏ ਹਨ।

ਉਪਰੋਕਤ ਗੱਲਾਂ ਕਾਰ ਦਾ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਲਈ ਹਨ। ਭਾਰੀਆਂ ਗੱਡੀਆਂ ਜਿਵੇਂ ਬੱਸਾਂ, ਟਰੱਕ ਆਦਿ ਚਲਾਉਣ ਲਈ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਲਈ ਵੱਖਰੇ ਨਿਯਮ ਹਨ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਅਗਾਂਹਵਧੂ ਦੇਸ਼ਾਂ ਵਿਚ ਹਰ ਵਿਅਕਤੀ ਦੀ ਜਾਨ ਨੂੰ ਬਹੁਤ ਕੀਮਤੀ ਸਮਝਿਆ ਜਾਂਦਾ ਹੈ ਤੇ ਹਰ ਵਿਅਕਤੀ ਦੀ ਸੁਰੱਖਿਆ ਲਈ ਸਰਕਾਰਾਂ ਨੇ ਉਚਿੱਤ ਪ੍ਰਬੰਧ ਕੀਤੇ ਹੋਏ ਹਨ। ਭਾਰਤ ਨੂੰ ਵੀ ਇਨ੍ਹਾਂ ਮੁਲਕਾਂ ਤੋਂ ਸੇਧ ਲੈਣੀ ਚਾਹੀਦੀ ਹੈ ਤੇ ਇਨ੍ਹਾਂ ਖ਼ੂਨੀ ਸੜਕਾਂ ਤੇ ਨਚਦੀ ਮੌਤ ਨੂੰ ਠੱਲ੍ਹ ਪਾਉਣ ਲਈ ਰਿਸ਼ਵਤ ਲੈ ਕੇ ਘਰ ਬੈਠਿਆਂ ਡਰਾਈਵਿੰਗ ਲਾਇਸੈਂਸ ਬਨਾਉਣੇ ਬੰਦ ਕਰਕੇ ਅਮਰੀਕਾ ਵਾਂਗ ਲੋੜੀਂਦੀ ਪ੍ਰੀਖਿਆ ਲੈ ਕੇ ਹੀ ਲਾਇਸੈਂਸ ਜਾਰੀ ਕਰਨੇ ਚਾਹੀਦੇ ਹਨ। ਇਸ ਨਾਲ ਅੱਧੇ ਤੋਂ ਜ਼ਿਆਦਾ ਘਟਨਾਵਾਂ ਨੂੰ ਠੱਲ੍ਹ ਪੈ ਸਕਦੀ ਹੈ।

*29 ਅਕਤੂਬਰ 2014*



Academy of the Punjab in North America: http://www.apnaorg.com

## ਅਮਰੀਕਾ ਦੀ ਧਰਤੀ ਦਾ ਖੇਡ-ਲੇਖਕ :

# ਇਕਬਾਲ ਸਿੰਘ ਜੱਬੋਵਾਲੀਆ



ਖੇਡ-ਲਿਖਾਰੀਆਂ ਦੀ ਗੱਲ ਕਰੀਏ ਤਾਂ ਖੇਡਾਂ ਬਾਰੇ ਲਿਖਣ ਵਾਲੇ ਬਹੁਤ ਘੱਟ ਹਨ। ਖਾਸ ਕਰਕੇ ਵਿਦੇਸ਼ੀ ਧਰਤੀ 'ਤੇ। ਇਸ ਦਾ ਕਾਰਨ ਇਹ ਹੈ ਕਿ ਇਸ ਲਈ ਕਿਸੇ ਖਾਸ ਗਿਆਨ ਦੀ ਜ਼ਰੂਰਤ ਹੁੰਦੀ ਹੈ। ਮੇਹਨਤ ਬਹੁਤ ਕਰਨੀ ਪੈਂਦੀ ਹੈ। ਜਾਣਕਾਰੀ ਲੈਣ ਲਈ ਖਿਡਾਰੀਆਂ ਜਾਂ ਭਲਵਾਨਾਂ ਨਾਲ ਸੰਪਰਕ ਕਰਨਾ ਜਰੂਰੀ ਹੁੰਦਾ ਹੈ। ਬਿਨਾਂ ਕਿਸੇ ਲੋਭ-ਲਾਲਚ, ਭੇਦ-ਭਾਵ ਦੇ ਖੇਡ-ਖੇਤਰ ਵਿੱਚ ਦਿਨ ਰਾਤ ਮੇਹਨਤ ਕਰਕੇ ਵੱਖਰਾ ਮੁਕਾਮ ਹਾਸਲ ਕਰਕੇ ਯੋਗਤਾ ਰੱਖਣ ਵਾਲੇ ਖਿਡਾਰੀਆਂ/ਭਲਵਾਨਾਂ ਦੇ ਰੇਖਾ-ਚਿੱਤਰ ਲਿਖਣ ਵਾਲਾ ਹੈ ਇਕਬਾਲ ਸਿੰਘ ਜੱਬੋਵਾਲੀਆ, ਜਿਸ ਦੇ ਲੇਖ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ, ਇਟਲੀ ਅਤੇ ਆਸਟ੍ਰੇਲੀਆ ਦੀਆਂ ਅਖ਼ਬਾਰਾਂ ਵਿੱਚ ਵੀ ਛਪਦੇ ਹਨ।

ਜ਼ਿਲ੍ਹਾ ਨਵਾਂ-ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਦੇ ਨਜ਼ਦੀਕ ਪ੍ਰਸਿੱਧ ਪਿੰਡ ਜੱਬੋਵਾਲ ਵਿਖੇ ਪਿਤਾ ਸ੍ਰੀ ਧੰਨਪਤ ਰਾਏ ਦੇ ਗ੍ਰਹਿ ਅਤੇ ਮਾਤਾ ਠਾਕੁਰ ਕੌਰ ਦੀ ਕੁੱਖੋਂ ਇਕ ਸਧਾਰਨ ਪਰਿਵਾਰ ਵਿੱਚ ਜਨਮਿਆ, ਉਹ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਲਿਖਣ ਦਾ ਸ਼ੌਂਕ ਪਾਲਦਾ ਪਾਲਦਾ ਅਮਰੀਕਾ ਦੀ ਧਰਤੀ 'ਤੇ ਵੀ ਲਗਾਤਾਰ ਲਿਖ ਰਿਹਾ ਹੈ। ਬੰਗਾ ਕਾਲਜ ਪੜ੍ਹਦੇ ਸਮੇਂ ਪ੍ਰਸਿੱਧ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਉਨ੍ਹਾਂ ਨੂੰ ਪੰਜਾਬੀ ਪੜ੍ਹਾਇਆ ਕਰਦੇ ਸਨ। ਪੜ੍ਹਾਉਣ ਦੇ ਨਾਲ ਨਾਲ ਉਹ ਗੀਤਕਾਰਾਂ, ਗਾਇਕਾਂ ਅਤੇ ਫ਼ਿਲਮਾਂ ਬਾਰੇ ਵੀ ਗੱਲਾਂ-ਬਾਤਾਂ ਕਰਦੇ ਰਹਿੰਦੇ। ਕਦੀ ਕਦੀ ਕੁਝ ਨਾ ਕੁਝ ਵਿਦਿਆਰਥੀਆਂ ਨੂੰ ਵੀ ਲਿਖਣ ਲਈ ਪ੍ਰੇਰਦੇ। ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਜਬੋਵਾਲੀਆ ਨੇ ਸਭ ਤੋਂ ਪਹਿਲਾਂ 'ਬੱਸ ਕਿਰਾਇਆ' ਕਹਾਣੀ ਲਿਖੀ ਜੋ ਕਾਲਜ ਦੇ ਸਲਾਨਾ ਮੈਗਜ਼ੀਨ ਵਿੱਚ ਛਪੀ। ਉਸ ਤੋਂ ਬਾਅਦ 'ਮਾਂ ਦਾ ਪਿਆਰ', 'ਮਜਬੂਰੀ', 'ਸ਼ਰਾਬੀ', ਅਤੇ 'ਦਾਜ' ਵਰਗੀਆਂ ਕਹਾਣੀਆਂ ਲਿਖੀਆਂ, ਜੋ ਕਾਲਜ ਮੈਗਜ਼ੀਨ ਤੋਂ ਇਲਾਵਾ ਇੰਦਰ ਮੋਹਣ ਸੋਢੀ ਦੀ ਬੰਗਿਆਂ ਤੋਂ ਨਿਕਲਦੀ ਲੋਕਲ ਪੰਜਾਬੀ ਅਖ਼ਬਾਰ 'ਨਿਸ਼ਾਨੀ' ਵਿੱਚ ਵੀ ਛਪੀਆਂ। ਬੰਗਾ ਕਾਲਜ ਦੇ ਦੂਜੇ ਸਾਥੀਆਂ ਨਾਲ ਇਕ ਵਾਰ ਇਕਬਾਲ ਸਿੰਘ ਹੁਣੀ ਸਾਈਕਲਾਂ 'ਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਗਏ।



Academy of the Punjab in North America: http://www.apnaorg.com

ਗੁਰਦਵਾਰਾ ਸ੍ਰੀ ਭਗੌਰ ਸਾਹਿਬ, ਕੀਰਤਪੁਰ ਸਾਹਿਬ, ਗੁਰੂ ਕਾ ਲਾਹੌਰ, ਗੁਰਦਵਾਰਾ ਵਿਛੋੜਾ ਸਾਹਿਬ ਅਤੇ ਰੋਪੜ ਦਾ ਗੁਰਦਵਾਰਾ 'ਭੱਠਾ ਸਾਹਿਬ' ਵੇਖਿਆ। ਗੁਰਦਵਾਰਿਆਂ ਅਤੇ ਪਹਾੜਾਂ ਦੀ ਸੈਰ ਦਾ ਉਸ ਨੇ 'ਯਾਤਰਾਨਾਮਾ' ਲਿਖਿਆ ਜੋ ਬੜਾ ਪਸੰਦ ਕੀਤਾ ਗਿਆ ਸੀ।

ਪੰਜਾਬੀ ਵਿਭਾਗ ਦੇ ਮੁਖੀ ਡਾ. ਅਜੀਤ ਸਿੰਘ ਸਿੱਕਾ ਹੋਇਆ ਕਰਦੇ ਸਨ, ਜੋ ਪੰਜਾਬੀ ਤੋਂ ਇਲਾਵਾ ਉਰਦੂ, ਹਿੰਦੀ ਅਤੇ ਇੰਗਲਿਸ਼ ਦੇ ਵੀ ਵਿਦਵਾਨ ਸਨ। ਉਨ੍ਹਾਂ ਨੇ ਇਨ੍ਹਾਂ ਭਾਸ਼ਾਵਾਂ ਵਿਚ ਕਈ ਕਿਤਾਬਾਂ ਵੀ ਲਿਖੀਆਂ। ਡਾ. ਗੁਰਚਰਨ ਸਿੰਘ ਸਾਕੀ ਵੀ ਉੱਥੇ ਪੰਜਾਬੀ ਦੇ ਲੈਕਚਰਾਰ ਹੁੰਦੇ ਸਨ। ਇਸ ਤਰ੍ਹਾਂ ਉੱਥੇ ਸਾਹਿਤਕ ਮਾਹੌਲ ਬਹੁਤ ਹੀ ਵਧੀਆ ਸੀ। ਇੱਥੇ ਇਹ ਦੱਸਣਾ ਬਣਦਾ ਹੈ ਕਿ ਰੋਜ਼ਾਨਾ ਅਜੀਤ ਜਲੰਧਰ ਦੇ ਸਹਾਇਕ ਸੰਪਾਦਕ ਸ. ਸਤਨਾਮ ਸਿੰਘ ਮਾਣਕ ਤੇ ਇਸੇ ਅਖ਼ਬਾਰ ਦੇ ਅਮਰੀਕਾ ਦੇ ਪੱਤਰਕਾਰ ਹੁਸਨ ਲੜੋਆ ਬੰਗਾ ਵੀ ਬੰਗਾ ਕਾਲਜ ਦੇ ਵਿਦਿਆਰਥੀ ਰਹਿ ਚੁੱਕੇ ਹਨ।

ਜੱਬੋਵਾਲੀਆ ਨੇ ਵਿਦੇਸ਼ੀ ਧਰਤੀ ਦੇ ਖ਼ੁਸ਼ਹਾਲ ਮੁਲਕ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਨਿਊਯਾਰਕ ਵਿੱਚ ਸੰਨ '84 ਵਿੱਚ ਆ ਡੇਰੇ ਲਾਏ। ਸੰਨ '84 ਦਾ ਇਹ ਉਹ ਮਹੀਨਾ ਸੀ ਜਦੋਂ ਸ੍ਰੀ ਹਰਮੰਦਿਰ ਸਾਹਿਬ 'ਤੇ ਹਮਲਾ ਹੋਇਆ ਸੀ। ਇੱਥੇ ਆ ਜ਼ਿੰਦਗੀ ਨਾਲ ਜਦੋ-ਜਹਿਦ ਕਰਦੇ ਲੇਖਣੀ ਦਾ ਸ਼ੌਕ ਵੀ ਬਰਕਰਾਰ ਰੱਖਿਆ। 'ਦੂਜਾ ਵਿਆਹ', 'ਧਰਮ ਦੇ ਠੇਕੇਦਾਰ', 'ਹਵੇਲੀ ਵਾਲੇ', 'ਲਾਲਾ ਛਟਾਂਕੀ ਰਾਮ' ਕਹਾਣੀਆ ਤੋਂ ਇਲਾਵਾ ਗੀਤਕਾਰ ਚਰਨ ਸਿੰਘ ਸਫ਼ਰੀ ਬਾਰੇ ਲਿਖਿਆ।

ਨਿਊਯਾਰਕ ਰਹਿੰਦੇ ਪ੍ਰਸਿੱਧ ਕਬੱਡੀ ਖਿਡਾਰੀ ਮੱਖਣ ਸਿੰਘ ਧਾਲੀਵਾਲ ਬਾਰੇ ਲੇਖ ਲਿਖਿਆ, ਜੋ ਇੰਗਲੈਂਡ ਤੋਂ ਛਪਦੀ ਹਫ਼ਤਾਬਾਰੀ 'ਪੰਜਾਬ ਟਾਇਮਜ਼' ਅਖ਼ਬਾਰ ਵਿੱਚ ਛਪਿਆ। ਇਸ ਲੇਖ ਨੂੰ ਬੜਾ ਸਲਾਹਿਆ ਗਿਆ। ਉਸ ਤੋਂ ਬਾਅਦ ਯਾਰਾਂਦੋਸਤਾਂ ਦੇ ਹੌਂਸਲੇ ਅਤੇ ਥਾਪੜੇ ਨਾਲ ਖਿਡਾਰੀਆਂ ਅਤੇ ਭਲਵਾਨਾਂ ਬਾਰੇ ਲਿਖਣਾ ਸ਼ੁਰੂ ਕਰ ਦਿਤਾ। ਜਿਨ੍ਹਾਂ ਕਬੱਡੀ ਖਿਡਾਰੀਆਂ ਬਾਰੇ ਲਿਖਿਆ ਉਨ੍ਹਾਂ ਵਿਚ ਮੱਖਣ ਸਿੰਘ ਧਾਲੀਵਾਲ ਤੋਂ ਇਲਾਵਾ, ਪੱਤੜੀਆ ਬੋਲਾ, ਸ਼ੰਕਰੀਆ ਘੁੱਗਾ, ਹਰਜਿੰਦਰ ਸਿੰਘ ਥਾਣਾ, ਚੱਕਾਂ ਵਾਲਾ ਕਮਲ ਪੰਡਿਤ, ਹਕੀਮਪੁਰ ਵਾਲਾ ਗੁਰਜੀਤ ਪੁਰੇਵਾਲ, ਬਹਿਰਾਮੀਆਂ ਸ਼ਿੰਦਾ, ਤੀਰਥ ਗਾਫ਼ਲ, ਸੰਨੀ ਕੰਦੋਲਾ, ਸਰਬਜੀਤ ਮਾਹਲ, ਨਡਾਲੇ ਵਾਲਾ ਪ੍ਰੀਤਾ, ਕਬੱਡੀ ਕੈਂਚੀ ਦਾ ਥੰਮ੍ਹ ਮੱਲਪੁਰੀਆ ਹਰੀ, ਕਬੱਡੀ ਦਾ ਸਿਕੰਦਰ ਸਰਬਣ ਬੱਲ, ਸਰਹਾਲੀਆ ਪਾਲੀ, ਕਪੂਰਥਲੀਆ ਕਾਰੀ, ਖ਼ੁਰਦਪੁਰੀਆ ਭੱਜੀ ਅਤੇ ਚੰਨਾ (ਦੋਵੇਂ ਭਰਾ), ਕਬੱਡੀ ਇਤਿਹਾਸ ਦੇ ਦੋ ਥੰਮ੍ਹ ਪ੍ਰਿੰਸੀਪਲ ਸਰਵਣ ਸਿੰਘ ਤੇਪ੍ਰੋ. ਮੱਖਣ ਸਿੰਘ ਹਕੀਮਪੁਰ, ਨਿਊਯਾਰਕ ਦੀ ਧਰਤੀ 'ਤੇ ਸਥਾਪਤ ਰਾਜਾ ਸਾਹਿਬ ਸਪੋਰਟਸ ਕਲੱਬ ਦੋਆਬਾ ਅਤੇ ਨਿਊਯਾਰਕ ਦੇ ਪ੍ਰਸਿੱਧ ਕਬੱਡੀ ਪ੍ਰਮੋਟਰ ਮਹਿੰਦਰ ਸਿੰਘ ਸਿੱਧੂ ਆਦਿ ਸ਼ਾਮਲ ਹਨ।

ਜਿਨ੍ਹਾਂ ਪਹਿਲਵਾਨਾਂ 'ਤੇ ਕਲਮ ਚਲਾਈ, ਉਨ੍ਹਾਂ ਵਿਚ ਪਹਿਲਵਾਨ ਕਿੱਕਰ ਸਿੰਘ, ਗਾਮਾ ਪਹਿਲਵਾਨ, ਟਾਈਗਰ ਜੋਗਿੰਦਰ ਸਿੰਘ, ਮਾਸਟਰ ਚੰਦਗੀ ਰਾਮ, ਭਾਰਤ ਦਾ ਭੀਮ ਪਹਿਲਵਾਨ ਮੇਹਰਦੀਨ, ਰੁਸਤਮੇਂ ਹਿੰਦ ਪਹਿਲਵਾਨ ਬੁੱਧ ਸਿੰਘ, ਹਰਬੰਸ ਸਿੰਘ ਰਾਇਪੁਰ ਡੱਬਾ (ਪਹਿਲਵਾਨ ਦਾਰਾ ਸਿੰਘ ਦੇ ਉਸਤਾਦ), ਬਿੱਲਾ ਅੰਬਰਸਰੀਆ, ਰਾਮਾਂ-ਖੇਲਾ ਵਾਲਾ



Academy of the Punjab in North America: http://www.apnaorg.com

ਸਰਬਣ, ਜੱਬੋਵਾਲੀਆ ਦਰਸ਼ਣ ਭਲਵਾਨ, ਕੁਸ਼ਤੀ ਕੋਚ ਪੀ.ਆਰ. ਸੌਂਧੀ, ਪਹਿਲਵਾਨ ਅਤੇ ਕਬੱਡੀ ਖਿਡਾਰੀ ਜੈਲਾ ਰਾਏਪੁਰ ਡੱਬਾ, ਅਮਨਦੀਪ ਵਿੱਕੀ, ਮਨਦੀਪ ਸੌਂਧੀ, ਪਟਿਆਲੇ ਵਾਲਾ ਗੁਰਮੁਖ ਭਲਵਾਨ, ਸ਼ੀਰੀ ਪਹਿਲਵਾਨ, ਪੀ.ਐਨ.ਟੀ. ਪਹਿਲਵਾਨ, ਸੁਖਵੀਰ ਪਹਿਲਵਾਨ (ਸੱਘਵਾਲ ਵਾਲੇ ਜਗੀਰੀ ਭਲਵਾਨ ਦਾ ਭਤੀਜਾ), ਜਸਵਿੰਦਰ ਸਿੰਘ ਜੌਹਲ, ਕੇਵਲ ਕੈਲੈ, ਰੰਗਾ ਪਹਿਲਵਾਨ, ਪਹਿਲਵਾਨੀ ਤੋਂ ਫਿਲਮਾਂ ਤੱਕ ਸੇਰੋਂ ਵਾਲਾ ਬਾਬਾ ਖੈਰਾ ਆਦਿ ਸ਼ਾਮਲ ਹਨ।

ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦੇ ਮੈਂਬਰਾਂ ਅਤੇ ਕਲੱਬ ਦੇ ਮੁਖ ਸੇਵਾਦਾਰ ਬਲਦੇਵ ਮਾਨ, ਇਸੇ ਕਲੱਬ ਦੇ ਉਲੰਪੀਅਨ ਵੇਟ-ਲਿਫ਼ਟਰ ਜਸਵੀਰ ਸਿੰਘ ਕਰਨਾਣਾ, ਜਗਦੀਸ਼ ਸਿੰਘ ਦੀਸ਼ਾ, ਹਰਜੀਤ ਸਿੰਘ, ਬਲਵਿੰਦਰ ਸਿੰਘ ਬੁੱਧੂ, ਸੰਤੋਖ ਬਿੱਲਾ, ਪ੍ਰਦੀਪ ਮਜਾਰਾ, ਅਮਰਜੀਤ ਮਜਾਰਾ, ਸੋਨੂ ਕਰਨਾਣਾ, ਬੱਬੂਆ ਬਾਰੇ ਵੀ ਲਿਖਿਆ।

ਅਨੇਕਾਂ ਭਲਵਾਨਾਂ, ਖਿਡਾਰੀਆਂ, ਕਹਾਣੀਆਂ, ਵਿਅੰਗ, ਗੀਤਕਾਰਾਂ, ਕਲਾਕਾਰਾਂ, ਸਮਾਜਿਕ ਕੁਰੀਤੀਆਂ ਅਤੇ ਗੁਰੂ-ਘਰਾਂ ਵਿੱਚ ਭਾਰੂ ਸਿਆਸਤ ਲਿਖਣ ਤੋਂ ਇਲਾਵਾ ਕਵਿਤਾ ਲਿਖਣ ਦਾ ਸ਼ੌਂਕ ਵੀ ਪਾਲਿਆ। ਕਵਿਤਾ ਨੂੰ ਤਾਂ ਉਹ 'ਗਾਡ ਗਿਫ਼ਟ' ਸਮਝਦਾ ਹੈ।

ਖਿਡਾਰੀਆਂ/ਭਲਵਾਨਾਂ ਬਾਰੇ ਲਿਖਣ ਦਾ ਸ਼ੌਂਕ ਕਿਵੇਂ ਜਾਗਿਆ ? ਪੁਛਣ ਦੇ ਸਵਾਲ ਵਿਚ ਇਕਬਾਲ ਸਿੰਘ ਨੇ ਦੱਸਿਆ ਕਿ ਉਹਦਾ ਪਿਤਾ ਭਲਵਾਨੀ ਦਾ ਸ਼ੌਂਕ ਰੱਖਦਾ ਸੀ ਅਤੇ ਵੱਡਾ ਵੀਰ ਹੈਡਮਾਸਟਰ ਗਿਆਨ ਸਿੰਘ ਆਰੀਆ ਕਾਲਜ ਨਵਾਂ-ਸ਼ਹਿਰ ਅਤੇ ਯੂਨੀਵਰਸਿਟੀ ਦਾ ਟਾਪ ਦਾ ਫ਼ੁੱਟਬਾਲ ਖਿਡਾਰੀ ਅਤੇ ਬੇਹਤਰੀਨ ਅਥਲੀਟ ਹੁੰਦਾ ਸੀ। ਸਿੱਖਿਆ ਵਿਭਾਗ ਵਿੱਚ ਆ ਕੇ ਉਹ ਜਲੰਧਰ ਜਿਲ੍ਹੇ ਦੀਆਂ ਸਕੂਲੀ ਖੇਡਾਂ ਦਾ ਚਾਰ ਸਾਲ ਪ੍ਰਧਾਨ ਵੀ ਰਿਹਾ। ਘਰ ਪਰਿਵਾਰ ਖੇਡਾਂ ਨਾਲ ਜੁੜਿਆ ਹੋਣ ਕਰਕੇ ਇਹ ਸ਼ੌਂਕ ਕੁਦਰਤੀ ਸੀ।

ਭਾਰਤੀ ਫ਼ੁੱਟਬਾਲ ਦੇ ਜਰਨੈਲ, ਜਰਨੈਲ ਸਿੰਘ ਪਨਾਮ, ਨਿਰੰਜਨ ਦਾਸ ਮੰਗੂਵਾਲ, ਕਾਹਮੇ ਵਾਲਾ ਗੁਰਸ਼ਰਨ ਛੰਨਾ, ਅਮਰੀਕ ਸਿੰਘ ਪਾਂਸ਼ਟਾ ਅਤੇ ਗੁਜਰਪੁਰ ਖੁਰਦ ਵਾਲੇ ਗੁਰਦੇਵ ਦੇਬੀ ਆਦਿ ਫ਼ੁੱਟਬਾਲ ਖਿਡਾਰਆਂ ਬਾਰੇ ਲਿਖਿਆ। ਵਿਛੜ ਗਏ ਭਰਾ ਦੀ ਯਾਦ ਨੂੰ ਤਾਜ਼ਾ ਕਰਦੇ ਤਿੰਨ ਦਿਨ 'ਹੈਡਮਾਸਟਰ ਗਿਆਨ ਸਿੰਘ ਕਬੱਡੀ ਮੇਲਾ' ਪਿੰਡ ਜੱਬੋਵਾਲ ਵਿੱਚ ਕਰਵਾਇਆ ਗਿਆ। ਇਸੇ ਤਰ੍ਹਾਂ ਹੀ 'ਮਾਹਿਲ-ਗਹਿਲਾਂ ਦਾ ਫ਼ੁੱਟਬਾਲ ਅਤੇ ਕਬੱਡੀ ਮੇਲਾ' ਅਤੇ 'ਦਰੜ-ਭਰਾਵਾਂ' ਦੇ ਪਿੰਡ ਇਬਰਾਹੀਮਪੁਰ ਜਾ ਕੇ ਅੱਖੀਂ ਵੇਖੇ ਖੇਡ ਮੇਲਿਆਂ ਦਾ ਜ਼ਿਕਰ ਖੇਡ ਮੇਲੇ ਰੰਗਲੇ ਪੰਜਾਬ ਦੇ ਨਾਂ ਹੇਠ ਕੀਤਾ ਗਿਆ।

ਨਿਊਯਾਰਕ ਵਿੱਚ ਹੁੰਦੇ ਕਬੱਡੀ, ਫ਼ੁੱਟਬਾਲ, ਬਾਕਟਬਾਲ ਅਤੇ ਬੱਚਿਆਂ ਦੀਆਂ ਖੇਡਾਂ ਵਿੱਚ ਅਨਾਊਸਰ ਦੀ ਸੇਵਾ ਨਿਭਾਈ ਜਾਂਦੀ ਹੈ ਤੇ ਨਿਊਜਰਸੀ ਹੋਏ 'ਕਾਰਟਰੇਟ ਸਪੋਰਟਸ ਕਲੱਬ' ਅਤੇ 'ਬਰਲਿੰਗਟਨ ਸਪੋਰਟਸ ਕਲੱਬ' ਵਲੋਂ ਕਰਵਾਏ ਫ਼ੁੱਟਬਾਲ ਅਤੇ ਬਾਸਕਟਬਾਲ ਟੂਰਨਾਮੈਂਟਾਂ ਵਿੱਚ ਅਨਾਊਂਸਰ ਦੀ ਸੇਵਾ ਨਿਭਾਈ। ਬੜਾ ਪਿਆਰ, ਮਾਨ ਤੇ ਸਨਮਾਨ ਦਿਤਾ। ਉਨ੍ਹਾਂ ਟੂਰਨਾਮੈਂਟਾਂ ਦੀਆਂ ਰਿਪੋਰਟਾਂ ਬਣਾ ਕੇ ਵੱਖ ਵੱਖ ਅਖ਼ਬਾਰਾਂ ਨੂੰ ਭੇਜੀਆਂ ।

ਖੇਡ-ਲੇਖਕ ਹੋਣ ਦੇ ਨਾਤੇ ਪ੍ਰਸਿੱਧ ਟੀ.ਵੀ. ਚੈਨਲ 'ਜੱਸ ਪੰਜਾਬੀ' ਦੇ ਸਟੂਡੀਓ ਵਿੱਚ ਸੁਰਿੰਦਰ ਸੋਹਲ ਵਲੋਂ ਇੰਟਰਵਿਊ ਕੀਤੀ ਗਈ। ਇਸੇ ਤਰ੍ਹਾਂ ਹੀ ਕੈਲੈਫ਼ੋਰਨੀਆਂ ਤੋਂ ਚਲਦੇ



Academy of the Punjab in North America: http://www.apnaorg.com

'ਚੜ੍ਹਦੀ-ਕਲਾ' ਰੇਡੀਓ ਵਿੱਚ ਅਸ਼ੋਕ ਭੌਰਾ ਨੇ ਸਮੂਹ ਸਰੋਤਿਆਂ ਨਾਲ ਖੇਡਾਂ ਬਾਰੇ ਸਾਂਝ ਪਾਈ।

ਜਿਨ੍ਹਾਂ ਪਹਿਲਵਾਨਾਂ ਅਤੇ ਖਿਡਾਰੀਆਂ ਬਾਰੇ ਲਿਖ ਰਿਹਾ ਹੈ, ਉਨ੍ਹਾਂ ਵਿਚ, ਅਰਜਨ ਐਵਾਰਡੀ ਫ਼ੁੱਟਬਾਲਰ ਇੰਦਰ ਸਿੰਘ, ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ, ਅਰਜਨ ਐਵਾਰਡੀ ਵੇਟ-ਲਿਫ਼ਟਰ ਤਾਰਾ ਸਿੰਘ ਸੂੰਢ, ਉਲੰਪੀਅਨ ਹਾਕੀ ਖਿਡਾਰੀ ਸੁਰਿੰਦਰ ਸਿੰਘ ਸੋਢੀ, ਕਬੱਡੀ ਖਿਡਾਰੀ ਰਸਾਲ ਸਿੰਘ ਰਸਾਲਾ, ਕਬੱਡੀ ਖਿਡਾਰੀ ਜੋਤਾ, ਬਲਵਿੰਦਰ ਫਿੱਡੂ, ਪਹਿਲਵਾਨ ਆਲਮਗੀਰੀਆ ਫੱਤਾ, ਕੇਹਰ ਪਹਿਲਵਾਨ, ਪਹਿਲਵਾਨ ਸ਼ਿੰਦਾ ਪੱਟੀ ਵਾਲਾ, ਕਬੱਡੀ ਖਿਡਾਰੀ ਜੱਬੋਵਾਲੀਆ ਮਾਹਣਾਂ, ਕਬੱਡੀ ਖਿਡਾਰੀ ਜੀਤਾ ਜੱਬੋਵਾਲੀਆ, ਕਬੱਡੀ ਖਿਡਾਰੀ ਜੋਗਿੰਦਰ ਜੱਬੋਵਾਲੀਆ, ਰਾਮਗੜ੍ਹੀਆ ਕਾਲਜ ਦਾ ਕਲਾਸੀਕਲ ਪਹਿਲਵਾਨ ਮਲਕੀਤ ਗਾਂਧੀ, ਪਹਿਲਵਾਨ ਪ੍ਰਮਿੰਦਰ ਡੂੰਮਛੇੜੀ, ਗੁਰੂ ਨਾਨਕ ਕਾਲਜ ਫਗਵਾੜਾ ਦਾ ਅਥਲੀਟ ਅਤੇ ਵੇਟ-ਲਿਫ਼ਟਰ ਗੁਰਮੀਤ ਸਿੰਘ ਗੰਢਵ, ਗੋਲਾ ਸੁਟਾਵਾ ਇੰਸਪੈਕਟਰ ਅਜੈ ਸਿੰਘ, ਹਾਕੀ ਖਿਡਾਰੀ ਪਰਮਜੀਤ ਸਿੰਘ ਸੈਣੀ, ਅਤੇ ਪਰਵਾਸੀ ਗੀਤਕਾਰ ਮਲਕੀਤ ਮਹਿਦਪੁਰੀ ਆਦਿ ਸ਼ਾਮਲ ਹਨ।

ਉਸੇ ਕਲਮ ਨਾਲ ਉਸ ਨੇ 'ਫ਼ਲਾਇੰਗ ਸਿੱਖ ਮਿਲਖਾ ਸਿੰਘ', ਪਟਿਆਲਾ ਬਿਜਲੀ ਬੋਰਡ ਦਾ ਮੁੱਖ ਕੋਚ ਨਰਿੰਦਰ ਸਿੰਘ ਸਰਹਾਲ ਅਤੇ ਭਾਰਤੀ ਹਾਕੀ ਟੀਮ ਦੀ ਪਲੇਅਰ ਅਤੇ ਕੋਚ ਸਰੋਜ ਬਾਲਾ (ਦੋਵੇਂ ਪਤੀ ਪਤਨੀ), ਵਿਦੇਸ਼ੀ ਧਰਤੀ ਦਾ ਪੰਜਾਬੀ ਬਾਕਸਰ ਗੁਰਚਰਨ ਗੁਰੂ, ਆਸਟ੍ਰੇਲੀਆ ਚੋਂ ਗੋਲਡ ਮੈਡਲ ਜਿੱਤਣ ਵਾਲਾ ਜੱਬੋਵਾਲ ਦਾ ਜਸਵਿੰਦਰ ਸਿੰਘ ਨਾਗਰਾ, ਬੰਗਾ ਕਾਲਜ ਅਤੇ ਯੂਨੀਵਰਸਿਟੀ ਦਾ ਵੇਟ-ਲਿਫ਼ਟਰ, ਬਾਲੀਵਾਲ ਅਤੇ ਕਬੱਡੀ ਖਿਡਾਰੀ ਮਜ਼ਾਰੇ ਵਾਲਾ ਚਰਨਾ, ਅਮਰੀਕਾ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਪਾਵਰ ਲਿਫ਼ਟਰ ਭਰਾ ਹਰਜਿੰਦਰ ਤੇ ਹਰਜੀਤ ਅਤੇ ਅਮਰੀਕਾ ਦੀ ਧਰਤੀ 'ਤੇ ਚਮਕਦੇ ਭਾਰਤੀ ਸਿਤਾਰੇ ਮੈਰਾਥਨ ਦੌੜਾਕ ਹਰਮੇਸ਼ ਸਿੰਘ ਉੜਾਪੜ ਅਤੇ ਡਾ. ਅਵਤਾਰ ਸਿੰਘ ਟੀਨਾ ਦਾ ਜ਼ਿਕਰ ਕੀਤਾ।

ਹਮੇਸ਼ਾਂ ਆਪਣੇ ਜਿਗਰੀ-ਯਾਰਾਂ, ਦੋਸਤਾਂ, ਪਾਠਕਾਂ, ਖੇਡ-ਪ੍ਰੇਮੀਆਂ, ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਨਾਲ ਲੈ ਕੇ ਚਲਣ ਵਾਲਾ ਇਕਬਾਲ ਸਿੰਘ ਆਪਣੀ ਜਿੰਦਗੀ ਤੋਂ ਬੜਾ ਖ਼ੁਸ਼ ਹੈ।ਉਹ ਆਪ ਜੋ ਕੁਝ ਨਹੀਂ ਬਣ ਸਕਿਆ ਹੁਣ ਲੋੜਵੰਦ ਗਰੀਬ ਖਿਡਾਰੀਆਂ ਦੀ ਤਨੋਂ, ਮਨੋਂ, ਧਨੋਂ ਸੇਵਾ ਕਰ ਕੇ ਪੂਰਾ ਕਰ ਰਿਹੈ। ਛੋਟਾ ਜਿਹਾ ਪਰਿਵਾਰ। ਦੋ ਬੇਟੇ, ਨਵਜੋਤ ਸਿੰਘ ਅਤੇ ਮਨਜੋਤ ਸਿੰਘ ਅਤੇ ਜੀਵਨ ਸਾਥਣ ਨਾਲ ਪੂਰਾ ਖ਼ੁਸ਼ ਹੈ। ਜ਼ਿੰਦਗੀ ਦੀ ਕੋਈ ਖਾਹਿਸ਼ ਨਹੀਂ । ਬੱਸ, ਪਰਮਾਤਮਾ ਤੋਂ ਹਮੇਸ਼ਾਂ ਸਮੁੱਚੀ ਲੋਕਾਈ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਲਈ ਪਰਮਾਤਮਾ ਅੱਗੇ ਹਮੇਸ਼ਾਂ ਅਰਦਾਸ ਕਰਦਾ ਹੈ। ਸਮੂਹ ਮਾਪਿਆਂ ਨੂੰ ਸੁਨੇਹਾ ਹੈ ਕਿ ਨਸ਼ਿਆਂ ਤੋਂ ਦੂਰ ਕਰਨ ਲਈ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜੋ। ਸਿਹਤਮੰਦ ਬੱਚੇ ਹੀ ਵਧੀਆ ਤੇ ਖ਼ੁਸ਼ਹਾਲ ਸਮਾਜ ਸਿਰਜ ਸਕਦੇ ਹਨ ਅਤੇ ਵਧੀਆ ਖਿਡਾਰੀ ਬਣ ਕੇ ਆਪਣੇ ਮਾਤਾ-ਪਿਤਾ ਅਤੇ ਦੇਸ਼-ਕੌਮ ਦਾ ਨਾਂ ਉਚਾ ਕਰ ਸਕਦੇ ਹਨ।

*16 ਦਸੰਬਰ 2013*



Academy of the Punjab in North America: http://www.apnaorg.com

# ਪੁਸਤਕ ਸਭਿਆਚਾਰ ਵੀ ਚੋਣ ਮੁੱਦਾ ਬਣੇ

ਪੁਸਤਕਾਂ ਗਿਆਨ ਦਾ ਸੋਮਾ ਹਨ। ਅੱਜ-ਕਲ੍ਹ ਹਰ ਵਿਸ਼ੇ 'ਤੇ ਪੁਸਤਕਾਂ ਮਿਲਦੀਆਂ ਹਨ। ਹੁਣ ਤਾਂ ਇੰਟਰਨੈੱਟ ਨੇ ਵਿਸ਼ਵ ਵਿਚ ਕਿਤੇ ਵੀ ਬੈਠੇ ਮਨੁੱਖ ਨੂੰ ਘਰ ਬੈਠੇ ਪੁਸਤਕਾਂ ਪੜ੍ਹਨ ਅਤੇ ਖਰੀਦਣ ਦੀ ਸਹੂਲਤ ਦੇ ਦਿੱਤੀ ਹੈ। ਬਹੁਤ ਸਾਰੀਆਂ ਪੁਸਤਕਾਂ ਇੰਟਰਨੈੱਟ 'ਤੇ ਹਨ ਤੇ ਜਿਹੜੀਆਂ ਨਹੀਂ, ਉਹ ਹੁਣ ਸੌਖਿਆਂ ਹੀ ਮੰਗਵਾਈਆਂ ਜਾ ਸਕਦੀਆਂ ਹਨ। ਜੇ ਪੰਜਾਬ ਵਿਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਹੋ ਜਾਵੇ ਤਾਂ ਇਸ ਨਾਲ ਪੰਜਾਬੀ ਹੋਰ ਸੂਝਵਾਨ ਹੋ ਸਕਦੇ ਹਨ। ਨਸ਼ਿਆਂ ਅਤੇ ਹੋਰ ਸਮਾਜਿਕ ਬੁਰਿਆਈਆਂ ਤੋਂ ਨਿਜਾਤ ਮਿਲ ਸਕਦੀ ਹੈ। ਉਨ੍ਹਾਂ ਦੀ ਸਿਹਤ ਚੰਗੀ ਹੋ ਸਕਦੀ ਹੈ। ਚੰਗੇ ਇਨਸਾਨ ਦੀ ਘਾੜਤ ਚੰਗੀਆਂ ਪੁਸਤਕਾਂ ਨਾਲ ਹੀ ਹੋ ਸਕਦੀ ਹੈ। ਬੰਗਾਲੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਪੁਸਤਕਾਂ ਅਤੇ ਅਖ਼ਬਾਰਾਂ ਪੜ੍ਹਨ ਦੇ ਬਹੁਤ ਸ਼ੌਕੀਨ ਹਨ ਤੇ ਇਹੋ ਕਾਰਨ ਹੈ ਕਿ ਉਹ ਭਾਰਤੀਆਂ ਵਿਚੋਂ ਸਭ ਤੋਂ ਜ਼ਿਆਦਾ ਸੂਝਵਾਨ ਹਨ।

ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦੁਨੀਆਂ ਦੇ ਬੁਧੀਜੀਵੀਆਂ ਨੇ ਜਨਤਕ ਲਾਇਬਰੇਰੀਆਂ ਦੀ ਸ਼ੁਰੂਆਤ ਕੀਤੀ। ਇੰਗਲੈਂਡ ਵਿਚ 1608 ਈ. ਵਿਚ ਨਾਰਵਿਚ ਲਾਇਬਰੇਰੀ ਅਤੇ ਅਮਰੀਕਾ ਵਿਚ 1636 ਈ. ਵਿਚ ਬੋਸਟਨ ਵਿਚ ਜਨਤਕ ਲਾਇਬਰੇਰੀ ਸਥਾਪਤ ਕੀਤੀ ਗਈ। ਵੱਡੀ ਪੱਧਰ 'ਤੇ ਜਨਤਕ ਲਾਇਬਰੇਰੀਆਂ ਸਥਾਪਤ ਕਰਨ ਦੀ ਲਹਿਰ ਇੰਗਲੈਂਡ ਵਿਚ ਉਨਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਈ ਜਦ ਯੂਰਪ ਵਿਚ ਇਨਕਲਾਬ ਆਇਆ। ਅਮਰੀਕਾ ਵਿਚ ਐਂਡਰੀਊ ਕਾਰਨਰੇਗੀ ਫਾਊਂਡੇਸ਼ਨ ਨੇ ਜਨਤਕ ਲਾਇਬਰੇਰੀਆਂ ਕਾਇਮ ਕਰਨ ਲਈ ਵੱਡਾ ਯੋਗਦਾਨ ਪਾਇਆ । ਇਸ ਸੰਸਥਾ ਨੇ 1900 ਤੋਂ 1917 ਤੀਕ 1700 ਦੇ ਕਰੀਬ ਜਨਤਕ ਲਾਇਬਰੇਰੀਆਂ ਕਾਇਮ ਕੀਤੀਆਂ।

ਇਸ ਲੇਖਕ ਨੂੰ ਅਮਰੀਕਾ, ਕੈਨੇਡਾ ਵਿਚ ਜਨਤਕ ਲਾਇਬਰੇਰੀਆਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਵਿਚ ਕਿਤਾਬਾਂ, ਅਖ਼ਬਾਰਾਂ ਤੋਂ ਇਲਾਵਾ ਇੰਟਰਨੈੱਟ, ਕਮਪਿਊਟਰ, ਸੀ.ਡੀ., ਡੀ.ਵੀ.ਡੀ. ਆਦਿ ਦੀ ਸੁਵਿਧਾ ਹੈ। ਦੇਸ਼ ਵਿਚ ਕਿਤੇ ਵੀ ਕੋਈ ਕਿਤਾਬ ਹੋਵੇ, ਲਾਇਬਰੇਰੀ ਵਾਲੇ ਤੁਹਾਨੂੰ ਮੰਗਵਾ ਕੇ ਦੇਣਗੇ। ਬੱਚਿਆਂ, ਬਾਲਗਾਂ ਲਈ ਵਖਰੇ ਵਖਰੇ ਸੈਕਸ਼ਨ ਹਨ। ਲਾਇਬਰੇਰੀਆਂ ਵਿਚ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਹਨ, ਜਿਵੇਂ ਦੂਜੀਆਂ ਭਾਸ਼ਾਵਾਂ ਦਾ ਗਿਆਨ ਦੇਣਾ, ਇੰਟਰਨੈੱਟ ਉੱਪਰ ਪਾਠਕਾਂ ਦਾ ਇਕ ਦੂਜੇ ਨਾਲ ਵਿਚਾਰ ਵਟਾਂਦਰਾ ਕਰਾਉਣਾ, ਗਰਮੀ ਦੀਆਂ ਛੁੱਟੀਆਂ ਵਿਚ ਬੱਚਿਆਂ



Academy of the Punjab in North America: http://www.apnaorg.com

ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣੇ। ਇਹ ਸਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਵੀ ਹਨ।

ਹਰ ਸਕੂਲ ਭਾਵੇਂ ਉਹ ਪ੍ਰਾਇਮਰੀ ਹੈ, ਉੱਥੇ ਵੀ ਬਹੁਤ ਵਧੀਆ ਲਾਇਬਰੇਰੀ ਹੈ। ਹਰ ਬੱਚੇ ਨੂੰ ਹਰ ਹਫ਼ਤੇ ਇਕ ਪੁਸਤਕ ਦਿੱਤੀ ਜਾਂਦੀ ਹੈ ਤੇ ਨਾਲ ਹੀ ਉਸ ਪੁਸਤਕ ਨਾਲ ਸੰਬੰਧਤ ਕੁਝ ਸੁਆਲ ਦਿੱਤੇ ਜਾਂਦੇ ਹਨ। ਸਾਡੇ ਸੀਨੀਅਰ, ਸੈਕੰਡਰੀ ਸਕੂਲਾਂ ਵਿਚ ਉਹੋ ਜਿਹੀ ਸੁਵਿਧਾ ਨਹੀਂ ਜੋ ਉੱਥੇ ਪ੍ਰਾਇਮਰੀ ਸਕੂਲਾਂ ਵਿਚ ਹੈ। ਉੱਥੇ ਲਾਇਬਰੇਰੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲਾਇਬਰੇਰੀ ਦੋਸਤ (ਫਰੈਂਡਜ਼ ਆਫ਼ ਲਾਇਬਰੇਰੀ) ਸੰਸਥਾਵਾਂ ਹਨ ਪਰ ਸਾਡੀਆਂ ਲਾਇਬਰੇਰੀਆਂ ਵਿਚ ਅਸੀਂ ਅਜਿਹੀਆਂ ਸੰਸਥਾਵਾਂ ਬਨਾਉਣ ਵਿਚ ਕੋਈ ਰੁਚੀ ਨਹੀਂ ਲੈਂਦੇ।

ਪੰਜਾਬ ਵਿਚ 1884 ਈ. ਵਿਚ ਪੰਜਾਬ ਜਨਤਕ ਲਾਇਬਰੇਰੀ ਲਾਹੌਰ ਸਥਾਪਤ ਕੀਤੀ ਗਈ ਤੇ ਇਹ ਦੇਸ਼ ਵਿਚ ਦੂਜੀ ਸਭ ਤੋਂ ਵੱਡੀ ਲਾਇਬਰੇਰੀ ਸੀ, ਜੋ ਕਿ ਲਾਹੌਰ ਵਿਚ ਅਜੇ ਵੀ ਕੰਮ ਕਰ ਰਹੀ ਹੈ ਤੇ ਇਸ ਉਪਰ ਅਜੇ ਵੀ ਮਾਣ ਕੀਤਾ ਜਾ ਸਕਦਾ ਹੈ। ਸਭ ਤੋਂ ਵਡੀ ਲਾਇਬਰੇਰੀ ਜਿਹੜੀ ਕਾਇਮ ਹੋਈ ਸੀ ਉਹ ਸੀ ਇਮਪੀਰੀਅਲ ਲਾਇਬਰੇਰੀ, ਕੱਲਕਤਾ।

ਜਿੱਥੋਂ ਤੀਕ ਸ਼ਹਿਰਾਂ ਵਿਚ ਜਨਤਕ ਲਾਇਬਰੇਰੀਆਂ ਕਾਇਮ ਕਰਨ ਦਾ ਸੰਬੰਧ ਹੈ, ਪਹਿਲੀ ਮਿਊਂਸਿਪਲ ਲਾਇਬਰੇਰੀ ਲੁਧਿਆਣਾ ਵਿਚ 1878 ਈ. ਵਿਚ ਸਥਾਪਤ ਕੀਤੀ ਗਈ। ਲਾਹੌਰ ਵਿਚ 1884 ਵਿਚ, ਪਟਿਆਲਾ ਵਿਚ 1897, ਅੰਮ੍ਰਿਤਸਰ ਵਿਚ 1900, ਕਪੂਰਥਲਾ ਵਿਚ 1904, ਸੰਗਰੂਰ ਵਿਚ 1912 ਵਿਚ ਮਿਊਂਸਿਪਲ ਲਾਇਬਰੇਰੀ ਕਾਇਮ ਕੀਤੀ ਗਈ।

ਜਿੱਥੋਂ ਤੀਕ ਪਿੰਡਾਂ ਦਾ ਸੰਬੰਧ ਹੈ, 1920-30 ਦੇ ਦਰਮਿਆਨ ਸਿਖਿਆ ਅਤੇ ਸਹਿਕਾਰਤਾ ਵਿਭਾਗ ਨੇ ਮਿਡਲ ਤੇ ਨਾਰਮਲ ਸਕੂਲਾਂ ਵਿਚ 1500 ਦੇ ਕਰੀਬ ਲਾਇਬਰੇਰੀਆਂ ਖੋਲ੍ਹੀਆਂ।

ਵਿਦੇਸ਼ਾਂ ਵਾਂਗ ਪਿੰਡ ਪਿੰਡ ਲਾਇਬਰੇਰੀਆਂ ਖੋਲ੍ਹਣ ਲਈ ਲਾਇਬਰੇਰੀ ਐਕਟ ਬਨਾਉਣ ਲਈ 1920 ਈ. ਵਿਚ ਸੋਚਿਆ ਗਿਆ ਤੇ 1930 ਈ. ਵਿਚ ਇਸ ਦਾ ਖਰੜਾ ਤਿਆਰ ਕੀਤਾ ਗਿਆ। ਇਸ ਖਰੜੇ ਦੇ ਆਧਾਰ 'ਤੇ 12 ਪਬਲਿਕ ਲਾਇਬਰੇਰੀ ਐਕਟ ਪਾਸ ਕੀਤੇ ਗਏ ਤੇ 10 ਰਾਜਾਂ ਨੇ ਐਕਟ ਪਾਸ ਕੀਤੇ। ਸਭ ਤੋਂ ਪਹਿਲਾਂ 1948 ਈ. ਵਿਚ ਤਾਮਿਲਨਾਡੂ ਨੇ ਲਾਇਬਰੇਰੀ ਐਕਟ ਪਾਸ ਕੀਤਾ। ਇਸ ਪਿੱਛੋਂ ਆਂਧਰਾ ਪ੍ਰਦੇਸ਼ ਨੇ 1960 ਵਿਚ, ਕਰਨਾਟਕਾ ਨੇ 1965 ਵਿਚ, ਮਹਾਂਰਾਸ਼ਟਰ ਨੇ 1967, ਪੱਛਮੀ ਬੰਗਾਲ ਨੇ 1979, ਮਨੀਪੁਰ ਨੇ 1988, ਕੇਰਲ ਨੇ 1989, ਹਰਿਆਣਾ ਨੇ 1989, ਮੀਜ਼ੋਰਾਮ ਅਤੇ ਗੋਆ ਨੇ 1993 ਵਿਚ ਇਹ ਐਕਟ ਪਾਸ ਕੀਤੇ।

ਜਿੱਥੋਂ ਤੀਕ ਪੰਜਾਬ ਦਾ ਸੰਬੰਧ ਹੈ, ਪੰਜਾਬ ਸਰਕਾਰ ਨੇ ਅਜੇ ਤੀਕ ਅਜਿਹਾ ਐਕਟ ਪਾਸ ਨਹੀਂ ਕੀਤਾ। ਜੇ ਇਹ ਐਕਟ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਪਬਲਿਕ ਲਾਇਬਰੇਰੀਆਂ ਲਈ ਵੱਖਰਾ ਵਿਭਾਗ ਹੋਵੇਗਾ, ਜਿਵੇਂ ਕਿ ਬਾਕੀ ਵਿਭਾਗ ਹਨ। ਉਸ



Academy of the Punjab in North America: http://www.apnaorg.com

ਦਾ ਆਪਣਾ ਬਜਟ ਹੋਵੇਗਾ। ਹਰ ਪਿੰਡ ਵਿਚ ਲਾਇਬਰੇਰੀ ਹੋਵੇਗੀ, ਜਿੱਥੇ ਪੁਸਤਕਾਂ ਤੋਂ ਇਲਾਵਾ ਅਖ਼ਬਾਰਾਂ, ਰਸਾਲੇ ਆਦਿ ਹੋਣਗੇ, ਜਿਸ ਨਾਲ ਹਰ ਪੰਜਾਬੀ ਵਿਚ ਪੜ੍ਹਨ ਦੀ ਰੁਚੀ ਹੋਵੇਗੀ। ਨਸ਼ੇ ਦੇ ਵਗ ਰਹੇ ਛੇਵੇਂ ਦਰਿਆ ਨੂੰ ਠਲ੍ਹ ਪਵੇਗੀ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਐਕਟ ਕਦੋਂ ਪਾਸ ਹੋਵੇਗਾ ? ਪੰਜਾਬ ਲਾਇਬਰੇਰੀ ਐਕਟ ਬਨਾਉਣ ਲਈ 1962 ਵਿਚ ਸਭ ਤੋਂ ਪਹਿਲਾਂ ਸੈਮੀਨਾਰ ਚੰਡੀਗੜ੍ਹ ਵਿਚ ਹੋਇਆ। 1980 ਵਿਚ ਸਿਖਿਆ ਸਕੱਤਰ ਨੇ ਖਰੜਾ ਤਿਆਰ ਕਰਨ ਲਈ ਮਾਹਿਰਾਂ ਦੀ ਕਮੇਟੀ ਬਣਾਈ। ਜਦ ਸ. ਸੇਵਾ ਸਿੰਘ ਸੇਖਵਾਂ ਸਿਖਿਆ ਮੰਤਰੀ ਸਨ ਤਾਂ ਉਨ੍ਹਾਂ ਨੇ ਮਾਹਿਰਾਂ ਦੀ ਇਕ ਕਮੇਟੀ ਬਣਾਈ ਸੀ। ਇਸ ਸੰਬੰਧੀ 26 ਸਤੰਬਰ 2011 ਨੂੰ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਪੰਜਾਬ ਸਰਕਾਰ ਨੇ ਮਾਹਿਰਾਂ ਦੀ ਜਿਹੜੀ ਕਮੇਟੀ ਬਣਾਈ ਸੀ, ਉਸ ਨੇ ਦੂਜੇ ਸੂਬਿਆਂ ਦਾ ਅਧਿਐਨ ਕਰਕੇ ਇਹ ਰਿਪੋਰਟ ਦਿੱਤੀ ਹੈ ਕਿ ਕੇਰਲਾ ਲਾਇਬਰੇਰੀ ਐਕਟ ਸਭ ਤੋਂ ਵਧੀਆ ਹੈ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ ਇਸ ਬਾਰੇ ਆਰਡੀਨੈਂਸ ਜਾਰੀ ਕਰ ਦਿੱਤਾ ਜਾਵੇਗਾ ਤਾਂ ਜੋ ਪਿੰਡ ਪਿੰਡ ਲਾਇਬਰੇਰੀ ਖੋਲ੍ਹਣ ਲਈ ਰਾਹ ਪੱਧਰਾ ਹੋ ਸਕੇ । ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਐਕਟ ਨਾਲ ਹਰ ਪਿੰਡ, ਕਸਬੇ, ਸ਼ਹਿਰ ਵਿਚ ਲਾਇਬਰੇਰੀ ਸਥਾਪਤ ਹੋਵੇਗੀ, ਜਿਸ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਪੁਸਤਕਾਂ, ਅਖ਼ਬਾਰਾਂ, ਰਸਾਲੇ ਉਪਲਬਧ ਹੋਣਗੇ। ਇਸ ਨਾਲ ਲੇਖਕਾਂ ਦੀਆਂ ਪੁਸਤਕਾਂ ਵੱਡੀ ਗਿਣਤੀ ਵਿਚ ਛਪਣਗੀਆਂ। ਲੇਖਕਾਂ ਤੇ ਪ੍ਰਕਾਸ਼ਕਾਂ ਨੂੰ ਲਾਭ ਹੋਵੇਗਾ।

ਇਹ ਬਿਆਨ ਅਖ਼ਬਾਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ। ਉਨ੍ਹਾਂ ਪਿੱਛੋਂ ਨਵੀਂ ਸਰਕਾਰ ਬਣੀ ਤੇ ਮੌਜੂਦਾ ਭਾਸ਼ਾ ਮੰਤਰੀ ਨੇ ਪਿਛਲੇ ਸਾਲ 27 ਫ਼ਰਵਰੀ 2013 ਨੂੰ ਮੁੜ ਇਕ ਕਮੇਟੀ ਬਨਾਉਣ ਦਾ ਐਲਾਨ ਕਰ ਦਿੱਤਾ। ਜਦ ਇਸ ਲੇਖਕਨੇ ਇਕ ਮੈਂਬਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ।

2 ਅਪ੍ਰੈਲ 2014 ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ 'ਪੰਜਾਬ ਲਾਇਬਰੇਰੀਜ਼ ਐਂਡ ਇਨਫਰਮੇਸ਼ਨ ਸਰਵਿਸਜ਼ ਬਿੱਲ' ਲਾਗੂ ਕਰਵਾਉਣ ਲਈ, ਹਰੀਸ਼ ਮੌਡਗਿਲ ਤੇ ਡਾ. ਜਸਵੰਤ ਸਿੰਘ ਦੀ ਇਕ ਲੋਕ ਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਅਦਾਲਤ ਸਰਕਾਰ ਨੂੰ ਇਸ ਸੰਬੰਧੀ ਹਦਾਇਤਾਂ ਜਾਰੀ ਨਹੀਂ ਕਰ ਸਕਦੀ, ਪਰ ਸਰਕਾਰ ਲੋਕ ਸਭਾ ਚੋਣਾਂ ਪਿੱਛੋਂ ਇਹ ਕਾਨੂੰਨ ਜ਼ਰੂਰ ਲਾਗੂ ਕਰੇਗੀ, ਜੋ ਕਿ ਸਰਕਾਰ ਪਾਸ ਪਿੱਛਲੇ ਕਈ ਸਾਲਾਂ ਤੋਂ ਪਾਸ ਹੋਣ ਲਈ ਪਿਆ ਹੈ। ਇਹ ਬਿੱਲ ਕਦੋਂ ਪਾਸ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ। ਪਰ ਇਸ ਸੰਬੰਧੀ ਸਰਕਾਰ ਦੀ ਉਦਾਸੀਨਤਾ ਜ਼ਰੂਰ ਨਜ਼ਰ ਆਉਂਦੀ ਹੈ। ਇਸ ਨੂੰ ਕਿਸੇ ਵੀ ਪਾਰਟੀ ਨੇ ਚੋਣ ਮੁਦਾ ਨਹੀਂ ਬਣਾਇਆ, ਜਿਸ ਤੋਂ ਪਤਾ ਲਗਦਾ ਹੈ ਕਿ ਕੋਈ ਵੀ ਪਾਰਟੀ ਲਾਇਬਰੇਰੀ ਐਕਟ ਪ੍ਰਤੀ ਸੰਜੀਦਾ ਨਹੀਂ।

ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ 7 ਸਾਲਾਂ ਵਿਚ ਇਕ ਵੀ ਕਿਤਾਬ ਨਹੀਂ ਖਰੀਦੀ ਜਦ ਕਿ ਕਰੋੜਾਂ ਰੁਪਏ ਕਬੱਡੀ ਮੈਚਾਂ ਵਿਚ ਗਾਉਣ ਵਾਲਿਆਂ ਨੂੰ ਦੇ ਦਿੱਤੇ ਹਨ। ਰਾਜਾ ਰਾਮ ਮੋਹਨ ਰਾਇ ਫਾਊਂਡੇਸ਼ਨ ਵੱਲੋਂ ਪੰਜਾਬ ਦੀਆਂ ਮੌਜੂਦਾ ਲਾਇਬਰੇਰੀਆਂ ਨੂੰ ਮੁਫ਼ਤ ਵਿਚ ਕਿਤਾਬਾਂ ਦੇਣ ਲਈ ਜੋ 60 ਪ੍ਰਤੀਸ਼ਤ ਗਰਾਂਟ ਆਉਂਦੀ



Academy of the Punjab in North America: http://www.apnaorg.com

ਹੈ, ਉਸ ਵਿਚ 40 ਪ੍ਰਤੀਸ਼ਤ ਰਕਮ ਪੰਜਾਬ ਸਰਕਾਰ ਨੇ ਪਾਉਣੀ ਹੁੰਦੀ ਹੈ, ਜੋ ਕਿ ਨਹੀਂ ਪਾਈ ਜਾ ਰਹੀ ਤੇ ਇਸ ਤਰ੍ਹਾਂ ਇਹ ਗਰਾਂਟ ਅਣਵਰਤੀ ਰਹਿ ਜਾਂਦੀ ਹੈ।

ਸੂਝਵਾਨ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਲੋਕ ਸਭਾ ਵੋਟਾਂ ਮੰਗਣ ਆਉਂਦੇ ਸਿਆਸਤਦਾਨਾਂ ਪਾਸ ਇਸ ਬਾਰੇ ਜ਼ਰੂਰ ਸੁਆਲ ਕਰਨ ਕਿ ਜਦ ਕਿ ਬਾਕੀ ਸੂਬਿਆਂ ਦੀਆਂ ਸਰਕਾਰਾਂ ਲਾਇਬਰੇਰੀ ਐਕਟ ਕਈ ਕਈ ਸਾਲ ਪਹਿਲਾਂ ਪਾਸ ਕਰ ਚੁਕੀਆਂ ਹਨ ਤਾਂ ਪੰਜਾਬ ਸਰਕਾਰ ਨੂੰ ਕੀ ਮੁਸ਼ਕਲ ਹੈ। ਇਸ ਕਾਨੂੰਨ ਦਾ ਖਰੜਾ ਤਾਂ 2011 ਦਾ ਤਿਆਰ ਹੈ, ਬੱਸ ਜਨਤਕ ਦਬਾਅ ਬਨਾਉਣ ਦੀ ਲੋੜ ਹੈ।

*12 ਅਪ੍ਰੈਲ 2014*



Academy of the Punjab in North America: http://www.apnaorg.com

# ਵੇਲਾ ਵਿਹਾਅ ਚੁੱਕੀ ਹੈ ਰਾਜ ਸਭਾ ਪ੍ਰਣਾਲੀ

ਮੋਦੀ ਸਰਕਾਰ ਵੱਲੋਂ ਲੋਕ ਸਭਾ ਪਾਸੋਂ ਦੋ ਬਹੁਤ ਹੀ ਮਹੱਤਵਪੂਰਨ ਬਿੱਲ ਪਾਸ ਕਰਕੇ ਰਾਜ ਸਭਾ ਨੂੰ ਪਾਸ ਕਰਨ ਲਈ ਭੇਜੇ ਗਏ ਹਨ। ਇਕ ਬਿੱਲ ਜੀ.ਐਸ.ਟੀ. ਭਾਵ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ ਬਿਲ) ਹੈ ਤੇ ਦੂਜਾ ਭੂ-ਪ੍ਰਾਪਤੀ ਸੋਧ ਬਿਲ (ਲੈਂਡ ਐਕੁਜ਼ੀਸ਼ਨ ਅਮੈਂਡਮੈਂਟ ਬਿਲ) ਹੈ। ਜਿੰਨੀ ਦੇਰ ਤੀਕ ਰਾਜ ਸਭਾ ਇਨ੍ਹਾਂ ਨੂੰ ਪ੍ਰਵਾਨਗੀ ਨਹੀਂ ਦੇਂਦੀ, ਉਸ ਸਮੇਂ ਤੀਕ ਇਹ ਲਾਗੂ ਨਹੀਂ ਹੋ ਸਕਦੇ। ਕੇਂਦਰੀ ਖ਼ਜਾਨਾ ਮੰਤਰੀ ਅਰੁਣ ਜੇਤਲੀ ਦਾ ਇਸ ਸੰਬੰਧੀ ਕਹਿਣਾ ਹੈ ਕਿ ਲੋਕ ਸਭਾ ਲੋਕਾਂ ਦੀ ਚੁਣੀ ਹੋਈ ਸਭਾ ਹੈ, ਇਸ ਦਾ ਮਹੱਤਵ ਰਾਜ ਸਭਾ ਨਾਲੋਂ ਜ਼ਿਆਦਾ ਹੈ, ਇਸ ਲਈ ਰਾਜ ਸਭਾ ਨੂੰ ਰੋੜੇ ਨਹੀਂ ਅਟਕਾਉਣੇ ਚਾਹੀਦੇ। ਉਨ੍ਹਾਂ ਨੇ ਬਰਤਾਨੀਆਂ ਤੇ ਹੋਰ ਮੁਲਕਾਂ ਦੀ ਉਦਾਹਰਨ ਦਿੱਤੀ ਹੈ ਕਿ ਇਨ੍ਹਾਂ ਮੁਲਕਾਂ ਨੇ ਰਾਜ ਸਭਾ ਦੀਆਂ ਸ਼ਕਤੀਆਂ ਘਟਾ ਦਿੱਤੀਆਂ ਹਨ। ਇਸ ਸੰਬੰਧੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੇ.ਟੀ. ਥਾਮਸ ਦਾ ਕਹਿਣਾ ਹੈ ਕਿ ਹੁਣ ਵਿਚਾਰਨ ਦਾ ਸਮਾਂ ਆ ਗਿਆ ਹੈ ਕਿ ਕੀ ਰਾਜ ਸਭਾ ਦੀ ਲੋੜ ਹੈ।

ਪਾਰਲੀਮੈਂਟ ਦੇ ਦੋ ਸਦਨ ਹਨ, ਲੋਕ ਸਭਾ ਅਤੇ ਰਾਜ ਸਭਾ। ਲੋਕ ਸਭਾ ਦੀ ਚੋਣ ਲੋਕਾਂ ਦੁਆਰਾ ਸਿੱਧੀ ਵੋਟਾਂ ਰਾਹੀਂ ਹੁੰਦੀ ਹੈ ਤੇ ਇਸ ਨੂੰ ਹੇਠਲਾ ਸਦਨ ਕਿਹਾ ਜਾਂਦਾ ਹੈ। ਰਾਜ ਸਭਾ ਜਿਸ ਨੂੰ ਉਪਰਲਾ ਸਦਨ ਕਿਹਾ ਜਾਂਦਾ ਹੈ, ਦੇ ਮੈਂਬਰ ਦੀ ਚੋਣ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਹੁੰਦੀ ਹੈ। ਇਸ ਲਈ ਕੁਝ ਉਘੀਆਂ ਸ਼ਖਸ਼ੀਅਤਾਂ ਜਿਵੇਂ ਲੇਖਕ, ਪੱਤਰਕਾਰ, ਕਲਾਕਾਰ, ਡਾਕਟਰ, ਸਾਬਕਾ ਫ਼ੌਜੀ ਜਰਨੈਲ ਆਦਿ ਸਰਕਾਰ ਦੁਆਰਾ ਨਾਮਜਦ ਕੀਤੇ ਜਾਂਦੇ ਹਨ। ਇਹੋ ਕਾਰਨ ਹੈ ਕਿ ਇਸ ਨੂੰ ਸਿਆਣਿਆਂ ਦਾ ਸਦਨ ਵੀ ਕਿਹਾ ਜਾਂਦਾ ਹੈ। ਲੋਕ ਸਭਾ ਦੇ 545 ਮੈਂਬਰ ਹਨ ਜਦ ਕਿ ਰਾਜ ਸਭਾ ਦੇ 245 ਮੈਂਬਰ ਹਨ। ਆਮ ਤੌਰ 'ਤੇ ਦੋਵਾਂ ਸਦਨਾਂ ਦੀਆਂ ਵੱਖ ਵੱਖ ਮੀਟਿੰਗਾਂ ਹੁੰਦੀਆਂ ਹਨ ਪਰ ਰਾਸ਼ਟਰਪਤੀ ਦੇ ਸੰਬੋਧਨ ਕਰਨ ਸਮੇਂ ਆਮ ਤੌਰ 'ਤੇ ਦੋਵਾਂ ਸਦਨਾਂ ਦੀ ਸਾਂਝੀ ਮੀਟਿੰਗ ਸੱਦ ਲਈ ਜਾਂਦੀ ਹੈ।

ਭਾਰਤ ਨੇ ਇੰਗਲੈਂਡ ਦੀ ਨਕਲ ਕਰਕੇ ਅਜਿਹੀ ਵਿਵਸਥਾ ਕਾਇਮ ਕੀਤੀ ਹੈ। ਪਰ ਹੁਣ ਇੰਗਲੈਂਡ ਵਿਚ ਉਪਰਲਾ ਸਦਨ ਜਿਸ ਨੂੰ ਹਾਊਸ ਆਫ਼ ਲਾਰਡਜ਼ ਕਹਿੰਦੇ ਹਨ ਦੀਆਂ ਸ਼ਕਤੀਆਂ ਘਟਾਈਆਂ ਗਈਆਂ ਹਨ ਤੇ ਹੋਰ ਘਟਾਈਆਂ ਜਾ ਰਹੀਆਂ ਹਨ। 2014 ਵਿਚ ਸੋਧ ਕਰਕੇ ਗ਼ੈਰ-ਹਾਜ਼ਰ ਰਹਿਣ ਵਾਲਿਆਂ ਨੂੰ ਮੈਂਬਰੀ ਦੇ ਅਯੋਗ ਠਹਿਰਾਇਆ ਜਾ ਸਕਦਾ ਹੈ। ਜੇ ਕਿਸੇ ਨੂੰ ਇਕ ਸਾਲ ਜਾਂ ਸਾਲ ਤੋਂ ਵਧ ਸਜ਼ਾ ਹੋ ਜਾਵੇ, ਉਸ ਨੂੰ ਹਟਾਉਣ ਦੀ ਵੀ ਵਿਵਸਥਾ ਕੀਤੀ ਗਈ ਹੈ।



Academy of the Punjab in North America: http://www.apnaorg.com

ਅਮਰੀਕਾ ਵਿਚ ਪਾਰਲੀਮੈਂਟ ਨੂੰ ਕਾਂਗਰਸ ਕਹਿੰਦੇ ਹਨ। ਇਸ ਦੇ ਵੀ ਦੋ ਸਦਨ ਹਨ । ਦੋਵਾਂ ਸਦਨਾਂ ਦੇ ਮੈਂਬਰ ਲੋਕਾਂ ਦੁਆਰਾ ਸਿੱਧੀਆਂ ਵੋਟਾਂ ਦੁਆਰਾ ਚੁਣੇ ਜਾਂਦੇ ਹਨ। ਉੱਥੇ ਉਪਰਲੇ ਸਦਨ ਨੂੰ ਸੈਨੇਟ ਕਹਿੰਦੇ ਹਨ। ਅਮਰੀਕਾ ਵਿਚ 50 ਸੂਬੇ ਹਨ ਤੇ ਹਰ ਸੂਬੇ ਵਿਚੋਂ ਦੋ ਸੈਨੇਟਰ ਲੋਕਾਂ ਵੱਲੋਂ ਵੋਟਾਂ ਪਾ ਕੇ ਚੁੱਕੇ ਜਾਂਦੇ ਹਨ। ਇਸ ਸਮੇਂ ਅਮਰੀਕਾ ਦੇ ਹੇਠਲੇ ਸਦਨ ਵਿਚ 435 ਮੈਂਬਰ ਹਨ ਤੇ ਉਪਰਲੇ ਸਨ 100 ਮੈਂਬਰ ਹਨ। ਹੇਠਲੇ ਸਦਨ ਦੇ ਮੈਂਬਰਾਂ ਦੀ ਗਿਣਤੀ ਆਬਾਦੀ ਨਾਲ ਬਦਲਦੀ ਰਹਿੰਦੀ ਹੈ, ਪਰ ਉਪਰਲੇ ਸਦਨ ਦੀ ਗਿਣਤੀ 100 ਹੀ ਰਹਿੰਦੀ ਹੈ। ਵੈਸੇ ਅਮਰੀਕਾ ਵਿਚ ਸਾਰੇ ਲੋਕ ਪ੍ਰਤੀਨਿਧ ਜਿਵੇਂ ਰਾਸ਼ਟਰਪਤੀ, ਮੁੱਖ-ਮੰਤਰੀ ਆਦਿ ਸਭ ਲੋਕਾਂ ਦੁਆਰਾ ਵੋਟਾਂ ਪਾ ਕੇ ਚੁਣੇ ਜਾਂਦੇ ਹਨ।

ਦੋ ਸਦਨ ਦੀ ਪ੍ਰਥਾ ਇਸ ਕਰਕੇ ਸ਼ੁਰੂ ਕੀਤੀ ਗਈ ਸੀ ਕਿ ਥੱਲੇ ਵਾਲੇ ਸਦਨ ਵਿਚ ਜਿਹੜੇ ਵੀ ਬਿੱਲ ਪਾਸ ਕੀਤੇ ਜਾਣ ਉਨ੍ਹਾਂ 'ਤੇ ਉਪਰਲਾ ਸਦਨ ਵਿਚਾਰ-ਵਟਾਂਦਰਾ ਕਰੇ ਤਾਂ ਜੋ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਿਆ ਜਾਵੇ ਅਤੇ ਹੇਠਲਾ ਸਦਨ ਤਾਨਾਸ਼ਾਹੀ ਵਾਲਾ ਵਤੀਰਾ ਨਾ ਅਪਣਾਵੇ। ਪਰ ਸਮੇਂ ਦੇ ਬੀਤਣ ਨਾਲ ਉਪਰਲੇ ਸਦਨ ਵਿਚ ਵਿਗਾੜ ਆਉਣ ਲੱਗੇ। ਸੂਝਵਾਨ ਵਿਅਕਤੀਆਂ ਦੀ ਥਾਂ 'ਤੇ ਭ੍ਰਿਸ਼ਟ, ਜਰਾਇਮ ਪੇਸ਼ਾ, ਅਮੀਰ ਲੋਕ ਤੇ ਪਾਰਟੀ ਪ੍ਰਧਾਨਾਂ ਦੇ ਚਹੇਤੇ, ਚੋਰ ਮੋਰੀ ਰਾਹੀਂ, ਇਸ ਵਿਚ ਚੁਣੇ ਜਾਣ ਲੱਗੇ ਹਨ। ਇਸ ਸਮੇਂ ਲੋਕ ਸਭਾ ਚੋਣਾਂ ਤੇ ਇੱਥੋਂ ਤੀਕ ਕਿ ਕੌਂਸਲਰ ਦੀ ਚੋਣ ਹਾਰੇ ਵਿਅਕਤੀ ਇਸ ਦੇ ਮੈਂਬਰ ਹਨ। ਇਸ ਲਈ ਕਈਆਂ ਮੁਲਕਾਂ ਨੇ ਉਪਰਲੇ ਸਦਨ ਖ਼ਤਮ ਕਰ ਦਿੱਤੇ।

ਜੇ ਅਸੀਂ ਮੌਜੂਦਾ ਸਰਕਾਰ 'ਤੇ ਨਜ਼ਰ ਮਾਰੀਏ ਤਾਂ ਇਸ ਵਿਚ ਖ਼ਜ਼ਾਨਾ ਮੰਤਰੀ, ਸਿੱਖਿਆ ਮੰਤਰੀ ਆਦਿ ਲੋਕ ਸਭਾ ਦੀਆਂ ਚੋਣਾਂ ਹਾਰਨ ਵਾਲਿਆਂ ਵਿਚੋਂ ਹਨ ਤੇ ਉਹ ਰਾਜ ਸਭਾ ਦੇ ਮੈਂਬਰ ਹੋਣ ਕਰਕੇ ਕੇਂਦਰੀ ਮੰਤਰੀ ਵਿਚ ਸ਼ਾਮਲ ਕੀਤੇ ਗਏ ਹਨ। ਡਾ. ਮਨਮੋਹਨ ਸਿੰਘ ਵੀ ਬਤੌਰ ਰਾਜ ਸਭਾ ਮੈਂਬਰ ਪ੍ਰਧਾਨ ਮੰਤਰੀ ਦੀ ਗਦੀ 'ਤੇ ਬਿਰਾਜਮਾਨ ਰਹੇ। ਇਸ ਦਾ ਵਿਰੋਧ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਵਲੋਂ ਇਹ ਕਹਿ ਕੇ ਕੀਤਾ ਜਾਂਦਾ ਰਿਹਾ ਕਿ ਜਿਹੜਾ ਵਿਅਕਤੀ ਉਸ ਹਾਊਸ ਦਾ ਮੈਂਬਰ ਹੀ ਨਹੀਂ ਉਹ ਉਸ ਸਦਨ ਦੀ ਪ੍ਰਧਾਨਗੀ ਕਿਵੇਂ ਕਰ ਸਕਦਾ ਹੈ। ਹੁਣ ਤੀਕ ਜਿੰਨੇ ਵੀ ਕਾਂਗਰਸੀ ਪ੍ਰਧਾਨ ਮੰਤਰੀ ਬਣੇ, ਉਹ ਸਭ ਲੋਕ ਸਭਾ ਤੋਂ ਆਏ ਸਨ । ਉਹਸਾਰੇ ਲੋਕ ਸਭਾ ਦੇ ਲੀਡਰ ਹੋਣ ਨਾਤੇ ਪ੍ਰਧਾਨ ਮੰਤਰੀ ਬਣਦੇ ਰਹਿ ਸਨ। ਡਾ. ਮਨਮੋਹਨ ਸਿੰਘ ਸਮੇਂ ਪ੍ਰਨਾਬ ਮੁਖਰਜੀ ਲੋਕ ਸਭਾ ਵਿਚ ਪਾਰਟੀ ਲੀਡਰ ਸਨ।

ਰਾਜ ਸਭਾ ਦੀ ਮੈਂਬਰ ਬਣਨ ਲਈ ਕੋਈ ਵਿਧੀ ਵਿਧਾਨ ਨਹੀਂ। ਬੱਸ ਤੁਹਾਡੇ ਪਾਸ ਜਾਂ ਤਾਂ ਪੈਸਾ ਹੋਣਾ ਚਾਹੀਦਾ ਹੈ ਜਾਂ ਕਿਸੇ ਪਾਰਟੀ ਪ੍ਰਧਾਨ ਨਾਲ ਨੇੜਤਾ ਚਾਹੀਦੀ ਹੈ। ਸ੍ਰੀ ਵਿਜੈ ਮਾਲਿਆ ਜੋ ਕਿ ਸ਼ਰਾਬ ਦਾ ਵੱਡਾ ਕਾਰੋਬਾਰੀ ਤੇ ਕਿੰਗ ਫਿਸ਼ਰ ਏਅਰਲਾਇਨ ਦਾ ਮਾਲਕ ਹੈ, ਜਿਸ ਨੇ 7000 ਕਰੋੜ ਬੈਂਕਾਂ ਦਾ ਕਰਜ਼ਾ ਦੇਣਾ ਹੈ, ਉਹ ਵੀ ਰਾਜ ਸਭਾ ਦਾ ਆਜ਼ਾਦ ਮੈਂਬਰ ਹੈ। ਹਥਲਾ ਲੇਖ ਲਿਖਣ ਸਮੇਂ ਅਦਾਲਤ ਨੇ ਉਸ ਵਿਰੁੱਧ ਗ਼ੈਰ ਜਮਾਨਤੀ ਵਾਰੰਟ ਜਾਰੀ ਕੀਤੇ ਹਨ ਤੇ ਉਹ ਇੰਗਲੈਂਡ ਵਿਚ ਮੌਜਾਂ ਮਾਣ ਰਿਹਾ ਹੈ।



Academy of the Punjab in North America: http://www.apnaorg.com

ਐਸੋਸੀਏਸ਼ਨ ਆਫ਼ ਡੈਮੋਕਰੈਟਿਕ ਰੀਫਾਰਮਜ਼ (ਏ.ਡੀ.ਆਰ.) ਅਤੇ ਨੈਸ਼ਨਲ ਇਲੈਕਸ਼ਨ ਵਾਚ ਨੇ ਇਸ ਵਰ੍ਹੇ ਫਰਵਰੀ ਵਿਚ ਹੋਈਆਂ ਰਾਜ ਸਭਾ ਦੀਆਂ ਚੋਣਾਂ ਸਮੇਂ ਜੋ ਜਾਣਕਾਰੀ ਦਿੱਤੀ ਹੈ, ਉਸ ਅਨੁਸਾਰ ਬਿਹਾਰ ਤੋਂ ਸ੍ਰੀ ਰਵਿੰਦਰ ਕਿਸ਼ੋਰ ਸਿਨਹਾ ਦਾ 3000 ਕਰੋੜ ਦਾ ਸਾਲਾਨਾ ਕਾਰੋਬਾਰ ਹੈ ਜਿਸ ਨੇ ਬੀ.ਜੇ.ਪੀ. ਦੇ ਉਮੀਦਵਾਰ ਵਜੋਂ ਕਾਗਜ਼ ਦਾਖਲ ਕੀਤੇ। ਉਸ ਦੀ ਆਪਣੀ 564 ਕਰੋੜ ਰੁਪਏ ਦੀ ਤੇ ਪਤਨੀ ਦੀ 230 ਕਰੋੜ ਰੁਪਏ ਦੀ ਜਾਇਦਾਦ ਹੈ। ਜਨਤਾ ਦਲ (ਯੂਨਾਇਟਿਡ) ਦਾ ਸ੍ਰੀ ਮਹਿੰਦਰ ਪ੍ਰਸਾਦ ਰਾਜ ਸਭਾ ਵਿਚ ਸਭ ਤੋਂ ਅਮੀਰ ਮੈਂਬਰ ਹੈ, ਜਿਸ ਦੀ 683 ਕਰੋੜ ਦੀ ਜਾਇਦਾਦ ਹੈ। ਉਸ ਤੋਂ ਬਾਅਦ ਆਜ਼ਾਦ ਉਮੀਦਵਾਰ ਸ੍ਰੀ ਵਿਜੈ ਮਾਲਿਆ ਹੈ ਜਿਸ ਦੀ ਜਾਇਦਾਦ 615 ਕਰੋੜ ਹੈ। ਸਮਾਜਵਾਦੀ ਪਾਰਟੀ ਮੈਂਬਰ ਜੈ ਬਚਨ ਦਾ ਤੀਜਾ ਸਥਾਨ ਹੈ। ਉਸ ਦੀ ਜਾਇਦਾਦ 493 ਕਰੋੜ ਰੁਪਏ ਹੈ।

ਰਾਜ ਸਭਾ ਵਿਚ ਕਈ ਵਕੀਲ ਮੈਂਬਰ ਹਨ ਜਿਹੜੇ ਮੋਟੀਆਂ ਕਮਾਈਆਂ ਕਰ ਰਹੇ ਹਨ। ਰਾਜਸਥਾਨ ਤੋਂ ਸ੍ਰੀ ਅਭਿਸ਼ੇਖ ਮੰਨੂੰ ਸਿੰਘਵੀ ਰਾਜ ਸਭਾ ਮੈਂਬਰ ਹਨ, ਜਿਨ੍ਹਾਂ ਨੂੰ 50 ਕਰੋੜ ਰੁਪਏ ਸਾਲਾਨਾ ਆਮਦਨ ਹੈ। ਕੇਂਦਰੀ ਖ਼ਜਾਨਾ ਮੰਤਰੀ ਸ੍ਰੀ ਅਰੁਣ ਜੇਤਲੀ ਗੁਜਰਾਤ ਤੋਂ ਮੈਂਬਰ ਹਨ ਨੂੰ 10 ਕਰੋੜ ਰੁਪਏ ਸਾਲਾਨਾ ਆਮਦਨ ਹੈ। ਰਾਜਸਥਾਨ ਤੋਂ ਬੀ.ਜੇ.ਪੀ. ਮੈਂਬਰ ਸ੍ਰੀ ਰਾਮ ਜੇਠਮਲਾਨੀ ਨੂੰ 8 ਕਰੋੜ 41 ਲੱਖ ਦੇ ਕਰੀਬ ਸਾਲਾਨਾ ਆਮਦਨ ਹੈ।

ਜੇ ਅਸੀਂ ਪਿਛੋਕੜ 'ਤੇ ਝਾਤ ਮਾਰੀਏ ਤਾਂ ਭਾਰਤ ਵਿਚ ਰਾਜ ਪੱਧਰ 'ਤੇ ਵੀ ਦੋ ਸਦਨ ਹੁੰਦੇ ਸਨ, ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ। ਹੋਇਆ ਇੰਜ ਕਿ ਵਿਧਾਨ ਪ੍ਰੀਸ਼ਦ ਵੀ ਰਾਜ ਸਭਾ ਵਾਂਗ ਰੋੜੇ ਅਟਕਾਉਣ ਲੱਗੀ ਤਾਂ ਕਈ ਸੂਬਿਆਂ ਨੇ ਇਸ ਉਪਰਲੇ ਸਦਨ ਨੂੰ ਖ਼ਤਮ ਕਰ ਦਿੱਤਾ। ਇਸ ਸਮੇਂ ਪੱਛਮੀ ਬੰਗਾਲ, ਪੰਜਾਬ ਤੇ ਤਾਮਿਲਨਾਡੂ ਵਿਚ ਵਿਧਾਨ ਪ੍ਰੀਸ਼ਦਾਂ ਨਹੀਂ ਹਨ। ਆਂਧਰਾ ਪ੍ਰਦੇਸ਼ ਵਿਚ 1985 ਵਿਚ ਵਿਧਾਨ ਪ੍ਰੀਸ਼ਦ ਖ਼ਤਮ ਕੀਤੀ ਗਈ ਪਰ 2006 ਵਿਚ ਮੁੜ ਬਹਾਲ ਕਰ ਦਿੱਤੀ ਗਈ।

ਵਿਸ਼ਵ ਪੱਧਰ 'ਤੇ ਇਹ ਪ੍ਰਣਾਲੀ ਸੀ ਤੇ ਹੁਣ ਵੀ ਹੈ, ਪਰ ਕਈ ਮੁਲਕਾਂ ਨੇ ਇਸ ਨੂੰ ਖ਼ਤਮ ਕਰ ਦਿੱਤਾ ਹੈ। ਯੂਨਾਨ ਨੇ 1935 ਵਿਚ, ਡੈਨਮਾਰਕ ਨੇ 1953 ਵਿਚ, ਹੰਗਰੀ ਤੇ ਦੱਖਣੀ ਕੋਰੀਆ ਨੇ 1960 ਵਿੱਚ, ਸਵੀਡਨ ਨੇ 1970 ਵਿਚ, ਪੁਰਤਗਾਲ ਨੇ 1976, ਤੁਰਕੀ ਨੇ 1980 ਵਿਚ, ਪੀਰੂ ਨੇ 1992 ਵਿਚ, ਵੈਨਜ਼ੂਏਲਾ ਨੇ 1999 ਈ: ਵਿਚ, ਕ੍ਰੋਸ਼ੀਆ ਨੇ 2001 ਵਿਚ, ਮਿਸਰ ਨੇ 2013 ਵਿਚ ਉਪਰਲੇ ਸਦਨ ਖ਼ਤਮ ਕਰ ਦਿੱਤੇ ਹਨ। ਅਸਟਰੇਲੀਆ ਦੇ ਕੁਈਨਜ਼ਲੈਂਡ ਸੂਬੇ ਨੇ ਉਪਰਲੇ ਸਦਨ ਦੀ ਸ਼ੁਰੂਆਤ 1 ਮਈ 1860 ਈ: ਨੂੰ ਕੀਤੀ। ਇਸ ਵਿਚ ਸਾਰੇ ਮੈਂਬਰ ਨਾਮਜਦ ਸਨ। ਇਸ ਦੇ ਸ਼ੁਰੂਆਤੀ ਮੈਂਬਰ ਇੰਗਲੈਂਡ ਵਿਚ ਜਨਮੇ ਅਮੀਰ ਲੋਕ ਸਨ, ਜੋ ਕਈ ਕਈ ਸਾਲ ਆਉਂਦੇ ਨਹੀਂ ਸਨ। ਇਸ ਲਈ 1921 ਵਿਚ ਸੰਵਿਧਾਨਕ ਸੋਧ ਕਰਕੇ ਇਸ ਨੂੰ 23 ਮਾਰਚ 1922 ਨੂੰ ਖਤਮ ਕਰ ਦਿੱਤਾ ਗਿਆ। ਅਮਰੀਕਾ ਵਿਚ ਇਕ ਸੂਬੇ ਨੂੰ ਛਡ ਕੇ ਬਾਕੀ 49 ਸੂਬਿਆਂ ਵਿਚ ਦੋ ਦੋ ਸਦਨ ਹਨ।

ਭਾਰਤ ਨੂੰ ਵੀ ਅਮਰੀਕਾ ਤੋਂ ਸੇਧ ਲੈਂਦੇ ਹੋਏ, ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ



Academy of the Punjab in North America: http://www.apnaorg.com

ਘਟਾਉਣੀ ਚਾਹੀਦੀ ਹੈ ਤੇ ਇਨ੍ਹਾਂ ਦੇ ਮੈਂਬਰਾਂ ਦੀ ਚੋਣ ਸਿੱਧੀ ਹੋਣੀ ਚਾਹੀਦੀ ਹੈ। ਭਾਰਤ ਦੇ 29 ਸੂਬੇ ਹਨ। ਇਸ ਤਰ੍ਹਾਂ ਜੇ ਹਰ ਸੂਬੇ ਵਿਚੋਂ ਦੋ ਮੈਂਬਰ ਲਈਏ ਤਾਂ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ 245 ਤੋਂ ਘਟ ਕੇ 58 ਹੋ ਜਾਵੇਗੀ।

ਅਮਰੀਕਾ ਵਾਂਗ ਜਦ ਲੋਕ ਸਭਾ ਦੀਆਂ ਚੋਣਾਂ ਹੋਣ ਤਾਂ ਨਾਲ ਹੀ ਰਾਜ ਸਭਾ ਦੀਆਂ ਚੋਣਾਂ ਕਰਾਈਆਂ ਜਾਣ ਤੇ ਹਰ ਸੂਬੇ ਵਿਚ ਦੋ ਦੋ ਮੈਂਬਰ ਚੁਣੇ ਜਾਣ। ਇਸੇ ਤਰ੍ਹਾਂ ਸੂਬਾਈ ਪੱਧਰ 'ਤੇ ਵਿਧਾਨ ਸਭਾ ਦੇ ਨਾਲ ਵਿਧਾਨ ਪ੍ਰੀਸ਼ਦਾਂ ਦੀਆਂ ਚੋਣਾਂ ਵੀ ਸਿੱਧੀਆਂ ਹੋਣ ਤੇ ਉਨ੍ਹਾਂ ਵਿਚ ਵੀ ਮੈਂਬਰਾਂ ਦੀ ਗਿਣਤੀ ਘਟਾਈ ਜਾਵੇ। ਕਿਉਂਕਿ ਰਾਜ ਸਭਾ ਦੇ ਮੈਂਬਰਾਂ ਨੂੰ ਲੋਕ ਸਭਾ ਦੇ ਮੈਂਬਰਾਂ ਵਾਂਗ ਤਨਖਾਹਾਂ, ਭੱਤੇ, ਟੈਲੀਫੋਨ, ਹਵਾਈ ਸਫ਼ਰ ਤੇ ਪੈਨਸ਼ਨ ਆਦਿ ਸਹੂਲਤਾਂ ਮਿਲਦੀਆਂ ਹਨ, ਇਸ ਲਈ ਗਿਣਤੀ ਘੱਟਣ ਨਾਲ ਖ਼ਜ਼ਾਨੇ ਦਾ ਬੋਝ ਘਟੇਗਾ। ਇਹੋ ਨੀਤੀ ਵਿਧਾਨ ਪ੍ਰੀਸ਼ਦਾਂ ਪ੍ਰਤੀ ਅਪਣਾਈ ਜਾਵੇ। ਚੰਗਾ ਹੋਵੇ ਕਿ ਇਸ ਸੰਬੰਧੀ ਜਨਤਕ ਬਹਿਸ ਕਰਵਾਈ ਜਾਵੇ ਕਿ ਕੀ ਅਜੋਕੇ ਦੌਰ ਵਿਚ ਰਾਜ ਸਭਾ ਤੇ ਵਿਧਾਨ ਪ੍ਰੀਸ਼ਦਾਂ ਦੀ ਲੋੜ ਹੈ। ਜੇ ਕੁਝ ਸੂਬੇ ਵਿਧਾਨ ਪ੍ਰੀਸ਼ਦਾਂ ਬਗ਼ੈਰ ਚਲ ਸਕਦੇ ਹਨ਼ ਤਾਂ ਬਾਕੀ ਸੂਬਾਈ ਸਰਕਾਰਾਂ ਕਿਉਂ ਨਹੀਂ ਚਲ ਸਕਦੀਆਂ? ਇਸ ਤਰ੍ਹਾਂ ਰਾਜ ਸਭਾ ਬਾਰੇ ਵੀ ਜਨਤਕ ਬਹਿਸ ਕਰਵਾਈ ਜਾਵੇ ਕਿ ਜੇ ਕਈ ਮੁਲਕ ਬਗ਼ੈਰ ਉਪਰਲੇ ਸਦਨ ਦੇ ਚਲ ਸਕਦੇ ਹਨ ਤਾਂ ਕੀ ਭਾਰਤ ਸਰਕਾਰ ਬਿਨਾਂ ਰਾਜ ਸਭਾ ਦੇ ਨਹੀਂ ਚਲ ਸਕਦੀ।

*22 ਅਪ੍ਰੈਲ 2016*



Academy of the Punjab in North America: http://www.apnaorg.com

# ਏਅਰ ਇੰਡੀਆ ਨੇ ਰੱਖੀ ਹੈ ਵਿਲੜਾਂ ਦੀ ਫ਼ੌਜ

ਇਕ ਸਮਾਂ ਸੀ ਜਦ ਏਅਰ ਇੰਡੀਆ ਰਾਜਾ ਦੇ ਨਾਂ ਨਾਲ ਦੁਨੀਆਂ ਭਰ ਵਿਚ ਮਸ਼ਹੂਰ ਸੀ ਤੇ ਭਾਰਤੀ ਇਸ 'ਤੇ ਮਾਣ ਕਰਦੇ ਸਨ। ਇਹ ਲਾਭ ਕਮਾਉਂਦੀ ਸੀ। ਪਰ 2007 ਵਿਚ ਉਸ ਸਮੇਂ ਦੇ ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਨੇ ਬਿਨਾਂ ਲੋੜ ਤੋਂ ਜਹਾਜ਼ਾਂ ਦੇ ਆਰਡਰ ਦੇ ਦਿੱਤੇ। ਏਅਰ ਇੰਡੀਆ ਤੇ ਇੰਡੀਅਨ ਏਅਰ ਲਾਇਨਜ਼ ਨੂੰ ਇਕ ਕਰਕੇ ਇਕ ਏਅਰ ਲਾਇਨ ਨੈਸ਼ਨਲ ਏਵੀਏਸ਼ਨ ਕੰਪਨੀ ਆਫ਼ ਇੰਡੀਆ ਲਿਮਟਿਡ (ਐਨ.ਏ.ਸੀ.ਆਈ.ਐਨ.) ਬਣਾ ਦਿੱਤੀ ਤੇ ਇੰਡੀਅਨ ਏਅਰ ਲਾਇਨਜ਼ ਦੇ ਲਾਭ ਕਮਾਉਂਦੇ ਰੂਟ ਕਿੰਗ ਫਿਸ਼ਰ ਨੂੰ ਦੇ ਦਿੱਤੇ। ਸਿੱਟੇ ਵਜੋਂ ਇਹ ਕੋਈ 40 ਹਜ਼ਾਰ ਕਰੋੜ ਵਿਚ ਕਰਜ਼ਾਈ ਹੋ ਗਈ। ਇਸ ਸਮੇਂ ਇਸ ਦੀਆਂ ਸਾਰੀਆਂ ਅੰਤਰਰਾਸ਼ਟਰੀ ਉਡਾਣਾਂ ਘਾਟੇ ਵਿਚ ਹਨ ਜਦ ਕਿ ਜੈਟ ਏਅਰਵੇਜ਼ ਦੀਆਂ ਅੰਤਰਰਾਸ਼ਟਰੀ ਉਡਾਣਾਂ ਲਾਭ ਕਮਾ ਰਹੀਆਂ ਹਨ। ਇਹ ਉਸੇ ਤਰ੍ਹਾਂ ਹੈ ਜਿਵੇਂ ਪੰਜਾਬ ਵਿਚ ਪੰਜਾਬ ਰੋਡਵੇਜ਼ ਅਤੇ ਪੈਪਸੂ ਕਾਰਪੋਰੇਸ਼ਨ ਘਾਟੇ ਵਿਚ ਚਲ ਰਹੀਆਂ ਹਨ ਜਦ ਕਿ ਸਿਆਸਤਦਾਨਾਂ ਦੀਆਂ ਆਪਣੀਆਂ ਬੱਸਾਂ ਲਾਭ ਕਮਾ ਰਹੀਆਂ ਹਨ।

ਸਰਕਾਰੀ ਅਦਾਰਾ ਹੋਣ ਕਰਕੇ ਇਸ ਦੇ ਪ੍ਰਬੰਧਕਾਂ ਨੇ ਬੀਤੇ ਤੋਂ ਕੋਈ ਸਬਕ ਨਹੀਂ ਸਿੱਖਿਆ। ਇਸ ਦੇ ਕਰਮਚਾਰੀ ਅਜਿਹੇ ਸ਼ਹਿਰਾਂ ਵਿਚ ਵੀ ਮੌਜਾਂ ਮਾਣ ਰਹੇ ਹਨ, ਜਿੱਥੇ ਕਿ ਇਸ ਦੀ ਕੋਈ ਉਡਾਣ ਨਹੀਂ ਜਾਂਦੀ। ਇਸ ਦੀ ਪੋਲ ਇੰਗਲੈਂਡ ਦੀ ਪ੍ਰਸਿੱਧ 'ਡੇਲੀ ਮੇਲ' ਅਖ਼ਬਾਰ ਨੇ 31 ਮਈ 2014 ਦੇ ਅੰਕ ਵਿਚ ਖੋਲ੍ਹੀ ਹੈ।

ਇਸ ਪਰਚੇ ਅਨੁਸਾਰ ਏਅਰ ਇੰਡੀਆ ਦੀ 2012-13 ਆਮਦਨ ਖ਼ਰਚੇ ਦੀ ਸੂਚੀ (ਬੈਲੰਸ ਸ਼ੀਟ) ਅਨੁਸਾਰ ਇਹ ਅਦਾਰਾ 44000 ਕਰੋੜ ਰੁਪਏ ਦਾ ਕਰਜ਼ਾਈ ਹੈ। 1 ਅਪ੍ਰੈਲ 2007 ਤੋਂ 31 ਮਾਰਚ 2013 ਤੀਕ ਇਸ ਦਾ ਘਾਟਾ 33200 ਕਰੋੜ ਰੁਪਏ ਸੀ। 2012-13 ਸਾਲ ਵਿਚ ਇਸ ਦਾ ਘਾਟਾ 5200 ਕਰੋੜ ਰੁਪਏ ਸੀ। ਏਨਾ ਘਾਟਾ ਹੋਣ ਦੇ ਬਾਵਜੂਦ ਵੀ ਏਅਰ ਇੰਡੀਆ ਨੇ ਵਿਦੇਸ਼ਾਂ ਵਿਚ ਉਨ੍ਹਾਂ ਸ਼ਹਿਰਾਂ ਵਿਚ ਸਟਾਫ਼ ਰੱਖਿਆ ਹੋਇਆ ਹੈ, ਜਿੱਥੇ ਇਸ ਦੀ ਕੋਈ ਵੀ ਉਡਾਣ ਨਹੀਂ ਜਾਂਦੀ। ਵਿਦੇਸ਼ਾਂ ਵਿਚ ਸਟਾਫ਼ ਨੂੰ ਮਹਿੰਗੀਆਂ ਕੋਠੀਆਂ ਤੋਂ ਇਲਾਵਾ ਵੱਧ ਤਨਖਾਹਾਂ, ਵਿਸ਼ੇਸ਼ ਭੱਤੇ, ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਤੇ ਹੋਰ ਸਹੂਲਤਾਂ ਦੇਣੀਆਂ ਪੈਂਦੀਆਂ ਹਨ। ਇਸ ਰਿਪੋਰਟ ਅਨੁਸਾਰ ਏਅਰ ਇੰਡੀਆ ਦੇ 53 ਵਿਦੇਸ਼ੀ ਸਟੇਸ਼ਨ ਹਨ ਜਿਨ੍ਹਾਂ ਵਿਚੋਂ 24 ਆਫ਼ ਲਾਈਨ ਭਾਵ ਜਿੱਥੇ ਕੋਈ ਉਡਾਣ ਨਹੀਂ ਹੈ, ਹਨ।



Academy of the Punjab in North America: http://www.apnaorg.com

ਉਹ ਸਿਰਫ਼ ਕਾਗਜ਼ਾਂ ਵਿਚ ਹੀ ਹਨ, ਜਿਨ੍ਹਾਂ ਨੂੰ ਭੂਤ ਸਟੇਸ਼ਨ ਕਿਹਾ ਜਾ ਸਕਦਾ ਹੈ । ਨਿਊਯਾਰਕ ਵਿਚ 55 ਮੈਨੇਜਰ, ਸ਼ਿਕਾਗੋ ਵਿਚ 13 ਤੇ ਟੋਰਾਂਟੋ (ਕੈਨੇਡਾ) ਵਿਚ 17 ਮੈਨੇਜਰ ਹਨ, ਜਦ ਕਿ ਟੋਰਾਂਟੋ ਤੋਂ ਕੋਈ ਉਡਾਣ ਨਹੀਂ । ਨਿਊਯਾਰਕ ਵਿਚ 1 ਉਡਾਣ ਹੈ । ਨਵਾਰਕ ਏਅਰਪੋਰਟ (ਅਮਰੀਕਾ) 5 ਮੈਨੇਜਰ ਹਨ ਜਦ ਕਿ 1 ਉਡਾਣ ਹੈ । ਲਾਸ ਏਂਨਜਲਜ਼ (ਐਲ ਏ) ਤੋਂ ਕੋਈ ਉਡਾਣ ਨਹੀਂ ਪਰ ਉੱਥੇ 5 ਮੈਨੇਜਰ ਤਾਇਨਾਤ ਹਨ । ਵਾਸ਼ਿੰਗਟਨ 2 ਮੈਨੇਜਰ ਹਨ ਪਰ ਕੋਈ ਉਡਾਣ ਨਹੀਂ । ਫਰੈਂਕਫਰਟ (ਜਰਮਨ) 17 ਮੈਨੇਜਰ ਹਨ ਤੇ ਇਕ ਉਡਾਣ ਹੈ । ਪੈਰਿਸ ਵਿਚ ਵੀ ਇਕ ਉਡਾਣ ਹੈ ਤੇ 12 ਮੈਨੇਜਰ ਹਨ । ਲੰਡਨ ਵਿਚ 6 ਮੈਨੇਜਰ ਹਨ ਤੇ 3 ਉਡਾਣਾਂ ਹਨ।

ਇਸ ਸੰਬੰਧੀ ਏਅਰ ਇੰਡੀਆ ਦੇ ਅਧਿਕਾਰੀਆਂ ਦਾ ਕਹਿਣਾ ਹੈ ਵਿਦੇਸ਼ਾਂ ਵਿਚ ਆਨੰਦ ਮਾਣ ਰਹੇ ਕਈ ਅਧਿਕਾਰੀਆਂ ਨੂੰ ਪੱਦ ਉਨਤ ਕੀਤਾ ਗਿਆ ਹੈ ਤੇ ਉਨ੍ਹਾਂ ਨੂੰ ਵਾਪਸ ਭਾਰਤ ਆਉਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਨਿੱਜੀ ਕਾਰਨ ਦੱਸ ਕੇ ਵਾਪਸ ਆਉਣ ਤੋਂ ਨਾਂਹ ਕਰ ਦਿੱਤੀ । ਜਿਨ੍ਹਾਂ ਥਾਵਾਂ ਤੋਂ ਕੋਈ ਉਡਾਣ ਨਹੀਂ ਚਲਦੀ ਉਸ ਬਾਰੇ ਅਧਿਕਾਰੀ ਦਾ ਕਹਿਣਾ ਹੈ ਕਿ ਮਾਰਕਟਿੰਗ ਭਾਵ ਵਪਾਰਕ ਕੰਮਾਂ ਲਈ ਅਜਿਹਾ ਕੀਤਾ ਗਿਆ ਹੈ ।

ਜੇ ਅਸੀਂ ਅਜੋਕੀ ਸਥਿਤੀ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਸਰਕਾਰ 30 ਹਜ਼ਾਰ ਕਰੋੜ ਰੁਪਏ ਇਸ ਨੂੰ ਦੇ ਚੁੱਕੀ ਹੈ । ਇਸ ਦੇ ਬਾਵਜੂਦ ਦਸੰਬਰ 2015 ਵਿਚ ਇਸ ਦਾ ਕਰਜ਼ਾ 50 ਹਜ਼ਾਰ ਕਰੋੜ ਰੁਪਏ ਸੀ । 15 ਮਾਰਚ 2016 ਨੂੰ ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਮਹੇਸ਼ ਸ਼ਰਮਾ ਨੇ ਪਾਰਲੀਮੈਂਟ ਵਿਚ ਕਿਹਾ ਕਿ ਪਿਛਲੇ ਸਾਲ 636.18 ਕਰੋੜ ਰੁਪਏ ਘਾਟੇ ਦੀ ਥਾਂ 'ਤੇ ਇਸ ਸਾਲ ਪੈਟਰੋਲ ਸਸਤਾ ਹੋਣ ਕਰਕੇ ਏਅਰ ਇੰਡੀਆ ਨੇ 8 ਕਰੋੜ ਰੁਪਏ ਲਾਭ ਕਮਾਇਆ ਹੈ ।

ਏਅਰ ਇੰਡੀਆ ਨੂੰ ਘਾਟੇ ਵਿਚੋਂ ਕੱਢਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ । ਏਅਰ ਇੰਡੀਆ ਦੀਆਂ ਪਹਿਲਾ ਦਰਜਾ ਸੀਟਾਂ ਖਾਲੀ ਰਹਿੰਦੀਆਂ ਹਨ ਤੇ ਫ਼ੈਸਲਾ ਹੋਇਆ ਸੀ ਕਿ ਇਹ ਸੀਟਾਂ ਖ਼ਤਮ ਕਰ ਦਿੱਤੀਆਂ ਜਾਣਗੀਆਂ । ਸ਼ਾਇਦ ਅਫ਼ਸਰਾਂ ਤੇ ਮੰਤਰੀਆਂ ਦੇ ਹਿੱਤਾਂ ਨੂੰ ਮੁੱਖ ਰੱਖਕੇ ਅਜਿਹਾ ਨਹੀਂ ਕੀਤਾ ਜਾ ਰਿਹਾ ।

ਜਦ 2012 ਵਿਚ ਹੜਤਾਲ ਹੋਈ ਸੀ ਤਾਂ ਉਸ ਸਮੇਂ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਅਜੀਤ ਸਿੰਘ ਨੇ ਕਿਹਾ ਸੀ ਕਿ ਸਰਕਾਰ ਦਾ ਕੰਮ ਵਪਾਰਕ ਅਦਾਰੇ ਚਲਾਉਣਾ ਨਹੀਂ । ਪਰ ਵੇਖਣ ਵਾਲੀ ਗੱਲ ਹੈ ਕਿ ਜੇ ਪ੍ਰਾਈਵੇਟ ਅਦਾਰੇ ਲਾਭ ਕਮਾ ਸਕਦੇ ਹਨ ਤਾਂ ਸਰਕਾਰੀ ਕਿਉਂ ਨਹੀਂ । ਅਸੀਂ ਦੋ ਸ਼ਹਿਰੀ ਹਵਾਬਾਜ਼ੀ ਮੰਤਰੀ ਰੱਖੇ ਹੋਏ ਹਨ, ਇਨ੍ਹਾਂ ਨੂੰ ਜੁਆਬਦੇਹ ਕਿਉਂ ਨਹੀਂ ਬਣਾਇਆ ਜਾਂਦਾ ।

ਦੇਸ਼ ਦੀਆਂ ਸਭ ਤੋਂ ਵੱਡੀਆਂ ਹਵਾਈ ਕੰਪਨੀਆਂ ਸਪਾਇਸਜੈੱਟ, ਇੰਡੀਗੋ ਤੇ ਜੈੱਟ ਏਅਰਵੇਜ਼ ਲਗਾਤਾਰ ਆਪਣੇ ਲਾਭ ਵਿਚ ਵਾਧਾ ਕਰ ਰਹੀਆਂ ਹਨ । ਇਨ੍ਹਾਂ ਤਿੰਨਾਂ ਨੇ ਦੇਸ਼ ਵਿਚਲੀ ਸ਼ਹਿਰੀ ਹਵਾਬਾਜ਼ੀ ਮਾਰਕੀਟ 'ਤੇ 70% ਤੋਂ ਵੱਧ ਦਾ ਕਬਜ਼ਾ ਕਰ ਲਿਆ ਹੈ । ਇਸ ਦੇ ਟਾਕਰੇ 'ਤੇ ਏਅਰ ਇੰਡੀਆ ਦਾ ਹਿੱਸਾ (ਸ਼ੇਅਰ) 2007 ਵਿਚ 35% ਸੀ ਜੋ ਕਿ ਜਨਵਰੀ 2016 ਵਿਚ ਸੁੰਗੜ ਕੇ 16% ਰਹਿ ਗਿਆ । ਹੁਣ ਜਦ



Academy of the Punjab in North America: http://www.apnaorg.com

ਭਾਰਤ ਸਰਕਾਰ ਅੰਦਰੂਨੀ ਤੇ ਵਿਦੇਸ਼ੀ ਹਵਾਈ ਕੰਪਨੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਤਾਂ ਇਸ ਦੀ ਹਾਲਤ ਹੋਰ ਵੀ ਖ਼ਰਾਬ ਹੋਣ ਦੀ ਸੰਭਾਵਨਾ ਹੈ ।

2007 ਵਿਚ ਜਦ ਦੋਵਾਂ ਹਵਾਈ ਕੰਪਨੀਆਂ ਨੂੰ ਇਕ ਦੂਜੇ ਵਿਚ ਰਲਾਇਆ ਗਿਆ ਤਾਂ ਉਸ ਸਮੇਂ ਇਸ ਦੇ 30 ਹਜ਼ਾਰ ਤੋਂ ਵੱਧ ਕਰਮਚਾਰੀ ਸਨ ਤੇ ਇਹ ਦਰ ਇਕ ਜਹਾਜ਼ ਪਿੱਛੇ 256 ਸੀ ਜੋ ਕਿ ਵਿਸ਼ਵ ਪੱਧਰੀ ਦਰ ਨਾਲੋਂ ਦੁਗਣੀ ਸੀ । ਏਅਰ ਇੰਡੀਆ ਆਮਦਨ ਦਾ 20% ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਹੋਰ ਸਹੂਲਤਾਂ 'ਤੇ ਖਰਚ ਕਰਦੀ ਹੈ ਜਦ ਕਿ ਜੈੱਟ ਏਅਰਵੇਜ਼ ਆਮਦਨ ਦਾ 10% ਖ਼ਰਚ ਕਰਦੀ ਹੈ ।

ਜੈੱਟ ਏਅਰਵੇਜ਼ ਨੇ ਵਿਦੇਸ਼ਾਂ ਵਿਚ ਆਪਣਾ ਸਟਾਫ਼ ਨਹੀਂ ਰਖਿਆ, ਉੱਥੋਂ ਦੀਆਂ ਪ੍ਰਾਈਵੇਟ ਕੰਪਨੀਆਂ ਨੂੰ ਕੰਮ ਦਿੱਤਾ ਹੈ । ਇਸ ਲਈ ਲੋੜ ਹੈ ਜੈੱਟ ਏਅਰਵੇਜ਼ ਦੀ ਤਰਜ 'ਤੇ ਜਿੱਥੇ ਉਡਾਣਾਂ ਹਨ, ਉੱਥੇ ਪ੍ਰਾਈਵੇਟ ਕੰਪਨੀਆਂ ਨੂੰ ਸਾਰਾ ਕੰਮ ਸੌਂਪਿਆ ਜਾਵੇ । ਜਿਥੇ ਉਡਾਣਾਂ ਨਹੀਂ ਹਨ, ਉੱਥੋਂ ਫੌਰੀ ਸਟਾਫ਼ ਨੂੰ ਬੁਲਾਇਆ ਜਾਵੇ । ਫ਼ਸਟ ਕਲਾਸ ਤੇ ਬਿਜਨੈਸ ਕਲਾਸ ਦੀਆਂ ਸੀਟਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੀ ਥਾਂ 'ਤੇ ਇਕਾਨੋਮੀ ਕਲਾਸ ਦੀਆਂ ਸੀਟਾਂ ਲਾਈਆਂ ਜਾਣ । ਚੰਗਾ ਹੋਵੇ ਜੇ ਇਹ ਕਿਸੇ ਚੰਗੀ ਏਅਰਲਾਈਨ ਨਾਲ ਸਮਝੌਤਾ ਕਰ ਲਵੇ, ਜਿਵੇਂ ਜੈੱਟ ਏਅਰਵੇਜ਼ ਨੇ ਇਤਹਾਦ ਏਅਰਲਾਇਨ ਨਾਲ ਕੀਤਾ ਹੈ । ਸੁਪਰੀਮ ਕੋਰਟ ਦੀ ਅਗਵਾਈ ਵਿਚ ਇਕ ਵਿਸ਼ੇਸ਼ ਟੀਮ ਬਣਾ ਕੇ ਏਅਰ ਇੰਡੀਆ ਦੇ ਘਾਟੇ ਦਾ ਪਤਾ ਲਾਇਆ ਜਾਵੇ ਤੇ ਇਸ ਦੇ ਸੁਧਾਰ ਲਈ ਉਸਾਰੂ ਯੋਜਨਾ ਤਿਆਰ ਕੀਤੀ ਜਾਵੇ ।

*18 ਜੂਨ 2016*



Academy of the Punjab in North America: http://www.apnaorg.com

# ਕਿਉਂ ਖ਼ੁਦਕੁਸ਼ੀਆਂ ਦੇ ਰਾਹ ਪਏ ਹੋਏ ਨੇ ਪੁਲੀਸ ਮੁਲਾਜ਼ਮ

ਪਿਛਲੇ ਸਾਲ 18 ਸਤੰਬਰ ਨੂੰ ਤਾਮਿਲਨਾਡੂ ਦੀ 27 ਸਾਲ ਦੀ ਡਿਪਟੀ ਸੁਪਰਡੈਂਟ ਪੁਲੀਸ ਵਿਸ਼ਨੂ ਪ੍ਰਿਆ ਵੱਲੋਂ ਆਤਮ ਹੱਤਿਆ ਕਰਨ 'ਤੇ ਉਸ ਨੇ ਭਾਰਤੀ ਪੁਲੀਸ ਦੇ ਮਾੜੇ ਪ੍ਰਬੰਧ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਹੈ । ਇਸ ਦਲਿਤ ਅਫ਼ਸਰ ਵੱਲੋਂ ਲਿਖਿਆ ਇਕ ਨੋਟ ਵੀ ਮਿਲਿਆ ਹੈ, ਜਿਸ ਦੇ ਆਧਾਰ 'ਤੇ ਤਾਮਿਲਨਾਡੂ ਦੀ ਹਾਈਕੋਰਟ ਵੱਲੋਂ ਕੀਤੀ ਜਾ ਰਹੀ ਪੜਤਾਲ 'ਤੇ ਨਜ਼ਰ ਰੱਖੀ ਜਾ ਰਹੀ ਹੈ । ਮੀਡਿਆ ਰਿਪੋਰਟਾਂ ਵਿਚ ਕਿਹਾ ਗਿਆ ਸੀ ਕਿ ਉਸ ਨੂੰ ਇਕ ਦਲਿਤ ਗੋਕਲ ਰਾਜ ਦੇ ਕਤਲ ਦਾ ਮਾਮਲਾ ਸੌਂਪਿਆ ਗਿਆ ਸੀ ਤੇ ਨਿਰਦੋਸ਼ ਲੋਕਾਂ ਨੂੰ ਫੜਨ ਲਈ ਕਥਿਤ ਤੌਰ 'ਤੇ ਦਬਾਅ ਪਾਇਆ ਜਾ ਰਿਹਾ ਸੀ । ਇਸ ਨੌਜੁਆਨ ਅਫ਼ਸਰ ਨੂੰ ਅਜੇ ਨੌਕਰੀ ਵਿਚ ਆਇਆ ਕੇਵਲ 7 ਮਹੀਨੇ ਹੀ ਹੋਏ ਸਨ ਤੇ ਉਹ ਅਜੇ ਕੁਆਰੀ ਹੀ ਸੀ । ਉਸ ਨੇ ਇਸ ਦਬਾਅ ਕਰਕੇ ਪ੍ਰੇਸ਼ਾਨੀ ਵਿਚ ਆ ਕੇ ਕਥਿਤ ਤੌਰ 'ਤੇ ਆਤਮ-ਹੱਤਿਆ ਕਰ ਲਈ । ਸਹੀ ਸਥਿੱਤੀ ਚਲ ਰਹੀ ਪੜਤਾਲ ਦੀ ਰਿਪੋਰਟ ਆਉਣ 'ਤੇ ਪਤਾ ਚਲੇਗੀ ।

ਜੇ ਅਸੀਂ ਪੁਲੀਸ ਕਰਮਚਾਰੀਆਂ ਵਲੋਂ ਕੀਤੀਆਂ ਜਾਂਦੀਆਂ ਆਤਮ ਹੱਤਿਆਵਾਂ ਦਾ ਅਧਿਐਨ ਕਰੀਏ ਤਾਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ । ਕਿੰਨੀ ਮਾੜੀ ਗਲ ਹੈ ਕਿ ਜਿਨ੍ਹਾਂ ਕਰਮਚਾਰੀਆਂ ਨੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨੀ ਹੁੰਦੀ ਹੈ, ਉਹੋ ਹੀ ਆਪਣੀਆਂ ਕੀਮਤੀ ਜਾਨਾਂ ਖ਼ੁਦਕੁਸ਼ੀਆਂ ਕਰਕੇ ਅਜਾਈਂ ਗੁਆ ਰਹੇ ਹਨ, ਪਰ ਭਾਰਤ ਸਰਕਾਰ ਕੁੰਭ ਕਰਨ ਦੀ ਨੀਂਦ ਸੁਤੀ ਪਈ ਹੈ । ਰੋਂਦੇ 'ਤੇ ਵਿਰਲਾਪ ਕਰਦੇ ਪਰਿਵਾਰਾਂ ਦੀਆਂ ਆਏ ਦਿਨ ਰੌਂਗਟੇ ਖੜੇ ਕਰਨ ਵਾਲੀਆਂ ਖ਼ਬਰਾਂ ਮੀਡਿਆ ਵਿਚ ਆਉਂਦੀਆਂ ਰਹਿੰਦੀਆਂ ਹਨ । ਹੈਰਾਨੀ ਵਾਲੀ ਗਲ ਹੈ ਕਿ ਸਬੰਧਿਤ ਮੰਤਰੀਆਂ ਤੇ ਅਫ਼ਸਰਾਂ ਨੂੰ ਤਰਸ ਕਿਉਂ ਨਹੀਂ ਆਉਂਦਾ ।

ਜਿੱਥੋਂ ਤੀਕ ਅੰਕੜਿਆਂ ਦਾ ਸਬੰਧ ਹੈ, ਭਾਰਤ ਸਰਕਾਰ ਦੇ ਅਦਾਰੇ ਨੈਸ਼ਨਲ ਕਰਾਇਮ ਰੀਕਾਰਡ ਬਿਊਰੋ (ਐਨ.ਸੀ.ਆਰ.ਬੀ.) ਅਨੁਸਾਰ ਤਾਮਿਲਨਾਡੂ ਵਿਚ ਹਰ ਸਾਲ ਘੱਟੋ ਘੱਟ 27 ਪੁਲੀਸ ਕਰਮਚਾਰੀ ਆਤਮ ਹੱਤਿਆ ਕਰਦੇ ਹਨ । ਵੈਸੇ ਸਭ ਤੋਂ ਜ਼ਿਆਦਾ ਆਤਮ ਹੱਤਿਆ ਮਹਾਂਰਾਸ਼ਟਰ ਵਿਚ ਹੁੰਦੀਆਂ ਹਨ । 2006 ਤੋਂ 2013 ਤੀਕ 267 ਪੁਲੀਸ ਕਰਮਚਾਰੀਆਂ ਨੇ ਖ਼ੁਦਕੁਸ਼ੀਆਂ ਕਰਕੇ ਆਪਣੀਆਂ ਕੀਮਤੀ ਜਾਨਾਂ ਗੁਆਈਆਂ । 2013 ਵਿਚ ਸਾਰੇ ਭਾਰਤ ਵਿਚ 223 ਪੁਲੀਸ ਕਰਮਚਾਰੀਆਂ ਨੇ ਖ਼ੁਦਕੁਸ਼ੀਆਂ



Academy of the Punjab in North America: http://www.apnaorg.com

ਕੀਤੀਆਂ। ਮਹਾਂਰਾਸ਼ਟਰ ਵਿਚ 40, ਤਾਮਿਲਨਾਡੂ ਵਿਚ 31, ਪੱਛਮੀ ਬੰਗਾਲ ਵਿਚ 29, ਕਰਨਾਟਕਾ ਵਿਚ 15, ਕੇਰਲ ਵਿਚ 15, ਪੰਜਾਬ ਵਿਚ 9, ਬਿਹਾਰ ਵਿਚ 8, ਗੁਜਰਾਤ ਵਿਚ 8, ਹਰਿਆਣਾ ਵਿਚ 8, ਮੱਧ ਪ੍ਰਦੇਸ਼ ਵਿਚ 8, ਝਾਰਖੰਡ ਵਿਚ 7, ਜੰਮੂ ਕਸ਼ਮੀਰ ਵਿਚ 5, ਛਤੀਸਗੜ੍ਹ ਵਿਚ 4, ਮਨੀਪੁਰ, ਮੀਜ਼ੋਰਾਮ ਤੇ ਰਾਜਸਥਾਨ ਵਿਚ 2-2 ਨਾਗਾਲੈਂਡ, ਗੋਆ, ਉੜੀਸਾ ਤੇ ਅੰਡੇਮਾਨ ਨਿਕੋਬਾਰ ਵਿਚ ਇਕ ਇਕ ਪੁਲੀਸ ਕਰਮਚਾਰੀ ਨੇ ਆਤਮ ਹੱਤਿਆ ਕੀਤੀ। ਜਿਨ੍ਹਾਂ ਸੂਬਿਆਂ ਤੇ ਕੇਂਦਰੀ ਪ੍ਰਦੇਸ਼ਾਂ ਵਿਚ ਕਿਸੇ ਪੁਲੀਸ ਕਰਮਚਾਰੀ ਕੇ ਖ਼ੁਦਕੁਸ਼ੀ ਨਹੀਂ ਕੀਤੀ, ਉਨ੍ਹਾਂ ਵਿਚ ਚੰਡੀਗੜ੍ਹ, ਤ੍ਰਿਪੁਰਾ ਤੇ ਉਤਰਾਖੰਡ ਸ਼ਾਮਲ ਹਨ।

ਜੇ ਅੱਗੋਂ ਇਨ੍ਹਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਜਿਹੜੀ ਗੱਲ ਸਾਹਮਣੇ ਆਉਂਦੀ ਹੈ, ਉਨ੍ਹਾਂ ਵਿਚ ਸਭ ਤੋਂ ਵੱਧ ਖ਼ੁਦਕੁਸ਼ੀ ਕਰਨ ਵਾਲੇ 65 ਕਰਮਚਾਰੀਆਂ ਦਾ ਆਯੂ ਗੁਟ 35-45 ਸੀ, ਉਸ ਤੋਂ ਬਾਅਦ 61 ਕਰਮਚਾਰੀ 45-55 ਦੇ ਆਯੂ ਗੁਟ ਦੇ ਸਨ, 51 ਕਰਮਚਾਰੀ 25-35 ਆਯੂ ਗੁਟ ਦੇ ਸਨ। 18-35 ਉਮਰ ਗੁਟ ਦੇ 23, 55 ਸਾਲ ਤੋਂ ਵੱਧ ਵਾਲੇ 22 ਕਰਮਚਾਰੀ ਸਨ।

ਵਿਚਾਰਨ ਵਾਲੀ ਗੱਲ ਹੈ ਕਿ ਕੀ ਮਜਬੂਰੀਆਂ ਹਨ, ਜਿਨ੍ਹਾਂ ਕਰਕੇ ਇਹ ਕਰਮਚਾਰੀ ਆਪਣੀ ਕੀਮਤੀ ਜਾਨ ਅਜਾਈਂ ਗੁਆ ਦਿੰਦੇ ਹਨ। ਸਭ ਤੋਂ ਜ਼ਿਆਦਾ ਜਿਹੜੀ ਗੱਲ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਇਨ੍ਹਾਂ ਦੇ ਕੰਮ ਕਰਨ ਦੇ ਹਾਲਾਤ ਠੀਕ ਨਹੀਂ ਹਨ। ਜਿੰਨੀ ਗਿਣਤੀ ਕਰਮਚਾਰੀਆਂ ਦੀ ਚਾਹੀਦੀ ਹੈ, ਉਹ ਉਸ ਤੋਂ ਕਿਤੇ ਘੱਟ ਹੈ। ਇਸ ਲਈ ਅਕਸਰ ਇਨ੍ਹਾਂ ਨੂੰ ਹਫ਼ਤੇ ਦੇ ਸੱਤ ਦੇ ਸੱਤ ਦਿਨ ਕੰਮ ਕਰਨਾ ਪੈਂਦਾ ਹੈ। ਬਾਕੀ ਕਰਮਚਾਰੀਆਂ ਦੇ ਕੰਮ ਦਾ ਸਮਾਂ ਨਿਸ਼ਚਿਤ ਹੈ ਪਰ ਇਨ੍ਹਾਂ ਦਾ ਕੋਈ ਸਮਾਂ ਨਿਸ਼ਚਿਤ ਨਹੀਂ। ਇੱਥੇ ਹੀ ਬੱਸ ਨਹੀਂ, ਅਫ਼ਸਰਾਂ ਤੇ ਸਿਆਸਦਾਨਾਂ ਵੱਲੋਂ ਝੂਠੇ ਕੇਸ ਬਨਾਉਣ ਲਈ ਦਬਾਅ ਪਾਇਆ ਜਾਂਦਾ ਹੈ। ਕੋਟੇ ਲਾਏ ਜਾਂਦੇ ਹਨ ਕਿ ਹਰੇਕ ਕਮਰਚਾਰੀ ਨੇ ਏਨੇ ਕੇਸ ਦਰਜ ਕਰਨੇ ਹਨ। ਵੱਡੇ ਅਫ਼ਸਰ ਉਨ੍ਹਾਂ ਉਪਰ ਕਈ ਤਰ੍ਹਾਂ ਦੇ ਦਬਾਅ ਪਾਉਂਦੇ ਹਨ। ਅਕਸਰ ਉਨ੍ਹਾਂ ਦੀ ਵੀ ਤਾਂ ਜ਼ਮੀਰ ਹੈ। ਤੁਸੀਂ ਉਨ੍ਹਾਂ ਪਾਸੋਂ ਜੋ ਜੀ ਕਰੇ ਨਹੀਂ ਕਰਵਾ ਸਕਦੇ। ਅਜਿਹੇ ਹਾਲਾਤ ਵਿਚ ਉਹ ਪ੍ਰੇਸ਼ਾਨੀ ਵਿਚ ਰਹਿੰਦੇ ਹਨ ਤੇ ਆਪਣੀ ਕੀਮਤੀ ਜਾਨ ਗੁਆ ਦਿੰਦੇ ਹਨ। ਮੁੰਬਈ ਤੇ ਹੋਰ ਵੱਡੇ ਵੱਡੇ ਸ਼ਹਿਰਾਂ ਵਿਚ ਤਨਖਾਹਾਂ ਘੱਟ ਹੋਣ ਕਰਕੇ ਉਹ ਸਲਮ (ਗੰਦੀਆਂ ਬਸਤੀਆਂ) ਵਿਚ ਰਹਿਣ ਲਈ ਮਜਬੂਰ ਹਨ। ਇਸ ਤਰ੍ਹਾਂ ਦੀਆਂ ਕਈ ਮੁਸ਼ਕਲਾਂ ਨਾਲ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ।

ਅਫ਼ਸੋਸ ਦੀ ਗੱਲ ਹੈ ਕਿ ਸਿਆਸਤਦਾਨ ਆਪਣੀ ਭਲਾਈ ਲਈ ਤਾਂ ਸੋਚਦੇ ਹਨ ਪਰ ਇਨ੍ਹਾਂ ਕਰਮਚਾਰੀਆਂ ਬਾਰੇ ਇਨ੍ਹਾਂ ਨੇ ਅੱਖਾਂ ਮੀਟੀਆਂ ਹੋਈਆਂ ਹਨ। ਸਭ ਤੋਂ ਜ਼ਰੂਰੀ ਹੈ ਕਿ ਸਿਆਸੀ ਦਖ਼ਲ ਅੰਦਾਜ਼ੀ ਰੋਕਣ ਲਈ ਕਾਨੂੰਨ ਬਣਾਇਆ ਜਾਵੇ। ਗ਼ੈਰ-ਕਾਨੂੰਨੀ ਦਖ਼ਲ ਅੰਦਾਜ਼ੀ ਭਾਵੇਂ ਸਿਆਸਤਦਾਨਾਂ ਵੱਲੋਂ ਹੋਵੇ ਤੇ ਭਾਵੇਂ ਅਫ਼ਸਰਾਂ ਵੱਲੋਂ ਬਿਲਕੁਲ ਨਹੀਂ ਹੋਣੀ ਚਾਹੀਦੀ। ਇਸ ਸਮੇਂ ਪੁਲੀਸ ਅਫ਼ਸਰਾਂ ਡੀ.ਐਸ.ਪੀ. ਤੋਂ ਲੈ ਕੇ ਡੀ.ਜੀ.ਪੀ. ਦਾ ਡਾਕਟਰੀ ਮੁਆਇਨਾ (ਮੈਡੀਕਲ ਚੈੱਕ ਅਪ) ਹੁੰਦਾ ਹੈ ਪਰ ਬਾਕੀ



Academy of the Punjab in North America: http://www.apnaorg.com

ਕਰਮਚਾਰੀਆਂ ਦਾ ਨਹੀਂ । ਡਾਕਟਰੀ ਮੁਆਇਨਾ ਸਭ ਦਾ ਹੋਣਾ ਚਾਹੀਦਾ ਹੈ । ਸਮੇਂ ਸਮੇਂ 'ਤੇ ਉਨ੍ਹਾਂ ਦੀ ਕੌਂਸਲਿੰਗ ਕੀਤੀ ਜਾਵੇ ਤਾਂ ਜੁ ਉਨ੍ਹਾਂ ਦੀ ਪ੍ਰੇਸ਼ਾਨੀ ਬਾਰੇ ਜਾਣਕਾਰੀ ਮਿਲ ਸਕੇ । ਵਿਸ਼ੇਸ਼ ਮਨੋ ਵਿਗਿਆਨਕ ਡਾਕਟਰਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਬਾਕੀ ਕਰਮਚਾਰੀਆਂ ਵਾਂਗ ਉਨ੍ਹਾਂ ਦੇ ਕੰਮ ਦਾ ਸਮਾਂ ਨਿਸ਼ਚਿਤ ਹੋਵੇ । ਚੰਗਾ ਹੋਵੇ ਜੇ ਉਨ੍ਹਾਂ ਦੀਆਂ ਕੰਮ ਕਰਨ ਦੀਆਂ ਸਿਫ਼ਟਾਂ ਹੋਣ । ਸਮਾਜ ਵਿਚ ਉਨ੍ਹਾਂ ਦਾ ਅਕਸ ਚੰਗਾ ਬਨਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ । ਇਨ੍ਹਾਂ ਪ੍ਰਤੀ ਇਸ ਸਮੇਂ ਸਮਾਜ ਵਿਚ ਚੰਗਾ ਅਕਸ ਨਹੀਂ । ਪੁਲੀਸ ਲੋਕਾਂ ਨੂੰ ਇਸ ਸਮੇਂ ਇਸ ਤਰ੍ਹਾਂ ਕੁਟਦੀ ਹੈ, ਜਿਵੇਂ ਲੋਕ ਉਨ੍ਹਾਂ ਦੇ ਦੁਸ਼ਮਣ ਹੋਣ। ਉਨ੍ਹਾਂ ਦੀ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੈ । ਜਿਵੇਂ ਵਿਦੇਸ਼ਾਂ ਵਿਚ ਪੁਲੀਸ ਕਰਮਚਾਰੀ ਨੂੰ ਸਭ ਤੋਂ ਨੇੜਲਾ ਹਮਦਰਦੀ, ਅੰਗ ਰੱਖਿਅਕ, ਮੁਸ਼ਕਲ ਵੇਲੇ ਕੰਮ ਆਉਣ ਵਾਲਾ ਸਹਿਯੋਗੀ ਸਮਝਿਆ ਜਾਂਦਾ ਹੈ, ਉਸੇ ਤਰ੍ਹਾਂ ਇਨ੍ਹਾਂ ਦੀਆਂ ਸੇਵਾ ਹਾਲਤਾਂ ਵੀ ਬਣਾਈਆਂ ਜਾਣ ਤਾਂ ਜੁ ਇਹ ਸਹੀ ਅਰਥਾਂ ਵਿਚ ਲੋਕ ਸੇਵਕ ਬਣ ਸਕਣ ਤੇ ਸਮਾਜ ਵਿਚ ਉਨ੍ਹਾਂ ਨੂੰ ਬਣਦਾ ਸਨਮਾਨ ਮਿਲ ਸਕੇ।

*18 ਜਨਵਰੀ 2016*



Academy of the Punjab in North America: http://www.apnaorg.com

# ਨਿਘਾਰ ਵੱਲ ਨੂੰ ਜਾ ਰਹੀ ਹੈ ਭਾਰਤੀ ਮੈਡੀਕਲ ਸਿੱਖਿਆ ਪ੍ਰਣਾਲੀ

ਭਾਵੇਂ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਭਾਰਤੀ ਵਿਦਿਆਰਥੀਆਂ ਦੀ ਤਾਰੀਫ਼ ਕਰਦੇ ਰਹਿੰਦੇ ਹਨ ਕਿ ਭਾਰਤੀ ਵਿਦਿਆਰਥੀ ਅਮਰੀਕੀ ਵਿਦਿਆਰਥੀਆਂ ਨਾਲੋਂ ਸਾਇੰਸ ਤੇ ਹਿਸਾਬ ਵਿਚ ਅੱਗੇ ਹਨ, ਪਰ ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਦਰਜਾਬੰਦੀ (ਰੈਂਕਿੰਗ) ਵਿਚ ਭਾਰਤੀ ਯੂਨੀਵਰਸਿਟੀਆਂ ਅਮਰੀਕਾ ਦੇ ਮੁਕਾਬਲੇ ਵਿਚ ਕਿਤੇ ਵੀ ਨਹੀਂ ਖਲੋਂਦੀਆਂ।

ਵਿਸ਼ਵ ਪੱਧਰ 'ਤੇ ਸਭ ਤੋਂ ਵਧੀਆ ਯੂਨੀਵਰਸਿਟੀਆਂ ਵਿਚ ਅਮਰੀਕਾ ਸਭ ਤੋਂ ਅੱਗੇ ਹੈ। ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦਾ ਪਹਿਲਾ ਸਥਾਨ ਹੈ, ਜਦ ਕਿ ਇੰਗਲੈਂਡ ਦੀ ਔਕਸਫ਼ੋਰਡ ਯੂਨੀਵਰਸਿਟੀ ਪੰਜਵੇਂ ਸਥਾਨ 'ਤੇ ਹੈ। ਮਰੀਜ਼ਾਂ ਦੇ ਇਲਾਜ (ਕਲਿਨੀਕਲ ਮੈਡੀਸਨ) ਵਿਚ ਵੀ ਅਮਰੀਕਾ ਦੀਆਂ 5 ਯੂਨੀਵਰਸਿਟੀਆਂ ਸਭ ਤੋਂ ਮੋਹਰੀ ਹਨ ਤੇ ਕੈਨੇਡਾ ਦੀ ਯੂਨੀਵਰਸਿਟੀ ਆਫ਼ ਟੋਰਾਂਟੋ ਦਾ 6ਵਾਂ ਸਥਾਨ ਹੈ।

ਮੈਡੀਕਲ ਸਿੱਖਿਆ ਦੇ ਖੋਜ ਵਿਚ ਜਿਹੜੇ ਖੋਜ ਪੱਤਰ 2005 ਤੋਂ 2014 ਤੀਕ ਪ੍ਰਕਾਸ਼ਿਤ ਹੋਏ ਹਨ, ਉਸ ਬਾਰੇ ਜਨਰਲ ਕਰੰਟ ਮੈਡੀਸਨ ਰੀਸਰਚ ਐਂਡ ਪ੍ਰੈਕਟਿਸ ਨੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਇਹ ਅੰਕੜੇ ਭਾਰਤੀ ਮੈਡੀਕਲ ਸਿੱਖਿਆ ਦੀ ਚੰਗੀ ਤਸਵੀਰ ਪੇਸ਼ ਨਹੀਂ ਕਰਦੇ। ਅਮਰੀਕਾ ਦੀ ਤਰੱਕੀ ਦਾ ਕਾਰਨ ਇਹੋ ਹੈ ਕਿ ਇੱਥੇ ਖੋਜ ਦੇ ਖੇਤਰ ਨੂੰ ਪਹਿਲ ਦਿੱਤੀ ਜਾਂਦੀ ਹੈ। ਖੋਜਾਂ ਕਰਕੇ ਨਵੀਆਂ ਖੋਜਾਂ ਦੇ ਪੇਟੈਂਟ ਰਜਿਸਟਰ ਕਰਵਾ ਕੇ ਕੰਪਨੀਆਂ ਮੋਟੀਆਂ ਕਮਾਈਆਂ ਕਰਦੀਆਂ ਹਨ। ਭਾਵੇਂ ਅਮਰੀਕਾ ਇਕ ਸਨਅੱਤੀ ਦੇਸ਼ ਹੈ, ਪਰ ਏਥੇ ਬੂਟਿਆਂ ਬਾਰੇ ਵੀ ਖੋਜਾਂ ਕਰ ਕੇ ਨਵੀਆਂ ਨਵੀਆਂ ਕਿਸਮਾਂ ਤਿਆਰ ਕਰਕੇ ਜਿੱਥੇ ਅਮਰੀਕੀ ਖੇਤੀਬਾੜੀ ਨੂੰ ਪ੍ਰਫੁਲਤ ਕੀਤਾ ਜਾਂਦਾ ਹੈ, ਉੱਥੇ ਵਿਦੇਸ਼ੀ ਧਨ ਵੀ ਕਮਾਇਆ ਜਾਂਦਾ ਹੈ।

ਮੈਡੀਕਲ ਸਿੱਖਿਆ ਦੇ ਖੋਜ ਪੱਤਰਾਂ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ 2005 ਤੋਂ 2014 ਤੀਕ 10 ਸਾਲਾਂ ਦੇ ਅੰਕੜਿਆਂ ਵਿਚ ਅਮਰੀਕਾ ਦੇ ਮੈਸਾਚੂਸਟਸ ਦੇ ਜਨਰਲ ਹਸਪਤਾਲ ਨੇ 46,311 ਖੋਜ ਪੱਤਰ ਪ੍ਰਕਾਸ਼ਿਤ ਕਰ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅਮਰੀਕਾ ਦੇ ਰੋਚੈਸਟਰ ਸ਼ਹਿਰ ਦਾ ਮੇਈਓ ਕਲਿਨਿਕ 37,633 ਖੋਜ ਪੱਤਰ ਕਰਕੇ ਦੂਜੇ ਸਥਾਨ 'ਤੇ, ਭਾਰਤ ਦੇ ਦਿੱਲੀ ਦਾ ਆਲ ਇੰਡੀਆ ਇਨਸਟੀਚਿਊਟ ਆਫ਼ ਮੈਡੀਕਲ ਸਾਇੰਸ 11377 ਖੋਜ ਪੱਤਰਾਂ ਕਰਕੇ ਤੀਜੇ ਸਥਾਨ 'ਤੇ, ਚੀਨ ਦੇ ਪੀਕਿੰਗ ਯੂਨੀਵਰਸਿਟੀ



Academy of the Punjab in North America: http://www.apnaorg.com

ਮੈਡੀਕਲ ਕਾਲਜ, ਬੀਜਿੰਗ 10,102 ਖੋਜ ਪੱਤਰਾਂ ਕਰਕੇ ਚੌਥੇ, ਚੰਡੀਗੜ੍ਹ ਦੇ ਪੀ.ਜੀ.ਐਮ.ਆਈ.ਆਰ. 8145 ਖੋਜ ਪੱਤਰਾਂ ਕਰਕੇ ਪੰਜਵੇਂ, ਜਾਪਾਨ ਦੀ ਟੋਕੀਓ ਮੈਡੀਕਲ ਯੂਨੀਵਰਸਿਟੀ 4856 ਖੋਜ ਪੱਤਰਾਂ ਕਰਕੇ ਛੇਵੇਂ, ਭਾਰਤ ਦੇ ਵੈਲੋਅਰ ਦੇ ਕ੍ਰਿਸਚੀਅਨ ਮੈਡੀਕਲ ਕਾਲਜ 3,742 ਖੋਜ ਪੱਤਰਾਂ ਕਰਕੇ ਸੱਤਵੇਂ, ਸਵਿਟਜ਼ਰਲੈਂਡ ਦੀ ਯੂਨੀਵਰਸਿਟੀ ਆਫ਼ ਜੈਨੇਵਾ 3,600 ਖੋਜ ਪੱਤਰਾਂ ਕਰਕੇ ਅੱਠਵੇਂ, ਭਾਰਤ ਦੇ ਲਖਨਊ ਸਥਿਤ ਸੰਜੇ ਗਾਂਧੀ ਪੀ.ਜੀ.ਆਈ.ਐਮ.ਐਸ. 3,499 ਖੋਜ ਪੱਤਰਾਂ ਕਰਕੇ ਨੌਵੇਂ ਅਤੇ ਪਾਕਿਸਤਾਨ ਦੇ ਕਰਾਚੀ ਦੇ ਆਗਾ ਖ਼ਾਨ ਯੂਨੀਵਰਸਿਟੀ ਹਸਪਤਾਲ 2,332 ਖੋਜ ਪੱਤਰਾਂ ਕਰਕੇ ਦਸਵੇਂ ਸਥਾਨ 'ਤੇ ਰਿਹਾ।

ਇਸ ਪਰਚੇ ਨੇ ਜਿਹੜਾ ਸਰਵੇਖਣ ਕੀਤਾ ਹੈ, ਉਹ ਮੈਡੀਕਲ ਸਿੱਖਿਆ ਸੰਸਥਾਵਾਂ ਜਾਂ ਤਾਂ ਮੈਡੀਕਲ ਕੌਂਸਲ ਆਫ਼ ਇੰਡੀਆ (ਐਮ.ਸੀ.ਆਈ.) ਜਾਂ ਨੈਸ਼ਨਲ ਬੋਰਡ ਆਫ਼ ਐਗਜ਼ਾਮੀਨੇਸ਼ਨ (ਐਨ.ਬੀ.ਈ.) ਨਾਲ ਸੰਬੰਧਿਤ ਹਨ। ਭਾਰਤ ਵਿਚ 579 ਮੈਡੀਕਲ ਸਿੱਖਿਆ ਸੰਸਥਾਵਾਂ ਹਨ, ਜਿਨ੍ਹਾਂ ਵਿਚੋਂ 316 ਐਮ.ਸੀ.ਆਈ. ਅਧੀਨ ਹਨ ਤੇ 263 ਐਨ.ਬੀ.ਈ. ਅਧੀਨ ਹਨ। ਭਾਰਤ ਦੇ ਸਾਰੇ ਮੈਡੀਕਲ ਸਿੱਖਿਆ ਸੰਸਥਾਵਾਂ ਨੇ 10 ਸਾਲ ਦੇ ਸਮੇਂ ਵਿਚ 101034 ਖੋਜ ਪੱਤਰ ਪ੍ਰਸਤੁਤ ਕੀਤੇ। ਇਸ ਤਰ੍ਹਾਂ ਸਾਲਾਨਾ ਔਸਤ ਪ੍ਰਤੀ ਸੰਸਥਾ 14.5 ਪਰਚੇ ਪ੍ਰਤੀ ਸਾਲ ਬਣਦੀ ਹੈ।

ਐਮ.ਸੀ.ਆਈ. ਅਧੀਨ 316 ਡਾਕਟਰੀ ਸਿੱਖਿਆ ਸੰਸਥਾਵਾਂ ਵਿਚੋਂ 162 ਨੇ ਇਕ ਵੀ ਖੋਜ ਪੱਤਰ ਦਾ ਯੋਗਦਾਨ ਨਹੀਂ ਪਾਇਆ। ਇਸੇ ਤਰ੍ਹਾਂ ਐਨ.ਬੀ.ਈ. ਅਧੀਨ 263 ਵਿਚੋਂ 170 ਡਾਕਟਰੀ ਸਿੱਖਿਆ ਸੰਸਥਾਵਾਂ ਨੇ ਇਕ ਵੀ ਖੋਜ ਪੱਤਰ ਦਾ ਤਿਆਰ ਨਹੀਂ ਕੀਤਾ। ਇਸ ਤਰ੍ਹਾਂ 60 ਪ੍ਰਤੀਸ਼ਤ ਡਾਕਟਰੀ ਸੰਸਥਾਵਾਂ ਦੀ ਦੇਣ ਸਿਫ਼ਰ ਹੈ।

ਦੱਖਣ ਦੇ ਕਾਲਜਾਂ ਦੀ ਬਹੁਤ ਮਾੜੀ ਕਾਰਗੁਜ਼ਾਰੀ ਹੈ। ਤਾਮਿਲਨਾਡੂ ਵਿਚ 33 ਮੈਡੀਕਲ ਕਾਲਜ ਹਨ। ਇਨ੍ਹਾਂ ਵਿਚੋਂ 24 ਕਾਲਜਾਂ ਦਾ ਕੋਈ ਯੋਗਦਾਨ ਨਹੀਂ। ਕਰਨਾਟਕਾ ਦੇ 41 ਕਾਲਜਾਂ ਵਿਚੋਂ 17 ਦਾ, ਮਹਾਂਰਾਸ਼ਟਰ ਦੇ 43 ਕਾਲਜਾਂ ਵਿਚੋਂ 25 ਦਾ ਕੋਈ ਵੀ ਯੋਗਦਾਨ ਨਹੀਂ। ਦੱਖਣ ਦੇ ਮੁਕਾਬਲੇ ਤੇ ਉਤਰੀ ਭਾਰਤ ਦਾ ਵਧੇਰੇ ਯੋਗਦਾਨ ਹੈ। ਪ੍ਰਤੀ ਸੰਸਥਾ ਯੋਗਦਾਨ ਪਾਉਣ ਵਿਚ ਹਰਿਆਣਾ ਦੀਆਂ 472 ਪ੍ਰਕਾਸ਼ਨਾਵਾਂ, ਪੰਜਾਬ ਦੀਆਂ 219, ਹਿਮਾਚਲ ਦੀਆਂ 375, ਗੁਜਰਾਤ ਦੀਆਂ 60, ਮੱਧ ਪ੍ਰਦੇਸ਼ ਦੀਆਂ 66 ਪ੍ਰਕਾਸ਼ਨਾਵਾਂ ਹਨ।

ਇਸ ਦਾ ਕਾਰਨ ਇਹ ਹੈ ਕਿ ਭਾਰਤ ਸਰਕਾਰ ਵੱਲੋਂ ਪ੍ਰਾਈਵੇਟ ਸੰਸਥਾਵਾਂ ਨੂੰ ਧੜਾਧੜ ਮੈਡੀਕਲ ਕਾਲਜ ਤੇ ਯੂਨੀਵਰਸਿਟੀਆਂ ਦੀ ਖੁੱਲ੍ਹ ਦੇਣਾ ਹੈ। ਇਸ ਨੀਤੀ ਨਾਲ ਮੈਡੀਕਲ ਖੋਜ ਦੇ ਮਿਆਰ ਵਿਚ ਭਾਰੀ ਗਿਰਾਵਟ ਆਈ ਹੈ। ਜਦ ਦੇਸ਼ ਆਜ਼ਾਦ ਹੋਇਆ ਤਾਂ ਕੇਵਲ ਇਕ ਪ੍ਰਾਈਵੇਟ ਕਾਲਜ ਸੀ ਜਦ ਕਿ 19 ਸਰਕਾਰੀ ਮੈਡੀਕਲ ਕਾਲਜ ਸਨ। 1980 ਤੀਕ ਕੇਵਲ 11 ਪ੍ਰਾਈਵੇਟ ਮੈਡੀਕਲ ਕਾਲਜ ਸਨ। 1996 ਤੋਂ 2010 ਦਰਮਿਆਨ 114 ਪ੍ਰਾਈਵੇਟ ਮੈਡੀਕਲ ਕਾਲਜ ਖੋਲ੍ਹੇ ਗਏ।

ਇਸ ਸਾਰੇ ਮਾਮਲੇ ਵਿਚ ਮੈਡੀਕਲ ਕੌਂਸਲ ਆਫ਼ ਇੰਡੀਆ ਦੋਸ਼ੀ ਹੈ। ਇਸ ਪਾਸ ਪਹਿਲਾਂ ਕੇਵਲ ਡਾਕਟਰਾਂ ਦੀ ਰਜਿਸਟਰੇਸ਼ਨ ਦੇ ਅਧਿਕਾਰ ਸਨ, ਪਰ 1993 ਵਿਚ



Academy of the Punjab in North America: http://www.apnaorg.com

ਮੈਡੀਕਲ ਕੌਂਸਲ ਐਕਟ ਵਿਚ ਸੋਧ ਕਰਕੇ ਇਸ ਨੂੰ ਮੈਡੀਕਲ ਕਾਲਜਾਂ ਨੂੰ ਮਾਨਤਾ ਦੇਣ ਅਤੇ ਉਨ੍ਹਾਂ ਦਾ ਨਿਰੀਖਣ (ਇਨਸਪੈਕਸ਼ਨ) ਕਰਨ ਦੇ ਅਧਿਕਾਰ ਦੇ ਦਿੱਤੇ ਗਏ। ਅਜਿਹਾ ਕਰਨ ਨਾਲ ਇਹ ਸੰਸਥਾ ਕਥਿਤ ਤੌਰ 'ਤੇ ਵਾਦ ਵਿਵਾਦ ਤੇ ਭ੍ਰਿਸ਼ਟਾਚਾਰ ਦਾ ਕੇਂਦਰ ਬਣ ਗਈ ਅਤੇ ਮੈਡੀਕਲ ਸਿੱਖਿਆ ਵਿਚ ਕਾਲੇ ਧਨ ਦੀ ਵਰਤੋਂ ਹੋਣ ਲਗੀ। ਵਪਾਰੀ ਲੋਕ ਇਸ ਵਿਚ ਪੈਸਾ ਲਾ ਕੇ ਮੋਟੀ ਕਮਾਈ ਕਰਨ ਲਗੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਈ ਕਾਲਜ ਕੇਵਲ ਕਾਗਜਾਂ ਵਿਚ ਹਨ। ਇਨ੍ਹਾਂ ਵਿਚ ਕੇਵਲ ਪੜਤਾਲ (ਇਨਸਪੈਕਸ਼ਨ) ਸਮੇਂ ਡਾਕਟਰਾਂ 'ਤੇ ਮਰੀਜ਼ਾਂ ਦਾ ਪ੍ਰਬੰਧ ਕਰਕੇ ਇਨ੍ਹਾਂ ਨੂੰ ਚਲ ਰਹੇ ਕਾਲਜ ਵਿਖਾਇਆ ਜਾਂਦਾ ਹੈ।

ਟਾਈਮਜ਼ ਆਫ਼ ਇੰਡੀਆ ਨੇ ਕਾਲੇ ਧਨ ਸਬੰਧੀ ਜੋ ਹਾਲ ਹੀ ਵਿਚ ਅੰਕੜੇ ਪੇਸ਼ ਕੀਤੇ ਹਨ, ਉਹ ਬਹੁਤ ਹੈਰਾਨੀਜਨਕ ਹਨ। ਇਸ ਪਰਚੇ ਅਨੁਸਾਰ ਐਮ.ਬੀ.ਬੀ.ਐਸ. ਤੇ ਪੋਸਟ ਗ੍ਰੈਜੂਏਟ ਦੀਆਂ 25000 ਸੀਟਾਂ ਤੋਂ ਪ੍ਰਾਈਵੇਟ ਮੈਡੀਕਲ ਕਾਲਜਾਂ ਨੂੰ 12000 ਕਰੋੜ ਰੁਪਏ ਦੇ ਕਾਲੇ ਧਨ ਦੀ ਕਮਾਈ ਹੁੰਦੀ ਹੈ। ਭਾਰਤ ਵਿਚ ਕੁਲ 422 ਮੈਡੀਕਲ ਕਾਲਜਾਂ ਵਿਚੋਂ 224 ਪ੍ਰਾਈਵੇਟ ਹਨ। ਪ੍ਰਾਈਵੇਟ ਕਾਲਜਾਂ ਪਾਸ ਐਮ.ਬੀ.ਬੀ.ਐਸ. ਦੀਆਂ 53% ਸੀਟਾਂ ਹਨ। ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਵਿਚ ਪ੍ਰਬੰਧਕੀ ਕਮੇਟੀ ਦਾ ਕੋਟਾ 43% ਹੈ ਤੇ ਐਨ.ਆਰ.ਆਈ. ਦਾ 15% ਹੈ। ਇੰਝ 58% ਸੀਟਾਂ ਪ੍ਰਬੰਧਕੀ ਕਮੇਟੀ ਨੂੰ ਹੀ ਮਿਲ ਜਾਂਦੀਆਂ ਹਨ। ਇਸ ਹਿਸਾਬ ਨਾਲ 15100 ਐਮ.ਬੀ.ਬੀ.ਐਸ. ਸੀਟਾਂ ਪ੍ਰਬੰਧਕੀ ਕਮੇਟੀ ਅਧੀਨ ਹਨ। ਇਨ੍ਹਾਂ ਸੀਟਾਂ ਨੂੰ 25 ਲੱਖ ਰੁਪਏ ਤੋਂ ਲੈ ਕੇ 1 ਕਰੋੜ ਰੁਪਏ ਤੀਕ ਵੇਚਿਆ ਜਾਂਦਾ ਹੈ। ਬੰਗਲੌਰ ਵਰਗੇ ਕਾਲਜਾਂ ਵਿਚ ਇਨ੍ਹਾਂ ਦੀ ਦਰ 1 ਕਰੋੜ ਰੁਪਏ ਤੇ ਉਤਰ ਪ੍ਰਦੇਸ਼ ਵਰਗੇ ਸੂਬਿਆਂ ਵਿਚ 25 ਲੱਖ ਤੋਂ 35 ਲੱਖ ਰੁਪਏ ਹੈ। ਜਿੱਥੋਂ ਤੀਕ ਪੋਸਟ ਗ੍ਰੈਜੂਏਟ ਭਾਵ ਐਮ.ਡੀ./ਐਮ.ਐਸ. ਦੇ ਦਾਖ਼ਲਿਆਂ ਦਾ ਸੰਬੰਧ ਹੈ, ਇਨ੍ਹਾਂ ਸੀਟਾਂ ਦੀ ਗਿਣਤੀ 9600 ਦੇ ਕਰੀਬ ਹੈ। ਇਨ੍ਹਾਂ ਨੂੰ ਬੜੇ ਮਹਿੰਗੇ ਭਾਅ ਵੇਚਿਆ ਜਾਂਦਾ ਹੈ। ਰੇਡੀਆਲੋਜੀ (ਐਕਸਰੇ ਨਾਲ ਸਬੰਧਿਤ) ਤੇ ਡਰਮੈਟਾਲੋਜੀ (ਚਮੜੀਆਂ ਦੀਆਂ ਬਿਮਾਰੀਆਂ ਨਾਲ ਸਬੰਧਿਤ) ਵਰਗੀਆਂ ਵਕਾਰੀ ਸੀਟਾਂ ਦੀ ਕੀਮਤ 3 ਕਰੋੜ ਰੁਪਏ ਹੈ।

ਇਸੇ ਸਾਲ ਪੰਜਾਬ ਮੈਡੀਕਲ ਕੌਂਸਲ ਦੇ ਪ੍ਰਧਾਨ ਡਾ. ਜੀ.ਐਸ. ਗਰੇਵਾਲ ਨੇ ਐਨ.ਡੀ. ਟੀ.ਵੀ. ਦੇ ਧਿਆਨ ਵਿਚ ਲਿਆਂਦਾ ਕਿ ਕਿਵੇਂ ਭਾਰਤ ਵਿਚ ਬਹੁਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਾਲੇ ਆਪਣੀ ਸੰਸਥਾ ਦੀ ਮਨਜ਼ੂਰੀ ਲੈਣ ਲਈ ਕੇਵਲ ਪੜਤਾਲ (ਇਨਸਪੈਕਸ਼ਨ) ਸਮੇਂ ਡਾਕਟਰਾਂ ਤੇ ਮਰੀਜ਼ਾਂ ਨੂੰ ਬੁਲਾ ਕੇ ਕੰਮ ਸਾਰ ਲੈਂਦੇ ਹਨ। ਉਨ੍ਹਾਂ ਵੱਲੋਂ ਦਿੱਤੇ ਤੱਥਾਂ ਦਾ ਪਤਾ ਲਾਉਣ ਲਈ ਐਨ.ਡੀ. ਟੀ.ਵੀ. ਦੀ ਟੀਮ ਨੇ ਗੁਪਤ (ਸਟਿੰਗ) ਅਪ੍ਰੇਸ਼ਨ ਕੀਤਾ। ਇਸ ਅਪ੍ਰੇਸ਼ਨ ਵਿਚ ਅਜਿਹੇ ਡਾਕਟਰ ਪਾਏ ਗਏ ਜਿਹੜੇ ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਰਿਕਾਰਡ ਵਿਚ ਹਸਪਤਾਲਾਂ ਵਿਚ ਨੌਕਰੀ ਕਰਦੇ ਹਨ, ਜਦ ਕਿ ਅਸਲੀਅਤ ਇਹ ਹੈ ਕਿ ਉਹ ਇਨ੍ਹਾਂ ਕਾਲਜਾਂ ਤੋਂ ਬਹੁਤ ਦੂਰ ਆਪਣੀ ਪ੍ਰੈਕਟਿਸ ਕਰ ਰਹੇ ਹਨ। ਇਹ ਕਾਲਜ ਉਨ੍ਹਾਂ ਦੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਹਨ ਤੇ ਉਹ ਰੋਜ਼ਾਨਾ ਕੇਵਲ ਹੈਲੀਕਾਪਟਰ ਰਾਹੀਂ ਆ ਜਾ ਸਕਦੇ ਹਨ। ਇਨ੍ਹਾਂ ਵਿਚੋਂ ਉਨ੍ਹਾਂ ਨੇ ਕਈਆਂ



Academy of the Punjab in North America: http://www.apnaorg.com

ਦੀ ਇੰਟਰਵਿਊ ਲੈਣ ਦੀ ਕੋਸ਼ਿਸ਼ ਕੀਤੀ ਪਰ ਡਾਕਟਰਾਂ ਨੇ ਇੰਟਰਵਿਊ ਦੇਣ ਤੋਂ ਇਨਕਾਰ ਕਰ ਦਿੱਤਾ। ਖੋਜ ਪੱਤਰਾਂ ਵਿਚ ਨਿਘਾਰ ਦਾ ਕਾਰਨ ਡਾਕਟਰਾਂ ਵੱਲੋਂ ਡਿਊਟੀ ਤੋਂ ਬਾਅਦ ਪ੍ਰਾਈਵੇਟ ਪ੍ਰੈਕਟਿਸ ਕਰਨਾ ਤੇ ਪਦ-ਉੱਨਤੀ (ਪ੍ਰਮੋਸ਼ਨ) ਲਈ ਸੀਨੀਆਰਤਾ ਨੂੰ ਆਧਾਰ ਬਨਾਉਣਾ ਵੀ ਹੈ। ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਨਾ ਕਰਨ ਲਈ ਵਿਸ਼ੇਸ਼ ਭਤਾ ਨਾਨ-ਪ੍ਰੈਕਟਿਸ ਅਲਾਊਂਸ (ਐਨ.ਪੀ.ਏ.) ਦਿੱਤਾ ਜਾਂਦਾ ਤਾਂ ਜੋ ਉਹ ਵਿਦਿਆਰਥੀਆਂ ਨੂੰ ਮਿਆਰੀ ਪੜ੍ਹਾਈ ਕਰਾਉਣ ਲਈ ਸਮਾਂ ਕੱਢ ਸਕਣ ਪਰ ਡਾਕਟਰ ਭੱਤਾ ਵੀ ਲਈ ਜਾ ਰਹੇ ਹਨ ਤੇ ਪ੍ਰੈਕਟਿਸ ਵੀ ਕਰ ਰਹੇ ਹਨ। ਇਸ ਸਾਰਾ ਕੁਝ ਸਿਆਸਤਦਾਨਾਂ ਦੀ ਮਿਲੀ ਭੁਗਤ ਨਾਲ ਹੋ ਰਿਹਾ ਹੈ।

ਇਸ ਸਾਲ 15 ਮਾਰਚ 2016 ਨੂੰ ਮੈਡੀਕਲ ਕਾਲਜਾਂ ਦਾ ਮੁੱਦਾ ਵਿਧਾਨ ਸਭਾ ਵਿਚ ਉਸ ਸਮੇਂ ਆਇਆ ਜਦੋਂ ਵਿਧਾਨ ਸਭਾ ਵਿਚ ਰੀਜਨਲ ਇਨਸਟਿਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਆਰ.ਆਈ.ਐਮ.ਟੀ.) ਯੂਨੀਵਰਸਿਟੀ ਬਿਲ-2015 ਲਿਆਂਦਾ ਗਿਆ। ਇਹ ਬਿੱਲ ਪੰਜਾਬ ਵਿਚ 14ਵੀਂ ਪ੍ਰਾਈਵੇਟ ਯੂਨੀਵਰਸਿਟੀ ਖੋਲ੍ਹਣ ਲਈ ਲਿਆਂਦਾ ਗਿਆ। ਮੈਂਬਰਾਂ ਨੇ ਇਤਰਾਜ਼ ਕੀਤਾ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਉਪਰ ਕੋਈ ਕੰਟਰੋਲ ਨਹੀਂ। ਇਹ ਮਨਮਰਜ਼ੀ ਨਾਲ ਦਾਖ਼ਲੇ ਕਰਦੀਆਂ ਹਨ ਤੇ ਮਨ-ਮਾਨੇ ਢੰਗ ਨਾਲ ਫੀਸਾਂ ਲੈਂਦੀਆਂ ਹਨ। ਇਸ ਤਰ੍ਹਾਂ ਵਿਦਿਆਰਥੀਆਂ ਦਾ ਸ਼ੋਸ਼ਣ ਹੋ ਰਿਹਾ ਹੈ। ਇਨ੍ਹਾਂ ਯੂਨੀਵਰਸਿਟੀਆਂ ਦੇ ਪੜ੍ਹੇ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਕਿਉਂਕਿ ਇਨ੍ਹਾਂ ਵਿਚ ਮਿਆਰੀ ਪੜ੍ਹਾਈ ਨਹੀਂ ਹੁੰਦੀ। ਮੈਂਬਰਾਂ ਦਾ ਕਹਿਣਾ ਸੀ ਕਿ ਸਾਡੇ ਗੁਆਂਢੀ ਸੂਬੇ ਹਿਮਾਚਲ ਨੇ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਕੰਮ ਕਾਜ 'ਤੇ ਧਿਆਨ ਰੱਖਣ ਲਈ ਇਕ ਨਿਯੰਤਰਣ (ਰੈਗੂਲੇਟਰੀ) ਕਮਿਸ਼ਨ ਬਣਾਇਆ ਹੈ, ਪੰਜਾਬ ਵਿਚ ਵੀ ਅਜਿਹਾ ਹੋਣਾ ਚਾਹੀਦਾ ਹੈ।

ਇਸ ਲਈ ਲੋੜ ਹੈ ਕਿ ਮੌਜੂਦਾ ਪ੍ਰਣਾਲੀ ਦੀਆਂ ਖਾਮੀਆਂ ਦੀ ਪੜਚੋਲ ਕੀਤੀ ਜਾਵੇ। ਅਮਰੀਕਾ ਤੇ ਹੋਰ ਮੁਲਕਾਂ ਤੋਂ ਸੇਧ ਲੈ ਕੇ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲਿਆਂ ਨੂੰ ਪਦ-ਉੱਨਤ ਕੀਤਾ ਜਾਵੇ ਤੇ ਹਰ ਅਧਿਆਪਕ ਲਈ ਖੋਜ ਪੱਤਰ ਲਿਖਣੇ ਜ਼ਰੂਰੀ ਬਣਾਏ ਜਾਣ। ਪ੍ਰਾਈਵੇਟ ਪ੍ਰੈਕਟਿਸ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰ ਕੇ ਇਸ ਰੁਝਾਨ ਨੂੰ ਬੰਦ ਕਰਵਾਇਆ ਜਾਵੇ। ਇਸ ਖੇਤਰ ਨਾਲ ਜੁੜੇ ਬੁਧੀਜੀਵੀਆਂ ਕੋਲੋਂ ਉਧਾਰੂ ਸੁਝਾਅ ਲੈ ਕੇ ਮੈਡੀਕਲ ਸਿੱਖਿਆ ਦੀ ਵਿਗੜੀ ਤਾਣੀ ਨੂੰ ਠੀਕ ਕੀਤਾ ਜਾ ਸਕਦਾ ਹੈ। ਲੋੜ ਹੈ ਇਮਾਨਦਾਰੀ ਨਾਲ ਸਿਆਸੀ ਪਹਿਲ ਕਦਮੀ ਦੀ ਤਾਂ ਜੋ ਭਾਰਤ ਮੈਡੀਕਲ ਸਿੱਖਿਆ ਵਿਚ ਨਾਮਣਾ ਖੱਟ ਸਕੇ।

*10 ਮਈ 2016*



Academy of the Punjab in North America: http://www.apnaorg.com

# ਦੁਨੀਆਂ ਲਈ ਚੁਣੌਤੀ ਬਣ ਰਹੇ ਨੇ ਨਸ਼ਈ ਮਾਵਾਂ ਦੇ ਨਸ਼ਈ ਬੱਚੇ

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਇਕ ਬੜਾ ਹਾਸੋਹੀਣਾ ਬਿਆਨ ਦਿੱਤਾ ਹੈ ਕਿ ਸ਼ਰਾਬ ਸਿਹਤ ਲਈ ਕੋਈ ਨੁਕਸਾਨਦਾਇਕ ਨਹੀਂ। ਉਨ੍ਹਾਂ ਦੀ ਇਸ ਸੰਬੰਧੀ ਦਲੀਲ ਇਹ ਹੈ ਕਿ ਜੇ ਸ਼ਰਾਬ ਮਾੜੀ ਹੋਵੇ ਤਾਂ ਸ਼ਰਾਬ ਦੇ ਕਾਰਖਾਨੇ ਕਿਉਂ ਚਲ ਰਹੇ ਹਨ। ਪੰਜਾਬ ਸਰਕਾਰ ਨੇ ਸ਼ਰਾਬ ਦੇ ਠੇਕੇ ਕਿਉਂ ਖੋਲ੍ਹੇ ਹਨ। ਭਾਰਤ ਦਾ ਦੁਖਾਂਤ ਇਹੋ ਹੈ ਕਿ ਇੱਥੇ ਮੰਤਰੀਆਂ ਨੂੰ ਅਜਿਹੇ ਵਿਭਾਗ ਦਿੱਤੇ ਜਾਂਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ। ਇਸ ਦੇ ਮੁਕਾਬਲੇ 'ਤੇ ਅਮਰੀਕਾ ਵਿਚ ਮਹਿਕਮੇ ਦੀ ਜਾਣਕਾਰੀ ਵਾਲੇ ਨੂੰ ਹੀ ਸੰਬੰਧਿਤ ਵਿਭਾਗ ਦਾ ਆਮ ਤੌਰ 'ਤੇ ਮੰਤਰੀ ਬਣਾਇਆ ਜਾਂਦਾ ਹੈ। ਇਸ ਸਮੇਂ ਅਮਰੀਕਾ ਦੇ ਵਿਦਿਆ ਮੰਤਰੀ ਤੇ ਉਪ ਵਿਦਿਆ ਮੰਤਰੀ ਵਿਦਿਆ ਵਿਚ ਪੀ-ਐਚ.ਡੀ. ਹਨ ਤੇ ਉਹ ਇਕ ਸਮੇਂ ਸਕੂਲ ਵਿਚ ਅਧਿਆਪਕ ਸਨ।

ਜਿਆਣੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਜਰਾਤ ਸੂਬੇ ਵਿਚ ਪਿਛਲੇ ਲੰਮੇ ਸਮੇਂ ਤੋਂ ਸ਼ਰਾਬ 'ਤੇ ਪਾਬੰਦੀ ਹੈ। ਬਿਹਾਰ ਚੋਣਾਂ ਸਮੇਂ ਬਿਹਾਰ ਦੀਆਂ ਔਰਤਾਂ ਨਾਲ ਸੰਬੰਧਿਤ ਜਥੇਬੰਦੀਆਂ ਨੇ ਮੰਗ ਕੀਤੀ ਸੀ ਕਿ ਰਾਜਨੀਤਕ ਪਾਰਟੀਆਂ ਗੁਜਰਾਤ ਵਾਂਗ ਸ਼ਰਾਬ ਬੰਦੀ ਨੂੰ ਵੀ ਚੋਣ ਮੈਨੀਫੈਸਟੋ ਵਿਚ ਸ਼ਾਮਲ ਕਰਨ। ਸਿੱਟੇ ਵਜੋਂ ਹਾਕਮ ਪਾਰਟੀ ਨੇ ਇਸ ਨੂੰ ਸ਼ਾਮਲ ਕੀਤਾ ਤੇ ਹੁਣ ਨਤੀਸ਼ ਕੁਮਾਰ ਨੇ ਇਸ ਚੋਣ ਵਾਅਦੇ ਨੂੰ ਲਾਗੂ ਕਰ ਦਿੱਤਾ ਹੈ। ਹੁਣ ਬਿਹਾਰ ਦੇਸ਼ ਦਾ ਦੂਸਰਾ ਨਸ਼ਾਮੁਕਤ ਸੂਬਾ ਬਣ ਗਿਆ ਹੈ।

ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਬਾਕੀ ਸੂਬਿਆਂ ਵਾਂਗ ਪਿੰਡ-ਪਿੰਡ ਲਾਇਬਰੇਰੀ ਨਹੀਂ ਖੋਲ੍ਹੀ ਤਾਂ ਜੋ ਲੋਕ ਪੜ੍ਹ ਲਿਖ ਕੇ ਸੂਝਵਾਨ ਬਣ ਜਾਣ। ਅਸੀਂ ਪਿੰਡ-ਪਿੰਡ ਸ਼ਰਾਬ ਦੇ ਠੇਕੇ ਜ਼ਰੂਰ ਖੋਲ੍ਹ ਕੇ ਪੰਜਾਬ ਨੂੰ ਨਸ਼ਈਆਂ ਦਾ ਸੂਬਾ ਬਣਾ ਦਿੱਤਾ ਹੈ। ਭਾਰਤ ਦੇ ਜਿਨ੍ਹਾਂ ਸੂਬਿਆਂ ਵਿਚ ਸ਼ਰਾਬ ਦੇ ਠੇਕੇ ਹਨ, ਉਨ੍ਹਾਂ ਵਿਚ ਬਹੁਤਿਆਂ ਦੇ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ। ਸਾਡੇ ਗੁਆਂਢੀਸੂਬੇ ਹਰਿਆਣਾ ਇਸ ਦੀ ਉਦਾਹਰਨ ਹੈ। ਪਰ ਅਸੀਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰ ਦੁਆਰੀ ਦੇ ਆਲੇ ਦੁਆਲੇ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਖੋਲੇ ਹਨ, ਜਿਵੇਂ ਸ਼ਰਾਬ ਅੰਮ੍ਰਿਤਸਰ ਵਾਸੀਆਂ ਮਨਭਾਉਂਦੀ ਖੁਰਾਕ ਹੋਵੇ।

ਜਿਆਣੀ ਤੋਂ ਪੁੱਛਣਾ ਬਣਦਾ ਹੈ ਕਿ ਜੇ ਸ਼ਰਾਬ ਸਿਹਤ ਲਈ ਹਾਨੀਕਾਰਕ ਨਹੀਂ ਤਾਂ ਸਿੱਖ ਰਹਿਤ ਮਰਿਆਦਾ ਤੇ ਮੁਸਲਮਾਨ ਦੇਸ਼ਾਂ ਤੋਂ ਇਲਾਵਾ ਭਾਰਤ ਦੇ ਹਰਿਦੁਆਰ



Academy of the Punjab in North America: http://www.apnaorg.com

ਤੇ ਹੋਰ ਪਵਿੱਤਰ ਸ਼ਹਿਰਾਂ ਤੇ ਸੂਬਿਆਂ ਵਿਚ ਇਸ ਦੀ ਮਨਾਹੀ ਕਿਉਂ ਹੈ ?

ਪੰਜਾਬ ਦੇ ਨੌਜੁਆਨ ਵਿਦੇਸ਼ਾਂ ਵਾਂਗ ਮਹਿੰਗੇ ਨਸ਼ਿਆਂ ਦਾ ਤਿਆਗ ਕਰ ਕੇ ਸਸਤੀਆਂ ਗੋਲੀਆਂ ਜੋ ਕਿ ਆਮ ਮਿਲਦੀਆਂ ਹਨ ਦੀ ਵਰਤੋਂ ਕਰਨ ਲੱਗ ਪਏ ਹਨ। ਜਿੱਥੇ ਹੈਰੋਇਨ ਲਈ ਕਥਿਤ ਤੌਰ 'ਤੇ 1500 ਰੁਪਏ ਤੋਂ 3000 ਰੁਪਏ ਪ੍ਰਤੀ ਗ੍ਰਾਮ ਖਰਚਣੇ ਪੈਂਦੇ ਹਨ, ਉੱਥੇ ਉਹ ਦਰਦ ਦੂਰ, ਖੰਘ ਦੂਰ ਕਰਨ ਵਰਗੀਆਂ ਦਵਾਈਆਂ ਜੋ ਨਸ਼ਾਂ ਦੇਦੀਆਂ ਹਨ, ਦੀ ਥੋੜ੍ਹੇ ਪੈਸੇ ਖਰਚ ਕੇ ਵਰਤੋਂ ਕਰਨ ਲੱਗੇ ਹਨ। ਇਸ ਮਕਸਦ ਲਈ ਵਰਤੀ ਜਾਂਦੀ ਬਪਰੇਨੋਰਫਿਨ ਦੀ ਗੋਲੀ ਕਰੀਬ 7 ਰੁਪਏ ਦੀ ਮਿਲ ਜਾਂਦੀ ਹੈ। ਇਹ ਗੋਲੀ ਤਾਂ ਹੈ ਨਸ਼ਾ ਛੁਡਾਉਣ ਲਈ ਪਰ ਲੋਕ ਇਸ ਦੀ ਦੁਰਵਰਤੋਂ ਕਰਨ ਲੱਗੇ ਹਨ।

ਪਦਾਰਥਵਾਦੀ ਯੁਗ ਵਿੱਚ ਨਸ਼ਿਆਂ ਨੇ ਸਾਰੇ ਸੰਸਾਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ ਤੇ ਇਸ ਦੀ ਗ੍ਰਿਫ਼ਤ ਵਿਚੋਂ ਨਿਕਲਣ ਲਈ ਸਾਰੀ ਦੁਨੀਆਂ ਵਿਚ ਜਤਨ ਹੋ ਰਹੇ ਹਨ। ਜਿਆਣੀ ਪਾਸ ਜਿਹੜਾ ਮਹਿਕਮਾ ਹੈ ਉਸ ਦਾ ਕੰਮ ਵੀ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਦੀ ਸਿੱਖਿਆ ਦੇਣਾ ਹੈ। ਨਸ਼ਿਆਂ ਦੇ ਬੁਰੇ ਪ੍ਰਭਾਵ ਦਾ ਸਭ ਤੋਂ ਮਾੜਾ ਅਸਰ ਗਰਭਵਤੀ ਔਤਰਾਂ 'ਤੇ ਪੈ ਰਿਹਾ ਹੈ। ਨਸ਼ਈ ਮਾਵਾਂ ਨਾ ਕੇਵਲ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ ਸਗੋਂ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ, ਜੋ ਦੁਨੀਆਂ ਲਈ ਚੁਣੌਤੀ ਬਣ ਰਹੇ ਹਨ। ਭਾਰਤ ਵਿਚ ਵੀ ਹੁਣ ਆਦਮੀਆਂ ਵੱਲ ਵੇਖ ਕੇ ਇਸਤਰੀਆਂ ਵੀ ਸ਼ਰਾਬ, ਸਿਗਰਟਨੋਸ਼ੀ, ਸਮੈਕ ਵਗੈਰਾ ਦੀ ਵਰਤੋਂ ਕਰਨ ਲੱਗ ਪਈਆਂ ਹਨ, ਜਿਸ ਨੂੰ ਫੌਰੀ ਠਲ੍ਹ ਪਾਉਣ ਦੀ ਲੋੜ ਹੈ।

ਜਿਹੜੀਆਂ ਔਰਤਾਂ ਗਰਭਵਤੀ ਹੋਣ ਦੇ ਬਾਵਜੂਦ ਵੀ ਨਸ਼ਿਆਂ ਦੀ ਵਰਤੋਂ ਜਾਰੀ ਰਖਦੀਆਂ ਹਨ, ਉਹ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ। ਨਸ਼ਈ ਬੱਚਿਆਂ ਨੂੰ ਜੰਮਣ ਤੋਂ ਹੀ ਡਾਕਟਰਾਂ ਨੂੰ ਸਾਂਭ ਸੰਭਾਲ ਲਈ ਜੂਝਣਾ ਪੈਂਦਾ ਹੈ। ਗਰਭਵਤੀ ਔਰਤਾਂ ਵੱਲੋਂ ਦਰਦ ਦੂਰ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਦਵਾਈਆਂ ਜਿਵੇਂ ਕੌਕੀਨ, ਹਾਈਡਰੋਕੋਡੀਨ, ਮੈਥਾਡੋਨ, ਹਾਈਡਰੋਮਾਰਫੋਨ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਸਮੈਕ, ਹੈਰੋਇਨ ਆਦਿ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਕਰਕੇ ਨਸ਼ਈ ਬੱਚੇ ਪੈਦਾ ਹੋ ਰਹੇ ਹਨ। ਇਨ੍ਹਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਅਮਰੀਕਾ ਵਿਚ ਹਰ 25 ਮਿੰਟ ਬਾਅਦ ਨਸ਼ਈ ਬੱਚਾ ਪੈਦਾ ਹੁੰਦਾ ਹੈ, ਜਿਸ ਨੂੰ ਜੰਮਦਿਆਂ ਹੀ ਨਸ਼ਾ ਦੇਣਾ ਪੈਂਦਾ ਹੈ। ਅਮਰੀਕਾ ਦੇ ਓਹਾਈਓ ਸੂਬੇ ਵਿਚ ਅਜਿਹੇ ਬੱਚਿਆਂ ਦੀ ਗਿਣਤੀ 2004 ਵਿਚ 199 ਸੀ, ਜੋ 2013 ਵਿਚ ਵੱਧ ਕੇ 1691 ਹੋ ਗਈ। ਇਹ ਬੱਚੇ ਜੰਮਦਿਆਂ ਹੀ ਚੀਕ ਚਿਹਾੜਾ ਮਚਾਉਂਦੇ ਹਨ ਤੇ ਤੁਸੀ ਇਨ੍ਹਾਂ ਨੂੰ ਚੁੱਪ ਨਹੀਂ ਕਰਾ ਸਕਦੇ। ਇਨ੍ਹਾਂ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਜੰਮਣ ਦੇ 2 ਘੰਟੇ ਬਾਅਦ ਇਨ੍ਹਾਂ ਨੂੰ ਕਬਜ਼ ਹੋ ਜਾਂਦੀ ਹੈ, ਸੁਸਤੀ ਪਈ ਰਹਿੰਦੀ ਹੈ। ਜੰਮਦਿਆਂ ਹੀ ਦੁੱਧ ਪਿਆਉਣ ਪਿਛੋਂ ਇਨ੍ਹਾਂ ਦੀ ਤਿੰਨ ਤੋਂ ਚਾਰ ਘੰਟਿਆਂ ਪਿੱਛੋਂ 22 ਨੁਕਤਿਆਂ ਵਾਲੀ ਇਕ ਸੂਚੀ ਅਨੁਸਾਰ ਇਨ੍ਹਾਂ ਦੀ ਪੜਤਾਲ ਕੀਤੀ ਜਾਂਦੀ ਹੈ, ਜਿਸ ਵਿਚ ਦਿਮਾਗੀ ਅਵਸਥਾ, ਮਿਹਦਾ ਤੇ ਅੰਤੜੀਆਂ, ਆਮ ਸਿਹਤ ਆਦਿ ਸ਼ਾਮਲ ਹੈ। ਇਨ੍ਹਾਂ ਬੱਚਿਆਂ ਨੂੰ ਉਲਟੀਆਂ, ਦਸਤ, ਪਾਣੀ ਦੀ ਘਾਟ, ਨਾਸਾਂ ਬੰਦ ਹੋਣ ਵਰਗੀਆਂ



Academy of the Punjab in North America: http://www.apnaorg.com

ਅਲਾਮਤਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਚੰਗੀ ਸਾਂਭ ਸੰਭਾਲ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚੋਂ 80 ਪ੍ਰਤੀਸ਼ਤ ਨੂੰ ਕੋਈ ਨਾ ਕੋਈ ਨੀਂਦ ਲਿਆਉਣ, ਦਰਦ ਦੂਰ ਕਰਨ ਵਾਲੀ ਦੁਆਈ ਦੇਣੀ ਪੈਂਦੀ ਹੈ। ਇਹ ਆਮ ਬੱਚਿਆਂ ਦੀ ਤਰ੍ਹਾਂ ਖਲੋ ਨਹੀਂ ਸਕਦੇ। ਇਸ ਤਰ੍ਹਾਂ ਦੀਆਂ ਅਨੇਕਾਂ ਸਮੱਸਿਆਵਾਂ ਨਾਲ ਇਨ੍ਹਾਂ ਨੂੰ ਦੋ-ਚਾਰ ਹੋਣਾ ਪੈਂਦਾ ਹੈ। ਨਸ਼ਈ ਮਾਵਾਂ ਦੇ ਇਹ ਬੱਚੇ ਕਈ ਹਫ਼ਤੇ ਪਹਿਲਾਂ ਜਨਮ ਲੈ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਵਿਚ ਜੰਮਦਿਆਂ ਹੀ ਆਕਸੀਜਨ ਦੇਣੀ ਪੈਂਦੀ ਹੈ ਤੇ ਅਕਸਰ ਘਰ ਵੀ ਆਕਸੀਜਨ ਲਗਾ ਕੇ ਲਿਆਉਣਾ ਪੈਂਦਾ ਹੈ। ਇਨ੍ਹਾਂ ਬੱਚਿਆਂ ਦੀ ਮਰਨ ਦਰ ਆਮ ਬੱਚਿਆਂ ਨਾਲੋਂ ਕਈ ਗੁਣਾਂ ਵੱਧ ਹੈ।

ਅਮਰੀਕਾ ਇਸ ਸਮੇਂ ਨਸ਼ਿਆਂ ਦੀ ਮਾਰ ਹੇਠ ਹੈ। ਅਮਰੀਕਾ ਦੇ ਪ੍ਰਸਿੱਧ ਪੇਪਰ ਦਾ ਇਕਾਨੋਮਿਸਟ ਅਨੁਸਾਰ ਅੱਜ ਤੋਂ 50 ਸਾਲ ਪਹਿਲਾਂ ਹੈਰੋਇਨ ਕੇਵਲ ਪੁਰਸ਼ ਵਰਤਦੇ ਸਨ ਤੇ ਉਹ ਵੀ ਜਵਾਨ। ਉਨ੍ਹਾਂ ਵਿੱਚ ਵੀ ਕਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਸੀ। ਪਰ ਹੁਣ ਇਨ੍ਹਾਂ ਵਿਚ ਅੱਧੀਆਂ ਔਰਤਾਂ ਹਨ। ਪੁਰਸ਼ਾਂ ਵਿਚ 90 ਪ੍ਰਤੀਸ਼ਤ ਗੋਰੇ ਅਮਰੀਕੀ ਹਨ। ਸਾਲ 2007 ਵਿਚ 3 ਲੱਖ 70 ਹਜ਼ਾਰ ਵਿਅਕਤੀ ਹੈਰੋਇਨ ਵਰਤਦੇ ਸਨ। ਇਹ ਗਿਣਤੀ 2013 ਵਿਚ ਦੁਗਣੀ ਤੋਂ ਵੱਧ 6 ਲੱਖ 80 ਹਜ਼ਾਰ ਹੋ ਗਈ। ਜਿੱਥੇ ਕੋਕੀਨ ਦੀ ਅਮਰੀਕਾ ਵਿਚ ਵਰਤੋਂ ਵੱਧ ਰਹੀ ਹੈ ਉੱਥੇ ਯੂਰਪ ਵਿਚ ਪਿਛਲੇ ਦਹਾਕੇ ਵਿਚ ਇਸ ਦੀ ਵਰਤੋਂ ਇਕ ਤਿਹਾਈ ਘੱਟੀ ਹੈ। ਅਮਰੀਕਾ ਵਿਚ ਹੈਰੋਇਨ ਦੀ ਮੰਗ ਬੜੀ ਤੇਜ਼ੀ ਨਾਲ ਵੱਧੀ ਹੈ, ਉੱਥੇ ਸਪਲਾਈ ਵੀ ਬੜੀ ਤੇਜ਼ੀ ਨਾਲ ਵੱਧੀ ਹੈ। ਦੁਨੀਆਂ ਵਿਚ ਅਫ਼ੀਮ ਦੀ 80 ਪ੍ਰਤੀਸ਼ਤ ਪੈਦਾਵਾਰ ਅਫਗਾਨਿਸਤਾਨ ਵਿਚ ਹੁੰਦੀ ਹੈ, ਪਰ ਅਮਰੀਕਾ ਵਿਚ ਮੈਕਸੀਕੋ ਤੋਂ ਹੈਰੋਇਨ ਜਾਂਦੀ ਹੈ। ਅਫ਼ਗਾਨਿਸਤਾਨ ਤੇ ਮਾਇਨਮਾਰ ਤੋਂ ਬਾਦ ਮੈਕਸੀਕੋ ਅਫ਼ੀਮ ਪੈਦਾ ਕਰਨ ਵਾਲਾ ਤੀਸਰਾ ਵਡਾ ਦੇਸ਼ ਹੈ।

ਅਮਰੀਕਾ ਹੀ ਨਹੀਂ ਸਾਰੀ ਦੁਨੀਆਂ ਇਸ ਦੀ ਮਾਰ ਹੇਠ ਹੈ, ਇਸ ਲਈ ਵਿਸ਼ਵ ਭਰ ਵਿਚ ਇਸ ਵਿਰੁਧ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ। ਨਸ਼ਾ ਮੁਕਤ ਸਮਾਜ ਹੀ ਚੰਗਾ ਸਮਾਜ ਬਣ ਸਕਦਾ ਹੈ। ਸਮਾਜ ਸੇਵੀ ਸੰਸਥਾਵਾਂ ਇਸ ਦਿਸ਼ਾ ਵਿਚ ਚੰਗਾ ਕੰਮ ਕਰ ਰਹੀਆਂ ਹਨ ਪਰ ਸਰਕਾਰਾਂ ਨੂੰ ਵੀ ਇਸ ਬਾਰੇ ਉਸਾਰੂ ਕਦਮ ਚੁਕਣ ਦੀ ਲੋੜ ਹੈ। ਅਫ਼ੀਮ ਦੀ ਪੈਦਾਵਾਰ ਓਨੀ ਹੀ ਕੀਤੀ ਜਾਵੇ ਜਿੰਨੀ ਕਿ ਦਵਾਈਆਂ ਲਈ ਲੋੜੀਂਦੀ ਹੈ। ਨਸ਼ਾ ਪੈਦਾ ਕਰਨ ਵਾਲੀਆਂ ਦਵਾਈਆਂ ਦੀ ਵਿਕਰੀ ਉਪਰ ਵੀ ਕੰਟਰੋਲ ਕਰਨ ਦੀ ਲੋੜ ਹੈ। ਜੇ ਮਾਤਾ ਪਿਤਾ ਨਸ਼ੇ ਦੀ ਵਰਤੋਂ ਬੰਦ ਕਰ ਦੇਣ ਤਾਂ ਉਨ੍ਹਾਂ ਦੀ ਔਲਾਦ ਵੀ ਜ਼ਰੂਰ ਪ੍ਰਹੇਜ਼ ਕਰੇਗੀ। ਇਸ ਲਈ ਨਸ਼ਿਆਂ ਦੀ ਰੋਕਥਾਮ ਘਰ ਤੋਂ ਹੋਣੀ ਚਹੀਦੀ ਹੈ। ਪੰਜਾਬ ਸਮੇਤ ਭਾਰਤ ਦੇ ਸਾਰੇ ਸੂਬਿਆਂ ਨੂੰ ਵੀ ਗੁਜਰਾਤ, ਬਿਹਾਰ ਤੇ ਮੁਸਲਮ ਦੇਸ਼ਾਂ ਵਾਲੀ ਨੀਤੀ ਅਪਣਾ ਕੇ ਸ਼ਰਾਬ ਦੇ ਠੇਕੇ ਬੰਦ ਕਰਨੇ ਚਾਹੀਦੇ ਹਨ।

*25 ਦਸੰਬਰ 2015*



Academy of the Punjab in North America: http://www.apnaorg.com

# ਭਾਰਤੀ ਹਵਾਈ ਅੱਡਿਆਂ ਦੇ ਅੱਛੇ ਦਿਨ ਕਿਵੇਂ ਆਉਣ?

14 ਜੁਲਾਈ 2015 ਨੂੰ ਅੰਮ੍ਰਿਤਸਰ ਵਿਚ ਸ੍ਰੀ ਅਰੁਣ ਜੇਤਲੀ ਦੀ ਅੰਮ੍ਰਿਤਸਰ ਆਮਦ 'ਤੇ ਹੋਏ ਵਿਸ਼ਾਲ ਇਕੱਠ ਵਿਚ ਉਪ-ਮੁੱਖਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਜਿਹੜੀਆਂ ਦੋ ਮੰਗਾਂ ਰੱਖੀਆਂ ਉਨ੍ਹਾਂ ਵਿਚੋਂ ਪਹਿਲੀ ਤਾਂ ਬਿਲਕੁਲ ਫੌਰੀ ਲਾਗੂ ਕਰਨ ਦੀ ਲੋੜ ਹੈ ਕਿ ਅੰਮ੍ਰਿਤਸਰ ਤੋਂ 10 ਸਾਲ ਪਹਿਲਾਂ ਵਿਦੇਸ਼ਾਂ ਨੂੰ ਬੰਦ ਕੀਤੀਆਂ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕੀਤੀਆਂ ਜਾਣ ਤਾਂ ਜੋ ਪੰਜਾਬੀਆਂ ਨੂੰ ਦਿੱਲੀ ਹਵਾਈ ਅੱਡੇ ਤੇ ਹੁੰਦੀ ਖਜਲ ਖ਼ੁਆਰੀ ਤੋਂ ਛੁਟਕਾਰਾ ਮਿਲ ਸਕੇ ਪਰ ਜਿਥੋਂ ਤੀਕ ਦੂਜੀ ਮੰਗ ਕਿ ਆਦਮਪੁਰ ਦੇ ਫ਼ੌਜੀ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕੀਤੀਆਂ ਜਾਣ, ਉਹ ਵਿਚਾਰਨਯੋਗ ਹੈ। ਇਸ ਤੋਂ ਪਹਿਲਾਂ ਉਹ ਮਾਛੀਵਾੜਾ ਵਿਖੇ ਹਵਾਈ ਅੱਡਾ ਬਣਾਉਣ ਦੀ ਮੰਗ ਕਰਦੇ ਰਹੇ ਹਨ।

ਜਦ ਸ. ਉਮਰਾਉ ਸਿੰਘ ਜਲੰਧਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਹੁੰਦੇ ਸਨ ਤਾਂ ਉਨ੍ਹਾਂ ਦੇ ਅਕਸਰ ਬਿਆਨ ਆਉਂਦੇ ਰਹਿੰਦੇ ਸਨ ਕਿ ਜਲੰਧਰ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ ਬਣਾਇਆ ਜਾਵੇ ਪਰ ਭਾਰਤ ਸਰਕਾਰ ਨੇ ਅੰਗਰੇਜ਼ਾਂ ਦੇ ਸਮੇਂ ਤੋਂ ਬਣੇ ਅੰਮ੍ਰਿਤਸਰ ਹਵਾਈ ਅੱਡੇ ਦੇ ਵਿਕਾਸ ਨੂੰ ਤਰਜੀਹ ਦਿੱਤੀ। ਡਾ. ਮਨਮੋਹਨ ਸਿੰਘ ਨੇ ਇਸ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦਿੱਤਾ। ਹੁਣ ਇਸ ਦਾ ਨਾਂ ਦੁਨੀਆਂ ਦੇ ਬਿਹਤਰੀਨ ਹਵਾਈ ਅੱਡਿਆਂ ਵਿਚ ਸ਼ਾਮਲ ਹੈ।

ਭਾਰਤ ਵਿਚ 130 ਹਵਾਈ ਅੱਡੇ ਹਨ ਜਿਨ੍ਹਾਂ ਵਿਚੋਂ 24 ਅੰਤਰ-ਰਾਸ਼ਟਰੀ ਹਨ। ਇਨ੍ਹਾਂ ਤੋਂ ਇਲਾਵਾ 319 ਹਵਾਈ ਪਟੜੀਆਂ ਵੱਖਰੀਆਂ ਹਨ, ਜਿਨ੍ਹਾਂ ਉਪਰ ਕੇਵਲ ਹਵਾਈ ਜਹਾਜ਼ਾਂ ਨੂੰ ਉਤਾਰਿਆ ਜਾ ਸਕਦਾ ਹੈ। ਭਾਰਤੀ ਏਅਰਪੋਰਟ ਅਥਾਰਟੀ ਅਧੀਨ 125 ਹਵਾਈ ਅੱਡੇ ਹਨ। 17 ਮਾਰਚ 2015 ਨੂੰ ਲੋਕ ਸਭਾ ਵਿਚ ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਸ੍ਰੀ ਮਹੇਸ਼ ਸ਼ਰਮਾ ਨੇ ਲਿਖਤੀ ਜੁਆਬ ਵਿਚ ਦੱਸਿਆ ਕਿ ਕੇਵਲ 2 ਹਵਾਈ ਅੱਡੇ ਗੋਆ ਅਤੇ ਚੈਨਈ ਲਾਭ ਕਮਾ ਰਹੇ ਹਨ, ਬਾਕੀ ਸਭ ਘਾਟੇ ਵਿਚ ਹਨ। ਪਿਛਲੇ ਮੌਨਸੂਨ ਸੈਸ਼ਨ ਵਿਚ ਉਨ੍ਹਾਂ ਕਿਹਾ ਸੀ ਕਿ 2014-15 ਵਰ੍ਹੇ ਵਿਚ ਭਾਰਤੀ ਏਅਰਪੋਰਟ ਅਥਾਰਟੀ ਨੂੰ 1129.30 ਕਰੋੜ ਰੁਪਏ ਘਾਟਾ ਪੈਣ ਦੀ ਸੰਭਾਵਨਾ ਹੈ। ਇਹ ਘਾਟਾ ਲਗਾਤਾਰ ਵੱਧ ਰਿਹਾ ਹੈ। 2010-11 ਵਿਚ ਘਾਟਾ 895.39 ਕਰੋੜ ਸੀ ਜੋ 2011-12 ਵਿਚ ਵੱਧ ਕੇ 1101.84 ਕਰੋੜ ਰੁਪਏ ਤੇ 2012-13 ਵਿਚ ਵੱਧ ਕੇ 1546.84



Academy of the Punjab in North America: http://www.apnaorg.com

ਕਰੋੜ ਰੁਪਏ ਹੋ ਗਿਆ।

ਇਕਨਾਮਿਕ ਟਾਇਮਜ਼ ਅਨੁਸਾਰ 2012-13 ਸਾਲ ਦੇ ਸਭ ਤੋਂ ਜ਼ਿਆਦਾ ਘਾਟੇ ਵਾਲੇ ਹਵਾਈ ਔਂਡਿਆਂ ਵਿਚੋਂ ਪਹਿਲੇ 10 ਕ੍ਰਮਵਾਰ ਹਵਾਈ ਅੱਡੇ ਸਨ—ਜੈਪੁਰ, ਲਖਨਊ, ਅੰਮ੍ਰਿਤਸਰ, ਭੂਪਾਲ, ਅਹਿਮਦਾਬਾਦ, ਔਰੰਗਾਬਾਦ, ਗੁਹਾਟੀ, ਇੰਦੌਰ, ਭੁਵਨੇਸ਼ਵਰ ਤੇ ਪਟਨਾ। ਇਨ੍ਹਾਂ ਦਾ ਕ੍ਰਮਵਾਰ ਘਾਟਾ 72.3 ਕਰੋੜ, 62.93 ਕਰੋੜ, 61.13 ਕਰੋੜ, 52.52 ਕਰੋੜ, 51.53 ਕਰੋੜ, 50.67 ਕਰੋੜ 48.55 ਕਰੋੜ, 42.74 ਕਰੋੜ, 37.4 ਕਰੋੜ ਤੇ 35.67 ਕਰੋੜ ਰੁਪਏ ਸੀ।

ਘਾਟਾ ਹੋਣ ਦੇ ਬਾਵਜੂਦ ਭਾਰਤ ਸਰਕਾਰ ਆਉਂਦੇ ਕੁਝ ਸਾਲਾਂ ਵਿਚ 50 ਘੱਟ ਲਾਗਤ ਵਾਲੇ ਹਵਾਈ ਅੱਡੇ ਤੇ ਅਗਲੇ 20 ਸਾਲਾਂ ਵਿਚ 200 ਬਜਟ ਹਵਾਈ ਅੱਡੇ ਬਨਾਉਣ ਦੀ ਯੋਜਨਾ ਬਣਾ ਰਹੀ ਹੈ। ਏਅਰਲਾਈਨਾਂ ਘਾਟੇ ਵਾਲੇ ਰੂਟਾਂ ਤੋਂ ਆਪਣੀਆਂ ਉਡਾਣਾਂ ਬੰਦ ਕਰ ਰਹੀਆਂ ਹਨ, ਜਿਸ ਕਰਕੇ ਹਵਾਈ ਔਂਡਿਆਂ ਦੀ ਆਮਦਨ ਘੱਟ ਰਹੀ ਹੈ। ਕੁਝ ਸਾਲ ਪਹਿਲਾਂ 106 ਹਵਾਈ ਔਂਡਿਆਂ ‘ਤੇ ਉਡਾਣਾਂ ਚਲਦੀਆਂ ਸਨ ਜਿਨ੍ਹਾਂ ਦੀ ਗਿਣਤੀ ਹੁਣ ਘੱਟ ਕੇ 70 ਰਹਿ ਗਈ ਹੈ। ਪੰਜਾਬ ਵਿਚ ਬਠਿੰਡਾ, ਲੁਧਿਆਣਾ ਤੇ ਪਠਾਨਕੋਟ ਹਵਾਈ ਔਂਡਿਆਂ ਤੋਂ ਉਡਾਣਾਂ ਸ਼ੁਰੂ ਹੋਈਆਂ ਪਰ ਫਿਰ ਬੰਦ ਹੋ ਗਈਆਂ। ਭਾਰਤ ਵਿਚ ਅਜਿਹੇ ਕਈ ਹੋਰ ਐਸੇ ਹਵਾਈ ਅੱਡੇ ਹਨ, ਜਿਨ੍ਹਾਂ ਤੋਂ ਕੋਈ ਉਡਾਣ ਨਹੀਂ ਜਾਂਦੀ। ਜਿਹੜੇ ਹਵਾਈ ਅੱਡੇ ਬੰਦ ਪਏ ਹਨ ਜਾਂ ਜਿਨ੍ਹਾਂ ਤੋਂ ਇਕਾ-ਦੁਕਾ ਉਡਾਣ ਜਾਂਦੀ ਹੈ ਉਹ ਸਾਰੇ ਵੋਟ ਬੈਂਕ ਪੱਕਾ ਕਰਨ ਲਈ ਬਣਾਏ ਗਏ ਸਨ।

ਪਿਛਲੀ ਸਰਕਾਰ ਵੇਲੇ ਤਜਵੀਜ਼ ਆਈ ਸੀ ਕਿ 150 ਕਿਲੋ ਮੀਟਰ ਘੇਰੇ ਅੰਦਰ ਹੋਰ ਕੋਈ ਹਵਾਈ ਅਡਾ ਨਹੀਂ ਬਣਾਇਆ ਜਾਣਾ ਚਾਹੀਦਾ ਕਿਉਂਕਿ ਭਾਰਤ ਵਿਚ ਵਿਦੇਸ਼ਾਂ ਦੇ ਮੁਕਾਬਲੇ ‘ਤੇ ਹਵਾਈ ਸਫ਼ਰ ਕਰਨ ਵਾਲਿਆਂ ਦੀ ਗਿਣਤੀ ਬਹੁਤ ਘਟ ਹੈ। ਹਵਾਈ ਅੱਡੇ ਬੱਸ ਅੱਡੇ ਨਹੀਂ ਜਿਹੜੇ ਥਾਂ-ਥਾਂ ਖੋਲ੍ਹੇ ਜਾਣ। ਬ੍ਰੇਕ ਮਾਰੀ ਤੇ ਸਵਾਰੀ ਉਤਾਰ ਦਿੱਤੀ ਤੇ ਚੜ੍ਹਾ ਲਈ। ਆਦਮਪੁਰ, ਅੰਮ੍ਰਿਤਸਰ ਤੋਂ ਬਹੁਤ ਦੂਰ ਨਹੀਂ। ਇਸ ਲਈ ਆਦਮਪੁਰ ਤੋਂ ਉਡਾਣਾਂ ਸ਼ੁਰੂ ਕਰਨ ਦੀ ਕੋਈ ਲੋੜ ਨਹੀਂ। ਲੋੜ ਇਹ ਹੈ ਨਵੇਂ ਹਵਾਈ ਅੱਡੇ ਬਨਾਉਣ ਦੀ ਥਾਂ ‘ਤੇ ਅੰਮ੍ਰਿਤਸਰ ਤੇ ਬਾਕੀ ਹਵਾਈ ਔਂਡਿਆਂ ਨੂੰ ਲਾਭ ਵਿਚ ਲਿਆਉਣ ਲਈ ਕਦਮ ਚੁੱਕੇ ਜਾਣ।

10 ਸਾਲ ਪਹਿਲਾਂ ਦਿੱਲੀ ਹਵਾਈ ਅੱਡੇ ਦੀ ਆਮਦਨ ਵਧਾਉਣ ਲਈ ਭਾਰਤ ਸਰਕਾਰ ਨੇ ਅੰਮ੍ਰਿਤਸਰ ਤੇ ਹੋਰ ਉਤਰੀ ਭਾਰਤ ਦੇ ਹਵਾਈ ਔਂਡਿਆਂ ਦੀਆਂ ਵਿਦੇਸ਼ਾਂ ਨੂੰ ਜਾਂਦੀਆਂ ਸਿੱਧੀਆਂ ਉਡਾਣਾਂ ਬੰਦ ਕਰਕੇ ਬਰਾਸਤਾ ਦਿੱਲੀ ਕਰ ਦਿੱਤੀਆਂ। ਇਸ ਨਾਲ ਜਿੱਥੇ ਅੰਮ੍ਰਿਤਸਰ ਤੇ ਦੂਜੇ ਹਵਾਈ ਔਂਡਿਆਂ ਦੀ ਆਮਦਨ ਘੱਟੀ ਉੱਥੇ ਏਅਰ ਇੰਡੀਆ ਦੀਆਂ ਉਡਾਣਾਂ ਵੀ ਘਾਟੇ ਵਿਚ ਚਲੀਆਂ ਗਈਆਂ। ਇਸ ਨੀਤੀ ਨੂੰ ਖ਼ਤਮ ਕਰਨ ਦੀ ਥਾਂ 'ਤੇ ਜਿਹੜੀ ਨੀਤੀ ਮੋਦੀ ਸਰਕਾਰ ਬਣਾ ਰਹੀ ਹੈ, ਉਹ ਨਾ ਕੇਵਲ ਸਰਕਾਰੀ ਹਵਾਈ ਔਂਡਿਆਂ ਸਗੋਂ ਏਅਰ ਇੰਡੀਆ ਲਈ ਵੀ ਤਬਾਹਕੁਨ ਸਾਬਤ ਹੋਵੇਗੀ, ਜਿਸ ਦੀ ਵਿਰੋਧਤਾ ਪੰਜਾਬ ਸਰਕਾਰ ਤੇ ਕੇਰਲਾ ਸਰਕਾਰ ਕਰ ਰਹੀ ਹੈ।

ਨਵੀਂ ਨੀਤੀ ਅਨੁਸਾਰ ਭਾਰਤ ਸਰਕਾਰ 6 ਮੈਟਰੋ ਹਵਾਈ ਔਂਡਿਆਂ ਨੂੰ ਹੱਬ ਬਣਾ



Academy of the Punjab in North America: http://www.apnaorg.com

ਕੇ ਸਾਰੀਆਂ ਉਡਾਣਾਂ ਇਨ੍ਹਾਂ ਹਵਾਈ ਅੱਡਿਆਂ ਰਾਹੀਂ ਵਿਦੇਸ਼ਾਂ ਨੂੰ ਭੇਜਣਾ ਚਾਹੁੰਦੀ ਹੈ। ਇਹ ਹਵਾਈ ਅੱਡੇ ਹਨ ਦਿੱਲੀ, ਮੁੰਬਈ, ਬੰਗਲਾਰੂ, ਕਲਕੱਤਾ, ਹੈਦਰਾਬਾਦ ਤੇ ਕੋਚੀਨ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀ ਬਿਕਰਮ ਸਿੰਘ ਮਜੀਠਿਆ ਨੇ ਇਸ ਦਾ ਵਿਰੋਧ ਕਰਦੇ ਹੋਏ ਮੰਗ ਕੀਤੀ ਹੈ ਕਿ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਦਿੱਲੀ ਵਾਂਗ ਹਬ ਬਣਾ ਕੇ ਵਿਦੇਸ਼ਾਂ ਨੂੰ ਏਅਰ ਕਾਰਗੋ ਤੇ ਹੋਰ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣ। ਉਨ੍ਹਾਂ ਇਹ ਦਲੀਲ ਵੀ ਦਿੱਤੀ ਹੈ ਕਿ ਏਅਰ ਲਾਈਨਾਂ ਨੂੰ ਕਿਸੇ ਵੀ ਹਵਾਈ ਅੱਡੇ ਨੂੰ ਹੱਬ ਬਨਾਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਕੇਰਲਾ ਸਰਕਾਰ ਦਾ ਕਹਿਣਾ ਹੈ ਕਿ ਕੇਰਲਾ ਸੂਬੇ ਦੇ ਹਵਾਈ ਅੱਡਿਆਂ ਦੀਆਂ ਸਵਾਰੀਆਂ ਦੀ ਗਿਣਤੀ ਚੈਨਈ ਹਵਾਈ ਅੱਡੇ ਨਾਲੋਂ ਜ਼ਿਆਦਾ ਹੈ ਜਿਸ ਨੂੰ ਕਿ ਹੱਬ ਬਣਾਇਆ ਜਾ ਰਿਹਾ ਹੈ।

ਜੇ ਇਕ ਹਵਾਈ ਜਹਾਜ਼ ਹਵਾਈ ਅਡੇ 'ਤੇ ਖੜਾ ਰਹੇ ਤਾਂ ਇਸ ਨਾਲ ਹਵਾਈ ਅੱਡੇ ਨੂੰ 10 ਕਰੋੜ ਰੁਪਏ ਸਾਲਾਨਾ ਆਮਦਨ ਹੁੰਦੀ ਹੈ। ਜੇ ਅੰਮ੍ਰਿਤਸਰ ਤੋਂ ਲੰਡਨ, ਬਰਮਿੰਘਮ, ਵੈਨਕੂਅਰ, ਟੋਰਾਂਟੋ, ਸਾਨਫਰਾਂਸਿਸਕੋ, ਅਸਟਰੇਲੀਆ ਲਈ ਸਿੱਧੀਆਂ ਉਡਾਣਾਂ ਸ਼ੁਰੂ ਹੋ ਜਾਣ ਤਾਂ ਇਹ ਹਵਾਈ ਅੱਡਾ ਲਾਭ ਕਮਾ ਸਕਦਾ ਹੈ। ਇਸੇ ਤਰ੍ਹਾਂ ਬਾਕੀ ਹਵਾਈ ਅੱਡਿਆਂ ਦੇ ਘਾਟੇ ਨੂੰ ਘਟਾਇਆ ਜਾ ਸਕਦਾ ਹੈ ਜਾਂ ਲਾਭ ਵਿਚ ਲਿਆਂਦਾ ਜਾ ਸਕਦਾ ਹੈ।

ਮੁਕਦੀ ਗੱਲ ਇਹ ਹੈ ਕਿ ਚੋਣਾਂ ਸਮੇਂ ਮੋਦੀ ਜੀ ਨੇ ਅੱਛੇ ਦਿਨ ਲਿਆਉਣ ਦੀ ਗੱਲ ਕੀਤੀ ਸੀ ਪਰ ਉਹ ਤਾਂ ਹਵਾਈ ਅੱਡਿਆਂ ਅਤੇ ਏਅਰ ਇੰਡੀਆ ਲਈ ਬੁਰੇ ਦਿਨ ਲਿਆਉਣ ਜਾ ਰਹੇ ਹਨ। ਅੱਛੇ ਦਿਨ ਲਿਆਉਣ ਲਈ ਜਿਸ ਹਵਾਈ ਅੱਡੇ ਤੋਂ ਜਿਹੜੀ ਲਾਹੇਵੰਦ ਉਡਾਣ ਚਲ ਸਕਦੀ ਹੈ ਉਹ ਚਲਾਉਣੀ ਚਾਹੀਦੀ ਹੈ ਤੇ ਹਵਾਈ ਅੱਡਿਆਂ ਦੇ ਪ੍ਰਬੰਧਕੀ ਢਾਂਚੇ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ।

*20 ਜੁਲਾਈ 2015*



Academy of the Punjab in North America: http://www.apnaorg.com

# ਹਵਾਈ ਅੱਡਿਆਂ 'ਤੇ ਖ਼ਤਮ ਹੋਵੇ 'ਵੀ.ਆਈ.ਪੀ. ਵਿਵਸਥਾ'

ਮੌਜੂਦਾ ਸਰਕਾਰ ਦੇ ਕਈ ਮੰਤਰੀ ਕਈ ਬੇ-ਤੁਕੇ ਬਿਆਨ ਦਿੰਦੇ ਰਹਿੰਦੇ ਹਨ। ਅਜਿਹਾ ਹੀ ਇਕ ਬੇ-ਤੁਕਾ ਬਿਆਨ 7 ਅਪ੍ਰੈਲ 2015 ਨੂੰ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਰਾਜਪੱਤੀ ਰਾਜੂ ਨੇ ਦਿੱਤਾ ਕਿ ਪਹਿਲਾਂ ਹਵਾਈ ਸਫ਼ਰ ਸਮੇਂ ਉਨ੍ਹਾਂ ਦੀ ਜਾਂਚ ਸਮੇਂ ਉਨ੍ਹਾਂ ਦੀਆਂ ਮਾਚਿਸ ਡੱਬੀਆਂ ਜ਼ਬਤ ਕਰ ਲਈਆਂ ਜਾਂਦੀਆਂ ਸਨ ਪਰ ਹੁਣ ਮੰਤਰੀ ਕਰਕੇ ਉਨ੍ਹਾਂ ਦੀ ਜਾਂਚ ਨਹੀਂ ਕੀਤੀ ਜਾਂਦੀ ਜਿਸ ਕਰਕੇ ਉਨ੍ਹਾਂ ਨੂੰ ਹੁਣ ਮਾਚਿਸ ਦੀ ਡੱਬੀ ਨਾਲ ਖੜ੍ਹਨ ਦੀ ਆਗਿਆ ਹੈ। ਮਜ਼ੇਦਾਰ ਗੱਲ ਇਹ ਹੈ ਕਿ ਉਨ੍ਹਾਂ ਨੇ ਇੱਥੋਂ ਤਕ ਕਿਹਾ ਕਿ ਉਨ੍ਹਾਂ ਨੂੰ ਦੁਨੀਆਂ ਵਿਚ ਇਕ ਵੀ ਉਦਾਹਰਨ ਨਹੀਂ ਮਿਲੀ ਜਿਸ ਵਿਚ ਮਾਚਿਸ ਹਵਾਈ ਜਹਾਜ਼ ਲਈ ਖ਼ਤਰਨਾਕ ਹੋਵੇ।

ਮੰਤਰੀ ਜੀ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਮਾਚਸਾਂ ਉਪਰ ਪਾਬੰਦੀ ਦਸੰਬਰ 2001 ਵਿਚ ਉਸ ਸਮੇਂ ਲਗਾਈ ਗਈ ਜਦ ਅਮਰੀਕਾ ਵਿਚ ਰਿਚਰਡ ਰੀਡ ਨੇ ਜੁੱਤੀ ਵਿਚ ਲੁਕਾਏ ਬੰਬ ਨੂੰ ਹਵਾਈ ਜਹਾਜ਼ ਵਿਚ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਮਾਚਸ ਦੀ ਤੀਲੀ ਨਾਲ ਲਾਈ ਅੱਗ ਜਹਾਜ਼ ਨੂੰ ਤਬਾਹ ਕਰ ਸਕਦੀ ਹੈ। ਇਸ ਤਰ੍ਹਾਂ ਇਹ ਜਹਾਜ਼ ਨੂੰ ਅਗਵਾ ਕਰਨ ਨਾਲੋਂ ਵੀ ਖ਼ਤਰਨਾਕ ਹੈ।

ਹਵਾਈ ਅੱਡਿਆਂ 'ਤੇ ਸਵਾਰੀਆਂ ਦੀ ਸਖ਼ਤੀ ਨਾਲ ਜਾਂਚ ਅਮਰੀਕਾ ਵਿਚ 11 ਸਤੰਬਰ 2001 ਨੂੰ 19 ਅਲਕਾਇਦਾ ਅਤਿਵਾਦੀਆਂ ਵੱਲੋਂ 4 ਹਵਾਈ ਜਹਾਜ਼ ਅਗਵਾ ਕਰਕੇ ਕੀਤੇ ਆਤਮਘਾਤੀ ਹਮਲੇ ਪਿੱਛੋਂ ਸ਼ੁਰੂ ਹੋਈ। ਇਨ੍ਹਾਂ ਵਿਚੋਂ 2 ਜਹਾਜ਼ ਤਾਂ ਉਨ੍ਹਾਂ ਨਿਊਯਾਰਕ ਸਥਿਤ ਵਿਸ਼ਵ-ਵਪਾਰ ਕੇਂਦਰ ਉਪਰ ਮਾਰੇ। ਤੀਜਾ ਅਮਰੀਕਾ ਦੀ ਰਾਜਧਾਨੀ ਵਿਖੇ ਪੈਂਟਾਗਨ ਵਿਚ ਮਾਰਿਆ ਤੇ ਚੌਥਾ ਪੈਨੀਸਲਵੇਨੀਆ ਦੇ ਖੇਤਾਂ ਵਿਚ ਤਬਾਹ ਹੋ ਗਿਆ। ਨਿਊਯਾਰਕ ਅਤੇ ਵਾਸ਼ਿੰਗਟਨ ਡੀ.ਸੀ. ਵਿਖੇ ਕੀਤੇ ਹਮਲਿਆਂ ਵਿਚ 3000 ਤੋਂ ਵੱਧ ਵਿਅਕਤੀ ਮਾਰੇ ਗਏ, ਜਿਨ੍ਹਾਂ ਵਿਚ 400 ਪੁਲੀਸ ਕਰਮੀ ਤੇ ਫਾਇਰਬ੍ਰਿਗੇਡ ਵਾਲੇ ਸਨ।

ਸੀ.ਸੀ.ਟੀ.ਵੀ. ਕੈਮਰਿਆਂ ਦੀ ਪੜਤਾਲ ਤੋਂ ਪਤਾ ਲੱਗਾ ਕਿ ਇਨ੍ਹਾਂ ਪਾਸ ਪੈਂਟਾਂ ਦੀਆਂ ਪਿਛਲੀਆਂ ਜੇਬਾਂ ਵਿਚ ਚਾਕੂ ਤੇ ਕਟਰ ਸਨ। ਉਸ ਸਮੇਂ ਛੋਟੇ ਚਾਕੂਆਂ ਉਪਰ ਪਾਬੰਦੀ ਨਹੀਂ ਸੀ। ਇਸ ਤੋਂ ਪਿੱਛੋਂ ਅਮਰੀਕਾ ਨੇ ਕਈ ਸਖ਼ਤ ਕਦਮ ਚੁੱਕੇ। ਪਹਿਲੀ ਗੱਲ ਇਹ ਹੈ ਕਿ ਇਥੇ ਹਵਾਈ ਅੱਡਿਆਂ ਉਪਰ ਸਾਡੇ ਵਾਂਗ ਵੀ.ਆਈ.ਪੀ. ਲਈ ਕੋਈ



Academy of the Punjab in North America: http://www.apnaorg.com

ਵਿਵਸਥਾ ਨਹੀਂ। ਕੇਵਲ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਤੇ ਸਪੀਕਰ ਨੂੰ ਹੀ ਤਲਾਸ਼ੀ ਤੋਂ ਛੋਟ ਹੈ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਪਾਸ ਹਮੇਸ਼ਾਂ ਸੁਰੱਖਿਆ ਗਾਰਡ ਹੁੰਦੇ ਹਨ। ਹਵਾਈ ਅੱਡਿਆਂ 'ਤੇ ਇਨ੍ਹਾਂ ਨੇ ਆਧੁਨਿਕ ਮਸ਼ੀਨਾਂ ਲਾਈਆਂ ਹਨ, ਜਿਨ੍ਹਾਂ ਵਿਚ ਸਾਰੇ ਸਰੀਰ ਦੀ ਤਸਵੀਰ ਆ ਜਾਂਦੀ ਹੈ ਤੇ ਉਹ ਕਿਸੇ ਵੀ ਥਾਂ ਲੁਕਾਈ ਚੀਜ਼ ਦਸ ਦਿੰਦੀਆਂ ਹਨ। ਇਸ ਦੇ ਬਾਵਜੂਦ ਵੀ ਕਪੜਿਆਂ ਨੂੰ ਛੱਡ ਕੇ ਬਾਕੀ ਸਾਰਾ ਸਾਮਾਨ ਜਿਵੇਂ ਘੜੀ, ਬੈਲਟ, ਗਹਿਣੇ, ਜੁੱਤੀ, ਪਰਸ, ਫੋਨ ਆਦਿ ਲੁਆ ਕੇ ਉਨ੍ਹਾਂ ਦੀ ਸਕੈਨਿੰਗ ਕੀਤੀ ਜਾਂਦੀ ਹੈ। ਦਸਤਾਰ ਦੀ ਵੀ ਉਹ ਪੜਤਾਲ ਕਰਦੇ ਹਨ ਕਿ ਇਸ ਵਿਚ ਕੋਈ ਚੀਜ਼ ਨਾ ਲੁਕਾਈ ਹੋਵੇ। ਉਹ ਦਸਤਾਰ ਨਹੀਂ ਲੁਹਾਉਂਦੇ। ਇਸ ਲਈ ਉਹ ਯਾਤਰੂ ਨੂੰ ਦਸਤਾਰ ਉਪਰ ਹੱਥ ਫੇਰਨ ਲਈ ਕਹਿੰਦੇ ਹਨ ਤੇ ਬਾਦ ਵਿਚ ਇਕ ਕਾਗਜ਼ ਹੱਥ 'ਤੇ ਫੇਰ ਕੇ ਕਮਪਿਊਟਰ ਉਪਰ ਪੜਤਾਲ ਕਰਦੇ ਹਨ। ਜਿਹੜਾ ਸਾਮਾਨ ਜਮਾਂ ਕਰਵਾਇਆ ਜਾਂਦਾ ਹੈ, ਉਸ ਵਿਚ ਕੋਈ ਧਮਾਕਾਖੇਜ਼ ਸਮਗਰੀ ਨਾ ਹੋਵੇ, ਉਸ ਲਈ ਵਿਸ਼ੇਸ਼ ਸਕੈਨਿੰਗ ਮਸ਼ੀਨਾਂ ਹਨ ਤੇ ਕੁੱਤੇ ਹਨ ਜਿਹੜੇ ਸਾਮਾਨ ਨੂੰ ਸੁੰਘ ਕੇ ਇਸ ਬਾਰੇ ਜਾਣਕਾਰੀ ਦਿੰਦੇ ਹਨ। ਮਾਚਸ ਦੀ ਗੱਲ ਤਾਂ ਦੂਰ ਦੀ ਹੈ, ਹੁਣ ਤਾਂ ਅੰਮ੍ਰਿਤਧਾਰੀ ਸਿੰਘਾਂ ਨੂੰ ਛੋਟੀ ਕਿਰਪਾਨ ਵੀ ਜਹਾਜ਼ ਵਿਚ ਲੈ ਜਾਣ ਦੀ ਆਗਿਆ ਨਹੀਂ।

ਅੱਜ ਵਿਸ਼ਵ ਭਰ ਵਿਚ ਅਤਿਵਾਦ ਦਾ ਖ਼ਤਰਾ ਮੰਡਰਾ ਰਿਹਾ ਹੈ। ਹਾਲ ਹੀ ਵਿਚ ਦਹਿਸ਼ਤਗਰਦਾਂ ਦਾ ਇਕ ਬਿਆਨ ਆਇਆ ਹੈ ਕਿ ਉਹ ਧਾਤ ਤੋਂ ਬਗੈਰ ਆਮ ਸਮਗਰੀ ਨਾਲ ਜਹਾਜ਼ ਵਿਚ ਧਮਾਕਾ ਕਰ ਸਕਦੇ ਹਨ।

ਜਹਾਜ਼ਾਂ ਨੂੰ ਅਗਵਾ ਕਰਨ ਤੇ ਉਨ੍ਹਾਂ ਨੂੰ ਧਮਾਕਾਖੇਜ਼ ਸਮਗਰੀ ਨਾਲ ਉਡਾਣ ਦੀਆਂ ਅਨੇਕਾਂ ਉਦਾਹਰਨਾਂ ਹਨ। 6 ਅਕਤੂਬਰ 1976 ਨੂੰ ਕਿਊਬਾਂ ਦਾ ਜਹਾਜ਼ ਜੋ ਕਿ ਜਮੈਕਾ ਜਾ ਰਿਹਾ ਸੀ ਅਤਿਵਾਦ ਹਮਲੇ ਦਾ ਸ਼ਿਕਾਰ ਹੋ ਗਿਆ ਜਿਸ ਵਿਚ ਸਵਾਰ 73 ਯਾਤਰੂ ਮਾਰੇ ਗਏ। ਦੁਨੀਆਂ ਵਿਚ ਸਭ ਤੋਂ ਦਰਦਨਾਕ ਹਾਦਸੇ ਦਾ ਸ਼ਿਕਾਰ ਏਅਰ ਇੰਡੀਆ ਦੀ ਉਡਾਣ ਨੰਬਰ 182 ਹੋਈ ਜੋ 23 ਜੂਨ 1985 ਨੂੰ ਕੈਨੇਡਾ ਦੇ ਮੌਨਟਰੀਅਲ ਸ਼ਹਿਰ ਤੋਂ ਦਿੱਲੀ ਬਰਾਸਤਾ ਲੰਡਨ ਆ ਰਹੀ ਸੀ। ਜਦ ਇਹ ਜਹਾਜ਼ ਆਇਰਲੈਂਡ ਦੇ ਦੱਖਣ ਐਂਟਲਾਟਿਕ ਮਹਾਂਦੀਪ ਉਪਰ 31 ਹਜ਼ਾਰ ਫੁੱਟ ਦੀ ਉਚਾਈ 'ਤੇ ਉੱਡ ਰਿਹਾ ਸੀ ਤਾਂ ਇਸ ਵਿਚ ਬੰਬ ਦਾ ਧਮਾਕਾ ਹੋਇਆ। ਏਅਰ ਇੰਡੀਆ ਦੇ ਕਨਿਸ਼ਕਾ ਐਮਪਰ ਨਾਂ ਦੇ ਇਸ ਬੋਇੰਗ 747- 237 ਬੀ ਵਿਚ ਸਾਰੇ ਦੇ ਸਾਰੇ 329 ਸੁਆਰ ਮਾਰੇ ਗਏ, ਜਿਨ੍ਹਾਂ ਵਿਚ 268 ਕੈਨੇਡੀਅਨ ਸਿਟੀਜਨ 27 ਬਰਤਾਨੀਆ ਤੇ 24 ਭਾਰਤੀ ਸਨ, ਪਰ ਇਨ੍ਹਾਂ ਵਿਚ ਬਹੁ-ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਸੀ ਜੋ ਆਪਣੀ ਪਿਤਰ ਭੂਮੀ ਭਾਰਤ ਵੇਖਣ ਆ ਰਹੇ ਸਨ। ਇਹ ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਘਟਨਾ ਸੀ, ਜਿਸ ਵਿਚ ਵੱਡੀ ਪੱਧਰ ਤੇ ਏਨੇ ਲੋਕ ਮਾਰੇ ਗਏ ਸਨ। ਇਹ ਵਾਕਿਆ ਉਸ ਸਮੇਂ ਹੋਇਆ ਜਿਸ ਸਮੇਂ ਜਾਪਾਨ ਦੇ ਟੋਕੀਓ ਦੇ ਨਰਿਟਾ ਹਵਾਈ ਅੱਡੇ 'ਤੇ ਇਸੇ ਤਰੀਕ ਨੂੰ ਬੰਬ ਧਮਾਕਾ ਹੋਇਆ। ਪੜਤਾਲ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਹ ਧਮਾਕਾ ਏਅਰ ਇੰਡੀਆ ਦੀ ਉਡਾਣ 301 ਜਿਸ ਵਿਚ 177 ਸੁਆਰੀਆਂ ਸਨ, ਨੂੰ ਉਡਾਣ ਲਈ ਕੀਤਾ ਗਿਆ। ਦੋਵੇਂ ਧਮਾਕੇ ਕਥਿਤ ਤੌਰ 'ਤੇ ਇਕੋ ਸੰਸਥਾ ਵੱਲੋਂ ਕੀਤੇ ਗਏ ਪਰ ਇਹ ਧਮਾਕਾ ਉਸ



Academy of the Punjab in North America: http://www.apnaorg.com

ਸਮੇਂ ਹੋਇਆ ਜਦ ਸਾਮਾਨ ਜਹਾਜ਼ ਤੋਂ ਬਾਹਰ ਸੀ। ਇਸ ਧਮਾਕੇ ਵਿਚ 2 ਸਾਮਾਨ ਸੰਭਾਲਣ ਵਾਲੇ ਮਾਰੇ ਗਏ ਤੇ 4 ਜ਼ਖ਼ਮੀ ਹੋਏ। ਇਹ ਦੋਵੇਂ ਧਮਾਕੇ ਕਥਿਤ ਤੌਰ 'ਤੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦਾ ਬਦਲਾ ਲੈਣ ਲਈ ਬਬਰ ਖ਼ਾਲਸਾ ਵਲੋਂ ਕੀਤੇ ਗਏ। ਇਸ ਘਟਨਾ ਪਿੱਛੋਂ ਕੈਨੇਡਾ ਸਰਕਾਰ ਨੇ ਹਵਾਈ ਅੱਡਿਆਂ 'ਤੇ ਸਖ਼ਤ ਸੁਰੱਖਿਆ ਦੇ ਪ੍ਰਬੰਧ ਕੀਤੇ। ਇਸੇ ਤਰ੍ਹਾਂ ਸਾਮਾਨ ਦੀ ਚੈਕਿੰਗ ਸਮੇਂ ਇਕ ਬੰਬ ਸੁਰੱਖਿਆ ਕਰਮਚਾਰੀਆਂ ਦੀ ਚੈਕਿੰਗ ਤੋਂ ਬਚ ਕੇ ਪੈਨ ਅਮੈਰਿਕਾ ਦੇ ਜਹਾਜ਼ ਦੇ ਹਾਦਸੇ ਦਾ ਕਾਰਨ 1988 ਵਿਚ ਬਣਿਆ, ਜਿਸ ਵਿਚ 270 ਵਿਅਕਤੀ ਮਾਰੇ ਗਏ।

10 ਅਗਸਤ 2006 ਨੂੰ ਬਰਤਾਨੀਆ ਨੇ ਇਕ ਸਾਜਿਸ਼ ਦਾ ਪਤਾ ਲਾਇਆ ਜਿਸ ਅਨੁਸਾਰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਜਹਾਜ਼ਾਂ ਨੂੰ ਤਰਲ ਪਦਾਰਥਾਂ ਨਾਲ ਉਡਾਇਆ ਜਾਣਾ ਸੀ। ਇਸ ਪਿੱਛੋਂ ਹੱਥ ਵਾਲੇ ਸਾਮਾਨ ਵਿਚ ਤਰਲ ਪਦਾਰਥ ਖੜ੍ਹਨ 'ਤੇ ਪਾਬੰਦੀ ਲਾ ਦਿੱਤੀ ਗਈ।

ਜਿੱਥੋਂ ਤੀਕ ਭਾਰਤ ਦਾ ਸੰਬੰਧ ਹੈ, ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਏਅਰ ਇੰਡੀਆ ਦੀ ਉਡਾਣ ਆਈ.ਸੀ. 814 ਜੋ ਨੇਪਾਲ ਦੇ ਕਠਮੰਡੂ ਹਵਾਈ ਅੱਡੇ ਤੋਂ 24 ਦਸੰਬਰ 1999 ਨੂੰ ਦਿੱਲੀ ਆ ਰਹੀ ਸੀ ਪਾਕਿਸਤਾਨ ਦੇ ਅਤਿਵਾਦੀ ਧੜੇ ਹਰਕਤ ਉਲ ਮੁਜਾਹੇਦੀਨ ਵੱਲੋਂ ਅਗਵਾ ਕਰ ਲਈ ਗਈ। ਬੰਦੂਕ ਦੀ ਨੋਕ 'ਤੇ ਅਗਵਾ ਕੀਤੀ ਗਈ ਉਹ ਉਡਾਣ ਅੰਮ੍ਰਿਤਸਰ, ਲਾਹੌਰ, ਡੂਬਈ ਦੇ ਹਵਾਈ ਅੱਡਿਆਂ ਤੋਂ ਉਤਰਦੀ ਹੋਈ ਅਖੀਰ ਅਫ਼ਗਾਨਿਸਤਾਨ ਦੇ ਕੰਧਾਰ ਹਵਾਈ ਅੱਡੇ ਪਹੁੰਚੀ, ਜੋ ਉਸ ਸਮੇਂ ਤਾਲੇਬਾਨ ਦੇ ਕਬਜ਼ੇ ਵਿਚ ਸੀ। ਅਗਵਾਕਾਰਾਂ ਨੇ 176 ਵਿਚੋਂ 27 ਯਾਤਰੂਆਂ ਨੂੰ ਡੂਬਈ ਵਿਚ ਰਿਹਾਅ ਕਰ ਦਿੱਤਾ ਇਕ ਨੂੰ ਖੰਜਰ ਮਾਰ ਕੇ ਮਾਰ ਦਿੱਤਾ ਤੇ ਕਈਆਂ ਨੂੰ ਜ਼ਖ਼ਮੀ ਕਰ ਦਿੱਤਾ। ਕੰਧਾਰ ਵਿਖੇ ਜਹਾਜ਼ ਦੇ ਇਰਦ ਗਿਰਦ ਹਥਿਆਰਬੰਦ ਤਾਲੇਬਾਨ ਦਾ ਪਹਿਰਾ ਲੱਗ ਗਿਆ ਤਾਂ ਜੋ ਭਾਰਤ ਤੋਂ ਕਮਾਂਡੋ ਜਾ ਕੇ ਜਹਾਜ਼ ਨੂੰ ਛੁਡਾਅ ਨਾ ਸਕਣ। ਅਖੀਰ 7 ਦਿਨਾਂ ਪਿੱਛੋਂ ਯਾਤਰੂਆਂ ਦੀ ਉਸ ਸਮੇਂ ਰਿਹਾਈ ਹੋਈ ਜਦੋਂ ਭਾਰਤ ਨੇ ਤਿੰਨ ਅਤਿਵਾਦੀ ਮੁਸ਼ਤਾਕ ਅਹਿਮਦ ਜਰਗਰ, ਅਹਿਮਦ ਉਮਰ ਸਾਈਦ ਸ਼ੇਖ ਅਤੇ ਮੌਲਾਨਾ ਮਸੂਦ ਅਜ਼ਹਰ ਰਿਹਾਅ ਕਰਨੇ ਮੰਨੇ।

ਜਦ ਪੰਜਾਬ ਅਣਸੁਖਾਵੇਂ ਹਾਲਾਤ ਵਿਚੋਂ ਗੁਜ਼ਰ ਰਿਹਾ ਸੀ ਤਾਂ 4 ਹਵਾਈ ਜਹਾਜ਼ ਅਗਵਾ ਹੋਏ। ਇਕ ਜਹਾਜ਼ 29 ਸਤੰਬਰ 1981 ਨੂੰ ਲਾਹੌਰ ਲੈ ਜਾਇਆ ਗਿਆ। ਲਾਹੌਰ ਵਿਚ ਅਗਵਾਕਾਰਾਂ ਵਿਰੁੱਧ ਮੁਕੱਦਮਾ ਚਲਿਆ ਤੇ 20-20 ਸਾਲ ਕੈਦ ਹੋਈ। ਦੂਜਾ ਜਹਾਜ਼ ਜੋ 20 ਅਗਸਤ 1982 ਨੂੰ ਜੈਪੁਰ ਤੋਂ ਸ੍ਰੀ ਨਗਰ ਜਾ ਰਿਹਾ ਸੀ ਨੂੰ ਅਗਵਾ ਕੀਤਾ ਗਿਆ ਜੋ ਲਾਹੌਰ ਚਕਰ ਲਾਉਣ ਪਿੱਛੋਂ ਅੰਮ੍ਰਿਤਸਰ ਉਤਰਿਆ। ਕਮਾਂਡੋਆਂ ਨੇ ਪਿਛਲੇ ਪਾਸਿਓਂ ਜਹਾਜ਼ ਵਿਚ ਵੜ ਕੇ ਕੈਬਿਨ ਵਿਚ ਬੈਠੇ ਅਗਵਾਕਾਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਘਟਨਾ ਦੇ ਕੁਝ ਸਮਾਂ ਪਿੱਛੋਂ ਚੌਥਾ ਵਾਕਿਆ ਵਾਪਰਿਆ। ਅੰਮ੍ਰਿਤਸਰ ਆ ਕੇ ਅਗਵਾਕਾਰ ਜਹਾਜ਼ ਤੋਂ ਬਾਹਰ ਆ ਗਿਆ। ਉਸ ਪਾਸ ਕੋਈ ਹਥਿਆਰ ਨਹੀਂ ਸੀ। ਉਸ ਨੇ ਲੀਰਾਂ ਦਾ ਇਕ ਖਿੱਦੋ ਬਣਾ ਕੇ ਕਪੜੇ ਵਿਚ ਲੁਕਾਇਆ ਹੋਇਆ ਸੀ, ਜਿਸ ਨੂੰ ਬੰਬ ਦੱਸ ਕੇ ਉਸ ਨੇ ਜਹਾਜ਼ ਨੂੰ ਅਗਵਾ ਕੀਤਾ ਸੀ।



Academy of the Punjab in North America: http://www.apnaorg.com

ਉਪਰੋਕਤ ਉਦਾਹਰਨਾਂ ਤੋਂ ਸਪੱਸ਼ਟ ਹੈ ਕਿ ਸਾਨੂੰ ਹਵਾਈ ਜਹਾਜ਼ ਦੇ ਮੁਸਾਫ਼ਰਾਂ ਦੀ ਜਾਨ ਤੇ ਮਾਲ 'ਤੇ ਰਾਖੀ ਲਈ ਅਵੇਸਲੇ ਨਹੀਂ ਹੋਣਾ ਚਾਹੀਦਾ। ਦੁਨੀਆਂ ਦੇ ਕਿਸੇ ਵੀ ਹਵਾਈ ਅੱਡੇ ਉਪਰ ਕੋਈ ਵੀ.ਆਈ.ਪੀ. ਬੋਰਡ ਨਹੀਂ। ਅਸੀਂ ਹਵਾਈ ਅੱਡਿਆਂ ਉਪਰ ਵੀ.ਆਈ.ਬੋਰਡ ਲਾ ਕੇ 23 ਵਰਗ ਦੇ ਲੀਡਰਾਂ ਨੂੰ ਬਿਨਾਂ ਕਿਸੇ ਪੜਤਾਲ ਦੇ ਜਹਾਜ਼ਾਂ ਅੰਦਰ ਜਾਣ ਦੀ ਆਗਿਆ ਦਿੱਤੀ ਹੋਈ ਹੈ ਜਿਵੇਂ ਕਿ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਮਿਲੀ ਹੋਈ ਹੈ। ਇੰਗਲੈਂਡ ਵਿਚ ਕੇਵਲ ਮਲਕਾ ਨੂੰ ਤਲਾਸ਼ੀ ਤੋਂ ਛੋਟ ਹੈ। ਪ੍ਰਧਾਨ ਮੰਤਰੀ ਦੀ ਵੀ ਹਵਾਈ ਅੱਡਿਆਂ ਉਪਰ ਆਮ ਯਾਤਰੂਆਂ ਦੀ ਤਰ੍ਹਾਂ ਚੈਕਿੰਗ ਹੁੰਦੀ ਹੈ। ਪਰ ਅਸੀਂ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਪ੍ਰਧਾਨ ਮੰਤਰੀ, ਚੀਫ ਜਸਟਿਸ ਲੋਕ ਸਭਾ ਸਪੀਕਰ, ਕੈਬਨਿਟ ਮੰਤਰੀਆਂ ਤੋਂ ਇਲਾਵਾ ਮੁੱਖ ਮੰਤਰੀਆਂ, ਉਪ-ਮੁੱਖ ਮੰਤਰੀਆਂ, ਭਾਰਤ ਰਤਨ ਵਾਲਿਆਂ, ਸਾਬਕਾ ਰਾਸ਼ਟਰਪਤੀ, ਪ੍ਰਧਾਨ ਮੰਤਰੀਆਂ ਵਗੈਰਾ ਤੋਂ ਇਲਾਵਾ ਉਨ੍ਹਾਂ ਦੀਆਂ ਪਤਨੀਆਂ, ਸੋਨੀਆ ਗਾਂਧੀ ਦੇ ਜੁਆਈ ਰੋਬਰਟ ਵਾਡਰਾ, ਬਾਬਾ ਰਾਮਦੇਵ ਵਰਗੇ ਅਨੇਕਾਂ ਵਿਅਕਤੀਆਂ ਨੂੰ ਹਵਾਈ ਅੱਡਿਆਂ 'ਤੇ ਤਲਾਸ਼ੀ ਤੋਂ ਛੋਟ ਦਿੱਤੀ ਹੋਈ ਹੈ ਤੇ ਇਹ ਗਿਣਤੀ 123 ਦੇ ਕਰੀਬ ਬਣਦੀ ਹੈ। ਜੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਿਸ ਦਾ ਫਰਜ਼ ਬਣਦਾ ਹੈ ਕਿ ਉਹ ਹਵਾਈ ਸੁਰੱਖਿਆ ਲਈ ਸਖਤ ਕਦਮ ਚੁੱਕੇ ਤੇ ਬਣੇ ਨਿਯਮਾਂ ਨੂੰ ਲਾਗੂ ਕਰਵਾਏ, ਵੱਲੋਂ ਹੀ ਨਿਯਮਾਂ ਦੀਆਂ ਧਜੀਆਂ ਉਡਾਈਆਂ ਜਾ ਰਹੀਆਂ ਹਨ ਤਾਂ ਬਾਕੀ ਵਿਅਕਤੀਆਂ ਵਿਚੋਂ ਕੋਈ ਵੀ ਐਸੀ ਖ਼ਤਰਨਾਕ ਚੀਜ਼ ਖੜ੍ਹ ਸਕਦਾ ਹੈ ਜੋ ਜਹਾਜ਼ ਲਈ ਤਬਾਹੀ ਦਾ ਕਾਰਨ ਬਣ ਸਕਦੀ ਹੈ।

ਲੋੜ ਹੈ ਕਿ ਇੰਗਲੈਂਡ ਤੇ ਅਮਰੀਕਾ ਵਾਂਗ ਚੰਦ ਵਿਅਕਤੀਆਂ ਨੂੰ ਛੱਡ ਕੇ ਬਾਕੀ ਸਭ ਦੀ ਤਲਾਸ਼ੀ ਲਈ ਜਾਣੀ ਚਾਹੀਦੀ ਹੈ ਤੇ ਇਹ ਵੀ.ਆਈ.ਪੀ. ਪ੍ਰਬੰਧ ਖ਼ਤਮ ਕਰਨਾ ਚਾਹੀਦਾ ਹੈ। ਲੋਕ ਤੰਤਰ ਵਿਚ ਲੋਕ ਹੀ ਵੀ.ਆਈ.ਪੀ. ਹਨ ਨਾ ਕਿ ਲੀਡਰ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਮੰਤਰੀਆਂ ਦੀ ਛਾਂਟੀ ਕਰਨੀ ਚਾਹੀਦੀ ਹੈ। ਸਾਨੂੰ ਵੀ ਹਵਾਈ ਅੱਡਿਆਂ ਚੌਕਸੀ ਤੋਂ ਅਵੇਸਲੇ ਨਹੀਂ ਹੋਣਾ ਚਾਹੀਦਾ।

*18 ਅਪ੍ਰੈਲ 2015*



Academy of the Punjab in North America: http://www.apnaorg.com

# ਗੰਗਾ ਦਰਿਆ ਦੇ ਅੱਛੇ ਦਿਨ ਕਿਵੇਂ ਆਉਣ ?

ਗੰਗਾ ਭਾਰਤ ਦਾ ਸਭ ਤੋਂ ਵੱਡਾ ਦਰਿਆ ਹੀ ਨਹੀਂ ਸਗੋਂ ਭਾਰਤ ਦੀ ਜੀਵਨ ਰੇਖਾ ਹੈ। ਇਹ 11 ਸੂਬਿਆਂ ਦੀ 40 ਪ੍ਰਤੀਸ਼ਤ ਆਬਾਦੀ ਨੂੰ ਪਾਣੀ ਮੁਹੱਈਆ ਕਰਦਾ ਹੈ। ਭਾਰਤ ਦੀ ਕੋਈ 50 ਕਰੋੜ ਆਬਾਦੀ ਇਸ ਦਾ ਲਾਭ ਉਠਾ ਰਹੀ ਹੈ। ਇਹ ਦੁਨੀਆਂ ਦਾ ਸਭ ਤੋਂ ਵੱਧ ਉਪਜਾਊ ਸੰਘਣੀ ਆਬਾਦੀ ਵਾਲਾ ਖੇਤਰ ਹੈ। ਇਸ ਪੱਖੋਂ ਇਹ ਦੁਨੀਆਂ ਦਾ ਇਕ ਨੰਬਰ ਦਰਿਆ ਹੈ। ਇਸ ਦਾ ਨਾਂ ਦੇਵੀ ਦੇ ਨਾਂ 'ਤੇ ਹੋਣ ਕਰਕੇ ਇਸ ਦੀ ਪੂਜਾ ਕੀਤੀ ਜਾਂਦੀ ਹੈ। ਹਿੰਦੂ ਧਰਮ ਵਿਚ ਇਸ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ। ਪਵਿੱਤਰ ਦਰਿਆ ਸਮਝ ਕੇ ਵਿਸ਼ੇਸ਼ ਤਿਉਹਾਰਾਂ 'ਤੇ ਕੋਈ 7 ਕਰੋੜ ਤੋਂ ਵੱਧ ਲੋਕ ਆਪਣੇ ਪਾਪਾਂ ਨੂੰ ਦੂਰ ਕਰਨ ਲਈ ਇਸ ਵਿਚ ਇਸ਼ਨਾਨ ਕਰਦੇ ਹਨ।

ਪਵਿੱਤਰ ਦਰਿਆ ਹੋਣ ਦੇ ਬਾਵਜੂਦ ਇਹ ਦੁਨੀਆਂ ਦੇ ਪ੍ਰਦੂਸ਼ਿਤ ਦਰਿਆਵਾਂ ਵਿਚੋਂ 6ਵੇਂ ਸਥਾਨ 'ਤੇ ਹੈ। ਇਸ ਦੇ ਕਈ ਕਾਰਨ ਹਨ। ਜਿਥੇ ਕਰੋੜਾਂ ਸ਼ਰਧਾਲੂ ਤਿਉਹਾਰਾਂ 'ਤੇ ਇਸ਼ਨਾਨ ਕਰਨ ਸਮੇਂ ਕਈ ਵਸਤੂਆਂ ਇਸ ਵਿਚ ਰੋੜ੍ਹ ਕੇ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਨ, ਉੱਥੇ ਇਸ ਦੇ ਕੰਢੇ ਵਸੇ ਸ਼ਹਿਰ ਤੇ ਕਸਬੇ ਬਿਨਾਂ ਸੋਧਿਆ ਸੀਵਰੇਜ ਦਾ ਪਾਣੀ ਅਤੇ ਗੰਦਗੀ ਸੁੱਟ ਰਹੇ ਹਨ। ਇਸ ਦੇ ਕੰਢੇ ਵਸੇ ਸ਼ਹਿਰ ਜਿਵੇਂ ਬਨਾਰਸ, ਅਹਿਮਦਾਬਾਦ, ਪਟਨਾ, ਕਾਨਪੁਰ ਆਦਿ ਦੀਆਂ ਅਣਗਿਣਤ ਉਦਯੋਗਿਕ ਇਕਾਈਆਂ ਜਿਨ੍ਹਾਂ ਵਿਚ ਰਸਾਇਣਿਕ ਉਦਯੋਗਿਕ, ਚਮੜਾ ਰੰਗਣ ਦੇ ਕਾਰਖਾਨੇ, ਬੁਚੜਖਾਨੇ, ਹਸਪਤਾਲ ਵਗੈਰਾ ਬਿਨਾਂ ਸੋਧਿਆ ਜ਼ਹਿਰੀਲਾ ਪਾਣੀ ਤੇ ਹੋਰ ਮਲਬਾ ਸੁੱਟ ਰਹੇ ਹਨ। ਇਹੋ ਕਾਰਨ ਹੈ ਕਿ ਇਹ ਪਾਣੀ ਪੀਣ ਦੇ ਯੋਗ ਨਹੀਂ ਕਿਉਂਕਿ ਇਸ ਵਿਚ ਪੇਟ, ਜਿਗਰ, ਕੈਂਸਰ ਆਦਿ ਨਾਲ ਸੰਬੰਧਿਤ ਬੀਮਾਰੀਆਂ ਦੇ ਕੀਟਾਣੂ ਤੇ ਜ਼ਹਿਰੀਲੇ ਰਸਾਇਣ ਹਨ। ਜਿੱਥੇ ਇਹ ਪੀਣ-ਯੋਗ ਨਹੀਂ, ਉੱਥੇ ਇਸ ਦਾ ਪਾਣੀ ਖੇਤੀਬਾੜੀ ਦੀ ਵਰਤੋਂ ਦੇ ਵੀ ਕਾਬਲ ਨਹੀਂ।

ਇਕੱਲੇ ਕਾਨਪੁਰ ਵਿਚ 400 ਚਮੜੇ ਦੀਆਂ ਇਕਾਈਆਂ ਹਨ, ਜਿਨ੍ਹਾਂ ਵਿਚ 50 ਹਜ਼ਾਰ ਕਾਮੇ ਕੰਮ ਕਰਦੇ ਹਨ, ਜੋ ਕਿ ਕ੍ਰੋਮੀਅਮ ਦੇ ਬਣੇ ਜ਼ਹਿਰੀਲੇ ਪਦਾਰਥਾਂ ਦੀਆਂ ਵਰਤੋਂ ਕਰਦੀਆਂ ਹਨ। 1995 ਵਿਚ ਇੱਥੇ ਇਕ ਸਾਂਝਾ ਪਾਣੀ ਸੋਧਕ ਪਲਾਂਟ ਸਥਾਪਤ ਕਰਨ ਦੇ ਬਾਵਜੂਦ ਵੀ ਕ੍ਰੋਮੀਅਮ ਦੀ ਮਾਤਰਾ ਘੱਟ ਨਹੀਂ ਰਹੀ।

ਇਸ ਸਮੇਂ ਇਹ ਮਿਥੀ ਹੱਦ ਨਾਲੋਂ 70 ਗੁਣਾਂ ਜ਼ਿਆਦਾ ਹੈ। ਭਾਰਤੀ ਮੈਡੀਕਲ ਕੌਂਸਲ ਦੀ 2012 ਦੀ ਇਕ ਰਿਪੋਰਟ ਅਨੁਸਾਰ ਉਤਰ ਪ੍ਰਦੇਸ਼, ਬਿਹਾਰ, ਬੰਗਾਲ ਦੇ ਉਹ ਸ਼ਹਿਰ ਜਿਹੜੇ ਗੰਗਾ ਕੰਢੇ ਵੱਸੇ ਹੋਏ ਹਨ, ਉਹ ਬਾਕੀ ਦੇਸ਼ ਨਾਲੋਂ ਸਭ ਤੋਂ ਜ਼ਿਆਦਾ ਕੈਂਸਰ ਨਾਲ ਪ੍ਰਭਾਵਿਤ ਹੋ ਰਹੇ ਹਨ।



Academy of the Punjab in North America: http://www.apnaorg.com

ਇਸ ਦਰਿਆ ਕੰਢੇ ਬਣ ਰਹੇ ਡੈਮਾਂ ਵਿਰੁੱਧ ਵਾਤਾਵਰਨ ਪ੍ਰੇਮੀ ਆਵਾਜ਼ ਬੁਲੰਦ ਕਰ ਰਹੇ ਹਨ ਕਿਉਂਕਿ ਇਸ ਨਾਲ ਨਾ ਕੇਵਲ ਜੰਗਲੀ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ, ਸਗੋਂ ਜਾਨਵਰਾਂ ਉਪਰ ਵੀ ਇਸ ਦਾ ਬੁਰਾ ਅਸਰ ਹੋ ਰਿਹਾ ਹੈ। ਪ੍ਰਦੂਸ਼ਿਤ ਪਾਣੀ ਨਾਲ ਇਸ ਵਿਚਲੀਆਂ ਮੱਛੀਆਂ ਵਿਚ ਪਾਰੇ ਦੀ ਮਾਤਰਾ ਵੱਧ ਹੈ। ਇਸ ਵਿਚ ਮਿਲਦੀ ਡੌਲਫਿਨ ਮੱਛੀ ਖ਼ਤਮ ਹੋਣ ਕਿਨਾਰੇ ਹੈ। ਇਨ੍ਹਾਂ ਦੀ ਗਿਣਤੀ 2000 ਤੋਂ ਵੀ ਘੱਟ ਗਈ ਹੈ।

ਗੰਗਾ ਦੀ ਸ਼ੁੱਧੀ ਲਈ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ। ਵਾਤਾਵਰਨ ਪ੍ਰੇਮੀ ਪ੍ਰੋ. ਜੀ.ਡੀ. ਨੇ 107 ਦਿਨ ਵਰਤ ਰੱਖਿਆ, ਸਿੱਟੇ ਵਜੋਂ ਉਨ੍ਹਾਂ ਦੀ ਮੰਗ ਅਨੁਸਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 20 ਫ਼ਰਵਰੀ 2009 ਨੂੰ ਨੈਸ਼ਨਲ ਗੰਗਾ ਬੇਸਿਨ ਅਥਾਰਟੀ ਕਾਇਮ ਕੀਤੀ ਤੇ 26 ਅਰਬ ਰੁਪਏ ਸੀਵਰੇਜ ਪਲਾਂਟ ਲਾਉਣ, ਜਨਤਕ ਪਖਾਨੇ ਬਨਾਉਣ ਆਦਿ ਲਈ ਇਸ ਅਥਾਰਟੀ ਲਈ ਜਾਰੀ ਕੀਤੇ ਤੇ ਇਸ ਨੂੰ ਕੌਮੀ ਦਰਿਆ ਦਾ ਰੁਤਬਾ ਦਿੱਤਾ। 2011 ਵਿਚ ਹਰਿਦੁਆਰ ਵਿਚ ਨਜ਼ਾਇਜ ਖਾਣਾਂ ਵਿਰੁੱਧ ਸਵਾਮੀ ਨਿਗਮਾਨੰਦੀ ਸਵਾਮੀ ਨੇ ਮਰਨ ਵਰਤ ਰੱਖਿਆ। ਜੂਨ 2011 ਵਿਚ ਉਨ੍ਹਾਂ ਦੀ ਮੌਤ ਪਿੱਛੋਂ ਉਨ੍ਹਾਂ ਦੇ ਆਸ਼ਰਮ ਦੇ ਆਗੂ ਸਵਾਮੀ ਸ਼ਿਵਾਨੰਦਾ ਨੇ 25 ਨਵੰਬਰ 2011 ਨੂੰ ਮਰਨ ਵਰਤ ਰੱਖਿਆ। 11 ਦਿਨਾਂ ਬਾਦ ਉਤਰਾਖੰਡ ਸਰਕਾਰ ਨੇ ਉਨ੍ਹਾਂ ਦੀ ਮੰਗ ਮੰਨ ਲਈ ਤੇ ਇਹ ਨਜਾਇਜ਼ ਪੁਟਾਈ ਬੰਦ ਕਰਵਾਈ।

2010 ਵਿਚ ਕੇਂਦਰੀ ਸਰਕਾਰ ਨੇ ਗੰਗਾ ਸਫਾਈ ਮੁਹਿੰਮ ਚਲਾਈ ਤੇ 4 ਅਰਬ ਰੁਪਏ ਜਾਰੀ ਕੀਤੇ ਤਾਂ ਜੁ 2020 ਤੀਕ ਕਿਸੇ ਵੀ ਸ਼ਹਿਰ ਜਾਂ ਕਾਰਖਾਨੇ ਦਾ ਬਿਨਾਂ ਸੋਧਿਆ ਪਾਣੀ ਇਸ ਵਿਚ ਨਾ ਆਵੇ। ਪਰ ਪਿਛਲੇ ਸਾਲ 3 ਸਤੰਬਰ 2014 ਨੂੰ ਐਮ.ਸੀ. ਮਹਿਤਾ ਦੀ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਮਾਨਯੋਗ ਸੁਪਰੀਮ ਕੋਰਟ ਨੇ ਕੇਂਦਰੀ ਸਰਕਾਰ ਨੂੰ ਇਕ ਸਮਾਂਬੱਧ, ਪੜਾਅਵਾਰ ਯੋਜਨਾ ਪੇਸ਼ ਕਰਨ ਲਈ ਕਿਹਾ ਤਾਂ ਜੁ ਮਈ 2019 ਨੂੰ ਪੰਜ ਸਾਲ ਦਾ ਸਮਾਂ ਪੂਰਾ ਹੋਣ ਪਿੱਛੋਂ ਨਤੀਜਿਆਂ ਦਾ ਮੁਲੰਕਣ ਹੋ ਸਕੇ। ਮਾਨਯੋਗ ਅਦਾਲਤ ਅਨੁਸਾਰ ਜਿਹੜੀ ਯੋਜਨਾ ਸਰਕਾਰ ਨੇ ਪੇਸ਼ ਕੀਤੀ ਹੈ ਉਸ ਅਨੁਸਾਰ ਗੰਗਾ 200 ਸਾਲਾਂ ਵਿਚ ਵੀ ਸਾਫ ਨਹੀਂ ਹੋ ਸਕਦੀ। ਪਟੀਸ਼ਨਰ ਦਾ ਕਹਿਣਾ ਸੀ ਕਿ 1985 ਵਿਚ ਸ਼ੁਰੂ ਹੋਈ ਸਾਫ਼ ਗੰਗਾ ਮੁਹਿੰਮ 'ਤੇ 40,000 ਕਰੋੜ ਰੁਪਏ ਖਰਚ ਹੋ ਚੁੱਕੇ ਹਨ ਪਰ ਫਿਰ ਵੀ ਗੰਗਾ ਸਾਫ਼ ਨਹੀਂ ਹੋਈ।

ਮੋਦੀ ਸਰਕਾਰ ਨੇ 4 ਸਾਲਾਂ ਵਿਚ 20,000 ਕਰੋੜ ਰੁਪਏ ਖਰਚ ਕਰ ਕੇ ਗੰਗਾ ਸਾਫ ਕਰਨ ਦੀ ਮੁਹਿੰਮ ਅਰੰਭੀ ਹੈ। ਇਸ ਵਿਚੋਂ 7272 ਕਰੋੜ ਰੁਪਏ ਚਲ ਰਹੇ ਪ੍ਰੋਜੈਕਟਾਂ ਲਈ ਤੇ ਬਾਕੀ 12728 ਕਰੋੜ ਰੁਪਏ ਨਵੇਂ ਪ੍ਰੋਜੈਕਟਾਂ ਲਈ ਰੱਖੇ ਗਏ ਹਨ। ਇਨ੍ਹਾਂ ਸਾਰੇ ਪ੍ਰੋਜੈਕਟਾਂ ਦਾ ਮਕਸਦ ਗੰਗਾ ਦਰਿਆ ਵਿਚ ਕਾਰਖਾਨਿਆਂ ਅਤੇ ਸ਼ਹਿਰਾਂ ਦੇ ਸੀਵਰੇਜ ਪਾਣੀ ਨੂੰ ਸੋਧ ਕੇ ਪਾਉਣਾ ਤੇ ਇਸ ਲਈ ਸਾਂਝੇ ਸੀਵਰੇਜ ਪਲਾਂਟ ਸਥਾਪਤ ਕਰਨਾ, ਦਰਿਆ ਵਿਚ ਸ਼ਹਿਰਾਂ ਦੀ ਗੰਦਗੀ ਨੂੰ ਆਉਣ ਤੋਂ ਰੋਕਣਾ, ਬਿਜਲੀ ਤੇ ਗੈਸ ਨਾਲ ਸਸਕਾਰ ਕਰਨ ਨੂੰ ਉਤਸ਼ਾਹਿਤ ਕਰਨਾ। ਭਾਰਤ ਸਰਕਾਰ ਵਲੋਂ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਤੇ ਗੰਗਾ ਪ੍ਰੇਮੀਆਂ ਪਾਸੋਂ ਸਹਿਯੋਗ ਤੇ ਦਾਨ ਮੰਗਿਆ ਜਾ ਰਿਹਾ ਹੈ।



Academy of the Punjab in North America: http://www.apnaorg.com

ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਦਰਿਆਵਾਂ ਦਾ ਮਾਮਲਾ ਰਾਜ ਸਰਕਾਰਾਂ ਨਾਲ ਸੰਬੰਧ ਰੱਖਦਾ ਹੈ। ਰਾਜ ਸਰਕਾਰਾਂ ਆਪਣੇ ਫਰਜ਼ ਨਹੀਂ ਨਿਭਾਅ ਰਹੀਆਂ। ਸਿਆਸੀ ਦਖ਼ਲ ਅੰਦਾਜ਼ੀ ਕਰਕੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਤੇ ਜਨਤਾ ਵਿਰੁੱਧ ਬਣਦੀ ਕਾਰਵਾਈ ਨਹੀਂ ਕਰਦੇ, ਜਿਵੇਂ ਪੰਜਾਬ ਦੇ ਅਧਿਕਾਰੀ ਬਿਆਸ ਤੇ ਸਤਲੁਜ ਦਰਿਆਵਾਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਉਦਯੋਗਾਂ ਤੇ ਨਗਰ ਨਿਗਮਾਂ ਵਿਰੁਧ ਕਾਰਵਾਈ ਨਹੀਂ ਕਰ ਰਹੇ। ਸਿੱਟੇ ਵਜੋਂ ਰਾਜਸਥਾਨ ਵਾਲੇ ਇਨ੍ਹਾਂ ਦਰਿਆਵਾਂ ਦਾ ਪ੍ਰਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ। ਹੁਣ ਭਾਰਤ ਸਰਕਾਰ ਗੰਗਾ ਨੂੰ ਪ੍ਰਦੂਸ਼ਣ ਕਰਨ ਵਾਲਿਆਂ ਵਿਰੁਧ ਫ਼ੌਜਦਾਰੀ ਕੇਸ ਦਰਜ ਕਰਨ ਲਈ ਕਾਨੂੰਨ ਬਣਾਉਣ ਲਈ ਸੋਚ ਰਹੀ ਹੈ। ਇਸ ਲਈ 4 ਖਰੜੇ ਪ੍ਰਾਪਤ ਹੋ ਚੁੱਕੇ ਹਨ। ਕੀ ਕੇਂਦਰ ਸਰਕਾਰ ਇਸ ਵਿਚ ਸਫ਼ਲ ਹੋ ਸਕੇਗੀ ? ਇਹ ਸਮਾਂ ਹੀ ਦੱਸੇਗਾ।

ਗੰਗਾ ਦੇ ਪਾਣੀ ਨੂੰ ਪੀਣ ਯੋਗ ਬਨਾਉਣ ਤੇ ਖੇਤੀ-ਬਾੜੀ ਲਈ ਵਰਤੋਂ ਯੋਗ ਬਨਾਉਣ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਅਰਬਾਂ ਰੁਪਏ ਖਰਚ ਕੇ ਵੀ ਚੰਗੇ ਨਤੀਜੇ ਨਾ ਆਉਣੇ, ਸਰਕਾਰੀ ਮਸ਼ੀਨਰੀ ਦੀ ਅਸਫ਼ਲਤਾ ਹੈ ਤੇ ਜਨਤਾ ਦੇ ਟੈਕਸਾਂ ਤੋਂ ਇਕੱਤਰ ਕੀਤੇ ਪੈਸੇ ਦਾ ਖਿਲਵਾੜ ਹੈ। ਅਮਰੀਕਾ, ਕੈਨੇਡਾ ਵਿਚ ਕਿਸੇ ਦੀ ਜੁਰਅਤ ਨਹੀਂ ਕਿ ਕੋਈ ਪਾਣੀ ਨੂੰ ਪ੍ਰਦੂਸ਼ਿਤ ਕਰੇ। ਕਿਸੇ ਦਾ ਲਿਹਾਜ਼ ਨਹੀਂ ਭਾਵੇਂ ਉਸ ਦਾ ਰੁਤਬਾ ਕੋਈ ਵੀ ਹੋਵੇ। ਇਸ ਲਈ ਸੰਬੰਧਿਤ ਮੰਤਰੀਆਂ ਨੂੰ ਜੁਆਬਦੇਹ ਬਣਾਇਆ ਜਾਵੇ ਤਾਂ ਹੀ ਇਹ ਯੋਜਨਾ ਸਫ਼ਲ ਹੋ ਸਕਦੀ ਹੈ। ਜਿਹੜੀਆਂ ਰਾਜ ਸਰਕਾਰਾਂ ਸਹਿਯੋਗ ਨਹੀਂ ਦੇ ਰਹੀਆਂ, ਉਨ੍ਹਾਂ ਦੇ ਮੁੱਖ-ਮੰਤਰੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੂੰ ਸਬੰਧਤ ਮੰਤਰੀਆਂ ਨੂੰ ਘਰ ਭੇਜਣ ਲਈ ਕਿਹਾ ਜਾਵੇ। ਜੇ ਮੁੱਖ-ਮੰਤਰੀ ਅਜਿਹਾ ਨਹੀਂ ਕਰਦੇ ਉਨ੍ਹਾਂ ਦੀ ਤਨਖਾਹ ਤੇ ਭਤੇ ਬੰਦ ਕੀਤੇ ਜਾਣ। ਸਭ ਤੋਂ ਵਧੀਆ ਤਰੀਕਾ ਹੈ ਕਿ ਕੇਂਦਰ ਸਰਕਾਰ, ਸਰਕਾਰੀ ਕਰਮਚਾਰੀਆਂ ਵਾਂਗ ਮੰਤਰੀਆਂ, ਮੁੱਖ ਮੰਤਰੀਆਂ ਲਈ ਵੀ ਨਿਯਮ ਬਣਾਏ। ਜਿੰਨੀ ਦੇਰ ਤੀਕ ਅਜਿਹਾ ਨਹੀਂ ਹੁੰਦਾ ਉਸ ਸਮੇਂ ਤੀਕ ਭਾਰਤ ਵਿਚ ਸੁਧਾਰ ਨਹੀਂ ਹੋ ਸਕਦਾ। ਸਬੰਧਤ ਮੰਤਰੀਆਂ ਨੂੰ ਨਾ ਕੇਵਲ ਹਟਾਇਆ ਜਾਵੇ ਸਗੋਂ ਉਨ੍ਹਾਂ ਉਪਰ 6 ਸਾਲ ਲਈ ਚੋਣ ਲੜਨ 'ਤੇ ਪਾਬੰਦੀ ਲਾਈ ਜਾਵੇ। ਸਖ਼ਤੀ ਕਰਨ ਨਾਲ ਹੀ ਸੁਧਾਰ ਹੋਵੇਗਾ। ਸੁਧਾਰ ਕਰਨ ਤੋਂ ਬਿਨਾਂ ਭਾਰਤ ਅਮਰੀਕਾ ਵਾਂਗ ਤਰਕੀ ਨਹੀਂ ਕਰ ਸਕਦਾ।

*15 ਜੂਨ 2015*



Academy of the Punjab in North America: http://www.apnaorg.com

# ਭਾਰਤੀ ਵਿਦਿਆਰਥੀਆਂ ਦੀਆਂ ਅਮਰੀਕਾ ਵੱਲ ਨੂੰ ਵਹੀਰਾਂ

ਇਕ ਸਮਾਂ ਸੀ ਜਦੋਂ ਭਾਰਤ ਵਿਚ ਪੇਸ਼ਾਵਰ ਕਾਲਜ ਨਹੀਂ ਸਨ ਹੁੰਦੇ ਤੇ ਵਿਦਿਆਰਥੀ ਇੰਗਲੈਂਡ ਵਿੱਚ ਪੜ੍ਹਨ ਲਈ ਜਾਂਦੇ ਸਨ। ਹੁਣ ਭਾਰਤ ਵਿਚ ਵੱਡੀ ਪੱਧਰ 'ਤੇ ਵਿਦਿਅਕ ਅਦਾਰੇ ਹੋਣ ਦੇ ਬਾਵਜੂਦ ਵੀ ਵਿਦਿਆਰਥੀਆਂ ਵਿਚ ਵਿਦੇਸ਼ਾਂ ਵਿਚ ਜਾਣ ਦਾ ਰੁਝਾਨ ਵੱਧ ਰਿਹਾ ਹੈ ਤੇ ਹੁਣ ਅਮਰੀਕਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਹੈ। ਵਿੱਤੀ ਸਾਲ 2014 ਵਿਚ 56653 ਵਿਦਿਆਰਥੀ ਪੜ੍ਹਾਈ ਦਾ ਵੀਜ਼ਾ ਲੈ ਕੇ ਅਮਰੀਕਾ ਗਏ। ਇਹ ਗਿਣਤੀ ਉਸ ਤੋਂ ਪਹਿਲੇ ਵਿੱਤੀ ਸਾਲ ਨਾਲੋਂ 20500 ਵੱਧ ਸੀ। ਵਿੱਤੀ ਸਾਲ 2015 ਵਿੱਚ 90,000 ਤੋਂ ਵੱਧ ਵਿਦਿਆਰਥੀਆਂ ਨੇ ਭਾਰਤੀ ਸਫ਼ਾਰਤਖਾਨੇ ਨੂੰ ਪੜ੍ਹਾਈ ਦੇ ਵੀਜ਼ੇ ਲਈ ਬਿਨੈ-ਪੱਤਰ ਭੇਜੇ ਸਨ, ਇਨ੍ਹਾਂ ਵਿਚੋਂ ਕਿੰਨੇ ਵਿਦਿਆਰਥੀ ਅਮਰੀਕਾ ਗਏ, ਇਹ ਆਉਂਦੇ ਦਿਨਾਂ ਵਿਚ ਪਤਾ ਲੱਗ ਜਾਵੇਗਾ।

ਭਾਰਤੀਆਂ ਦਾ ਵਿਦੇਸ਼ਾਂ ਨੂੰ ਜਾਣ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ। 2000 ਵਿਚ 53000 ਵਿਦਿਆਰਥੀ ਵਿਦੇਸ਼ ਗਏ ਤੇ 2009 ਵਿਚ ਇਹ ਗਿਣਤੀ ਵੱਧ ਕੇ 190000 ਹੋ ਗਈ। ਅਮਰੀਕਾ ਤੋਂ ਬਾਦ ਇੰਗਲੈਂਡ ਦੂਜੇ ਸਥਾਨ 'ਤੇ ਹੈ। 2009 ਵਿਚ 17% ਵਿਦਿਆਰਥੀ ਇੰਗਲੈਂਡ ਗਏ। ਇੰਗਲੈਂਡ ਵੱਲੋਂ ਵੀਜ਼ੇ ਦੀਆਂ ਸ਼ਰਤਾਂ ਸਖ਼ਤ ਕਰਨ ਕਰਕੇ ਵਿਦਿਆਰਥੀਆਂ ਦਾ ਰੁਝਾਨ ਹੁਣ ਉੱਥੇ ਜਾਣ ਲਈ ਘੱਟ ਰਿਹਾ ਹੈ। 2000 ਵਿਚ 3348 ਵਿਦਿਆਰਥੀ ਯੂਰਪ ਗਏ ਤੇ ਇਹ ਗਿਣਤੀ 2009 ਵਿਚ ਵੱਧ ਕੇ 51556 ਹੋ ਗਈ। ਇਨ੍ਹਾਂ ਵਿਚੋਂ ਜ਼ਿਆਦਾਤਰ ਜਰਮਨ ਤੇ ਫਰਾਂਸ ਗਏ। ਇੰਗਲੈਂਡ ਜਾਣ ਵਾਲਿਆਂ ਦੀ ਗਿਣਤੀ ਇਨ੍ਹਾਂ ਤੋਂ ਵੱਖਰੀ ਹੈ। ਆਸਟਰੇਲੀਆ ਤੋਂ ਇਲਾਵਾ ਵਿਦਿਆਰਥੀ ਹੁਣ ਕੈਨੇਡਾ, ਨਿਊਜ਼ੀਲੈਂਡ, ਸਵੀਡਨ, ਡੈਨਮਾਰਕ, ਇਟਲੀ ਤੇ ਆਇਰਲੈਂਡ ਵੱਲ ਵੀ ਜਾ ਰਹੇ ਹਨ। ਵਿਦਿਆਰਥੀ ਉਨ੍ਹਾਂ ਥਾਵਾਂ ਨੂੰ ਪਹਿਲ ਦੇਣ ਲੱਗੇ ਹਨ ਜਿੱਥੇ ਵਿਦਿਆ ਸਸਤੀ ਹੋਵੇ ਤੇ ਪਾਰਟ ਟਾਇਮ ਕੰਮ ਕਰਨ ਨੂੰ ਮਿਲ ਜਾਵੇ ਕਿਉਂਕਿ ਅਮਰੀਕਾ ਸਮੇਤ ਬਹੁਤੇ ਮੁਲਕਾਂ ਵਿਚ ਵਿਦਿਆਰਥੀਆਂ ਨੂੰ ਕੰਮ ਕਰਨ ਦਾ ਪਰਮਿਟ ਨਹੀਂ ਮਿਲਦਾ।

ਜਿੱਥੋਂ ਤੀਕ ਅਮਰੀਕਾ ਵਿਚ ਆਉਂਦੇ ਵਿਦਿਆਰਥੀਆਂ ਦਾ ਸਬੰਧ ਹੈ, 74 ਮੁਲਕਾਂ ਤੋਂ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਵਿਚੋਂ ਚੀਨ ਪਹਿਲੇ ਅਤੇ ਭਾਰਤ ਦੂਜੇ ਸਥਾਨ 'ਤੇ ਰਹੇ ਹਨ। 2008 ਤੋਂ 2012 ਤੀਕ ਪੂਰਾ ਸਮਾਂ ਪੜ੍ਹਾਈ ਕਰਨ ਵਾਲੇ



Academy of the Punjab in North America: http://www.apnaorg.com

ਭਾਰਤੀ ਵਿਦਿਆਰਥੀਆਂ ਦੀ ਗਿਣਤੀ 168034 ਸੀ, ਜਦ ਕਿ ਚੀਨ ਦੀ 284179 ਸੀ। ਦੱਖਣੀ ਕੋਰੀਆ ਤੀਜੇ ਸਥਾਨ 'ਤੇ ਸੀ। ਇਸ ਦੇ ਵਿਦਿਆਰਥੀਆਂ ਦੀ ਗਿਣਤੀ 110000 ਸੀ। ਸਾਊਦੀ ਅਰਬ ਜੋ ਕਿ ਅਮਰੀਕਾ ਵਿਚ ਅਤਿਵਾਦੀ 11 ਸਤੰਬਰ ਦੇ ਹਮਲੇ ਲਈ ਜ਼ੁੰਮੇਵਾਰ ਹੈ ਦਾ ਚੌਥਾ ਸਥਾਨ ਸੀ। ਇਸ ਦੇ ਵਿਦਿਆਰਥੀਆਂ ਦੀ ਗਿਣਤੀ 53528 ਸੀ। ਨੇਪਾਲ ਦੀ ਗਿਣਤੀ 20000, ਸ੍ਰੀ ਲੰਕਾ ਦੀ 4113, ਇਜ਼ਰਾਇਲ ਦੀ 4588 ਪਾਕਿਸਤਾਨ ਦੀ ਕੇਵਲ 5767 ਸੀ। ਦੁਨੀਆਂ ਭਰ ਦੇ ਵਿਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਵਿਚੋਂ 21% ਵਿਦਿਆਰਥੀ ਅਮਰੀਕਾ ਜਾਂਦੇ ਹਨ। 2008-2012 ਦੇ ਪੰਜ ਸਾਲਾਂ ਵਿਚ ਵਿਦੇਸ਼ੀ ਵਿਦਿਆਰਥੀਆਂ ਤੋਂ ਅਮਰੀਕਾ ਨੂੰ 21.8 ਅਰਬ ਡਾਲਰ ਬਤੌਰ ਟਿਊਸ਼ਨ ਫੀਸ ਕਮਾਈ ਹੋਈ ਤੇ ਉਨ੍ਹਾਂ ਦੇ ਰਹਿਣ ਸਹਿਣ ਤੋਂ 12.8 ਅਰਬ ਡਾਲਰ ਪ੍ਰਾਪਤ ਹੋਏ।

ਜਿੱਥੋਂ ਤੀਕ ਭਾਰਤੀਆਂ ਦਾ ਸੰਬੰਧ ਹੈ ਹੈਦਰਾਬਾਦ ਦਾ ਪਹਿਲਾ ਸਥਾਨ ਸੀ। ਹੈਦਰਾਬਾਦ ਤੋਂ 26220 ਵਿਦਿਆਰਥੀ ਅਮਰੀਕਾ ਗਏ ਤੇ ਜੇ ਸਕੰਦਰਾਬਾਦ ਨੂੰ ਸ਼ਾਮਲ ਕਰ ਦੇਈਏ ਤਾਂ ਇਹ ਗਿਣਤੀ 30000 ਦੇ ਕਰੀਬ ਹੋ ਜਾਂਦੀ ਹੈ। ਮੁਬੰਈ ਤੋਂ 17294, ਪੂਨੇ ਤੋਂ 5551, ਦਿੱਲੀ ਤੋਂ 8728, ਚੈਨਈ ਤੋਂ 9141, ਬੰਗਲੌਰ ਤੋਂ 8835 ਅਹਿਮਦਾਬਾਦ ਤੇ ਵਡੋਦਰਾ ਨੂੰ ਮਿਲਾ ਕੇ 9000 ਵਿਦਿਆਰਥੀਆਂ ਨੂੰ ਵੀਜ਼ਾ ਮਿਲਿਆ ਹੈ। ਕਲਕੱਤੇ ਦੇ ਕੇਵਲ 3881 ਵਿਦਿਆਰਥੀ ਅਮਰੀਕਾ ਗਏ ਪਰ ਇਨ੍ਹਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਵਿਚ 44% ਪੀ-ਐਚ.ਡੀ ਕਰਨ ਵਾਸਤੇ ਗਏ ਜਦ ਕਿ ਬਾਕੀ ਸੂਬਿਆਂ ਦੇ ਡਾਕਟਰੇਟ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਹੈਦਰਾਬਾਦ ਦੇ 5% ਤੇ ਚੈਨਈ ਦੇ 14% ਵਿਦਿਆਰਥੀ ਹੀ ਪੀ-ਐਚ .ਡੀ ਕਰਨ ਗਏ। ਪੰਜਾਬ ਦੇ ਅੰਕੜੇ ਨਹੀਂ ਮਿਲੇ। ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਵਿਚੋਂ ਦੋ-ਤਿਹਾਈ ਪਾਸ ਸਾਇੰਸ, ਤਕਨਾਲੋਜੀ, ਇੰਜਨੀਰਿੰਗ, ਹਿਸਾਬ, ਬਿਜ਼ਨਸ ਮੈਨਜਮੈਂਟ ਜਾਂ ਮਾਰਕੀਟ ਨਾਲ ਸੰਬੰਧਿਤ ਵਿਸ਼ਿਆਂ ਵਿਚ ਗਏ। ਵਿਦਿਆਰਥੀਆਂ ਦੀ ਪਹਿਲੀ ਪਸੰਦ ਅਮਰੀਕਾ ਦੇ ਮੈਟਰੋ ਸ਼ਹਿਰ ਹਨ। ਬਹੁਤੀ ਆਬਾਦੀ ਵਾਲੇ ਸ਼ਹਿਰ ਜਿਵੇਂ ਨਿਊਯਾਰਕ, ਬੋਸਟਨ, ਲਾਸਏਂਜਲਸ ਵਿਚ ਸਭ ਤੋਂ ਵੱਧ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ। ਅਮਰੀਕਾ ਵਿਚ ਕੁਲ ਵਿਦੇਸ਼ੀ ਵਿਦਿਆਰਥੀਆਂ ਵਿਚੋਂ 11.8% ਭਾਰਤੀ ਹਨ। ਇਸ ਤੋਂ ਭਾਵ ਹੈ, ਭਾਰਤ ਦੇ ਹੁਸ਼ਿਆਰ ਵਿਦਿਆਰਥੀਆਂ ਦੀ ਪਹਿਲੀ ਪਸੰਦ ਅਮਰੀਕਾ ਹੈ।

ਅਮਰੀਕਾ ਸਭ ਤੋਂ ਮਹਿੰਗਾ ਮੁਲਕ ਹੈ। ਅਮਰੀਕਾ ਵਿਚ ਪੜ੍ਹਾਈ ਦਾ ਸਾਲਾਨਾ ਖਰਚਾ 15000 ਡਾਲਰ ਤੋਂ 70000 ਡਾਲਰ ਹੈ ਤੇ ਇਹ ਕੋਰਸ ਅਤੇ ਯੂਨੀਵਰਸਿਟੀ 'ਤੇ ਨਿਰਭਰ ਕਰਦਾ ਹੈ। ਯੂਰਪ ਵਿਚ ਜਾਣ ਦਾ ਰੁਝਾਨ ਵੀ ਵਧਿਆ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਅਮਰੀਕਾ ਭਾਰਤੀਆਂ ਦੀ ਪਹਿਲੀ ਪਸੰਦ ਕਿਉਂ ਹੈ ? ਇਸ ਦੇ ਕਈ ਕਾਰਨ ਹਨ। ਅਮਰੀਕੀ ਵਿਦਿਆ ਦਾ ਪੱਧਰ ਬਹੁਤ ਉੱਚਾ ਹੈ। ਪੜ੍ਹਾਈ ਦੀਆਂ ਵਿਧੀਆਂ ਦਾ ਕੋਈ ਮੁਕਾਬਲਾ ਨਹੀਂ। ਖੋਜ ਲਈ ਬਹੁਤ ਸਹੂਲਤਾਂ ਹਨ, ਜੋ ਕਿ ਭਾਰਤ ਵਿਚ ਨਹੀਂ। ਪ੍ਰੈਕਟੀਕਲ ਟ੍ਰੇਨਿੰਗ 'ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਖੋਜ ਦੀਆਂ ਸੰਭਾਨਾਵਾਂ ਬਹੁਤ ਹਨ। ਵਿਦਿਆਰਥੀਆਂ ਨੂੰ ਨੋਬਲ ਪੁਰਸਕਾਰ ਪ੍ਰਾਪਤ ਵਿਦਵਾਨਾਂ



Academy of the Punjab in North America: http://www.apnaorg.com

ਨਾਲ ਕੰਮ ਕਰਨ ਦਾ ਮੌਕਾ ਮਿਲਦਾ ਹੈ। ਲਚਕਤਾ ਬਹੁਤ ਹੈ ਜੋ ਕਿ ਭਾਰਤ ਵਿਚ ਨਹੀਂ। ਵਿਦਿਆਰਥੀ ਇਕ ਵਿਸ਼ੇ ਨੂੰ ਮੁੱਖ ਵਿਸ਼ੇ ਵਜੋਂ ਲੈ ਕੇ ਹੋਰ ਵਿਸ਼ਿਆਂ ਨੂੰ ਛੋਟੇ ਵਿਸ਼ਿਆਂ ਵਾਂਗ ਲੈ ਸਕਦਾ ਹੈ। ਗ੍ਰੈਜੂਏਸ਼ਨ 4 ਸਾਲ ਦੀ ਹੈ। ਤੁਸੀਂ ਜ਼ਿਆਦਾ ਕੋਰਸ ਲੈ ਕੇ ਇਹ ਡਿਗਰੀ 4 ਸਾਲ ਤੋਂ ਪਹਿਲਾਂ ਵੀ ਪ੍ਰਾਪਤ ਕਰ ਸਕਦੇ ਹੋ ਤੇ ਘੱਟ ਕੋਰਸ ਲੈ ਕੇ ਵੱਧ ਸਮਾਂ ਵੀ ਲਾ ਸਕਦੇ ਹੋ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਸਹੂਲਤਾਂ ਹਨ ਜੋ ਭਾਰਤ ਵਿਚ ਨਹੀਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਯੂਨੀਵਰਸਿਟੀਆਂ ਸਮੇਂ ਦੀਆਂ ਹਾਣੀ ਹਨ। ਸਮੇਂ ਦੀ ਮੰਗ ਅਨੁਸਾਰ ਇਹ ਕੋਰਸ ਤਿਆਰ ਕਰਦੀਆਂ ਹਨ। ਕਮਿਊਨਿਟੀ ਕਾਲਜਾਂ ਤੇ ਤਕਨੀਕੀ ਕਾਲਜਾਂ ਵਿਚ ਕੋਰਸ ਕਰਨ ਤੋਂ ਬਾਦ ਫ਼ੌਰੀ ਨੌਕਰੀ ਮਿਲ ਜਾਂਦੀ ਹੈ। ਇੱਥੋਂ ਦੀਆਂ ਯੂਨੀਵਰਸਿਟੀਆਂ ਦੁਨੀਆਂ ਦੇ ਪਹਿਲੇ ਸਥਾਨ 'ਤੇ ਹਨ ਪਰ ਭਾਰਤ ਦੀ ਕੋਈ ਵੀ ਯੂਨੀਵਰਸਿਟੀ ਪਹਿਲੀਆਂ 200 ਯੂਨੀਵਰਸਿਟੀਆਂ ਵਿਚ ਸ਼ਾਮਲ ਨਹੀਂ। ਇਨ੍ਹਾਂ ਦੇ ਕੈਂਮਪਸ ਦਾ ਜੀਵਨ ਬਹੁਤ ਵਧੀਆ ਹੈ। ਭਾਰਤ ਵਿਚ ਖਾਸ ਕਰਕੇ ਪੰਜਾਬ ਵਿਚ ਨੌਕਰੀਆਂ ਦੇ ਮੌਕੇ ਬਹੁਤ ਹੀ ਘੱਟ ਸਮਝੋ ਨਾ ਮਾਤਰ ਹੀ ਹਨ, ਇਸ ਲਈ ਵਿਦਿਆਰਥੀ ਵਿਦੇਸ਼ਾਂ ਨੂੰ ਜਾ ਰਹੇ ਹਨ।

ਭਾਰਤ ਨੇ ਜੇ ਤਰੱਕੀ ਕਰਨੀ ਹੈ ਤਾਂ ਭਾਰਤ ਨੂੰ ਵਿਦਿਆ ਦੇ ਖੇਤਰ ਵਿਚ ਕਰਾਂਤੀਕਾਰੀ ਤਬਦੀਲੀਆਂ ਕਰਨ ਦੀ ਲੋੜ ਹੈ। ਅਮਰੀਕਾ ਵਿਚ ਯੂਨੀਵਰਸਿਟੀਆਂ ਆਜ਼ਾਦ ਹਨ। ਭਾਵ ਸਿਆਸਤਦਾਨਾਂ ਤੋਂ ਮੁਕਤ ਹਨ ਜਦ ਕਿ ਭਾਰਤ ਵਿਚ ਯੂਨੀਵਰਸਿਟੀਆਂ ਨੂੰ ਸਿਆਸਤਦਾਨ ਚਲਾ ਰਹੇ ਹਨ ਜਿਨ੍ਹਾਂ ਨੂੰ ਵਿਦਿਅਕ ਖੇਤਰ ਦਾ ਕੋਈ ਤਜਰਬਾ ਨਹੀਂ। ਕਈ ਸਿੱਖਿਆ ਮੰਤਰੀਆਂ ਨੇ ਕਾਲਜਾਂ ਦਾ ਮੂੰਹ ਵੀ ਨਹੀਂ ਵੇਖਿਆ। ਹੁਣ ਅਜਿਹੇ ਸਿਖਿਆ ਮੰਤਰੀ ਸਿੱਖਿਆ ਵਿਭਾਗ ਨੂੰ ਕਿਵੇਂ ਚਲਾ ਸਕਦੇ ਹਨ ? ਇਸ ਲਈ ਯੂਨੀਵਰਸਿਟੀਆਂ ਨੂੰ ਖੁਦ ਮੁਖਤਾਰੀ ਦੇਣ ਦੀ ਲੋੜ ਹੈ। ਅਮਰੀਕਾ ਵਿਚ ਪ੍ਰੋਫ਼ੈਸਰਾਂ ਨੂੰ ਕੰਮ ਦੇ ਆਧਾਰ 'ਤੇ ਤਰੱਕੀ ਦਿੱਤੀ ਜਾਂਦੀ ਹੈ, ਜਦ ਕਿ ਭਾਰਤ ਵਿਚ ਪ੍ਰੋਫ਼ੈਸਰਾਂ ਦੀ ਕੋਈ ਜੁਆਬ ਦੇਹੀ ਨਹੀਂ। ਇਨ੍ਹਾਂ ਨੂੰ ਜੁਆਬਦੇਹ ਬਨਾਉਣ ਦੀ ਲੋੜ ਹੈ। ਅਰਬਾਂ ਰੁਪਏ ਦਾ ਸਰਮਾਇਆ ਬਾਹਰ ਜਾ ਰਿਹਾ ਹੈ। ਪੜ੍ਹੀ ਲਿਖੀ ਪੀੜ੍ਹੀ ਦਾ ਵਿਦੇਸ਼ੀ ਲਾਭ ਉਠਾ ਰਹੇ ਹਨ ਜੋ ਕਿ ਭਾਰਤ ਲਈ ਨਮੋਸ਼ੀ ਦੀ ਗੱਲ ਹੈ। ਇਸ ਨੂੰ ਬੌਧਿਕ ਨਿਕਾਸ (ਬ੍ਰੇਨ ਡਰੇਨ) ਕਹਿੰਦੇ ਹਨ, ਜਿਸ ਨੂੰ ਰੋਕਣ ਦੀ ਲੋੜ ਹੈ।

*11 ਜੁਲਾਈ 2015*



Academy of the Punjab in North America: http://www.apnaorg.com

# ਕਾਸ਼ ਸਾਡੀ ਪੁਲੀਸ ਵੀ ਇਹੋ ਜਿਹੀ ਹੋਵੇ !

ਭਾਰਤੀ ਮੀਡਿਆ ਵਿਚ ਅਮਰੀਕਾ ਪੁਲੀਸ ਦੀਆਂ ਮਾੜੀਆਂ ਖਬਰਾਂ ਤਾਂ ਆਉਂਦੀਆਂ ਹਨ, ਪਰ ਚੰਗੀਆਂ ਖਬਰਾਂ ਬਹੁਤ ਘੱਟ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਅਮਰੀਕਾ ਵਿਚ ਜਦੋਂ ਵੀ ਕਿਸੇ ਨੂੰ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਸ ਦੀ ਸਭ ਤੋਂ ਪਹਿਲਾਂ ਜੇ ਕੋਈ ਮਦਦ ਕਰਦਾ ਹੈ ਤਾਂ ਉਹ ਹੈ ਇਥੋਂ ਦੀ ਪੁਲੀਸ। ਇੱਥੇ ਘਰਾਂ ਵਿਚ ਤੇ ਸਕੂਲਾਂ ਵਿਚ ਛੋਟੇ ਛੋਟੇ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਜੇ ਤੁਹਾਨੂੰ ਕੋਈ ਸਮੱਸਿਆ ਹੋਵੇ ਤੇ ਤਾਂ ਪੁਲੀਸ ਨੂੰ 911 ਨੰਬਰ 'ਤੇ ਫੋਨ ਕਰੋ। ਜੇ ਕੋਈ ਬਿਮਾਰ ਹੋਵੇ ਤੇ ਉਸ ਨੂੰ ਐਮਰਜੈਂਸੀ ਖੜ੍ਹਨਾ ਹੋਵੇ ਤਾਂ 911 ਨੰਬਰ 'ਤੇ ਪੁਲੀਸ ਨੂੰ ਫੋਨ ਕਰਨ 'ਤੇ ਕੁਝ ਮਿੰਟਾਂ ਵਿਚ ਪੁਲੀਸ ਵਾਲਾ ਐਂਮਬੂਲੈਂਸ ਲੈ ਕੇ ਪਹੁੰਚ ਜਾਂਦਾ ਹੈ। ਇਕ ਵੇਰ ਇਸ ਲੇਖਕ ਵੱਲੋਂ ਸਵੇਰੇ 5 ਵਜੇ ਗਲਤੀ ਨਾਲ 911 ਨੰਬਰ 'ਤੇ ਫੋਨ ਹੋ ਗਿਆ ਤਾਂ ਪੁਲੀਸ ਵਾਲਾ ਮੇਰਾ ਘਰ ਲੱਭ ਕੇ ਆ ਹਾਜ਼ਰ ਹੋਇਆ।

ਇਕ ਦਿਨ ਅਸੀਂ ਹਵਾਈ ਅੱਡੇ ਤੋਂ ਆ ਰਹੇ ਸੀ ਤਾਂ ਰਸਤੇ ਵਿਚ ਵੇਖਿਆ ਕਿ ਇਕ ਕੁੜੀ ਕਾਰ ਲਾਗੇ ਖੜੀ ਹੈ, ਪੁਲੀਸ ਵਾਲਾ ਟਾਇਰ ਬਦਲ ਰਿਹਾ ਸੀ। ਜੇ ਕਿਸੇ ਦੀ ਸੜਕੀ ਦੁਰਘਟਨਾ ਹੁੰਦੀ ਹੈ ਤਾਂ ਮੌਕੇ 'ਤੇ ਪੁਲੀਸ ਉਸ ਦੀ ਸਹਾਇਤਾ ਕਰਦੀ ਹੈ। ਉਸੇ ਸਮੇਂ ਲੋੜ ਪਵੇ ਤਾਂ ਪ੍ਰਭਾਵਿਤ ਵਿਅਕਤੀਆਂ ਨੂੰ ਹਸਪਤਾਲ ਭੇਜਦੀ ਹੈ। ਬਿਆਨ ਦਰਜ ਕਰਦੀ ਹੈ। ਗੱਡੀਆਂ ਦੀ ਸੰਭਾਲ ਕਰਦੀ ਹੈ।

ਸਾਡੇ ਘਰ ਲਾਗੇ ਇਕ ਘਰ ਨੂੰ ਅੱਗ ਲੱਗ ਗਈ। ਪੁਲੀਸ, ਐਂਮਬੂਲੈਂਸ ਤੇ ਫਾਇਰ ਬ੍ਰਿਗੇਡ ਨੂੰ ਲੈ ਕੇ ਮੌਕੇ 'ਤੇ ਪੁੱਜ ਗਈ। ਉਸ ਸਮੇਂ ਮਾਵਾਂ-ਧੀਆਂ ਘਰ ਸਨ, ਉਨ੍ਹਾਂ ਨੂੰ ਉਨ੍ਹਾਂ ਨੇ ਐਂਮਬੂਲੈਂਸ ਵਿਚ ਬਿਠਾਈ ਰੱਖਿਆ ਤਾਂ ਜੁ ਉਹ ਸੜਦਾ ਘਰ ਵੇਖ ਨਾ ਸਕਣ। ਫਾਇਰ ਬ੍ਰਿਗੇਡ ਦੇ ਨਾਲ ਹੀ ਰੈਡ ਕਰਾਸ ਵੱਲੋਂ ਇਕ ਸ਼ਮਿਆਨਾ ਲਾ ਕੇ ਪਾਣੀ ਵਗੈਰਾ ਦਾ ਪ੍ਰਬੰਧ ਕੀਤਾ ਗਿਆ। ਸੜਦੇ ਘਰ ਦੀ ਵਿਡੀਓ ਬਣਾਈ ਗਈ। ਅਖੀਰ ਉਹ ਪਰਿਵਾਰ ਨੂੰ ਚੈੱਕ ਅਪ ਲਈ ਹਸਪਤਾਲ ਲੈ ਗਏ।

ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਇਹ ਕਿਸੇ ਦਾ ਲਿਹਾਜ਼ ਨਹੀਂ ਕਰਦੇ ਭਾਵੇਂ ਕੋਈ ਜੱਜ ਹੋਵੇ ਤੇ ਭਾਵੇਂ ਇਥੋਂ ਦਾ ਗਵਰਨਰ (ਭਾਵ ਮੁੱਖ ਮੰਤਰੀ) ਹੋਵੇ। ਘਰਾਂ ਵਿਚ ਸਕਿਉਰਟੀ ਪ੍ਰਣਾਲੀ ਹੈ। ਜੇ ਚੋਰੀ ਦੀ ਘਟਨਾ ਵਾਪਰੇ ਤਾਂ ਸਕਿਉਰਟੀ ਦਾ ਸੰਦੇਸ਼ ਮਿਲਣ 'ਤੇ ਫੌਰੀ ਘਰ ਜਾ ਕੇ ਇਸ ਦੀ ਪੜਤਾਲ ਕਰਦੇ ਹਨ। ਸ਼ਹਿਰੀਆਂ ਨੂੰ ਬਚਾਉਣ ਲਈ ਉਹ ਸਿਰ ਧੜ ਦੀ ਬਾਜ਼ੀ ਲਾ ਦਿੰਦੇ ਹਨ। 5 ਅਗਸਤ 2012 ਵਿਚ ਵਿਸਕੋਂਸਿਨ ਸ਼ਹਿਰ ਦੇ ਗੁਰਦੁਆਰੇ 'ਤੇ ਇਕ ਗੋਰੇ ਅੱਤਵਾਦੀ ਨੇ ਹਮਲਾ ਕਰ ਦਿੱਤਾ ਤਾਂ ਕਿਵੇਂ ਪੁਲੀਸ



Academy of the Punjab in North America: http://www.apnaorg.com

ਵਾਲੇ ਨੇ ਆਪਣੀ ਜਾਨ 'ਤੇ ਖੇਡ ਕੇ ਸੰਗਤ ਨੂੰ ਬਚਾਇਆ, ਇਸ ਦਾ ਸਿੱਧਾ ਪ੍ਰਸਾਰਨ ਅਮਰੀਕਾ ਦੇ ਸਭ ਚੈਨਲਾਂ ਨੇ ਵਿਖਾਇਆ ਸੀ। ਇਸ ਵਿਚ 6 ਸ਼ਰਧਾਲੂ ਮਾਰੇ ਗਏ ਸਨ। ਅੱਤਵਾਦੀ ਨੂੰ ਪੁਲੀਸ ਨੇ ਗੋਲੀ ਮਾਰੀ ਪਰ ਉਸ ਨੇ ਆਪਣੇ ਸਿਰ ਵਿਚ ਗੋਲੀ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ।

ਅਮਰੀਕਾ ਵਿਚ ਹਰ ਜਥੇਬੰਦੀ ਨੂੰ ਸ਼ਾਂਤਮਈ ਮੁਜ਼ਾਹਰਾ ਕਰਨ ਦਾ ਅਧਿਕਾਰ ਹੈ। ਪਿਛਲੇ ਸਾਲ ਜਦ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਮਰੀਕਾ ਆਏ ਸਨ ਤਾਂ ਇਕ ਪਾਸੇ ਮੋਦੀ ਸਾਹਿਬ ਦਾ ਸੁਆਗਤ ਹੋ ਰਿਹਾ ਸੀ ਤੇ ਦੂਜੇ ਪਾਸੇ ਉਨ੍ਹਾਂ ਵਿਰੁੱਧ ਵਿਖਾਵਾ ਹੋ ਰਿਹਾ ਸੀ। ਪੁਲੀਸ ਨੇ ਕਿਸੇ ਨੂੰ ਰੋਕਿਆ ਨਹੀਂ। ਉਹ ਵਿਚਕਾਰ ਕੰਧ ਬਣਾ ਕੇ ਖੜੀ ਰਹੀ। ਇਸ ਦੇ ਐਨ ਉਲਟ ਭਾਰਤੀ ਪੁਲੀਸ ਵਾਲੇ ਲੋਕਾਂ ਨੂੰ ਏਨਾ ਕੁੱਟਦੇ ਹਨ ਜਿਵੇਂ ਲੋਕ ਉਨ੍ਹਾਂ ਦੇ ਦੁਸ਼ਮਣ ਹੋਣ। ਇਹੋ ਕਾਰਨ ਹੈ ਕਿ ਵਿਦੇਸ਼ਾਂ ਵਿਚ ਬੱਚਿਆਂ ਸਾਹਮਣੇ ਭਾਰਤੀ ਚੈਨਲਾਂ ਦੀਆਂ ਖਬਰਾਂ ਨਹੀਂ ਸੁਣੀਆਂ ਜਾਂਦੀਆਂ ਕਿਉਂਕਿ ਮਾਰ ਕੁਟਾਈ ਵੇਖ ਕੇ ਬੱਚੇ ਪੁੱਛਦੇ ਹਨ ਕਿ ਪੁਲੀਸ ਲੋਕਾਂ ਨੂੰ ਕਿਉਂ ਕੁੱਟ ਰਹੀ ਹੈ? ਇਸ ਦਾ ਉਤਰ ਉਨ੍ਹਾਂ ਪਾਸ ਹੁੰਦਾ ਨਹੀਂ।

ਪੁਲੀਸ ਦਾ ਪ੍ਰਬੰਧਕੀ ਢਾਂਚਾ ਬਹੁਤ ਵਧੀਆ ਹੈ। ਨਗਰ ਨਿਗਮਾਂ ਅਤੇ ਸੂਬਾਈ ਸਰਕਾਰਾਂ ਦੀ ਆਪੋ ਆਪਣੀ ਪੁਲੀਸ ਹੈ। ਕੇਂਦਰੀ ਪਧਰ 'ਤੇ ਐੱਫ.ਬੀ.ਆਈ. ਤੇ ਹੋਰ ਏਜੰਸੀਆਂ ਹਨ। ਰਾਸ਼ਟਰਪਤੀ ਪਾਸ ਕੌਮੀ ਸੁਰੱਖਿਆ ਗਾਰਡ ਹਨ।

ਰਿਸ਼ਵਤਖੋਰੀ ਕੋਈ ਨਹੀਂ। ਇਥੋਂ ਦੀ ਪੁਲੀਸ ਹੀ ਨਹੀਂ ਬਾਕੀ ਕਰਮਚਾਰੀ ਵੀ ਇਹੋ ਸਮਝਦੇ ਹਨ ਕਿ ਅਸੀਂ ਲੋਕਾਂ ਦੇ ਸੇਵਕ ਹਾਂ। ਸਾਡੀਆਂ ਨੌਕਰੀਆਂ ਲੋਕਾਂ ਦੇ ਟੈਕਸਾਂ ਕਰਕੇ ਹਨ। ਜਿਸ ਦਿਨ ਭਾਰਤੀ ਕਰਮਚਾਰੀਆਂ ਵਿਚ ਇਹ ਸੋਚ ਆ ਗਈ ਤਾਂ ਭਾਰਤੀ ਪ੍ਰਬੰਧਕੀ ਪ੍ਰਣਾਲੀ ਦੀ ਤਸਵੀਰ ਹੋਰ ਹੋਵੇਗੀ।

ਅਮਰੀਕਾ ਵਿਚ ਕੇਵਲ ਤਿੰਨ ਵਿਅਕਤੀਆਂ ਰਾਸ਼ਟਰਪਤੀ, ਉਪਰਾਸ਼ਟਰਪਤੀ ਤੇ ਸਪੀਕਰ ਨੂੰ ਸੁਰੱਖਿਆ ਮਿਲੀ ਹੋਈ। ਬਾਕੀ ਕਿਸੇ ਨੂੰ ਕੋਈ ਸੁਰੱਖਿਆ ਨਹੀਂ। ਲਾਲ ਬੱਤੀਆਂ ਕੇਵਲ ਐਂਬੂਲੈਂਸ, ਫਾਇਰ ਬ੍ਰਿਗੇਡ ਪਾਸ ਹੀ ਹਨ। ਸਭ ਸਿਆਸਤਦਾਨ ਆਪਣੀ ਕਾਰ ਆਪ ਚਲਾਉਂਦੇ ਹਨ। ਕੋਈ ਸਰਕਾਰੀ ਡਰਾਇਵਰ ਨਹੀਂ ਤੇ ਉਹ ਆਮ ਵਿਅਕਤੀਆਂ ਵਾਂਗ ਵਿਚਰਦੇ ਹਨ। ਅਮਰੀਕਾ ਸਭ ਸ਼ਹਿਰੀਆਂ ਲਈ ਸੁਰੱਖਿਅਤ ਹੈ। ਇਸ ਦਾ ਕਾਰਨ ਇਥੋਂ ਦਾ ਸੁਚੱਜਾ ਪੁਲੀਸ ਪ੍ਰਬੰਧ ਹੈ। ਪੁਲੀਸ ਲੋਕਾਂ ਨਾਲ ਵਧੀਕੀ ਨਾ ਕਰੇ, ਇਸ ਲਈ ਪੁਲੀਸ ਦੀਆਂ ਗੱਡੀਆਂ ਵਿਚ ਵਿਡੀਓ ਕੈਮਰੇ ਹਨ। ਪੁਲੀਸ ਕਰਮਚਾਰੀਆਂ ਦੇ ਸਰੀਰ ਉਪਰ ਵੀ ਹੁਣ ਬਾਡੀ ਕੈਮਰੇ ਲੱਗੇ ਹੋਏ ਹਨ, ਜੋ ਪੁਲੀਸ ਕਰਮਚਾਰੀਆਂ ਦੀ ਹਰਕਤਾਂ ਨੂੰ ਰਿਕਾਰਡ ਕਰਦੇ ਹਨ। ਜਦ ਉਹ ਘਰ ਦੀ ਤਲਾਸ਼ੀ ਲੈਂਦੇ ਹਨ ਜਾਂ ਕਿਸੇ ਦੋਸ਼ੀ ਨੂੰ ਫੜਦੇ ਹਨ ਤਾਂ ਉਸ ਦੀ ਵਿਡੀਓ ਬਣਾਈ ਜਾਂਦੀ ਹੈ। ਜੇ ਕੋਈ ਪੁਲੀਸ ਨੂੰ ਰੋੜੇ ਵਗੈਰਾ ਮਾਰਦਾ ਹੈ ਜਾਂ ਹਮਲਾ ਕਰਦਾ ਹੈ ਉਹ ਵੀ ਕੈਮਰੇ ਵਿਚ ਫੜਿਆ ਜਾਂਦਾ ਹੈ। ਅਜੇ ਇਹ ਕੈਮਰੇ ਸਾਰੇ ਕਰਮਚਾਰੀਆਂ ਪਾਸ ਨਹੀਂ। ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਵੱਧ ਰਹੀ ਹੈ।

ਭਾਰਤ ਵਿਚ ਪੁਲੀਸ ਗੁਆਹ ਮੰਗਦੀ ਹੈ। ਕੋਈ ਵਿਅਕਤੀ ਕਤਲ ਹੋ ਜਾਂਦਾ



Academy of the Punjab in North America: http://www.apnaorg.com

ਹੈ ਤਾਂ ਪੁਲੀਸ ਘਰ ਵਾਲਿਆਂ ਨੂੰ ਗੁਆਹ ਲਿਆਉਣ ਲਈ ਕਹਿੰਦੀ ਹੈ। ਹੁਣ ਘਰ ਵਾਲੇ ਗੁਆਹ ਕਿੱਥੋਂ ਲਿਆਉਣ, ਜੋ ਘਟਨਾ ਉਨ੍ਹਾਂ ਸਾਹਮਣੇ ਵਾਪਰੀ ਨਹੀਂ। ਪਰ ਇਥੋਂ ਦੀ ਪੁਲੀਸ ਆਪਣੇ ਪੱਧਰ 'ਤੇ ਪੜਤਾਲ ਕਰਕੇ ਸਬੂਤ ਇਕੱਠੇ ਕਰਦੀ ਹੈ ਤੇ ਅਦਾਲਤ ਵਿਚ ਚਲਾਨ ਪੇਸ਼ ਕਰਦੀ ਹੈ।

ਅਮਰੀਕਾ ਹੀ ਨਹੀਂ ਕੈਨੇਡਾ, ਇੰਗਲੈਂਡ, ਫਰਾਂਸ ਵਗੈਰਾ ਵਿਚ ਪ੍ਰਧਾਨ ਮੰਤਰੀ, ਮੁੱਖ-ਮੰਤਰੀ, ਐਮ.ਪੀ., ਐਮ.ਐਲ.ਏ. ਆਦਿ ਆਮ ਲੋਕਾਂ ਦੀ ਤਰ੍ਹਾਂ ਰਹਿੰਦੇ ਹਨ। ਉਨ੍ਹਾਂ ਨਾਲ ਕੋਈ ਗੰਨਮੈਨ ਨਹੀਂ ਹੁੰਦਾ। ਇਸ ਦਾ ਕਾਰਨ ਇਨ੍ਹਾਂ ਮੁਲਕਾਂ ਦਾ ਵਧੀਆ ਪੁਲੀਸ ਪ੍ਰਬੰਧ ਹੈ।

ਭਾਰਤ ਨੇ ਅਜੇ ਤੀਕ ਘਸਿਆ ਪਿਟਿਆ ਪੁਲੀਸ ਤੰਤਰ ਕਾਇਮ ਕੀਤਾ ਹੋਇਆ ਜੋ ਅੰਗਰੇਜ਼ਾਂ ਨੇ ਭਾਰਤ ਨੂੰ ਗ਼ੁਲਾਮ ਰੱਖਣ ਲਈ ਬਣਾਇਆ ਸੀ। ਉਹੋ ਅੰਗਰੇਜ਼ਾਂ ਵਾਲੇ ਕਾਲੇ ਕਾਨੂੰਨ ਹਨ। ਪੁਲੀਸ ਨੇ ਝੂਠੇ ਗਵਾਹ ਰਖੇ ਹੁੰਦੇ ਸਨ, ਜਿਹੜੇ ਸਰਕਾਰ ਦੇ ਹੱਕ ਵਿਚ ਭੁਗਤਦੇ ਸਨ। ਅਦਾਲਤਾਂ ਵਿਚ ਗ਼ਰੀਬਾਂ ਦੀ ਕੋਈ ਸੁਣਵਾਈ ਨਹੀਂ ਸੀ ਹੁੰਦੀ। ਇਸ ਲਈ ਪੁਲੀਸ ਤੰਤਰ ਨੂੰ ਸਮੇਂ ਦਾ ਹਾਣੀ ਬਨਾਉਣ ਦੀ ਲੋੜ ਹੈ, ਜਿਸ ਵਿਚ ਹਰੇਕ ਵਿਅਕਤੀ ਸੁਰੱਖਿਅਤ ਹੋਵੇ। ਪੁਲੀਸ ਸਹੀ ਅਰਥਾਂ ਵਿਚ ਜਨ ਸੇਵਕ ਹੋਵੇ ਤਾਂ ਹੀ ਭਾਰਤੀਆਂ ਦੇ ਅੱਛੇ ਦਿਨ ਆ ਸਕਦੇ ਹਨ, ਜਿਸ ਦਾ ਮੋਦੀ ਜੀ ਨੇ ਚੋਣਾਂ ਸਮੇਂ ਵਾਅਦਾ ਕੀਤਾ ਸੀ।

*9 ਜੂਨ 2015*



Academy of the Punjab in North America: http://www.apnaorg.com

# ਅਮਰੀਕਾ ਦੀ ਤਰੱਕੀ ਦਾ ਰਾਜ, ਸ਼ਕਤੀਆਂ ਦਾ ਵਿਕੇਂਦਰੀਕਰਨ

ਅਮਰੀਕਾ ਨੇ ਬਰਤਾਨੀਆ ਪਾਸੋਂ ਹਥਿਆਰਬੰਦ ਲੜਾਈ ਲੜ ਕੇ ਆਜ਼ਾਦੀ ਲਈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਬਰਤਾਨੀਆ ਨਾਲੋਂ ਵੱਖਰੀ ਤਰ੍ਹਾਂ ਦਾ ਪ੍ਰਬੰਧਕੀ ਢਾਂਚਾ ਕਾਇਮ ਕੀਤਾ, ਜਿਸ ਨੂੰ ਫੈਡਰਲ ਸਿਸਟਮ ਕਿਹਾ ਜਾਂਦਾ ਹੈ। ਜੇ ਅਮਰੀਕਾ ਦੇ ਝੰਡੇ 'ਤੇ ਝਾਤ ਮਾਰੀਏ ਤਾਂ ਉਸ ਵਿਚ 13 ਪੱਟੀਆਂ ਅਤੇ 50 ਤਾਰੇ ਹਨ। ਜਦ ਅਮਰੀਕਾ ਆਜ਼ਾਦ ਹੋਇਆ ਤਾਂ ਉਸ ਸਮੇਂ 13 ਸੂਬੇ (ਕਲੋਨੀਆਂ) ਸਨ। 13 ਪੱਟੀਆਂ ਇਨ੍ਹਾਂ 13 ਸੂਬਿਆਂ ਦੀਆਂ ਪ੍ਰਤੀਕ ਹਨ। ਹੌਲੀ-ਹੌਲੀ ਨਾਲ ਦੇ ਸੂਬੇ ਰਲਦੇ ਗਏ ਤੇ ਸੂਬਿਆਂ ਦੀ ਗਿਣਤੀ 50 ਹੋ ਗਈ। 50 ਤਾਰੇ 50 ਸੂਬਿਆਂ ਦੇ ਪ੍ਰਤੀਕ ਹਨ।

ਅਮਰੀਕਾ ਵਿਚ ਕੇਂਦਰ ਸਰਕਾਰ ਪਾਸ ਬਹੁਤ ਘਟ ਸ਼ਕਤੀਆਂ ਹਨ। ਉਸ ਪਾਸ ਕੇਵਲ ਕਰੰਸੀ ਛਾਪਣ, ਫ਼ੌਜ ਰੱਖਣ, ਦੂਜਿਆਂ ਦੇਸ਼ਾਂ ਨਾਲ ਸਮਝੌਤੇ ਕਰਨ, ਲੜਾਈ ਦਾ ਐਲਾਨ ਕਰਨ ਵਰਗੇ ਅਹਿਮ ਕੰਮ ਹਨ। ਕੇਂਦਰੀ ਕਾਨੂੰਨ ਸਾਰੇ ਰਾਜਾਂ 'ਤੇ ਲਾਗੂ ਹੁੰਦੇ ਹਨ। ਜਿੱਥੋਂ ਤੀਕ ਸੂਬਿਆਂ ਦਾ ਸੰਬੰਧ ਹੈ, ਸੂਬੇ ਆਪਣੇ ਆਪ ਵਿਚ ਖ਼ੁਦ-ਮੁਖ਼ਤਿਆਰ ਹਨ। ਇਥੋਂ ਤੀਕ ਕੇ ਜੇ ਕੋਈ ਸੂਬਾ ਅਮਰੀਕਾ, ਨਾਲੋਂ ਵਖ ਹੋਣਾ ਚਾਹੇ ਤਾਂ ਉਹ ਵੱਖ ਹੋ ਸਕਦਾ ਹੈ ਪਰ ਅਜੇ ਤੀਕ ਅਜਿਹਾ ਨਹੀਂ ਹੋਇਆ।

ਹਰ ਸੂਬੇ ਦੇ ਆਪੋ ਆਪਣੇ ਕਾਨੂੰਨ ਹਨ। ਇਹੋ ਕਾਰਨ ਹੈ ਕਿ ਕਈ ਸੂਬਿਆਂ ਵਿਚ ਫਾਂਸੀ ਦੀ ਸਜ਼ਾ ਹੈ ਤੇ ਕਈਆਂ ਵਿਚ ਨਹੀਂ। ਟ੍ਰੈਫਿਕ ਨਿਯਮ ਵੀ ਅਲਗ ਅਲਗ ਹਨ। ਸੂਬਿਆਂ ਨੇ ਵੀ ਅੱਗੋਂ ਸ਼ਕਤੀਆਂ ਨਗਰ ਨਿਗਮਾਂ (ਕਾਰਪੋਰੇਸ਼ਨਾਂ) ਨੂੰ ਦਿੱਤੀਆਂ ਹੋਈਆਂ ਹਨ। ਹਰ ਨਗਰ ਨਿਗਮ ਦੀ ਆਪਣੀ ਪੁਲੀਸ ਹੈ, ਜੋ ਆਪਣੇ ਖੇਤਰ ਵਿਚ ਕੰਮ ਕਰਦੀ ਹੈ। ਉਸ ਵਿਚ ਸਰਕਾਰ ਦਾ ਕੋਈ ਦਖਲ ਨਹੀਂ। ਜਿਹੜੇ ਨਕਸ਼ੇ ਨੇ ਉਹ ਵੀ ਨਗਰ ਨਿਗਮ ਹੀ ਪਾਸ ਕਰਦੀ ਹੈ, ਉਸ ਵਿਚ ਰਾਜ ਸਰਕਾਰ ਦਾ ਕੋਈ ਦਖਲ ਨਹੀਂ। ਭਾਰਤ ਵਿਚ ਲਾਲ ਫੀਤਾ ਹੋਣ ਕਰਕੇ ਮੋਟੀਆਂ ਰਕਮਾਂ ਕਥਿਤ ਤੌਰ 'ਤੇ ਲਈਆਂ ਜਾਂਦੀਆਂ ਹਨ। ਅਮਰੀਕਾ ਵਿਚ ਜਿਹੜੇ ਨਕਸ਼ੇ ਪਾਸ ਹੁੰਦੇ ਹਨ, ਉਹ ਪਹਿਲਾਂ ਇੰਟਰਨੈੱਟ ਉਪਰ ਪਾ ਦਿੱਤੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ।

ਜਦ ਨਕਸ਼ੇ ਪਾਸ ਕਰਨ ਵਾਲੀ ਕਮੇਟੀ ਦੀ ਮੀਟਿੰਗ ਹੁੰਦੀ ਹੈ ਤਾਂ ਉਸ ਦਾ ਸਿੱਧਾ ਪ੍ਰਸਾਰਨ ਸਥਾਨਕ ਟੀ.ਵੀ. ਚੈਨਲ ਉਪਰ ਵਿਖਾਇਆ ਜਾਂਦਾ ਹੈ ਤੇ ਉਸ ਮੀਟਿੰਗ ਵਿਚ ਕੋਈ ਵੀ ਵਿਅਕਤੀ ਸ਼ਾਮਲ ਹੋ ਸਕਦਾ ਹੈ। ਹਸਪਤਾਲ ਪ੍ਰਾਈਵੇਟ ਹਨ। ਵਿਦਿਅਕ



Academy of the Punjab in North America: http://www.apnaorg.com

ਮਹਿਕਮਾ ਹੈ ਪਰ ਉਹ ਸਾਡੇ ਵਾਂਗ ਸਕੂਲ ਨਹੀਂ ਚਲਾਉਂਦਾ ਹੈ ਤੇ ਨਾ ਕੋਈ ਅਧਿਆਪਕ ਵਗੈਰਾ ਭਰਤੀ ਕਰਦਾ ਹੈ। ਬਾਰਵੀਂ ਤੀਕ ਮੁਫ਼ਤ ਵਿਦਿਆ ਹੈ। ਜਿਸ ਪਿੰਡ ਜਾਂ ਸ਼ਹਿਰੀ ਖੇਤਰ ਦਾ ਸਕੂਲ ਹੈ, ਉਥੋਂ ਦੇ ਵਸਨੀਕ ਵੋਟਾਂ ਪਾ ਕੇ ਚਾਰ ਸਾਲ ਲਈ ਕਮੇਟੀ ਚੁਣਦੇ ਹਨ, ਜੋ ਅਧਿਆਪਕ ਭਾਰਤੀ ਕਰਦੀ ਹੈ ਤੇ ਸਕੂਲ ਨੂੰ ਚਲਾਉਂਦੀ ਹੈ। ਸਕੂਲ ਲਈ ਕੁਝ ਰਕਮ ਸਰਕਾਰ ਦਿੰਦੀ ਹੈ ਤੇ ਬਾਕੀ ਰਕਮ ਘਰਾਂ ਉਪਰ ਟੈਕਸ ਲਾ ਕੇ ਇਕੱਠੀ ਕੀਤੀ ਜਾਂਦੀ ਹੈ। ਬੱਸਾਂ ਵੀ ਸਕੂਲਾਂ ਦੀਆਂ ਆਪਣੀਆਂ ਹਨ ਤੇ ਇਨ੍ਹਾਂ ਲਈ ਕੋਈ ਕਿਰਾਇਆ ਨਹੀਂ ਲਿਆ ਜਾਂਦਾ।

ਅਮਰੀਕਾ ਦੀ ਦੁਨੀਆਂ ਨਾਲੋਂ ਇਕ ਵਿਲੱਖਣਤਾ ਇਹ ਹੈ ਕਿ ਇਥੋਂ ਵੋਟਾਂ ਰਾਹੀਂ ਸਭ ਦੀ ਸਿੱਧੀ ਚੋਣ ਹੁੰਦੀ ਹੈ, ਕੋਈ ਚੋਰ ਮੋਰੀ ਜਾਂ ਨਾਮਜ਼ਦਗੀ ਨਹੀਂ ਜਿਵੇਂ ਭਾਰਤ ਵਿਚ ਹੈ। ਸ਼ਹਿਰੀ ਪੱਧਰ 'ਤੇ ਮੇਅਰ ਦੀ ਚੋਣ ਸਿੱਧੀ ਹੈ, ਰਾਜ ਪੱਧਰ 'ਤੇ ਗਵਰਨਰ ਦੀ ਚੋਣ ਸਿੱਧੀ ਹੈ ਤੇ ਕੇਂਦਰੀ ਪੱਧਰ 'ਤੇ ਰਾਸ਼ਟਰਪਤੀ ਦੀ ਚੋਣ ਸਿੱਧੀ ਹੈ। ਇਸ ਦਾ ਲਾਭ ਇਹ ਹੈ ਕਿ ਰਾਸ਼ਟਰਪਤੀ ਨੂੰ ਸਾਰੇ ਸੂਬਿਆਂ ਵਿਚ ਵੋਟਾਂ ਮੰਗਣ ਲਈ ਜਾਣਾ ਪੈਂਦਾ ਹੈ ਤੇ ਚੋਣ ਜਿੱਤਣ ਪਿੱਛੋਂ ਸਾਰੇ ਸੂਬਿਆਂ ਦਾ ਧਿਆਨ ਰੱਖਣਾ ਪੈਂਦਾ ਹੈ। ਇਸੇ ਤਰ੍ਹਾਂ ਗਵਰਨਰ ਨੂੰ ਸੂਬੇ ਦੇ ਹਰ ਵੋਟਰ ਪਾਸ ਵੋਟ ਲੈਣ ਲਈ ਜਾਣਾ ਪੈਂਦਾ ਹੈ। ਭਾਰਤ ਵਿਚ ਅਸੀਂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀਆਂ ਆਸਾਮੀਆਂ ਰਖੀਆਂ ਹਨ ਸਾਨੂੰ ਵੀ ਰਾਸ਼ਟਰਪਤੀ ਦੀ ਆਸਾਮੀ ਖਤਮ ਕਰਕੇ ਪ੍ਰਧਾਨ ਮੰਤਰੀ ਦੀ ਸਿੱਧੀ ਚੋਣ ਕਰਾਉਣੀ ਚਾਹੀਦੀ ਹੈ। ਸੂਬਾਈ ਪੱਧਰ 'ਤੇ ਮੁਖ ਮੰਤਰੀ ਦੀ ਚੋਣ ਸਿੱਧੀ ਹੋਣੀ ਚਾਹੀਦੀ ਹੈ ਤੇ ਗਵਰਨਰ ਦੀ ਆਸਾਮੀ ਖਤਮ ਕਰਨੀ ਚਾਹੀਦੀ ਹੈ। ਭਾਰਤ ਵਾਂਗ ਅਮਰੀਕਾ ਵਿਚ ਕੌਮੀ ਪੱਧਰ 'ਤੇ ਦੋ ਹਾਊਸ ਹੈ। ਲੋਕ ਸਭਾ ਦੇ ਮੁਕਾਬਲੇ 'ਤੇ ਹਾਊਸ ਆਫ ਰੀਪ੍ਰੀਜੈਨਟੇਟਿਵ ਹੈ, ਜਿਸ ਦੇ 435 ਮੈਂਬਰ ਹਨ ਪਰ ਇਨ੍ਹਾਂ ਦੀ ਚੋਣ ਹਰ 2 ਸਾਲ ਬਾਅਦ ਹੁੰਦੀ ਹੈ ਤਾਂ ਜੁ ਇਨ੍ਹਾਂ ਦਾ ਲੋਕਾਂ ਨਾਲ ਸੰਪਰਕ ਬਣਿਆ ਰਹੇ। ਜੇ ਅਸੀਂ ਵੀ ਲੋਕ ਸਭਾ ਚੋਣਾਂ ਹਰ 2 ਸਾਲ ਬਾਅਦ ਕਰਾਈਏ ਤਾਂ ਲੋਕ ਸਭਾ ਮੈਂਬਰਾਂ ਨੂੰ ਆਪਣੇ ਵੋਟਰਾਂ ਨਾਲ ਸੰਪਰਕ ਕਾਇਮ ਰੱਖਣ ਲਈ ਮਜਬੂਰ ਹੋਣਾ ਪਵੇਗਾ। ਸੂਬਿਆਂ ਵਿਚ ਵਿਧਾਇਕਾਂ ਦੀ ਚੋਣ ਵੀ 2 ਸਾਲ ਲਈ ਹੁੰਦੀ ਹੈ। ਸਾਨੂੰ ਵੀ ਵਿਧਾਇਕ 2 ਸਾਲ ਲਈ ਚੁਣਨੇ ਚਾਹੀਦੇ ਹਨ। ਅਮਰੀਕਾ ਵਿਚ ਲੋਕ ਨੁਮਾਇੰਦਿਆਂ ਨੂੰ ਮੁੜ ਵਾਪਸ ਬੁਲਾਉਣ ਦੀ ਵਿਵਸਥਾ ਹੈ ਪਰ ਸਾਡੇ ਨਹੀਂ, ਜੋ ਹੋਣੀ ਚਾਹੀਦੀ ਹੈ ਤਾਂ ਜੁ ਨਾ ਕੰਮ ਕਰਨ ਵਾਲਿਆਂ ਨੂੰ ਘਰ ਭੇਜਿਆ ਜਾ ਸਕੇ।

ਜਿਥੋਂ ਤੀਕ ਰਾਜ ਸਭਾ ਦਾ ਸੰਬੰਧ ਹੈ, ਅਮਰੀਕਾ ਵਿਚ ਸੈਨੇਟ ਹੈ। ਸਾਡੇ ਚੋਣ ਮੋਰੀ ਰਾਹੀਂ ਜਣਾ-ਖਣਾ ਰਾਜ ਸਭਾ ਦਾ ਮੈਂਬਰ ਬਣ ਕੇ ਮੰਤਰੀ ਤੇ ਪ੍ਰਧਾਨ ਮੰਤਰੀ ਬਣ ਸਕਦਾ ਹੈ। ਲੋਕ ਸਭਾ ਚੋਣਾਂ ਹਾਰ ਕੇ ਕਈ ਰਾਜ ਸਭਾ ਮੈਂਬਰ ਬਣ ਕੇ ਮੰਤਰੀ ਬਣੇ ਹੋਏ ਹਨ ਪਰ ਅਮਰੀਕਾ ਵਿਚ ਅਜਿਹਾ ਨਹੀਂ। ਅਮਰੀਕਾ ਵਿਚ ਹਰ ਸੂਬੇ ਤੋਂ 2 ਸੈਨੇਟਰ ਚੁਣੇ ਜਾਂਦੇ ਹਨ ਜਿਨ੍ਹਾਂ ਨੂੰ ਸੂਬੇ ਦੇ ਵੋਟਰ ਵੋਟਾਂ ਪਾ ਕੇ ਚੁਣਦੇ ਹਨ। ਭਾਰਤ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਸੂਬੇ ਵਿਚੋਂ 2 ਮੈਂਬਰਾਂ ਸਿੱਧੀਆਂ ਵੋਟਾਂ ਪਾ ਕੇ ਚੁਣੇ।

ਅਮਰੀਕਾ ਦੇ ਟਾਕਰੇ 'ਤੇ ਇੰਗਲੈਂਡ, ਕੈਨੇਡਾ, ਫਰਾਂਸ ਆਦਿ ਦੇਸ਼ਾਂ ਵਿਚ ਭਾਰਤ



Academy of the Punjab in North America: http://www.apnaorg.com

ਵਾਂਗ ਮਿਸ਼ਰਤ ਆਰਥਕ ਵਿਵਸਥਾ ਹੈ ਭਾਵ ਪ੍ਰਾਈਵੇਟ ਤੇ ਪਬਲਿਕ ਸੈਕਟਰ ਹਨ ਤੇ ਸਭ ਨੂੰ ਰੁਜ਼ਗਾਰ, ਸਿਹਤ ਸੇਵਾਵਾਂ, ਸਿੱਖਿਆ ਵਗੈਰਾ ਦੇਂਦਾ ਸਰਕਾਰ ਦੀ ਜ਼ੰਮੇਵਾਰੀ ਹੈ। ਅਮਰੀਕਾ ਵਿਚ ਸਰਮਾਏਦਾਰੀ ਨਿਜ਼ਾਮ ਹੈ। ਭਾਰਤ ਨੇ ਅਜੇ ਵੀ ਅੰਗਰੇਜ਼ੀ ਰਾਜ ਦੇ ਕਾਨੂੰਨ ਲਾਗੂ ਕੀਤੇ ਹੋਏ ਹਨ, ਜੋ ਵੇਲਾ ਵਿਹਾਅ ਚੁੱਕੇ ਹਨ। ਇਸ ਲਈ ਸਮੁੱਚੇ ਸਵਿਧਾਨਕ ਢਾਂਚੇ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਇਕ ਵਿਸ਼ੇਸ਼ ਟੀਮ ਕਾਇਮ ਕਰਨੀ ਚਾਹੀਦੀ ਹੈ ਤੇ ਅਮਰੀਕਾ ਵਾਂਗ ਸੂਬਿਆਂ ਨੂੰ ਵਧੇਰੇ ਸ਼ਕਤੀਆਂ ਦੇਣੀਆਂ ਚਾਹੀਦੀਆਂ ਹਨ। ਜੇ ਅਮਰੀਕਾ, ਕੈਨੇਡਾ, ਇੰਗਲੈਂਡ ਜਿੱਥੇ ਕਿ ਸੂਬਿਆਂ ਨੂੰ ਵੱਖ ਹੋਣ ਦੇ ਅਧਿਕਾਰ ਹਨ, ਨਹੀਂ ਟੁਟੇ ਤਾਂ ਭਾਰਤ ਕਿਵੇਂ ਟੁੱਟ ਸਕਦਾ ਹੈ।

*3 ਜੂਨ 2015*



Academy of the Punjab in North America: http://www.apnaorg.com

# ਸਵੱਛ ਭਾਰਤ ਕਿਵੇਂ ਹੋਵੇ ?

ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ ਕਿ ਗੰਦਗੀ ਬੀਮਾਰੀਆਂ ਦਾ ਘਰ ਹੈ, ਪਰ ਇਸ ਦੇ ਬਾਵਜੂਦ ਵੀ ਭਾਰਤੀ ਇਸ ਪ੍ਰਤੀ ਗੰਭੀਰ ਨਹੀਂ। ਪੀਲੀਆ ਤੇ ਹੋਰ ਪੇਟ ਦੀਆਂ ਬੀਮਾਰੀਆਂ ਤੁਹਾਨੂੰ ਵਿਦੇਸ਼ਾਂ ਵਿਚ ਨਹੀਂ ਮਿਲਣਗੀਆਂ ਕਿਉਂਕਿ ਇੱਥੋਂ ਦਾ ਪਾਣੀ ਪ੍ਰਦੂਸ਼ਿਤ ਨਹੀਂ। ਵਿਦੇਸ਼ੀ ਬੱਚੇ ਬੜੇ ਚਾਵਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਂਦੇ ਹਨ ਪਰ ਸ਼ਹਿਰ ਦੀ ਗੰਦਗੀ ਤੇ ਆਵਾਜ਼ ਪ੍ਰਦੂਸ਼ਣ ਉਨ੍ਹਾਂ ਅੰਦਰ ਅਜਿਹੀ ਨਫ਼ਰਤ ਪੈਦਾ ਕਰਦਾ ਹੈ ਕਿ ਉਹ ਮੁੜ ਪੰਜਾਬ ਜਾਣਾ ਨਹੀਂ ਚਾਹੁੰਦੇ।

ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦ ਅਮਰੀਕਾ ਆਏ ਸਨ ਤਾਂ ਉਨ੍ਹਾਂ ਨੇ ਭਾਰਤੀਆਂ ਨੂੰ ਭਾਰਤ ਨੂੰ ਸਾਫ਼-ਸੁਥਰਾ ਭਾਵ ਸਵੱਛ ਭਾਰਤ ਬਣਾਉਣ ਦਾ ਸੱਦਾ ਦਿੱਤਾ ਤੇ 2 ਅਕਤੂਬਰ 2014 ਨੂੰ ਰਾਜਘਾਟ ਨਵੀਂ ਦਿੱਲੀ ਤੋਂ 'ਸੱਵਸ਼ ਭਾਰਤ' ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਵਿਚ 9 ਉਘੀਆਂ ਹਸਤੀਆਂ ਨੂੰ ਸ਼ਾਮਲ ਕੀਤਾ ਗਿਆ। ਇਸ ਮੁਹਿੰਮ ਅਧੀਨ 62000 ਕਰੋੜ ਰੁਪਏ ਖਰਚ ਕੇ 2 ਅਕਤੂਬਰ 2019 ਤੀਕ ਭਾਰਤ ਨੂੰ ਸਾਫ਼ ਭਾਰਤ ਬਣਾਉਣਾ ਹੈ। ਇਸ ਰਕਮ ਵਿਚੋਂ ਕੇਂਦਰ ਨੇ 75% ਰਕਮ ਦੇਣੀ ਹੈ ਬਾਕੀ 25 ਪ੍ਰਤੀਸ਼ਤ ਦਾ ਰਾਜ ਸਰਕਾਰਾਂ ਤੇ ਨਗਰ ਨਿਗਮਾਂ ਨੇ ਪ੍ਰਬੰਧ ਕਰਨਾ ਹੈ। ਇਹ ਇਕ ਬਹੁਤ ਵੱਡੀ ਚੁਣੌਤੀ ਹੈ ਕਿਉਂਕਿ ਪੰਜਾਬ ਸਰਕਾਰ ਤੇ ਕਾਰਪੋਰੇਸ਼ਨਾਂ ਪਾਸ ਤਾਂ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ ਹਨ, ਏਡੀ ਵੱਡੀ ਰਕਮ ਕਿਥੋਂ ਦੇਣਗੀਆਂ ?

ਜੇ ਅਸੀਂ ਪਿਛੋਕੜ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੇਂਡੂ ਲੋਕਾਂ ਦੀ ਜ਼ਿੰਦਗੀ ਵਿਚ ਸੁਧਾਰ ਲਿਆਉਣ, ਸਕੂਲਾਂ ਵਿਚ ਪਖਾਨੇ ਬਣਾਉਣ, ਗਰੀਬੀ ਰੇਖਾ ਤੋਂ ਥੱਲੇ ਲੋਕਾਂ ਨੂੰ ਪਖਾਨੇ ਬਣਾ ਕੇ ਦੇਣ ਅਤੇ ਪਿੰਡ ਪੱਧਰ 'ਤੇ ਸਾਂਝੇ ਪਖਾਨੇ ਬਨਾਉਣ ਵਗੈਰਾ ਲਈ ਕੇਂਦਰ ਸਰਕਾਰ ਨੇ 1986 ਵਿਚ 'ਕੇਂਦਰੀ ਪੇਂਡੂ ਸਫ਼ਾਈ ਪ੍ਰੋਗਰਾਮ (ਸੀ.ਆਰ.ਐਸ.ਪੀ.)' ਸ਼ੁਰੂ ਕੀਤਾ ਸੀ। 1 ਅਪ੍ਰੈਲ 1999 ਨੂੰ ਇਸ ਪ੍ਰੋਗਰਾਮ ਦਾ ਨਾਂ 'ਮੁਕੰਮਲ ਸਫ਼ਾਈ ਮੁਹਿੰਮ (ਟੀ.ਐਸ.ਸੀ.)' ਰੱਖ ਦਿੱਤਾ ਗਿਆ ਤੇ ਮੁੜ 1 ਅਪ੍ਰੈਲ 2012 ਨੂੰ ਇਸ ਦਾ ਨਾਂ 'ਨਿਰਮਲ ਭਾਰਤ' ਰੱਖ ਦਿੱਤਾ ਗਿਆ। ਇਸ ਮੁਹਿੰਮ ਦਾ ਉਦੇਸ਼ 2017 ਤੀਕ ਬਾਹਰ ਖੁੱਲ੍ਹੇ ਸਥਾਨਾਂ 'ਤੇ ਟੱਟੀ ਕਰਨ ਨੂੰ ਖ਼ਤਮ ਕਰਨਾਸੀ। ਇਸ ਸਕੀਮ ਵਿਚ ਹਰ ਘਰ ਨੂੰ ਪਖਾਨੇ ਬਨਾਉਣ ਲਈ 10000 ਰੁਪਏ ਦਿੱਤੇ ਜਾਣੇ ਸਨ।

ਸ਼ਹਿਰਾਂ ਨੂੰ ਸਾਫ਼-ਸੁਥਰੇ ਬਨਾਉਣ ਲਈ ਭਾਰਤ ਸਰਕਾਰ ਨੇ 2008 ਵਿਚ 'ਕੌਮੀ ਸ਼ਹਿਰੀ ਸਫ਼ਾਈ ਨੀਤੀ (ਨੈਸ਼ਨਲ ਅਰਬਨ ਸੈਨੀਟੇਸ਼ਨ ਪਾਲਸੀ)' ਬਣਾਈ, ਜਿਸ ਅਧੀਨ ਸਭ ਸ਼ਹਿਰਾਂ ਵਿਚ ਸਭ ਵਸਨੀਕਾਂ ਲਈ ਪੀਣ ਵਾਲੇ ਪਾਣੀ, ਪਖਾਨਿਆਂ ਤੇ ਸੀਵਰੇਜ



Academy of the Punjab in North America: http://www.apnaorg.com

ਪ੍ਰਣਾਲੀ, ਨਾ-ਪੀਣ ਯੋਗ ਫਾਲਤੂ ਪਾਣੀ ਦੀ ਮੁੜ ਵਰਤੋਂ ਦਾ ਪ੍ਰਬੰਧ ਕਰਨ, ਮਲਮੂਤਰ, ਹਸਪਤਾਲਾਂ, ਉਦਯੋਗਿਕ ਤੇ ਹਾਨੀਕਾਰਕ ਕੂੜੇ ਕਰਕਟ ਨੂੰ ਸੁਰੱਖਿਅਤ ਇਕੱਠਾ ਕਰ ਕੇ ਉਸ ਦਾ ਸੁਰੱਖਿਅਤ ਨਿਪਟਾਰਾ ਕਰਨਾ ਆਦਿ ਸ਼ਾਮਲ ਕੀਤਾ ਗਿਆ। 2005-12 ਦੀ ਸੱਤ ਸਾਲਾ ਯੋਜਨਾ ਲਈ ਕੇਂਦਰ ਸਰਕਾਰ ਨੇ 50,000 ਕਰੋੜ ਰੁਪਏ ਰੱਖੇ ਸਨ। ਏਨੇ ਹੀ ਪੈਸੇ ਰਾਜ ਸਰਕਾਰ ਤੇ ਸਥਾਨਕ ਸਰਕਾਰਾਂ ਨੇ ਰਲ ਕੇ ਪਾਉਣੇ ਸਨ। 2015 ਤੀਕ ਅੱਧੀ ਸ਼ਹਿਰੀ ਆਬਾਦੀ ਤੇ 2025 ਤੀਕ 100 ਪ੍ਰਤੀਸ਼ਤ ਸ਼ਹਿਰੀ ਆਬਾਦੀ ਨੂੰ ਸਫ਼ਾਈ ਸਹੂਲਤਾਂ ਪ੍ਰਦਾਨ ਕਰਨ ਦਾ ਟੀਚਾ ਮਿਥਿਆ ਗਿਆ। ਇਹ ਸਕੀਮ ਬਹੁਤ ਵਧੀਆ ਸੀ ਪਰ ਇਸ ਤੇ ਅਮਲ ਨਹੀਂ ਹੋਇਆ। ਇਸ ਸਕੀਮ ਅਧੀਨ ਰਾਜ ਸਰਕਾਰਾਂ ਨੂੰ 2 ਸਾਲਾਂ ਵਿਚ ਮਾਡਲ ਸ਼ਹਿਰੀ ਸਫ਼ਾਈ ਯੋਜਨਾਵਾਂ ਬਨਾਉਣ ਲਈ ਕਿਹਾ ਗਿਆ ਜੋ ਕਿ ਰਾਜ ਸਰਕਾਰਾਂ ਨੇ ਨਹੀਂ ਬਣਾਈਆਂ। ਦੂਜਾ ਇਸ ਯੋਜਨਾ ਅਧੀਨ ਹਰੇਕ ਸ਼ਹਿਰ ਵਿਚ ਮੇਅਰ ਦੀ ਅਗਵਾਈ ਵਿਚ ਇਕ 'ਸਿਟੀ ਸੈਨੀਟੇਸ਼ਨ ਟਾਸਕ ਫੋਰਸ' ਬਣਾਈ ਜਾਣੀ ਸੀ, ਜਿਸ ਦੇ ਕਨਵੀਨਰ ਕਮਿਸ਼ਨਰ ਨਗਰ ਨਿਗਮ ਹੋਣੇ ਸਨ। ਸ਼ਹਿਰ ਦੇ ਬਹੁਤ ਹੀ ਮੋਹਤਬਰ ਵਿਅਕਤੀਆਂ ਨੂੰ ਸਿਟੀ ਸੈਨੀਟੇਸ਼ਨ ਅੰਬੈਸਡਰ ਬਨਾਉਣਾ ਸੀ।

ਸਰਕਾਰੀ ਵਿਭਾਗਾਂ ਤੋਂ ਇਲਾਵਾ ਮੁਹੱਲਾ ਸੁਧਾਰ ਕਮੇਟੀਆਂ, ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਦੁਕਾਨਦਾਰਾਂ, ਵਕੀਲਾਂ, ਡਾਕਟਰਾਂ ਆਦਿ ਦੇ ਨੁਮਾਇੰਦਿਆਂ ਨੂੰ ਇਸ ਵਿਚ ਸ਼ਾਮਲ ਕਰਨਾ ਸੀ। ਇਹ ਕਮੇਟੀਆਂ ਅਜੇ ਤੀਕ ਨਹੀਂ ਬਣੀਆਂ।

ਇਸ ਤਰ੍ਹਾਂ 'ਅੱਗਾ ਦੌੜ ਪਿੱਛਾ ਚੌੜ' ਮੁਹਾਵਰਾ ਭਾਰਤ ਸਰਕਾਰ 'ਤੇ ਢੁੱਕਦਾ ਹੈ। ਪਹਿਲੀ ਸਕੀਮ ਨੂੰ ਪੂਰਾ ਕਰਨ ਤੋਂ ਬਗ਼ੈਰ ਹੀ ਨਵੀਂ ਸਕੀਮ ਸ਼ੁਰੂ ਕਰ ਲਈ ਜਾਂਦੀ ਹੈ। ਕੋਈ ਵੀ ਕੰਮ ਕਰਨਾ ਹੋਵੇ ਤਾਂ ਉਸ ਲਈ ਪਹਿਲਾਂ ਯੋਜਨਾਬੰਦੀ ਤੇ ਫਿਰ ਉਸ ਨੂੰ ਈਮਾਨਦਾਰੀ ਨਾਲ ਲਾਗੂ ਕਰਨਾ ਹੁੰਦਾ ਹੈ। ਭਾਰਤੀ ਯੋਜਨਾਕਾਰ ਸਕੀਮਾਂ 'ਤੇ ਬੜੀਆਂ ਬਣਾਉਂਦੇ ਹਨ ਪਰ ਉਨ੍ਹਾਂ ਉਪਰ ਅਮਲ ਨਾ ਹੋਣ ਕਰਕੇ ਉਹ ਦਮ ਤੋੜ ਜਾਂਦੀਆਂ ਹਨ।

ਦਿੱਲੀ ਦੀ ਉਦਾਹਰਨ ਹੈ, ਦਿੱਲੀ ਮੈਟਰੋ ਅੰਦਰ ਸਫ਼ਾਈ ਹੈ ਪਰ ਦਿੱਲੀ ਰੇਲਵੇਸਟੇਸ਼ਨ ਉਪਰ ਏਨਾ ਗੰਦ ਹੈ ਕਿ ਵੇਖ ਕੇ ਸ਼ਰਮ ਆਉਂਦੀ ਹੈ। ਜਿਹੜੀ ਸਰਕਾਰ ਰਾਜਧਾਨੀ ਜਿੱਥੇ ਕਿ ਕੇਂਦਰੀ ਮੰਤਰੀ ਨਿਵਾਸ ਕਰਦੇ ਹਨ ਦੀ ਸਫ਼ਾਈ, ਪ੍ਰਦੂਸ਼ਨ, ਅਮਨ ਕਾਨੂੰਨ ਆਦਿ ਵਰਗੀਆਂ ਸਮੱਸਿਆਵਾਂ ਹੱਲ ਨਹੀਂ ਕਰ ਸਕਦੀ, ਉਹ ਬਾਕੀ ਦੇਸ਼ ਦਾ ਕੀ ਸਵਾਰ ਸਕਦੀ ਹੈ ? ਅਰਬਾਂ ਰੁਪਏ ਲਗ ਚੁਕੇ ਨੇ ਗੰਗਾ ਅਜੇ ਵੀ ਸਾਫ਼ ਨਹੀਂ ਹੋ ਰਹੀ। ਇਸ ਦਾ ਕਾਰਨ ਇਹ ਹੈ ਕਿ ਜਿਨੀ ਦੇਰ ਤੀਕ ਗੰਗਾ ਵਿਚ ਸ਼ਹਿਰਾਂ ਦਾ ਮਲਮੂਤਰ, ਕਚਰਾ ਵਗੈਰਾ ਤੇ ਪ੍ਰਦੂਸ਼ਿਤ ਪਾਣੀ ਪੈਣਾ ਬੰਦ ਨਹੀਂ ਹੁੰਦਾ, ਉਸ ਸਮੇਂ ਤੀਕ ਗੰਗਾ ਸਾਫ਼ ਨਹੀਂ ਹੋ ਸਕਦੀ। ਇਹੋ ਹਾਲ ਪੰਜਾਬ ਦੇ ਦਰਿਆਵਾਂ ਦਾ ਹੈ। ਸਤਲੁਜ ਤੇ ਬਿਆਸ ਦਰਿਆਵਾਂ ਦਾ ਪਾਣੀ ਰਾਜਸਥਾਨ ਵਾਲੇ ਪੀਂਦੇ ਹਨ, ਉੱਥੋਂ ਦੀ ਮੁੱਖ-ਮੰਤਰੀ ਨੇ ਪੰਜਾਬ ਸਰਕਾਰ ਨੂੰ ਕਈ ਵੇਰ ਕਿਹਾ ਹੈ ਕਿ ਦਰਿਆਵਾਂ ਵਿਚ ਪ੍ਰਦੂਸ਼ਿਤ ਪਾਣੀ ਨਾ ਪਾਇਆ ਜਾਵੇ, ਪਰ ਪੰਜਾਬ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਪੰਜਾਬ ਦੇ ਬਰਸਾਤੀ ਨਾਲੇ ਗੰਦੇ ਨਾਲੇ ਬਣੇ ਹੋਏ ਹਨ ਕਿਉਂਕਿ ਉਨ੍ਹਾਂ ਵਿਚ ਅਣ-ਸੋਧਿਆ ਗੰਦਾ ਪਾਣੀ ਪਾਇਆ ਜਾ ਰਿਹਾ ਹੈ।



Academy of the Punjab in North America: http://www.apnaorg.com

ਆਲੋਚਕਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਇਹ ਇਕ ਸਿਆਸੀ ਸਟੰਟ ਹੈ। ਉਹ ਫਿਲਮੀ ਹਸਤੀਆਂ ਨੂੰ ਲੈ ਕੇ ਪਿੰਡ ਪੱਧਰ ਤੀਕ ਆਪਣਾ ਵੋਟ ਬੈਂਕ ਪੱਕਾ ਕਰਨਾ ਚਾਹੁੰਦੇ ਹਨ। ਜੇ ਵਾਕਿਆ ਹੀ ਉਹ ਗੰਭੀਰ ਹਨ ਤਾਂ ਕੂੜੇ ਕਰਕਟ ਦੇ ਨਿਪਟਾਰੇ ਲਈ ਬਣੇ ਕਾਨੂੰਨਾਂ ਨੂੰ ਈਮਾਨਦਾਰੀ ਨਾਲ ਲਾਗੂ ਕਰਾਉਣ। ਜਿਹੜਾ ਕੁਤਾਹੀ ਕਰੇ ਭਾਵੇਂ ਉਹ ਮੰਤਰੀ ਕਿਉਂ ਨਾ ਹੋਵੇ ਉਸ ਦੀ ਛੁੱਟੀ ਕਰਨ। ਸ਼ਹਿਰਾਂ ਤੇ ਪਿੰਡਾਂ ਵਿਚ ਪਖਾਨਿਆਂ ਦਾ ਉਚਿਤ ਪ੍ਰਬੰਧ ਕੀਤਾ ਜਾਵੇ, ਤੇ ਬਾਹਰ ਹਾਜਤ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇ। ਵਿਦੇਸ਼ਾਂ ਵਾਂਗ ਹਰ ਘਰ ਵਿਚੋਂ ਕੂੜਾ ਚੁੱਕਣ ਦਾ ਪ੍ਰਬੰਧ ਕੀਤਾ ਜਾਵੇ ਤੇ ਸੜਕਾਂ ਉਪਰ ਗੰਦਗੀ ਫੈਲਾਉਣ ਵਾਲਿਆ ਨਾਲ ਸਖ਼ਤੀ ਨਾਲ ਨਜਿਠਿਆ ਜਾਵੇ ਤੇ ਜਿਹੜਾ ਸਿਆਸਤਦਾਨ ਇਸ ਵਿਚ ਵਿਘਨ ਪਾਏ, ਉਸ ਵਿਰੁੱਧ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਦਾ ਕੇਸ ਦਰਜ ਕੀਤਾ ਜਾਵੇ। ਦਿਵਾਲੀ ਅਤੇ ਤਿਉਹਾਰਾਂ ਉਪਰ ਅਰਬਾਂ ਰੁਪਏ ਦੀ ਆਤਿਸ਼ਬਾਜ਼ੀ ਚਲਾ ਕੇ ਪ੍ਰਦੂਸ਼ਨ ਫੈਲਾਉਣ ਵਿਰੁੱਧ ਲੋੜੀਂਦਾ ਕਾਨੂੰਨ ਲਿਆਂਦਾ ਜਾਵੇ। ਭਾਰਤ ਨੂੰ ਇਕ ਵੱਡਾ ਟੱਟੀ-ਖਾਨਾ ਕਿਹਾ ਜਾਂਦਾ ਹੈ। ਭਾਰਤ ਦੀਆਂ ਅੱਧੀਆਂ ਬੀਮਾਰੀਆਂ ਰੁਕ ਸਕਦੀਆਂ ਹਨ, ਜੇ ਅਸੀਂ ਆਪਣੇ ਪਿੰਡਾਂ ਤੇ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖੀਏ। ਇਸ ਨਾਲ ਜਿਥੇ ਸਾਡੀ ਸਿਹਤ ਚੰਗੀ ਹੋਵੇਗੀ ਉੱਥੇ ਹਸਪਤਾਲਾਂ ਵਿਚ ਭੀੜ ਘਟੇਗੀ ਤੇ ਦਵਾਈਆਂ 'ਤੇ ਹੋ ਰਿਹਾ ਖਰਚਾ ਵੀ ਘਟੇਗਾ। ਸਿਹਤਮੰਦ ਲੋਕ ਹੀ ਨਰੋਆ ਦੇਸ਼ ਬਣਾ ਸਕਦੇ ਹਨ।

ਇਸ ਲਈ 'ਸਵੱਸ਼ ਭਾਰਤ' ਲਈ ਜਿੱਥੇ ਜਨ-ਚੇਤਨਾ ਪੈਦਾ ਕਰਨ ਦੀ ਲੋੜ ਹੈ, ਉੱਥੇ ਇੱਛਾ ਸ਼ਕਤੀ ਦੀ ਬਹੁਤ ਅਹਿਮੀਅਤ ਹੈ। ਭਾਰਤ ਵਿਚ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ। ਪੈਸਾ ਲਗਦਾ ਘੱਟ ਹੈ ਤੇ ਖਾਧਾ ਜਿਆਦਾ ਜਾਂਦਾ ਹੈ, ਇਹੋ ਕਾਰਨ ਹੈ 1986 ਤੋਂ ਲੈ ਕੇ ਹੁਣ ਤੀਕ ਜੋ ਪੈਸਾ ਲਗਾ ਹੈ, ਓਨਾ ਕੰਮ ਨਹੀਂ ਹੋਇਆ। ਕੇਂਦਰ ਸਰਕਾਰ ਨੇ ਕੋਈ ਏਜੰਸੀ ਐਸੀ ਨਹੀਂ ਬਣਾਈ ਜੋ ਮੌਕੇ 'ਤੇ ਜਾ ਕੇ ਬਣੇ ਕੰਮ ਦੀ ਰਿਪੋਰਟ ਦੇਵੇ। ਰਾਜ ਸਰਕਾਰਾਂ ਨੂੰ ਇਸ ਦੀ ਜ਼ੁੰਮੇਵਾਰੀ ਦੇ ਦਿੱਤੀ ਜਾਂਦੀ ਹੈ, ਜੋ ਕਿ ਭ੍ਰਿਸ਼ਟਾਚਾਰ ਵਿਚ ਗ੍ਰਸਤ ਹਨ। ਇਸ ਲਈ ਕੇਂਦਰੀ ਮੰਤਰੀਆਂ ਤੇ ਯੋਜਨਾ ਕਮਿਸ਼ਨ ਦੇ ਮੈਂਬਰਾਂ ਨੂੰ ਪਿੰਡ ਪੱਧਰ ਤੀਕ ਹੋ ਰਹੇ ਕੰਮਾਂ ਦੀ ਖ਼ੁੱਦ ਜਾ ਕੇ ਕਦੇ ਕਦੇ ਪੜਤਾਲ ਕਰਨੀ ਚਾਹੀਦੀ ਹੈ। ਸਾਰਾ ਖਰਚਾ ਕੇਂਦਰ ਸਰਕਾਰ ਨੂੰ ਖ਼ੁਦ ਚੁਕਣਾ ਚਾਹੀਦਾ ਹੈ ਤੇ ਰਾਜ ਸਰਕਾਰਾਂ ਤੇ ਨਗਰ ਨਿਗਮਾਂ ਤੋਂ ਕੋਈ ਰਕਮ ਨਹੀਂ ਲੈਣੀ ਚਾਹੀਦੀ। ਠੋਸ ਕੂੜੇ ਦੇ ਨਿਪਟਾਰੇ ਲਈ ਲੋੜੀਂਦੇ ਸਾਲਿਡ ਵੇਸਟ ਪਲਾਂਟ ਲਾਉਣੇ ਚਾਹੀਦੇ ਹਨ। ਸ਼ਹਿਰਾਂ ਤੇ ਪਿੰਡਾਂ ਦਾ ਸੀਵਰੇਜ ਦਾ ਪਾਣੀ ਸੋਧ ਕੇ ਪਾਉਣ ਲਈ ਲੋੜੀਂਦੇ ਪਲਾਂਟ ਲਾਏ ਜਾਣ। ਮੁੜ ਕੇ ਵਰਤੋਂ ਵਿਚ ਲਿਆਉਣ ਵਾਲੀਆਂ ਵਸਤੂਆਂ ਨੂੰ ਅੱਡ-ਅੱਡ ਕਰ ਕੇ ਇਨ੍ਹਾਂ ਨੂੰ ਵੇਚ ਕੇ ਮੋਟੀ ਕਮਾਈ ਕੀਤੀ ਜਾ ਸਕਦੀ ਹੈ। ਇਸ ਮਕਸਦ ਲਈ ਜਰਮਨ ਵਿਚ ਹਰ ਘਰ ਨੂੰ 12 ਵੱਖ-ਵੱਖ ਤਰ੍ਹਾਂ ਦੇ ਲਫ਼ਾਫ਼ੇ ਦਿੱਤੇ ਜਾਂਦੇ ਹਨ। ਇਹੋ ਜਿਹੀ ਉਸਾਰੂ ਨੀਤੀ ਸਾਨੂੰ ਵੀ ਅਪਨਾਉਣੀ ਚਾਹੀਦੀ ਹੈ।

*30 ਮਈ 2015*



Academy of the Punjab in North America: http://www.apnaorg.com

# ਨਿਯੁਕਤੀਆਂ ਅਤੇ ਬਦਲੀਆਂ ਲਈ ਤਰਕ ਸੰਗਤ ਨੀਤੀ ਬਨਾਉਣ ਦੀ ਲੋੜ

ਅਗਾਂਹਵਧੂ ਦੇਸ਼ਾਂ ਤੇ ਭਾਰਤ ਵਿਚ ਇਕ ਅੰਤਰ ਇਹ ਹੈ ਕਿ ਕਰਮਚਾਰੀਆਂ ਦੀ ਨਿਯੁਕਤੀਆਂ ਅਤੇ ਬਦਲੀਆਂ ਵਿਚ ਸਿਆਸੀ ਦਖ਼ਲ ਅੰਦਾਜ਼ੀ ਨਹੀਂ। ਜੇ ਕੋਈ ਸਿਆਸਤਦਾਨ ਗ਼ੈਰ-ਕਾਨੂੰਨੀ ਦਖ਼ਲ ਅੰਦਾਜ਼ੀ ਕਰਦਾ ਹੈ ਤਾਂ ਉਸ ਵਿਰੁੱਧ ਕਾਰਵਾਈ ਹੁੰਦੀ ਹੈ। ਇਕ ਵਿਧੀ-ਵਿਧਾਨ ਅਧੀਨ, ਸਾਰਾ ਕੰਮ ਚਲਦਾ ਹੈ। ਕਈ ਦੇਸ਼ਾਂ ਵਿਚ ਤਾਂ ਇਹ ਕੰਮ ਮੰਤਰੀਆਂ ਦੇ ਅਧਿਕਾਰ ਖੇਤਰ ਵਿਚ ਹੀ ਨਹੀਂ ਆਉਂਦਾ।

ਭਾਰਤ ਵਿਚ ਨਿਯੁਕਤੀਆਂ ਅਤੇ ਬਦਲੀਆਂ ਵਿਚ ਸਿਆਸਤਦਾਨਾਂ ਦੀ ਦਖ਼ਲ ਅੰਦਾਜ਼ੀ ਕਾਰਨ ਹੁੰਦੇ ਘੁਟਾਲਿਆਂ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਕਈ ਸਿਆਸਤਦਾਨ ਗ਼ੈਰ-ਕਾਨੂੰਨੀ ਨਿਯੁਕਤੀਆਂ ਕਰਕੇ ਜੇਲ੍ਹਾਂ ਦੀ ਹਵਾ ਖਾ ਰਹੇ ਹਨ। ਸਾਡੇ ਮੰਤਰੀ ਤੇ ਮੁੱਖ ਮੰਤਰੀ ਸਾਰਾ ਸਾਲ ਨਿਯੁਕਤੀਆਂ ਅਤੇ ਬਦਲੀਆਂ ਵਿਚ ਰੁਝੇ ਰਹਿੰਦੇ ਹਨ ਜਦ ਕਿ ਉਨ੍ਹਾਂ ਲਈ ਹੋਰ ਬਹੁਤ ਸਾਰੇ ਅਹਿਮ ਕੰਮ ਕਰਨ ਲਈ ਹਨ। ਕਰਮਚਾਰੀ ਮੰਤਰੀਆਂ ਮਗਰ ਅਰਜ਼ੀਆਂ ਲੈ ਕੇ ਤੁਰੇ ਫਿਰਦੇ ਰਹਿੰਦੇ ਹਨ। ਇਸ ਨਾਲ ਕਰਮਚਾਰੀਆਂ ਅਤੇ ਮੰਤਰੀਆਂ ਦਾ ਬੇਲੋੜਾ ਸਮਾਂ ਬਰਬਾਦ ਹੁੰਦਾ ਹੈ।

ਬਦਲੀਆਂ ਬਾਰੇ ਕਿਹਾ ਜਾਂਦਾ ਹੈ ਕਿ ਕਰਮਚਾਰੀ ਨੇ ਕੰਮ ਕਰਨਾ ਹੈ, ਸਰਕਾਰ ਉਸ ਨੂੰ ਜਿੱਥੇ ਮਰਜ਼ੀ ਤੈਨਾਤ ਕਰ ਸਕਦੀ ਹੈ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਰਮਚਾਰੀਆਂ ਦੇ ਬੱਚੇ ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਹਨ। ਉਨ੍ਹਾਂ ਦੀ ਸਮਾਜਕ ਜ਼ਿੰਦਗੀ ਹੈ। ਬਦਲੀ ਨਾਲ ਇਹ ਸਾਰਾ ਕੁਝ ਲੜਖੜਾ ਜਾਂਦਾ ਹੈ। ਕੰਮ ਪੱਖੋਂ ਵੀ ਵਿਸ਼ੇਸ਼ ਸਥਾਨ 'ਤੇ ਨਿਯੁਕਤੀ ਦੇ ਸਮੇਂ ਦੀ ਆਪਣੀ ਅਹਿਮੀਅਤ ਹੈ। ਜਦ ਸਰਕਾਰ ਬਦਲਦੀ ਹੈ ਤਾਂ ਅਫ਼ਸਰ ਵੀ ਬਦਲ ਦਿੱਤੇ ਜਾਂਦੇ ਹਨ, ਜਦ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੇ ਕੰਮ ਦਾ ਸਮਾਂ ਨਿਸ਼ਚਿਤ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਤਾ ਹੋਵੇ ਕਿ ਮੈਂ ਏਨੇ ਸਮੇਂ ਲਈ ਇਸ ਦਫ਼ਤਰ ਵਿਚ ਕੰਮ ਕਰਨਾ ਹੈ ਤਾਂ ਜੋ ਉਹ ਉਸ ਸਮੇਂ ਅਨੁਸਾਰ ਹੀ ਯੋਜਨਾਵਾਂ ਬਣਾਉਣ। ਏਸੇ ਲਈ ਸੁਪਰੀਮ ਕੋਰਟ ਨੇ ਆਦੇਸ਼ ਦਿੱਤੇ ਹਨ ਕਿ ਪੁਲੀਸ ਅਫ਼ਸਰਾਂ ਦੇ ਤਬਾਦਲੇ 3 ਸਾਲ ਤੋਂ ਪਹਿਲਾਂ ਨਹੀਂ ਹੋਣੇ ਚਾਹੀਦੇ। ਪਹਿਲੇ 6 ਮਹੀਨੇ ਤਾਂ ਅਫ਼ਸਰ ਨੂੰ ਆਪਣੇ ਇਲਾਕੇ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੇ ਸਮਝਣ ਵਿਚ ਹੀ ਲੱਗ ਜਾਂਦੇ ਹਨ। ਉਸ ਪਿੱਛੋਂ ਉਹ ਆਪਣੀਆਂ ਨੀਤੀਆਂ ਘੜੇਗਾ ਤੇ ਲਾਗੂ ਕਰੇਗਾ। ਪਰ ਪ੍ਰਬੰਧਕੀ ਆਧਾਰ ਬਣਾ ਕੇ ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ



Academy of the Punjab in North America: http://www.apnaorg.com

ਹੋ ਰਹੀ ਹੈ।

ਕਈ ਸਾਲ ਪਹਿਲਾਂ ਮੈਂ ਇਕ ਠਾਣੇ ਕਿਸੇ ਕੰਮ ਗਿਆ ਤਾਂ ਉੱਥੇ ਲੱਗੇ ਬੋਰਡ ਨੂੰ ਪੜ੍ਹ ਕੇ ਹੈਰਾਨ ਰਹਿ ਗਿਆ ਕਿ ਕੋਈ ਵੀ ਐਸ.ਐਚ.ਓ. ਇਕ ਸਾਲ ਤੋਂ ਵੱਧ ਸਮਾਂ ਨਹੀਂ ਸੀ ਟਿਕਿਆ। ਇਕ ਸਿਪਾਹੀ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਠਾਣੇ ਵਿਧਾਇਕਾਂ ਨੂੰ ਦਿੱਤੇ ਹੋਏ ਹਨ। ਵਿਧਾਇਕ ਜਿਹੜਾ ਜ਼ਿਆਦਾ ਮਹੀਨਾ ਭਰਦਾ ਹੈ, ਉਸ ਨੂੰ ਐਸ.ਐਚ.ਓ. ਲਗਵਾ ਲੈਂਦੇ ਹਨ। ਹੁਣ ਜਿਹੜੇ ਕਰਮਚਾਰੀ ਮਹੀਨਾ ਭਰਨਗੇ ਤਾਂ ਉਹ ਪੈਸੇ ਲੋਕਾਂ ਕੋਲੋਂ ਹੀ ਲੈਣਗੇ। ਇਹੋ ਹਾਲ ਨਿਯੁਕਤੀਆਂ ਸਮੇਂ ਲਈ ਜਾਂਦੀ ਰਿਸ਼ਵਤ ਦਾ ਹੈ। ਮੋਟੀਆਂ ਰਕਮਾਂ ਦੇ ਕੇ ਬਣੇ ਕਰਮਚਾਰੀ ਲੋਕਾਂ ਦੀ ਛਿੱਲ ਕਿਉਂ ਨਾ ਲਾਹੁਣ ?

ਅਧਿਆਪਕ ਬਦਲੀਆਂ ਨੂੰ ਲੈ ਕੇ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੀਆਂ ਬਦਲੀਆਂ ਲਾਲ ਕਿਤਾਬ ਅਨੁਸਾਰ ਕੀਤੀਆਂ ਜਾਣ। ਵਰਨਣਯੋਗ ਹੈ ਕਿ ਜਦ ਪੰਜਾਬ ਵਿਚ ਜਨਤਾ ਸਰਕਾਰ ਆਈ ਸੀ ਤਾਂ ਉਸ ਸਮੇਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ-ਮੰਤਰੀ ਸਨ ਤਾਂ ਉਸ ਸਮੇਂ ਸਿੱਖਿਆ ਮੰਤਰੀ ਸ. ਸੁਖਜਿੰਦਰ ਸਿੰਘ ਨੇ ਅਧਿਆਪਕ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਅਧਿਆਪਕਾਂ ਦੀਆਂ ਬਦਲੀਆਂ ਲਈ ਪੱਕੇ ਨਿਯਮ ਬਣਾਏ ਸਨ, ਜਿਸ ਨੂੰ ਲਾਲ ਕਿਤਾਬ ਦਾ ਨਾਂ ਦਿੱਤਾ ਗਿਆ ਸੀ। ਪਰ ਪਹਿਲੇ ਸਾਲ ਹੀ ਸਿਆਸਤਦਾਨਾਂ ਨੇ ਇਨ੍ਹਾਂ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਬਦਲੀਆਂ ਕਰਵਾਈਆਂ।

ਇਸ ਸਾਰੇ ਵਰਤਾਰੇ ਦੀਆਂ ਜੜ੍ਹਾਂ ਸਮਝਣ ਲਈ ਸਾਨੂੰ ਅਗਾਂਹਵਧੂ ਦੇਸ਼ਾਂ ਦੀ ਕਾਰਜਸ਼ੈਲੀ ਵੱਲ ਵੇਖਣਾ ਪਵੇਗਾ। ਭਾਰਤ ਵਿਚ ਸਾਰਾ ਕੁਝ ਮੁੱਖ ਮੰਤਰੀਆਂ ਅਤੇ ਮੰਤਰੀਆਂ ਨੇ ਆਪਣੇ ਹੱਥਾਂ ਵਿਚ ਰੱਖਿਆ ਹੋਇਆ ਹੈ ਪਰ ਵਿਦੇਸ਼ਾਂ ਵਿਚ ਅਜਿਹਾ ਨਹੀਂ। ਇੰਗਲੈਂਡ ਵਿਚ ਸਾਡੇ ਵਾਂਗ ਆਈ.ਪੀ.ਐਸ ਤੇ ਪੀ.ਪੀ.ਐਸ. ਅਫ਼ਸਰਾਂ ਦੀ ਭਰਤੀ ਨਹੀਂ ਹੁੰਦੀ। ਸਭ ਪਹਿਲਾਂ ਸਿਪਾਹੀ ਭਰਤੀ ਹੁੰਦੇ ਹਨ ਤੇ ਫਿਰ ਨਿਯਮਾਂ ਅਨੁਸਾਰ ਉਨ੍ਹਾਂ ਦੀਆਂ ਤਰੱਕੀਆਂ ਹੁੰਦੀਆਂ ਰਹਿੰਦੀਆਂ ਹਨ।

ਅਮਰੀਕਾ ਵਿਚ ਨਗਰ ਨਿਗਮਾਂ ਆਪਣੇ ਕਰਮਾਚਾਰੀ ਆਪ ਭਰਤੀ ਕਰਦੀਆਂ ਹਨ ਤੇ ਉਨ੍ਹਾਂ ਦੀ ਬਦਲੀ ਬਾਹਰ ਕਿਤੇ ਨਹੀਂ ਨਹੀਂ ਹੋ ਸਕਦੀ। ਇੱਥੋਂ ਤੀਕ ਕਿ ਹਰ ਸ਼ਹਿਰ ਦੀ ਆਪਣੀ ਪੁਲੀਸ ਹੈ। ਜਿੱਥੋਂ ਤੀਕ ਸਕੂਲਾਂ ਦਾ ਪ੍ਰਬੰਧ ਹੈ। ਸਿੱਖਿਆ ਵਿਭਾਗ ਹੈ। ਸਿੱਖਿਆ ਮੰਤਰੀ ਵੀ ਹੈ ਪਰ ਉਨ੍ਹਾਂ ਦਾ ਕੰਮ ਨਿਯਮ ਬਨਾਉਣਾ ਤੇ ਪ੍ਰਬੰਧਕੀ ਕੰਮ ਕਰਨਾ ਹੈ। ਜਿਸ ਇਲਾਕੇ ਦਾ ਸਕੂਲ ਹੈ ਉੱਥੋਂ ਦੇ ਲੋਕ ਪੰਚਾਇਤ ਵਾਂਗ ਇਕ ਕਮੇਟੀ ਚੁਣਦੇ ਹਨ, ਉਹ ਸਕੂਲ ਚਲਾਉਂਦੀ ਹੈ, ਅਧਿਆਪਕ ਨਿਯੁਕਤ ਕਰਦੀ ਹੈ। ਅਧਿਆਪਕ ਦੀ ਬਦਲੀ ਨਹੀਂ ਹੋ ਸਕਦੀ। ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਦੀ ਆਪੋ ਆਪਣੀ ਪੁਲੀਸ ਹੈ, ਪਰ ਉਨ੍ਹਾਂ ਦੇ ਕੰਮਾਂ ਵਿਚ ਸਿਆਸਤਦਾਨਾਂ ਦੀ ਕੋਈ ਭੂਮਿਕਾ ਨਹੀਂ।

ਕੈਨੇਡਾ ਵਿਚ ਹਰ ਸੂਬੇ ਦੇ ਆਪਣੇ ਆਪਣੇ ਨਿਯਮ ਹਨ। ਮੋਟੇ ਤੌਰ 'ਤੇ ਸਕੂਲੀ ਸਿੱਖਿਆ ਬਾਰੇ ਇਹ ਨੀਤੀ ਹੈ ਕਿ ਭਾਰਤ ਵਾਂਗ ਉਥੇ ਵੀ ਸਰਕਾਰੀ ਤੇ ਪ੍ਰਾਈਵੇਟ ਸਕੂਲ ਹਨ। ਰਾਜ ਪੱਧਰ ਤੇ ਬੋਰਡ ਹੈ ਜੋ ਨੀਤੀਆਂ ਬਣਾਉਂਦਾ ਹੈ। ਸਕੂਲਾਂ ਦੀ ਦੇਖ ਭਾਲ ਲਈ ਇੱਥੇ ਵੀ ਹਰ ਸ਼ਹਿਰ ਵਿਚ ਲੋਕ ਆਪੋ ਆਪਣੀ ਕਮੇਟੀ ਚੁਣਦੇ ਹਨ। ਇਹ ਚੁਣੀ



Academy of the Punjab in North America: http://www.apnaorg.com

ਹੋਈ ਕਮੇਟੀ ਅਧਿਆਪਕਾਂ ਨੂੰ ਨਿਯੁਕਤ ਕਰਦੀ ਹੈ ਤੇ ਸਕੂਲ ਦਾ ਪ੍ਰਬੰਧ ਚਲਾਉਂਦੀ ਹੈ। ਸਰਕਾਰ ਦੀ ਕੋਈ ਦਖਲ ਅੰਦਾਜ਼ੀ ਨਹੀਂ। ਜੇ ਕਿਸੇ ਅਧਿਆਪਕ ਦਾ ਕੰਮ ਤਸੱਲੀਬਖ਼ਸ਼ ਨਹੀਂ ਤਾਂ ਉਸ ਦੀ ਛੁੱਟੀ ਕਰ ਦਿੱਤੀ ਜਾਂਦੀ ਹੈ।

ਜੇ ਨਿਯੁਕਤੀਆਂ ਅਤੇ ਬਦਲੀਆਂ ਵਿਚ ਅਸੀਂ ਭਾਈ-ਭਤੀਜਾਵਾਦ ਤੇ ਰਿਸ਼ਵਤਖੋਰੀ ਖ਼ਤਮ ਕਰਨੀ ਹੈ ਤਾਂ ਸਾਨੂੰ ਵੀ ਪੰਚਾਇਤ ਰਾਜ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਲੋਕਾਂ ਨੂੰ ਸਿੱਧੇ ਰੂਪ ਵਿਚ ਤਾਕਤ ਦੇਣੀ ਹੋਵੇਗੀ। ਪੰਜਾਬ ਵਿਚ ਅਸੀਂ ਵਿਭਾਗਾਂ ਦੇ ਰਾਜ ਪੱਧਰ ਦੇ ਕਾਡਰ ਬਣਾਏ ਹੋਏ ਹਨ, ਜਿਸ ਕਰਕੇ ਸਾਰੀ ਸ਼ਕਤੀ ਮੁੱਖ ਮੰਤਰੀ ਅਤੇ ਮੰਤਰੀਆਂ ਪਾਸ ਹੈ। ਲੋਕਾਂ ਦੀ ਕੋਈ ਪੁੱਛ ਗਿੱਛ ਨਹੀਂ। ਇਹ ਰਾਜ ਪੱਧਰੀ ਕਾਰਡ ਖ਼ਤਮ ਕਰਨੇ ਚਾਹੀਦੇ ਹਨ। ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ, ਨਗਰ ਨਿਗਮਾਂ ਦੇ ਆਪੋ ਆਪਣੇ ਕਰਮਚਾਰੀ ਹੋਣੇ ਚਾਹੀਦੇ ਹਨ। ਉਨ੍ਹਾਂ ਦੀ ਨਿਯੁਕਤੀ ਵਿਚ ਸਰਕਾਰ ਦਾ ਕੋਈ ਦਖ਼ਲ ਨਹੀਂ ਚਾਹੀਦਾ। ਹੇਠਲੇ ਪੱਧਰ 'ਤੇ ਲੋਕਾਂ ਨੂੰ ਸ਼ਕਤੀ ਦਿੱਤੀ ਜਾਵੇ, ਜਿਸ ਬਾਰੇ ਪਹਿਲਾਂ ਲਿਖਿਆ ਜਾ ਚੁੱਕਾ ਹੈ। ਜਦ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਸੰਵਿਧਾਨ ਵਿਚ 74ਵੀਂ ਸੋਧ ਕਰ ਕੇ ਸਾਰੀਆਂ ਤਾਕਤਾਂ ਪੰਚਾਇਤੀ ਰਾਜ ਨੂੰ ਦਿੱਤੀਆਂ ਪਰ ਰਾਜ ਸਰਕਾਰਾਂ ਇਸ ਨੂੰ ਲਾਗੂ ਨਹੀਂ ਕਰ ਰਹੀਆਂ ਕਿਉਂਕਿ ਇਸ ਨਾਲ ਮੰਤਰੀਆਂ ਦੀ ਸ਼ਕਤੀ ਸਿਫ਼ਰ (ਜ਼ੀਰੋ) ਹੋ ਜਾਂਦੀ ਹੈ। ਇਸ ਲਈ ਲੋੜ ਹੈ ਕਿ ਕੈਨੇਡਾ ਅਤੇ ਇੰਗਲੈਂਡ ਤੋਂ ਸੇਧ ਲੈ ਕੇ ਸਾਰੇ ਵਿਭਾਗਾਂ ਦੇ ਨਿਯਮਾਂ ਵਿਚ ਸੋਧ ਕੀਤੀ ਜਾਵੇ ਕਿਉਂਕਿ ਇਨ੍ਹਾਂ ਮੁਲਕਾਂ ਵਿੱਚ ਭਾਰਤ ਵਾਲਾ ਪ੍ਰਬੰਧਕੀ ਢਾਂਚਾ ਹੈ।

ਸਾਡੇ ਕਿਹਾ ਜਾਂਦਾ ਹੈ ਕਿ ਪੰਚਾਇਤੀ ਰਾਜ ਦਾ ਤਜਰਬਾ ਠੀਕ ਸਾਬਤ ਨਹੀਂ ਹੋਇਆ। ਪੰਜਾਬ ਦੇ ਸਕੂਲ ਪਹਿਲਾਂ ਡਿਸਟ੍ਰਿਕਟ ਬੋਰਡ ਤੇ ਮਿਉਂਸਿਪਲ ਕਮੇਟੀਆਂ ਪਾਸ ਹੁੰਦੇ ਹਨ ਤੇ 1957 ਵਿੱਚ ਅਧਿਆਪਕਾਂ ਨੇ ਅੰਦੋਲਨ ਕਰ ਕੇ ਇਨ੍ਹਾਂ ਨੂੰ ਸਰਕਾਰੀ ਕਰਵਾਇਆ। ਇਸ ਦਾ ਕਾਰਨ ਇਹ ਸੀ ਕਿ ਉਸ ਸਮੇਂ ਅਧਿਆਪਕਾਂ ਨੂੰ ਤਨਖ਼ਾਹਾਂ ਸਰਕਾਰੀ ਖ਼ਜਾਨੇ ਵਿੱਚੋਂ ਹੁਣ ਵਾਂਗ ਨਹੀਂ ਸਨ ਮਿਲਦੀਆਂ। ਮਿਉਂਸਿਪਲ ਕਮੇਟੀਆਂ ਤੇ ਡਿਸਟ੍ਰਿਕਟ ਬੋਰਡਾਂ ਵਲੋਂ ਕਰਮਚਾਰੀਆਂ ਨੂੰ ਤਨਖਾਹਾਂ ਦਿੱਤੀਆਂ ਜਾਂਦੀਆਂ ਸਨ। ਪਰ ਇਨ੍ਹਾਂ ਸੰਸਥਾਵਾਂ ਨੂੰ ਏਨੀ ਕਮਾਈ ਨਹੀਂ ਕਿ ਇਹ ਆਪਣੇ ਕਰਮਚਾਰੀਆਂ ਨੂੰ ਤਨਖਾਹ ਦੇ ਸਕਣ। ਕਈ ਕਈ ਮਹੀਨੇ ਤਨਖ਼ਾਹਾਂ ਨਹੀਂ ਸਨ ਮਿਲਦੀਆ। ਅਧਿਆਪਕਾਂ ਨੇ 1957 ਵਿਚ ਜੇਲ੍ਹ ਭਰੋ ਅੰਦੋਲਨ ਚਲਾਇਆ ਤੇ ਸਰਕਾਰ ਨੂੰ ਮਜਬੂਰ ਹੋ ਕੇ ਸਕੂਲਾਂ ਦਾ ਸਰਕਾਰੀਕਰਨ ਕਰਨਾ ਪਿਆ। ਇਸ ਲਈ ਤਨਖਾਹ ਸਿੱਧੀ ਸਰਕਾਰੀ ਖਜ਼ਾਨੇ ਵਿਚੋਂ ਦਿੱਤੀ ਜਾਵੇ ਜਿਵੇਂ ਪੈਨਸ਼ਨਰਾਂ ਨੂੰ ਬੈਂਕਾਂ ਪਾਸੋਂ ਪੈਨਸ਼ਨ ਸਿੱਧੀ ਮਿਲਦੀ ਹੈ ਤਾਂ ਇਸ ਨਾਲ ਇਹ ਮਸਲਾ ਹੱਲ ਹੋ ਸਕਦਾ ਹੈ। ਜਿੰਨੀ ਦੇਰ ਤੀਕ ਅਜਿਹਾ ਨਹੀਂ ਹੁੰਦਾ, ਓਨੀ ਦੇਰ ਤੀਕ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਬਦਲੀਆਂ ਦੇ ਪੱਕੇ ਨਿਯਮ ਬਣਾਏ ਜਾਣ।

*30 ਜੂਨ 2015*



Academy of the Punjab in North America: http://www.apnaorg.com

# ਸਰਕਾਰੀ ਕਰਮਚਾਰੀਆਂ ਵਾਂਗ ਮੇਅਰਾਂ, ਮੰਤਰੀਆਂ, ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਨੂੰ ਵੀ ਜੁਆਬਦੇਹ ਬਨਾਉਣ ਦੀ ਲੋੜ

ਗੁਰੂ ਕੀ ਨਗਰੀ ਅੰਮ੍ਰਿਤਸਰ ਅੱਜ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਅਮਨ ਕਾਨੂੰਨ ਦੀ ਹਾਲਤ ਬਹੁਤ ਮਾੜੀ ਹੈ। ਦਿਨ ਦਿਹਾੜੇ ਲੁੱਟਾ ਖੋਹਾਂ ਹੋਣਾ ਆਮ ਗੱਲ ਹੈ। ਥਾਂ-ਥਾਂ ਗੰਦਗੀ ਦੇ ਢੇਰ ਲੱਗੇ ਹਨ। ਸਰਕਾਰੀ ਅਦਾਰਿਆਂ ਦਾ ਬਹੁਤ ਬੁਰਾ ਹਾਲ ਹੈ। ਰਿਸ਼ਵਤਖੋਰੀ ਦਾ ਬੋਲ-ਬਾਲਾ ਹੈ। ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉੱਡ ਰਹੀਆਂ ਹਨ। ਬਾਗਾਂ ਤੇ ਤਲਾਵਾਂ ਦੇ ਨਾਂ ਨਾਲ ਜਾਣਿਆਂ ਜਾਂਦਾ ਸ਼ਹਿਰ ਅੱਜ ਗੰਦੀ ਬਸਤੀਆਂ ਦਾ ਸ਼ਹਿਰ ਬਣ ਗਿਆ ਹੈ। ਅਸੀਂ ਇੰਗਲੈਂਡ ਦੇ ਸੰਵਿਧਾਨ ਨੂੰ ਅਪਣਾਇਆ ਹੋਇਆ ਹੈ, ਜਿੱਥੋਂ ਦੀ ਸਰਕਾਰ ਲੋਕਾਂ ਨੂੰ ਮੁਫ਼ਤ ਇਲਾਜ, ਮੁਫ਼ਤ ਸਿੱਖਿਆ, ਨੌਕਰੀ ਅਤੇ ਰਹਿਣ ਲਈ ਘਰ ਦੀ ਗਰੰਟੀ ਦਿੰਦੀ ਹੈ। ਇਨ੍ਹਾਂ ਸਾਰੀਆਂ ਸੁਵਿਧਾਵਾਂ ਲਈ ਮੇਅਰ ਤੇ ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨ ਅਹਿਮ ਕੜੀ ਹਨ।

ਭਾਰਤ ਦੇ ਰਾਸ਼ਟਰਪਤੀ ਨੂੰ ਭਾਰਤ ਦੇ ਸੰਵਿਧਾਨ ਨੇ ਬਹੁਤ ਹੀ ਮੱਹਤਾ ਦਿੱਤੀ ਹੋਈ ਹੈ। ਉਸ ਨੂੰ ਫਸਟ ਸਿਟੀਜਨ ਆਫ਼ ਇੰਡੀਆ ਦਾ ਦਰਜਾ ਮਿਲਿਆ ਹੋਇਆ ਹੈ। ਸ਼ਹਿਰੀ ਪੱਧਰ 'ਤੇ ਮੇਅਰ ਨੂੰ ਫਸਟ ਸਿਟੀਜਨ ਆਫ਼ ਦਾ ਸਿਟੀ ਦਾ ਦਰਜਾ ਦਿੱਤਾ ਗਿਆ ਹੈ। ਕੌਂਸਲਰਾਂ ਨੂੰ ਸਿਟੀ ਫ਼ਾਦਰਜ਼ ਕਿਹਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਮੇਅਰ ਨੇ ਉਸੇ ਤਰ੍ਹਾਂ ਸ਼ਹਿਰ ਦੀ ਸਾਂਭ ਸੰਭਾਲ ਕਰਨੀ ਹੈ ਜਿਵੇਂ ਕਿ ਕਿਸੇ ਘਰ ਦੇ ਮੁੱਖੀ ਨੇ ਘਰ ਦੀ ਤੇ ਕੌਂਸਲਰਾਂ ਨੇ ਉਸ ਦੇ ਸਹਿਯੋਗੀ ਦੇ ਤੌਰ 'ਤੇ ਵਿਚਰਨਾ ਹੈ।

ਮੈਨੂੰ ਯਾਦ ਹੈ ਕਿ ਜਦ ਅਸੀਂ ਗੁਮਟਾਲਾ ਪਿੰਡ ਦੇ ਸਕੂਲਾਂ ਵਿਚ ਪੜ੍ਹਦੇ ਹੁੰਦੇ ਸੀ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਅੰਮ੍ਰਿਤਸਰ ਆਉਂਦੇ ਸਨ ਤਾਂ ਰਾਜਾਸਾਂਸੀ ਹਵਾਈ ਅੱਡੇ ਤੋਂ ਸ਼ਹਿਰ ਨੂੰ ਜਾਂਦੇ ਸਨ। ਅਸੀਂ ਝੰਡੀਆਂ ਨਾਲ ਗੁਮਟਾਲਾ ਬਾਈ ਪਾਸ ਦੇ ਚੌਂਕ ਵਿਚ ਉਨ੍ਹਾਂ ਦਾ ਸੁਆਗਤ ਕਰਦੇ ਹੁੰਦੇ ਸੀ। ਖੁੱਲ੍ਹੀ ਕਾਰ ਵਿੱਚ ਉਨ੍ਹਾਂ ਨਾਲ ਸ. ਪ੍ਰਤਾਪ ਸਿੰਘ ਕੈਰੋਂ ਹੁੰਦੇ ਸਨ। ਉਹ ਚੌਂਕ ਖਲੋ ਕਿ ਦਰਸ਼ਕਾਂ ਪਾਸੋਂ ਸੇਹਰੇ ਪ੍ਰਾਪਤ ਕਰਦੇ ਸਨ।

ਕਹਿਣ ਦਾ ਭਾਵ ਕਿ ਅਮਨ ਕਾਨੂੰਨ ਦੀ ਹਾਲਤ ਬਹੁਤ ਚੰਗੀ ਸੀ। ਅੱਜ ਦੇ ਲੀਡਰਾਂ ਨੂੰ ਜੈੱਡ ਸਕਿਊਰਟੀ ਮਿਲੀ ਹੋਈ ਹੈ। ਜਿਸ ਦਾ ਭਾਵ ਹੈ ਕਿ ਉਨ੍ਹਾਂ ਦੀ ਜਾਨ ਨੂੰ ਬਹੁਤ ਹੀ ਜ਼ਿਆਦਾ ਖ਼ਤਰਾ ਹੈ। ਹੁਣ ਹਾਲ ਇਹ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਸੁਰੱਖਿਅਤ ਨਹੀਂ। 13 ਫਰਵਰੀ 2012 ਨੂੰ ਪ੍ਰਧਾਨ ਮੰਤਰੀ ਦੀ ਕੋਠੀ ਦੇ ਨਜ਼ਦੀਕ ਹੋਇਆ ਅਤਿਵਾਦੀ



Academy of the Punjab in North America: http://www.apnaorg.com

ਹਮਲਾ ਇਸ ਦੀ ਤਾਜ਼ੀ ਉਦਾਹਰਨ ਹੈ।

ਟਰੈਫਿਕ ਨਿਯਮ ਸਖ਼ਤੀ ਨਾਲ ਲਾਗੂ ਸਨ। ਸ਼ਹਿਰ ਵਿਚ ਦਰੋਗੇ ਸਨ ਜਿਨ੍ਹਾਂ ਪਾਸ ਇਕ ਸੀਟੀ ਹੁੰਦੀ ਸੀ। ਰੇਹੜੀਆਂ ਬਹੁਤ ਹੀ ਥੋੜ੍ਹੀਆਂ ਸਨ। ਉਹ ਰੇਹੜੀ ਨੂੰ ਇਕ ਥਾਂ ਖਲੋਣ ਨਹੀਂ ਸਨ ਦਿੰਦੇ। ਅੰਗਰੇਜ਼ਾਂ ਵੇਲੇ ਸ਼ਹਿਰ ਦੀ ਸਫਾਈ ਰਾਤ ਨੂੰ ਹੁੰਦੀ ਸੀ। ਅੰਮ੍ਰਿਤਸਰ ਵਿਚ ਜਦ ਮੇਅਰ ਪ੍ਰਣਾਲੀ ਲਾਗੂ ਹੋਈ ਤਾਂ ਉਸ ਸਮੇਂ ਸਫ਼ਾਈ ਕਰਮਚਾਰੀ ਸਵੇਰੇ 4:00 ਵਜੇ ਤੋਂ 8:00 ਵਜੇ ਤੀਕ ਤੇ ਫਿਰ ਸ਼ਾਮ ਨੂੰ 4:00 ਵਜੇ ਤੋਂ 6:00 ਵਜੇ ਤੀਕ ਡਿਊਟੀ ਉਪਰ ਹਾਜ਼ਰ ਰਹਿੰਦੇ ਸਨ। ਹੁਣ ਨਾਲੋਂ ਸ਼ਹਿਰ ਕਿਤੇ ਜ਼ਿਆਦਾ ਸਾਫ਼-ਸੁਥਰਾ ਹੁੰਦਾ ਸੀ। ਗੱਡੀਆਂ ਸੜਕ ਉਪਰ ਪਾਣੀ ਤਰੌਂਕਦੀਆਂ ਸਨ ਤਾਂ ਜੋ ਮਿੱਟੀ ਘਟਾ ਨਾ ਉੱਡੇ। ਰਾਮ ਬਾਗ, ਗੋਲ ਬਾਗ, ਸਕੱਤਰੀ ਬਾਗ, ਚਾਲੀ ਖੂਹ ਵਰਗੇ ਬਹੁਤ ਹੀ ਹਰੇ ਭਰੇ ਤੇ ਫੁੱਲਾਂ ਨਾਲ ਲੱਦੇ ਹੁੰਦੇ ਸਨ। ਵਿਦਿਆਰਥੀ ਘਰਾਂ ਵਿਚ ਪੜ੍ਹਨ ਨਾਲੋਂ ਇਨ੍ਹਾਂ ਬਾਗਾਂ ਦਾ ਵਿਚ ਪੜ੍ਹਨ ਨੂੰ ਪਹਿਲ ਦਿੰਦੇ ਸਨ। ਇਥੋਂ ਤੀਕ ਕਿ ਛੁੱਟੀਆਂ ਸਮੇਂ, ਅਸੀਂ ਆਸ-ਪਾਸ ਦੇ ਪਿੰਡਾਂ ਦੇ ਮੁੰਡੇ ਵੀ ਆਪਣੇ ਜਮਾਤੀਆਂ ਨਾਲ ਪੜ੍ਹਨ ਲਈ ਸ਼ਹਿਰ ਦੇ ਇਨ੍ਹਾਂ ਬਾਗਾਂ ਵਿੱਚ ਆਉਂਦੇ ਸਾਂ। ਸਰਕਾਰੀ ਸਕੂਲਾਂ ਵਿਚ ਭਾਵੇਂ ਇਮਾਰਤਾਂ ਤੇ ਫਰਨੀਚਰ ਦੀ ਭਾਰੀ ਕਮੀ ਸੀ ਪਰ ਪੜ੍ਹਾਈ ਦਾ ਮਿਆਰ ਏਨਾ ਸੀ ਕਿ ਗਰੀਬ ਘਰਾਂ ਦੇ ਲੋਕ ਮੁਫਤ ਵਿਚ ਪੜ੍ਹਾਈ ਕਰਕੇ ਡਾਕਟਰ, ਇੰਜਨੀਅਰ ਬਣਦੇ ਸਨ। ਸ਼ਹਿਰ ਵਿੱਚ ਪ੍ਰਾਈਵੇਟ ਹਸਪਤਾਲ ਇਕ-ਦੋ ਹੀ ਹੁੰਦੇ ਸਨ। ਮਿਊਨਸਿਪਲ ਕਮੇਟੀ ਦੇ ਹਸਪਤਾਲ ਅਤੇ ਸਰਕਾਰੀ ਹਸਪਤਾਲ ਨਾ ਕੇਵਲ ਗਰੀਬਾਂ ਸਗੋਂ ਅਮੀਰ ਲੋਕਾਂ ਦਾ ਵੀ ਸਹਾਰਾ ਹੁੰਦੇ ਸਨ। ਸਾਰੀ ਦੁਨੀਆਂ ਵਿਚ ਸ਼ਹਿਰੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਮਿਊਂਸਿਪਲ ਕਮੇਟੀਆਂ, ਕਾਰਪੋਰੇਸ਼ਨਾਂ ਨੂੰ ਅਥਾਹ ਸ਼ਕਤੀਆਂ ਦਿੱਤੀਆਂ ਹੋਈਆਂ ਹਨ ਕਿਉਂਕਿ ਹਰ ਮਸਲੇ ਦਾ ਹੱਲ ਉੱਥੋਂ ਦੇ ਵਾਸੀਆਂ ਨੇ ਕਰਨਾ ਹੁੰਦਾ ਹੈ। ਲੋਕਾਂ ਦੀ ਸ਼ਮੂਲੀਅਤ ਤੋਂ ਬਿਨਾਂ ਕੋਈ ਵੀ ਅਦਾਰਾ ਨਹੀਂ ਚੱਲ ਸਕਦਾ। ਅਮਰੀਕਾ ਦੀ ਕਾਮਯਾਬੀ ਦਾ ਰਾਜ ਉੱਥੋਂ ਦੀ ਵਧੀਆ ਪ੍ਰਸ਼ਾਸਨਿਕ ਪ੍ਰਣਾਲੀ ਹੈ, ਜਿੱਥੇ ਲੋਕਾਂ ਦੇ ਹੱਥ ਹੀ ਸਾਰੀ ਸ਼ਕਤੀ ਹੈ। ਕਾਰਪੋਰੇਸ਼ਨ ਨੇ ਕੋਈ ਟੈਕਸ ਲਾਉਣਾ ਹੈ, ਵਧਾਉਣਾ ਹੈ, ਕੋਈ ਬੁੱਤ ਲਾਉਣਾ ਹੈ, ਕੋਈ ਨਵੀਂ ਸੰਸਥਾ ਕਾਇਮ ਕਰਨੀ ਹੈ, ਪਾਰਕ ਜਾ ਸੜਕ ਦਾ ਨਾਂ ਬਦਲਣਾ ਹੈ, ਤਾਂ ਉਥੇ ਲੋਕਾਂ ਕੋਲੋਂ ਵੋਟਾਂ ਪਵਾਈਆਂ ਜਾਂਦੀਆਂ ਹਨ। ਸਾਡੇ ਵਾਂਗ ਨਹੀਂ ਕਿ ਮੇਅਰ ਤੇ ਹਾਕਮ ਪਾਰਟੀ ਜੋ ਮਰਜ਼ੀ ਕਰੀ ਜਾਵੇ। ਸਕੂਲ ਦੇ ਪ੍ਰਬੰਧ ਦੀ ਕਮੇਟੀ ਵੀ ਵੀ ਉਸ ਇਲਾਕੇ ਦੇ ਵਾਸੀ ਵੋਟਾਂ ਪਾ ਕੇ ਚੁਣਦੇ ਹਨ। ਉਹੋ ਕਮੇਟੀ ਅਧਿਆਪਕ ਰੱਖਦੀ ਹੈ ਤੇ ਉਸ ਕਮੇਟੀ ਦੀ ਦੇਖ-ਰੇਖ ਵਿਚ ਸਕੂਲ ਚੱਲਦਾ ਹੈ। ਸਰਕਾਰ ਦਾ ਕੋਈ ਦਖ਼ਲ ਨਹੀਂ।

ਉਨ੍ਹਾਂ ਮੁਲਕਾਂ ਵਿਚ ਮੇਅਰ ਆਪਣੀ ਕਾਰ ਆਪ ਚਲਾਉਂਦੇ ਹਨ ਤੇ ਆਮ ਸ਼ਹਿਰੀਆਂ ਵਾਂਗ ਤੁਰੇ ਫਿਰਦੇ ਹਨ। ਉਹ ਸਕੂਲਾਂ, ਹਸਪਤਾਲਾਂ ਤੇ ਸਰਕਾਰੀ ਦਫ਼ਤਰਾਂ ਵਿਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਜਾਇਜ਼ਾ ਲੈਂਦੇ ਹਨ। ਸਪਰਿੰਗ ਫੀਲਡ (ਅਮਰੀਕਾ) ਦਾ ਮੇਅਰ ਉੱਥੋਂ ਦੇ ਕਾਲਜ ਦਾ ਪ੍ਰੋਫੈਸਰ ਹੈ। ਲੋਕਾਂ ਦੇ ਕੰਮ ਦਫ਼ਤਰਾਂ ਵਿਚ ਆਮ ਵਾਂਗ ਹੁੰਦੇ ਹਨ। ਸ਼ਹਿਰ ਦੀਆਂ ਸਾਰੀਆਂ ਸਮੱਸਿਆਵਾਂ ਲਈ ਮੇਅਰ ਇਕ ਕੜੀ ਵਜੋਂ ਕੰਮ ਕਰਦੇ ਹਨ। ਪਰ ਇਸ ਦੇ ਐਨ ਉਲਟ, ਪੰਜਾਬ ਦੀ ਮੇਅਰ ਪ੍ਰਣਾਲੀ ਨੇ ਸ਼ਹਿਰੀਆਂ



Academy of the Punjab in North America: http://www.apnaorg.com

ਦੇ ਮਸਲੇ ਹੱਲ ਕਰਨ ਦੀ ਥਾਂ 'ਤੇ ਉਨ੍ਹਾਂ ਵਿੱਚ ਨਿਘਾਰ ਲੈ ਆਂਦਾ ਹੈ। ਇਹੋ ਹਾਲ ਸਾਡੇ ਵਿਧਾਇਕਾਂ ਤੇ ਮੰਤਰੀਆਂ ਦਾ ਹੈ। ਅੱਜ ਹਸਪਤਾਲਾਂ ਵਿਚ ਡਾਕਟਰ ਨਹੀਂ, ਦਵਾਈਆਂ ਨਹੀਂ, ਸਕੂਲਾਂ ਵਿਚ ਅਧਿਆਪਕ ਨਹੀਂ। ਇਹੋ ਕਾਰਨ ਹੈ ਕਿ ਅਜ ਲੋਕ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਸਕੂਲਾਂ ਦੀ ਥਾਂ 'ਤੇ ਪ੍ਰਾਈਵੇਟ ਹਸਪਤਾਲਾਂ ਤੇ ਪ੍ਰਾਈਵੇਟ ਸਕੂਲਾਂ ਨੂੰ ਤਰਜੀਹ ਦੇ ਰਹਿ ਹਨ। ਅਜਿਹਾ ਇਸ ਕਰਕੇ ਹੈ ਕਿ ਮੰਤਰੀਆਂ ਅਤੇ ਵਧਾਇਕਾਂ ਵਿਚ ਜ਼ੁੰਮੇਵਾਰੀ ਦਾ ਅਹਿਸਾਸ (sense of responsibility) ਨਹੀਂ ਹੈ ਤੇ ਉਨ੍ਹਾਂ ਦੀ ਕੋਈ ਜੁਆਬ ਦੇਹੀ ਨਹੀਂ।

ਇਸ ਲਈ ਅੱਜ ਲੋੜ ਹੈ, ਸਰਕਾਰੀ ਕਰਮਚਾਰੀਆਂ ਵਾਂਗ ਮੇਅਰਾਂ, ਵਿਧਾਇਕਾਂ, ਲੋਕ ਸਭਾ ਤੇ ਰਾਜ ਸਭਾ ਮੈਂਬਰਾਂ, ਮੰਤਰੀਆਂ ਅਤੇ ਮੁੱਖ-ਮੰਤਰੀਆਂ ਲਈ ਸੇਵਾ ਕਾਨੂੰਨ (ਸਰਵਿਸ ਰੂਲਜ਼) ਹੋਣ। ਉਨ੍ਹਾਂ ਦੀ ਜੁਆਬਦੇਹੀ ਹੋਣੀ ਚਾਹੀਦੀ ਹੈ। ਉਹ ਵੀ ਸਰਕਾਰੀ ਕਰਮਚਾਰੀ ਮੰਨੇ ਜਾਣੇ ਚਾਹੀਦੇ ਹਨ। ਸ਼ਹਿਰਾਂ ਦੀ ਸਫ਼ਾਈ, ਟ੍ਰੈਫਿਕ, ਟੁੱਟੀਆਂ ਸੜਕਾਂ, ਅਮਨ ਕਾਨੂੰਨ ਦੀ ਮਾੜੀ ਹਾਲਤ, ਇਸ ਲਈ ਹੈ ਕਿ ਇਨ੍ਹਾਂ ਦੀ ਕੋਈ ਜੁਆਬਦੇਹੀ ਨਹੀਂ ਹੈ। ਜੇ ਮੇਅਰਾਂ ਨੂੰ ਨਜਾਇਜ਼ ਕਬਜ਼ੇ ਹਟਾਉਣ, ਸਫ਼ਾਈ ਕਰਾਉਣ ਵਗੈਰਾ ਕੰਮਾਂ ਦੀ ਜ਼ੁੰਮੇਵਾਰੀ ਸੌਂਪੀ ਜਾਵੇ ਤੇ ਜੇ ਉਹ ਮਾਪ ਦੰਡਾਂ ਉਪਰ ਪੂਰੇ ਨਹੀਂ ਉਤਰਦੇ ਤਾਂ ਉਨ੍ਹਾਂ ਨੂੰ ਗੱਦੀ ਤੋਂ ਹਟਾਉਣ ਦੀ ਵਿਵਸਥਾ ਕੀਤੀ ਜਾਵੇ ਤਾਂ ਜੋ ਚੰਡੀਗੜ੍ਹ ਵਾਂਗ ਸਾਡੇ ਸ਼ਹਿਰ ਵੀ ਸਾਫ ਸੁਥਰੇ ਹੋ ਸਕਣ। ਚੰਡੀਗੜ੍ਹ ਵਾਂਗ ਟਰੈਫਿਕ ਕਾਨੂੰਨ ਤਾਂ ਹੀ ਲਾਗੂ ਹੋ ਸਕਦੇ ਹਨ ਤੇ ਸੜਕਾਂ, ਫੁੱਟਪਾਥ ਵਗੈਰਾ ਨਜਾਇਜ਼ ਕਬਜ਼ਿਆਂ ਤੋਂ ਮੁਕਤ ਹੋ ਸਕਦੇ ਹਨ।

ਸਮਾਜ ਸੇਵੀ ਸੰਸਥਾਵਾਂ ਤੇ ਰਾਜਨੀਤਿਕ ਪਾਰਟੀਆਂ ਨੂੰ ਧੜੇਬੰਦੀ ਤੋਂ ਉਪਰ ਉੱਠ ਕੇ ਸਬੰਧਿਤ ਕਾਨੂੰਨਾਂ ਵਿਚ ਲੋੜੀਂਦੀਆਂ ਸੋਧਾਂ ਕਰਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਵੇਖਣ ਵਿਚ ਆਉਂਦਾ ਹੈ ਕਿ ਜਿਹੜਾ ਸਰਕਾਰੀ ਅਧਿਕਾਰੀ ਇਮਾਨਦਾਰੀ ਨਾਲ ਕਾਨੂੰਨ ਅਨੁਸਾਰ ਕੰਮ ਕਰਦਾ ਹੈ, ਉਸ ਨੂੰ ਸ਼ਾਬਾਸ਼ ਦੇਣ ਦੀ ਥਾਂ 'ਤੇ ਉਸ ਦੀ ਬਦਲੀ ਕਰ ਦਿੱਤੀ ਜਾਂਦੀ ਹੈ। ਅੰਮ੍ਰਿਤਸਰ ਕਾਰਪੋਰੇਸ਼ਨ ਦੇ ਦਫ਼ਤਰ ਦੇ ਕੋਲ ਹੀ ਕਟੜਾ ਜੈਮਲ ਸਿੰਘ ਤੇ ਹੋਰ ਬਾਜ਼ਾਰਾਂ ਦੇ ਫੁੱਟਪਾਥਾਂ ਤੇ ਸੜਕਾਂ ਦੁਕਾਨਦਾਰਾਂ ਨੇ ਮੱਲੀਆਂ ਹੋਈਆਂ ਹਨ। ਜੇ ਕੋਈ ਅਧਿਕਾਰੀ ਇਨ੍ਹਾਂ ਨੂੰ ਹਟਾਉਂਦਾ ਹੈ ਤਾਂ ਉਸ ਦੀ ਬਦਲੀ ਕਰ ਦਿੱਤੀ ਜਾਂਦੀ ਹੈ। ਇਹੀ ਹਾਲ ਟ੍ਰੈਫਿਕ ਦਾ ਹੈ। ਜੇ ਕੋਈ ਪੁਲਿਸ ਅਧਿਕਾਰੀ ਟਰੈਫਿਕ ਨਿਯਮ ਲਾਗੂ ਕਰਨਾ ਹੈ ਤਾਂ ਉਸ ਦੀ ਵੀ ਬਦਲੀ ਕਰ ਦਿੱਤੀ ਜਾਂਦੀ ਹੈ। ਜੇ ਕੋਈ ਕੌਂਸਲਰ, ਵਿਧਾਇਕ, ਮੰਤਰੀ, ਪਾਰਲੀਮੈਂਟਰੀ ਮੈਂਬਰ ਗੈਰ ਕਾਨੂੰਨੀ ਢੰਗ ਨਾਲ ਸਰਕਾਰੀ ਕੰਮਾਂ ਵਿੱਚ ਦਖ਼ਲ ਅੰਦਾਜ਼ੀ ਕਰਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਖ਼ਤਮ ਹੋਣੀ ਚਾਹੀਦੀ ਹੈ।

ਅਫਸੋਸ ਦੀ ਗੱਲ ਹੈ ਕਿ ਸਾਡੇ ਬਹੁਤੇ ਸਿਆਸਤਦਾਨਾਂ ਨੂੰ ਏਨੀ ਸਮਝ ਨਹੀਂ ਕਿ ਕਾਨੂੰਨ ਮਨੁੱਖ ਦੁਆਰਾ ਮਨੁੱਖਾਂ ਦੀ ਬਿਹਤਰੀ ਲਈ ਬਣਾਏ ਜਾਂਦੇ ਹਨ। ਕਾਨੂੰਨ ਦੀ ਸਮਝ ਜਾਂ ਤਾਂ ਜੰਗਲਾਂ ਵਿਚ ਰਹਿਣ ਵਾਲੇ ਨੂੰ ਨਹੀਂ ਹੁੰਦੀ ਜਾਂ ਪਾਗ਼ਲ ਨੂੰ ਨਹੀਂ ਹੁੰਦੀ। ਚੰਡੀਗੜ੍ਹ ਵਿਚ ਕਾਨੂੰਨ ਦਾ ਰਾਜ ਹੋਣ ਕਰਕੇ ਸਾਡੇ ਅਫ਼ਸਰ ਤੇ ਸਿਆਸਤਦਾਨ ਚੰਡੀਗੜ੍ਹ ਰਹਿਣ ਨੂੰ ਤਰਜੀਹ ਦਿੰਦੇ ਹਨ ਜਦ ਕਿ ਦੁਨੀਆ ਵਿਚ ਸ੍ਰੀ ਅੰਮ੍ਰਿਤਸਰ ਦੇ ਟਾਕਰੇ ਉਪਰ ਰਹਿਣ ਪੱਖੋਂ ਕੋਈ ਵੀ ਹੋਰ ਸ਼ਹਿਰ ਨਹੀਂ ਹੈ।

*17 ਮਾਰਚ 2012*



Academy of the Punjab in North America: http://www.apnaorg.com

# ਪਾਇਲਟਾਂ ਦੀ ਘੜੀ ਮੁੜੀ ਹੜਤਾਲ ਕਿਉਂ ?

ਏਅਰ ਇੰਡੀਆ ਦੇ ਪਾਇਲਟਾਂ ਵੱਲੋਂ 7 ਮਈ 2012 ਤੋਂ ਸ਼ੁਰੂ ਕੀਤੀ ਗਈ ਹੜਤਾਲ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ। ਸ਼ਹਿਰੀ ਹਵਾਬਾਜ਼ੀ ਮੰਤਰੀ ਮੁੜ-ਮੁੜ ਕਹਿ ਰਹੇ ਹਨ ਕਿ ਪਾਇਲਟਾਂ ਦੀਆਂ ਕੋਈ ਮੰਗਾਂ ਨਹੀਂ ਹਨ, ਉਨ੍ਹਾਂ ਨੂੰ ਆਪਣੀ ਡਿਊਟੀ ਉਪਰ ਮੁੜ ਬਿਨਾਂ ਸ਼ਰਤ ਹਾਜ਼ਰ ਹੋ ਜਾਣਾ ਚਾਹੀਦਾ ਹੈ। ਦੂਜੇ ਪਾਸੇ ਪਾਇਲਟਾਂ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਕਿਸੇ ਨੇ ਅਜੇ ਤੀਕ ਕੋਈ ਗੱਲਬਾਤ ਨਹੀਂ ਕੀਤੀ। ਏਅਰ ਇੰਡੀਆ ਨੇ ਪਾਇਲਟਾਂ ਦੀ ਯੂਨੀਅਨ ਆਈ.ਪੀ.ਜੀ. ਦੀ ਮਾਨਤਾ ਖਤਮ ਕਰ ਦਿੱਤੀ ਹੈ। 111 ਪਾਇਲਟਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। 11 ਪਾਇਲਟਾਂ ਦੇ ਲਾਇਸੈਂਸ ਰੱਦ ਕਰਨ ਬਾਰੇ ਲਿਖਿਆ ਜਾ ਚੁੱਕਾ ਹੈ। ਪਾਇਲਟ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਨੌਕਰੀਓਂ ਕੱਢਣ ਦੇ ਆਦੇਸ਼ ਵਾਪਸ ਲਏ ਜਾਣ।

ਸਰਕਾਰ ਅਜਿਹਾ ਕਰਨ ਲਈ ਤਿਆਰ ਨਹੀਂ। ਪਾਇਲਟਾਂ ਨੇ ਮੁੰਬਈ ਤੇ ਦਿੱਲੀ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਕੁਝ ਪਾਇਲਟਾਂ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ ਹੈ ਕਿਉਂਕਿ ਉਨ੍ਹਾਂ ਦੀ ਸਿਹਤ ਵਿਗੜ ਗਈ ਹੈ। ਹੜਤਾਲੀ ਪਾਇਲਟਾਂ ਨੇ ਸ੍ਰੀਮਤੀ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਖਲ ਦੀ ਮੰਗ ਕੀਤੀ ਹੈ। ਹੁਣ ਤੀਕ ਇਸ ਹੜਤਾਲ ਨਾਲ 800 ਕਰੋੜ ਦੇ ਕਰੀਬ ਨੁਕਸਾਨ ਹੋ ਚੁੱਕਾ ਹੈ। ਯਾਤਰੂਆਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਅਰ ਇੰਡੀਆ ਪਾਸ ਬੋਇੰਗ 777 ਕਿਸਮ ਦੇ 20 ਜ਼ਹਾਜ ਹਨ। ਇਨ੍ਹਾਂ ਵਿਚੋਂ 14 ਉਡਣ ਦੀ ਥਾਂ 'ਤੇ ਦਿੱਲੀ ਖੜੇ ਹਨ। ਏਅਰ ਇੰਡੀਆ ਜੋ ਵਿਦੇਸ਼ਾਂ ਨੂੰ ਰੋਜ਼ਾਨਾ 4000 ਯਾਤਰੀਆਂ ਢੋਂਦੀ ਸੀ ਇਸ ਸਮੇਂ ਕੇਵਲ 1000 ਯਾਤਰੂ ਹੀ ਸਫਰ ਕਰ ਰਹੇ ਹਨ।

ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਟਕਰਾ ਵਾਲੀ ਨੀਤੀ ਅਪਣਾਉਂਦੇ ਹੋਏ 111 ਪਾਇਲਟਾਂ ਨੂੰ ਨੌਕਰੀ ਤੋਂ ਕੱਢ ਕੇ ਉਨ੍ਹਾਂ ਦੀ ਥਾਂ 'ਤੇ ਨਵੇਂ ਪਾਇਲਟ ਭਰਤੀ ਕਰਨ ਦੇ ਇਸ਼ਤਿਹਾਰ ਦਿੱਤੇ ਹਨ। ਅਜਿਹਾ ਹੀ ਤਜਰਬਾ 1993 ਵਿੱਚ ਕੀਤਾ ਗਿਆ ਸੀ ਜੋ ਕਿ ਅਸਫਲ ਰਿਹਾ। 1993 ਵਿਚ ਇੰਡੀਅਨ ਏਅਰ ਲਾਇਨਜ਼ ਐਗਜੈਕਟਿਵ ਪਾਇਲਟਾਂ ਦੀ ਹੜਤਾਲ ਸਮੇਂ ਸਰਕਾਰ ਨੇ ਉਡਾਨਾਂ ਚਾਲੂ ਰੱਖਣ ਲਈ ਉਜ਼ਬੇਕਿਸਤਾਨ ਦੇ ਪਾਇਲਟਾਂ ਦੇ ਜਹਾਜ਼ ਲੀਜ਼ ਉਪਰ ਲਏ। 9 ਜਨਵਰੀ 2009 ਨੂੰ ਉਜ਼ਬੇਕਿਸਤਾਨ ਏਅਰਲਾਈਨਜ਼ ਦਾ 167 ਇੰਡੀਅਨ ਏਅਰਲਾਈਨਜ਼ ਦੀਆਂ ਸਵਾਰੀਆਂ ਹੈਦਰਾਬਾਦ ਤੋਂ ਲਿਆ ਰਿਹਾ ਜਹਾਜ਼ ਧੁੰਦ ਕਾਰਨ ਦਿੱਲੀ ਹਵਾਈ ਅੱਡੇ ਤੇ ਹਾਦਸਾ-ਗ੍ਰਸਤ ਹੋ ਗਿਆ, ਜਦੋਂ ਇਹ ਉਤਰ ਰਿਹਾ ਸੀ। ਇਹ ਪਟੜੀ ਤੋਂ ਪਰੇ ਜਾਣ ਕਾਰਨ ਉਲਟ ਗਿਆ ਤੇ



Academy of the Punjab in North America: http://www.apnaorg.com

ਇਸ ਨੂੰ ਅੱਗ ਲੱਗ ਗਈ। ਯਾਤਰੀਆਂ ਦੀ ਕਿਸਮਤ ਚੰਗੀ ਸੀ ਕਿ ਉਹ ਇਸ ਹਾਦਸੇ ਵਿਚ ਵਾਲ-ਵਾਲ ਬਚ ਗਏ। ਇਸ ਹਾਦਸੇ ਪਿਛੋਂ ਸਰਕਾਰ ਨੇ ਪਾਇਲਟਾਂ ਦੀਆਂ ਮੰਗਾਂ ਮੰਨ ਲਈਆਂ ਤੇ ਇੰਜ ਇਕ ਮਹੀਨੇ ਪਿੱਛੋਂ ਹੜਤਾਲ ਖ਼ਤਮ ਹੋਈ।

ਇਕ ਸੇਵਾ ਮੁਕਤ ਏਅਰ ਇੰਡੀਆ ਕਮਾਂਡਰ ਕੈਪਟਨ ਏ.ਐਸ. ਜੋਸ਼ੀ ਦਾ ਕਹਿਣਾ ਹੈ ਕਿ ਪਾਇਲਟ ਨੂੰ 'ਟ੍ਰੇਨ' ਕਰਨ ਤੇ ਲੱਖਾਂ ਰੁਪਏ ਲੱਗਦੇ ਹਨ ਤੇ ਇਸ ਦੇ ਨਾਲ ਸਮਾਂ ਵੀ ਲੱਗਦਾ ਹੈ। ਇਹ 401 ਪਾਇਲਟ ਜਿਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ ਇਹ ਸਾਡੇ ਕੀਮਤੀ ਪਾਇਲਟ ਹਨ। ਉਨ੍ਹਾਂ ਦੀ ਸੀਨੀਅਰਤਾ (ਸੀਨੀਆਰਟੀ) ਨਾਲ ਸੰਬੰਧਿਤ ਮੰਗਾਂ ਹਨ, ਜਿਹੜੀਆਂ ਟੇਬਲ ਉਪਰ ਬੈਠ ਕੇ ਹੱਲ ਕੀਤੀਆਂ ਜਾ ਸਕਦੀਆਂ ਹਨ। ਸਰਕਾਰੀ ਅਦਾਰਾ ਹੋਣ ਕਰਕੇ ਇਸ ਦੀ ਕਿਸੇ ਨੂੰ ਪ੍ਰਵਾਹ ਨਹੀਂ। ਜਨਤਾ ਦਾ ਪੈਸਾ ਬਰਬਾਦ ਕੀਤਾ ਜਾ ਰਿਹਾ ਹੈ।

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਕੈਪਟਨ ਜੋਸ਼ੀ ਦੇ ਵਿਚਾਰਾਂ ਵਿਚ ਵਜ਼ਨ ਹੈ। ਜਿਵੇਂ ਪੰਜਾਬ ਵਿਚ ਪ੍ਰਾਈਵੇਟ ਬੱਸਾਂ ਲਾਭ ਕਮਾ ਰਹੀਆਂ ਹਨ, ਪਰ ਪੰਜਾਬ ਰੋਡਵੇਜ਼ ਤੇ ਪੈਪਸੂ ਕਾਰਪੋਰੇਸ਼ਨ ਜੋ ਕਿ ਸਰਕਾਰੀ ਅਦਾਰੇ ਹਨ, ਘਾਟੇ ਵਿਚ ਚੱਲ ਰਹੇ ਹਨ, ਇਹੋ ਹਾਲ ਏਅਰ ਇੰਡੀਆ ਦਾ ਹੈ।

ਜੇ ਇਸ ਦੇ ਇਤਿਹਾਸਕ ਪਿਛੋਕੜ ਵਿਚ ਜਾਈਏ ਤਾਂ ਪਤਾ ਲੱਗਦਾ ਹੈ ਕਿ 1997 ਤੀਕ ਜਦੋਂ ਤੀਕ ਜੇ.ਆਰ.ਡੀ. ਟਾਟਾ ਇਸ ਦੇ ਚੇਅਰਮੈਨ ਰਹੇ, ਉਸ ਸਮੇਂ ਤੀਕ ਇਹ ਦੁਨੀਆਂ ਦੀਆਂ ਪਹਿਲੀਆਂ ਪੰਜ ਏਅਰਲਾਇਨਾਂ (ਫ਼ਾਈਵ ਸਟਾਰਸ) ਵਿਚੋਂ ਇਕ ਸੀ ਤੇ ਉਨ੍ਹਾਂ ਦੀ ਅਗਵਾਈ ਵਿਚ ਇਸ ਨੇ ਕਈ ਮੱਲਾਂ ਮਾਰੀਆਂ। ਇਸ ਨੇ ਆਪਣੇ ਸਿਰ 'ਤੇ ਹੈਂਗਰ ਬਣਾਏ, ਮੁੰਬਈ ਤੇ ਵਿਦੇਸ਼ਾਂ ਵਿਚ ਜਾਇਦਾਦਾਂ ਖਰੀਦੀਆਂ, ਹੋਟਲ ਬਣਾਏ, ਕਰਮਚਾਰੀਆਂ ਲਈ ਕੁਆਟਰ ਉਸਾਰੇ। ਜਿਵੇਂ ਸਿੰਗਾਪੁਰ ਏਅਰਲਾਈਨ ਸਿੰਗਾਪੁਰ ਦੀ ਸ਼ਾਨ ਹੈ, ਕਤਰ ਏਅਰਵੇਜ਼ ਕਤਰ ਦੀ, ਬ੍ਰਿਟਿਸ਼ ਏਅਰਵੇਜ਼ ਬਰਤਾਨੀਆ ਦੀ ਸ਼ਾਨ ਹੈ, ਇਸੇ ਤਰ੍ਹਾਂ ਏਅਰ ਇੰਡੀਆ ਵਿਸ਼ਵ ਭਰ ਵਿਚ ਮਹਾਰਾਜਾ ਦੇ ਨਾਂ ਨਾਲ ਦੁਨੀਆਂ ਭਰ ਵਿਚ ਨਾਮਣਾ ਖੱਟ ਦੀ ਰਹੀ ਹੈ। 1997 ਵਿਚ ਇਸ ਦੀ ਕਮਾਨ ਆਈ.ਏ.ਐਸ. ਅਫ਼ਸਰਾਂ ਹੱਥ ਆ ਗਈ ਤੇ ਇਸ ਦੇ ਮਾੜੇ ਦਿਨ ਸ਼ੁਰੂ ਹੋ ਗਏ। ਕੁਝ ਸਾਲਾਂ ਤੋਂ ਇਸ ਦੀਆਂ ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ। ਕਰਮਚਾਰੀਆਂ ਨੂੰ 6-6 ਮਹੀਨੇ ਤਨਖਾਹਾਂ ਨਹੀਂ ਮਿਲਦੀਆਂ। ਇਸ ਸਮੇਂ ਇਹ ਕੋਈ 50 ਹਜ਼ਾਰ ਕਰੋੜ ਰੁਪਏ ਦੇ ਕਰੀਬ ਕਰਜ਼ੇ ਹੇਠ ਹੈ, ਜਿਹੜਾ ਮੁੱਖ ਤੌਰ 'ਤੇ 2005 ਵਿਚ 111 ਜਹਾਜ਼ ਖਰੀਦਣ ਲਈ 32 ਹਜ਼ਾਰ ਕਰੋੜ ਰੁਪਏ ਦੇ ਤੌਰ 'ਤੇ ਲਿਆ ਗਿਆ ਸੀ। ਸਿਆਸਤਾਨਾਂ ਤੇ ਅਫ਼ਸਰਾਂ ਨੇ ਇਸ ਨੂੰ ਇਕ ਵਪਾਰਕ ਅਦਾਰੇ ਦੇ ਤੌਰ 'ਤੇ ਚਲਾਉਣ ਦੀ ਥਾਂ 'ਤੇ ਇਸ ਨੂੰ ਇਕ ਸਰਕਾਰੀ ਅਦਾਰੇ ਦੇ ਤੌਰ 'ਤੇ ਚਲਾਇਆ। ਹੁਣ ਭਾਰਤ ਲਈ ਇਹ ਇਜ਼ਤ ਮਾਣ ਖਟਣ ਦੀ ਥਾਂ 'ਤੇ ਨਮੋਸ਼ੀ ਦਾ ਕਾਰਨ ਬਣੀ ਹੋਈ ਹੈ।

ਸ਼ਹਿਰੀ ਹਵਾਬਾਜ਼ੀ ਮੰਤਰੀ ਦਾ ਕਹਿਣਾ ਹੈ ਕਿ ਵਪਾਰਕ ਅਦਾਰੇ ਚਲਾਉਣਾ ਸਰਕਾਰ ਦਾ ਕੰਮ ਨਹੀਂ। ਇਸ ਦਾ ਭਾਵ ਹੈ ਕਿ ਏਅਰ ਇੰਡੀਆ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇ ਸਿੰਗਾਪੁਰ ਸਰਕਾਰ ਸਿੰਗਾਪੁਰ ਏਅਰਲਾਈਨ



Academy of the Punjab in North America: http://www.apnaorg.com

ਬੜੀ ਸਫ਼ਲਤਾਪੂਰਕ ਚਲਾ ਸਕਦੀ ਹੈ, ਅਸਟਰੇਲੀਆ ਸਰਕਾਰ ਕੁਆਨਟਾਜ਼ ਚਲਾ ਸਕਦੀ ਹੈ ਤੇ ਨਿਊਜ਼ੀਲੈਂਡ ਸਰਕਾਰ ਏਅਰ ਨਿਊਜ਼ੀਲੈਂਡ ਚਲਾ ਸਕਦੀ ਹੈ ਤਾਂ ਭਾਰਤ ਸਰਕਾਰ ਏਅਰ ਇੰਡੀਆ ਕਿਉਂ ਨਹੀਂ ਚਲਾ ਸਕਦੀ ?

ਅਸਲ ਵਿਚ 2007 ਵਿੱਚ ਏਅਰ ਇੰਡੀਆ, ਇੰਡੀਅਨ ਏਅਰਲਾਈਨਜ਼, ਏਅਰ ਇ ਡੀਆ ਐਕਸਪ੍ਰੈਸ ਨੂੰ ਮਿਲਾ ਕੇ ਐਨ.ਏ.ਸੀ.ਆਈ.ਐਲ. (ਨੈਸ਼ਨਲ ਏਵੀਏਸ਼ਨ ਕ ਪਨੀ ਆਫ ਇੰਡੀਆ ਲਿਮਟਿਡ) ਬਣਾ ਦਿੱਤੀ ਗਈ, ਜੋ ਕਿ ਇਸ ਲਈ ਤਬਾਹਕੁਨ ਸਾਬਤ ਹੋਈ। ਇਸ ਦੀ ਪੁਸ਼ਟੀ ਸੀਨੀਅਰ ਕਾਂਗਰਸੀ ਐਮ.ਪੀ. ਵੀ ਕਿਸ਼ੋਰ ਚੰਦਰਾ ਦਿਓ ਦੀ ਪ੍ਰਧਾਨਗੀ ਵਿੱਚ ਇਸ ਸਬੰਧੀ ਬਣੀ ਪਾਰਲੀਮੈਂਟ ਕਮੇਟੀ ਦੀ ਰਿਪੋਰਟ ਤੋਂ ਵੀ ਹੁੰਦੀ ਹੈ ਜੋ ਕਿ 12 ਮਾਰਚ 2010 ਨੂੰ ਪਾਰਲੀਮੈਂਟ ਅੱਗੇ ਪੇਸ਼ ਕੀਤੀ ਗਈ। ਇਸ ਰਿਪੋਰਟ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਨੂੰ ਇਕੱਠਿਆਂ ਕਰ ਕੇ ਇਕ ਕੰਪਨੀ ਬਨਾਉਣਾ ਗ਼ਲਤ ਫੈਸਲਾ ਸੀ। ਕਮੇਟੀ ਦਾ ਕਹਿਣਾ ਹੈ ਕਿ ਏਅਰ ਇੰਡੀਆ ਨੇ 2001 ਤੋਂ 2006-07 ਤੀਕ ਲਾਭ ਕਮਾਇਆ। ਇਨ੍ਹਾਂ ਛੇ ਸਾਲਾਂ ਵਿੱਚ ਇੰਡੀਅਨ ਏਅਰਲਾਈਨਜ਼ ਨੇ ਵੀ ਤਿ ਨ ਵਰ੍ਹੇ ਲਾਭ ਕਮਾਇਆ। ਭਾਵੇਂ ਪ੍ਰਾਈਵੇਟ ਏਅਰਲਾਈਨਜ਼ ਵੀ ਘਾਟੇ ਵਿੱਚ ਗਈਆਂ, ਪਰ ਜਿੰਨਾ ਘਾਟਾ ਇਨ੍ਹਾਂ ਦੋਵਾਂ ਨੂੰ ਮਿਲਾਉਣ ਪਿੱਛੋਂ ਹੋਇਆ, ਇਸ ਦਾ ਜੁਆਬ ਕਿਸੇ ਪਾਸ ਨਹੀਂ। ਏਕੀਕਰਨ ਪਿੱਛੋਂ ਲਾਭ ਦੀ ਥਾਂ ਤੇ ਘਾਟਾ ਇਸ ਲਈ ਪਿਆ ਕਿਉਂਕਿ ਲਾਹੇਵ ਦ ਅਹਿਮ ਰੂਟ ਪ੍ਰਾਈਵੇਟ ਏਅਰਲਾਈਨਜ਼ ਨੂੰ ਦਿੱਤੇ ਗਏ। ਇਸ ਕਮੇਟੀ ਨੇ 80 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰੂਟਾਂ ਦੀ ਸੂਚੀ ਜਾਰੀ ਕੀਤੀ ਜਿਨ੍ਹਾਂ ਤੋਂ 2002-03 ਤੋਂ ਏਅਰ ਇੰਡੀਆਂ ਨੇ ਆਪਣੀਆਂ ਉਡਾਣਾਂ ਬੰਦ ਕੀਤੀਆਂ ਜੋ ਪ੍ਰਾਈਵੇਟਾਂ ਨੂੰ ਦਿੱਤੀਆਂ ਗਈਆਂ। ਕਮੇਟੀ ਨੇ ਸਿਫ਼ਾਰਸ਼ ਕੀਤੀ ਹੈ ਕਿ ਜਿਨ੍ਹਾਂ ਨੇ ਇਹ ਫੈਸਲਾ ਲਿਆ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ ਤਾਂ ਜੋ ਸਰਕਾਰੀ ਅਦਾਰਿਆਂ ਨੂੰ ਅੱਗੇ ਤੋਂ ਘਾਟਾ ਨਾ ਪਵੇ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਰੂਟਾਂ ਨੂੰ ਤਰਕ ਸੰਗਤ ਬਣਾਇਆ ਜਾਵੇ।

ਕਮੇਟੀ ਅਨੁਸਾਰ, ਦੂਜਾ ਪ੍ਰਮੁੱਖ ਕਾਰਨ ਹੈ ਕਿ ਜਹਾਜ਼ਾਂ ਦੀ ਵਰਤੋਂ ਠੀਕ ਨਹੀਂ ਹੋ ਰਹੀ। ਇਹ ਜਹਾਜ਼ ਰੋਜ਼ਾਨਾ 9 ਘੰਟੇ ਉਡਦੇ ਹਨ ਤੇ ਔਸਤਨ 16 ਘੰਟੇ ਖੜੇ ਰਹਿ ਦੇ ਹਨ। ਕੈਗ ਨੇ ਵੀ ਏਅਰ ਇੰਡੀਆ ਦੀ ਕੀਮਤ 'ਤੇ ਗਲਫ ਤੇ ਯੂਰਪੀ ਲਾਹੇਵੰਦ ਰੂਟ ਵਿਦੇਸ਼ੀ ਏਅਰ ਲਾਈਨਜ਼ ਨੂੰ ਦੇਣ ਦਾ ਮੁਦਾ ਵੀ ਉਠਾਇਆ। ਪਰ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ।

ਸੀਤਾ ਰਾਮ ਯੈਚੁਰੀ ਦੀ ਅਗਵਾਈ ਵਿਚ ਬਣੀ ਪਾਰਲੀਮੈਂਟਰੀ ਸਟੈਂਡਿੰਗ ਕਮੇਟੀ ਜਿਸ ਦੇ 31 ਮੈਂਬਰ ਸਨ ਨੇ 2010 ਵਿਚ ਦਿੱਤੀ ਆਪਣੀ ਰਿਪੋਰਟ ਵਿਚ ਦਿਓ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰੋੜ੍ਹਤਾ ਕੀਤੀ। ਇਸ ਕਮੇਟੀ ਅਨੁਸਾਰ ਰੂਟਾਂ ਨੂੰ ਤਰਕਸੰਗਤ ਕਰਨ ਦੇ ਨਾਂ ਹੇਠ ਏਅਰ ਇੰਡੀਆ ਨੂੰ ਲਾਭਵਾਲੇ ਵਧੀਆ ਰੂਟਾਂ ਤੋਂ ਹਟਾ ਕੇ ਘਾਟੇ ਵਾਲੇ ਰੂਟਾਂ ਉਪਰ ਚਲਾਇਆ ਗਿਆ। ਇਹ ਲਾਭਦਇਕ ਰੂਟ ਪ੍ਰਾਈਵੇਟ ਹਵਾਈ ਕੰਪਨੀਆਂ ਨੂੰ ਦਿੱਤੇ ਗਏ। ਇਸ ਤਰ੍ਹਾਂ ਏਅਰ ਇੰਡੀਆ ਦੀ ਕੀਮਤ 'ਤੇ ਪ੍ਰਾਈਵੇਟ ਏਅਰਲਾਇਨਜ਼ ਨੂੰ ਲਾਭ ਪਹੁੰਚਾਇਆ ਗਿਆ। ਇੱਥੇ ਹੀ ਬੱਸ ਨਹੀਂ ਪ੍ਰਾਈਵੇਟ



Academy of the Punjab in North America: http://www.apnaorg.com

ਏਅਰਲਾਇਨਜ਼ ਨੂੰ ਉਨ੍ਹਾਂ ਦੀ ਮਨਮਰਜ਼ੀ ਦੇ ਰੂਟ ਦਿੱਤੇ ਗਏ ਤੇ ਇਡੀਅਨ ਏਅਰਲਾਇਨਜ ਨੂੰ ਉਹ ਰੂਟ ਦਿੱਤੇ ਗਏ ਜਿਨ੍ਹਾਂ ਵਿਚ 70% ਘਾਟੇ ਵਾਲੇ ਰੂਟ ਸਨ। ਮੁੰਬਈ-ਡੁਬਈ ਰੂਟ 'ਤੇ ਏਅਰ ਇਡੀਆ ਦੀਆਂ ਰੋਜ਼ਾਨਾ 3 ਉਡਾਣਾਂ ਦੀ ਥਾਂ 'ਤੇ 2 ਉਡਾਣਾਂ ਕਰ ਦਿੱਤੀਆਂ ਗਈਆਂ ਜਦ ਕਿ ਉਸ ਦੇ ਮੁਕਾਬਲੇ ਦੀ ਏਅਰ ਲਾਇਨ ਦੀਆਂ ਰੋਜ਼ਾਨਾ 4 ਉਡਾਣਾਂ ਸਨ। ਜੇ ਵਪਾਰਕ ਪੱਖੋਂ ਅਜਿਹਾ ਕੀਤਾ ਗਿਆ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਦੂਸਰੀ ਏਅਰਲਾਇਨ ਨੇ 4 ਉਡਾਣਾਂ ਕਿਉਂ ਜਾਰੀ ਰਖੀਆਂ। ਮੁੰਬਈ-ਦੋਹਾ ਰੂਟ ਵੀ ਲਾਹੇਵੰਦਾ ਸੀ ਕਿਉਂਕਿ ਇੱਥੇ ਜਹਾਜ਼ ਦੀਆਂ 90% ਸੀਟਾਂ ਭਰਦੀਆਂ ਸਨ ਪਰ ਇਸ ਨੂੰ ਇਕ-ਦਮ ਬੰਦ ਕਰ ਦਿੱਤਾ ਗਿਆ ਤੇ ਇਹ ਰੂਟ ਪ੍ਰਾਈਵੇਟ ਲਈ ਖੁਲ੍ਹਾ ਛੱਡ ਦਿੱਤਾ ਗਿਆ। ਇਸ ਕਮੇਟੀ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਇਹ ਸਾਰਾ ਕੁਝ ਰੂਟ ਸ਼ੁਰੂ ਕਰਨ ਵਾਲੀਆਂ ਕੰਪਨੀਆਂ ਦੀ ਮਿਲੀਭੁਗਤ ਨਾਲ ਹੋਇਆ ਕਿਉਂਕਿ ਇਹ ਰੂਟ ਬੰਦ ਉਸ ਸਮੇਂ ਕੀਤੇ ਗਏ ਜਦ ਕੰਪਨੀ ਨੇ ਨਵੇਂ ਰੂਟ ਸ਼ੁਰੂ ਕੀਤੇ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਕਿ ਇਸ ਕਿ ਇਸ ਦੀ ਪੜਤਾਲ ਕਰਾਈ ਜਾਵੇ ਕਿ ਲਾਭ ਵਾਲੇ ਰੂਟ ਪ੍ਰਾਈਵੇਟਾਂ ਨੂੰ ਲਾਭ ਪਹੁੰਚਾਉਣ ਲਈ ਕਿਉਂ ਦਿੱਤੇ ਗਏ। ਪਰ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ।

ਸਾਰੀ ਦੁਨੀਆਂ ਵਿਚ ਉਸ ਦੇਸ਼ ਦੀਆਂ ਕੰਪਨੀਆਂ ਆਪਣੇ ਦੇਸ਼ ਦੇ ਹਿੱਤਾਂ ਨੂੰ ਪਹਿਲਾਂ ਵੇਖਦੀਆਂ ਹਨ ਤੇ ਵਿਦੇਸ਼ੀਆਂ ਦੇ ਹਿੱਤ ਨੂੰ ਬਾਅਦ ਵਿੱਚ। ਏਅਰ ਇਉਂਡੀਆ ਤੇ ਇੰਡੀਅਨ ਏਅਰਲਾਈਨਜ਼ ਇਕ ਦੂਜੇ ਵਿੱਚ ਮਿਲਾਉਣ ਤੋਂ ਪਿੱਛੋਂ ਦੁਵੱਲੇ ਸਮਝੌਤਿਆਂ ਰਾਹੀਂ ਵਿਦੇਸ਼ੀ ਹਵਾਈ ਕੰਪਨੀਆਂ ਨੂੰ ਤੋਹਫ਼ੇ ਵਜੋਂ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਦੇ ਲਾਭਦਾਇਕ ਰੂਟ ਦਿੱਤੇ ਗਏ। ਮਿਸਾਲ ਦੇ ਤੌਰ ‘ਤੇ ਸਿੰਗਾਪੁਰ ਨਾਲ ਸਮਝੌਤੇ ਅਧੀਨ 16 ਉਡਾਣਾਂ ਇੰਡੀਅਨ ਏਅਰਲਾਈਨ ਦੀਆਂ ਸਨ ਤੇ 16 ਉਡਾਣਾਂ ਹੀ ਏਅਰ ਇੰਡੀਆ ਦੀਆਂ ਸਨ ਤੇ ਇਨ੍ਹਾਂ ਦੀਆਂ ਸਮਰੱਥਾ 90% ਸੀ ਪਰ ਦੋਵਾਂ ਹਵਾਈ ਕੰਪਨੀਆਂ ਦੇ ਏਕੀਕਰਨ ਕਰਨ ਪਿੱਛੋਂ ਇਹ ਉਡਾਣਾਂ 16 ਰਹਿ ਗਈਆਂ ਤੇ 16 ਲਾਭਦਾਇਕ ਰੂਟ ਕਥਿਤ ਤੌਰ ’ਤੇ ਕਿੰਗਫਿਸ਼ਰ ਨੂੰ ਦੇ ਦਿੱਤੇ ਗਏ। ਇਸੇ ਤਰ੍ਹਾਂ ਭਾਰਤ ਵਿਚਲੀਆਂ ਇੰਡੀਅਨ ਏਅਰਲਾਇਨਜ਼ ਦੀਆਂ ਸਥਾਨਕ ਉਡਾਣਾਂ ਬੰਦ ਕਰ ਕੇ ਕਿੰਗਫਿਸ਼ਰ ਵਗੈਰਾ ਨੂੰ ਦਿਤੀਆਂ ਗਈਆਂ। ਇਨ੍ਹਾਂ ਵਿੱਚੋਂ ਬਹੁਤੀਆਂ ਦੀ ਸਮਰੱਥਾ 90% ਸੀ। ਕੋਚੀ-ਦੋਹਾਬਹਿਰੀਨ-ਕਾਲੀਕਟ-ਦੋਹਾ-ਬਹਿਰੀਨ ਰੂਟ ਜਿੱਥੇ ਕਿ 100 ਪ੍ਰਤੀਸ਼ਤ ਸੀਟਾਂ ਭਰੀਆਂ ਜਾਂਦੀਆਂ ਸਨ, 2009-2011 ਵਿਚ ਪ੍ਰਾਈਵੇਟਾਂ ਨੂੰ ਦਿੱਤਾ। 2003 ਵਿਚ ਲੁਫਥਾਂਸਾ ਤੇ ਟੇਮੀਰੇਟਸਾ ਨੂੰ ਗਲਫ ਤੇ ਯੂਰਪ ਦੇ ਰੂਟ ਦਿੱਤੇ ਗਏ 2008-09 ਵਿਚ ਅਮਰੀਕਾ, ਯੂ.ਕੇ., ਚੀਨ, ਫਰਾਂਸ, ਜਰਮਨੀ, ਕੈਨੇਡਾ, ਗਲਫ ਨੂੰ ਟਰੈਫਿਕ ਦੇ ਅਧਿਕਾਰ ਦਿੱਤੇ ਗਏ। ਇਸ ਤਰ੍ਹਾਂ ਏਅਰ ਇੰਡੀਆ ਦੀ ਕੀਮਤ ਤੇ ਇਨ੍ਹਾਂ ਨੂੰ ਮਾਰਕੀਟ ਵਧਾਉਣ ਦਾ ਮੌਕਾ ਦਿੱਤਾ ਗਿਆ।

ਸੁਆਲ ਪੈਦਾ ਹੁੰਦਾ ਹੈ ਕਿ ਏਅਰ ਇੰਡੀਆ ਦੀ ਆਨ ਤੇ ਸ਼ਾਨ ਮੁੜ ਬਹਾਲ ਕਿਵੇਂ ਹੋਵੇ। ਮਹਾਰਾਜਾ ਮੁੜ ਕਿਵੇਂ ਹਵਾਈ ਅੱਡਿਆਂ ਉਪਰ ਮੁੜ ਸਿਰ ਉੱਚਾ ਕਰ ਸਕੇ। ਇੰਡੀਅਨ ਫਾਉਡੇਸ਼ਨ ਆਫ ਏਵੀਗੇਸ਼ਨ ਏਅਰੋਸਪੇਸ ਐਂਡ ਡੀਵੈਲਪਮੈਂਟ ਦੇ



Academy of the Punjab in North America: http://www.apnaorg.com

ਚੇਅਰਮੈਨ ਸ੍ਰੀ ਸਾਨਤ ਕੌਲ ਦਾ ਕਹਿਣਾ ਹੈ ਕਿ ਇਸ ਹਵਾਈ ਕੰਪਨੀ ਦਾ ਨਿਜੀਕਰਨ ਦੀ ਸਰਕਾਰ ਦੀ ਅਜੇ ਤੀਕ ਨੀਤੀ ਸਪਸ਼ਟ ਨਹੀਂ ਹੈ। 2001 ਵਿਚ ਇਸ ਨੂੰ ਵੇਚਣ ਦਾ ਯਤਨ ਕੀਤਾ ਗਿਆ ਜੋ ਕਿ ਸਫਲ ਨਾ ਹੋ ਸਕਿਆ। ਇਸ ਨੂੰ ਨਿਜੀਕਰਨ ਤੋਂ ਬਗੈਰ ਵੀ ਮੁੜ ਮੁਨਾਫੇ ਵਿਚ ਲਿਆਂਦਾ ਜਾ ਸਕਦਾ ਹੈ। ਹਾਲ ਹੀ ਵਿਚ ਜਾਪਾਨ ਏਅਰ ਲਾਇਨਜ਼ (ਜੇ.ਏ.ਐਲ.) ਦੀ ਉਦਾਹਰਨ ਸਾਡੇ ਸਾਹਮਣੇ ਹੈ। ਕੋਈ 9 ਮਹੀਨੇ ਪਹਿਲਾਂ 78 ਸਾਲ ਦੇ ਕਾਜ਼ੂਓ ਇਨਾਮੋਰੀ ਨੇ ਜਦ ਚੇਅਰਮੈਨ ਦਾ ਅਹੁਦਾ ਸੰਭਾਲਿਆ ਤਾਂ ਇਸ ਹਵਾਈ ਕੰਪਨੀ ਨੇ ਬੀਮਾਰ (ਸਿਕ) ਹੋਣ ਕਰਕੇ 1,28,000 ਕਰੋੜ ਰੁਪਏ ਦੇ ਕਰਜ਼ੇ ਕਾਰਨ ਦੀਵਾਲੀਆਪਣ ਦਾ ਕੇਸ ਪਾਇਆ ਹੋਇਆ ਸੀ। ਇਕ ਸੂਝਵਾਨ ਵਪਾਰੀ ਹੋਣ ਕਰਕੇ ਉਸ ਨੇ ਇਸ ਨੂੰ 9 ਮਹੀਨੇ ਵਿਚ ਹੀ ਮੁੜ ਲਾਭ ਕਮਾਉਣ ਵਾਲੀ ਹਵਾਈ ਕੰਪਨੀ ਬਣਾ ਦਿੱਤਾ। ਇਸੇ ਤਰ੍ਹਾਂ ਸਤਿਅਮ ਕੰਪਿਊਟਰਜ਼ ਸਿਸਟਮ ਨੂੰ ਭਾਰਤ ਵਿਚ ਸਭ ਤੋਂ ਵੱਡੇ ਘਪਲੇ (ਫਰਾਡ) ਦਾ ਸਾਹਮਣਾ ਕਰਨਾ ਪਿਆ। ਟੈਕ ਮਹਿੰਦਰਾ ਨੇ ਇਸ ਕੰਪਨੀ ਨੂੰ ਆਪਣੇ ਹੱਥ ਵਿੱਚ ਲਿਆ। ਮਹਿੰਦਰਾ ਸਤਿਅਮ ਦੇ ਨਾਂ ਹੇਠ ਇਸ ਕੰਪਨੀ ਨੇ 2009-10 ਦੇ ਪਹਿਲੇ 6 ਮਹੀਨਿਆਂ ਵਿਚ 2500 ਕਰੋੜ ਦਾ ਲਾਭ ਕਮਾਇਆ ਜਦ ਕਿ ਇਸ ਤੋਂ ਪਹਿਲਾਂ 2008-09 ਵਿਚ ਇਹ 10 ਹਜ਼ਾਰ ਕਰੋੜ ਰੁਪਏ ਦੇ ਘਾਟੇ ਵਿਚ ਸੀ। ਇਸ ਲਈ ਜੇ ਏਅਰ ਇੰਡੀਆ ਦਾ ਚੇਅਰਮੈਨ ਜੇ.ਆਰ.ਡੀ ਟਾਟਾ ਵਰਗਾ ਸੂਝਵਾਨ ਵਪਾਰੀ ਬਣਾ ਦਿੱਤਾ ਜਾਵੇ ਤੇ ਉਸ ਦੇ ਨਾਲ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਆਈ.ਏ.ਐਸ. ਅਫਸਰਾਂ ਦੀ ਥਾਂ ਤੇ ਇਸ ਪੇਸ਼ੇ ਨਾਲ ਜੁੜੇ ਵਿਅਕਤੀ ਲਏ ਜਾਣ, ਸਿਆਸੀ ਦਖਲ ਅੰਦਾਜ਼ੀ ਬੰਦ ਕਰ ਦਿੱਤੀ ਜਾਵੇ ਤਾਂ ਇਹ ਵੀ 6 ਮਹੀਨੇ ਵਿਚ ਲਾਭ ਕਮਾਉਣ ਵਾਲਾ ਅਦਾਰਾ ਬਣ ਸਕਦਾ ਹੈ। ਦੂਜਾ ਬਦਲ ਇਹ ਹੈ ਕਿ ਸ੍ਰੀ ਲੰਕਾ ਵਾਂਗ ਏਅਰ ਇੰਡੀਆ ਨੂੰ ਕਿਸੇ ਦੂਜੀ ਏਅਰ ਲਾਇਨ ਦਾ ਕੰਟਰੋਲ ਹੇਠ ਦੇ ਦਿੱਤਾ ਜਾਵੇ। 1998 ਵਿਚ ਸ੍ਰੀ ਲੰਕਾ ਸਰਕਾਰ ਨੇ ਡੁਬਈ ਦੀ ਏਮੀਰੇਟਸ ਏਅਰ ਲਾਈਨਜ਼ ਨਾਲ ਸਮਝੌਤਾ ਕਰਕੇ ਸ੍ਰੀ ਲੰਕਨ ਏਅਰਲਾਇਨਜ਼ ਨੂੰ 10 ਸਾਲ ਲਈ ਚਲਾਉਣ ਲਈ ਦੇ ਦਿੱਤਾ। ਏਮੀਰੇਟਸ ਨੇ 40 ਪ੍ਰਤੀਸ਼ਤ ਸ਼ੇਅਰ ਜੋ ਕਿ ਬਾਦ ਵਿਚ 43.6 ਪ੍ਰਤੀਸ਼ਤ ਕਰ ਦਿੱਤੇ ਗਏ ਖਰੀਦੇ। 2008 ਵਿਚ ਇਹ ਮੁੜ ਸ੍ਰੀ ਲੰਕਾ ਸਰਕਾਰ ਦੇ ਅਧੀਨ ਆ ਗਈ। ਹੁਣ ਇਹ ਏਅਰ ਲਾਇਨ ਬਹੁਤ ਵਧੀਆ ਚੱਲ ਰਹੀ ਹੈ।

ਸ੍ਰੀ ਲੰਕਾ ਸਰਕਾਰ ਨੇ ਸ਼ੇਅਰ ਵੀ ਮੁੜ ਵਾਪਸ ਖਰੀਦ ਲਏ ਹਨ। ਭਾਰਤ ਸਰਕਾਰ ਵੀ ਇਸੇ ਤਰ੍ਹਾਂ 10 ਸਾਲ ਏਅਰ ਇੰਡੀਆ ਕਿਸੇ ਹੋਰ ਏਅਰ ਲਾਇਨ ਨੂੰ ਦੇ ਕੇ ਇਸ ਦੇ ਸੰਕਟ ਵਿਚੋਂ ਨਿਕਲ ਸਕਦੀ ਹੈ।

ਇਸ ਲਈ ਜੇ ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ। ਇਸ ਲਈ ਹੜਤਾਲੀ ਪਾਇਲਟਾਂ ਨਾਲ ਗੱਲਬਾਤ ਕਰਕੇ ਜਿਵੇਂ ਕਿ ਉਪਰ ਵਰਨਣ ਕੀਤਾ ਗਿਆ ਹੈ ਇਸ ਦਾ ਸਥਾਈ ਹੱਲ ਲੱਭਣਾ ਚਾਹੀਦਾ ਹੈ।

*30 ਜੂਨ 2012*



Academy of the Punjab in North America: http://www.apnaorg.com

# ਬੁਢਾਪਾ ਪੈਨਸ਼ਨ ਲੋੜਾਂ ਮੁਤਾਬਕ ਕਿਉਂ ਨਹੀਂ ?

ਸੰਸਾਰ ਵਿਚ ਸਮਾਜਕ ਸੁਰੱਖਿਆ ਅਧੀਨ ਬੁਢਾਪਾ ਪੈਨਸ਼ਨ ਦੀ ਸ਼ੁਰੂਆਤ ਜਰਮਨ ਚਾਂਸਲਰ ਓਟੋ ਨੇ 1880 ਵਿਚ ਸ਼ੁਰੂ ਕੀਤੀ। ਬੁਢਾਪੇ ਦੀ ਉਮਰ ਵੱਖ-ਵੱਖ ਮੁਲਕਾਂ ਵਿਚ ਵੱਖ-ਵੱਖ ਹੈ। ਅਮਰੀਕਾ ਵਿਚ 65 ਸਾਲ ਹੈ। ਇੰਗਲੈਂਡ ਵਿਚ ਪੁਰਸ਼ਾਂ ਲਈ 65 ਸਾਲ ਤੇ ਔਰਤਾਂ ਲਈ 60 ਸਾਲ । ਸੰਯੁਕਤ ਰਾਸ਼ਟਰ ਨੇ ਇਹ ਉਮਰ 60 ਸਾਲ ਨਿਰਧਾਰਿਤ ਕੀਤੀ ਹੈ ਪਰ ਵਿਸ਼ਵ ਸਿਹਤ ਸੰਸਥਾ ਨੇ ਅਫਰੀਕਾ ਵਿਚ ਇਸ ਦੀ ਸ਼ੁਰੂਆਤ 50 ਸਾਲ ਰੱਖੀ ਹੈ। ਬਹੁਤੇ ਪੱਛਮੀ ਵਿਕਸਿਤ ਦੇਸ਼ਾਂ ਨੇ ਇਹ ਉਮਰ 60 ਤੋਂ 65 ਸਾਲ ਵਿਚਕਾਰ ਰੱਖੀ ਹੈ।

ਜਿੱਥੋਂ ਤੀਕ ਬੁਢਾਪਾ ਪੈਨਸ਼ਨ ਦੀ ਸ਼ੁਰੂਆਤ ਹੈ, ਇਸ ਦਾ ਮੁੱਖ ਕਾਰਨ ਬਜ਼ੁਰਗਾਂ ਵੱਲੋਂ ਕੰਮ ਕਰਨ ਦੀ ਸਮਰਥਾ ਨਾ ਹੋਣ ਕਰਕੇ ਮੰਗਣਾ ਸੀ। ਮੰਗਣ ਤੋਂ ਰੋਕਣ ਲਈ ਬੁਢਾਪਾ ਪੈਨਸ਼ਨ ਸ਼ੁਰੂ ਕੀਤੀ ਗਈ। ਇਸ ਸੰਬੰਧੀ ਜਨਵਰੀ 1909 ਵਿਚ ਇੰਗਲੈਂਡ ਵਿਚ ਕਾਨੂੰਨ ਪਾਸ ਕੀਤਾ ਗਿਆ। ਵਿਆਹੇ ਜੋੜੇ ਲਈ 7 ਸ਼ਲਿੰਗ ਤੇ 6 ਪੈਨਸ ਤੇ ਇਕਲੌਤੇ ਵਿਅਕਤੀ ਨੂੰ 5 ਸ਼ਲਿੰਗ ਹਫ਼ਤੇ ਦੇ ਮਿਲਦੇ ਸਨ। ਇਹ ਪੈਨਸ਼ਨ ਉਨ੍ਹਾਂ ਨੂੰ ਮਿਲਦੀ ਸੀ ਜਿਨ੍ਹਾਂ ਦੀ ਸਾਲਾਨਾ ਆਮਦਨ 31 ਪੌਂਡ 10 ਸ਼ਲਿੰਗ ਸਾਲਾਨਾ ਤੋਂ ਘੱਟ ਹੁੰਦੀ ਸੀ। ਕਈ ਸ਼ਰਤਾਂ ਸਨ ਜਿਵੇਂ ਉਨ੍ਹਾਂ ਦਾ ਕਿਰਦਾਰ ਚੰਗਾ ਹੋਣਾ ਚਾਹੀਦਾ ਹੈ। ਉਹ ਇੰਗਲੈਂਡ ਦੇ 20 ਸਾਲ ਤੋਂ ਵੱਧ ਦੇ ਵਸਨੀਕ ਹੋਣ। ਜਿਨ੍ਹਾਂ ਨੇ ਸਾਰੀ ਉਮਰ ਕੰਮ ਨਾ ਕੀਤਾ ਹੋਵੇ, ਉਨ੍ਹਾਂ ਨੂੰ ਵੀ ਇਹ ਪੈਨਸ਼ਨ ਨਹੀਂ ਸੀ ਮਿਲਦੀ। ਉਮਰ 70 ਸਾਲ ਦੀ ਹੋਣੀ ਚਾਹੀਦੀ ਹੈ। ਸ਼ੁਰੂ ਵਿਚ ਇਹ ਪੈਨਸ਼ਨ ਲੈਣ ਵਾਲੀਆਂ ਬਹੁਤੀਆਂ ਔਰਤਾਂ ਸਨ।

ਉਦਯੋਗਕ ਕਰਾਂਤੀ ਨੇ ਬਹੁਤ ਤਬਦੀਲੀਆਂ ਲਿਆਂਦੀਆਂ। ਖੇਤੀਬਾੜੀ ਪ੍ਰਧਾਨ ਸਮਾਜ ਵਿਚ ਪਰਿਵਾਰ ਇਕੱਠੇ ਰਹਿੰਦੇ ਸਨ। ਉਹ ਇਕ ਦੂਜੇ ਉਪਰ ਨਿਰਭਰ ਕਰਦੇ ਸਨ। ਉਦਯੋਗਕ ਕਰਾਂਤੀ ਨੇ ਕਾਮਿਆਂ ਤੋਂ ਬਹੁਤ ਜ਼ਿਆਦਾ ਕੰਮ ਲਿਆ ਤੇ ਉਨ੍ਹਾਂ ਨੇ ਸੰਗਠਿਤ ਹੋ ਕੇ ਯੂਨੀਅਨਾਂ ਬਣਾ ਲਈਆਂ। ਯੂਨੀਅਨਾਂ ਕਰਕੇ ਉਨ੍ਹਾਂ ਨੂੰ ਸੇਵਾ ਮੁਕਤੀ ਸਮੇਂ ਪੈਨਸ਼ਨ ਮਿਲਣ ਲੱਗੀ। 1890 ਵਿਚ ਟ੍ਰੇਡ ਯੂਨੀਅਨਾਂ ਨੇ ਬਜ਼ੁਰਗਾਂ ਲਈ ਵੱਖਰੇ ਘਰ ਬਣਵਾ ਲਏ। 1929 ਵਿਚ 80% ਕਾਮਿਆਂ ਨੂੰ ਕੰਮ ਕਰਕੇ ਪੈਨਸ਼ਨ ਮਿਲਣ ਲੱਗੀ। ਜਿਹੜੇ ਰਹਿ ਗਏ ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਮਿਲਣ ਲਗੀ।

ਭਾਰਤ ਵਿਚ ਇਸ ਦੇ ਐਨ ਉਲਟ ਹੋ ਰਿਹਾ ਹੈ। ਇੱਥੇ ਨੌਕਰੀ ਕਰਕੇ ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਜਿਹੜੇ ਬਾਕੀ ਬਜ਼ੁਰਗ ਹਨ



Academy of the Punjab in North America: http://www.apnaorg.com

ਉਨ੍ਹਾਂ ਵਿਚੋਂ ਵੀ 20% ਨੂੰ ਹੀ ਬੁਢਾਪਾ ਪੈਨਸ਼ਨ ਮਿਲ ਰਹੀ ਹੈ। ਭਾਵ ਕਿ ਪੰਜਾਂ ਵਿਚੋਂ ਇਕ ਨੂੰ ਪੈਨਸ਼ਨ ਮਿਲਦੀ ਹੈ। 2011 ਦੀ ਜਨ ਗਣਨਾ ਅਨੁਸਾਰ 60 ਸਾਲ ਤੋਂ ਵੱਧ ਉਮਰ ਵਾਲਿਆਂ ਦੀ ਗਿਣਤੀ 10 ਕਰੋੜ ਸੀ। ਇਸ ਪੱਖੋਂ ਭਾਰਤ ਦੁਨੀਆਂ ਭਰ 'ਚੋਂ ਦੂਜੇ ਸਥਾਨ 'ਤੇ ਹੈ। ਭਾਰਤ ਵਿਚ 93% ਲੋਕ ਗੈਰ-ਸੰਗਠਤ ਖੇਤਰ ਵਿਚ ਕੰਮ ਕਰਦੇ ਹਨ, ਜਿਨ੍ਹਾਂ ਦੀ ਨਾ ਤਾਂ ਸੇਵਾ ਮੁਕਤੀ ਦੀ ਉਮਰ ਹੈ ਤੇ ਨਾ ਹੀ ਉਨ੍ਹਾਂ ਨੂੰ ਪੈਨਸ਼ਨ ਦਾ ਲਾਭ ਮਿਲਦਾ ਹੈ ਜਿਵੇਂ ਕਿ ਸਰਕਾਰੀ ਕਰਮਚਾਰੀਆਂ ਨੂੰ ਸੇਵਾ ਮੁਕਤੀ ਤੋਂ ਬਾਅਦ ਮਿਲਦਾ ਹੈ। ਇਸ ਲਈ ਉਹ ਆਪਣੇ ਗੁਜ਼ਾਰੇ ਲਈ ਬੁਢੇ ਹੋਣ ਦੇ ਬਾਵਜੂਦ ਵੀ ਕੋਈ ਨਾ ਕੋਈ ਕੰਮ ਜ਼ਰੂਰ ਕਰਦੇ ਹਨ। 2007-08 ਦੇ ਨੈਸ਼ਨਲ ਸੈਂਪਲ ਸਰਵੇ ਅਨੁਸਾਰ 65-74 ਉਮਰ ਦੇ 56% ਅਤੇ 75 ਸਾਲ ਤੋਂ ਉਪਰ ਉਮਰ ਦੇ 21% ਮਰਦ ਜਿਹੜੇ ਪ੍ਰਾਇਮਰੀ ਜਾਂ ਇਸ ਤੋਂ ਘੱਟ ਪੜ੍ਹੇ ਸਨ, ਕੰਮ ਕਰਦੇ ਸਨ। ਬਹੁਤੇ ਬਜ਼ੁਰਗਾਂ ਦਾ ਗੁਜ਼ਾਰਾ ਸਾਂਝੇ ਪਰਿਵਾਰ ਕਰਦੇ ਹਨ, ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਪਾਲਣਾ-ਪੋਸਣਾ ਕਰਦੇ ਹਨ।

ਬਜ਼ੁਰਗਾਂ ਨੂੰ ਮਿਲਦੀ ਬੁਢਾਪੇ ਦੀ ਪੈਨਸ਼ਨ ਉਪਰ ਜੇ ਝਾਤੀ ਮਾਰੀ ਜਾਵੇ ਤਾਂ ਭਾਰਤੀ ਸੰਵਿਧਾਨ ਦੀ ਧਾਰਾ 41 ਰਾਜ ਸਰਕਾਰਾਂ ਨੂੰ ਹਦਾਇਤ ਦੇਂਦੀ ਹੈ ਕਿ ਉਹ ਆਪਣੇ ਸਾਧਨਾਂ ਅਤੇ ਵਿਕਾਸ ਅਨੁਸਾਰ ਬੇ-ਰੁਜ਼ਗਾਰਾਂ, ਬਜ਼ੁਰਗਾਂ, ਅੰਗਹੀਣਾਂ, ਬੀਮਾਰਾਂ ਤੇ ਹੋਰ ਲੋੜਵੰਦਾਂ ਦੀ ਸਹਾਇਤਾ ਕਰੇ।

ਪੰਜਾਬ ਸਰਕਾਰ ਨੇ ਬਜ਼ੁਰਗਾਂ ਅਤੇ ਅੰਗਹੀਣਾਂ ਲਈ ਸਮਾਜਿਕ ਸੁਰੱਖਿਆ ਸਕੀਮ 1964 ਵਿਚ ਸ਼ੁਰੂ ਕੀਤੀ ਸੀ। ਇਸ ਸਮੇਂ ਕਈ ਸ਼ਰਤਾਂ ਅਧੀਨ 250 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਦਿੱਤੀ ਜਾਂਦੀ ਹੈ। ਇਸ ਲਈ ਔਰਤ ਦੀ ਘੱਟੋ ਘੱਟ ਉਮਰ 60 ਸਾਲ ਤੇ ਪੁਰਸ਼ ਲਈ 65 ਸਾਲ ਹੈ। 1995 ਤੋਂ ਪਹਿਲਾਂ ਇਹ ਰਕਮ 150 ਰੁਪਏ ਅਤੇ 2006 ਤੋਂ ਪਹਿਲਾਂ 200 ਰੁਪਏ ਹੁੰਦੀ ਸੀ।

ਇਹ ਮਾਮੂਲੀ ਪੈਨਸ਼ਨ ਜੋ ਕਿ 8 ਰੁਪਏ ਰੋਜ਼ਾਨਾ ਦੇ ਕਰੀਬ ਬਣਦੀ ਹੈ, ਬਜ਼ੁਰਗਾਂ ਨਾਲ ਕੋਝਾ ਮਜ਼ਾਕ ਹੈ। ਇਸ ਨਾਲ ਤਾਂ ਇਕ ਸੇਬ ਨਹੀਂ ਆਉਂਦਾ। ਵੇਰਕੇ ਦਾ ਸਪਰੇਟਾ ਦੁੱਧ ਵੀ 34 ਰੁਪਏ ਕਿਲੋ ਹੈ ਤੇ ਸਬਜ਼ੀਆਂ, ਦਾਲਾਂ ਤੇ ਹੋਰ ਜ਼ਰੂਰੀ ਵਸਤੂਆਂ ਦੇ ਭਾਅ ਅਸਮਾਨੀ ਚੜ੍ਹੇ ਹੋਏ ਹਨ। ਬਜ਼ੁਰਗ ਸਟੀਲ ਦੇ ਤਾਂ ਬਣੇ ਨਹੀਂ ਕਿ ਉਨ੍ਹਾਂ ਨੇ ਬੀਮਾਰ ਨਹੀਂ ਹੋਣਾ। ਸਗੋਂ ਬੁਢਾਪੇ ਵਿਚ ਬੀਮਾਰੀਆਂ ਆ ਘੇਰਦੀਆਂ ਹਨ, ਇਨ੍ਹਾਂ ਬੀਮਾਰੀਆਂ ਲਈ ਪੈਸੇ ਕਿੱਥੋਂ ਆਉਣਗੇ ? ਡਿੱਗ ਕੇ ਚੂਲ੍ਹਾ ਟੁੱਟਣ ਤੇ ਹੋਰ ਸੱਟ-ਪੇਟ ਲਵਾਉਣ ਜਾਂ ਗੋਡੇ ਕੰਮ ਨਾ ਕਰਨ ਕਰਕੇ ਬਦਲਾਉਣ ਵਰਗੀਆਂ ਘਟਨਾਵਾਂ ਅਕਸਰ ਵਾਪਰਦੀਆਂ ਹਨ, ਜਿਨ੍ਹਾਂ ਲਈ ਮੋਟੀਆਂ ਰਕਮਾਂ ਚਾਹੀਦੀਆਂ ਹਨ।

ਰੋਜ਼ਾਨਾ 8 ਰੁਪਏ ਦੇਣ ਲਈ ਪੰਜਾਬ ਸਰਕਾਰ ਨੇ ਜਿਹੜੀਆਂ ਸ਼ਰਤਾਂ ਲਾਈਆਂ ਹਨ ਉਹ ਬੜੀਆਂ ਅਜੀਬ ਹਨ। ਜੇ ਸੰਬੰਧਤ ਬਜ਼ੁਰਗ ਦਾ ਕੋਈ ਬੱਚਾ ਸੇਲ ਟੈਕਸ ਦੇਂਦਾ ਹੈ ਜਾਂ ਗਜਟਿਡ ਅਫ਼ਸਰ ਹੈ, ਡਾਕਟਰ ਹੈ, ਵਕੀਲ ਹੈ, ਚਾਰਟਰਡ ਅਕਾਊਂਟੈਂਟ ਹੈ, ਇੰਜੀਨੀਅਰ ਹੈ, ਖੇਤੀਬਾੜੀ ਕਰਦਾ ਹੈ, ਇਨਕਮ ਟੈਕਸ ਦੇਂਦਾ ਹੈ ਜਾਂ ਉਸ ਦੀ 4000 ਮਹੀਨਾ ਆਮਦਨ ਹੈ ਤਾਂ ਉਸ ਨੂੰ ਬੁਢਾਪਾ ਪੈਨਸ਼ਨ ਨਹੀਂ ਮਿਲੇਗੀ। ਇਸ ਦਾ ਭਾਵ ਕਿ ਉਹ ਆਪਣੇ ਬੱਚਿਆਂ ਦੇ ਰਹਿਮੋ-ਕਰਮ 'ਤੇ ਹੋਵੇਗਾ।



Academy of the Punjab in North America: http://www.apnaorg.com

1995 ਵਿਚ ਕੇਂਦਰ ਨੇ ਵੀ ਅਜਿਹੀ ਸਕੀਮ ਚਲਾਈ ਸੀ, ਜਿਸ ਨੂੰ ਬਾਅਦ ਵਿਚ ਇੰਦਰਾ ਗਾਂਧੀ ਨੈਸ਼ਨਲ ਓਲਡ ਏਜ਼ ਪੈਨਸ਼ਨ ਸਕੀਮ ਦਾ ਨਾਂ ਦੇ ਦਿੱਤਾ ਗਿਆ। ਇਸ ਅਨੁਸਾਰ 60 ਸਾਲ ਦੀ ਉਮਰ ਵਾਲਿਆਂ ਨੂੰ 200 ਰੁਪਏ ਮਹੀਨਾ ਤੇ 80 ਸਾਲ ਤੋਂ ਵੱਧ ਵਾਲਿਆਂ ਨੂੰ 500 ਰੁਪਏ ਮਹੀਨਾ ਮਿਲਦੇ ਹਨ। ਬਜ਼ੁਰਗ ਸਾਡੇ ਸਤਿਕਾਰ ਦੇ ਪਾਤਰ ਹਨ, ਸਾਡਾ ਗੌਰਵ ਹਨ, ਇਸ ਲਈ ਉਨ੍ਹਾਂ ਦੀ ਪੈਨਸ਼ਨ ਏਨੀ ਕੁ ਹੋਣੀ ਚਾਹੀਦੀ ਹੈ, ਜਿਸ ਨਾਲ ਉਹ ਬੱਚਿਆਂ ਤੋਂ ਵੱਖਰੇ ਹੋ ਕੇ ਗੁਜ਼ਾਰਾ ਕਰ ਸਕਣ। ਪੱਛਮੀ ਦੇਸ਼ਾਂ ਵਾਂਗ ਹੁਣ ਭਾਰਤ ਵਿਚ ਵੀ ਮਾਪੇ ਬੱਚਿਆਂ ਤੋਂ ਅੱਡ ਰਹਿਣ ਲੱਗੇ ਹਨ।

ਕੋਲੰਬੀਆ ਯੂਨੀਵਰਸਿਟੀ ਦੇ ਵਿਦਵਾਨ ਨੀਰਜ ਕੌਸ਼ਲ ਅਨੁਸਾਰ ਬੁਢਾਪਾ ਪੈਨਸ਼ਨ ਨਾਲ ਪਰਿਵਾਰ ਉਪਰ ਬੋਝ ਘਟਦਾ ਹੈ ਤੇ ਪਰਿਵਾਰ ਤਰੱਕੀ ਕਰਦੇ ਹਨ। ਵਿਕਸਤ ਦੇਸ਼ ਹੁਣ ਬਜ਼ੁਰਗਾਂ ਲਈ ਸਿਹਤ ਬੀਮੇ ਕਰਾਉਣ ਲੱਗੇ ਹਨ ਅਤੇ ਸਮਾਜਕ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦੇਣ ਲੱਗੇ ਹਨ।

ਭਾਰਤ ਵਿਚ ਬਜ਼ੁਰਗਾਂ ਲਈ ਲੋੜੀਂਦੀ ਪੈਨਸ਼ਨ ਦੇ ਹੱਕ ਨੂੰ ਮੰਨਵਾਉਣ ਲਈ ਪੈਨਸ਼ਨ ਪ੍ਰੀਸ਼ਦ ਸੰਘਰਸ਼ ਕਰ ਰਹੀ ਹੈ। ਉਸ ਦੀ ਮੰਗ ਹੈ ਕਿ ਬੁਢਾਪਾ ਪੈਨਸ਼ਨ ਘੱਟੋ ਘੱਟ ਉਜਰਤ ਦਾ 50% ਜਾਂ 2000 ਰੁਪਏ ਮਹੀਨਾ ਜੋ ਵੀ ਵੱਧ ਹੋਵੇ ਉਹ ਹੋਵੇ। ਇਹ ਪੈਨਸ਼ਨ ਹਰ ਵਿਅਕਤੀ ਨੂੰ ਬਿਨਾਂ ਕਿਸੇ ਸ਼ਰਤ ਤੋਂ ਮਿਲੇ। ਔਰਤਾਂ ਲਈ ਇਸ ਦੀ ਉਮਰ 50 ਸਾਲ ਤੇ ਪੁਰਸ਼ਾਂ ਲਈ 55 ਸਾਲ ਹੋਵੇ। ਕਿਸੇ ਨੂੰ ਜਬਰੀ ਸੇਵਾ ਮੁਕਤ ਨਾ ਕੀਤਾ ਜਾਵੇ ਭਾਵ ਜਿੰਨੀ ਦੇਰ ਕੋਈ ਕੰਮ ਕਰਨਾ ਚਾਹੇ ਉਹ ਕਰੇ। ਬੀ.ਪੀ.ਐਲ/ਏ.ਪੀ.ਐਲ. ਦੀ ਸ਼ਰਤ ਖਤਮ ਹੋਵੇ। ਇਸ ਦੀ ਦੁਹਰਾਈ ਹਰ ਦੋ ਜਾਂ ਤਿੰਨ ਸਾਲ ਬਾਦ ਹੋਵੇ।

ਕੌਮੀ ਸਲਾਹਕਾਰ ਕੌਂਸਲ ਦੀ ਸਾਬਕਾ ਮੈਂਬਰ ਤੇ ਪੈਨਸ਼ਨ ਪ੍ਰੀਸ਼ਦ ਦੀ ਆਗੂ ਸ੍ਰੀਮਤੀ ਅਰੁਣਾ ਰਾਏ ਅਨੁਸਾਰ ਇਸ ਨੀਤੀ ਅਧੀਨ ਹਰ ਸਾਲ 2 ਲੱਖ ਕਰੋੜ ਰੁਪਏ ਚਾਹੀਦੇ ਤੇ ਇਸ ਅਧੀਨ 8 ਕਰੋੜ ਤੋਂ ਵਧ ਵਿਅਕਤੀ ਆਉਣਗੇ। ਏਨੇ ਪੈਸੇ ਕਿੱਥੋਂ ਆਉਣਗੇ ? ਇਸ ਦੇ ਉਤਰ ਵਿਚ ਉਸ ਦਾ ਕਹਿਣਾ ਹੈ ਕਿ ਇਸ ਲਈ ਟੈਕਸਾਂ ਦਾ ਘੇਰਾ ਵਧਾਇਆ ਜਾ ਸਕਦਾ ਹੈ ਜਾਂ ਉਦਯੋਗ ਉਪਰ ਸੈੱਸ ਲਾਇਆ ਜਾ ਸਕਦਾ ਹੈ।

ਖੈਰ ਇਨ੍ਹਾਂ ਸਾਰੇ ਮੁਦਿਆਂ ਉਪਰ ਕੌਮੀ ਬਹਿਸ ਹੋਣੀ ਚਾਹੀਦੀ ਹੈ। ਅਕਾਲੀ ਦਲ ਨੇ 2012 ਦੀਆਂ ਚੋਣਾਂ ਵਿਚ ਬੁਢਾਪਾ ਪੈਨਸ਼ਨ ਦੁਗਣੀ ਭਾਵ 500 ਰੁਪਏ ਮਹੀਨਾ ਕਰਨ ਦਾ ਵਾਅਦਾ ਕੀਤਾ ਸੀ। ਪੰਜਾਬ ਦੇ ਮੰਤਰੀ ਤੇ ਵਿਧਾਇਕਾਂ ਨੇ ਆਪਣੀਆਂ ਤਨਖਾਹਾਂ ਤੇ ਭਤੇ ਦੁਗਣੇ ਕਰ ਲਏ ਹਨ ਪਰ ਬੁਢਾਪਾ ਪੈਨਸ਼ਨ ਤੇ ਇਨ੍ਹਾਂ ਦੀ ਅਜੇ ਸਵੱਲੀ ਨਜ਼ਰ ਨਹੀਂ ਪਈ। ਇਹ ਪੈਨਸ਼ਨ ਏਨੀ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਨਾਲ ਦੋਵਾਂ ਜੀਆਂ ਦਾ ਗੁਜ਼ਾਰਾ ਆਸਾਨੀ ਨਾਲ ਹੋ ਸਕੇ। ਮੋਦੀ ਸਰਕਾਰ ਅੱਛੇ ਦਿਨ ਲਿਆਉਣ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਸੀ, ਸਿਆਸਤਦਾਨਾਂ ਦੇ ਤਾਂ ਅੱਛੇ ਦਿਨ ਆ ਗਏ ਬੁਢਾਪਾ ਪੈਨਸ਼ਨ ਦੇ ਅੱਛੇ ਦਿਨ ਕਦੋਂ ਆਉਣਗੇ ? ਇਹ ਤਾਂ ਸਮਾਂ ਹੀ ਦੱਸੇਗਾ।

*25 ਸਤੰਬਰ 2015*



Academy of the Punjab in North America: http://www.apnaorg.com

# ਵਿਦੇਸ਼ੀਆਂ ਦੀ ਭਾਰਤੀ ਖੁਰਾਕੀ ਚੀਜ਼ਾਂ ਪ੍ਰਤੀ ਪਹੁੰਚ

ਭਾਰਤ ਦੀ ਧਰਤੀ ਨੂੰ ਕੁਦਰਤ ਦੀ ਵਿਸ਼ੇਸ਼ ਦੇਣ ਹੈ। ਮੁੱਢ ਕਦੀਮ ਤੋਂ ਇੱਥੋਂ ਦੇ ਗਰਮ ਮਸਾਲਿਆਂ ਦੀਆਂ ਧੁੰਮਾਂ ਯੂਰਪ ਤੀਕ ਪਈਆਂ ਸਨ ਤੇ ਉਹ ਸੱਤ ਸਮੁੰਦਰੋਂ ਪਾਰ ਭਾਰਤ ਆਏ ਤੇ ਇੱਥੇ ਕਬਜ਼ਾ ਕਰਕੇ ਬੈਠ ਗਏ। ਇੱਥੋਂ ਦੇ ਹਰੇ ਭਰੇ ਵਾਤਾਵਰਨ ਨੇ ਯੂਰਪੀਆਂ ਤੋਂ ਪਹਿਲਾਂ ਅਰਬਾਂ ਤੇ ਅਫ਼ਗਾਨੀਆਂ ਨੂੰ ਆਪਣੇ ਵੱਲ ਖਿਚਿਆ। ਪਹਿਲਾਂ ਤੇ ਉਹ ਵਪਾਰੀ ਬਣ ਕੇ ਆਉਂਦੇ ਰਹੇ, ਫਿਰ ਉਹ ਇਸ ਧਰਤੀ ਦੇ ਬਣ ਕੇ ਰਹਿ ਗਏ।

ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਜਿਸ ਸਮੇਂ ਮੋਦੀ ਸਰਕਾਰ 'ਮੇਕ ਇਨ ਇੰਡੀਆ' ਦਾ ਹੋਕਾ ਦੇ ਰਹੀ ਹੈ, ਉਸ ਸਮੇਂ ਸਾਡੀਆਂ ਵਸਤੂਆਂ ਉਪਰ ਵਿਦੇਸ਼ੀਆਂ ਵੱਲੋਂ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਕੀੜੇ ਮਾਰ ਦਵਾਈਆਂ ਦੀ ਅੰਨ੍ਹੇ-ਵਾਹ ਵਰਤੋਂ ਨੇ ਸਾਡੀ ਸੋਨਾ ਉਗਲਣ ਵਾਲੀ ਧਰਤੀ ਨੂੰ ਜ਼ਹਿਰ ਨਾਲ ਪਲੀਤ ਕਰ ਦਿੱਤਾ ਹੈ।

ਪਿਛਲੇ ਸਾਲ ਮਈ 2014 ਵਿਚ ਸਾਊਦੀ ਅਰਬ ਨੇ ਭਾਰਤੀ ਮਿਰਚਾਂ ਦੇ ਦਰਾਮਦ ਉਪਰ ਪਾਬੰਦੀ ਲਾ ਦਿੱਤੀ ਹੈ ਕਿਉਂਕਿ ਉਨ੍ਹਾਂ ਨੇ ਜਿਨ੍ਹਾਂ ਨਮੂਨਿਆਂ ਦੀ ਪਰਖ ਕੀਤੀ, ਉਨ੍ਹਾਂ ਵਿਚ ਨਿਰਧਾਰਿਤ ਮਾਤਰਾ ਤੋਂ ਵੱਧ ਕੀੜੇ ਮਾਰ ਦਵਾਈ ਦੀ ਮਾਤਰਾ ਪਾਈ ਗਈ। ਭਾਰਤੀ ਬੋਰਡ ਜਿਹੜਾ ਮਸਾਲਿਆਂ ਨਾਲ ਸੰਬੰਧਿਤ ਹੈ, ਦਾ ਕਹਿਣਾ ਹੈ ਕਿ ਮਿਰਚਾਂ ਦੀ ਬਰਾਮਦ ਤੋਂ ਭਾਰਤ ਨੂੰ ਮੋਟੀ ਕਮਾਈ ਹੁੰਦੀ ਹੈ। ਭਾਰਤ ਨੇ ਅਪ੍ਰੈਲ 2013 ਤੋਂ ਨਵੰਬਰ 2013 ਤੀਕ 181500 ਟਨ ਬਰਾਮਦ ਕਰਕੇ 30 ਲੱਖ ਡਾਲਰ ਕਮਾਏ।

ਫਲਾਂ ਦੇ ਬਾਦਸ਼ਾਹ ਅੰਬ ਦੀ ਦੁਨੀਆਂ ਵਿਚ ਬਹੁਤ ਮੰਗ ਹੈ ਕਿਉਂਕਿ ਅੰਬ ਬਹੁਤ ਸਾਰੇ ਮੁਲਕਾਂ ਵਿਚ ਨਹੀਂ ਮਿਲਦਾ। ਦੁਨੀਆਂ ਦਾ 50% ਅੰਬ ਭਾਰਤ ਵਿਚ ਪੈਦਾ ਹੁੰਦਾ ਹੈ। ਭਾਰਤ ਦਾ ਅਲਫਾਂਸੋ ਤੇ ਕੇਸਰੀ ਅੰਬ ਜੂਨ ਤੋਂ ਅਗਸਤ ਤੀਕ ਬਹੁਤ ਵਿਕਦਾ ਹੈ। ਪਿਛਲੇ ਸਾਲ 1 ਮਈ ਨੂੰ ਯੂਰਪੀ ਸੰਘ ਦੇ 28 ਦੇਸ਼ਾਂ ਨੇ ਅੰਬਾਂ ਤੋਂ ਇਲਾਵਾ ਕਰੇਲਿਆਂ, ਬਤਾਊਆਂ, ਅਰਬੀ ਅਤੇ ਤੋਰੀਆਂ ਦੀ ਦਰਾਮਦ ਉਪਰ 31 ਦਸੰਬਰ 2015 ਤੀਕ ਇਸ ਲਈ ਪਾਬੰਦੀ ਲਾ ਦਿੱਤੀ ਕਿਉਂਕਿ ਜਿਨ੍ਹਾਂ ਬਕਸਿਆਂ ਵਿਚ ਇਹ ਫ਼ਲ, ਸਬਜ਼ੀਆਂ ਭੇਜੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਉੱਲੀ, ਸੁਸਰੀ, ਮੱਛਰ ਤੇ ਹੋਰ ਮੱਖੀਆਂ ਵਗੈਰਾ ਮਿਲੀਆ ਜਿਨ੍ਹਾਂ ਨਾਲ ਇਹ ਇਨ੍ਹਾਂ ਮੁਲਕਾਂ ਵਿਚ ਟਮਾਟਰ, ਖੀਰੇ ਤੇ ਹੋਰ ਸਬਜ਼ੀਆਂ ਲਈ ਤਬਾਹਕੁਨ ਸਾਬਤ ਹੋ ਸਕਦੀਆਂ ਹਨ। ਯੂਰਪੀ ਸੰਘ ਵੱਲੋਂ 2010 ਤੋਂ ਲਗਾਤਾਰ ਚਿਤਾਵਨੀ ਦਿੱਤੀ ਜਾਂਦੀ ਰਹੀ ਹੈ, ਪਰ ਭਾਰਤੀ ਵਪਾਰੀ ਇਨ੍ਹਾਂ ਸਾਵਧਾਨੀਆਂ ਦਾ ਧਿਆਨ ਨਹੀਂ ਰੱਖਦੇ। ਯੂਰਪੀ ਸੰਘ ਤੋਂ ਇਲਾਵਾ ਇਹ ਅੰਬ ਅਮਰੀਕਾ, ਰੂਸ, ਥਾਈਲੈਂਡ, ਮਲੇਸ਼ੀਆ ਆਦਿ ਮੁਲਕਾਂ ਨੂੰ ਵੀ ਜਾਂਦੇ ਹਨ।



Academy of the Punjab in North America: http://www.apnaorg.com

ਅਮਰੀਕਾ ਹਰ ਸਾਲ ਮੈਕਸੀਕੋ, ਕੇਂਦਰੀ ਅਮਰੀਕੀ ਦੇਸ਼ ਤੋਂ ਹਰ ਸਾਲ 250,000 ਟਨ ਅੰਬ ਮੰਗਵਾਉਂਦਾ ਹੈ। ਅਮਰੀਕਾ ਵਿਚ ਭਾਰਤ ਦੇ ਅਲਫਾਂਸੋ ਤੇ ਕੇਸਰ ਦੀਆਂ ਕਿਸਮਾਂ ਦੀ ਬਹੁਤ ਮੰਗ ਹੈ। ਇਨ੍ਹਾਂ ਵਿਚ ਕੀੜੇ ਮਾਰ ਦਵਾਈਆਂ ਹੋਣ ਕਰਕੇ ਅਮਰੀਕਾ ਨੇ ਭਾਰਤੀ ਅੰਬਾਂ 'ਤੇ 1980 ਈ. ਵਿਚ ਪਾਬੰਦੀ ਲਾ ਦਿੱਤੀ ਸੀ, ਜੋ ਕਿ 18 ਸਾਲ ਪਿੱਛੋਂ ਜਦ ਡਾ. ਮਨਮੋਹਨ ਸਿੰਘ 1980 ਈ. ਵਿਚ ਅਮਰੀਕਾ ਆਏ ਤਾਂ ਉਸ ਸਮੇਂ ਦੇ ਰਾਸ਼ਟਰਪਤੀ ਬੁਸ਼ ਤੇ ਡਾ. ਮਨਮੋਹਨ ਸਿੰਘ ਵਿਚ ਦੁਵੱਲੇ ਵਪਾਰ ਸਮਝੌਤੇ ਅਧੀਨ ਇਹ ਪਾਬੰਦੀ ਹਟਾਈ ਗਈ।

ਯੂਰਪੀ ਯੂਨੀਅਨ ਨੇ ਅੰਬਾਂ 'ਤੇ ਲਾਈ ਪਾਬੰਦੀ ਇਸ ਸਾਲ ਜਨਵਰੀ ਵਿਚ ਇਹ ਪਾਬੰਦੀ ਹਟਾ ਦਿੱਤੀ ਹੈ ਜਦ ਕਿ ਸਬਜ਼ੀਆਂ 'ਤੇ ਪਾਬੰਦੀ ਅਜੇ ਕਾਇਮ ਹੈ। ਭਾਰਤ ਨੂੰ ਅੰਬਾਂ ਤੋਂ ਬਹੁਤ ਕਮਾਈ ਹੁੰਦੀ ਹੈ। ਇਕੱਲਾ ਇੰਗਲੈਂਡ ਹੀ 1 ਕਰੋੜ 60 ਲੱਖ ਦੇ ਕਰੀਬ ਅੰਬ ਦਰਾਮਦ ਕਰਦਾ ਹੈ, ਜਿਸ ਤੋਂ ਭਾਰਤ ਨੂੰ 60 ਲੱਖ ਪੌਂਡ ਕਮਾਈ ਹੁੰਦੀ ਹੈ। ਇਸ ਲਈ ਅੰਬਾਂ ਦੇ ਵਪਾਰੀਆਂ ਨੂੰ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਦੇ ਮਾਪ ਦੰਡਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਤਾਂ ਜੋ ਇਨ੍ਹਾਂ ਪਾਬੰਦੀਆਂ ਤੋਂ ਬਚਿਆ ਜਾ ਸਕੇ।

ਭਾਰਤ ਤੋਂ ਬਰਾਮਦ ਕੀਤੀਆਂ ਜਾਣ ਵਾਲੀਆਂ ਖਾਣ ਦੀਆਂ ਵਸਤੂਆਂ ਵਿਚ ਬਾਸਮਤੀ ਦਾ ਅਹਿਮ ਸਥਾਨ ਹੈ। ਹਰ ਸਾਲ ਕੋਈ 40 ਲੱਖ ਟਨ ਦੇ ਕਰੀਬ ਬਾਸਮਤੀ ਵਿਦੇਸ਼ਾਂ ਨੂੰ ਭੇਜੀ ਜਾਂਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ 2013-14 ਵਿਚ 37 ਲੱਖ ਟਨ ਬਾਸਮਤੀ ਬਰਾਮਦ ਕੀਤੀ ਗਈ, ਜਿਸ ਤੋਂ 30 ਹਜ਼ਾਰ ਕਰੋੜ ਰੁਪਏ ਆਮਦਨ ਹੋਈ। ਇਸ ਵਿਚੋਂ ਇਕਲੇ ਇਰਾਨ ਨੂੰ 14 ਲੱਖ ਟਨ ਬਾਸਮਤੀ ਭੇਜੀ ਗਈ।

ਜਿੱਥੋਂ ਤੀਕ ਅਮਰੀਕਾ ਦਾ ਸੰਬੰਧ ਹੈ, ਅਮਰੀਕਾ ਵਿਚ 2009 ਵਿਚ 55762 ਟਨ ਬਾਸਮਤੀ ਬਰਾਮਦ ਕੀਤੀ ਗਈ ਜੋ ਕਿ 2012-13 ਵਿਚ ਘੱਟ ਕੇ 561 ਟਨ ਹੋ ਗਈ। ਪਰ 2013-14 ਵਿਚ ਇਹ ਵੱਧ ਕੇ 870 ਟਨ ਹੋ ਗਈ। ਇਸ ਦਾ ਕਾਰਨ ਅਮਰੀਕਾ ਵੱਲੋਂ 100 ਪ੍ਰਤੀਸ਼ਤ ਚੈਕਿੰਗ ਕਰਨਾ ਹੈ। ਅਮਰੀਕਾ ਵਿਚ ਭਾਵੇਂ ਬਾਸਮਤੀ ਥੋੜ੍ਹੀ ਜਾਂਦੀ ਹੈ ਪਰ ਇਸ ਦੀ ਅਹਿਮੀਅਤ ਇਹ ਹੈ ਕਿ ਇਸ ਨਾਲ ਦੂਜੇ ਦੇਸ਼ਾਂ ਲਈ ਕੀਮਤ ਨਿਰਧਾਰਤ ਹੁੰਦੀ ਹੈ। ਭਾਰਤ ਨੇ ਅਮਰੀਕਾ ਵਿਚ ਬਾਸਮਤੀ ਬਰਾਮਦ ਕਰਕੇ 2011-12 ਵਿਚ 91816 ਕਰੋੜ ਰੁਪਏ 2012-13 ਵਿਚ 91546 ਕਰੋੜ ਰੁਪਏ ਅਤੇ 2013-14 ਵਿਚ 103377 ਕਰੋੜ ਕਮਾਏ। ਅਮਰੀਕਾ ਵਿਚ ਭਾਰਤ ਤੋਂ ਭੇਜੇ ਜਾਂਦੇ ਚੌਲ ਦੇ ਦਾਣੇ-ਦਾਣੇ ਦੀ ਪਰਖ ਹੁੰਦੀ ਹੈ ਕਿਉਂਕਿ ਅਮਰੀਕਾ ਨੇ ਮਈ 2011 ਵਿਚ ਵੇਖਿਆ ਕਿ ਭਾਰਤੀ ਬਾਸਮਤੀ ਵਿਚ 11 ਰਸਾਇਣਕ ਜੋ ਕਿ ਉੱਥੇ ਰਜਿਸਟਰਡ ਨਹੀਂ ਹਨ, ਉਹ ਪਾਏ ਤੇ ਸਾਰੇ ਦੇ ਸਾਰੇ ਚੌਲ ਭਾਰਤ ਨੂੰ ਵਾਪਸ ਕਰ ਦਿੱਤੇ। ਇਸ ਪਿੱਛੋਂ ਚੌਲ ਦੇ ਵਪਾਰੀਆਂ ਨੇ ਕੁਝ ਕਦਮ ਚੁੱਕੇ ਪਰ ਫਿਰ ਵੀ ਅਮਰੀਕਾ ਵੱਲੋਂ 90 ਪ੍ਰਤੀਸ਼ਤ ਚੌਲ ਭਾਰਤ ਨੂੰ ਵਾਪਸ ਭੇਜੇ ਜਾ ਰਹੇ ਹਨ ਕਿਉਂਕਿ ਇਨ੍ਹਾਂ ਵਿਚ ਅਜੇ ਵੀ ਉਨ੍ਹਾਂ ਵੱਲੋਂ ਨਿਰਧਾਰਿਤ ਪੈਮਾਨੇ ਤੋਂ ਵੱਧ ਕੀੜੇ ਮਾਰ ਦਵਾਈਆਂ ਹੁੰਦੀਆਂ ਹਨ। ਪਿਛਲੇ ਸਾਲ 20 ਦਸੰਬਰ ਨੂੰ ਅਮਰੀਕਾ ਨੇ ਕੀੜੇ ਮਾਰ ਦਵਾਈ ਟ੍ਰਾਈਸਾਈਕਲਾਜੋਲ ਜੋ ਕਿ ਭਾਰਤ ਵਿਚ ਆਮ ਵਰਤੀ ਜਾਂਦੀ ਹੈ, ਉਸ ਦੇ ਪੈਮਾਨੇ ਵਿਚ ਕੁਝ ਤਬਦੀਲੀ ਕੀਤੀ ਹੈ, ਜਿਸ ਨਾਲ



Academy of the Punjab in North America: http://www.apnaorg.com

ਇਸ ਸਾਲ ਅਮਰੀਕਾ ਨੂੰ ਚੌਲਾਂ ਦੀ ਬਰਾਮਦ ਵੱਧਣ ਦੀ ਆਸ ਹੈ। ਅਮਰੀਕਾ ਵੱਲੋਂ ਖ਼ਰੀਦ ਨਾ ਕਰਨ ਦਾ ਪ੍ਰਭਾਵ ਸਾਰੀ ਦੁਨੀਆਂ ਵਿਚ ਪੈਂਦਾ ਹੈ। ਇਸ ਲਈ ਹੁਣ ਵਪਾਰੀ ਅਤੇ ਕਿਸਾਨ ਵੀ ਸੁਚੇਤ ਹੋਣ ਲੱਗੇ। ਇਸ ਲਈ ਪੰਜਾਬ ਸਮੇਤ ਸਾਰੇ ਸੂਬੇ ਜੋ ਕਿ ਬਾਸਮਤੀ ਅਤੇ ਹੋਰ ਵਸਤੂਆਂ ਬਾਹਰ ਭੇਜਦੇ ਹਨ, ਉਨ੍ਹਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਸੰਬੰਧੀ ਕਿਸਾਨਾਂ ਨੂੰ ਸਮਝਾਉਣ ਕਿ ਕਿਵੇਂ ਤੇ ਕਿੰਨੀ ਮਾਤਰਾ ਵਿਚ ਕੀੜੇ ਮਾਰ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਉਪਰੋਕਤ ਵਸਤੂਆਂ ਤੋਂ ਇਲਾਵਾ ਭਾਰਤ ਦੀਆਂ ਬਾਕੀ ਵਸਤੂਆਂ ਵਿਚ ਵੀ ਕੀੜੇ ਮਾਰ ਦਵਾਈਆਂ ਅਤੇ ਹੋਰ ਜ਼ਹਿਰੀਲੇ ਪਦਾਰਥਾਂ ਦੀ ਭਰਮਾਰ ਹੈ, ਜੋ ਕਿ ਭਾਰਤੀਆਂ ਦੀ ਸਿਹਤ ਲਈ ਹਾਨੀਕਾਰਕ ਹਨ, ਜਿਨ੍ਹਾਂ ਬਾਰੇ ਸਮੁਚੇ ਭਾਰਤੀਆਂ ਨੂੰ ਸੁਚੇਤ ਹੋਣ ਦੀ ਲੋੜ ਹੈ। ਗ੍ਰੀਨ ਪੀਸ ਇਕ ਸਮਾਜ ਸੇਵੀ ਸੰਸਥਾ ਨੇ ਪਿਛਲੇ ਸਾਲ ਚਾਹ ਪਤੀ ਦੇ ਨਮੂਨੇ ਚੈਕ ਕਰਵਾਏ। ਇਨ੍ਹਾਂ ਵਿਚੋਂ 67 ਪ੍ਰਤੀਸ਼ਤ ਵਿਚ ਡੀ.ਡੀ.ਟੀ. ਪਾਈ। ਇਨ੍ਹਾਂ ਵਿਚੋਂ 94% ਵਿਚ ਘੱਟੋ ਘੱਟ ਇਕ ਕੀੜੇਮਾਰ ਦਵਾਈ ਅਤੇ 59% ਵਿਚ 10 ਤੋਂ ਵੱਧ ਕੀੜੇਮਾਰ ਦਵਾਈਆਂ ਪਾਈਆਂ ਗਈਆਂ।

ਪਿਛਲੇ ਸਾਲ ਜੁਲਾਈ 2014 ਨੂੰ 'ਸੈਂਟਰ ਫਾਰ ਸਾਇੰਸ ਐਂਡ ਐਨਵਾਇਟਮੈਂਟ' (ਸੀ.ਐਸ.ਈ.) ਨੇ ਜੋ ਰਿਪੋਰਟ ਜਾਰੀ ਕੀਤੀ ਹੈ, ਉਹ ਰੌਂਗਟੇ ਖੜੇ ਕਰਨ ਵਾਲੀ ਹੈ। ਅਮਰੀਕਾ ਵਿਚ ਮਰੀਜ਼ਾਂ ਨੂੰ ਐਂਟੀ ਬਾਇਓਟਿਕਸ ਬੜੀ ਸੋਚ ਵਿਚਾਰ ਕਿ ਦਿੱਤੇ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਜ਼ਿਆਦਾ ਵਰਤੋਂ ਸਰੀਰ ਵਿਚ ਬੀਮਾਰੀਆਂ ਨਾਲ ਲੜਨ ਦੀ ਕੁਦਰਤੀ ਸ਼ਕਤੀ ਘਟਾਉਂਦੀ ਹੈ। ਇਸ ਰਿਪੋਰਟ ਨੇ ਜੋ ਤੱਥ ਸਾਹਮਣੇ ਲਿਆਂਦੇ ਹਨ, ਉਨ੍ਹਾਂ ਅਨੁਸਾਰ ਇਨ੍ਹਾਂ ਦੀ ਮਨੁੱਖਾਂ, ਜਾਨਵਰਾਂ ਅਤੇ ਪੰਛੀਆਂ ਵਿਚ ਅੰਨ੍ਹੇਵਾਹ ਵਰਤੋਂ ਨਾ ਕੇਵਲ ਮਨੁੱਖਾਂ ਸਗੋਂ ਹੋਰ ਜਾਨਵਰਾਂ ਅਤੇ ਪੰਛੀਆਂ ਦੇ ਅੰਦਰਲੇ ਸਿਹਤਮੰਦ ਤੱਤਾਂ ਨੂੰ ਖ਼ਤਮ ਕਰ ਰਹੀ ਹੈ, ਜਿਸ ਨਾਲ ਉਨ੍ਹਾਂ ਵਿਚ ਇਨ੍ਹਾਂ ਦੇ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਰਹੀ ਹੈ। ਇਸ ਰਿਪੋਰਟ ਅਨੁਸਾਰ ਪੋਲਟਰੀ ਸਨਅਤ ਵੱਲੋਂ ਵਰਤੇ ਜਾਂਦੇ ਐਂਟੀਬਾਇਓਟਿਕਸ ਮੁਰਗੇ ਖਾਣ ਵਾਲਿਆਂ ਅੰਦਰ ਜਾ ਰਹੇ ਹਨ ਤੇ ਉਨ੍ਹਾਂ ਅੰਦਰ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਕਮਜ਼ੋਰ ਕਰ ਰਹੇ ਹਨ। ਦੁੱਧ ਦੇਣ ਵਾਲੇ ਪਸ਼ੂਆਂ ਵਿਚ ਵੀ ਇਨ੍ਹਾਂ ਦੀ ਵਰਤੋਂ ਹੈ, ਮੁਰਗਿਆਂ ਵਾਂਗ ਉਹ ਦੁੱਧ ਰਾਹੀਂ ਸਾਡੇ ਸਰੀਰ ਵਿਚ ਪੁੱਜ ਰਹੇ ਹਨ।

ਇਸ ਤਰ੍ਹਾਂ ਅਸੀਂ ਖਾਣ ਵਾਲੀਆਂ ਵਸਤੂਆਂ ਦੇ ਨਾਂ 'ਤੇ ਜ਼ਹਿਰ ਖਾ ਰਹੇ ਹਾਂ।

ਜੇ ਅਸੀਂ ਭਾਰਤੀ ਕਿਸਾਨਾਂ ਲਈ ਚੰਗੇ ਦਿਨ ਲਿਆਉਣੇ ਹਨ ਤਾਂ ਸਾਨੂੰ ਸਭ ਨੂੰ ਰਲ ਕੇ ਹੰਭਲਾ ਮਾਰਨਾ ਚਾਹੀਦਾ ਹੈ ਤੇ ਵਿਦੇਸ਼ੀ ਮਿਆਰਾਂ ਅਨੁਸਾਰ ਖਾਣ ਪੀਣ ਦੀਆਂ ਵਸਤੂਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਇਸ ਨਾਲ ਸਾਡੀ ਆਪਣੀ ਸਿਹਤ ਵੀ ਚੰਗੀ ਹੋਵੇਗੀ, ਉੱਥੇ ਵਿਦੇਸ਼ੀ ਵੀ ਭਾਰਤ ਵਿਚ ਸੁਰੱਖਿਅਤ ਖਾਣ-ਪੀਣ ਦੀਆਂ ਵਸਤੂਆਂ ਕਰਕੇ ਵਧੇਰੇ ਯਾਤਰਾ 'ਤੇ ਆਉਣਗੇ ਤੇ ਵਿਦੇਸ਼ਾਂ ਵਿਚ ਵੀ ਭਾਰਤੀ ਸਮਾਨ ਸਸਤਾ ਹੋਣ ਕਰਕੇ ਜ਼ਿਆਦਾ ਵਿਕੇਗਾ। ਇਸ ਨਾਲ ਪੰਜਾਬ ਸਮੇਤ ਸਾਰੇ ਦੇਸ਼ ਦੀ ਤਰੱਕੀ ਲਈ ਨਵੇਂ ਰਸਤੇ ਖੁਲ੍ਹਣਗੇ।

*20 ਮਾਰਚ 2015*



Academy of the Punjab in North America: http://www.apnaorg.com

# ਰਿਸ਼ਵਤ ਦੇ ਬਗੈਰ ਕੰਮ ਕਰਾਉਣਾ ਬਹੁਤ ਮੁਸ਼ਕਲ ਹੈ

ਜਦ ਤੁਸੀਂ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ ਵਰਗੇ ਕਿਸੇ ਵੀ ਮੁਲਕ ਵਿਚ ਜਾਂਦੇ ਹੋ ਤਾਂ ਜਿਹੜੀ ਚੀਜ਼ ਤੁਹਾਨੂੰ ਚੰਗੀ ਲੱਗਦੀ ਹੈ, ਉਹ ਇਹ ਹੈ ਕਿ ਤੁਹਾਡੇ ਕੰਮ ਬਿਨਾਂ ਰਿਸ਼ਵਤ ਦੇਣ ਦੇ ਸਮੇਂ ਸਿਰ ਹੋ ਜਾਂਦੇ ਹਨ। ਤੁਹਾਨੂੰ ਦਫ਼ਤਰਾਂ ਵਿਚ ਚੱਕਰ ਨਹੀਂ ਮਾਰਨੇ ਪੈਂਦੇ। ਪਰ ਮੇਰੇ ਭਾਰਤ ਮਹਾਨ ਜਿਸ ਨੂੰ ਦੇਵੀ ਦੇਵਤਿਆਂ, ਪੀਰਾਂ ਫਕੀਰਾਂ ਤੇ ਗੁਰੂਆਂ ਦੀ ਧਰਤੀ ਕਿਹਾ ਜਾਂਦਾ ਹੈ, ਵਿਚ ਅਜਿਹਾ ਬਹੁਤ ਘੱਟ ਹੁੰਦਾ ਹੈ। ਟਾਵੇਂ-ਟਾਵੇਂ ਸਰਕਾਰੀ ਦਫ਼ਤਰ ਹੋਣਗੇ, ਜਿੱਥੋਂ ਦੇ ਕਰਮਚਾਰੀ ਹੱਕ-ਹਲਾਲ ਦੀ ਕਮਾਈ ਖਾਂਦੇ ਹੋਣ, ਨਹੀਂ ਤਾਂ ਸਭ ਦਾ ਧਿਆਨ ਦੋ ਨੰਬਰ ਦੀ ਕਮਾਈ ਵੱਲ ਹੈ।

ਅਮਰੀਕਾ ਵਿਚ ਤੁਸੀਂ ਰਜਿਸਟਰੀ ਕਰਾਉਣੀ ਹੋਵੇ ਤਾਂ ਤੁਹਾਨੂੰ ਤਹਿਸੀਲੇ ਜਾਣ ਦੀ ਕੋਈ ਲੋੜ ਨਹੀਂ। ਪ੍ਰਾਈਵੇਟ ਕੰਪਨੀਆਂ ਨੇ ਰਜਿਸਟਰੀਆਂ ਕਰਾਉਣ ਦੇ ਲਾਇਸੈਂਸ ਲਏ ਹੋਏ ਹਨ, ਖ਼ਰੀਦਣ ਅਤੇ ਵੇਚਣ ਵਾਲੇ ਇਨ੍ਹਾਂ ਨਾਲ ਸੰਪਰਕ ਕਰਕੇ ਜਿਹੜਾ ਸਮਾਂ ਦੋਵਾਂ ਪਾਰਟੀਆਂ ਨੂੰ ਠੀਕ ਬੈਠਦਾ ਹੋਵੇ, ਉਸ ਸਮੇਂ ਉਹ ਚਲੇ ਜਾਂਦੇ ਹਨ। ਬਣਦੀ ਫੀਸ ਦੇ ਕੇ ਰਜਿਸਟਰੀ ਕਰਵਾ ਲੈਂਦੇ ਹਨ। ਕੰਮ ਇਥੇ ਇਕ ਨੰਬਰ ਦਾ ਹੁੰਦਾ ਹੈ। ਸਾਡੇ ਵਾਂਗ ਨਹੀਂ ਕਿ ਲੋਕ ਰਕਮ ਕੋਈ ਦਿੰਦੇ ਹਨ ਤੇ ਰਜਿਸਟਰੀ ਕਿਸੇ ਹੋਰ ਰਕਮ ਦੀ ਕਰਵਾਉਂਦੇ ਹਨ। ਇੰਤਕਾਲ ਵਗੈਰਾ ਆਪਣੇ ਆਪ ਹੀ ਹੋ ਜਾਂਦਾ ਹੈ।

ਹੁਣ ਮੈਂ ਆਪਣੀ ਹੱਡ-ਬੀਤੀ ਦਸਦਾ ਹਾਂ ਕਿ ਕਿਵੇਂ ਪਟਵਾਰ ਮਹਿਕਮਾ ਸਾਨੂੰ ਖ਼ਰਾਬ ਕਰਦਾ ਹੈ। ਸ. ਹਰਚਰਨ ਸਿੰਘ ਅਜਨਾਲਾ ਸਿਖਿਆ ਮੰਤਰੀ ਨੇ ਸੁਲਤਾਨਵਿੰਡ ਪਿੰਡ ਦੇ ਮੁੰਡਿਆਂ ਦੇ ਪ੍ਰਾਇਮਰੀ ਸਕੂਲ ਨੂੰ ਅਪਗ੍ਰੇਡ ਕਰਕੇ ਮਿਡਲ ਬਣਾ ਦਿੱਤਾ। 1980 ਦੀ ਗੱਲ ਹੈ। ਕਮਰਿਆਂ ਦੀ ਘਾਟ ਕਰਕੇ ਸਕੂਲ ਦੋ ਸ਼ਿਫਟਾਂ ਵਿਚ ਲਗਦਾ ਸੀ। ਮੈਂ ਸਕੂਲ ਦਾ ਮੁਖੀ ਸੀ। ਇਸ ਪਿੰਡ ਦੀ ਮੁਰੱਬੇਬੰਦੀ ਨਹੀਂ ਹੋਈ ਤੇ ਪੱਤੀਆਂ ਦੀਆਂ ਸ਼ਾਮਲਾਟਾਂ ਹਨ। ਪੱਤੀ ਮਨਸੂਰ ਵਾਲਿਆਂ ਨੂੰ ਮੈਂ ਪ੍ਰੇਰਿਆ ਤੇ ਉਹ 9 ਕਨਾਲਾਂ ਜ਼ਮੀਨ ਸਕੂਲ ਲਈ ਦਾਨ ਦੇਣੀ ਮੰਨ ਗਏ। ਜਦ ਅਸੀਂ ਹਿਬਾ ਕਰਾਉਣ ਗਏ ਤਾਂ ਤਹਿਸੀਲ ਨੇ ਅੜਿਕਾ ਡਾਹ ਦਿੱਤਾ ਕਿ ਲੈਂਡ ਸੀਲਿੰਗ ਅਫ਼ਸਰ ਪਾਸੋਂ ਪ੍ਰਵਾਨਗੀ ਲਿਆਓ। ਜਦ ਮੈਂ ਇਸ ਕੰਮ ਲਈ ਲੈਂਡ ਸੀਲਿੰਗ ਅਫ਼ਸਰ ਜੋ ਕਿ ਐਸ.ਡੀ.ਐਮ. ਸੀ ਪਾਸ ਗਿਆ ਤਾਂ ਸੰਬੰਧਿਤ ਕਰਮਚਾਰੀ ਕਹਿਣ ਲਗਾ ਕਿ ਇਸ ਕੰਮ ਨੂੰ ਦੋ ਸਾਲ ਲੱਗਣਗੇ ਕਿਉਂਕਿ ਜਿਨ੍ਹਾਂ ਨੇ ਰਜਿਸਟਰੀ ਕਰਨੀ ਹੈ ਉਨ੍ਹਾਂ ਦਾ ਪਤਾ ਲਾਉਣਾ ਪਵੇਗਾ ਕਿ ਉਨ੍ਹਾਂ ਦਾ ਕਿੰਨਾ ਕਿੰਨਾ ਹਿੱਸਾ ਇਸ ਸਾਂਝੀ ਸ਼ਾਮਲਾਟ ਵਿਚ ਬਣਦਾ ਹੈ। ਜਿੰਨਾ-ਜਿੰਨਾ ਹਿੱਸਾ ਉਨ੍ਹਾਂ ਦਾ ਹੋਵੇਗਾ, ਉਸ ਅਨੁਸਾਰ ਹੀ ਰਜਿਸਟਰੀ ਹੋਵੇਗੀ। ਇਕ ਹਫ਼ਤੇ ਬਾਅਦ ਨੰਬਰਦਾਰ ਆ



Academy of the Punjab in North America: http://www.apnaorg.com

ਗਿਆ ਕਿ 600 ਰੁਪਿਆ ਦਿਉ, ਮੇਰੀ ਵਸੀਕਾ ਨਵੀਸ ਨਾਲ ਗੱਲ ਹੋ ਗਈ ਹੈ, ਉਹ ਸਾਡੀ ਰਜਿਸਟਰੀ ਕਰਵਾ ਦੇਵੇਗਾ। ਇਸ ਤਰ੍ਹਾਂ ਉਸੇ ਤਹਿਸੀਲਦਾਰ ਨੇ ਵਸੀਕਾ ਨਵੀਸ ਰਾਹੀਂ ਰਜਿਸਟਰੀ ਕਰ ਦਿੱਤੀ।

ਇੱਥੇ ਬੱਸ ਨਹੀਂ, ਇਸ ਦਾ ਇੰਤਕਾਲ ਨਾ ਹੋਵੇ ਕਿਉਂਕਿ ਲੈਂਡ ਮਾਫ਼ੀਆ ਇਸ ਸ਼ਾਮਲਾਟ ਨੂੰ ਵੇਚ ਰਿਹਾ ਸੀ। ਭਕਨਾ ਖੁਰਦ ਦੇ ਮੇਰੇ ਮਿੱਤਰ ਸ. ਇੰਦਰਬੀਰ ਸਿੰਘ ਜੋ ਕਿ ਸੇਵਾ ਮੁਕਤ ਹੈੱਡ ਮਾਸਟਰ ਸਨ, ਦਾ ਮੁੰਡਾ ਇਸ ਪਿੰਡ ਦਾ ਪਟਵਾਰੀ ਬਣ ਗਿਆ ਤਾਂ ਮੈਂ ਉਨ੍ਹਾਂ ਨੂੰ ਕਹਿ ਕੇ ਇੰਤਕਾਲ ਕਰਵਾ ਲਿਆ। ਸ. ਅਜੈਬੀਰ ਪਾਲ ਸਿੰਘ ਮੀਰਾਂਕੋਟ ਵਿਧਾਇਕ ਸਨ। ਮੈਂ ਉਨ੍ਹਾਂ ਨੂੰ ਆਖ ਕੇ ਇਕ ਤਾਂ ਸਕੂਲ ਮਿਡਲ ਤੋਂ ਹਾਈ ਕਰਵਾ ਲਿਆ ਤੇ ਇਕ ਲੱਖ ਰੁਪਏ ਗ੍ਰਾਂਟ ਸਕੂਲ ਦੀ ਇਮਾਰਤ ਲਈ ਪ੍ਰਵਾਨ ਕਰਵਾ ਲਈ। ਲੈਂਡ ਮਾਫ਼ੀਆ ਦਾ ਏਨਾ ਜ਼ੋਰ ਸੀ ਕਿ ਕਾਨੂੰਗੋ ਨੇ ਸਾਨੂੰ ਨਿਸ਼ਾਨ-ਦੇਹੀ ਤਾਂ ਦੇ ਦਿੱਤੀ ਪਰ ਉਹ ਕਹਿ ਕੇ ਮੈਂ ਤੁਹਾਨੂੰ ਲਿਖਤੀ ਨਹੀਂ ਦੇ ਸਕਦਾ।

ਖੈਰ ਅਸੀਂ ਗ੍ਰਾਂਟ ਨਾਲ ਕਮਰਾ ਪਾ ਕੇ ਵਿਧਾਇਕ ਪਾਸੋਂ ਸਰਕਾਰੀ ਹਾਈ ਸਕੂਲ ਸੁਲਤਾਨਵਿੰਡ (ਅੰਮ੍ਰਿਤਸਰ) ਦਾ ਨੀਂਹ ਪੱਥਰ ਰਖਵਾ ਲਿਆ। ਮੈਨੂੰ ਪ੍ਰੇਸ਼ਾਨ ਕਰਨ ਲਈ ਪਹਿਲਾਂ ਪਿੰਡ ਦੀ ਚੌਂਕੀ ਬੁਲਾਇਆ ਗਿਆ ਤੇ ਫਿਰ ਥਾਣੇ ਬੁਲਾਇਆ ਗਿਆ। ਉਸ ਸਮੇਂ ਸ. ਨਿਰਮਲ ਸਿੰਘ ਕਾਹਲੋਂ ਸਪੀਕਰ ਹੁੰਦੇ ਸਨ ਤੇ ਉਨ੍ਹਾਂ ਦੀ ਸਪਤਨੀ ਬੀਬੀ ਸੁਰਿੰਦਰ ਕੌਰ ਕਾਹਲੋਂ ਅੰਮ੍ਰਿਤਸਰ ਦੀ ਜਿਲ੍ਹਾ ਸਿੱਖਿਆ ਅਫ਼ਸਰ ਹੁੰਦੇ ਸਨ, ਮੈਂ ਉਨ੍ਹਾਂ ਦੇ ਨੋਟਿਸ ਵਿਚ ਸਾਰਾ ਮਾਮਲਾ ਲਿਆਂਦਾ। ਉਨ੍ਹਾਂ ਨੇ ਐਸ.ਐਚ.ਓ. ਨੂੰ ਫੋਨ ਕਰ ਕੇ ਪੁਲਿਸ ਨੂੰ ਮੇਰੇ ਗਲੋਂ ਲੁਹਾਇਆ। ਇਥੇ ਹੀ ਬੱਸ ਨਹੀਂ। ਸੰਬੰਧਿਤ ਵਿਅਕਤੀ ਨੇ ਐਸ.ਡੀ.ਐਮ. ਦੇ ਇੰਤਕਾਲ ਨੂੰ ਰੱਦ ਕਰਾਉਣ ਲਈ ਕੇਸ ਕਰ ਦਿੱਤਾ। ਜਦ ਤਰੀਕ ਆਈ ਤਾਂ ਡੀ.ਈ.ਓ. ਦਾ ਕਹਿਣਾ ਸੀ ਕਿ ਮਹਿਕਮਾ ਵਕੀਲ ਨਹੀਂ ਦੇ ਸਕਦਾ ਤੁਸੀਂ ਆਪਣੇ ਪੱਧਰ 'ਤੇ ਵਕੀਲ ਕਰ ਲਉ। ਪਹਿਲੀ ਤਰੀਕੇ ਮੈਂ ਤੇ ਇਕ ਹੋਰ ਅਧਿਆਪਕ ਐਸ.ਡੀ.ਐਮ ਦੀ ਅਦਾਲਤ ਵਿਚ ਆਵਾਜ਼ ਪੈਣ ਤੇ ਪੇਸ਼ ਹੋ ਗਏ। ਐਸ.ਡੀ.ਐਮ. ਮੇਰੀ ਮਦਦ ਕਰਨ ਦੀ ਥਾਂ 'ਤੇ ਦੂਜੀ ਪਾਰਟੀ ਦੀ ਮਦਦ ਕਰੀ ਜਾਵੇ ਕਿਉਂਕਿ ਉਹ ਵਿੰਗੇ ਟੇਢੇ ਸੁਆਲ ਪੁੱਛੇ ਜਿਨ੍ਹਾਂ ਦਾ ਕੋਈ ਇਸ ਇੰਤਕਾਲ ਨਾਲ ਸੰਬੰਧ ਕੋਈ ਨਹੀਂ ਸੀ।

ਐਸ.ਡੀ.ਐਮ. ਨੇ ਪੁੱਛਿਆ ਕਿ ਕੀ ਤੁਸੀਂ ਮਹਿਕਮੇ ਪਾਸੋਂ ਰਜਿਸਟਰੀ ਕਰਵਾਉਣ ਦੀ ਪ੍ਰਵਾਨਗੀ ਲਈ ਹੈ ? ਮੈਂ ਕਿਹਾ ਕਿ ਕਿਉਂਕਿ ਮੈਂ ਜ਼ਮੀਨ ਦਾਨ ਲਈ ਹੈ, ਦਾਨ ਲੈਣ ਲਈ ਕਿਸੇ ਪ੍ਰਵਾਨਗੀ ਦੀ ਲੋੜ ਨਹੀਂ। ਹਾਂ, ਹੁਣ ਮੈਂ ਜ਼ਮੀਨ ਵੇਚ ਨਹੀਂ ਸਕਦਾ। ਉਸ ਦੀ ਦਲੀਲ ਸੀ ਕਿ ਤੁਸੀਂ ਬਿਨਾਂ ਆਗਿਆ ਤੋਂ ਰਜਿਸਟਰੀ ਕਰਵਾਈ ਹੈ ਇਸ ਲਈ ਤੁਸੀਂ ਦੋਸ਼ੀ ਹੋ ਤੇ ਮੈਂ ਤੁਹਾਡੇ ਮਹਿਕਮੇ ਨੂੰ ਇਸ ਸੰਬੰਧੀ ਲਿਖਾਂਗਾ। ਕੋਲ ਹੀ ਉਸ ਸਮੇਂ ਤਹਿਸੀਲਦਾਰ ਬੈਠਾ ਸੀ, ਮੈਂ ਕਿਹਾ ਕਿ ਜੇ ਰਜਿਸਟਰੀ ਗ਼ਲਤ ਹੋਈ ਹੈ ਤਾਂ ਤੁਸੀਂ ਤਹਿਸੀਲਦਾਰ ਖਿਲਾਫ ਲਿਖੋ ਜਿਨ੍ਹਾਂ ਰਜਿਸਟਰੀ ਕੀਤੀ ਹੈ। ਹਾਰ ਕੇ ਮੈਂ ਦੁਖੀ ਹੋ ਕੇ ਕਿਹਾ ਕਿ ਐਸ.ਡੀ.ਐਮ. ਸਾਹਿਬ ਮੇਰੇ ਨਾਲ ਤਾਂ ਉਹ ਗੱਲ ਹੋਈ ਹੈ ਜੋ ਟਰੱਕਾਂ ਪਿੱਛੇ ਲਿਖਿਆ ਹੁੰਦਾ। ਪੁੱਛਣ ਲਗਾ ਉਹ ਕੀ ? ਮੈਂ ਕਿਹਾ ਕਿ ਟਰੱਕਾਂ ਮਗਰ ਫੱਟੇ ਉਪਰ ਲਿਖਿਆ ਹੁੰਦਾ 'ਨੇਕੀ ਕਰ 'ਤੇ ਛਿੱਤਰ ਖਾ'। ਪੁੱਛਣ ਲਗਾ, ਇਸ ਦਾ ਕੀ ਮਤਲਬ ?



Academy of the Punjab in North America: http://www.apnaorg.com

ਮੈਂ ਕਿਹਾ ਕਿ ਮੈਂ ਪੀ-ਐਚ.ਡੀ. ਕੀਤੀ ਹੈ, 4 ਕਿਤਾਬਾਂ ਲਿਖੀਆਂ ਨੇ, ਕੋਲੋਂ ਰਿਸ਼ਵਤ ਦੇ ਕੇ ਰਜਿਸਟਰੀ ਕਰਵਾਈ। ਬੜੀ ਮੁਸ਼ਕਲ ਇੰਤਕਾਲ ਕਰਵਾਇਆ। ਸ਼ਹਿਰੀ ਖੇਤਰ ਵਿਚ 4500 ਵਰਗ ਗ਼ਜ਼ ਜਿਸ ਦੀ ਬਜ਼ਾਰੀ ਕੀਮਤ ਲੱਖਾਂ ਰੁਪਏ ਬਣਦੀ ਹੈ, ਸਰਕਾਰ ਨੂੰ ਮੁਫ਼ਤ ਵਿਚ ਲੈ ਕੇ ਦਿੱਤੀ ਹੈ। ਤੁਸੀਂ ਸਰਕਾਰੀ ਅਫ਼ਸਰ ਹੋ, ਮੈਨੂੰ ਸ਼ਾਬਾਸ਼ ਦੇਣ ਦੀ ਥਾਂ 'ਤੇ ਦੂਜੀ ਪਾਰਟੀ ਦੀ ਬੋਲੀ ਬੋਲੀ ਜਾਂਦੇ ਹੋ ਤਾਂ ਫਿਰ ਇਹ ਨੇਕੀ ਕਰ 'ਤੇ ਛਿੱਤਰ ਖਾ ਵਾਲੀ ਗੱਲ ਹੋਈ। ਇਹ ਗੱਲ ਸੁਣ ਕੇ ਉਹ ਅੱਗ-ਬਬੋਲਾ ਹੋ ਗਿਆ ਤੇ ਮੈਨੂੰ ਹੱਥ ਜੋੜ ਕੇ ਕਹਿਣ ਲਗਾ ਪਲੀਜ਼ ਗੋ ਅਵੇ (ਮਿਹਰਬਾਨੀ ਕਰਕੇ ਬਾਹਰ ਜਾਉ)। ਕੋਲ ਬੈਠੇ ਰੀਡਰ ਨੂੰ ਕਹਿਣ ਲਗਾ ਹੈੱਡਮਾਸਟਰ ਸਾਹਿਬ ਨੂੰ ਸਮਝਾ ਦਿਉ। ਰੀਡਰ ਕਹਿਣ ਲੱਗਾ ਕਿ ਸਰਦਾਰ ਜੀ ਅਫ਼ਸਰਾਂ ਅੱਗੇ ਇਸ ਤਰ੍ਹਾਂ ਥੋੜ੍ਹਾ ਬੋਲੀਦਾ ਹੈ। ਕਹਿੰਦਾ ਤੁਸੀਂ ਨਾ ਕੋਈ ਵਕੀਲ ਕਰ ਲਉ।

ਉੱਥੇ ਖੜੇ ਵਿਅਕਤੀਆਂ ਵਿਚੋਂ ਇਕ ਮੈਨੂੰ ਕਹਿਣ ਲੱਗਾ ਕਿ ਇਹ ਅਫ਼ਸਰ ਬਹੁਤ ਮਾੜਾ ਹੈ। ਮੋਟਾ ਮਾਲ ਛਕਦਾ। ਤੁਸੀਂ ਅੱਜ ਚੰਗੀਆਂ ਸੁਣਾਈਆਂ। ਅਸੀਂ ਇਕ ਵਕੀਲ ਕਰ ਲਿਆ ਤੇ ਕਈ ਸਾਲ ਕੇਸ ਚਲਿਆ। ਮੈਂ 2005 ਵਿਚ ਸੇਵਾ ਮੁਕਤ ਹੋ ਗਿਆ ਮੇਰੇ ਮਗਰੋਂ ਨਵਾਂ ਐਸ.ਡੀ.ਐਮ. ਆਇਆ ਉਸ ਨੇ ਕੇਸ ਖਾਰਜ ਕਰ ਦਿੱਤਾ। ਹੁਣ 4500 ਗਜ਼ ਵਿਚ ਬੜੀ ਸ਼ਾਨਦਾਰ ਇਮਾਰਤ ਬਣ ਗਈ। ਜਿੱਥੇ ਪਿੰਡ ਦੇ ਮੁੰਡੇ ਜਿਹੜੇ ਪਹਿਲਾਂ ਸ਼ਹਿਰ ਪੜ੍ਹਨ ਜਾਂਦੇ ਹਨ, ਸਿੱਖਿਆ ਪਿੰਡ ਵਿਚ ਹੀ ਪ੍ਰਾਪਤ ਕਰ ਰਹੇ ਹਨ।

ਮੇਰਾ ਸਰਕਾਰੀ ਨੌਕਰੀ ਵਿਚ ਆਉਣਾ ਵੀ ਪੰਜਾਬ ਦੀ ਭ੍ਰਿਸ਼ਟ ਪ੍ਰਸ਼ਾਸਨਕ ਪ੍ਰਣਾਲੀ ਦੀ ਦੇਣ ਹੈ। ਮੈਂ ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਵਿਚ ਸਾਇੰਸ ਦਾ ਅਧਿਆਪਕ ਸੀ। ਉਨ੍ਹਾਂ ਦਿਨਾਂ ਵਿਚ ਹਾਇਰ ਸੈਕੰਡਰੀ ਸਕੂਲ ਸਨ ਜੋ ਗਿਆਰ੍ਹਵੀਂ ਤੀਕ ਹੁੰਦੇ ਸਨ। ਮੇਰੇ ਪਾਸ ਦਸਵੀਂ ਤੇ ਗਿਆਰ੍ਹਵੀਂ ਦੀ ਕੈਮਿਸਟਰੀ ਤੇ ਬਾਇਓਲੋਜੀ ਹੁੰਦੀ ਸੀ। ਇਕ ਸਰਕਾਰੀ ਸਕੂਲ ਦਾ ਸੇਵਾ ਮੁਕਤ ਪ੍ਰਿੰਸੀਪਲ ਸਕੂਲ ਦਾ ਪ੍ਰਿੰਸੀਪਲ ਬਣ ਗਿਆ। ਉਸ ਨੇ ਕੈਮਿਸਟਰੀ ਦੇ ਸਾਮਾਨ ਦੇ ਜਿਹੜੇ ਟੈਂਡਰ ਮੰਗਵਾਏ ਉਨ੍ਹਾਂ ਵਿਚ ਸਾਮਾਨ ਦੀਆਂ ਕੀਮਤਾਂ ਬਹੁਤ ਜ਼ਿਆਦਾ ਸਨ। ਮੈਂ ਉਸ ਨੂੰ ਦੱਸਿਆ ਕਿ ਜਿਹੜਾ ਸਮਾਨ ਅਸੀਂ ਪਹਿਲਾਂ ਖਰੀਦਿਆ ਹੈ ਉਸ ਨਾਲੋਂ ਇਹ ਦਰ ਤਿੰਨ-ਚਾਰ ਗੁਣਾ ਹਨ। ਉਸ ਨੇ ਮੈਨੂੰ ਇਸ ਗੱਲ ਪ੍ਰਤੀ ਮੇਰੀ ਪ੍ਰਸ਼ੰਸਾ ਕਰਨ ਦੀ ਥਾਂ 'ਤੇ ਉਲਟਾ ਗੁੱਸੇ ਵਿਚ ਕਿਹਾ ਕਿ ਤੇਰੀ ਕਿਵੇਂ ਜੁਰਅਤ ਪਈ ਕਿ ਤੂੰ ਕਹੇਂ ਕਿ ਮੇਰੇ ਦੁਆਰਾ ਟੈਂਡਰਾਂ ਦੇ ਰੇਟ ਬਹੁਤ ਉੱਚੇ ਹਨ। ਮੈਂ ਤਾਂ ਸਰਕਾਰੀ ਸਕੂਲ ਵਿਚ ਵੱਡੇ ਲੈਕਚਰਾਰਾਂ ਨੂੰ ਤੁੰਨ ਕੇ ਰੱਖਿਆ ਸੀ। ਖ਼ਬਰਦਾਰ ਅੱਗੇ ਤੋਂ ਅਜਿਹਾ ਕਿਹਾ। ਦਫ਼ਾ ਹੋ ਜਾ। ਹੁਣ ਉਸ ਦੀ ਦੁਬਿਧਾ ਸੀ ਕਿ ਉਹ ਸਾਮਾਨ ਮੰਗਵਾ ਕੇ ਨਾ ਦੇਵੇ ਤੇ ਮੈਨੂੰ ਇਸ ਦੀ ਜ਼ਰੂਰਤ ਸੀ। ਮਾਮਲਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਸਕੂਲਾਂ ਦੇ ਮੈਨੇਜਰ ਸਨ ਦੇ ਧਿਆਨ ਵਿਚ ਮੈਂ ਲਿਆਂਦਾ। ਦੁਬਾਰਾ ਟੈਂਡਰ ਮੰਗਵਾਏ ਗਏ। ਮੇਰੀ ਗੱਲ ਠੀਕ ਨਿਕਲੀ। ਪ੍ਰਿੰਸੀਪਲ ਨੇ ਮੈਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਬੇ-ਵਜ੍ਹਾ ਮੇਰੀਆਂ ਜੁਆਬ-ਤਲਬੀਆਂ ਸ਼ੁਰੂ ਕਰ ਦਿੱਤੀਆਂ। ਐਮ. ਏ. ਕਰਨ ਲਈ ਆਗਿਆ ਨਾ ਦਿੱਤੀ ਵਗੈਰਾ। ਉਨ੍ਹਾਂ ਦਿਨਾਂ ਵਿਚ ਸਰਕਾਰੀ ਸਕੂਲਾਂ ਵਿਚ ਸਾਇੰਸ ਅਧਿਆਪਕਾਂ ਦੀ ਬਹੁਤ



Academy of the Punjab in North America: http://www.apnaorg.com

ਮੰਗ ਸੀ। ਇੰਜ ਮੈਂ 8 ਮਾਰਚ 1975 ਨੂੰ ਬੜੇ ਦੁਖੀ ਮਨ ਨਾਲ ਇਕ ਸ਼ਾਨਦਾਰ ਸਕੂਲ ਛੱਡ ਕੇ ਇਕ ਛੋਟੇ ਜਿਹੇ ਸਰਕਾਰੀ ਮਿਡਲ ਸਕੂਲ ਜਲਾਲਪੁਰਾ ਜ਼ਿਲ੍ਹਾ ਅੰਮ੍ਰਿਤਸਰ ਆ ਗਿਆ।

ਅਮਰੀਕਾ ਵਿਚ ਬਿਨਾ ਰਿਸ਼ਵਤ ਦਿੱਤਿਆਂ ਇਕ ਦਿਨ ਵਿਚ ਪਾਸਪੋਰਟ ਦੁਬਾਰਾ ਬਣ ਜਾਂਦਾ ਹੈ ਕਿਉਂਕਿ ਏਥੇ ਕਿਸੇ ਪੁਲਿਸ ਪੜਤਾਲ ਦੀ ਲੋੜ ਨਹੀ ਪੈਂਦੀ ਸਾਰਾ ਕੁਝ ਇੰਟਰਨੈੱਟ ਉਪਰ ਹੈ। ਪਾਸਪੋਰਟ ਦਫ਼ਤਰ ਵਾਲੇ ਉੱਥੋਂ ਚੈੱਕ ਕਰ ਲੈਂਦੇ ਹਨ। ਅਮਰੀਕਾ ਵਿਚ ਜਿਨ੍ਹਾਂ ਕੋਲ ਭਾਰਤੀ ਪਾਸਪੋਰਟ ਹਨ, ਉਨ੍ਹਾਂ ਨੂੰ ਕਈ-ਕਈ ਮਹੀਨੇ ਭਾਰਤੀ ਐਮਬੈਸੀ ਕੋਲੋਂ ਪਾਸਪੋਰਟ ਦੁਬਾਰਾ ਬਨਾਉਣ ਵਿਚ ਲਗ ਜਾਂਦੇ ਹਨ। ਕਈ ਵੇਰ ਤਾਂ ਰਿਸ਼ਵਤ ਵੀ ਦੇਣੀ ਪੈਂਦੀ ਹੈ। ਇਸ ਤਰ੍ਹਾਂ ਭਾਰਤੀਆਂ ਨੇ ਅਮਰੀਕਾ ਆ ਕੇ ਵੀ ਮਾੜੀਆਂ ਆਦਤਾਂ ਨਹੀਂ ਛਡੀਆਂ।

ਮੈਂ ਇਕ ਦਿਨ ਤਹਿਸੀਲ ਦੇ ਰੀਡਰ ਨੂੰ ਪੁੱਛਿਆ ਕਿ ਜੇ ਕੋਈ ਰਿਸ਼ਵਤ ਤੋਂ ਬਿਨਾਂ ਰਜਿਸਟਰੀ ਕਰਵਾਉਣੀ ਚਾਹੇ ਤਾਂ ਕੀ ਹੋ ਸਕਦੀ ਹੈ? ਉਹ ਕਹਿਣ ਲੱਗਾ, ਹੋ ਸਕਦੀ ਹੈ। ਮੈਂ ਪੁੱਛਿਆ ਕਿਵੇਂ? ਉਹ ਕਹਿਣ ਲੱਗਾ ਤਹਿਸੀਲਦਾਰ ਉਸ ਜਗ੍ਹਾ ਦਾ ਦੌਰਾ ਕਰਨਗੇ ਤੇ ਵੇਖਣਗੇ ਕਿ ਤੁਸਾਂ ਅਸ਼ਟਾਮ ਠੀਕ ਲਾਇਆ। ਇਸ ਤਰ੍ਹਾਂ ਇਸ ਕੰਮ ਲਈ ਕਈ ਦਿਨ ਲਗਣਗੇ। ਪਿਛਲੇ ਲਮੇਂ ਸਮੇਂ ਤੋਂ ਮੇਰੀ ਇਕ ਅਰਜ਼ੀ ਮੁੱਖ-ਮੰਤਰੀ ਦਫ਼ਤਰ ਰਾਹੀ ਮਾਲ ਮਹਿਕਮੇ ਪਾਸ ਪਈ ਹੈ, ਜਿਸ ਵਿਚ ਮੈਂ ਸੁਝਾਅ ਦਿੱਤਾ ਹੈ ਕਿ ਰਸਿਟਰੀਆਂ ਦਾ ਕੰਮ ਤਹਿਸੀਲਦਾਰਾਂ ਪਾਸੋਂ ਖੋਹ ਕੇ ਅਮਰੀਕਾ ਵਾਂਗ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿਉ। ਜਸਟਿਸ ਕੁਲਦੀਪ ਸਿੰਘ ਜਿਸ ਨੇ ਹਾਈਕੋਰਟ ਵਲੋਂ ਚੰਡੀਗੜ ਦੁਆਲੇ ਨਜਾਇਜ਼ ਕਬਜ਼ਿਆਂ ਦੀ ਪੜਤਾਲ ਕੀਤੀ ਨੇ ਵੀ ਸਿਫ਼ਾਰਸ਼ ਕੀਤੀ ਹੈ ਕਿ ਪਟਵਾਰ ਮਹਿਕਮਾ ਤੋੜ ਦੇਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦੀ ਮਿਲੀ ਭੁਗਤ ਨਾਲ ਨਜਾਇਜ਼ ਕਬਜ਼ੇ ਹੁੰਦੇ ਹਨ।

ਪੰਜਾਬ ਸਰਕਾਰ ਬੜੀ ਦੁਹਾਈ ਪਾ ਰਹੀ ਹੈ ਕਿ ਸੇਵਾ ਦਾ ਅਧਿਕਾਰ ਲੋਕਾਂ ਨੂੰ ਦੇ ਦਿੱਤਾ। ਇਸ ਦੀ ਗੱਲ ਵੀ ਸੁਣ ਲਉ। ਤੁਸੀਂ ਵਿਆਹ ਰਜਿਸਟਰ ਕਰਾਉਣਾ ਹੈ ਤਾਂ ਦਫ਼ਤਰ ਵਾਲੇ ਕਹਿੰਦੇ ਹਨ ਕਿ ਜੇ ਇਕ ਹਜ਼ਾਰ ਰੁਪਏ ਦੇ ਦਿਉ ਤਾਂ ਹੁਣੇ ਹੀ ਕੰਮ ਹੋ ਜਾਊ, ਨਹੀਂ ਤਾਂ ਕਲ੍ਹ ਆਇਉ। ਲੋਕ ਸੋਚਦੇ ਹਨ ਕਿ ਕਲ੍ਹ ਨੂੰ ਵੀ ਪਤਾ ਨਹੀਂ ਕੰਮ ਹੋਣਾ ਹੈ ਜਾਂ ਨਹੀਂ। ਇਕ ਹਜ਼ਾਰ ਰੁਪਇਆ ਦਿਉ ਤੇ ਇਨ੍ਹਾਂ ਨੂੰ ਦਫ਼ਾ ਕਰੋ।

ਇਸੇ ਲਈ ਆਮ ਪਾਰਟੀ ਜੋ ਮਰਜ਼ੀ ਕਹੀ ਜਾਵੇ ਤੇ ਬਾਬਾ ਅੰਨਾ ਹਜ਼ਾਰੇ ਜੀ ਕਿੰਨੇ ਵੀ ਅੰਦੋਲਨ ਕਰ ਲੈਣ, ਦੇਸ਼ ਨੂੰ ਰਿਸ਼ਵਤ ਖੋਰੀ ਤੋਂ ਖਹਿੜਾ ਛੁਡਾਉਣ ਦਾ ਸੁਪਨਾ ਸ਼ਾਇਦ ਹੀ ਪੂਰਾ ਹੋਵੇ!

*22 ਜਨਵਰੀ 2014*



Academy of the Punjab in North America: http://www.apnaorg.com

# ਭ੍ਰਿਸ਼ਟਾਚਾਰ ਬਨਾਮ ਸ਼ਕਤੀਆਂ ਦਾ ਵਿਕੇਂਦਰੀਕਰਨ

ਭਾਰਤ ਵਿਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਦਾ ਇਕ ਕਾਰਨ ਭਾਰਤ ਵਿਚ ਸ਼ਕਤੀਆਂ ਦਾ ਕੇਂਦਰੀਕਰਨ ਹੋਣਾ ਹੈ। ਭਾਰਤ ਦਾ ਪ੍ਰਧਾਨ ਮੰਤਰੀ ਕੇਂਦਰ ਵਿਚ ਤੇ ਮੁੱਖ-ਮੰਤਰੀ ਰਾਜ ਵਿਚ ਸ਼ਕਤੀਆਂ ਦੇ ਕੇਂਦਰੀਕਰਨ ਦੇ ਧੁਰੇ ਹਨ। ਭਾਰਤ ਦੇ ਸੰਵਿਧਾਨ ਦੇ ਨਿਰਮਾਤਾਵਾਂ ਨੇ ਅੰਗਰੇਜ਼ੀ ਰਾਜ ਪ੍ਰਬੰਧ ਨੂੰ ਹੀ ਉਸੇ ਤਰ੍ਹਾਂ ਕਾਇਮ ਰੱਖਿਆ ਹੈ। ਉਨ੍ਹਾਂ ਨੇ ਅਮਰੀਕਾ, ਇੰਗਲੈਂਡ ਜਾਂ ਕੈਨੇਡਾ ਵਰਗੇ ਅਗਾਹਵਧੂ ਮੁਲਕਾਂ ਦੇ ਸੰਵਿਧਾਨ ਨੂੰ ਘੋਖ ਕੇ ਗ਼ੁਲਾਮ ਭਾਰਤ ਦੇ ਪ੍ਰਬੰਧਕੀ ਢਾਂਚੇ ਨੂੰ ਢਹਿ-ਢੇਰੀ ਕਰ ਕੇ ਲੋਕ-ਪੱਖੀ ਢਾਂਚਾ ਉਸਾਰਨ ਦੀ ਕੋਸ਼ਿਸ਼ ਨਹੀਂ ਕੀਤੀ। ਭਾਰਤੀ ਕਮਿਊਨਿਸਟ ਪਾਰਟੀ ਨੇ 26 ਜਨਵਰੀ 1950 ਨੂੰ ਪਹਿਲੇ ਗਣਤੰਤਰ ਦਿਵਸ ਸਮੇਂ ਦੇਸ਼ ਵਿਚ ਭਾਰਤੀ ਵਿਧਾਨ ਵਿਰੋਧੀ ਜਲਸੇ ਕੀਤੇ ਅਤੇ ਗ੍ਰਿਫ਼ਤਾਰੀਆਂ ਦਿੱਤੀਆਂ ਸਨ। ਕਮਿਊਨਿਸਟਾਂ ਦਾ ਕਹਿਣਾ ਸੀ ਕਿ ਇਹ ਦੇਸ਼ ਪੂਰਨ ਰੂਪ ਵਿਚ ਆਜ਼ਾਦ ਨਹੀਂ ਹੋਇਆ। ਉਨ੍ਹਾਂ ਦਾ ਨਾਅਰਾ ਸੀ, "ਇਹ ਆਜ਼ਾਦੀ ਝੂਠੀ ਹੈ—ਜਨਤਾ ਨੰਗੀ ਭੁਖੀ ਹੈ।"

ਭਾਰਤ ਦੇ ਯੋਜਨਾ ਕਮਿਸ਼ਨ ਅਨੁਸਾਰ ਜਿਹੜਾ ਵਿਅਕਤੀ ਪਿੰਡ ਵਿਚ 50 ਰੁਪਏ ਤੇ ਸ਼ਹਿਰ ਵਿਚ 60 ਰੁਪਏ ਰੋਜ਼ਾਨਾ ਖ਼ਰਚ ਕਰਦਾ ਹੈ, ਉਹ ਗਰੀਬੀ ਰੇਖਾ ਤੋਂ ਉਪਰ ਹੈ। ਇਸ ਹਿਸਾਬ ਨਾਲ ਵੀ ਭਾਰਤ ਸਰਕਾਰ ਦਾ ਮੰਨਣਾ ਹੈ ਕਿ 65% ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ, ਭਾਵ ਕਿ 65% ਲੋਕ ਗਰੀਬ ਹਨ। ਪੰਜਾਬ ਸਰਕਾਰ 250 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਦੇ ਰਹੀ ਹੈ। ਕੀ 17 ਰੁਪਏ ਰੋਜ਼ ਨਾਲ ਕੋਈ ਵਿਅਕਤੀ ਗੁਜ਼ਾਰਾ ਕਰ ਸਕਦਾ ਹੈ। ਇਸ ਦੇ ਐਨ ਉਲਟ ਅਮਰੀਕਾ ਵਿਚ 65 ਸਾਲ ਦੀ ਉਮਰ ਦੇ ਵਿਅਕਤੀ ਨੂੰ ਜੇ ਉਹ ਪੈਨਸ਼ਨ ਨਹੀਂ ਲੈਂਦਾ ਤਾਂ 1100 ਡਾਲਰ ਪੈਨਸ਼ਨ ਮਿਲਦੀ ਹੈ ਤੇ ਇਲਾਜ ਦਾ ਖਰਚਾ ਵੀ ਸਰਕਾਰ ਚੁੱਕਦੀ ਹੈ, ਜਦ ਕਿ ਭਾਰਤ ਵਿਚ ਮੁਫ਼ਤ ਇਲਾਜ ਦੀ ਸੁਵਿਧਾ ਉਹੋ ਜਿਹੀ ਨਹੀਂ ਜਿਹੋ ਜਿਹੀ ਅਮਰੀਕਾ ਵਿਚ ਹੈ। ਅਸਟਰੀਆ, ਫਰਾਂਸ, ਕੈਨੇਡਾ, ਇੰਗਲੈਂਡ ਵਗੈਰਾ ਵਿਚ ਲੋਕਾਂ ਨੂੰ ਰੁਜ਼ਗਾਰ, ਘਰ, ਸਿਹਤ, ਸਿੱਖਿਆ ਤੇ ਹੋਰ ਸਮਾਜਕ ਸੁਰੱਖਿਆ ਵਰਗੀਆਂ ਸਹੂਲਤਾਂ ਦੇਣੀਆਂ ਸਰਕਾਰਾਂ ਦੀ ਜ਼ੁੰਮੇਵਾਰੀ ਹੈ। ਇਹ ਸਹੂਲਤਾਂ ਤਾਂ ਹੀ ਮਿਲ ਰਹੀਆਂ ਹਨ, ਇਕ ਤਾਂ ਇਨ੍ਹਾਂ ਮੁਲਕਾਂ ਵਿਚ ਆਬਾਦੀ ਘੱਟ ਹੈ, ਸਾਰੇ ਲੋਕ ਕੰਮ ਕਰਦੇ ਹਨ ਜਿਸ ਕਰਕੇ ਸਰਕਾਰ ਦੀ ਆਮਦਨ ਦੇ ਸੋਮੇ ਹਨ ਤੇ ਇਨ੍ਹਾਂ ਨੇ ਤਨਖਾਹਾਂ ਵਿਚੋਂ ਕਈ ਤਰ੍ਹਾਂ ਦੀਆਂ ਕਟੌਤੀਆਂ ਰਖੀਆਂ ਹੋਈਆਂ ਹਨ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਮੁਲਕਾਂ ਵਿਚ ਸਾਡੇ ਵਾਂਗ ਸ਼ਕਤੀਆਂ ਦਾ ਕੇਂਦਰੀਕਰਨ ਨਹੀਂ, ਸਾਡੇ ਵਾਂਗ ਭ੍ਰਿਸ਼ਟਾਚਾਰ ਤੇ ਘਪਲੇਬਾਜ਼ੀ ਨਹੀਂ। ਪ੍ਰਧਾਨ ਮੰਤਰੀ



Academy of the Punjab in North America: http://www.apnaorg.com

ਸ੍ਰੀ ਰਾਜੀਵ ਗਾਂਧੀ ਦਾ ਕਹਿਣਾ ਕਿ ਕੇਂਦਰੀ ਸਰਕਾਰ ਜਿਹੜੇ ਪੈਸੇ ਖਰਚਦੀ ਹੈ, ਉਸ ਵਿਚੋਂ 85 ਪ੍ਰਤੀਸ਼ਤ ਰਾਹ ਵਿਚ ਖਾਧੇ ਜਾਂਦੇ ਹਨ ਤੇ ਕੇਵਲ 15 ਪ੍ਰਤੀਸ਼ਤ ਥੱਲੇ ਪਹੁੰਚਦੇ ਹਨ, ਭਾਰਤ ਦੇ ਭ੍ਰਿਸ਼ਟਤੰਤਰ ਦੀ ਮੂੰਹ ਬੋਲਦੀ ਤਸਵੀਰ ਹੈ। ਜੇ ਇਸ ਦੇ ਉਲਟ ਹੋਵੇ ਕਿ 85 ਪ੍ਰਤੀਸ਼ਤ ਖਰਚ ਹੋਣ ਤੇ 15 ਪ੍ਰਤੀਸ਼ਤ ਖਾਧੇ ਜਾਣ ਤਾਂ ਭਾਰਤ ਦੀ ਤਸਵੀਰ ਹੀ ਹੋਰ ਹੋਵੇ। ਪਤਾ ਹੁੰਦਿਆਂ-ਸੁੰਦਿਆਂ ਨਾ ਤਾਂ ਕੇਂਦਰੀ ਸਰਕਾਰ ਤੇ ਨਾ ਹੀ ਰਾਜ ਸਰਕਾਰਾਂ ਸਿੰਗਾਪੁਰ ਵਰਗਾ ਸਖ਼ਤ ਲੋਕਪਾਲ ਲਿਆ ਰਹੀਆਂ ਹਨ ਤੇ ਨਾ ਹੀ ਭਾਰਤ ਵਿਚ ਕਾਲੇ ਧਨ (ਬਲੈਕ ਮਨੀ) ਨੂੰ ਰੋਕਣ ਲਈ ਉਪਾਅ ਕੀਤਾ ਜਾ ਰਿਹਾ ਹੈ, ਕਿਉਂਕਿ ਸਾਡੀਆਂ ਰਾਜਨੀਤਕ ਪਾਰਟੀਆਂ ਨੂੰ ਇਹ ਭ੍ਰਿਸ਼ਟ ਪ੍ਰਬੰਧਕੀ ਢਾਂਚਾ ਬੜਾ ਸੂਤ ਬੈਠਦਾ ਹੈ। ਸ਼ਕਤੀਆਂ ਦਾ ਕੇਂਦਰੀਕਰਨ ਵੀ ਇਸ ਲਈ ਜ਼ੁੰਮੇਵਾਰ ਹੈ।

ਅਮਰੀਕਾ ਨੇ 4 ਜੁਲਾਈ 1776 ਨੂੰ ਬਰਤਾਨੀਆਂ ਕੋਲੋਂ 7 ਸਾਲ ਦੇ ਹਥਿਆਰ ਬੰਦ ਸੰਘਰਸ਼, ਜਿਸ ਵਿਚ ਫ਼ਰਾਂਸ ਦੀਆਂ ਫ਼ੌਜਾਂ ਨੇ ਵੀ ਮਦਦ ਕੀਤੀ, ਪਿਛੋਂ ਆਜ਼ਾਦੀ ਪ੍ਰਾਪਤ ਕੀਤੀ। ਸ਼ੁਰੂ ਵਿਚ 13 ਸੂਬੇ ਸਨ। ਹੌਲੀ ਹੌਲੀ ਹੋਰ ਸੂਬੇ ਜੋ ਪਹਿਲਾਂ ਵੱਖਰੇ ਸਨ, ਨਾਲ ਮਿਲਦੇ ਗਏ ਤੇ ਇਨ੍ਹਾਂ ਦੀ ਗਿਣਤੀ 50 ਹੋ ਗਈ। ਇਸੇ ਤਰ੍ਹਾਂ ਕੈਨੇਡਾ ਪਹਿਲੀ ਜੁਲਾਈ 1867 ਨੂੰ ਆਜ਼ਾਦ ਹੋਇਆ ਤੇ ਇਸ ਦੇ 4 ਸੂਬੇ ਸਨ। ਬਾਅਦ ਵਿਚ ਹੋਰ ਸੂਬੇ ਜੁੜੇ ਤੇ ਇਹ ਗਿਣਤੀ ਵਧ ਕੇ 10 ਹੋ ਗਈ। ਇਨ੍ਹਾਂ ਤੋਂ ਇਲਾਵਾ 3 ਟੈਰੀਟਰੀਜ਼ ਹਨ। ਅਮਰੀਕਾ ਤੇ ਕੈਨੇਡਾ ਵਿਚ ਹਰ ਸੂਬਾ ਆਜ਼ਾਦ ਹੈ। ਕੈਨੇਡਾ ਤੇ ਅਮਰੀਕਾ ਦੇ ਹਰ ਸੂਬੇ ਦਾ ਆਪਣਾ ਝੰਡਾ, ਪੰਛੀ, ਸੈਂਸਰ ਬੋਰਡ ਵਗੈਰਾ ਹੈ। ਟਰੈਫਿਕ ਨਿਯਮ, ਦੋਸ਼ੀਆਂ ਨੂੰ ਸਜ਼ਾਵਾਂ ਦੇਣੀਆਂ ਆਦਿ ਦੇ ਕਾਨੂੰਨ ਵੀ ਵੱਖ-ਵੱਖਰੇ ਹਨ। ਜੇ ਕਿਸੇ ਸੂਬੇ ਦੀ ਬਹੁ-ਗਿਣਤੀ ਦੇਸ਼ ਨਾਲੋਂ ਵੱਖ ਹੋਣ ਦਾ ਫ਼ੈਸਲਾ ਕਰ ਦੇਵੇ ਤਾਂ ਉਹ ਸੂਬਾ ਦੇਸ਼ ਨਾਲੋਂ ਵੱਖ ਵੀ ਹੋ ਸਕਦਾ ਹੈ। ਪਰ ਕੋਈ ਸੂਬਾ ਅਜੇ ਤੀਕ ਵਖ ਨਹੀਂ ਹੋਇਆ।

ਭਾਰਤ ਵਿਚ ਸਾਰੇ ਦੇਸ਼ ਦੀਆਂ ਸ਼ਕਤੀਆਂ ਕੇਂਦਰ ਪਾਸ ਹਨ। ਇਕ ਸੁਪਰੀਮ ਕੋਰਟ ਹੈ, ਇਕ ਸੈਂਸਰ ਬੋਰਡ ਹੈ, ਵਗੈਰਾ। ਸੂਬਿਆਂ ਨੂੰ ਨਿੱਕੇ-ਨਿੱਕੇ ਕੰਮਾਂ ਲਈ ਕੇਂਦਰ ਪਾਸੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਕਿਹਾ ਜਾਂਦਾ ਹੈ ਕਿ ਦੇਸ਼ ਨੂੰ ਇਕ ਰਖਣ ਲਈ ਸ਼ਕਤੀਸ਼ਾਲੀ ਕੇਂਦਰ ਚਾਹੀਦਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇ ਏਨਾਂ ਸਮਾਂ ਬੀਤ ਜਾਣ 'ਤੇ ਵੀ ਅਮਰੀਕਾ, ਕੈਨੇਡਾ ਨਹੀਂ ਟੁੱਟੇ ਤਾਂ ਭਾਰਤ ਕਿਵੇਂ ਟੁਟ ਸਕਦਾ ਹੈ। ਜੇ ਭਾਰਤ ਵਿਚ ਵੀ ਸੂਬੇ ਖੁਦ-ਮੁਖ਼ਤਾਰ ਹੁੰਦੇ ਤਾਂ ਅੱਜ ਏਨੇ ਸਕੈਂਡਲ ਨਹੀਂ ਸਨ ਹੋਣੇ ਕਿਉਂਕਿ ਕੋਲਗੇਟ ਵਗ਼ੈਰਾ ਸੂਬਿਆਂ ਨੇ ਅਲਾਟ ਕਰਨੇ ਸਨ। ਉਨ੍ਹਾਂ ਨੂੰ ਕੇਂਦਰ ਦਾ ਡਰ ਹੋਣਾ ਸੀ।

ਭਾਰਤ ਵਿਚ ਕੇਂਦਰ ਵਾਂਗ ਇਹੋ ਹਾਲ ਸੂਬਿਆਂ ਦਾ ਹੈ। ਮੁੱਖ-ਮੰਤਰੀਆਂ ਅਤੇ ਮੰਤਰੀਆਂ ਨੇ ਸਾਰੀਆਂ ਸ਼ਕਤੀਆਂ ਆਪਣੇ ਪਾਸ ਰਖੀਆਂ ਹੋਈਆਂ ਹਨ। ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀ, ਸ਼ਕਤੀਆਂ ਦੇ ਕੇਂਦਰੀਕਰਨ ਲਈ ਕੇਂਦਰ ਨੂੰ ਕੋਸਦੇ ਰਹਿੰਦੇ ਹਨ ਪਰ ਉਹ ਆਪਣੀਆਂ ਸ਼ਕਤੀਆਂ ਹੇਠਾਂ ਦੇਣ ਨੂੰ ਤਿਆਰ ਨਹੀਂ, ਹਾਲਾਂ ਕਿ ਇਸ ਵਿਚ ਜਨਤਾ ਦੀ ਭਲਾਈ ਹੈ।

ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਵਿਚ ਪੰਚਾਇਤੀ ਰਾਜ ਹੈ। ਸਰਕਾਰੀ



Academy of the Punjab in North America: http://www.apnaorg.com

ਮਹਿਕਮੇ ਚਲਾਉਣ ਵਿਚ ਮੰਤਰੀਆਂ ਦੀ ਦਖ਼ਲ ਅੰਦਾਜ਼ੀ ਨਹੀਂ ਹੁੰਦੀ। ਮਿਉਂਸਿਪਲ ਕਮੇਟੀਆਂ/ਕਾਰਪੋਰੇਸ਼ਨਾਂ ਪੂਰੀ ਤਰ੍ਹਾਂ ਆਜ਼ਾਦ ਹਨ। ਰਾਜ ਸਰਕਾਰਾਂ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ। ਸਕੀਮਾਂ ਬਨਾਉਣੀਆਂ, ਨਕਸ਼ੇ ਪਾਸ ਕਰਨੇ, ਕਾਰਖ਼ਾਨਿਆਂ ਨੂੰ ਲਾਈਸੈਂਸ ਵਗ਼ੈਰਾ ਦੇਣੇ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਹੈ। ਰਾਜ ਸਰਕਾਰ ਦਾ ਕੋਈ ਦਖ਼ਲ ਨਹੀਂ ਪੰਜਾਬ ਵਿਚ ਵਪਾਰਕ ਨਕਸ਼ੇ ਤੇ ਵੱਖ-ਵੱਖ ਸਕੀਮਾਂ ਪਹਿਲਾਂ ਮੰਤਰੀਆਂ ਤੇ ਬਾਦ ਵਿਚ ਮੁੱਖ-ਮੰਤਰੀ ਪਾਸ ਜਾਂਦੀਆਂ ਹਨ, ਜਿਨ੍ਹਾਂ ਦੀ ਕੋਈ ਲੋੜ ਨਹੀਂ। ਇਸ ਨਾਲ ਕਾਗਜ਼ੀ ਕਾਰਵਾਈ ਵਧਦੀ ਹੈ ਨਾਲ ਸਮਾਂ ਵੀ ਬਰਬਾਦ ਹੁੰਦਾ ਹੈ। ਕਿਹਾ ਜਾਂਦਾ ਹੈ ਸਾਰਾ ਕੁਝ ਕਥਿਤ ਤੌਰ 'ਤੇ ਰਿਸ਼ਵਤਖੋਰੀ ਲਈ ਕੀਤਾ ਜਾ ਰਿਹਾ ਹੈ।

ਵਿਦੇਸ਼ਾਂ ਵਿਚ ਵੱਖ-ਵੱਖ ਅਦਾਰੇ ਉੱਥੋਂ ਦੇ ਅਫ਼ਸਰ ਚਲਾਉਂਦੇ ਹਨ। ਉਨ੍ਹਾਂ ਦੀ ਅਗਵਾਈ ਲਈ ਨਿਯਮ ਬਣੇ ਹੋਏ ਹਨ, ਮੁੱਖ-ਮੰਤਰੀ ਤੇ ਮੰਤਰੀ ਦਖਲ ਅੰਦਾਜ਼ੀ ਨਹੀਂ ਕਰਦੇ। ਸਾਡੇ ਸਾਰਾ ਸਾਲ ਬਦਲੀਆਂ ਹੁੰਦੀਆਂ ਰਹਿੰਦੀਆਂ। ਮੁੱਖ-ਮੰਤਰੀ ਤੇ ਮੰਤਰੀ ਸਾਈਕਲ ਵੰਡ, ਚੈਕ ਵੰਡ ਵਰਗੇ ਫ਼ਜ਼ੂਲ ਕੰਮਾਂ ਵਿਚ ਸਮਾਂ ਬਰਬਾਦ ਕਰਦੇ ਹਨ। ਵਿਦੇਸ਼ਾਂ ਵਿਚ ਮੁੱਖ-ਮੰਤਰੀ ਤੇ ਮੰਤਰੀ ਲੋਕ-ਭਲਾਈ ਅਤੇ ਵੱਖ-ਵੱਖ ਵਿਭਾਗਾਂ ਦੇ ਸੁਧਾਰ ਵਿਚ ਲਗੇ ਰਹਿੰਦੇ ਹਨ। ਇਹੋ ਕਾਰਨ ਹੈ, ਜਦ ਵਿਸ਼ਵ-ਪੱਧਰ 'ਤੇ ਸਰਵੇ ਹੁੰਦਾ ਹੈ ਭਾਵੇਂ ਉਹ ਕੁਰਪਸ਼ਨ ਦਾ ਹੋਵੇ, ਵਾਤਾਵਰਨ ਦਾ, ਸਿੱਖਿਆ, ਸਿਹਤ ਸਹੂਲਤਾਂ, ਬੱਚਿਆਂ ਨੂੰ ਲੋੜੀਂਦਾ-ਭੋਜਨ ਦੇਣ ਦਾ ਜਾਂ ਔਰਤਾਂ ਦੀ ਸੁਰੱਖਿਆ ਤਾਂ ਭਾਰਤ ਹਰ ਵਿਚ ਫਾਡੀ ਆਉਂਦਾ ਹੈ ਕਿਉਂਕਿ ਸਾਡੇ ਸਭ ਰਾਜਨੀਤਕ ਆਪੋ ਆਪਣੇ ਕਾਰੋਬਾਰਾਂ ਨੂੰ ਪ੍ਰਫੁੱਲਤ ਕਰਨ, ਮਾਇਆ ਇਕੱਠੀ ਕਰਨ ਤੇ ਚੋਣਾਂ ਜਿੱਤਣ ਦੇ ਜੁਗਾੜ ਵਿਚ ਲਗੇ ਰਹਿੰਦੇ ਹਨ।

ਜਦ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਪੰਚਾਇਤੀ ਰਾਜ ਕਾਇਮ ਕਰਨ ਲਈ 1992 ਈ. ਵਿਚ ਸਵਿਧਾਨ ਵਿਚ ਸੋਧ ਕੀਤੀ, ਜਿਸ ਨੂੰ 74ਵੀਂ ਸਵਿਧਾਨਕ ਸੋਧ ਦਾ ਨਾਂ ਦਿੱਤਾ ਗਿਆ ਹੈ। ਪੰਜਾਬ ਸਮੇਤ ਕਿਸੇ ਵੀ ਰਾਜ ਨੇ ਇਸ ਸੋਧ ਨੂੰ ਲਾਗੂ ਨਹੀਂ ਕੀਤਾ, ਕਿਉਂਕਿ ਜੇ ਪੰਚਾਇਤੀ ਰਾਜ ਕਾਇਮ ਹੋ ਜਾਂਦਾ ਹੈ ਤਾਂ ਮੰਤਰੀਆਂ ਦੀ ਸਰਦਾਰੀ ਖ਼ਤਮ ਹੋ ਜਾਂਦੀ ਹੈ। ਜੇ ਵੱਖ-ਵੱਖ ਵਿਭਾਗ ਪੰਚਾਇਤਾਂ ਅਤੇ ਮਿਊਂਸਿਪਲ ਕਮੇਟੀਆਂ ਨੂੰ ਸੌਂਪੇ ਜਾਣ ਤਾਂ ਅੱਜ ਸਾਡੇ ਮੁੱਖ-ਮੰਤਰੀਆਂ ਤੇ ਮੰਤਰੀਆਂ ਨੂੰ ਰਿਸ਼ਵਤਖੋਰੀ ਦੇ ਕੇਸਾਂ ਦਾ ਸਾਹਮਣਾ ਨਾ ਕਰਨ ਪਵੇ ਅਤੇ ਨਾ ਹੀ ਕੰਮ ਹੋਣ ਵਿਚ ਬੇ-ਲੋੜੀ ਦੇਰੀ ਹੋਵੇ।

ਇਸ ਲਈ ਜੇ ਭਾਰਤ ਨੇ ਤਰੱਕੀ ਕਰਨੀ ਹੈ ਤਾਂ ਸਾਨੂੰ ਵੀ ਭਾਰਤੀ ਸੰਵਿਧਾਨ ਵਿਚ ਅਮਰੀਕਾ, ਕੈਨੇਡਾ, ਕਿਊਬਾ, ਇੰਗਲੈਂਡ, ਜਰਮਨ ਆਦਿ ਵਿਕਸਿਤ ਦੇਸ਼ਾਂ ਦੇ ਪ੍ਰਬੰਧਾਂ ਦੀ ਘੋਖ ਕਰਕੇ ਜਿਥੇ ਫ਼ੈਡਰਲ ਢਾਂਚਾ ਭਾਵ ਸੂਬਿਆਂ ਨੂੰ ਖ਼ੁਦ-ਮੁਖ਼ਤਾਰੀ ਦੇਣ ਦੇ ਨਾਲ ਸਹੀ ਅਰਥਾਂ ਵਿਚ ਪੰਚਾਇਤੀ ਰਾਜ ਕਾਇਮ ਕਰਨਾ ਚਾਹੀਦਾ ਹੈ। ਮੁੱਖ-ਮੰਤਰੀਆਂ ਅਤੇ ਮੰਤਰੀਆਂ ਦੀਆਂ ਜ਼ੰਜੀਰਾਂ ਤੋਂ ਪ੍ਰਸ਼ਾਸਨ ਨੂੰ ਮੁਕਤ ਕਰਨਾ ਚਾਹੀਦਾ ਹੈ।

*2 ਫਰਵਰੀ 2014*



Academy of the Punjab in North America: http://www.apnaorg.com

# ਕੰਮ ਸਭਿਆਚਾਰ ਤੇ ਯੋਜਨਾਬੰਦੀ ਤਰੱਕੀ ਦੇ ਥੰਮ੍ਹ ਹਨ

ਇਨ੍ਹਾਂ ਦਿਨਾਂ ਵਿਚ ਕੈਨੇਡਾ ਅਤੇ ਅਮਰੀਕਾ ਵਿਚ ਪੈ ਰਹੀ ਬਰਫ਼ਬਾਰੀ ਅਤੇ ਰਿਕਾਰਡ ਤੋੜ ਠੰਡ ਵਿਸ਼ਵ-ਭਰ ਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਹੈ। ਸਿਫ਼ਰ ਦਰਜੇ 'ਤੇ ਬਰਫ਼ ਜੰਮਦੀ ਹੈ ਤੇ ਇਸ ਦਰਜੇ ਤੋਂ ਵੀ 25 ਦਰਜੇ ਘੱਟ ਤੀਕ ਤਾਪਮਾਨ ਪਹੁੰਚ ਜਾਂਦਾ ਹੈ। ਜਿਸ ਸਮੇਂ ਇਹ ਲੇਖਕ ਲੇਖ ਲਿਖ ਰਿਹਾ ਹੈ, ਬਾਹਰ ਬਰਫ਼ ਪੈ ਰਹੀ ਹੈ ਪਰ ਅਸੀਂ ਘਰ ਵਿਚ 70 ਦਰਜੇ ਫਾਰਨਹੀਟ ਤਾਪਮਾਨ ਕੀਤਾ ਹੋਇਆ ਹੈ, ਇਸ ਲਈ ਘਰ ਅੰਦਰ ਸਾਨੂੰ ਕੋਈ ਪ੍ਰੇਸ਼ਾਨੀ ਨਹੀਂ ਹੈ। ਪਿਛਲੇ 11 ਸਾਲ ਵਿਚ ਮੈਨੂੰ ਇਥੇ ਆਉਂਦਿਆਂ ਕਦੇ ਬਿਜਲੀ ਬੰਦ ਨਹੀਂ ਮਿਲੀ। ਹਾਂ, ਕਈ ਵਾਰ ਦਰਖ਼ਤ ਡਿਗਣ ਕਰਕੇ ਜੇ ਤਾਰਾਂ ਟੁੱਟ ਜਾਣ ਤਾਂ ਜ਼ਰੂਰ ਬਿਜਲੀ ਬੰਦ ਹੋ ਜਾਂਦੀ ਹੈ, ਪਰ ਸਾਡੇ ਇਲਾਕੇ ਵਿਚ ਬਚਾਅ ਹੀ ਰਿਹਾ। ਹਾਂ, ਕਈ ਸਾਲ ਪਹਿਲਾਂ ਅਮਰੀਕਾ ਦਾ ਇਕ ਗ੍ਰਿਡ ਫੇਲ੍ਹ ਹੋ ਗਿਆ ਤੇ ਬਾਕੀ ਵੀ ਹੌਲੀ ਹੌਲੀ ਫੇਲ੍ਹ ਹੋ ਗਏ ਤੇ ਇੰਜ ਅਮਰੀਕਾ ਦਾ ਇਕ ਹਿੱਸਾ ਬਲੈਕ ਆਊਟ ਹੋ ਗਿਆ। ਪਰ ਅਜਿਹਾ ਵਰਤਾਰਾ ਕਦੇ-ਕਦੇ ਹੀ ਹੁੰਦਾ ਹੈ। ਅਮਰੀਕਾ, ਕੈਨੇਡਾ ਵਗੈਰਾ ਵਿਚ ਹੜ੍ਹਾਂ ਤੇ ਹੋਰ ਕੁਦਰਤੀ ਕਰੋਪੀਆਂ ਨਾਲ ਘਰਾਂ ਅਤੇ ਹੋਰ ਮਾਲ ਦੀ ਬੜੀ ਤਬਾਹੀ ਹੁੰਦੀ ਹੈ ਪਰ ਇਨ੍ਹਾਂ ਨੇ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਲੋਕਾਂ ਦੀ ਜਾਨ ਕਿਸੇ ਨਾ ਕਿਸੇ ਤਰ੍ਹਾਂ ਜ਼ਰੂਰ ਬਚਾਈ ਜਾਵੇ।

ਹੁਣ ਸਾਡੇ ਭਾਰਤ ਮਹਾਨ ਦੀ ਗੱਲ ਲਉ। ਅੰਮ੍ਰਿਤਸਰ ਸ਼ਹਿਰ ਵਿਚ ਹਰ ਸੋਮਵਾਰ ਸਵੇਰੇ 9 ਵਜੇ ਤੋਂ 5 ਵਜੇ ਤੀਕ ਬਿਜਲੀ ਬੰਦ ਹੁੰਦੀ ਹੈ ਤੇ ਕਿਹਾ ਜਾਂਦਾ ਹੈ, ਕਰਮਚਾਰੀ ਰੀਪੇਅਰ ਕਰ ਰਹੇ ਹਨ। ਅੰਮ੍ਰਿਤਸਰ ਦਾ ਭੰਡਾਰੀ ਪੁਲ ਜੋ ਅੰਗਰੇਜ਼ਾਂ ਨੇ ਜਦ ਰੇਲਵੇ ਲਾਇਨ ਵਿਛਾਈ ਸੀ, ਉਦੋਂ ਦਾ ਓਡਾ ਹੀ ਹੈ, ਮਹਾਨ ਭਾਰਤ ਕੋਲੋਂ ਇਸ ਦੀ ਚੌੜਾਈ ਨਹੀਂ ਵੱਧ ਸਕੀ। ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਉਨੇ ਹੀ ਪਲੇਟਫਾਰਮ ਹਨ, ਜਿੰਨੇ ਅੰਗਰੇਜ਼ਾਂ ਨੇ ਬਣਾਏ ਸਨ। ਇਹ ਪਲੇਟਫ਼ਾਰਮ ਵਧਾਉਣਾ ਚਾਹੁੰਦੇ ਹਨ, ਪਰ ਵਧਦੇ ਨਹੀਂ।

ਜਦ ਮੈਂ ਐਮ.ਏ. ਅਰਥ-ਸ਼ਾਸਤਰ ਪੜ੍ਹਦਾ ਸੀ ਤੇ ਉਸ ਸਮੇਂ ਇਕ ਸੁਆਲ ਆ ਗਿਆ ਕਿ ਭਾਰਤੀ ਯੋਜਨਾਬੰਦੀ ਵਿਚ ਬੜੇ ਉੱਤਮ ਹਨ ਪਰ ਲਾਗੂ ਕਰਨ ਵਿਚ ਨਿਕੰਮੇ ਹਨ। ਇਸ ਉਪਰ ਵਿਚਾਰ ਕਰੋ। ਸ੍ਰੀ ਹਰਿਗੋਬਿੰਦਪੁਰ ਦਰਿਆ ਦਾ ਪੁਲ 2 ਕਰੋੜ ਵਿਚ ਬਣਨ ਦੀ ਯੋਜਨਾ ਸੀ ਪਰ ਉਸ ਦਾ ਕੰਮ ਏਨਾ ਲਮਕਾ ਦਿੱਤਾ ਗਿਆ ਕਿ ਉਹ 34 ਕਰੋੜ ਰੁਪਏ ਵਿਚ ਬਣਿਆ। ਇਸ ਤਰ੍ਹਾਂ ਦੀਆਂ ਅਨੇਕਾਂ ਉਦਾਹਰਨਾਂ ਹਨ, ਜੋ ਦਰਸਾਉਂਦੀਆਂ ਹਨ, ਕਿ ਅਸੀਂ ਸਮੇਂ ਦੀ ਅਹਿਮੀਅਤ ਨੂੰ ਨਹੀਂ ਸਮਝਦੇ। ਯੋਜਨਾਵਾਂ



Academy of the Punjab in North America: http://www.apnaorg.com

ਬੜੀਆਂ ਬਣਾਉਂਦੇ ਹਾਂ ਲਾਗੂ ਕਰਨ ਪ੍ਰਤੀ ਸੁਚੇਤ ਨਹੀਂ।

ਸਿਹਤ ਸੇਵਾਵਾਂ ਅਤੇ ਸਿੱਖਿਆ ਦੋ ਅਜਿਹੇ ਥੰਮ੍ਹ ਹਨ, ਜਿਨ੍ਹਾਂ ਨੇ ਚੰਗੇ ਤੇ ਸਿਹਤਬੰਦ ਸਮਾਜ ਦੀ ਉਸਾਰੀ ਕਰਨੀ ਹੁੰਦੀ ਹੈ ਤੇ ਵਿਸ਼ਵ-ਭਰ ਵਿਚ ਇਨ੍ਹਾਂ ਨੂੰ ਸਭ ਤੋਂ ਜ਼ਿਆਦਾ ਪਹਿਲ ਦਿੱਤੀ ਜਾਂਦੀ ਹੈ। ਭਾਰਤ ਮਹਾਨ ਵਿਚ ਹਸਪਤਾਲਾਂ ਵਿਚ ਡਾਕਟਰ ਨਹੀਂ, ਦਵਾਈਆਂ ਨਹੀਂ, ਸਕੂਲਾਂ ਵਿਚ ਅਧਿਆਪਕ ਤੇ ਹੋਰ ਅਮਲਾ ਨਹੀਂ। ਸਾਡੇ ਮੰਤਰੀ ਤੇ ਅਫ਼ਸਰ ਪਤਾ ਨਹੀਂ, ਕਿਹੜੇ ਸਕੂਲਾਂ ਵਿਚੋਂ ਪੜ੍ਹ ਕੇ ਆਏ ਹਨ, ਜਿੱਥੇਂ ਇਹ ਪੜ੍ਹਾਇਆ ਜਾਂਦਾ ਹੈ ਕਿ ਬਿਨਾਂ ਅਧਿਆਪਕਾਂ ਦੇ ਸਕੂਲ ਚਲ ਸਕਦੇ ਹਨ ਤੇ ਬਿਨਾਂ ਡਾਕਟਰਾਂ ਦੇ ਹਸਪਤਾਲ ਚਲ ਸਕਦੇ ਹਨ। ਅਸੀਂ ਬੜਾ ਫ਼ਖਰ ਕਰਦੇ ਹਾਂ ਕਿ ਅਸੀਂ ਵਿਸ਼ਵ-ਪੱਧਰੀ ਹਸਪਤਾਲ ਬਣਾਏ ਹਨ, ਪਰ ਸਾਡੇ ਲੀਡਰਾਂ ਕੋਲੋਂ ਪੁੱਛਣਾ ਬਣਦਾ ਹੈ ਕਿ ਜੇ ਅਜਿਹਾ ਹੈ ਤਾਂ ਤੁਸੀਂ ਗਰੀਬਾਂ ਦੇ ਟੈਕਸਾਂ ਤੋਂ ਇਕੱਤਰ ਕੀਤੇ ਪੈਸੇ ਨਾਲ ਅਮਰੀਕਾ ਇਲਾਜ ਕਰਾਉਣ ਲਈ ਕਿਉਂ ਆਉਂਦੇ ਹੋ?

ਵਿਦੇਸ਼ਾਂ ਵਿਚ ਉਪਰੋਕਤ ਵਰਤਾਰਾ ਇਸ ਕਰਕੇ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਕੰਮ ਸਭਿਆਚਾਰ ਹੈ। ਅਮਰੀਕਾ ਵਿਚ 6 ਜਮਾਤ ਤੋਂ ਬੱਚਿਆਂ ਲਈ ਲਾਇਬਰੇਰੀ, ਜਾਂ ਕਿਸੇ ਹੋਰ ਅਦਾਰੇ ਵਿਚ ਹਰ ਸਾਲ ਕੁਝ ਸਮਾਂ ਸੇਵਾ ਕਰਨਾ ਜਿਸ ਨੂੰ ਇਥੇ ਵਲੰਟੀਅਰ ਕਰਨਾ ਕਹਿੰਦੇ ਹਨ, ਜ਼ਰੂਰੀ ਹੈ। ਹਰ ਜਮਾਤ ਲਈ ਵੱਖ-ਵੱਖ ਘੰਟੇ ਨਿਸ਼ਚਿਤ ਹਨ। ਯੂਨੀਵਰਸਿਟੀ ਵਿਚ, ਕਾਲਜਾਂ ਵਿਚ, ਸਟੋਰਾਂ ਵਿਚ ਵਿਦਿਆਰਥੀ ਨਾਲੇ ਪੜ੍ਹਦੇ ਹਨ ਤੇ ਨਾਲੇ ਕੰਮ ਕਰਦੇ ਹਨ। ਜਦ ਬੱਚਾ 18 ਸਾਲ ਦਾ ਹੁੰਦਾ ਹੈ ਤਾਂ ਅਮਰੀਕੀ ਬੱਚੇ ਨੂੰ ਕਹਿੰਦੇ ਹਨ ਕਿ ਕੰਮ ਕਰੋ ਤੇ ਪੈਸੇ ਕਮਾਉ ਤੇ ਆਪਣੇ ਆਪ 'ਤੇ ਨਿਰਭਰ ਹੋਣ ਦਾ ਯਤਨ ਕਰੋ।

ਅਮਰੀਕਾ ਵਿਚ ਘਾਹ ਕੱਟਣਾ ਤੇ ਹੋਰ ਘਰੇਲੂ ਕੰਮ ਲੋਕ ਆਪ ਕਰਦੇ ਹਨ ਤੇ ਛੋਟੇ-ਛੋਟੇ ਬੱਚਿਆਂ ਨੂੰ ਵੀ ਜਾਚ ਸਿਖਾ ਦਿੰਦੇ ਹਨ। ਅਮਰੀਕਾ ਵਿਚ ਕੰਮ ਦੀ ਕੋਈ ਗਾਰੰਟੀ ਨਹੀਂ। ਜੇ ਕਰਮਚਾਰੀ ਕੰਮ ਨਹੀਂ ਕਰਦਾ ਤਾਂ ਉਸ ਨੂੰ ਕਹਿੰਦੇ ਹਨ ਕਿ ਸਵੇਰੇ ਕੰਮ 'ਤੇ ਨਹੀਂ ਆਉਣਾ। ਸਮੇਂ ਦੀ ਪਾਬੰਦੀ ਹੈ। ਤੁਹਾਨੂੰ ਦਫ਼ਤਰ ਵਿਚ ਕਰਮਚਾਰੀ ਕਦੇ ਵਿਹਲਾ ਬੈਠਾ ਨਹੀਂ ਮਿਲੇਗਾ। ਅਮਰੀਕਾ ਵਿਚ ਗਿਣਤੀ ਮਿਣਤੀ ਦੇ ਸਰਕਾਰੀ ਅਦਾਰੇ ਹਨ। ਸਾਰਾ ਅਮਰੀਕਾ ਪ੍ਰਾਈਵੇਟ ਅਦਾਰੇ ਚਲਾ ਰਿਹਾ ਹੈ। ਸਾਡੇ ਵਾਂਗ ਇੱਥੇ ਵੀ ਹਰ ਸ਼ਨੀਵਾਰ ਛੁੱਟੀ ਹੁੰਦੀ ਹੈ ਪਰ ਕਾਰਪੋਰੇਸ਼ਨ ਦੇ ਦਫ਼ਤਰ ਸ਼ਨੀਵਾਰ ਅੱਧਾ ਦਿਨ ਵੀ ਖੁੱਲ੍ਹਦੇ ਹਨ, ਤਾਂ ਜੋ ਲੋਕ ਛੁੱਟੀ ਵਾਲੇ ਦਿਨ ਕੰਮ ਕਰਵਾ ਸੱਕਣ। ਹਰ ਕਰਮਚਾਰੀ ਬੜੇ ਪ੍ਰੇਮ ਨਾਲ ਬੋਲਦਾ ਹੈ। ਸਰ ਜਾਂ ਮੈਡਮ ਕਰਕੇ ਬੁਲਾਉਂਦਾ ਹੈ, ਤੁਹਾਨੂੰ ਜੀ ਆਇਆਂ ਕਹਿੰਦਾ ਹੈ, ਕੋਈ ਰਿਸ਼ਵਤ ਨਹੀਂ ਮੰਗਦਾ। ਜਾਣ ਲਗਿਆਂ ਥੈਂਕਸ (ਧੰਨਵਾਦ) ਕਹਿੰਦਾ ਹੈ। ਸਮੇਂ ਦੀ ਪਾਬੰਦੀ ਹੈ।

ਜਿਵੇਂ ਸਾਡਾ ਉਪਰਲਾ ਸਦਨ ਰਾਜ ਸਭਾ ਹੈ, ਉਸੇ ਤਰ੍ਹਾਂ ਅਮਰੀਕਾ ਵਿਚ ਸੈਨੇਟ ਹੈ। ਹਰ ਸੂਬੇ ਵਿਚੋਂ ਦੋ-ਦੋ ਸੈਨੇਟਰ ਚੁਣੇ ਜਾਂਦੇ ਹਨ। ਇਸ ਤਰ੍ਹਾਂ ਇਸ ਸਦਨ ਦੇ ਸੌ ਮੈਂਬਰ ਹਨ। ਸਾਡੀ ਲੋਕ ਸਭਾ ਵਾਂਗ ਇੱਥੇ ਵੀ ਹੇਠਲਾ ਸਦਨ ਹੈ, ਜਿਸ ਨੂੰ ਕਾਂਗਰਸ ਕਹਿੰਦੇ ਹਨ, ਇਸ ਵਿਚ ਇਸ ਸਮੇਂ 435 ਮੈਂਬਰ ਹਨ। ਜ਼ਰੂਰੀ ਨਹੀਂ ਕਿ ਇਨ੍ਹਾਂ ਵਿਚੋਂ



Academy of the Punjab in North America: http://www.apnaorg.com

ਹੀ ਮੰਤਰੀ ਲਏ ਜਾਣ। ਮੰਤਰੀ ਆਮ ਲੋਕਾਂ ਵਿਚੋਂ ਬੜੇ ਸੂਝਵਾਨ ਵਿਅਕਤੀਆਂ ਨੂੰ ਲਿਆ ਜਾਂਦਾ ਹੈ, ਜਿਨ੍ਹਾਂ ਨੂੰ ਉਸ ਮਹਿਕਮੇ ਬਾਰੇ ਜਾਣਕਾਰੀ ਹੋਵੇ। ਭਾਰਤ ਵਿਚ ਕੌਂਸਲਰ ਤੋਂ ਲੈ ਕੇ ਮੁੱਖ-ਮੰਤਰੀ ਤੇ ਪ੍ਰਧਾਨ ਮੰਤਰੀ ਤੀਕ ਛੋਟੇ-ਛੋਟੇ ਕੰਮਾਂ ਲਈ ਨੀਂਹ ਪੱਥਰ ਰੱਖਣ, ਚੈੱਕ ਵੰਡਣ, ਸਾਈਕਲ ਵੰਡਣ, ਵਗੈਰਾ ਫਜ਼ੂਲ ਦੇ ਕੰਮਾਂ ਵਿਚ ਆਪਣਾ ਸਮਾਂ ਬਰਬਾਦ ਕਰਦੇ ਹਨ ਤੇ ਬਾਕੀ ਕਰਮਚਾਰੀਆਂ ਨੂੰ ਵੀ ਕੰਮ ਨਹੀਂ ਕਰਨ ਦਿੰਦੇ। ਇੱਥੇ ਅਜਿਹਾ ਨਹੀਂ। ਲੋਕਾਂ ਦੇ ਕੰਮ ਆਪਣੇ ਆਪ ਹੁੰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਵਲੋਂ ਸੰਗਤ ਦਰਸ਼ਨ ਦੇ ਪ੍ਰੋਗਰਾਮ ਪੰਜਾਬ ਸਰਕਾਰ ਦੇ ਨਿਕੰਮੇ ਪ੍ਰਬੰਧ ਦੀ ਮੂੰਹ ਬੋਲਦੀ ਤਸਵੀਰ ਹੈ।

ਅਮਰੀਕਾ ਵਿਚ ਵੀ ਹਫਤਾ 5 ਦਿਨ ਦਾ ਹੈ ਪਰ ਇੱਥੋਂ ਦੇ ਕਰਮਚਾਰੀ ਜਾਨ ਮਾਰ ਕੇ 5 ਦਿਨ ਕੰਮ ਕਰਦੇ ਹਨ। ਸਮੇਂ ਦੀ ਪਾਬੰਦੀ ਹੈ। ਸਾਡੇ ਮੰਤਰੀ ਤੇ ਅਫ਼ਸਰ ਆਪ ਸਮੇਂ ਸਿਰ ਦਫ਼ਤਰ ਨਹੀਂ ਆਉਂਦੇ ਬਾਕੀਆਂ ਕਿੱਥੋਂ ਆਉਣਾ ਹੈ ? ਭਾਰਤ ਵਿਚ ਲੋਕਾਂ ਨੂੰ ਨਿੱਕੇ-ਨਿੱਕੇ ਕੰਮਾਂ ਲਈ ਸੜਕਾਂ ਉਪਰ, ਥਾਣਿਆਂ ਜਾਂ ਦਫ਼ਤਰਾਂ ਵਿਚ ਧਰਨੇ ਦੇਣੇ ਪੈਂਦੇ ਹਨ, ਪਰ ਤੁਸੀਂ ਇੰਗਲੈਂਡ, ਕੈਨੇਡਾ, ਅਮਰੀਕਾ ਵਗੈਰਾ ਵਿਚ ਅਜਿਹਾ ਬਹੁਤ ਘੱਟ ਹੁੰਦਾ ਹੈ ਕਿਉਂਕਿ ਇਨ੍ਹਾਂ ਮੁਲਕਾਂ ਵਿਚ ਜਿਹੜਾ ਕੰਮ ਨਹੀਂ ਕਰਦਾ ਉਹ ਭਾਵੇਂ ਕੋਈ ਮੰਤਰੀ ਕਿਉਂ ਨਾ ਹੋਵੇ, ਉਸ ਨੂੰ ਟੰਗਿਆ ਜਾਂਦਾ ਹੈ। ਅਮਰੀਕਾ ਵਿਚ ਮੁੱਖ-ਮੰਤਰੀ ਨੂੰ ਗਵਰਨਰ ਕਿਹਾ ਜਾਂਦਾ ਹੈ। ਜਿਹੜਾ ਗਵਰਨਰ ਕੰਮ ਨਹੀਂ ਕਰਨਾ ਉਸ ਨੂੰ ਵਾਪਸ ਬੁਲਾਉਣ ਦੀ ਵਿਵਸਥਾ ਹੈ ਤੇ ਜੇ ਰਿਸ਼ਵਤਖੋਰੀ ਜਾਂ ਹੇਰਾਫੇਰੀ ਦਾ ਮਾਮਲਾ ਸਾਹਮਣੇ ਆ ਜਾਵੇ ਤਾਂ ਉਸ ਉਪਰ ਮੁਕੱਦਮਾ ਚਲਾਇਆ ਜਾਂਦਾ ਹੈ, ਜਿਸ ਨੂੰ ਇਮਪੀਚਮੈਂਟ ਕਰਨਾ ਕਹਿੰਦੇ ਹਨ। ਭਾਰਤ ਨੂੰ ਅਮਰੀਕਾ ਤੇ ਹੋਰ ਮੁਲਕਾਂ ਵਾਂਗ, ਮੁੱਖ-ਮੰਤਰੀਆਂ ਨੂੰ ਵੀ ਵਾਪਸ ਬੁਲਾਉਣ ਦੀ ਸੁਵਿਧਾ ਸਵਿਧਾਨਕ ਸੋਧ ਰਾਹੀਂ ਕਰਨੀ ਚਾਹੀਦੀ ਹੈ।

ਪ੍ਰਧਾਨ ਮੰਤਰੀ, ਮੁੱਖ-ਮੰਤਰੀਆਂ, ਗਵਰਨਰਾਂ, ਕੇਂਦਰੀ ਤੇ ਰਾਜ ਸਰਕਾਰ ਦੇ ਮੰਤਰੀਆਂ, ਪਾਰਲੀਮੈਂਟ ਮੈਂਬਰ, ਵਿਧਾਇਕਾਂ ਆਦਿ ਲਈ ਕੈਨੇਡਾ, ਇੰਗਲੈਂਡ ਆਦਿ ਵਾਂਗ ਜਿਵੇਂ ਸਰਕਾਰੀ ਕਰਮਚਾਰੀਆਂ ਦੇ ਸੇਵਾ ਨਿਯਮ ਬਣੇ ਹਨ, ਉਸੇ ਤਰ੍ਹਾਂ ਦੇ ਨਿਯਮ ਬਣਾਉਣ ਦੀ ਲੋੜ ਹੈ ਤਾਂ ਜੋ ਇਨ੍ਹਾਂ ਦੀ ਜੁਆਬਦੇਹੀ ਹੋ ਸਕੇ ਤਾਂ ਹੀ ਭਾਰਤ ਦੀ ਆਮ ਜਨਤਾ ਦੀ ਭਲਾਈ ਹੋ ਸਕਦੀ ਹੈ, ਵਰਨਾ ਇਥੋਂ ਦੀ ਜਨਤਾ ਨੇ ਭੁੱਖ-ਮਰੀ, ਅਨਪੜ੍ਹਤਾ, ਬੇ-ਰੁਜ਼ਗਾਰੀ, ਰਿਸ਼ਵਤਖੋਰੀ ਵਗੈਰਾ ਦਾ ਸ਼ਿਕਾਰ ਹੁੰਦੇ ਰਹਿਣਾ ਹੈ। ਨਰਕ ਸਵਰਗ ਇਸ ਧਰਤੀ ਉਪਰ ਵੀ ਹਨ। ਜਿਹੜਾ ਮਨੁੱਖ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਦਾ ਆਨੰਦ ਮਾਣ ਰਿਹਾ ਹੈ, ਉਹ ਸਵਰਗ ਵਿਚ ਹੈ, ਜਿਹੜਾ ਇਨ੍ਹਾਂ ਤੋਂ ਬਿਨਾਂ ਹੈ ਉਹ ਨਰਕ ਵਿਚ ਹੈ, ਉਹ ਭਾਵੇਂ ਕਿਸੇ ਵੀ ਦੇਸ਼ ਵਿਚ ਕਿਉਂ ਨਾ ਰਹਿੰਦਾ ਹੋਵੇ। ਇਸ ਲਈ ਵੋਟਰ ਜ਼ੁੰਮੇਵਾਰ ਹਨ, ਜਿਹੜੇ ਸੂਝਵਾਨ ਤੇ ਇਮਾਨਦਾਰ ਲੋਕਾਂ ਨੂੰ ਚੋਣਾਂ ਸਮੇਂ ਨਹੀਂ ਚੁਣਦੇ। ਸਮਾਜ ਸੇਵੀ ਸੰਸਥਾਵਾਂ ਵੀ ਇਸ ਲਈ ਜ਼ੁੰਮੇਵਾਰ ਹਨ, ਜਿਹੜੀਆਂ ਇਸ ਭ੍ਰਿਸ਼ਟ ਪ੍ਰਬੰਧ ਪ੍ਰਤੀ ਲੋਕਾਂ ਨੂੰ ਲਾਮਬੰਦ ਨਹੀਂ ਕਰਦੀਆਂ।

*26 ਜਨਵਰੀ 2014*



Academy of the Punjab in North America: http://www.apnaorg.com

# ਵਿਦਿਆਰਥੀਆਂ ਨੂੰ ਕੁੱਟਣਾ ਮੇਰੀ ਬੜੀ ਵੱਡੀ ਭੁੱਲ ਸੀ

ਮਾਰ-ਕੁਟਾਈ ਪੰਜਾਬੀ ਸਭਿਆਚਾਰ ਦਾ ਇਕ ਅੰਗ ਹੈ। ਡੰਡਾ ਪੀਰ ਹੈ ਵਿਗੜੇ ਤਿਗੜਿਆਂ ਦਾ ਛਿੱਤਰ ਪੀਰ ਹੈ...', ਇਸ ਤਰ੍ਹਾਂ ਦੀਆਂ ਕਈ ਪੰਕਤੀਆਂ ਤੁਹਾਨੂੰ ਪੰਜਾਬੀ ਕਿੱਸਿਆ ਤੇ ਲੋਕ ਗੀਤਾਂ ਵਿਚ ਮਿਲ ਜਾਂਦੀਆਂ ਹਨ, ਜਿਨ੍ਹਾਂ ਬਾਰੇ ਲਿਖਣਾ ਮੈਂ ਮੁਨਾਸਿਬ ਨਹੀਂ ਸਮਝਦਾ। ਅਸੀਂ ਘਰਾਂ ਵਿਚ ਛੋਟੇ-ਛੋਟੇ ਬੱਚਿਆਂ ਨੂੰ ਮਾਰਨਾ ਝਿੜਕਨਾ ਸ਼ੁਰੂ ਕਰ ਦਿੰਦੇ ਹਾਂ। ਸਕੂਲਾਂ ਵਿਚ ਵੀ ਅਸੀਂ ਸਮਝਦੇ ਹਾਂ ਕਿ ਵਿਦਿਆਰਥੀਆਂ ਨੂੰ ਕੁੱਟ-ਮਾਰ ਕਰ ਕੇ ਅਸੀਂ ਸੁਧਾਰ ਕਰ ਸਕਦੇ ਹਾਂ।

ਕਿਉਂਕਿ ਅਸੀਂ ਵਿਦਿਆਰਥੀ ਜੀਵਨ ਵਿਚ ਮਾਰ ਖਾਂਦੇ ਹਾਂ ਤੇ ਉਹੋ ਵਤੀਰਾ ਅਸੀਂ ਅਧਿਆਪਕ ਬਣ ਕੇ ਅਪਣਾਉਂਦੇ ਹਾਂ। ਮੈਨੂੰ ਜਦ ਆਪਣੇ ਪਿੰਡ ਗੁਮਟਾਲੇ ਦੇ ਸਕੂਲ ਦਾਖਲ ਕਰਵਾਉਣ ਖੜਿਆ ਗਿਆ ਤੇ ਉੱਥੇ ਵਿਦਿਆਰਥੀਆਂ ਨੂੰ ਮਾਰ ਪੈਂਦੀ ਵੇਖ ਕੇ ਮੈਂ ਸਮਝਿਆ ਕਿ ਇਹ ਤਾਂ ਬੱਚਿਆਂ ਦੀ ਕੁੱਟ-ਮਾਰ ਕਰਨ ਵਾਲੀ ਥਾਂ ਹੈ। ਮੈਂ ਉੱਥੋਂ ਦੌੜ ਆਇਆ ਤੇ ਮੈਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੈਂ ਨਹੀਂ ਇੱਥੇ ਜਾਣਾ। ਮੈਨੂੰ ਜਬਰੀ ਫੜ ਕੇ ਸਕੂਲ ਖੜਿਆ ਜਾਂਦਾ। ਮੇਰੇ ਦੋ ਗੁਆਂਢੀ ਸ. ਜਵਾਹਰ ਸਿੰਘ ਤੇ ਇਕ ਸਾਬਕਾ ਫ਼ੌਜੀ ਸ. ਬਲਵੰਤ ਸਿੰਘ ਮੈਨੂੰ ਫੜਨ ਲਈ ਮੇਰੇ ਮਗਰ ਦੌੜਦੇ ਤੇ ਮੈਨੂੰ ਫੜ ਕੇ ਜਬਰੀ ਸਕੂਲ ਖੜਦੇ। ਮੈਂ ਲੱਤਾਂ-ਬਾਹਾਂ ਮਾਰਨੀਆਂ, ਉਨ੍ਹਾਂ ਦੇ ਹੱਥੋਂ ਨਿਕਲਣ ਲਈ ਹਰ ਉਪਰਾਲਾ ਕਰਨਾ। ਹੌਲੀ ਹੌਲੀ ਜਦ ਅਧਿਆਪਕਾਂ ਨੇ ਪਿਆਰ ਕਰਨਾ ਸ਼ੁਰੂ ਕੀਤਾ ਤਾਂ ਮੈਂ ਆਪਣੇ ਆਪ ਸਕੂਲ ਜਾਣਾ ਸ਼ੁਰੂ ਕਰ ਦਿੱਤਾ।

ਮਾਰ-ਕੁਟਾਈ ਕਿਵੇਂ ਵਿਦਿਆਰਥੀਆਂ ਦੀ ਜ਼ਿੰਦਗੀ ਤਬਾਹ ਕਰਦੀ ਹੈ। ਇਸ ਦੀ ਉਦਾਹਰਨ ਦੇਂਦਾ ਹਾਂ। ਛੇਵੀਂ ਜਮਾਤ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਕੂਲ ਪੜ੍ਹਦੇ ਸੀ ਤਾਂ ਮੇਰੇ ਪਿੰਡ ਦੇ ਮੇਰੇ ਜਮਾਤੀ ਇੰਦਰ ਸਿੰਘ ਨੂੰ ਮਾਸਟਰ ਕਿਸ਼ਨ ਸਿੰਘ ਨੇ ਏਨਾ ਮਾਰਿਆ ਕਿ ਉਹ ਮੁੜ ਸਕੂਲ ਪੜ੍ਹਨ ਨਾ ਗਿਆ। ਕਸੂਰ ਉਸ ਦਾ ਇਹ ਸੀ ਕਿ ਡੈਸੀਮਲ ਦੇ ਸੁਆਲ ਵਿਚ ਉਸ ਨੇ ਡੈਸੀਮਲ ਨਹੀਂ ਸੀ ਲਾਇਆ ਤੇ ਮਾਸਟਰ ਜੀ ਨੇ ਸੁਆਲ ਗਲਤ ਕਰ ਦਿੱਤਾ। ਉਸ ਨੇ ਡੈਸੀਮਲ ਲਾ ਕੇ ਕਿਹਾ ਕਿ ਮੇਰਾ ਸੁਆਲ ਠੀਕ ਸੀ ਪਰ ਤੁਸਾਂ ਗਲਤ ਕੀਤਾ ਹੈ। ਪਰ ਉਸ ਕੋਲੋਂ ਗਲਤੀ ਇਹ ਹੋ ਗਈ ਕਿ ਉਸ ਨੇ ਜਿਹੜਾ ਡੈਸੀਮਲ ਲਾਇਆ, ਉਹ ਵਖਰੀ ਸਿਆਹੀ ਵਿਚ ਤੇ ਮਾਸਟਰ ਜੀ ਨੇ ਉਸ ਦੀ ਚਲਾਕੀ ਨੂੰ ਫੜ ਲਿਆ ਸੀ।

ਕਈ ਵੇਰ ਹੁਸ਼ਿਆਰ ਮੁੰਡਿਆਂ ਨੂੰ ਵੀ ਮਾਰ ਪੈ ਜਾਂਦੀ ਹੈ। ਅਸੀਂ ਗਿਆਰ੍ਹਵੀਂ ਜਮਾਤ ਵਿਚ ਪੜ੍ਹਦੇ ਸੀ ਤੇ ਸਿਆਲ ਦੇ ਦਿਨ ਸਨ। 1963 ਦੀ ਗੱਲ ਸਾਡਾ ਮਨੀਟਰ



Academy of the Punjab in North America: http://www.apnaorg.com

ਭਰਮਿੰਦਰ ਸਿੰਘ ਬੇਦੀ ਜੋ ਕਿ ਅੱਜ-ਕਲ੍ਹ ਅਮਰੀਕਾ ਦੇ ਟੈਂਮਪਾ ਸ਼ਹਿਰ ਵਿਚ ਡਾਕਟਰ ਹੈ। ਮੈਂ, ਯੂਥਾਸਿਟੀ ਦਾ ਡਾ. ਅਰਜਿੰਦਰਪਾਲ ਸਿੰਘ ਸੇਖੋਂ ਜੋ ਕਿ ਕਰਨਲ ਸੇਖੋਂ ਨਾਲ ਅਮਰੀਕਾ ਵਿਚ ਮਸ਼ਹੂਰ ਹੈ ਤੇ ਦੋ ਕੁ ਹੋਰ ਮੁੰਡੇ ਖਾਲਸਾ ਕਾਲਜ ਸੀਨੀਅਰ ਸੈਕੰਡਰ ਸਕੂਲ ਅੰਮ੍ਰਿਤਸਰ ਦੀ ਉਪਰਲੀ ਮੰਜ਼ਲ 'ਤੇ ਜਮਾਤ ਤੋਂ ਬਾਹਰ ਆ ਕੇ ਧੁੱਪ ਸੇਕ ਰਹੇ ਸੀ। ਪ੍ਰਿੰਸੀਪਲ ਸ. ਮਾਹਣਾ ਸਿੰਘ ਨੇ ਸਾਨੂੰ ਦੂਰੋਂ ਵੇਖ ਲਿਆ। ਉਹ ਬੈਂਤ ਲੈ ਉਪਰ ਆਏ ਤੇ ਕਹਿਣ ਲੱਗੇ ਕਿ ਤੁਸੀਂ ਬਾਹਰ ਕਿਉਂ ਖੜੇ ਹੋ। ਅਸੀਂ ਕਿਹਾ ਕਿ ਧੁੱਪ ਸੇਕ ਰਹਿ ਹਾਂ। ਪੀਰਡ ਵਿਹਲਾ ਸੀ। ਕਹਿਣ ਲੱਗੇ ਕਿ ਤੁਹਾਨੂੰ ਕਿਹਾ ਗਿਆ ਹੈ ਕਿ ਜਮਾਤੋਂ ਬਾਹਰ ਨਹੀਂ ਆਉਣਾ, ਮਨੀਟਰ ਨੇ ਤਾਂ ਬਾਕੀਆਂ ਨੂੰ ਰੋਕਣਾ ਹੈ, ਤੇ ਮਨੀਟਰ ਹੀ ਬਾਹਰ ਆ ਗਿਆ ਤਾਂ ਬਾਕੀ ਕਿਉਂ ਨਾ ਆਉਣਗੇ। ਮਨੀਟਰ ਕਰਕੇ ਸਾਨੂੰ ਵੀ ਮਾਰ ਪੈ ਗਈ।

1967 ਵਿਚ ਮੈਂ ਬੀ.ਐਸ-ਸੀ. ਕਰਕੇ ਅਧਿਆਪਕ ਲਗ ਗਿਆ। ਇਕ ਵਾਰ ਮਾਰ ਕਰਕੇ ਹਾਇਰ ਸੈਕੰਡਰੀ ਦੇ ਵਿਦਿਆਰਥੀ ਦੇ ਹੱਥ ਦਾ ਮਾਸ ਪਾਟ ਗਿਆ। ਉਸ ਨੇ ਅਗਲੇ ਦਿਨ ਪੱਟੀ ਬੰਨ੍ਹੀ ਸੀ ਤੇ ਮੈਨੂੰ ਦੱਸਿਆ ਕਿ ਸਰ ਤੁਸੀਂ ਜਿਹੜੀ ਚਪਟੀ ਮਾਰੀ ਸੀ ਉਸ ਨਾਲ ਮੇਰਾ ਮਾਸ ਪਾਟ ਗਿਆ ਹੈ ਪਰ ਮੈਂ ਘਰਦਿਆਂ ਨੂੰ ਕਿਹਾ ਕਿ ਮੈਂ ਸਾਈਕਲ ਤੋਂ ਡਿਗ ਪਿਆ ਸੀ। ਇਸ ਕਰਕੇ ਸੱਟ ਲੱਗ ਗਈ। ਮੈਂ ਕਿਹਾ ਕਿ ਤੈਨੂੰ ਜਾਣ ਕੇ ਤੇ ਮਾਰਿਆ ਨਹੀਂ ਸੀ। ਤੂੰ ਤਾਂ ਜਮਾਤ ਵਿਚ ਸ਼ਰਾਰਤਾਂ ਕਰਦਾ ਸੀ।

ਕਈ ਵੇਰ ਮੁੰਡਿਆਂ ਨੂੰ ਮਾਰਨ ਲੱਗੇ ਤਾਂ ਉਹ ਮੂੰਹ ਲਾਗੇ ਉਪਰ ਹੱਥ ਚੁੱਕ ਲੈਂਦੇ ਹਨ। ਇਕ ਵੇਰ ਅਜਿਹਾ ਹੀ ਹੋਇਆ। 1967 ਦੀ ਗੱਲ ਹੈ ਮੈਂ ਰਾਮਗੜ੍ਹੀਆ ਸੀਨੀਅਰ ਸੈਕੰਡਰ ਸਕੂਲ ਅੰਮ੍ਰਿਤਸਰ ਵਿਚ ਸਾਇੰਸ ਦਾ ਅਧਿਆਪਕ ਸੀ। ਜਦ ਮੈਂ ਸੋਟੀ ਮੁੰਡੇ ਦੇ ਹੱਥ ਉਪਰ ਮਾਰੀ ਤਾਂ ਉਸ ਨੇ ਹੱਥ ਪਰੇ ਕਰ ਲਿਆ ਉਹ ਸੋਟੀ ਮੱਥੇ ਉਪਰ ਵੱਜੀ ਤੇ ਉਸ ਦੇ ਸਿਰ 'ਚੋਂ ਖੂਨ ਵਗਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਸ. ਸ਼ੰਗਾਰਾ ਸਿੰਘ ਸਕੂਲ ਦੇ ਪ੍ਰਿੰਸੀਪਲ ਹੁੰਦੇ ਸਨ, ਉਹ ਕਹਿਣ ਲੱਗੇ ਕਿ ਧਿਆਨ ਨਾਲ ਆਰਾਮ ਨਾਲ ਮਾਰੀਦਾ ਹੈ। ਜੇ ਜ਼ਿਆਦਾ ਸੱਟ ਲੱਗ ਜਾਂਦੀ ਜਾਂ ਮੁੰਡੇ ਦੀ ਅੱਖ ਵਿਚ ਸੋਟੀ ਵੱਜ ਜਾਂਦੀ ਤਾਂ ਬਹੁਤ ਮਾੜਾ ਹੋਣਾ ਸੀ। ਉਹ ਵਿਦਿਆਰਥੀ ਜਦ ਵੀ ਮੈਨੂੰ ਬਾਅਦ ਵਿਚ ਮਿਲਦਾ ਤਾਂ ਮੈਨੂੰ ਬਹੁਤ ਦਰਦ ਮਹਿਸੂਸ ਹੁੰਦਾ ਕਿ ਉਸ ਦੇ ਮੱਥੇ ਉਪਰ ਨਿਸ਼ਾਨ ਲਈ ਮੈਂ ਦੋਸ਼ੀ ਹਾਂ।

ਜਦ ਅਮਰੀਕਾ ਕੈਨੇਡਾ ਆਉਣ ਦਾ ਸਬੱਬ ਮਿਲਿਆ ਤਾਂ ਪਤਾ ਲਗਾ ਕਿ ਇਨ੍ਹਾਂ ਮੁਲਕਾਂ ਵਿਚ ਕਿਸੇ ਨੂੰ ਵੀ ਮਾਰਨਾ-ਕੁਟਣਾ ਕਾਨੂੰਨੀ ਜੁਰਮ ਹੈ। ਕਈ ਬਜ਼ੁਰਗ ਇਧਰ ਆ ਕੇ ਜਦ ਪੋਤਰਿਆਂ ਨੂੰ ਜੇ ਇਕ-ਦੋ ਲਾ ਦੇਣ ਤਾਂ ਉਹ 911 ਨੰਬਰ 'ਤੇ ਪੁਲਿਸ ਨੂੰ ਫੋਨ ਕਰ ਦਿੰਦੇ ਹਨ ਤੇ ਪੁਲਿਸ ਬਜ਼ੁਰਗਾਂ ਨੂੰ ਫੜ ਕੇ ਲੈ ਜਾਂਦੀ ਹੈ, ਜਿਨ੍ਹਾਂ ਨੂੰ ਬਾਅਦ ਵਿਚ ਘਰ ਵਾਲੇ ਛੁਡਾ ਕੇ ਲਿਆਉਂਦੇ ਹਨ।

ਕੈਨੇਡਾ ਦੇ ਪੰਜਾਬੀਆਂ ਦੇ ਸ਼ਹਿਰ ਸਰੀ ਵਿਚ ਨਿਵਾਸ ਕਰਨ ਵਾਲੇ ਕਵੀ ਸ. ਗਿਆਨ ਸਿੰਘ ਕੋਟਲੀ ਨੂੰ ਪੁੱਛਿਆ ਕਿ ਤੁਹਾਡੇ ਰੁਝੇਵੇਂ ਕੀ ਹਨ, ਤਾਂ ਉਨ੍ਹਾਂ ਦੱਸਿਆ ਕਿ ਇਕ ਰੁਝੇਵਾਂ ਮੇਰਾ ਇਹ ਹੈ ਕਿ ਕਈ ਸ਼ਰਾਬੀ ਘਰਵਾਲੀਆਂ ਦੀ ਮਾਰ-ਕੁਟਾਈ ਕਰ ਦਿੰਦੇ ਹਨ ਤੇ ਉਹ ਪੁਲਿਸ ਨੂੰ ਸ਼ਿਕਾਇਤ ਕਰ ਕੇ ਕਹਿ ਦਿੰਦੀਆਂ ਹਨ ਕਿ ਪੁਲਿਸ



Academy of the Punjab in North America: http://www.apnaorg.com

ਉਨ੍ਹਾਂ ਦੇ ਘਰਵਾਲੇ ਨੂੰ ਆਦੇਸ਼ ਦੇਵੇ ਕਿ ਉਹ ਇਕ ਹਫ਼ਤਾ ਘਰ ਨਾ ਵੜੇ। ਜਦ ਪੁਲਿਸ ਅਜਿਹਾ ਕਰਦੀ ਹੈ ਤਾਂ ਉਹ ਮੈਨੂੰ ਫੋਨ ਕਰਦੇ ਹਨ ਕਿ ਮੇਰੀ ਘਰਵਾਲੀ ਨੂੰ ਕਹੋ ਕਿ ਅੱਗੇ ਤੋਂ ਮੈਂ ਅਜਿਹਾ ਨਹੀਂ ਕਰੂੰਗਾ, ਮੈਨੂੰ ਘਰ ਵੜਨ ਦੀ ਆਗਿਆ ਦੇ ਦੇਵੇ।

ਅਮਰੀਕਾ ਕੈਨੇਡਾ ਵਿਚ ਖ਼ਬਰਾਂ ਵਾਲੇ ਪ੍ਰੋਗਰਾਮ ਬੱਚਿਆਂ ਸਾਹਮਣੇ ਨਹੀਂ ਲਾਏ ਜਾਂਦੇ ਕਿਉਂਕਿ ਪੰਜਾਬ ਪੁਲਿਸ ਲੋਕਾਂ ਨੂੰ ਏਨੀ ਬੁਰੀ ਤਰ੍ਹਾਂ, ਕੁਟਦੀ ਹੈ ਕਿ ਲੋਕ ਡੰਗਰਾਂ ਨੂੰ ਵੀ ਏਨਾ ਨਹੀਂ ਕੁਟਦੇ ਤੇ ਬੱਚੇ ਪੁਛਦੇ ਹਨ ਕਿ ਪੁਲਿਸ ਕਿਉਂ ਕੁਟ ਰਹੀ ਹੈ, ਜਿਸ ਦਾ ਜੁਆਬ ਮਾਪਿਆਂ ਪਾਸ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਮੁਲਕਾਂ ਵਿਚ ਪੁਲਿਸ ਲੋਕਾਂ ਨਾਲ ਅਜਿਹਾ ਬਦਸਲੂਕ ਨਹੀਂ ਕਰਦੀ। ਅਮਰੀਕਾ ਵਿਚ ਜਦ ਕਿਸੇ ਸਿੱਖ ਦੀ ਦਸਤਾਰ ਜਬਰੀ ਉਤਾਰੀ ਜਾਂਦੀ ਹੈ ਤਾਂ ਪੰਜਾਬ ਵਿਚ ਮੁਜਾਹਰੇ ਹੁੰਦੇ ਹਨ ਜਦ ਕਿ ਪੰਜਾਬ ਪੁਲਿਸ ਰੋਜ਼ਾਨਾ ਹੀ ਅਜਿਹਾ ਕਰਦੀ ਹੈ। ਇਹ ਤਾਂ ਅੰਗਹੀਣਾਂ ਨੂੰ ਨਹੀਂ ਬਖ਼ਸ਼ਦੀ, ਜਦ ਕਿ ਅਮਰੀਕਾ, ਕੈਨੇਡਾ, ਇੰਗਲੈਂਡ ਵਿਚ ਸਭ ਤੋਂ ਵੱਧ ਸਤਿਕਾਰ ਅੰਗਹੀਣਾਂ ਦਾ ਕੀਤਾ ਜਾਂਦਾ ਹੈ।

ਇਸ ਲਈ ਲੋੜ ਹੈ, ਅਸੀਂ ਸਮੇਂ ਦੇ ਹਾਣੀ ਬਣੀਏ। ਮਾਰ-ਕੁਟਾਈ ਨੂੰ ਇਕ ਬੁਰਿਆਈ ਸਮਝੀਏ। ਜੇ ਵਿਦਿਆਰਥੀ ਨੂੰ ਸਜ਼ਾ ਦੇਣੀ ਹੈ ਤਾਂ ਹੋਰ ਤਰੀਕੇ ਹਨ, ਉਨ੍ਹਾਂ ਨੂੰ ਅਪਣਾਈਏ। ਪੁਲਿਸ ਨੂੰ ਵੀ ਇਨਸਾਨੀਅਤ ਦਾ ਪਾਠ ਪੜ੍ਹਾਈਏ। ਅਜਿਹਾ ਨਾ ਹੋਵੇ ਕਿ ਤੁਸੀਂ ਮੇਰੇ ਵਾਂਗ ਸੋਚੋ ਕਿ ਵਿਦਿਆਰਥੀਆਂ ਦੀ ਮਾਰ-ਕੁਟਾਈ ਕਰਨਾ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ।

*22 ਜਨਵਰੀ 2014*



Academy of the Punjab in North America: http://www.apnaorg.com

# ਬੇਲੋੜੇ ਨੇ ਗਵਰਨਰਾਂ ਦੇ ਅਹੁਦੇ

ਅਮਰੀਕਾ ਨੇ ਵੀ ਭਾਰਤ ਵਾਂਗ ਅੰਗਰੇਜ਼ਾਂ ਤੋਂ ਆਜ਼ਾਦੀ ਲਈ ਪਰ ਉਨ੍ਹਾਂ ਨੇ ਅੰਗਰੇਜ਼ਾਂ ਨਾਲੋਂ ਵਖਰੀ ਭਾਂਤ ਦਾ ਪ੍ਰਬੰਧ ਕਾਇਮ ਕੀਤਾ। ਭਾਵੇਂ ਅੱਜ ਦੁਨੀਆਂ ਵਿਚ ਅਮਰੀਕਾ ਨੂੰ ਸਾਮਰਾਜੀ ਦੇਸ਼ ਕਹਿ ਕੇ ਬੁਧੀਜੀਵੀਆਂ ਵੱਲੋਂ ਭੰਡਿਆ ਜਾਂਦਾ ਹੈ, ਪਰ ਇੱਥੋਂ ਦੀਆਂ ਕਈ ਗੱਲਾਂ ਬਹੁਤ ਚੰਗੀਆਂ ਹਨ, ਜਿਨ੍ਹਾਂ ਨੂੰ ਭਾਰਤ ਵੀ ਅਪਣਾ ਸਕਦਾ ਹੈ। ਇਨ੍ਹਾਂ ਵਿਚੋਂ ਇਕ ਹੈ ਸਾਡੇ ਵਾਂਗ ਦੋ ਦੋ ਅਹੁਦਿਆਂ ਦਾ ਨਾ ਹੋਣਾ।

ਭਾਰਤ ਵਿਚ ਅਸੀਂ ਕੇਂਦਰੀ ਪੱਧਰ 'ਤੇ ਦੋ ਅਹੁਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਰਖੇ ਹੋਏ ਹਨ ਤੇ ਰਾਜ ਪੱਧਰ 'ਤੇ ਮੁੱਖ-ਮੰਤਰੀ ਅਤੇ ਗਵਰਨਰ। ਅਮਰੀਕਾ ਵਿਚ ਪ੍ਰਧਾਨ ਮੰਤਰੀ ਦਾ ਆਹੁਦਾ ਨਹੀਂ ਹੈ। ਅਮਰੀਕਾ ਵਿਚ ਰਾਸ਼ਟਰਪਤੀ ਦੀ ਸਥਿਤੀ ਉਹੋ ਹੈ ਜੋ ਭਾਰਤ ਵਿਚ ਪ੍ਰਧਾਨ ਮੰਤਰੀ ਦੀ। ਅਮਰੀਕਾ ਵਿਚ ਰਾਸ਼ਟਰਪਤੀ ਦੀ ਸ਼ਕਤੀ ਭਾਰਤੀ ਪ੍ਰਧਾਨ ਮੰਤਰੀ ਨਾਲੋਂ ਵੀ ਜ਼ਿਆਦਾ ਹੈ। ਉਹ ਕਿਸੇ ਵੀ ਬਿਲ ਨੂੰ ਵੀਟੋ ਕਰ ਸਕਦਾ ਹੈ। ਪਰ ਜੇ ਬਿਲ ਦੁਬਾਰਾ ਪਾਸ ਹੁੰਦਾ ਹੈ ਤਾਂ ਉਹ ਮੁੜ ਵੀਟੋ ਨਹੀਂ ਕਰ ਸਕਦਾ। ਰਾਸ਼ਟਰਪਤੀ ਦੀ ਚੋਣ ਸਿੱਧੀ ਹੁੰਦੀ ਹੈ। ਭਾਵ ਕਿ ਸਾਰੇ ਅਮਰੀਕੀ ਵੋਟਰ ਸਿੱਧੀਆਂ ਵੋਟਾਂ ਪਾ ਕੇ ਰਾਸ਼ਟਰਪਤੀ ਚੁਣਦੇ ਹਨ। ਇਸ ਤਰ੍ਹਾਂ ਹਰ ਉਮੀਦਵਾਰ ਨੂੰ ਸਾਰੇ ਦੇਸ਼ ਵਿਚ ਵੱਖ ਵੱਖ ਥਾਵਾਂ 'ਤੇ ਜਾ ਕੇ ਵੋਟਰਾਂ ਪਾਸ ਪਹੁੰਚ ਕਰਨੀ ਪੈਂਦੀ ਹੈ।

ਸਾਡੇ ਵਾਂਗ ਇੱਥੇ ਵੀ ਦੋ ਸਦਨ ਹਨ। ਜਿਵੇਂ ਸਾਡੇ ਰਾਜ ਸਭਾ ਹੈ, ਇੱਥੇ ਸੈਨੇਟ ਹੈ ਤੇ ਜਿਵੇਂ ਸਾਡੇ ਲੋਕ ਸਭਾ ਹੈ, ਇਥੇ ਹਾਊਸ ਆਫ਼ ਰੀਪਰੀਜਨਟੇਟਿਵ ਹੈ ਜਿਸ ਨੂੰ ਆਮ ਤੌਰ 'ਤੇ ਕਾਂਗਰਸ ਕਹਿ ਦਿੰਦੇ ਹਨ। ਫ਼ਰਕ ਇਹ ਹੈ ਕਿ ਸੈਨੇਟ ਦੇ ਮੈਂਬਰ ਲੋਕ ਸਿੱਧੀਆਂ ਵੋਟਾਂ ਪਾ ਕੇ ਚੁਣਦੇ ਹਨ। ਅਮਰੀਕਾ ਦੇ 50 ਸੂਬੇ ਹਨ, ਹਰ ਸੂਬੇ ਵਿੱਚੋਂ ਦੋ ਸੈਨੇਟਰ ਚੁਣੇ ਜਾਂਦੇ ਹਨ। ਇਸ ਤਰ੍ਹਾਂ ਇੱਥੇ 100 ਸੈਨੇਟਰ ਹਨ। ਪਰ ਸਾਡੇ ਰਾਜ ਸਭਾ ਦੇ ਮੈਂਬਰ ਸਿੱਧੇ ਲੋਕਾਂ ਦੁਆਰਾ ਨਹੀਂ ਚੁਣੇ ਜਾਂਦੇ। ਰਾਜ ਸਭਾ ਵਿਚ ਚੋਰ ਮੋਰੀ ਰਾਹੀਂ ਕਈ ਅਜਿਹੇ ਵਿਅਕਤੀ ਪਹੁੰਚ ਜਾਂਦੇ ਹਨ ਜਿਹੜੇ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਚੋਣਾਂ ਵਿਚ ਹਾਰੇ ਹੁੰਦੇ ਹਨ।

ਸਾਡੇ ਪਾਰਲੀਮੈਂਟ ਵਿਚੋਂ ਹੀ ਕੇਂਦਰੀ ਮੰਤਰੀ ਬਣਦੇ ਹਨ ਪਰ ਅਮਰੀਕਾ ਵਿਚ ਰਾਸ਼ਟਰਪਤੀ ਜਿਸ ਸ਼ਹਿਰੀ ਨੂੰ ਮਰਜ਼ੀ ਮੰਤਰੀ ਲੈ ਸਕਦਾ ਹੈ। ਆਮ ਤੌਰ 'ਤੇ ਸਬੰਧਿਤ ਖੇਤਰ ਨਾਲ ਨਾਲ ਜੁੜੇ ਵਿਅਕਤੀ ਨੂੰ ਮੰਤਰੀ ਲਿਆ ਜਾਂਦਾ ਹੈ ਤਾਂ ਜੋ ਉਹ ਵਿਭਾਗ ਵਧੀਆ ਚਲਾ ਸਕੇ।

ਇਹੋ ਸਥਿਤੀ ਰਾਜਾਂ ਦੀ ਹੈ। ਅਮਰੀਕਾ ਵਿਚ ਰਾਜ ਪੱਧਰ 'ਤੇ ਸੂਬੇ ਦਾ ਮੁੱਖੀ



Academy of the Punjab in North America: http://www.apnaorg.com

ਗਵਰਨਰ ਹੁੰਦਾ ਹੈ, ਜਿਵੇਂ ਕੇਂਦਰ ਵਿਚ ਰਾਸ਼ਟਰਪਤੀ। ਉਸ ਦੀ ਚੋਣ ਸਿੱਧੀ ਹੁੰਦੀ ਹੈ। ਇੱਥੇ ਵੀ ਦੋ ਸਦਨ ਹਨ, ਜਿਨ੍ਹਾਂ ਦੀ ਚੋਣ ਦੀ ਚੋਣ ਸਿੱਧੀ ਹੁੰਦੀ ਹੈ, ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ। ਰਾਜ ਪਧਰ 'ਤੇ ਉਸ ਦੀ ਕਾਰਜ-ਵਿਧੀ ਵੀ ਰਾਸ਼ਟਰਪਤੀ ਵਾਲੀ ਹੈ। ਰਾਸ਼ਟਰਪਤੀ ਤੇ ਗਵਰਨਰ ਤੀਜੀ ਵਾਰ ਚੋਣ ਨਹੀਂ ਲੜ ਸਕਦੇ।

ਭਾਰਤ ਵਿਚ ਗਵਰਨਰਾਂ ਦੀਆਂ ਨਿਯੁਕਤੀਆਂ ਹਮੇਸ਼ਾ ਵਾਦ ਵਿਵਾਦ ਵਿਚ ਰਹੀਆਂ ਹਨ। ਇਨ੍ਹਾਂ ਦੀ ਚੋਣ ਲਈ ਕੋਈ-ਵਿਧੀ ਵਿਧਾਨ ਨਹੀਂ। ਕੇਂਦਰ ਵਿਚ ਹਾਕਮ ਪਾਰਟੀ ਆਪਣੇ ਚਹੇਤਿਆਂ ਨੂੰ ਖ਼ੁਸ਼ ਕਰਨ ਲਈ ਗਵਰਨਰ ਲਾ ਦਿੰਦੀ ਹੈ। ਜਦ ਸਰਕਾਰ ਬਦਲਦੀ ਹੈ ਤਾਂ ਗਵਰਨਰ ਵੀ ਬਦਲ ਦਿੱਤੇ ਜਾਂਦੇ ਹਨ। ਚੋਣ ਸਮੇਂ ਨਾ ਤਾਂ ਉਨ੍ਹਾਂ ਦੀ ਉਮਰ ਵੇਖੀ ਜਾਂਦੀ ਹੈ ਤੇ ਨਾ ਹੀ ਕੋਈ ਯੋਗਤਾ। ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਵਿਅਕਤੀ ਵੀ ਗਵਰਨਰ ਦੇ ਅਹੁਦੇ ਨਾਲ ਨਿਵਾਜ਼ੇ ਜਾ ਰਹੇ ਹਨ। 88-88 ਸਾਲ ਦੇ ਵਿਅਕਤੀ ਗਵਰਨਰ ਲੱਗੇ ਹੋਏ ਹਨ, ਜਦ ਕਿ ਇਹ ਉਮਰ ਘਰ ਬੈਠ ਕੇ ਆਰਾਮ ਕਰਨ ਲਈ ਹੁੰਦੀ ਹੈ।

ਗਵਰਨਰਾਂ ਨੇ ਬਤੌਰ ਰਾਸ਼ਟਰਪਤੀ ਦੇ ਨੁਮਾਇੰਦੇ ਰਾਜ ਸਰਕਾਰ ਦੇ ਕੰਮ ਕਾਜ 'ਤੇ ਨਿਗਾਹ ਰਖਣੀ ਹੁੰਦੀ ਹੈ ਤੇ ਸਰਕਾਰ ਵੱਲੋਂ ਕੀਤੀ ਗ਼ਲਤ ਕੰਮਾਂ ਦੀ ਰਿਪੋਰਟ ਰਾਸ਼ਟਰਪਤੀ ਨੂੰ ਭੇਜਣੀ ਹੁੰਦੀ ਹੈ ਪਰ ਕੋਈ ਵੀ ਗਵਰਨਰ ਅਜਿਹਾ ਨਹੀਂ ਕਰਦਾ। ਭਾਵੇਂ ਰਾਸ਼ਟਰਪਤੀ ਪਾਸ ਵੇਖਣ ਨੂੰ ਤਾਂ ਬਹੁਤ ਸ਼ਕਤੀਆਂ ਹਨ, ਪਰ ਇਹ ਸ਼ਕਤੀਆਂ ਕੇਵਲ ਕਾਗ਼ਜ਼ਾਂ ਵਿਚ ਹੀ ਹਨ। ਉਸ ਨੇ ਕੇਂਦਰੀ ਸਰਕਾਰ ਦੇ ਕਹੇ 'ਤੇ ਕੰਮ ਕਰਨਾ ਹੁੰਦਾ ਹੈ। ਇਸੇ ਤਰ੍ਹਾਂ ਰਾਜਾਂ ਵਿਚ ਵੀ ਗਵਰਨਰਾਂ ਦੀਆਂ ਬਹੁਤ ਸਾਰੀਆਂ ਸ਼ਕਤੀਆਂ ਹਨ, ਪਰ ਉਹ ਕੇਵਲ ਕਾਗਜ਼ਾਂ ਵਿਚ ਹੀ ਹਨ। ਉਸ ਨੇ ਰਾਜ ਸਰਕਾਰ ਦੇ ਕਹੇ 'ਤੇ ਹੀ ਕੰਮ ਕਰਨੇ ਹੁੰਦੇ ਹਨ। ਜਦ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜ ਨੇ ਹਮਲਾ ਕੀਤਾ ਸੀ ਤਾਂ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਦੀ ਇਸ ਲਈ ਬਹੁਤ ਨੁਕਤਾਚੀਨੀ ਹੋਈ ਸੀ। ਇੱਥੋਂ ਤੀਕ ਕਿ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਵੀ ਸੱਦਿਆ ਗਿਆ ਪਰ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਫ਼ੌਜ ਭੇਜਣ ਲਈ ਕੋਈ ਦਸਤਖ਼ਤ ਨਹੀਂ ਕੀਤਾ। ਉਹ ਫ਼ੌਜ ਦੇ ਮੁਖੀ ਤਾਂ ਹਨ ਪਰ ਫ਼ੌਜ ਨੇ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ, ਇਹ ਵੇਖਣਾ ਕੇਂਦਰੀ ਸਰਕਾਰ ਦਾ ਕੰਮ ਹੈ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ ਸੀ।

ਕਈ ਬੁਧੀਜੀਵੀਆਂ ਦਾ ਕਹਿਣਾ ਹੈ ਕਿ ਸਾਨੂੰ ਵੀ ਅਮਰੀਕਾ ਵਰਗਾ ਪ੍ਰਬੰਧਕੀ ਢਾਂਚਾ ਕਾਇਮ ਕਰਨਾ ਚਾਹੀਦਾ ਹੈ। ਅਮਰੀਕੀ ਸਾਮਰਾਜੀ ਦੇਸ਼ ਹੈ, ਇਸ ਲਈ ਸਮੁੱਚੀ ਪ੍ਰਣਾਲੀ ਨੂੰ ਅਸੀਂ ਨਹੀਂ ਅਪਣਾ ਸਕਦੇ, ਪਰ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਤੇ ਗਵਰਨਰਾਂ ਦਾ ਅਹੁਦਿਆਂ ਬਾਰੇ ਸਾਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਰਾਜ ਸਭਾ ਦੇ ਮੈਂਬਰਾਂ ਦੀ ਚੋਣ ਵੀ ਸਿੱਧੀ ਹੋਣੀ ਚਾਹੀਦੀ ਹੈ। ਗਵਰਨਰਾਂ ਦਾ ਆਹੁਦੇ ਤਾਂ ਸੌਖਿਆਂ ਹੀ ਸਮਾਪਤ ਕੀਤੇ ਜਾ ਸਕਦੇ ਹਨ। ਜਿੰਨੀ ਦੇਰ ਤੀਕ ਅਜਿਹਾ ਨਹੀਂ ਹੁੰਦਾ, ਇਨ੍ਹਾਂ ਦੀਆਂ ਨਿਯੁਕਤੀਆਂ ਤੇ ਕਾਰਜਸ਼ੈਲੀ ਦੇ ਵਿੱਧੀ ਵਿਧਾਨ 'ਤੇ ਜ਼ਰੂਰ ਨਜ਼ਰਸਾਨੀ ਕਰਨ ਦੀ ਲੋੜ ਹੈ।

ਕੇਂਦਰ-ਰਾਜ ਸੰਬੰਧਾਂ ਨੂੰ ਲੈ ਕੇ ਬਣਾਏ ਸਰਕਾਰੀਆਂ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਨਜ਼ਰ ਅੰਦਾਜ਼ ਕਰ ਕੇ ਗਵਰਨਰਾਂ ਦੀਆਂ ਨਿਯੁਕਤੀਆਂ ਹੋ ਰਹੀਆਂ ਹਨ। ਇਸ ਕਮਿਸ਼ਨ



Academy of the Punjab in North America: http://www.apnaorg.com

ਨੇ ਸਿਫ਼ਾਰਸ਼ ਕੀਤੀ ਸੀ ਕਿ ਉਸ ਵਿਅਕਤੀ ਨੂੰ ਗਵਰਨਰ ਲਾਇਆ ਜਾਵੇ ਜਿਸ ਨੇ ਰਾਜਨੀਤੀ ਵਿਚ ਬਹੁਤਾ ਹਿੱਸਾ ਨਾ ਲਿਆ ਹੋਵੇ, ਖ਼ਾਸ ਕਰਕੇ ਨਿਯੁਕਤੀ ਤੋਂ ਫੌਰੀ ਪਹਿਲਾਂ। ਇਸ ਨੁਕਤੇ 'ਤੇ ਹਾਲ ਹੀ ਵਿਚ ਨਿਯੁਕਤ ਕੀਤੇ ਗਏ ਵਿਅਕਤੀ ਪੂਰੇ ਨਹੀਂ ਉਤਰਦੇ। ਹੋਰ ਸਿਫਾਰਸ਼ਾਂ ਵਿਚ ਸਰਕਾਰੀਆ ਕਮਿਸ਼ਨ ਦਾ ਕਹਿਣਾ ਹੈ ਕਿ ਗਵਰਨਰ ਬਹੁਤ ਹੀ ਪ੍ਰਸਿੱਧੀ ਵਾਲੀਆਂ ਸ਼ਖਸੀਅਤਾਂ ਹੋਣੀਆਂ ਚਾਹੀਦੀਆਂ ਹਨ। ਉਹ ਦੂਜੇ ਸੂਬਿਆਂ ਤੋਂ ਹੋਣ ਤੇ ਜਿਨ੍ਹਾਂ ਦਾ ਉਸ ਸੂਬੇ ਦੀ ਸਿਆਸਤ ਨਾਲ ਕੋਈ ਸੰਬੰਧ ਨਾ ਹੋਵੇ। ਕਮਿਸ਼ਨ ਅਨੁਸਾਰ ਚੰਗੀ ਗੱਲ ਇਹ ਹੈ ਕਿ ਜਿਸ ਸੂਬੇ ਵਿਚ ਕੇਂਦਰ ਵਿਚ ਕਾਬਜ਼ ਪਾਰਟੀ ਜਾਂ ਗਠਜੋੜ ਵਾਲੀਆਂ ਪਾਰਟੀਆਂ ਦਾ ਰਾਜ ਨਾ ਹੋਵੇ, ਉੱਥੇ ਹਾਕਮ ਪਾਰਟੀ ਜਾਂ ਗਠਜੋੜ ਵਾਲੀਆਂ ਪਾਰਟੀਆਂ ਵਿਚੋਂ ਕਿਸੇ ਵੀ ਪਾਰਟੀ ਨਾਲ ਸੰਬੰਧਿਤ ਵਿਅਕਤੀ ਨੂੰ ਗਵਰਨਰ ਨਾ ਲਾਇਆ ਜਾਵੇ। ਸੂਬੇ ਦੇ ਮੁੱਖ ਮੰਤਰੀ ਦੀ ਗਵਰਨਰ ਦੀ ਨਿਯੁਕਤੀ ਲਈ ਸਲਾਹ ਲੈਣ ਲਈ ਭਾਰਤੀ ਸੰਵਿਧਾਨ ਦੀ ਧਾਰਾ 155 ਵਿਚ ਲੋੜੀਂਦੀ ਸੋਧ ਕੀਤੀ ਜਾਵੇ। ਗਵਰਨਰ ਨੂੰ ਪੰਜ ਸਾਲ ਤੋਂ ਪਹਿਲਾਂ ਨਾ ਹਟਾਇਆ ਜਾਵੇ, ਜੇ ਲੋੜ ਪਵੇ ਤਾਂ ਉਸ ਲਈ ਕੀ ਵਿਧੀ ਅਪਣਾਈ ਜਾਵੇ। ਉਸ ਬਾਰੇ ਸਰਕਾਰੀਆ ਕਮਿਸ਼ਨ ਨੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਉਪ ਰਾਸ਼ਟਰਪਤੀ ਅਤੇ ਲੋਕ ਸਭਾ ਦੇ ਸਪੀਕਰ ਦੀ ਪ੍ਰਧਾਨ ਮੰਤਰੀ ਨੂੰ ਨਿਯੁਕਤੀ ਸਮੇਂ ਸਲਾਹ ਲੈਣ ਦੀ ਸਿਫਾਰਸ਼ ਕੀਤੀ ਗਈ ਹੈ। ਕਮਿਸ਼ਨ ਨੇ ਗਵਰਨਰ ਦੀਆਂ ਸ਼ਕਤੀਆਂ ਤੇ ਉਨ੍ਹਾਂ ਨਾਲ ਜੁੜੇ ਮਾਮਲਿਆਂ ਬਾਰੇ ਵੀ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਕੇਂਦਰ ਵਿਚ ਹਾਕਮ ਧਿਰ ਉਨ੍ਹਾਂ ਦੀ ਕਈ ਵਾਰ ਦੁਰਵਰਤੋਂ ਕਰਦੀ ਹੈ, ਇਸ ਨੂੰ ਵੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨਾਲ ਰੋਕਿਆ ਜਾ ਸਕਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।

ਮੋਦੀ ਸਰਕਾਰ ਨੇ ਵੀ ਸਰਕਾਰੀਆਂ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅਣਡਿੱਠ ਕਰਕੇ ਯੂ.ਪੀ.ਏ. ਵੱਲੋਂ ਨਿਯੁਕਤ ਗਵਰਨਰਾਂ ਨੂੰ ਆਪਣੇ ਆਹੁਦਿਆਂ ਤੋਂ ਹਟਾ ਕੇ ਆਪਣੇ ਚਹੇਤਿਆਂ ਨੂੰ ਇਸ ਸ਼ਾਨਦਾਰ ਆਹੁਦੇ 'ਤੇ ਨਿਵਾਜਿਆ ਹੈ। ਮੋਦੀ ਸਰਕਾਰ ਪਾਸੋਂ ਪੁੱਛਣਾ ਬਣਦਾ ਹੈ ਕਿ ਜੇ ਕੇਂਦਰ ਸਰਕਾਰ ਨੇ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਹੀਂ ਕਰਨਾ ਤਾਂ ਇਹ ਕਮਿਸ਼ਨ ਬਣਾਇਆ ਕਿਉਂ ਗਿਆ। ਕਿਉਂ ਲੋਕਾਂ ਦੇ ਟੈਕਸਾਂ ਦਾ ਪੈਸਾ ਕਮਿਸ਼ਨ ਬਨਾਉਣ ਲਈ ਖ਼ਰਚ ਕੀਤਾ ਗਿਆ। ਮਾਨਯੋਗ ਸੁਪਰੀਮ ਕੋਰਟ ਨੇ ਵੀ ਗਵਰਨਰਾਂ ਨੂੰ ਹਟਾਉਣ ਬਾਰੇ ਦਿਸ਼ਾ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ ਨੂੰ ਅਣਡਿੱਠ ਕਿਉਂ ਕੀਤਾ ਜਾ ਰਿਹਾ ਹੈ। ਕੀ ਲੋਕ ਤੰਤਰ ਹੈ ਕਿ ਤਾਨਾਸ਼ਾਹੀ ?

ਐਨ.ਡੀ.ਏ. ਸਰਕਾਰ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਜੇ ਉਸ ਨੇ ਯੂ.ਪੀ.ਏ. ਸਰਕਾਰ ਦੀਆਂ ਨੀਤਾਂ 'ਤੇ ਹੀ ਚਲਣਾ ਹੈ, ਜਿਵੇਂ ਕਿ ਇਸ ਸਮੇਂ ਚਲ ਰਹੀ ਹੈ ਤਾਂ ਇਸ ਦਾ ਹਸ਼ਰ ਵੀ ਉਹੋ ਹੀ ਹੋਵੇਗਾ ਜੋ ਵਾਜਪਾਈ ਸਰਕਾਰ ਦਾ ਸੀ। ਇਸ ਲਈ ਇਸ ਨੂੰ ਗਵਰਨਰ ਦੇ ਅਹੁਦੇ ਨੂੰ ਨਵੇਂ ਸਿਰੇ ਤੋਂ ਵਾਚਣਾ ਚਾਹੀਦਾ ਹੈ ਤੇ ਇਸ ਸੰਬੰਧੀ ਅਗਾਂਹ ਵਧੂ ਪਹੁੰਚ ਅਪਨਾਉਣੀ ਚਾਹੀਦੀ ਹੈ।

*31 ਜੁਲਾਈ 2014*



Academy of the Punjab in North America: http://www.apnaorg.com

# ਲੇਖਕ ਇੰਝ ਬਣਿਆ

ਮੇਰੇ ਪਿਤਾ ਸ. ਗੁਰਦਿੱਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਂਕ ਸੀ। ਧਾਰਮਿਕ ਪੁਸਤਕਾਂ ਤੋਂ ਇਲਾਵਾ, ਸੋਹਨ ਸਿੰਘ ਸੀਤਲ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਪ੍ਰੋ. ਮੋਹਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ ਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਤੋਂ ਇਲਾਵਾ ਹੀਰ ਰਾਂਝਾ, ਭਗਤ ਪੂਰਨ, ਸੱਸੀ ਪੁੰਨੂੰ ,ਮਿਰਜ਼ਾ ਸਾਹਿਬਾਂ, ਰਾਂਝਾ, ਭਰਥਰੀ ਤੇ ਹੋਰ ਕਿੱਸੇ ਘਰ ਵਿੱਚ ਸਨ, ਜਿਨ੍ਹਾਂ ਨੂੰ ਪੜ੍ਹਨ ਦਾ ਮੌਕਾ ਬਚਪਨ ਵਿਚ ਹੀ ਮਿਲ ਗਿਆ। ਪਿੰਡ ਵਿਚ ਸਾਡੇ ਘਰ ਦੇ ਬਾਹਰ ਮੇਰੇ ਪਿਤਾ ਜੀ ਦੀ ਦਰਜ਼ੀ ਦੀ ਦੁਕਾਨ ਸੀ, ਜਿੱਥੇ ਪਿੰਡ ਦੇ ਸ. ਸਵਰਨ ਸਿੰਘ ਸਲਾਰ ਹੀਰ ਵਾਰਿਸ ਗਾਉਂਦੇ ਹੁੰਦੇ ਸਨ। ਸੰਤ ਸਿਪਾਹੀ ਤੇ ਹੋਰ ਰਸਾਲੇ ਵੀ ਆਉਂਦੇ ਸਨ। ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਜੋ ਕਿ ਸ. ਜੋਗਿੰਦਰ ਸਿੰਘ ਢਿਲੋਂ ਦੀ ਹਵੇਲੀ ਵਿਚ ਰਹਿੰਦੇ ਸਨ, ਉਹ ਡਾਕ ਰਾਹੀਂ ਪ੍ਰੀਤਲੜੀ ਮੰਗਵਾਉਂਦੇ ਸਨ, ਜੋ ਡਾਕੀਆ ਸਾਡੀ ਦੁਕਾਨ 'ਤੇ ਦੇ ਜਾਂਦਾ। ਉਨ੍ਹਾਂ ਦੇ ਪੜ੍ਹਨ ਤੋਂ ਪਹਿਲਾਂ ਅਸੀਂ ਉਸ ਨੂੰ ਪੜ੍ਹ ਲੈਂਦੇ। ਮੇਰੇ ਦਾਦਾ ਸ. ਮੰਗਲ ਸਿੰਘ ਮਿਰਜ਼ਾ ਗਾਉਂਦੇ ਹੁੰਦੇ ਸਨ। ਮੇਰੇ ਚਾਚਾ ਸ. ਬੂਟਾ ਸਿੰਘ ਗੁਰਦੁਆਰੇ ਦੇ ਗ੍ਰੰਥੀ ਸਨ। ਉਨ੍ਹਾਂ ਨੇ ਸਾਨੂੰ ਛੋਟਿਆਂ ਹੁੰਦਿਆਂ ਨੂੰ ਪਾਠ ਕਰਨਾ ਸਿਖਾ ਦਿਤਾ।

ਇਸ ਤਰ੍ਹਾਂ ਪੁਸਤਕਾਂ ਨਾਲ ਬਚਪਨ ਤੋਂ ਪ੍ਰੇਮ ਸੀ, ਪਰ ਕਦੇ ਸਕੂਲ ਜਾਂ ਕਾਲਜ ਦੇ ਮੈਗਜ਼ੀਨ ਲਈ ਲਿਖਿਆ ਕੁਝ ਨਹੀਂ ਸੀ, ਭਾਵੇਂ ਕਿ ਮੈਂ ਛੇਵੀਂ ਤੋਂ ਗਰੈਜੂਏਸ਼ਨ ਤੀਕ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਪੜ੍ਹਿਆ ਸੀ। ਪਰ ਇਹ ਮੌਕਾ ਮੇਲ ਹੀ ਸਮਝੋ ਕਿ ਮੈਂ ਪੰਜਾਬੀ ਦਾ ਲੇਖਕ ਬਣ ਗਿਆ, ਹਾਲਾਂ ਕਿ ਮੈਂ ਸਾਇੰਸ ਦਾ ਵਿਦਿਆਰਥੀ ਰਿਹਾ ਹਾਂ ਤੇ ਸਾਇੰਸ ਪੜ੍ਹਾਉਣਾ ਹੀ ਮੇਰਾ ਕਿੱਤਾ ਸੀ।

ਹੋਇਆ ਇੰਜ ਕਿ ਪੰਜਾਬੀ ਟ੍ਰਿਬਿਊਨ ਨਵੀਂ-ਨਵੀਂ ਸ਼ੁਰੂ ਹੋਈ ਸੀ। ਉਸ ਵਿਚ ਇਕ ਲੇਖ ਛਪਿਆ, ਜਿਸ ਵਿਚ ਲੇਖਕ ਨੇ ਲਿਖਿਆ ਕਿ ਅਧਿਆਪਕ ਕਮਿਸ਼ਨ ਦੇ ਲਾਲਚ ਵਿਚ ਗਾਈਡਾਂ ਲਗਾਉਂਦੇ ਹਨ। ਲੇਖਕ ਨੇ ਸਮੁਚੇ ਅਧਿਆਪਕ ਵਰਗ ਨੂੰ ਭੰਡਿਆ, ਜਿਵੇਂ ਗਾਈਡਾਂ ਦੀ ਕੋਈ ਸਾਰਥਕਤਾ ਹੀ ਨਾ ਹੋਵੇ ਤੇ ਕਮਿਸ਼ਨ ਦੀ ਖ਼ਾਤਰ ਹੀ ਗਾਈਡਾਂ ਵਿਕ ਰਹੀਆਂ ਹੋਣ। ਇਹ ਮੈਨੂੰ ਚੰਗਾ ਨਾ ਲਗਾ। ਮੈਂ ਇਸ ਦੇ ਜੁਆਬ ਵਿਚ ਉਹ ਕਾਰਨ ਦੱਸੇ ਕਿ ਅਧਿਆਪਕ ਗਾਈਡਾਂ ਕਿਉਂ ਲਵਾਉਂਦੇ ਹਨ। ਸਰਕਾਰੀ ਸਕੂਲਾਂ ਵਿਚ ਅਕਸਰ ਇਹ ਮਜਬੂਰੀ-ਵਸ ਲਵਾਉਣੀਆਂ ਪੈਂਦੀਆਂ ਹਨ। ਕਮਿਸ਼ਨ ਨਾਲ ਉਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਤੇ ਨਾ ਹੀ ਕਮਿਸ਼ਨ ਦੀ ਏਡੀ ਵਡੀ ਰਾਸ਼ੀ ਹੁੰਦੀ



Academy of the Punjab in North America: http://www.apnaorg.com

ਹੈ। ਇਹ ਮੈਂ ਤਾਂ ਭੇਜਿਆ ਸੀ 'ਪਾਠਕਾਂ ਦੇ ਖ਼ਤ' ਕਾਲਮ ਲਈ ਪਰ ਉਨ੍ਹਾਂ ਨੇ ਸੰਪਾਦਕੀ ਪੰਨੇ 'ਤੇ ਛਾਪ ਦਿੱਤਾ। ਇਸ ਲੇਖ ਨੂੰ ਪਾਠਕਾਂ ਨੇ ਬਹੁਤ ਪਸੰਦ ਕੀਤਾ ਤੇ ਮੈਨੂੰ ਕੁਝ ਦਿਨਾਂ ਪਿੱਛੋਂ ਪੰਜਾਬੀ ਟ੍ਰਿਬਿਊਨ ਦੀ ਕਾਪੀ ਡਾਕ ਰਾਹੀਂ ਆ ਗਈ ਤੇ 10 ਰੁਪਏ ਦਾ ਮਨੀਆਰਡਰ ਵੀ ਆ ਗਿਆ। ਉਸ ਸਮੇਂ ਦਸ ਰੁਪਏ ਮੇਰੇ ਲਈ ਬਹੁਤ ਸਨ। ਇੰਝ ਇਹ ਮੇਰੀ ਪਹਿਲੀ ਸਾਹਿਤਿਕ ਕਮਾਈ ਸੀ।

ਇਸ ਤੋਂ ਕੁਝ ਦਿਨਾਂ ਬਾਦ ਪੰਜਾਬੀ ਟ੍ਰਿਬਿਊਨ ਵਿਚ ਹੀ 'ਪ੍ਰਾਇਮਰੀ ਅਧਿਆਪਕਾਂ ਨਾਲ ਵਿਤਕਰਾ ਕਿਉਂ।' ਲੇਖ ਪ੍ਰਕਾਸ਼ਿਤ ਹੋਇਆ, ਜਿਸ ਵਿਚ ਲੇਖਕ ਨੇ ਇਸ ਵਿਤਕਰੇ ਪ੍ਰਤੀ ਮਾਸਟਰ ਕਾਡਰ ਦੇ ਅਧਿਆਪਕਾਂ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਦਿਨਾਂ ਵਿਚ ਮੈਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਰਾਣਾ ਗਰੁੱਪ ਨਾਲ ਕੰਮ ਕਰਦਾ ਸੀ ਜੋ ਕਿ ਖੱਬੇ-ਪੱਖੀ ਸੋਚ ਦੀ ਧਾਰਨੀ ਸੀ ਤੇ ਸਾਰੇ ਵਰਗਾਂ ਦੀ ਸਾਂਝੀ ਜਥੇਬੰਦੀ ਸੀ। ਅਗਾਂਹ-ਵਧੂ ਅਤੇ ਜਥੇਬੰਦਕ ਸੋਚ ਦਾ ਧਾਰਨੀ ਹੋਣ ਕਰਕੇ ਮੈਂ ਇਸ ਦਾ ਮੁਲੰਕਣ ਵਖਰੇ ਨਜ਼ਰੀਏ ਤੋਂ ਕੀਤਾ। ਇਸ ਦੇ ਪ੍ਰਤੀ ਉਤਰ ਵਿਚ ਮੈਂ ਲਿਖ ਭੇਜਿਆ, ਜਿਸ ਦਾ ਸਾਰ ਇਹ ਸੀ ਕਿ ਇਹ ਵਿਤਕਰਾ ਸਰਕਾਰ ਕਰਦੀ ਹੈ ਨਾ ਕਿ ਮਾਸਟਰ ਕਾਡਰ ਦੇ ਅਧਿਆਪਕ। ਉਹ ਤਾਂ ਆਪ ਵਿਤਕਰੇ ਦਾ ਸ਼ਿਕਾਰ ਹਨ। ਇਸ ਲਈ ਸਾਰੇ ਵਰਗਾਂ ਦੇ ਅਧਿਆਪਕਾਂ ਨੂੰ ਇਕ-ਜੁੱਟ ਹੋ ਕਿ ਸਰਕਾਰ ਵਿਰੁੱਧ ਸਾਂਝਾ ਸੰਘਰਸ਼ ਕਰਨਾ ਚਾਹੀਦਾ ਹੈ। ਅਧਿਆਪਕ ਲਹਿਰ ਇਸ ਸਮੇਂ ਵੱਖ-ਵੱਖ ਵਰਗਾਂ ਵਿਚ ਵੰਡੀ ਹੋਈ ਹੈ। ਵਰਗ-ਵੰਡ ਸ਼ਕਤੀ ਨੂੰ ਕਮਜ਼ੋਰ ਕਰਦੀ ਹੈ, ਜਿਸ ਦਾ ਲਾਭ ਸਰਕਾਰ ਨੂੰ ਹੋ ਰਿਹਾ ਹੈ।

ਇਹ ਲਿਖਤ ਆਕਾਰ ਵਿਚ ਪਹਿਲੇ ਲੇਖ ਨਾਲੋਂ ਵੱਡੀ ਸੀ। ਇਸ ਨੂੰ ਵੀ ਉਨ੍ਹਾਂ ਨੇ ਲੇਖ ਵਜੋਂ ਛਾਪ ਦਿੱਤਾ। ਇਸ ਦੇ ਮੈਨੂੰ 40 ਰੁਪਏ ਰਾਸ਼ੀ-ਫਲ ਆਇਆ। ਇਸ ਨੂੰ ਵੀ ਪਾਠਕਾਂ ਨੇ ਪਸੰਦ ਕੀਤਾ। ਮੈਂ ਫਿਰ ਦੇਸ਼ ਭਗਤਾਂ ਦੀਆਂ ਜੀਵਨੀਆਂ ਤੇ ਹੋਰ ਵਿਸ਼ਿਆਂ ਨੂੰ ਲਿਆ। ਅਧਿਆਪਕਾਂ ਤੇ ਦੂਜੇ ਕਰਮਚਾਰੀਆਂ ਦੇ ਚਲੰਤ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਪਿੰਡਾਂ ਬਾਰੇ ਇਕ ਲੇਖ ਲੜੀ ਪੰਜਾਬੀ ਟ੍ਰਿਬਿਊਨ ਨੇ ਸ਼ੁਰੂ ਕੀਤੀ, ਇਸ ਲੜੀ ਤਹਿਤ ਮੈਂ ਆਪਣੇ ਤੇ ਲਾਗਲੇ ਪਿੰਡਾਂ ਬਾਰੇ ਲਿਖਿਆ। ਇਸ ਤਰ੍ਹਾਂ ਮੇਰਾ ਲਿਖਣ ਦਾ ਰੁਝਾਨ ਵਧਦਾ ਗਿਆ ਤੇ ਮੈਨੂੰ ਲਿਖਣ ਦੀ ਸੋਝੀ ਵੀ ਆਉਣ ਲਗੀ। ਇਸ ਤੋਂ ਬਾਦ ਮੈਂ ਪੰਜਾਬੀ ਟ੍ਰਿਬਿਊਨ ਦੇ ਨਾਲ ਨਾਲ ਅਜੀਤ, ਜੱਗ ਬਾਣੀ, ਨਵਾਂ ਜ਼ਮਾਨਾ ਆਦਿ ਲਈ ਲਿਖਣਾ ਸ਼ੁਰੂ ਕੀਤਾ।

ਸਕੂਲ ਵਿਚ ਮੈਂ ਮੈਡੀਕਲ ਗਰੁਪ ਰਖਿਆ ਸੀ ਤਾਂ ਜੋ ਡਾਕਟਰ ਬਣਿਆ ਜਾਵੇ। ਇਸ ਤੋਂ ਉਤਸ਼ਾਹਿਤ ਹੋ ਕਿ ਮੈਂ ਸੋਚਿਆ ਕਿਉਂ ਨਾ ਪੀ-ਐੱਚ.ਡੀ. ਕਰ ਕੇ ਆਪਣੇ ਨਾਂ ਨਾਲ ਡਾਕਟਰ ਲਿਖਿਆ ਜਾਵੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਡਾ. ਕਰਨੈਲ ਸਿੰਘ ਥਿੰਦ ਪੰਜਾਬੀ ਵਿਭਾਗ ਵਿਚ ਪ੍ਰੋਫ਼ੈਸਰ ਸਨ। ਉਹ ਮੇਰੇ ਪ੍ਰੀ-ਮੈਡੀਕਲ ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੰਜਾਬੀ ਦੇ ਅਧਿਆਪਕ ਸਨ। ਮੈਂ ਉਨ੍ਹਾਂ



Academy of the Punjab in North America: http://www.apnaorg.com

ਨੂੰ ਇਸ ਸਬੰਧੀ ਮਿਲਿਆ। ਉਨ੍ਹਾਂ ਨੂੰ ਮੈਂ ਦਸਿਆ ਕਿ ਮੈਂ ਕਿੱਸਿਆਂ ਸਬੰਧੀ ਪੀ-ਐੱਚ.ਡੀ. ਕਰਨੀ ਹੈ। ਉਨ੍ਹਾਂ ਮੈਨੂੰ ਡਾ. ਬਿਕਰਮ ਸਿੰਘ ਘੁੰਮਣ ਪਾਸ ਭੇਜ ਦਿੱਤਾ। ਡਾ. ਘੁੰਮਣ ਦੀ ਨਿਗਰਾਨੀ ਵਿਚ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚੋਂ 1992 ਵਿਚ ਵਿਚ 'ਪੰਜਾਬੀ ਕਿੱਸਾ-ਕਾਵਿ ਦੀਆਂ ਕਥਾਨਕ ਰੂੜ੍ਹੀਆਂ' ਵਿਸ਼ੇ 'ਤੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ।

ਖੋਜ-ਕਾਰਜ ਨਾਲ ਜੁੜਨ ਕਰਕੇ ਮੇਰਾ ਪੁਸਤਕਾਂ ਲਿਖਣ ਦਾ ਰੁਝਾਨ ਪੈਦਾ ਹੋਇਆ ਤੇ ਮੈਂ ਪੀ-ਐੱਚ.ਡੀ. ਦੀ ਡਿਗਰੀ ਪ੍ਰਾਪਤ ਕਰਨ ਤੋਂ ਪਹਿਲਾਂ 'ਕਿੱਸਾ ਦੁੱਲਾ-ਭੱਟੀ ਕਿਸ਼ਨ ਸਿੰਘ : ਪਾਠ ਤੇ ਸਮੀਖਿਆ' ਪੁਸਤਕ ਲਿਖੀ। ਡਾ.ਬਿਕਰਮ ਸਿੰਘ ਘੁੰਮਣ ਇਸ ਦੇ ਸਹਿ-ਸੰਪਾਦਕ ਸਨ। ਇਸ ਉਪਰੰਤ 'ਕਿੱਸਾ ਮਿਰਜ਼ਾ ਸਾਹਿਬਾਂ (ਪੀਲੂ)' ਦੀ ਸੰਪਾਦਨਾ ਕੀਤੀ। ਗੁਰਬਾਣੀ ਵਿਚ ਪਹਿਲਾਂ 'ਭਗਤ ਰਵਿਦਾਸ : ਜੀਵਨ ਤੇ ਰਚਨਾ' ਲਿਖੀ'। ਫਿਰ 'ਗੁਰੂ ਅਮਰ ਦਾਸ : ਜੀਵਨ ਤੇ ਰਚਨਾ' ਅਤੇ 'ਸਰਬ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ', 'ਗੁਰਬਾਣੀ ਵਿੱਚ ਰਾਜ ਦਾ ਸੰਕਲਪ' ਦੀ ਸੰਪਾਦਨਾ ਕੀਤੀ। 'ਚੰਡੀ ਦੀ ਵਾਰ : ਚਿੰਤਨ ਤੇ ਕਲਾ' ਡਾ. ਬਿਕਰਮ ਸਿੰਘ ਘੁੰਮਣ ਨਾਲ ਮਿਲ ਕੇ ਲਿਖੀ। ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ 6 ਸੁਵੀਨੀਅਰ ਸੰਪਾਦਿਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਕਈ ਖੋਜ ਪੱਤਰ ਲਿਖਣ, ਕਈ ਪੁਸਤਕਾਂ ਦੇ ਮੁੱਖ ਬੰਦ ਤੇ ਰੀਵਿਊ ਲਿਖੇ ਹਨ। ਵਿਦੇਸ਼ੀ ਅਖ਼ਬਾਰਾਂ ਤੇ ਮਗਜ਼ੀਨਾਂ ਵਿਚ ਵੀ ਮੇਰੀਆਂ ਲਿਖਤਾਂ ਛਪਦੀਆਂ ਹਨ। ਆਲੋਚਨਾ ਤੇ ਵਾਰਤਕ ਤੇ ਹੀ ਅਜੇ ਤੀਕ ਕਲਮ ਚਲਾਈ ਹੈ। ਹੋਰ ਵਿਧਾਵਾਂ 'ਤੇ ਲਿਖਣ ਦਾ ਅਜੇ ਸੁਭਾਗ ਪ੍ਰਾਪਤ ਨਹੀਂ ਹੋਇਆ।

ਮੈਂ ਸਮਝਦਾ ਹਾਂ ਕਿ ਸਕੂਲਾਂ ਵਿਚ ਹੀ ਬਚਿਆਂ ਨੂੰ ਲਿਖਣ ਦੀ ਚੇਟਕ ਲਾਉਣ ਦੀ ਲੋੜ ਹੈ। ਸ. ਕਾਹਨ ਸਿੰਘ ਪੰਨੂੰ ਨੇ ਬਤੌਰ ਡਾਇਰੈਕਟਰ ਜਨਰਲ ਸਕੂਲ ਪ੍ਰਬੰਧ ਸਕੂਲਾਂ ਵਿਚ ਮੈਗਜ਼ੀਨ ਸ਼ੁਰੂ ਕਰਵਾ ਕੇ, ਇਕ ਚੰਗਾ ਉਪਰਾਲਾ ਕੀਤਾ ਹੈ, ਜਿਸ ਨੂੰ ਜਾਰੀ ਰਖਿਆ ਜਾਣਾ ਚਾਹੀਦਾ ਹੈ ਤੇ ਬਚਿਆਂ ਨੂੰ ਲਿਖਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

*31 ਜੁਲਾਈ 2014*



Academy of the Punjab in North America: http://www.apnaorg.com

## ਅਮਰੀਕੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਵਿਸ਼ਵ ਮਜ਼ਦੂਰ ਦਿਵਸ ਦਾ ਜਨਮ-ਦਾਤਾ ਅਮਰੀਕਾ

ਸਾਰੀ ਦੁਨੀਆਂ ਵਿੱਚ ਕਿਰਤੀਆਂ ਦੀਆਂ ਆਰਥਕ ਤੇ ਸਮਾਜਕ ਪ੍ਰਾਪਤੀਆਂ ਨੂੰ ਯਾਦ ਕਰਨ ਲਈ ਦੁਨੀਆਂ ਭਰ ਵਿੱਚ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਵਿਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ। ਇਸ ਦਿਨ ਕੌਮੀ ਛੁੱਟੀ ਹੁੰਦੀ ਹੈ। ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ ਉਸੇ ਤਰ੍ਹਾਂ ਅਮਰੀਕਾ ਵਿਚ ਵੀ ਮਾਲਕ ਆਪਣੇ ਨੌਕਰਾਂ ਦੀ ਖ਼ੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕੀ ਕਾਮਿਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਨੂੰ ਖ਼ੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੀਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿਚ ਭਾਰੀ ਵਾਧਾ ਹੋਇਆ। ਇਸ ਮੌਕੇ 'ਤੇ ਨਾਇਟਸ ਆਫ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪਰੰਪਰਾਗਤ ਮੰਗਾਂ, ਜਿਨ੍ਹਾਂ ਵਿਚ ਦਿਨ ਵਿਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਊਰੋ ਸਥਾਪਤ ਕਰਨ, ਜੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿਚ ਇਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾ ਕੇ ਇਸ ਪ੍ਰੇਡ ਵਿਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿਚ ਸ਼ਾਮਲ ਨਾ ਹੋਏ ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿਚ ਨਿਊਯਾਰਕ ਸਿਟੀ ਦੀ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ-



Academy of the Punjab in North America: http://www.apnaorg.com

ਡੇ ਦੇ ਤੌਰ 'ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ। ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ-ਹੌਲੀ ਇਸ ਵਿਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ।

5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ 'ਤੇ ਮਨਾਇਆ ਗਿਆ। ਪਰ 1884 ਵਿਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿਚ ਯੂ.ਐਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।

ਜਿੱਥੋਂ ਤੀਕ 1 ਮਈ ਨੂੰ ਬਾਕੀ ਦੇਸ਼ਾਂ ਵਿਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵਧਣ ਲਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲੀਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿਚ ਆ ਕੇ ਗੋਲੀ ਚਲਾਈ ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰ ਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿਚ ਇਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲੀਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇਕ ਡੈਨੇਮਾਇਟ ਬੰਬ ਸੁਟਿਆ, ਜਿਸ ਨਾਲ ਇਕ ਪੁਲੀਸ ਅਫਸਰ ਮਾਰਿਆ ਗਿਆ ਤੇ ਕਈ ਜ਼ਖਮੀ ਹੋ ਗਏ। ਇਸ ਦੇ ਜੁਆਬ ਵਿਚ ਪੁਲੀਸ ਨੇ ਗੋਲੀ ਚਲਾ ਦਿੱਤੀ। ਘਟੋ ਘਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖਮੀ ਹੋ ਗਏ। ਪੁਲੀਸ ਦੀ ਆਪਣੀ ਗੋਲੀ ਨਾਲ 6 ਪੁਲੀਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲਗਾ। ਪੁਲੀਸ ਨੇ ਮੀਟਿੰਗ ਵਿਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫਾਂਸੀ ਦੀ ਸਜ਼ਾ ਅਤੇ ਇਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ



Academy of the Punjab in North America: http://www.apnaorg.com

ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰ ਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਫਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫਾਂਸੀ ਦਿੱਤੀ ਗਈ। ਇਸ ਦਿਨ ਨੂੰ "ਬਲੈਕ ਫਰਾਈਡੇ" ਕਰਕੇ ਜਾਣਿਆ ਜਾਂਦਾ ਹੈ। 1893 ਵਿਚ ਉਹਨਾਂ ਦੀ ਯਾਦ ਵਿਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿਚ 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ ਤੇ ਮਨਾਇਆ।

ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਕ ਸੁਰੱਖਿਆ ਮੁਹੱਈਆ ਹੋਣ ਲਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ ਘਟ ਦਰ ਨਿਸ਼ਚਿਤ ਕਰਨ ਲਗੀ।

*26 ਅਗਸਤ 2009*



Academy of the Punjab in North America: http://www.apnaorg.com

# ਅਮਰੀਕਾ ਵਿਚ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਹੋਣੀ

ਅਮਰੀਕਾ ਵਿਚ ਕੋਈ 1 ਕਰੋੜ 10 ਲੱਖ ਤੋਂ ਵੱਧ ਗ਼ੈਰ ਕਾਨੂੰਨੀ ਪਰਵਾਸੀ ਇਸ ਸਮੇਂ ਰਹਿੰਦੇ ਹਨ। ਇਨ੍ਹਾਂ ਉਪਰ ਦੇਸ਼ ਨਿਕਾਲੇ ਦੀ ਤਲਵਾਰ ਹਰ ਸਮੇਂ ਲਟਕਦੀ ਰਹਿੰਦੀ ਹੈ। ਇਹ ਚੋਰੀ ਛੁਪੇ ਰਹਿੰਦੇ ਹਨ। ਇਹ ਆਪਣੇ ਮੁਲਕ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਪਾਸ ਲੋੜੀਂਦੇ ਕਾਗ਼ਜ਼ ਪੱਤਰ ਨਹੀਂ ਹਨ। ਉਹ ਜੇ ਇਕ ਵਾਰ ਚਲੇ ਗਏ ਤਾਂ ਉਹ ਮੁੜ ਵਾਪਸ ਨਹੀਂ ਆ ਸਕਦੇ। 1986 ਵਿਚ ਉਸ ਸਮੇਂ ਦੇ ਰਾਸ਼ਟਰਪਤੀ ਰੋਨਲਡ ਰੀਗਲ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਆਮ ਮੁਆਫ਼ੀ ਦੇ ਦਿੱਤੀ ਸੀ, ਜਿਸ ਦਾ [illegible] ਇਸ ਸਮੇਂ ਦੀ ਵਿਰੋਧੀ ਪਾਰਟੀ ਰੀਪਬਲਿਕਨ ਪਾਰਟੀ ਨਾਲ ਸੀ। ਕੋਈ ਤਿੰਨ ਦਹਾਕੇ ਤੋਂ ਗ਼ੈਰ ਕਾਨੂੰਨੀ ਪਰਵਾਸੀ ਧੱਕੇ ਖਾ ਰਹੇ ਹਨ। ਕਈਆਂ ਦੇ ਮਾਤਾ ਪਿਤਾ ਜਾਂ ਨਜ਼ਦੀਕੀ ਗੁਜ਼ਰ ਗਏ ਪਰ ਉਹ ਉਨ੍ਹਾਂ ਦੀਆਂ ਅੰਤਮ ਰਸਮਾਂ ਵਿਚ ਪਹੁੰਚ ਨਹੀਂ ਸਕੇ। ਕਈਆਂ ਦੇ ਬੱਚਿਆਂ ਦੇ ਵਿਆਹ ਹੋਏ ਪਰ ਉਹ ਉਸ ਵਿਚ ਸ਼ਾਮਲ ਨਹੀਂ ਹੋ ਸਕੇ। ਗ਼ੈਰ-ਕਾਨੂੰਨੀ ਹੋਣ ਕਰਕੇ ਇਨ੍ਹਾਂ ਨੂੰ ਕੰਮ ਕਰਨ ਦਾ ਪਰਮਿਟ ਨਹੀਂ ਮਿਲਦਾ। ਜੇ ਕੋਈ ਕੰਮ ਦੇਂਦਾ ਹੈ ਤਾਂ ਉਨ੍ਹਾਂ ਨੂੰ ਘਟ ਤਨਖਾਹ ਦੇਂਦਾ ਹੈ ਤੇ ਉਹ ਸਹੂਲਤਾਂ ਵੀ ਨਹੀਂ ਮਿਲਦੀਆਂ ਜਿਹੜੀਆਂ ਬਾਕੀਆਂ ਨੂੰ ਮਿਲਦੀਆਂ ਹਨ। ਜੇ ਕਿਸੇ ਦੇ ਨਾਲ ਬੱਚੇ ਆਏ ਹਨ ਤਾਂ ਉਨ੍ਹਾਂ ਨੂੰ ਪੜ੍ਹਾਈ ਕਰਨ ਵਿਚ ਬਹੁਤ ਮੁਸ਼ਕਲ ਆਉਂਦੀ ਹੈ, ਹਾਲਾਂ ਕਿ ਇੱਥੇ 12ਵੀਂ ਤੀਕ ਪੜ੍ਹਾਈ ਮੁਫ਼ਤ ਹੈ, ਇੱਥੋਂ ਤੀਕ ਸਕੂਲੀ ਬੱਸਾਂ ਦਾ ਕਿਰਾਇਆ ਵੀ ਨਹੀਂ ਦੇਣਾ ਪੈਂਦਾ। ਕਾਰ ਤੋਂ ਬਗ਼ੈਰ, ਇੱਥੇ ਰਹਿਣਾ ਬੜਾ ਮੁਸ਼ਕਲ ਹੈ। ਕਾਗ਼ਜ਼ ਪੱਤਰ ਨਾ ਹੋਣ ਕਰਕੇ ਡਰਾਇਵਿੰਗ ਲਾਇਸੈਂਸ ਨਹੀਂ ਮਿਲਦਾ। ਇਸ ਤਰ੍ਹਾਂ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਵਿਚੋਂ ਲੰਘਣਾ ਪੈਂਦਾ ਹੈ। ਪੁਲੀਸ ਦੁਆਰਾ ਫੜੇ ਜਾਣ 'ਤੇ ਦੇਸ਼ ਨਿਕਾਲੇ ਦੀ ਤਲਵਾਰ ਹਰ ਸਮੇਂ ਲਟਕਦੀ ਰਹਿੰਦੀ ਹੈ। ਅਮਰੀਕਾ ਇਕ ਐਸਾ ਦੇਸ਼ ਹੈ, ਜਿਹੜਾ ਇੱਥੇ ਆ ਜਾਂਦਾ ਹੈ, ਉਸ ਦਾ ਵਾਪਸ ਜਾਣ ਨੂੰ ਜੀਅ ਨਹੀਂ ਕਰਦਾ। ਇਹ ਸਾਰੇ ਇਸ ਆਸ ਨਾਲ ਬੈਠੇ ਹਨ ਕਿ ਉਨ੍ਹਾਂ ਨੂੰ ਛੇਤੀ ਹੀ ਪੱਕਿਆਂ ਕਰ ਦਿੱਤਾ ਜਾਵੇਗਾ।

ਅਮਰੀਕਾ ਵਿਚ ਸਾਡੇ ਵਾਂਗ ਦੋ ਸਦਨ ਹਨ। ਹੇਠਲੇ ਸਦਨ ਨੂੰ ਅਮਰੀਕਾ ਵਿਚ ਕਾਂਗਰਸ ਕਹਿੰਦੇ ਹਨ ਤੇ ਉਪਰਲੇ ਸਦਨ ਨੂੰ ਸੈਨੇਟ ਕਹਿੰਦੇ ਹਨ। ਪਿਛਲੀਆਂ ਚੋਣਾਂ ਵਿਚ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੀਕ ਇਥੋਂ ਦੀ ਕਾਂਗਰਸ ਵਿਚ ਇਨ੍ਹਾਂ ਨੂੰ ਪੱਕਿਆਂ ਕਰਨ ਬਾਰੇ ਸਹਿਮਤੀ ਨਾ ਬਣਨ ਕਰਕੇ, ਕੋਈ ਬਿਲ ਪਾਸ ਨਹੀਂ ਹੋ ਸਕਿਆ ਜਿਵੇਂ ਕਿ 1986 ਵਿਚ ਹੋਇਆ ਸੀ। ਉਸ ਸਮੇਂ ਕਾਂਗਰਸ ਅਤੇ ਸੈਨੇਟ ਨੇ ਬਕਾਇਦਾ ਬਿਲ



Academy of the Punjab in North America: http://www.apnaorg.com

ਪਾਸ ਕੀਤਾ ਸੀ, ਜਿਸ ਨੂੰ ਰਾਸ਼ਟਰਪਤੀ ਨੇ ਪ੍ਰਵਾਨ ਕਰ ਲਿਆ ਸੀ ਤੇ ਲੱਖਾਂ ਗ਼ੈਰ ਕਾਨੂੰਨੀ ਪਰਵਾਸੀ ਪੱਕੇ ਸ਼ਹਿਰੀ ਬਣ ਗਏ ਸਨ।

ਹੁਣ ਇਨ੍ਹਾਂ ਦੋਵਾਂ ਸਦਨਾਂ ਵਿਚ ਹਾਕਮ ਡੈਮੋਕਰੈਟਿਕ ਪਾਰਟੀ ਆਪਣਾ ਬਹੁ-ਮਤ ਗੁਆ ਚੁੱਕੀ ਹੈ, ਇਸ ਲਈ ਅਜਿਹਾ ਬਿਲ ਪਾਸ ਹੋਣਾ ਮੁਸ਼ਕਲ ਹੈ। ਵਿਰੋਧੀ ਰੀਪਬਲਿਕਨ ਪਾਰਟੀ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਪੱਕਿਆਂ ਕਰਨ ਦੀ ਥਾਂ 'ਤੇ ਵਾਪਸ ਭੇਜਣਾ ਚਾਹੁੰਦੀ ਹੈ। ਅਮਰੀਕਾ ਵਿਚ ਰਾਸ਼ਟਰਪਤੀ ਨੂੰ ਵਿਸ਼ੇਸ਼ ਸ਼ਕਤੀਆਂ ਹਾਸਲ ਹਨ, ਜਿਸ ਦੀ ਵਰਤੋਂ ਕਰਦੇ ਹੋਏ 20 ਨਵੰਬਰ 2014 ਨੂੰ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਵਿਸ਼ੇਸ਼ ਐਲਾਨ ਕੀਤਾ, ਜਿਸ ਨੂੰ ਕਾਰਜਕਾਰੀ ਆਦੇਸ਼ (ਐਗਜ਼ੈਕਟਿਵ ਆਰਡਰ) ਕਿਹਾ ਜਾਂਦਾ ਹੈ। ਕਾਰਜਕਾਰੀ ਆਦੇਸ਼ (ਐਗਜ਼ੈਕਟਿਵ ਆਰਡਰ) ਜਦ ਸਰਕਾਰੀ ਗ਼ਜ਼ਟ ਜਿਸ ਨੂੰ ਅਮਰੀਕਾ ਵਿਚ ਫੈਡਰਲ ਰਜਿਸਟਰ ਕਹਿੰਦੇ ਹਨ, ਛਪ ਜਾਂਦਾ ਹੈ ਤਾਂ ਇਹ ਕਾਨੂੰਨ ਬਣ ਜਾਂਦਾ ਹੈ।

ਇਸ ਆਦੇਸ਼ ਅਨੁਸਾਰ ਜਿਹੜੇ ਅਮਰੀਕਾ ਵਿਚ ਪਿਛਲੇ 5 ਸਾਲਾਂ ਤੋਂ ਰਹਿੰਦੇ ਹਨ ਤੇ ਜਿਨ੍ਹਾਂ ਵਿਰੁੱਧ ਕੋਈ ਕੇਸ ਨਹੀਂ ਹੈ, ਉਹ ਇੱਥੇ ਆਰਜ਼ੀ ਤੌਰ 'ਤੇ ਰਹਿ ਸਕਦੇ ਹਨ। ਉਨ੍ਹਾਂ ਨੂੰ ਕੰਮ ਕਰਨ ਦਾ ਅਧਿਕਾਰ ਹੋਵੇਗਾ। ਅਜਿਹੇ 50 ਲੱਖ ਦੇ ਕਰੀਬ ਵਿਅਕਤੀ ਹੁਣ ਆਪਣੀ ਮਰਜ਼ੀ ਦਾ ਕੰਮ ਕਰ ਸਕਣਗੇ। ਇਨ੍ਹਾਂ ਵਿਚ ਭਾਰਤੀਆਂ ਦੀ ਗਿਣਤੀ ਕੋਈ 4 ਲੱਖ 50 ਹਜ਼ਾਰ ਦੇ ਕਰੀਬ ਹੈ। ਇਨ੍ਹਾਂ ਪਰਵਾਸੀਆਂ ਵਿਚ ਔਸਤ ਦੇ ਅਨੁਸਾਰ ਕੇਵਲ 4 ਪ੍ਰਤੀਸ਼ਤ ਹੀ ਭਾਰਤੀ ਹਨ। ਉਨ੍ਹਾਂ ਪਾਸ ਕਾਗ਼ਜ਼ ਪੱਤਰ ਨਾ ਹੋਣ ਕਰਕੇ ਜਿਹੜੀਆਂ ਮੁਸ਼ਕਲਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਸੀ, ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਹੈ, ਉਹ ਦੂਰ ਹੋ ਜਾਣਗੀਆਂ। ਉਨ੍ਹਾਂ ਨੂੰ ਵਿਦਿਅਕ ਅਦਾਰਿਆਂ ਵਿਚ ਦਾਖ਼ਲਾ ਪ੍ਰਾਪਤ ਕਰਨਾ ਆਸਾਨ ਹੋ ਜਾਵੇਗਾ, ਕੰਮ ਕਰਨ ਦਾ ਪਰਮਿਟ ਮਿਲ ਜਾਵੇਗਾ ਵਗੈਰਾ ਵਗੈਰਾ। ਕੋਈ 44 ਲੱਖ ਦੇ ਕਰੀਬ ਅਜਿਹੇ ਵਿਅਕਤੀ ਹਨ।

ਇਸ ਹੁਕਮ ਨਾਲ ਕੋਈ 2 ਲੱਖ 70 ਹਜ਼ਾਰ ਉਨ੍ਹਾਂ ਮਾਪਿਆਂ ਨੂੰ ਲਾਭ ਹੋਵੇਗਾ, ਜਿਨ੍ਹਾਂ ਨਾਲ ਬੱਚੇ ਗ਼ੈਰ ਕਾਨੂੰਨੀ ਢੰਗ ਨਾਲ ਆਏ। 15 ਸਾਲ ਤੋਂ 30 ਸਾਲ ਦੇ ਅਜਿਹੇ ਬੱਚਿਆਂ ਨੂੰ ਕੰਮ ਕਰਨ ਲਈ 2 ਸਾਲ ਦਾ ਵਰਕ ਪਰਮਿਟ ਮਿਲ ਜਾਵੇਗਾ। ਇਕ ਹੋਰ ਅਹਿਮ ਨੁਕਤਾ ਇਸ ਐਲਾਨ ਦਾ ਇਹ ਹੈ ਕਿ ਹੁਣ ਜਿਨ੍ਹਾਂ ਵਿਆਹਿਆਂ ਪਾਸ ਕੰਮ ਕਰਨ ਲਈ ਐਚ. ਵਨ ਬੀ. ਵੀਜ਼ਾ ਹੈ, ਉਨ੍ਹਾਂ ਦੇ ਸਾਥੀ ਭਾਵ ਪਤੀ/ਪਤਨੀ ਨੂੰ ਵੀ ਵਰਕ ਪ੍ਰਮਿਟ ਮਿਲ ਜਾਵੇਗਾ। ਪਹਿਲਾਂ ਉਹ ਕੰਮ ਨਹੀਂ ਸਨ ਕਰ ਸਕਦੇ। ਕੋਈ 4 ਲੱਖ ਦੇ ਕਰੀਬ ਉਨ੍ਹਾਂ ਵਿਅਕਤੀਆਂ ਨੂੰ ਕੰਮ ਕਰਨ ਦਾ ਅਧਿਕਾਰ ਵੀ ਮਿਲ ਜਾਵੇਗਾ, ਜਿਨ੍ਹਾਂ ਨੇ ਗ੍ਰੈਜੂਏਸ਼ਨ, ਸਾਇੰਸ ਤਕਨਾਲੋਜੀ, ਇੰਜੀਨੀਰਿੰਗ ਅਤੇ ਹਿਸਾਬ ਨਾਲ ਕੀਤੀ ਹੈ। ਅਜਿਹੇ ਵਿਅਕਤੀਆਂ ਦੀ ਗਿਣਤੀ 4 ਲੱਖ ਦੇ ਕਰੀਬ ਹੈ। ਇਨ੍ਹਾਂ ਵਿਚ 1 ਲੱਖ ਭਾਰਤੀ ਵਿਦਿਆਰਥੀ ਹਨ।

ਇਸ ਐਲਾਨ ਦੇ ਇਨ੍ਹਾਂ ਵਿਅਕਤੀਆਂ ਨੂੰ ਹੋਰ ਵੀ ਕਈ ਲਾਭ ਹੋਣਗੇ। ਉਨ੍ਹਾਂ ਨੂੰ ਚੰਗੀਆਂ ਵੱਧ ਤਨਖ਼ਾਹ ਵਾਲੀਆਂ ਨੌਕਰੀਆਂ ਮਿਲਣਗੀਆਂ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਬਚਿਆਂ ਨੂੰ ਉਚੇਰੀ ਪੜ੍ਹਾਈ ਕਰਨ ਵਿਚ ਕਈ ਤਰ੍ਹਾਂ ਦੀਆਂ ਸਹੂਲਤਾਂ ਮਿਲਣਗੀਆਂ।



Academy of the Punjab in North America: http://www.apnaorg.com

ਸਭ ਤੋਂ ਵਡੀ ਗਲ ਹੈ ਕਿ ਉਹ ਹੁਣ ਚੈਨ ਨਾਲ ਜ਼ਿੰਦਗੀ ਜੀਅ ਸਕਣਗੇ। ਅਮਰੀਕੀ ਸਰਕਾਰ ਨੂੰ ਵੀ ਇਸ ਦੇ ਕਈ ਲਾਭ ਹਨ। ਬਣਦੇ ਟੈਕਸ ਦੇਣ ਕਰਕੇ ਸਰਕਾਰ ਦੀ ਆਮਦਨ ਵਿਚ ਵਾਧਾ ਹੋਵੇਗਾ। ਉੱਚ-ਯੋਗਤਾ ਵਾਲੇ ਕਾਮੇ ਮਿਲਣਗੇ। ਜਿਨ੍ਹਾਂ ਨੇ ਵਾਪਸ ਜਾਣਾ ਸੀ ਉਹ ਨਹੀਂ ਜਾਣਗੇ। ਅਮਰੀਕਾ ਦੀ ਤਰੱਕੀ ਵਿਚ ਪਰਵਾਸੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਰਾਸ਼ਟਰਪਤੀ ਓਬਾਮਾ ਨੇ ਠੀਕ ਹੀ ਕਿਹਾ ਹੈ ਕਿ ਸਿਲੀਕਾਨ ਵੈਲੀ ਦੀਆਂ 30-40 ਪ੍ਰਤੀਸ਼ਤ ਕੰਪਨੀਆਂ ਜਿਨ੍ਹਾਂ ਨੇ ਅਮਰੀਕੀਆਂ ਦਾ ਜੀਵਨ ਬਦਲ ਦਿੱਤਾ ਹੈ, ਉਹ ਪਰਵਾਸੀਆਂ ਨੇ ਸ਼ੁਰੂ ਕੀਤੀਆਂ ਸਨ।

ਵਿਰੋਧੀ ਪਾਰਟੀ ਰੀਪਬਲਿਕਨ ਪਾਰਟੀ ਨੇ ਰਾਸ਼ਟਰਪਤੀ ਨੂੰ ਤਾਨਾਸ਼ਾਹ ਕਿਹਾ ਹੈ। ਦੋਵਾਂ ਹਾਊਸਾਂ ਵਿਚ ਇਨ੍ਹਾਂ ਦੀ ਬਹੁ-ਸੰਪਤੀ ਹੋਣ ਕਰਕੇ, ਕਾਨੂੰਨ ਬਣਾਉਣ ਲਈ ਇਸ ਪਾਰਟੀ ਦੀ ਸਹਿਮਤੀ ਜ਼ਰੂਰੀ ਹੈ। ਜੇ ਕੋਈ ਕਾਨੂੰਨ ਨਹੀਂ ਬਣਦਾ ਤਾਂ ਇਨ੍ਹਾਂ ਦਾ ਭਵਿੱਖ ਕੀ ਹੋਵੇਗਾ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਜਿਹੜੇ 50 ਲੱਖ ਤੋਂ ਵਧ ਗ਼ੈਰ-ਕਾਨੂੰਨੀ ਪਰਵਾਸੀ ਇਸ ਹੁਕਮ ਵਿਚ ਨਹੀਂ ਆਉਂਦੇ, ਉਨ੍ਹਾਂ ਦਾ ਕੀ ਬਣੇਗਾ। ਇਸ ਬਾਰੇ ਵੀ ਆਉਣ ਵਾਲਾ ਸਮਾਂ ਦੱਸੇਗਾ। ਫਿਲਹਾਲ ਸਭ ਨੇ ਇਸ ਦਾ ਸੁਆਗਤ ਕੀਤਾ ਹੈ। ਰਾਸ਼ਟਰਪਤੀ ਓਬਾਮਾ ਨੇ ਵਿਰੋਧੀ ਪਾਰਟੀ ਰੀਪਬਲਿਕਨ ਪਾਰਟੀ ਨੂੰ ਅਪੀਲ ਕੀਤੀ ਹੈ ਕਿ ਸਾਨੂੰ ਰਲ ਕੇ ਇਕ ਕਾਨੂੰਨ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ ਤੇ ਪਹਿਲੇ ਰਾਸ਼ਟਰਪਤੀ ਵੀ ਅਜਿਹੇ ਕਾਨੂੰਨ ਬਣਾ ਚੁੱਕੇ ਹਨ। 1986 ਵਿਚ ਰੀਪਬਲਿਕਨ ਪਾਰਟੀ ਨੇ ਆਮ ਮੁਆਫ਼ੀ ਦਿੱਤੀ ਸੀ, ਇਸ ਲਈ ਰੀਪਬਲਿਕਨ ਪਾਰਟੀ ਨੂੰ ਵਿਰੋਧ ਕਰਨ ਦੀ ਥਾਂ 'ਤੇ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਇਸ ਦਾ ਉਨ੍ਹਾਂ ਨੂੰ ਚੋਣਾਂ ਵਿਚ ਲਾਭ ਹੋਵੇਗਾ।

ਇਕ ਗੱਲ ਜੋ ਨੋਟ ਕਰਨ ਵਾਲੀ ਹੈ, ਉਹ ਇਹ ਹੈ ਕਿ ਜੇ ਇਸੇ ਤਰ੍ਹਾਂ ਪਰਵਾਸੀ ਅਮਰੀਕਾ ਆਉਂਦੇ ਗਏ ਤਾਂ ਗੋਰੇ 2025 ਵਿਚ ਘੱਟ ਗਿਣਤੀ ਵਿਚ ਹੋਣਗੇ। ਅਮਰੀਕੀ ਸਿਆਸਤ ਵਿਚ ਏਸ਼ੀਅਨ ਤੇ ਮੈਕਸੀਕਨ ਦਾ ਜ਼ਿਆਦਾ ਝੁਕਾਅ ਡੈਮੋਕਰੈਟਿਕ ਪਾਰਟੀ ਵੱਲ ਰਿਹਾ ਹੈ। ਕੀ ਇਸ ਦਾ ਲਾਭ 2016 ਵਿਚ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਇਸ ਪਾਰਟੀ ਨੂੰ ਮਿਲੇਗਾ? ਨਵੰਬਰ 2014 ਵਿਚ ਹੋਈਆਂ ਮੱਧ ਕਾਲੀ ਚੋਣਾਂ ਵਿਚ 63 ਪ੍ਰਤੀਸ਼ਤ ਲੈਟੀਨੋ (ਜਿਨ੍ਹਾਂ ਦਾ ਪਿਛੋਕੜ ਮੈਕਸੀਕੋ, ਕਿਊਬਾ, ਕੇਂਦਰੀ ਤੇ ਦਖਣੀ ਅਮਰੀਕਾ, ਸਪੇਨੀ ਆਦਿ ਨਾਲ ਹੈ) ਤੇ 66 ਪ੍ਰਤੀਸ਼ਤ ਏਸ਼ੀਅਨ-ਅਮਰੀਕੀਆਂ ਨੇ ਡੈਮੋਕਰੈਟਿਕ ਪਾਰਟੀ ਨੂੰ ਵੋਟਾਂ ਪਾਈਆਂ। ਲੈਟੀਨੋ ਤੇ ਏਸ਼ੀਅਨ ਅਮਰੀਕੀ ਕੇਵਲ 11 ਪ੍ਰਤੀਸ਼ਤ ਵੋਟਰ ਹਨ ਜਦ ਕਿ ਗੋਰੇ ਵੋਟਰ 75 ਪ੍ਰਤੀਸ਼ਤ ਹਨ। ਇਨ੍ਹਾਂ ਵਿਚੋਂ ਜਿਹੜੇ ਸਮਝਦੇ ਹਨ ਕਿ ਗ਼ੈਰ ਕਾਨੂੰਨੀ ਪਰਵਾਸੀ ਇਕ ਸਮੱਸਿਆ ਹੈ, ਉਨ੍ਹਾਂ ਵਿਚੋਂ 75 ਪ੍ਰਤੀਸ਼ਤ ਨੇ ਰੀਪਬਲਿਕਨ ਪਾਰਟੀ ਨੂੰ ਵੋਟਾਂ ਪਾਈਆਂ। 75 ਪ੍ਰਤੀਸ਼ਤ ਉਹ ਅਮਰੀਕੀ ਜਿਹੜੇ ਸੋਚਦੇ ਹਨ ਕਿ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਬਾਹਰ ਕੱਢਣਾ ਚਾਹੀਦਾ ਹੈ, ਨੇ ਰੀਪਬਲਿਕਨ ਪਾਰਟੀ ਨੂੰ ਵੋਟਾਂ ਪਾਈਆਂ। ਜੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਪੱਕਾ ਕਰਨ ਲਈ ਕਾਨੂੰਨ ਨਹੀਂ ਬਣਦਾ ਤਾਂ 2016 ਵਿਚ ਨਵਾਂ ਰਾਸ਼ਟਰਪਤੀ ਇਸ ਨੂੰ ਰੱਦ ਵੀ ਕਰ ਸਕਦਾ ਹੈ।

*26 ਨਵੰਬਰ 2014*



Academy of the Punjab in North America: http://www.apnaorg.com

# ਮਾਸਟਰ ਵਜ਼ੀਰ ਸਿੰਘ ਨੂੰ ਯਾਦ ਕਰਦਿਆਂ

ਮੈਂ ਆਪਣੇ ਪਿੰਡ ਗੁਮਟਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪਹਿਲੀ ਜਮਾਤ ਵਿਚ 1953 ਈ. ਵਿਚ ਦਾਖ਼ਲ ਹੋਇਆ, ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ। ਵੈਸੇ ਦੋ ਗੁਮਟਾਲੇ ਹੋਰ ਹਨ। ਇਕ ਜਲੰਧਰ ਜ਼ਿਲ੍ਹੇ ਵਿਚ, ਦੂਜਾ ਪਾਕਿਸਤਾਨ ਵਿਚ ਜ਼ਿਲ੍ਹਾ ਨਾਰਨੌਲ ਵਿਚ। ਪਾਕਿਸਤਾਨ ਬਣਨ ਤੋਂ ਪਹਿਲਾਂ ਨਾਰਨੌਲ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਹੁੰਦੀ ਸੀ, ਜੋ ਪਾਕਿਸਤਾਨ ਵਿਚ ਚਲੀ ਗਈ ਤੇ ਹੁਣ ਇਹ ਜ਼ਿਲ੍ਹਾ ਹੈ। ਇਕ ਗੁਮਟਾਲੀ ਵੀ ਹੈ, ਜੋ ਪਠਾਨਕੋਟ ਲਾਗੇ ਹੈ।

ਉਸ ਸਮੇਂ ਇਹ ਸਕੂਲ ਛੋਟਾ ਜਿਹਾ ਹੁੰਦਾ ਸੀ। ਬੱਸ ਇਕ ਵੱਡਾ ਸਾਰਾ ਲੰਬਾ ਕਮਰਾ ਸੀ, ਜਿਸ ਵਿਚ ਚਾਰ ਜਮਾਤਾਂ ਬੈਠਦੀਆਂ ਸਨ। ਇਸ ਦੇ ਅੱਗੇ ਬਰਾਂਡਾ ਸੀ ਤੇ ਇਕ ਛੋਟਾ ਦਫ਼ਤਰ ਦਾ ਕਮਰਾ ਸੀ। ਇਕ ਬੋਹੜ ਹੁੰਦਾ ਸੀ, ਜਿਸ ਦੇ ਨਾਲ ਥੜ੍ਹਾ ਬਣਿਆ ਹੁੰਦਾ ਸੀ, ਇਸ ਉੱਪਰ ਵੀ ਇਕ ਜਮਾਤ ਬੈਠ ਜਾਂਦੀ ਸੀ।

ਉਸ ਸਮੇਂ ਜਿਹੜਾ ਅਧਿਆਪਕ ਪਹਿਲੀ ਨੂੰ ਪੜ੍ਹਾਉਂਦਾ ਸੀ ਉਹੋ ਹੀ ਪੰਜਵੀ ਤੀਕ ਤੁਰਿਆ ਜਾਂਦਾ ਸੀ। ਮਾਸਟਰ ਵਜ਼ੀਰ ਸਿੰਘ ਮੇਰੀ ਜਮਾਤ ਦੇ ਅਧਿਆਪਕ ਸਨ। ਮਾਸਟਰ ਦਿਵਾਨ ਚੰਦ ਸਕੂਲ ਦੇ ਮੁੱਖ ਅਧਿਆਪਕ ਸਨ, ਜੋ ਚਿੱਟੇ ਰੰਗ ਦੀ ਤੁਰਲੇ ਵਾਲੀ ਪਗੜੀ ਪਹਿਨਦੇ ਸਨ, ਜਿਸ ਦਾ ਪਿੱਛੇ ਲੰਬਾ ਲੜ ਹੁੰਦਾ ਸੀ।

ਉਨ੍ਹਾਂ ਸਮਿਆਂ ਵਿੱਚ ਫੱਟੀਆਂ ਤੇ ਸਲੇਟਾਂ ਹੁੰਦੀਆਂ ਸਨ। ਸਕੂਲ ਦੇ ਨਜ਼ਦੀਕ ਹੀ ਸ. ਜਗੀਰ ਸਿੰਘ ਢਿੱਲੋਂ ਦਾ ਟਿਊਬਵੈਲ ਸੀ, ਜਿਥੇ ਅਸੀਂ ਫੱਟੀਆਂ ਧੋਣ ਜਾਂਦੇ ਸੀ। ਜਦ ਗਾਚਨੀ ਫੇਰ ਕੇ ਹੱਥ ਹਿਲਾ ਕੇ ਫਟੀਆਂ ਸੁਕਾਉਂਦੇ ਸੀ ਤਾਂ ਨਾਲ ਬੋਲਦੇ ਸੀ, "ਰੱਬਾ ਰੱਬਾ ਫੱਟੀ ਸੁਕਾਅ, ਨਹੀਂ ਸੁਕਾਉਣੀ ਤਾਂ ਘਰ ਨੂੰ ਜਾ"। ਉਨ੍ਹਾਂ ਰੋਜ਼ਾਨਾ ਪੰਜਾਬੀ ਤੇ ਹਿੰਦੀ ਵਿਚ ਡਿਕਟੇਸ਼ਨ ਲਿਖਾਉਣੀ। ਜੇ ਕੋਈ ਗ਼ਲਤੀ ਹੁੰਦੀ ਤਾਂ ਕਹਿਣਾ ਕਿ ਦਸ ਵਾਰ ਲਿਖੋ। ਇਸ ਨਾਲ ਇਕ ਤਾਂ ਲਿਖਾਈ ਸੁੰਦਰ ਹੁੰਦੀ ਸੀ ਤੇ ਦੂਜਾ ਲਫ਼ਜ਼ਾਂ ਦੇ ਸ਼ਬਦ-ਜੋੜ ਠੀਕ ਯਾਦ ਹੋ ਜਾਂਦੇ ਸਨ। ਸਲੇਟਾਂ ਉਪਰ ਸੁਆਲ ਕੱਢ ਕੇ ਅਧਿਆਪਕ ਨੂੰ ਵਿਖਾਏ ਜਾਂਦੇ ਸਨ। ਕਾਪੀਆਂ ਦਾ ਕੰਮ ਬਹੁਤਾ ਘਰ ਕਰੀਦਾ ਸੀ। ਹਿੰਦੀ ਤੀਜੀ ਜਮਾਤ ਵਿਚ ਲੱਗਦੀ ਸੀ। ਪ੍ਰਾਇਮਰੀ ਵਿਚ ਅੰਗਰੇਜ਼ੀ ਨਹੀਂ ਸੀ ਪੜ੍ਹਾਈ ਜਾਂਦੀ।

ਸਾਰੀ ਛੁੱਟੀ ਤੋਂ ਕੁਝ ਸਮਾਂ ਪਹਿਲਾਂ ਪਹਾੜੇ ਯਾਦ ਕਰਵਾਏ ਜਾਂਦੇ ਸਨ। ਆਹਮੋ ਸਾਹਮਣੇ ਦੋ ਗਰੁੱਪ ਖੜੇ ਹੋ ਕੇ ਪਹਾੜੇ ਬੋਲਦੇ ਸਨ। ਸਵਾਇਆ, ਡਿਉਡਾ ਤੋਂ ਇਲਾਵਾ ਦੋ ਤੋਂ ਲੈ ਕੇ ਵੀਹ ਤੀਕ ਪਹਾੜੇ ਯਾਦ ਕਰਵਾਏ ਜਾਂਦੇ ਸਨ। ਆਪਣੀ ਮਾਂ ਬੋਲੀ ਪੰਜਾਬੀ



Academy of the Punjab in North America: http://www.apnaorg.com

ਵਿਚ ਹੋਣ ਕਰਕੇ ਇਹ ਯਾਦ ਬੜੀ ਛੇਤੀ ਹੋ ਜਾਂਦੇ ਸਨ ਤੇ ਅਜੇ ਵੀ ਮੈਨੂੰ ਸਵਾਏ ਡਿਉੜੇ ਦੇ ਪਹਾੜੇ ਜ਼ਬਾਨੀ ਯਾਦ ਹਨ। ਅੱਜ-ਕਲ ਜਿਹੜੇ ਬੱਚੇ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਦੇ ਹਨ, ਉਨ੍ਹਾਂ ਵਿਚ ਕਿਸੇ ਕਿਸੇ ਨੂੰ ਹੀ ਪਹਾੜੇ ਆਉਂਦੇ, ਬਹੁਤੇ ਫਾਡੀ ਹਨ ਕਿਉਂਕਿ ਉਹ ਬੇਗਾਨੀ ਭਾਸ਼ਾ ਵਿਚ ਹੋਣ ਕਰਕੇ ਯਾਦ ਨਹੀਂ ਰਹਿੰਦੇ।

ਉਨ੍ਹਾਂ ਸਮਿਆਂ ਵਿਚ ਕੁੱਟ ਬਹੁਤ ਪੈਂਦੀ ਸੀ। ਸੁਆਲਾਂ ਦੇ ਜ਼ਬਾਨੀ ਉੱਤਰ ਨਾ ਆਉਣ 'ਤੇ ਸੋਟੀਆਂ ਪੈਂਦੀਆਂ ਸਨ। ਮਾਸਟਰ ਵਜ਼ੀਰ ਸਿੰਘ ਹਿਸਾਬ ਅਤੇ ਲਿਖਤ ਉਪਰ ਬਹੁਤ ਜ਼ੋਰ ਦਿੰਦੇ ਸਨ। ਇਹੋ ਕਾਰਨ ਸੀ ਕਿ ਸਾਡੇ ਵਿੱਚ ਬਹੁਤਿਆਂ ਦੇ ਹਿਸਾਬ ਵਿਚੋਂ 100 ਦੇ 100 ਅੰਕ ਆ ਜਾਂਦੇ। ਚੌਥੀ, ਪੰਜਵੀ ਵਿਚ ਸਾਡਾ ਪ੍ਰੀਖਿਆ ਕੇਂਦਰ ਰਾਜਾ ਸਾਂਸੀ ਹਵਾਈ ਅੱਡੇ ਦੇ ਨਜ਼ਦੀਕ ਪਿੰਡ ਹੇਅਰ ਬਣਦਾ ਸੀ। ਉੱਥੇ ਹੋਰ ਵੀ ਕਈ ਸਕੂਲ ਆਏ ਹੁੰਦੇ ਸਨ। ਬੱਚਿਆਂ ਨੂੰ ਜ਼ਮੀਨ ਉਪਰ ਦੂਰ ਦੂਰ ਬਿਠਾ ਦਿੱਤਾ ਜਾਂਦਾ ਸੀ ਤਾਂ ਜੋ ਉਹ ਨਕਲ ਨਾ ਮਾਰ ਸਕਣ ਤੇ ਨਾ ਹੀ ਅਗਲੇ ਪਿਛਲੇ ਕੋਲੋਂ ਕੁਝ ਪੁੱਛ ਸਕਣ। ਵੈਸੇ ਵੀ ਨਕਲ ਦਾ ਉਨ੍ਹਾਂ ਦਿਨਾਂ ਵਿਚ ਰਿਵਾਜ ਨਹੀਂ ਸੀ।

ਮਾਸਟਰ ਜੀ ਪਾਸ ਡਾਕਖਾਨੇ ਦਾ ਕੰਮ ਵੀ ਸੀ। ਚਿੱਠੀਆਂ ਬੱਚੇ ਖੜ ਕੇ ਵੰਡਦੇ ਸਨ, ਇਸ ਲਈ ਉਨ੍ਹਾਂ ਨੇ ਛੁੱਟੀਆਂ ਵਿਚ ਵੀ ਸਾਨੂੰ ਸੱਦ ਲੈਣਾ ਤੇ ਪੜ੍ਹਾਉਣਾ। ਜੇ ਡਾਕੀਆ ਦੇਰ ਨਾਲ ਆਵੇ ਤਾਂ ਛੁੱਟੀ ਤੋਂ ਬਾਅਦ ਵੀ ਬੈਠ ਕੇ ਪੜ੍ਹਨਾ ਪੈਂਦਾ ਸੀ। ਉਹ ਹਮੇਸ਼ਾਂ ਸਮੇਂ ਸਿਰ ਸਕੂਲ ਆਉਂਦੇ ਸਨ। ਛੁੱਟੀ ਵੀ ਉਨ੍ਹਾਂ ਸ਼ਾਇਦ ਹੀ ਕੋਈ ਕੀਤੀ ਹੋਵੇ। ਮੁੰਡੇ ਕੁੜੀਆਂ ਇਕੱਠੇ ਪੜ੍ਹਦੇ ਸਨ। ਭਾਵੇਂ ਉਹ ਬੱਚਿਆਂ ਨੂੰ ਮਾਰਦੇ ਸਨ ਪਰ ਪਿਆਰ ਬਹੁਤ ਕਰਦੇ ਸਨ। ਜਿਹੜੇ ਬੱਚੇ ਸਕੂਲ ਨਹੀਂ ਸਨ ਆਉਂਦੇ ,ਉਨ੍ਹਾਂ ਨੂੰ ਲੈਣ ਲਈ ਪਹਿਲਾਂ ਬੱਚਿਆਂ ਨੂੰ ਭੇਜਦੇ ਸਨ। ਜਿਹੜੇ ਫਿਰ ਵੀ ਨਾ ਆਉਂਦੇ ਉਨ੍ਹਾਂ ਨੂੰ ਉਹ ਖ਼ੁਦ ਲੈਣ ਜਾਂਦੇ। ਸਕੂਲ ਵਿਚ ਇਕ ਖੂਹੀ ਹੁੰਦੀ ਸੀ, ਜਿਸ ਦੇ ਬਾਹਰ ਪੀਣ ਲਈ ਛਬੀਲ ਹੁੰਦੀ ਸੀ। ਬੱਚੇ ਵੀ ਇੱਥੋਂ ਪਾਣੀ ਪੀਂਦੇ ਸਨ। ਜਿਹੜੇ ਬੱਚੇ ਨਹਾ ਕੇ ਨਹੀਂ ਸਨ ਆਉਂਦੇ, ਉਨ੍ਹਾਂ ਨੂੰ ਮਾਸਟਰ ਵਜੀਰ ਸਿੰਘ ਨਹਾਉਂਦੇ ਹੁੰਦੇ ਸਨ। ਇਸ ਤਰ੍ਹਾਂ ਉਨ੍ਹਾਂ ਵਿਚ ਕੋਈ ਤੇਰ-ਮੇਰ ਨਹੀਂ ਸੀ। ਸਮਝੋ ਉਹ ਸਾਨੂੰ ਆਪਣੇ ਬੱਚਿਆਂ ਨਾਲੋਂ ਵੱਧ ਸਮਝਦੇ ਸਨ। ਸਭਿਆਰਕ ਗਤੀਵਿਧੀਆਂ ਵੀ ਹੁੰਦੀਆਂ ਸਨ। ਇਕ ਵੇਰ ਮਾਨਾਂਵਾਲਾ ਸਕੂਲ ਵਿਖੇ ਅੰਤਰ-ਸਕੂਲ ਪ੍ਰੋਗਰਾਮ ਹੋਇਆ, ਜਿਸ ਵਿਚ ਮੈਂ ਬਤੌਰ ਰੇਡੀਓ ਗ਼ਪਸਤਾਨ ਪੇਸ਼ ਹੋਇਆ। ਇਸ ਵਿਚ ਇਕ ਗੱਪ ਸੀ ਕਿ ਹਵਾਈ ਜਹਾਜ਼ ਤੇ ਮੱਛਰ ਦੀ ਟੱਕਰ ਹੋ ਗਈ। ਜਹਾਜ਼ ਟੁਕੜੇ-ਟੁਕੜੇ ਹੋ ਕੇ ਥਲੇ ਡਿਗ ਪਿਆ ਪਰ ਮੱਛਰ ਦੀ ਇਕ ਲੱਤ ਟੁਟ ਗਈ ਤੇ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਸਕੂਲ ਵਿਚ ਭਾਵੇਂ ਹੋਰ ਵੀ ਅਧਿਆਪਕ ਸਨ ਪਰ ਸਭ ਤੋਂ ਵੱਧ ਉਹੋ ਹੀ ਕਾਰਜਸ਼ੀਲ ਸਨ।

ਜਦ ਵੀ ਮੈਨੂੰ ਉਨ੍ਹਾਂ ਦੀ ਯਾਦ ਆਉਂਦੀ ਹੈ ਤਾਂ ਸਤਿਕਾਰ ਨਾਲ ਮੇਰਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਕਾਸ਼! ਸਾਰੇ ਅਧਿਆਪਕ ਅਜਿਹੇ ਹੋਣ। ਅਜਕੱਲ ਲੋਕ ਸਰਕਾਰੀ ਤੇ ਪੰਜਾਬੀ ਮਾਧਿਅਮ ਪ੍ਰਾਈਵੇਟ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚੰਗਾ ਨਹੀਂ ਸਮਝਦੇ ਜਦ ਕਿ ਸੱਚ ਇਹ ਹੈ ਕਿ ਜਿੰਨੇ ਵੀ ਅਫ਼ਸਰ, ਡਾਕਟਰ, ਇੰਜੀਨੀਅਰ



Academy of the Punjab in North America: http://www.apnaorg.com

ਸੇਵਾ ਮੁਕਤ ਹਨ ਜਾਂ ਸੇਵਾ ਮੁਕਤੀ ਦੇ ਨੇੜੇ ਹਨ, ਉਹ ਸਭ ਜਾਂ ਤਾਂ ਸਰਕਾਰੀ ਸਕੂਲਾਂ ਵਿਚ ਪੜ੍ਹੇ ਹਨ ਜਾਂ ਪੰਜਾਬੀ ਮਾਧਿਅਮ ਵਾਲੇ ਪ੍ਰਾਈਵੇਟ ਸਕੂਲਾਂ ਵਿਚ। ਛੋਟੇ ਛੋਟੇ ਬੱਚਿਆਂ ਨੂੰ ਅਜਕੱਲ ਮਾਪੇ ਸ਼ਾਮ ਨੂੰ ਟਿਊਸ਼ਨ ਪੜ੍ਹਨ ਭੇਜਦੇ ਹਨ ਤਾਂ ਹੈਰਾਨੀ ਹੁੰਦੀ ਹੈ। ਅੰਗਰੇਜ਼ੀ ਮਾਧਿਅਮ ਇਸ ਲਈ ਜ਼ੁੰਮੇਵਾਰ ਹੈ। ਅੰਗਰੇਜੀ ਬੱਚਿਆਂ ਨੂੰ ਆਉਂਦੀ ਨਹੀਂ, ਪੰਜਾਬੀ ਪੜ੍ਹਾਉਂਦੇ ਨਹੀਂ। ਸਾਰੀ ਦੁਨੀਆਂ ਵਿਚ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿਚ ਦਿੱਤੀ ਜਾਂਦੀ ਹੈ, ਜਿਵੇਂ ਕਿ ਸਾਡੇ ਸਮੇਂ ਹੁੰਦਾ ਸੀ।

*24 ਜੁਲਾਈ 2014*



Academy of the Punjab in North America: http://www.apnaorg.com

# ਸਰਕਾਰੀ ਸਕੂਲਾਂ ਪ੍ਰਤੀ ਲੋਕ ਪੱਖੀ ਪਹੁੰਚ ਅਪਨਾਉਣ ਦੀ ਲੋੜ

ਪੰਜਾਬ ਦੇ ਇਤਿਹਾਸਕ ਪਿਛੋਕੜ 'ਤੇ ਝਾਤ ਪਾਈਏ ਤਾਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਪਹਿਲਾਂ ਟਾਵੇਂ ਟਾਵੇਂ ਪ੍ਰਾਈਵੇਟ ਸਕੂਲ ਹੁੰਦੇ ਸਨ ਤੇ ਬਹੁਤੇ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸਨ। ਸੇਵਾ ਮੁਕਤ ਹੋਏ ਜਾਂ ਇਸ ਸਮੇਂ ਕੰਮ ਕਰ ਰਹੇ ਸੀਨੀਅਰ ਆਈ.ਏ.ਐਸ., ਤੇ ਆਈ.ਪੀ.ਐਸ., ਅਫ਼ਸਰਾਂ ਤੋਂ ਇਲਾਵਾ ਡਾਕਟਰਾਂ, ਇੰਜੀਨਅਰਾਂ, ਪ੍ਰੋਫ਼ੈਸਰਾਂ, ਵਿਗਿਆਨੀਆਂ ਵਿੱਚੋਂ ਬਹੁ-ਗਿਣਤੀ ਸਰਕਾਰੀ ਸਕੂਲਾਂ ਵਿੱਚ ਪੜ੍ਹੀ ਹੋਈ ਹੈ ਤੇ ਪੜ੍ਹੀ ਵੀ ਪੰਜਾਬੀ ਮਾਧਿਅਮ ਵਿੱਚ ਹੈ। ਇੰਗਲੈਂਡ, ਕੈਨੇਡਾ, ਫਰਾਂਸ, ਜਾਪਾਨ, ਰੂਸ, ਜਰਮਨ, ਚੀਨ, ਕੋਰੀਆ, ਸਿੰਗਾਪੁਰ ਵਰਗੇ ਵਿਕਸਤ ਦੇਸ਼ਾਂ ਵਿਚ 99 ਪ੍ਰਤੀਸ਼ਤ ਬੱਚੇ ਬਾਰਵੀਂ ਤੀਕ ਮੁਫ਼ਤ ਵਿਦਿਆ ਪ੍ਰਾਪਤ ਕਰਦੇ ਹਨ ਤੇ ਪੜ੍ਹਦੇ ਵੀ ਸਰਕਾਰੀ ਸਕੂਲਾਂ ਵਿਚ ਹਨ। ਇਨ੍ਹਾਂ ਮੁਲਕਾਂ ਵਿਚ ਪੜ੍ਹਾਈ ਵੀ ਆਪਣੀ ਮਾਤ ਭਾਸ਼ਾ ਵਿੱਚ ਕਰਾਈ ਜਾਂਦੀ ਹੈ। ਇਨ੍ਹਾਂ ਮੁਲਕਾਂ ਨੇ ਵਿਗਿਆਨਕ ਤੇ ਤਕਨੀਕੀ ਖੇਤਰ ਵਿਚ ਆਪਣੀ ਮਾਤ ਭਾਸ਼ਾ ਵਿਚ ਹੀ ਮੱਲਾਂ ਮਾਰੀਆਂ ਹਨ। ਇਸ ਲਈ ਇਹ ਧਾਰਨਾ ਨਿਰਮੂਲ ਹੈ ਕਿ ਵਿਗਿਆਨ ਤੇ ਤਕਨੀਕ ਦੇ ਖੇਤਰ ਲਈ ਅੰਗਰੇਜ਼ੀ ਮਾਧਆਮ ਚਾਹੀਦਾ ਹੈ। ਇਸ ਲਈ ਜੇ ਪੰਜਾਬ ਨੇ ਤਰੱਕੀ ਕਰਨੀ ਹੈ ਤਾਂ ਇਨ੍ਹਾਂ ਵਿਕਸਤ ਦੇਸ਼ਾਂ ਵਾਂਗ ਸਾਨੂੰ ਵੀ ਬਾਰ੍ਹਵੀਂ ਤੀਕ ਮੁਫ਼ਤ ਵਿਦਿਆ ਦੇਣ ਦੇ ਨਾਲ ਨਾਲ ਮਾਧਿਅਮ ਪੰਜਾਬੀ ਰੱਖਣਾ ਹੋਵੇਗਾ। ਸਾਰੀ ਦੁਨੀਆਂ ਵਿਚ ਗਿਆਰ੍ਹਵੀਂ ਤੇ ਬਾਰ੍ਹਵੀਂ ਜਮਾਤਾਂ ਸਕੂਲਾਂ ਵਿਚ ਹਨ ਪਰ ਪੰਜਾਬ ਵਿਚ ਕਾਲਜਾਂ ਵਿਚ ਵੀ ਇਹ ਜਮਾਤਾਂ ਹਨ, ਜਿਹੜੀਆਂ ਬੰਦ ਕਰਨੀਆਂ ਚਾਹੀਦੀਆਂ ਹਨ।

ਪੰਜਾਬ ਹੀ ਨਹੀਂ ਸਾਰੇ ਭਾਰਤ ਵਿਚ ਜਗੀਰੂ ਸੋਚ ਅਜੇ ਵੀ ਭਾਰੀ ਹੈ ਕਿ ਜੇ ਗ਼ਰੀਬ ਬੱਚੇ ਪੜ੍ਹ ਗਏ ਤਾਂ ਸਾਡੇ ਡੰਗਰ ਕੌਣ ਚਾਰੇਗਾ ਤੇ ਸਾਡੇ ਇਸ਼ਾਰਿਆਂ 'ਤੇ ਸਾਨੂੰ ਇਹ ਲੋਕ ਵੋਟ ਨਹੀਂ ਪਾਉਣਗੇ, ਜਦ ਕਿ ਮਿਆਰੀ ਵਿਦਿਆ ਤੋਂ ਬਿਨਾਂ ਕੋਈ ਦੇਸ਼ ਤਰੱਕੀ ਨਹੀਂ ਕਰ ਸਕਦਾ। ਸਿਖਿਆ ਦਾ ਮਹੱਤਵ ਇਸ ਗਲ ਤੋਂ ਵੀ ਪਤਾ ਲਗਦਾ ਹੈ ਕਿ ਜਦ ਈਸਟ ਇੰਡੀਆ ਕੰਪਨੀ ਨੇ ਇੰਗਲੈਂਡ ਤੋਂ ਭਾਰਤ ਵਿਚ ਵਿਦਿਆ ਦੇ ਪਾਸਾਰ ਦੀ ਆਗਿਆ ਮੰਗੀ ਸੀ ਤਾਂ ਜੁਆਬ ਆਇਆ ਸੀ ਕਿ ਅਸੀਂ ਅਮਰੀਕੀਆਂ ਨੂੰ ਪੜ੍ਹਾਇਆ ਤੇ ਅਮਰੀਕਾ ਗੁਆ ਲਿਆ, ਇਸ ਲਈ ਅਸੀਂ ਹੁਣ ਭਾਰਤ ਨੂੰ ਨਹੀਂ ਗੁਆਉਣਾ ਚਾਹੁੰਦੇ। ਇਹੋ ਕਾਰਨ ਸੀ ਲੰਮਾ ਸਮਾਂ ਭਾਰਤੀ ਇੰਗਲੈਂਡ ਪੜ੍ਹਨ ਜਾਂਦੇ ਰਹੇ। ਇਸ ਲਈ ਪੰਜਾਬ ਹੀ ਨਹੀਂ ਸਮੁਚੇ ਦੇਸ਼ ਨੂੰ ਇੱਕ ਜੁਟ ਹੋ ਕੇ ਬਾਰ੍ਹਵੀਂ ਤੀਕ ਮੁਫ਼ਤ



Academy of the Punjab in North America: http://www.apnaorg.com

ਤੇ ਮਿਆਰੀ ਵਿਦਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਸਿਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦਾ 20 ਨਵੰਬਰ 2014 ਨੂੰ ਪੰਜਾਬੀ ਜਾਗਰਣ ਵਿਚ ਜੋ ਬਿਆਨ ਆਇਆ ਹੈ ਕਿ ਸਿਖਿਆ ਮਾਫੀਆ ਨੂੰ ਸਿਰ ਨਹੀਂ ਚੁਕਣ ਦਿੱਤਾ ਜਾਵੇਗਾ, ਅਸੀਂ ਬਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਮਿਆਰੀ ਸਿੱਖਿਆ ਦੇਵਾਂਗੇ, ਜੋ ਕਿ ਸ਼ਲਾਘਾਯੋਗ ਹੈ। ਜਿੱਥੋਂ ਤੀਕ ਕਾਨਵੈਂਟ ਸਕੂਲਾਂ ਵਰਗੀਆਂ ਸਹੂਲਤਾਂ ਪੇਂਡੂ ਸਕੂਲਾਂ ਨੂੰ ਦੇਣ ਦਾ ਸਬੰਧ ਹੈ, ਇਹ ਨਾ ਤਾਂ ਦਿੱਤੀਆਂ ਜਾ ਸਕਦੀਆਂ ਹਨ ਤੇ ਨਾ ਹੀ ਅਸੀਂ ਦੇ ਸਕਦੇ ਹਾਂ। ਕਾਨਵੈਂਟ ਸਕੂਲਾਂ ਦਾ ਆਪਣਾ ਸਥਾਨ ਹੈ ਤੇ ਸਰਕਾਰੀ ਸਕੂਲਾਂ ਦਾ ਆਪਣਾ। ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਵਿਚ ਵੀ ਇਨ੍ਹਾਂ ਸਕੂਲਾਂ ਨੇ ਆਪਣਾ ਸਥਾਨ ਬਣਾਇਆ ਹੋਇਆ ਹੈ। ਸਾਡੇ ਪਾਸ ਤਾਂ ਬਚਿਆਂ ਨੂੰ ਬਿਠਾਉਣ ਲਈ ਕਮਰੇ ਨਹੀਂ, ਲੋੜੀਂਦੇ ਅਧਿਆਪਕ ਤੇ ਸਾਜੋ ਸਮਾਨ ਨਹੀਂ, ਜੋ ਕਿ ਸਕੂਲ ਦੀ ਮੁਢਲੀ ਲੋੜ ਹੈ। ਇਸ ਲਈ ਜੋ ਸਾਡੇ ਪਾਸ ਹੈ, ਉਸ ਦੀ ਯੋਗ ਢੰਗ ਨਾਲ ਵਰਤੋਂ ਕਰਨੀ ਚਾਹੀਦੀ ਹੈ ਤੇ ਜਿਹੜੀਆਂ ਖਾਮੀਆਂ ਹਨ, ਉਨ੍ਹਾਂ ਨੂੰ ਦੂਰ ਕਰਨ 'ਤੇ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਇਸ ਸਮੇਂ ਭਾਰਤ ਵਿਚ ਸਕੂਲਾਂ ਵਿਚ ਲੱਖਾਂ ਆਸਾਮੀਆਂ ਖ਼ਾਲੀ ਹਨ। ਜੇ ਅਧਿਆਪਕ ਨਹੀਂ ਤਾਂ ਸਕੂਲਾਂ ਦਾ ਕੋਈ ਲਾਭ ਨਹੀਂ। ਇਸ ਲਈ ਪੱਕੀ ਨਿਯੁਕਤੀਆਂ ਲਈ ਇਕ ਸਾਰਥਕ ਨੀਤੀ ਅਪਣਾਉਣ ਦੀ ਲੋੜ ਹੈ। ਜਦ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਦੀ ਪੱਕੀ ਨਿਯੁਕਤੀ ਹੋਵੇ ਤਾਂ ਨਾਲ ਦੀ ਨਾਲ ਇਕ ਉਡੀਕ ਸੂਚੀ (ਵੇਟਿੰਗ ਲਿਸਟ) ਬਣਾਈ ਜਾਵੇ, ਜਿਸ ਵਿੱਚੋਂ ਲੋੜ ਅਨੁਸਾਰ ਸਮੇਂ ਸਮੇਂ ਨਿਯੁਕਤੀਆਂ ਕੀਤੀਆਂ ਜਾਣ। ਜਿੰਨੀ ਦੇਰ ਤੀਕ ਨਵੀਆਂ ਨਿਯੁਕਤੀਆਂ ਮੁੜ ਸ਼ੁਰੂ ਨਹੀਂ ਹੁੰਦੀਆਂ, ਉਸ ਸਮੇਂ ਤੀਕ ਇਸ ਸੂਚੀ ਵਿਚੋਂ ਨਿਯੁਕਤੀਆਂ ਕੀਤੀਆਂ ਜਾਣ।

ਪਹਿਲਾਂ ਹਰ ਵਿਭਾਗ ਵਿਚ ਜ਼ਿਲ੍ਹਾ ਪੱਧਰ 'ਤੇ ਇਕ ਕਮੇਟੀ ਹੁੰਦੀ ਸੀ ਜੋ ਆਰਜ਼ੀ ਨਿਯੁਕਤੀਆਂ ਕਰਦੀ ਸੀ। ਰੁਜ਼ਗਾਰ ਦਫ਼ਤਰਾਂ ਤੋਂ ਉਮੀਦਵਾਰ ਬੁਲਾ ਕੇ ਉਨ੍ਹਾਂ ਦੀ ਚੋਣ ਕੀਤੀ ਜਾਂਦੀ ਸੀ। ਇਹ ਨਿਯੁਕਤੀਆਂ ਕਈਆਂ ਸਾਲਾਂ ਤੋਂ ਬੰਦ ਹਨ। ਉਸ ਦਾ ਲਾਭ ਇਹ ਹੁੰਦਾ ਸੀ ਕਿ ਜਿੰਨੀ ਦੇਰ ਤੀਕ ਖ਼ਾਲੀ ਆਸਾਮੀ 'ਤੇ ਪਕਾ ਅਧਿਆਪਕ ਨਹੀਂ ਸੀ ਆਉਂਦਾ ਉਨੀ ਦੇਰ ਤੀਕ ਆਰਜ਼ੀ ਕਰਮਚਾਰੀ ਕੰਮ ਕਰਦਾ ਸੀ। ਜੇ ਕੋਈ ਕਰਮਚਾਰੀ ਛੁੱਟੀ 'ਤੇ ਜਾਂਦਾ ਸੀ ਤਾਂ ਉਸ ਦੀ ਕਮੀ ਵੀ ਆਰਜ਼ੀ ਕਰਮਚਾਰੀ ਪੂਰੀ ਕਰ ਦਿੰਦੇ ਸਨ। ਇਨ੍ਹਾਂ ਨੂੰ ਮੁੜ-ਚਾਲੂ ਕਰਨਾ ਬਹੁਤ ਜ਼ਰੂਰੀ ਹੈ। ਜੇ ਕੋਈ ਅਦਾਲਤੀ ਹੁਕਮ ਹਨ ਤਾਂ ਅਦਾਲਤ ਨੂੰ ਪਹੁੰਚ ਕਰਕੇ ਅਦਾਲਤੀ ਫ਼ੈਸਲੇ ਵਿਚ ਸੋਧ ਕਰਾਉਣੀ ਚਾਹੀਦੀ ਹੈ।

ਅਮਰੀਕਾ ਵਿਚ ਜਦ ਕੋਈ ਅਧਿਆਪਕ ਇਕ ਦਿਨ ਦੀ ਛੁੱਟੀ 'ਤੇ ਵੀ ਜਾਂਦਾ ਹੈ ਤਾਂ ਉਸ ਦੀ ਕਮੀ ਨੂੰ ਦੂਰ ਕਰਨ ਲਈ ਪ੍ਰਿੰਸੀਪਲ ਸੇਵਾ ਮੁਕਤ ਅਧਿਆਪਕਾਂ ਨੂੰ ਬੁਲਾ ਲੈਂਦੇ ਹਨ, ਹਾਲਾਂ ਕਿ ਇੱਥੇ 65 ਸਾਲ ਦੀ ਉਮਰ ਵਿਚ ਕਰਮਚਾਰੀ ਸੇਵਾ ਮੁਕਤ ਹੁੰਦੇ ਹਨ। ਸਾਡੇ 58 ਸਾਲ ਦੀ ਉਮਰ ਵਿਚ ਹੀ ਕਰਮਚਾਰੀ ਸੇਵਾ ਮੁਕਤ ਹੋ ਜਾਂਦੇ ਹਨ। ਸਾਨੂੰ ਵੀ ਤਜਰਬੇ ਦੇ ਤੌਰ 'ਤੇ ਅਮਰੀਕਾ ਵਾਂਗ ਤਜਰਬਾ ਕਰਕੇ ਵੇਖ ਲੈਣਾ ਚਾਹੀਦਾ ਹੈ।



Academy of the Punjab in North America: http://www.apnaorg.com

ਅਧਿਆਪਕਾਂ ਦੇ ਨਾਲ ਨਾਲ ਜਿਹੜੇ ਦੂਜੇ ਕਰਮਚਾਰੀ ਜਿਵੇਂ ਕਲਰਕ, ਲੈਬਾਰਟਰੀ ਅਟੈਂਡੰਟ, ਲਾਇਬਰੇਰੀਅਨ, ਸੇਵਾਦਾਰ ਵਗੈਰਾ ਹਨ, ਉਨ੍ਹਾਂ ਦੀਆਂ ਆਸਾਮੀਆਂ ਲਈ ਵੀ ਸਾਰਥਕ ਨੀਤੀ ਅਪਣਾਈ ਜਾਵੇ ਤਾਂ ਜੋ ਕੋਈ ਆਸਾਮੀ ਖ਼ਾਲੀ ਨਾ ਰਹੇ।

ਸਕੂਲ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਮਾਪੇ ਅਧਿਆਪਕ ਕਮੇਟੀਆਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਬਹੁਤੇ ਸਕੂਲਾਂ ਨੇ ਇਨ੍ਹਾਂ ਕਮੇਟੀਆਂ ਵਿਚ ਉਹ ਵਿਅਕਤੀ ਰੱਖੇ ਹਨ ਜਿਨ੍ਹਾਂ ਦੇ ਬੱਚੇ ਸਕੂਲ ਵਿਚ ਨਹੀਂ ਪੜ੍ਹਦੇ। ਜਿਹੜੇ ਬੱਚੇ ਪੜ੍ਹਦੇ ਹਨ, ਉਨ੍ਹਾਂ ਦੇ ਮਾਪਿਆਂ ਨੂੰ ਹੀ ਇਸ ਕਮੇਟੀ ਵਿਚ ਲਿਆ ਜਾਵੇ।

ਸੁਪਰੀਮ ਕੋਰਟ ਦੇ ਹੁਕਮਾਂ ਦੀ ਅਣਦੇਖੀ ਕਰਕੇ ਅਧਿਆਪਕਾਂ ਨੂੰ ਅਜੇ ਵੀ ਗ਼ੈਰ-ਵਿਦਿਅਕ ਕੰਮ ਦਿਤੇ ਜਾ ਰਹੇ ਹਨ, ਜੋ ਕਿ ਬੰਦ ਹੋਣੇ ਚਾਹੀਦੇ ਹਨ। ਸਕੂਲ ਦੇ ਕਿਸੇ ਵੀ ਕਰਮਚਾਰੀ ਨੂੰ ਅਜਿਹਾ ਕੰਮ ਨਹੀਂ ਦੇਣਾ ਚਾਹੀਦਾ, ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੋਵੇ।

ਵਿਦੇਸ਼ਾਂ ਵਿਚ ਲਾਇਬਰੇਰੀ ਦੀ ਬਹੁਤ ਅਹਿਮੀਅਤ ਹੈ। ਪ੍ਰਾਇਮਰੀ ਸਕੂਲਾਂ ਵਿਚ ਵੀ ਹਰ ਹਫ਼ਤੇ ਇਕ ਲਾਇਬਰੇਰੀ ਪੀਰੀਅਡ ਹੁੰਦਾ ਹੈ, ਜਿਸ ਵਿਚ ਬੱਚੇ ਲਾਇਬਰੇਰੀ ਜਾਂਦੇ ਹਨ ਤੇ ਉਥੋਂ ਮਨ-ਮਰਜ਼ੀ ਦੀ ਕਿਤਾਬ ਇਕ ਹਫ਼ਤੇ ਲਈ ਘਰ ਲੈ ਆਉਂਦੇ ਹਨ। ਪੰਜਾਬ ਵਿਚ ਪ੍ਰਾਇਮਰੀ ਸਕੂਲਾਂ ਦੀ ਗੱਲ ਛੱਡੋ, ਸੀਨੀਅਰ ਸੈਕੰਡਰੀ ਸਕੂਲਾਂ ਵਿਚ ਵੀ ਬੱਚਿਆਂ ਨੂੰ ਨਾ ਤਾਂ ਲਾਇਬ੍ਰੇਰੀ ਵਿਚ ਜਾਣ ਦਿੱਤਾ ਜਾਂਦਾ ਹੈ ਤੇ ਨਾ ਹੀ ਕਿਸੇ ਬੱਚੇ ਨੂੰ ਕਿਤਾਬ ਘਰ ਖੜ੍ਹਨ ਲਈ ਦਿੱਤੀ ਜਾਂਦੀ ਹੈ ਤੇ ਨਾ ਹੀ ਲਾਇਬਰੇਰੀ ਪੀਰੀਅਡ ਹੈ। ਇਹੋ ਹਾਲ ਕਹਿੰਦੇ ਕਹਾਉਂਦੇ ਹੋਏ ਪ੍ਰਾਈਵੇਟ ਸਕੂਲਾਂ ਦਾ ਹੈ, ਜਿਹੜੇ ਮੋਟੀਆਂ ਰਕਮਾਂ ਲੈਂਦੇ ਹਨ। ਸਿਖਿਆ ਮੰਤਰੀ ਅਤੇ ਸਿੱਖਿਆ ਅਧਿਕਾਰੀਆਂ ਨੂੰ ਸਰਕਾਰੀ ਸਕੂਲਾਂ ਦੇ ਨਾਲ ਨਾਲ ਪ੍ਰਾਈਵੇਟ ਸਕੂਲ ਵਿਚ ਜਾ ਕੇ ਇਸ ਦੀ ਪੜਤਾਲ ਕਰਨੀ ਚਾਹੀਦੀ ਹੈ ਤੇ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਹੋ ਹਾਲ ਵਿਗਿਆਨ ਦੀਆਂ ਪ੍ਰਯੋਗਸ਼ਾਲਾਵਾਂ ਦਾ ਹੈ। ਵਿਗਿਆਨ ਦਾ ਸਮਾਨ ਅਲਮਾਰੀਆਂ ਵਿਚ ਬੰਦ ਰਹਿੰਦਾ ਹੈ, ਜਦ ਕਿ ਵਿਸ਼ੇ ਨਾਲ ਸੰਬੰਧਿਤ ਪ੍ਰਯੋਗ ਨਾਲ ਨਾਲ ਕਰਾਉਣ ਦੀ ਲੋੜ ਹੈ।

ਸਭ ਤੋਂ ਅਹਿਮ ਮਸਲਾ ਅਧਿਆਪਕਾਂ ਦੀਆਂ ਬਦਲੀਆਂ ਦਾ ਹੈ। ਅਮਰੀਕਾ ਨੇ ਇਸ ਦਾ ਵਧੀਆ ਹੱਲ ਲੱਭਿਆ ਹੈ। ਜਿਸ ਇਲਾਕੇ ਦਾ ਸਕੂਲ ਹੈ ਉਸ ਇਲਾਕੇ ਦੇ ਲੋਕ ਚਾਰ ਸਾਲ ਲਈ ਕਮੇਟੀ ਚੁਣਦੇ ਹਨ, ਜੋ ਸਕੂਲ ਦਾ ਪ੍ਰਬੰਧ ਕਰਦੀ ਹੈ। ਇਹ ਕਮੇਟੀ ਅਧਿਆਪਕ ਨਿਯੁਕਤ ਕਰਦੀ ਹੈ। ਜਿਸ ਦੀ ਬਦਲੀ ਨਹੀਂ ਹੋ ਸਕਦੀ। ਅਮਰੀਕਾ ਦੇ ਨਾਲ ਲੱਗਦੇ ਮੁਲਕ ਕੈਨੇਡਾ ਵਿਚ ਸਾਡੇ ਵਾਲਾ ਪ੍ਰਬੰਧ ਹੈ, ਪਰ ਉਥੇ ਸਿਆਸੀ ਦਖ਼ਲ ਅੰਦਾਜ਼ੀ ਬਿਲਕੁਲ ਨਹੀਂ। ਉਨ੍ਹਾਂ ਨੇ ਨਿਯਮ ਬਣਾਏ ਹੋਏ ਹਨ, ਜਿਨ੍ਹਾਂ ਅਨੁਸਾਰ ਉੱਥੋਂ ਦੇ ਪ੍ਰਬੰਧਕੀ ਅਧਿਕਾਰੀ ਨਿਯੁਕਤੀਆਂ ਅਤੇ ਬਦਲੀਆਂ ਕਰੀ ਜਾਂਦੇ ਹਨ। ਪੰਜਾਬ ਨੂੰ ਵੀ ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਸਥਾਈ ਨੀਤੀ ਬਣਾਉਣੀ ਚਾਹੀਦੀ ਹੈ ਤੇ ਬਕਾਇਦਾ ਇਸ ਨੂੰ ਸਰਕਾਰੀ ਗ਼ਜ਼ਟ ਵਿਚ ਛਾਪਣਾ ਚਾਹੀਦਾ ਹੈ ਤਾਂ



Academy of the Punjab in North America: http://www.apnaorg.com

ਜੋ ਇਸ ਦੀ ਕੋਈ ਉਲੰਘਣਾ ਨਾ ਕਰੇ। ਇਹ ਇਸ ਲਈ ਜ਼ਰੂਰੀ ਹੈ ਕਿ ਸਾਰਾ ਸਾਲ ਸਿਖਿਆ ਮੰਤਰੀ ਤੇ ਦੂਜੇ ਅਫ਼ਸਰ ਬਦਲੀਆਂ ਦੇ ਚਕਰਾਂ ਵਿਚ ਪਏ ਰਹਿੰਦੇ ਹਨ ਤੇ ਅਧਿਆਪਕਾਂ ਉਪਰ ਵੀ ਬਦਲੀਆਂ ਦੀ ਤਲਵਾਰ ਲਟਕੀ ਰਹਿੰਦੀ ਹੈ। ਸਥਾਈ ਨੀਤੀ ਬਣਨ ਨਾਲ ਇਸ ਸਮੇਂ ਬਦਲੀਆਂ ਵਿਚ ਚਲ ਰਹੇ ਭ੍ਰਿਸ਼ਟਾਚਾਰ ਨੂੰ ਵੀ ਨਥ ਪਏਗੀ।

ਪੰਜਾਬ ਨੂੰ ਬਹੁਤ ਦੇਰ ਬਾਅਦ ਇਕ ਬਹੁਤ ਹੀ ਸੂਝਵਾਨ ਤੇ ਪੜ੍ਹਿਆ ਲਿਖਿਆ ਸਿਖਿਆ ਮੰਤਰੀ ਮਿਲਿਆ ਹੈ, ਇਸ ਲਈ ਸਿਖਿਆ ਮੰਤਰੀ ਨੂੰ ਨਾਮਵਰ ਵਿਦਿਅਕ ਮਾਹਿਰਾਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ, ਜੋ ਸਮੇਂ ਸਮੇਂ ਉਨ੍ਹਾਂ ਨੂੰ ਲੋੜੀਂਦੀ ਸਲਾਹ ਦੇ ਸਕੇ ਤਾਂ ਜੋ ਪਹਿਲਾਂ ਵਾਂਗ ਪੰਜਾਬ ਸਿਖਿਆ ਦੇ ਖੇਤਰ ਵਿਚ ਮੋਹਰੀ ਸਥਾਨ ਪ੍ਰਾਪਤ ਕਰ ਸਕੇ।

*20 ਨਵੰਬਰ 2014*



Academy of the Punjab in North America: http://www.apnaorg.com

# ਮਸਲਾ ਲੋਕ ਪ੍ਰਤੀਨਿਧਾਂ ਦੀ ਜੁਆਬਦੇਹੀ ਦਾ

ਇਨ੍ਹਾਂ ਦਿਨਾਂ ਵਿਚ ਰਾਜ ਸਭਾ ਮੈਂਬਰ ਮਸ਼ਹੂਰ ਬਲੇਬਾਜ਼ ਸਚਿਨ ਤੈਂਦੂਲਕਰ ਅਤੇ ਫਿਲਮੀ ਅਦਾਕਾਰਾ ਤੇ ਰਾਜ ਸਭਾ ਮੈਂਬਰ ਰੇਖਾ ਦੀ ਰਾਜ ਸਭਾ ਦੀਆਂ ਬੈਠਕਾਂ ਵਿਚੋਂ ਗ਼ੈਰ-ਹਾਜ਼ਰੀ ਦਾ ਮਾਮਲਾ ਮੀਡਿਆ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰਾਂ ਦਾ ਸਦਨ ਵਿਚੋਂ ਗ਼ੈਰ-ਹਾਜ਼ਰ ਰਹਿਣਾ ਕੋਈ ਨਵੀਂ ਗੱਲ ਨਹੀਂ। ਜੇ ਤੁਸੀਂ ਦੂਰ ਦਰਸ਼ਨ ਉਪਰ ਲੋਕ ਸਭਾ ਅਤੇ ਰਾਜ ਸਭਾ ਦੇ ਸਮਾਗਮਾਂ ਦਾ ਸਿੱਧਾ ਪ੍ਰਸਾਰਨ ਵੇਖੋ ਤਾਂ ਕਈ ਵੇਰ ਬਹੁਤ ਘੱਟ ਮੈਂਬਰ ਬੈਠੇ ਹੋਏ ਤੁਹਾਨੂੰ ਨਜ਼ਰ ਆਉਣਗੇ। ਹਾਲਤ ਏਨੀ ਮਾੜੀ ਹੈ ਕਿ ਜਿਹੜੇ ਮੈਂਬਰਾਂ ਨੇ ਪ੍ਰਸ਼ਨ ਪੁਛਣੇ ਹੁੰਦੇ ਹਨ, ਉਹ ਵੀ ਪ੍ਰਸ਼ਨ ਕਾਲ ਸਮੇਂ ਹਾਜ਼ਰ ਨਹੀਂ ਹੁੰਦੇ। 12 ਦਸੰਬਰ 2009 ਨੂੰ ਪ੍ਰਸ਼ਨ ਕਾਲ ਸਮੇਂ ਲੋਕ ਸਭਾ ਦੇ 34 ਮੈਂਬਰ ਸਦਨ ਵਿੱਚ ਗ਼ੈਰ ਹਾਜ਼ਰ ਸਨ, ਜਿਨ੍ਹਾਂ ਵਿਚ ਕਾਂਗਰਸ ਦੇ ਸ੍ਰੀ ਮੱਧੂ ਗੋੜ ਯਕਸ਼ੀ, ਸ੍ਰੀਮਤੀ ਸ਼ਰੁਤੀ ਚੌਧਰੀ, ਸੀ.ਪੀ.ਆਈ. ਦੇ ਸ੍ਰੀ ਪ੍ਰਬੋਧ ਪਾਂਡਾ, ਬੀ.ਜੇ.ਪੀ. ਦੇ ਸ੍ਰੀ ਵਰੁਣ ਗਾਂਧੀ, ਸ਼ਿਵ ਸੈਨਾ ਦੇ ਸ੍ਰੀ ਅਧਾਲ ਰਾਓ ਪਾਟਿਲ, ਜਨਤਾ ਦਲ ਯੂਨਾਇਟਿਡ ਦੇ ਸ੍ਰੀ ਰਾਜੀਵ ਰੰਜਨ ਸਿੰਘ ਆਦਿ ਸ਼ਾਮਲ ਸਨ, ਜਿਨ੍ਹਾਂ ਨੇ ਪ੍ਰਸ਼ਨ ਪੁਛਣ ਲਈ ਆਪਣੇ ਨਾਂ ਲਿਖਾਏ ਸਨ। ਏਸੇ ਤਰ੍ਹਾਂ 30 ਨਵੰਬਰ 2009 ਨੂੰ ਲੋਕ ਸਭਾ ਸਪੀਕਰ ਨੇ ਪ੍ਰਸ਼ਨ ਕਾਲ ਸਮੇਂ 20 ਲੋਕ ਸਭਾ ਮੈਂਬਰਾਂ ਦੇ ਨਾਂ ਬੋਲੇ ਤਾਂ ਕੇਵਲ 2 ਮੈਂਬਰ ਹੀ ਉਸ ਸਮੇਂ ਹਾਜ਼ਰ ਪਾਏ ਗਏ। ਉਸ ਸਮੇਂ ਸ੍ਰੀਮਤੀ ਮੀਰਾਂ ਕੁਮਾਰ ਸਪੀਕਰ ਸਨ, ਉਨ੍ਹਾਂ ਨੇ ਇਸ ਗੱਲ ਤੇ ਸਖ਼ਤ ਇਤਰਾਜ਼ ਕੀਤਾ ਕਿ ਬਹੁਤ ਸਾਰੇ ਮੁੱਦਿਆਂ ਉਪਰ ਬਹਿਸ ਹੋਣੀ ਹੁੰਦੀ ਹੈ ਪਰ ਮੈਂਬਰ ਹਾਜ਼ਰ ਨਹੀਂ ਹੁੰਦੇ।

ਇਸ ਦਾ ਕਾਰਨ ਇਹ ਹੈ ਕਿ ਭਾਰਤ ਦੇ ਸਿਆਤਦਾਨ ਬਹੁਤ ਦੂਰ-ਅੰਦੇਸ਼ੀ ਨਹੀਂ ਹਨ। ਬਹੁਤ ਸਾਰੇ ਦੇਸ਼ਾਂ ਵਿਚ ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ, ਮੰਤਰੀਆਂ, ਇੱਥੋਂ ਤੀਕ ਕਿ ਮੁੱਖ-ਮੰਤਰੀਆਂ ਨੂੰ ਜੇ ਲੋਕ ਚਾਹੁਣ ਤਾਂ ਜਦੋਂ ਚਾਹੁਣ ਵਾਪਿਸ ਬੁਲਾ ਸਕਦੇ ਹਨ, ਪਰ ਭਾਰਤੀ ਸਵਿਧਾਨ ਵਿਚ ਅਜਿਹੀ ਕੋਈ ਵਿਵਸਥਾ ਨਹੀਂ ਤੇ ਕਦੇ ਕਿਸੇ ਮੈਂਬਰ ਨੇ ਪਾਰਲੀਮੈਂਟ ਵਿਚ ਇਹ ਮੰਗ ਨਹੀਂ ਕੀਤੀ ਹੈ ਕਿ ਸਾਨੂੰ ਵੀ ਅਜਿਹੀ ਸ਼ਕਤੀ ਲੋਕਾਂ ਨੂੰ ਦੇਣੀ ਚਾਹੀਦੀ ਹੈ। ਏਸੇ ਤਰ੍ਹਾਂ ਉਨ੍ਹਾਂ ਨੇ ਸਰਕਾਰੀ ਕਰਮਚਾਰੀਆਂ ਲਈ ਤਾਂ ਨਿਯਮ ਬਣਾਏ ਹਨ ਪਰ ਆਪਣੇ ਲਈ ਅਜਿਹੇ ਨਿਯਮ ਨਹੀਂ ਬਣਾਏ, ਜਿਸ ਨਾਲ ਉਨ੍ਹਾਂ ਦੀ ਜੁਆਬਦੇਹੀ ਹੁੰਦੀ ਹੋਵੇ।

ਜੇ ਤੁਸੀਂ ਕੈਨੇਡਾ, ਇੰਗਲੈਂਡ ਆਦਿ ਦੀਆਂ ਸਰਕਾਰੀ ਵੈਬਸਾਇਟਾਂ ਵੇਖੋ ਤਾਂ ਤੁਹਾਨੂੰ ਕੌਂਸਲਰ ਤੋਂ ਲੈ ਕੇ ਪਾਰਲੀਮੈਂਟ ਮੈਂਬਰਾਂ ਤੇ ਮੰਤਰੀਆਂ ਆਦਿ ਦੀ ਕਾਰਗੁਜ਼ਾਰੀ



Academy of the Punjab in North America: http://www.apnaorg.com

ਬਾਰੇ ਬੜੇ ਵਿਸਥਾਰ ਨਾਲ ਜਾਣਕਾਰੀ ਮਿਲੇਗੀ। ਉਨ੍ਹਾਂ ਨੂੰ ਕਿਹੜੇ ਕਿਹੜੇ ਭੱਤੇ ਤੇ ਤਨਖਾਹਾਂ ਮਿਲੀਆਂ ਹਨ, ਉਨ੍ਹਾਂ ਨੇ ਕਿੰਨੇ ਸੁਆਲ ਪੁੱਛੇ, ਕਿੰਨੀਆਂ ਸਦਨ ਦੀਆਂ ਬੈਠਕਾਂ ਵਿਚ ਹਾਜ਼ਰੀ ਭਰੀ, ਕਿਹੜੇ ਕਿਹੜੇ ਲੋਕ ਭਲਾਈ ਦੇ ਕੰਮ ਕੀਤੇ, ਕਿਹੜੇ ਕਿਹੜੇ ਵਿਦੇਸ਼ੀ ਦੌਰੇ ਕੀਤੇ ਤੇ ਕਿਉਂ ਕੀਤੇ। ਕਿੰਨਾਂ ਖ਼ਰਚਾ ਆਇਆ, ਵਗ਼ੈਰਾ ਵਗ਼ੈਰਾ। ਪਰ ਭਾਰਤ ਸਰਕਾਰ ਦੀ ਅਤੇ ਪੰਜਾਬ ਸਰਕਾਰ ਦੀ ਵੈਬਸਾਇਟ ਉਪਰ ਅਜਿਹੀ ਵਿਸਥਾਰ ਨਾਲ ਜਾਣਕਾਰੀ ਨਹੀਂ ਮਿਲਦੀ ਹਾਲਾਂ ਕਿ ਇਸ ਲੇਖਕ ਵੱਲੋਂ ਪਿਛਲੇ ਚਾਰ ਸਾਲ ਤੋਂ ਇਸ ਸੰਬੰਧ ਵਿਚ ਲਿਖਾ ਪੜ੍ਹੀ ਕੀਤੀ ਜਾ ਰਹੀ ਹੈ।

ਕੈਨੇਡਾ ਦੇ ਹਰ ਐਮ.ਪੀ. ਤੇ ਐਮ.ਐਲ.ਏ. ਦਾ ਇਕ ਦਫ਼ਤਰ ਆਪਣੇ ਇਲਾਕੇ ਵਿਚ ਹੈ ਤੇ ਦੂਜਾ ਰਾਜਧਾਨੀ ਵਿਚ ਹੈ, ਜਿੱਥੇ ਸਰਕਾਰੀ ਦਫ਼ਤਰਾਂ ਵਾਂਗ ਕਰਮਚਾਰੀ ਬੈਠਦੇ ਹਨ, ਜਿਹੜੇ ਟੈਲੀਫੋਨ ਸੁਣਦੇ ਹਨ, ਈ-ਮੇਲਾਂ ਖੋਲ੍ਹਦੇ ਹਨ ਤੇ ਉਨ੍ਹਾਂ ਦੇ ਜੁਆਬ ਦਿੰਦੇ ਹਨ। ਲੋਕਾਂ ਦੇ ਬਿਨੈ-ਪੱਤਰ ਪ੍ਰਾਪਤ ਕਰਦੇ ਹਨ ਤੇ ਉਸ ਦਾ ਬਕਾਇਦਾ ਰਿਕਾਰਡ ਰੱਖਦੇ ਹਨ। ਜਿਹੜਾ ਪੱਤਰ ਪ੍ਰਾਪਤ ਹੁੰਦਾ ਹੈ, ਉਸ ਨੂੰ ਸਰਕਾਰ ਪਾਸ ਭੇਜਦੇ ਹਨ ਤੇ ਉਸ ਦੇ ਨਿਪਟਾਰੇ ਲਈ ਬਕਾਇਦਾ ਉਨ੍ਹਾਂ ਦੀ ਜ਼ੁੰਮੇਵਾਰੀ ਹੈ। ਜੇ ਕੋਈ ਵਿਅਕਤੀ ਸਰਕਾਰ ਦੇ ਉਤਰ ਤੋਂ ਸੰਤੁਸ਼ਟ ਨਹੀਂ ਤਾਂ ਪਾਰਲੀਮੈਂਟ ਮੈਂਬਰ/ਵਿਧਾਇਕ, ਉਸ ਨੂੰ ਦਫ਼ਤਰ ਬੁਲਾ ਕੇ ਉਸ ਦਾ ਪੱਖ ਸੁਣ ਕੇ ਸਰਕਾਰ ਨੂੰ ਭੇਜਦਾ ਹੈ। ਕਹਿਣ ਦਾ ਭਾਵ ਹੈ ਕਿ ਜਿਵੇਂ ਸਾਡੇ ਸਰਕਾਰੀ ਕਰਮਚਾਰੀਆਂ ਲਈ ਨਿਯਮ ਹਨ, ਇਸ ਤਰ੍ਹਾਂ ਦੇ ਨਿਯਮ ਕੌਂਸਲਰਾਂ, ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ, ਮੰਤਰੀਆਂ, ਮੁੱਖ-ਮੰਤਰੀਆਂ ਤੇ ਪ੍ਰਧਾਨ ਮੰਤਰੀਆਂ ਲਈ ਹਨ।

ਸਾਡੇ ਮੁੱਖ-ਮੰਤਰੀ ਤੇ ਮੰਤਰੀ ਮਹੀਨਿਆਂ ਬੱਧੀ ਸਕੱਤਰੇਤ ਜਾਂਦੇ ਹੀ ਨਹੀਂ ਅਤੇ ਨਾ ਹੀ ਸਾਡੇ ਪਾਰਲੀਮੈਂਟ ਮੈਂਬਰਾਂ ਤੇ ਵਧਾਇਕਾਂ ਦੇ ਆਪਣੇ ਹਲਕਿਆਂ ਵਿਚ ਵਿਦੇਸ਼ਾਂ ਵਾਂਗ ਦਫ਼ਤਰ ਹਨ, ਹਾਲਾਂ ਕਿ ਹਰ ਪਾਰਲੀਮੈਂਟ ਮੈਂਬਰ ਨੂੰ 45 ਹਜ਼ਾਰ ਰੁਪਏ ਮਹੀਨਾ ਦਫ਼ਤਰੀ ਭੱਤਾ ਅਤੇ 45 ਹਜ਼ਾਰ ਰੁਪਏ ਮਹੀਨਾ ਹਲਕਾ ਭੱਤਾ ਮਿਲਦਾ ਹੈ ਤੇ ਇਸੇ ਤਰ੍ਹਾਂ ਵਿਧਾਇਕਾਂ ਨੂੰ ਵੀ ਭੱਤੇ ਮਿਲਦੇ ਹਨ।

ਸਾਡੇ ਵਿਧਾਇਕ ਤੇ ਪਾਰਲੀਮੈਂਟ ਮੈਂਬਰ ਵੱਡੇ ਸ਼ਹਿਰਾਂ ਵਿਚ ਰਹਿੰਦੇ ਹਨ, ਜਿੱਥੇ ਲੋਕ ਉਨ੍ਹਾਂ ਨੂੰ ਲੱਭਣ ਲਈ ਧੱਕੇ ਖਾਂਦੇ ਫਿਰਦੇ ਹਨ। ਪੰਜਾਬ ਸਰਕਾਰ ਹੁਣ ਚੰਡੀਗੜ੍ਹ ਵਿਚ ਹਰੇਕ ਵਿਧਾਇਕ ਦਾ ਦਫ਼ਤਰ ਬਨਾਉਣ ਲਗੀ ਹੈ, ਜਦ ਕਿ ਲੋੜ ਹੈ ਕਿ ਹਰੇਕ ਵਿਧਾਇਕ ਦਾ ਦਫ਼ਤਰ ਉਸ ਦੇ ਇਲਾਕੇ ਵਿਚ ਫੌਰੀ ਖੋਲ੍ਹਿਆ ਜਾਵੇ ਤਾਂ ਜੋ ਲੋਕੀਂ ਉਸ ਨੂੰ ਸੌਖਿਆਂ ਮਿਲ ਸਕਣ, ਪਰ ਪੰਜਾਬ ਸਰਕਾਰ ਕਦੇ ਵੀ ਅਜਿਹਾ ਨਹੀਂ ਕਰੇਗੀ ਕਿਉਂਕਿ ਅਜਿਹਾ ਕਰਨ ਨਾਲ ਵਿਧਾਇਕ ਕੰਮ ਕਰਨ ਲਈ ਪਾਬੰਦ ਹੋ ਜਾਣਗੇ। ਲੇਖਕ ਨੇ ਇਸ ਸੰਬੰਧੀ ਮੁੱਖ-ਮੰਤਰੀ ਨੂੰ ਸੁਝਾਅ ਭੇਜਿਆ ਸੀ, ਜਿਸ ਨੂੰ ਵਿਚਾਰਧੀਨ ਰਖਿਆ ਹੋਇਆ ਹੈ।

ਮੈਕਸੀਕੋ ਵਿਚ ਪਾਰਲੀਮੈਂਟ ਮੈਂਬਰ ਬਣ ਜਾਣ ਪਿੱਛੋਂ ਕੋਈ ਵੀ ਮੈਂਬਰ ਨਾ ਤਾਂ ਪਾਰਟੀ ਦਾ ਅਹੁਦੇਦਾਰ ਬਣ ਸਕਦਾ ਹੈ ਤੇ ਨਾ ਹੀ ਵਪਾਰ ਜਾਂ ਹੋਰ ਕੋਈ ਕੰਮ ਕਰ ਸਕਦਾ ਹੈ। ਕਹਿਣ ਦਾ ਭਾਵ ਹੈ ਕਿ ਜਿਵੇਂ ਸਾਡੇ ਸਰਕਾਰੀ ਕਰਮਚਾਰੀ ਕੋਈ ਹੋਰ ਕੰਮ



Academy of the Punjab in North America: http://www.apnaorg.com

ਨਹੀਂ ਕਰ ਸਕਦੇ ਤੇ ਉਹ 24 ਘੰਟੇ ਸਰਕਾਰੀ ਕੰਮਾਂ ਲਈ ਹਾਜ਼ਰ ਰਹਿੰਦੇ ਹਨ, ਇਹੋ ਦਸ਼ਾ ਮੈਕਸੀਕੋ ਦੇ ਪਾਰਲੀਮੈਂਟ ਮੈਂਬਰਾਂ ਦੀ ਹੈ। ਸਾਡੇ ਨਾ ਕੇਵਲ ਪਾਰਲੀਮੈਂਟ ਮੈਂਬਰ, ਸਗੋਂ ਮੰਤਰੀ ਤੇ ਮੁੱਖ-ਮੰਤਰੀ ਆਪਣੇ ਨਿੱਜੀ ਕੰਮ ਚਲਾ ਰਹੇ ਹਨ। ਉਹ ਸਾਰਾ ਸਾਲ ਪਾਰਟੀ ਕੰਮਾਂ ਵਿਚ ਲਗੇ ਰਹਿੰਦੇ ਹਨ ਤਾਂ ਜੋ ਅਗਲੀਆਂ ਚੋਣਾਂ ਜਿੱਤੀਆਂ ਜਾ ਸਕਣ।

ਹੈਰਾਨੀ ਵਾਲੀ ਗਲ ਇਹ ਹੈ ਕਿ, ਇਨ੍ਹਾਂ ਦੇ ਤਨਖਾਹਾਂ ਤੇ ਭੱਤਿਆਂ ਵਿਚ ਵਾਧਾ ਕਰਨ ਲਈ ਕੋਈ ਕਮਿਸ਼ਨ ਨਹੀਂ ਬੈਠਦਾ। ਇਕ ਪਾਰਲੀਮੈਂਟ ਕਮੇਟੀ ਬਣੀ ਹੈ, ਜੋ ਇਸ ਦਾ ਨਿਰਣਾ ਕਰਦੀ ਹੈ। ਇਸ ਕਮੇਟੀ ਨੇ 2010 ਵਿਚ ਹਰੇਕ ਐਮ.ਪੀ. ਦੀ ਤਨਖਾਹ 80 ਹਜ਼ਾਰ ਤੋਂ ਉਪਰ ਇਕ ਰੁਪਏ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਹ ਕਿਹਾ ਗਿਆ ਕਿ ਕੇਂਦਰੀ ਸਰਕਾਰ ਵਿਚ ਕੈਬਨਿਟ ਸੈਕਟਰੀ ਦੀ ਤਨਖਾਹ 80 ਹਜ਼ਾਰ ਰੁਪਏ ਮਹੀਨਾ ਹੈ। ਐਮ.ਪੀ. ਦਾ ਰੁਤਬਾ ਕੈਬਨਿਟ ਸੈਕਟਰੀ ਨਾਲੋਂ ਵੱਡਾ ਹੈ, ਇਸ ਲਈ ਉਨ੍ਹਾਂ ਦੀ ਤਨਖਾਹ ਉਸ ਨਾਲੋਂ ਵੱਧ ਚਾਹੀਦੀ ਹੈ। ਐਮ.ਪੀ. ਇਹ ਭੁੱਲ ਜਾਂਦੇ ਹਨ ਕਿ ਕੈਬਨਿਟ ਸੈਕਟਰੀ ਦੀ ਕਿੰਨੀ ਕਾਬਲੀਅਤ ਹੈ ਤੇ ਉਸ ਨੂੰ ਕਿੰਨੀਆਂ ਜ਼ੁੰਮੇਵਾਰੀਆਂ ਮਿਲੀਆਂ ਹੋਈਆਂ ਹਨ। ਕੀ ਉਹ ਵੀ ਕੈਬਨਿਟ ਸੈਕਟਰੀਆਂ ਵਾਂਗ ਕੰਮ ਕਰਦੇ ਹਨ ?

ਪਾਰਲੀਮੈਂਟ ਨੇ ਕਈ ਕਮੇਟੀਆਂ ਬਣਾਈਆਂ ਹੋਈਆਂ ਹਨ, ਪਰ ਇਨ੍ਹਾਂ ਨੇ ਕਦੇ ਇਹ ਕਮੇਟੀ ਨਹੀਂ ਬਣਾਈ ਕਿ ਜਨਤਾ ਦੀ ਸਲਾਹ ਲੈ ਕੇ ਸਮੇਂ ਸਮੇਂ ਪਾਰਲੀਮੈਂਟ ਮੈਂਬਰਾਂ ਅਤੇ ਮੰਤਰੀਆਂ ਦੀ ਜੁਆਬਦੇਹੀ ਦੀ ਸਮੀਖਿਆ ਕੀਤੀ ਜਾਵੇ ਕਿਉਂਕਿ ਇਹ ਉਨ੍ਹਾਂ ਦੇ ਹਿੱਤ ਵਿਚ ਨਹੀਂ। ਜਦ ਸ੍ਰੀ ਅੰਨਾ ਹਜਾਰੇ ਨੇ 2011 ਵਿਚ ਜਨਲੋਕਪਾਲ ਬਿੱਲ ਲਈ ਅੰਦੋਲਨ ਕੀਤਾ ਸੀ ਤਾਂ ਕੁਝ ਪਾਰਲੀਮੈਂਟ ਮੈਂਬਰਾਂ ਕਿਹਾ ਸੀ ਇਸ ਨਾਲ ਤਾਂ ਦਰੋਗਾ ਸਾਨੂੰ ਫੜ ਕੇ ਅੰਦਰ ਦੇ ਦੇਵੇਗਾ, ਇਸ ਲਈ ਅਜਿਹਾ ਬਿਲ ਕਦੀ ਨਹੀਂ ਪਾਸ ਕਰਨਾ ਚਾਹੀਦਾ। ਸੁਆਲ ਪੈਦਾ ਹੁੰਦਾ ਹੈ ਕਿ ਜੇ ਅਮਰੀਕਾ ਵਿਚ ਰਿਸ਼ਵਤਖੋਰੀ ਦੇ ਦੋਸ਼ ਵਿਚ ਐਫ਼.ਬੀ.ਆਈ. ਬਿਨਾਂ ਕਿਸੇ ਪੁਛਿਆ ਗਵਰਨਰ ਜੋ ਕਿ ਸਾਡੇ ਮੁੱਖ-ਮੰਤਰੀ ਸਮਾਨ ਹੁੰਦਾ ਹੈ ਨੂੰ ਫੜ ਸਕਦੀ ਹੈ ਤਾਂ ਭਾਰਤ ਵਿਚ ਕਿਉਂ ਨਹੀਂ ਸਬੰਧਿਤ ਅਧਿਕਾਰੀ ਕਿਸੇ ਵੀ ਰਿਸ਼ਵਤਖ਼ੋਰ ਨੂੰ ਭਾਵੇਂ ਉਹ ਕਿਸੇ ਵੀ ਅਹੁਦੇ 'ਤੇ ਹੋਵੇ ਨਹੀਂ ਫੜ ਸਕਦੇ ?

ਆਰਥਿਕ ਮਾਹਰਾਂ ਅਨੁਸਾਰ ਲੋਕ ਸਭਾ ਦੀਆਂ ਚੋਣਾਂ ਸਮੇਂ ਗਰੀਬਾਂ ਦੇ ਹਮਦਰਦ ਅਖਵਾਉਣ ਵਾਲੇ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਨੂੰ ਜੋ ਤਨਖਾਹ, ਭੱਤੇ ਤੇ ਹੋਰ ਸਹੂਲਤਾਂ ਮਿਲਦੀਆਂ ਹਨ ਉਨ੍ਹਾਂ ਦਾ ਖ਼ਰਚਾ ਕੋਈ 60 ਲੱਖ ਸਾਲਾਨਾ ਦੇ ਕਰੀਬ ਬੈਠਦਾ ਹੈ। ਇਸ ਦੇ ਟਾਕਰੇ ਤੇ ਸਵਿਟਜ਼ਰਲੈਂਡ ਵਿਚ ਪਾਰਲੀਮੈਂਟ ਮੈਂਬਰ ਨੂੰ ਨਾ ਸਾਡੇ ਵਾਂਗ ਕੋਈ ਤਨਖਾਹ ਮਿਲਦੀ ਹੈ ਤੇ ਨਾ ਸਾਡੇ ਵਾਂਗ ਕੋਠੀਆਂ ਤੇ ਭੱਤੇ। ਬੱਸ ਉਸ ਨੂੰ ਕੇਵਲ ਮਾਮੂਲੀ ਜਿਹਾ ਭੱਤਾ ਹੀ ਮਿਲਦਾ ਹੈ। ਜਰਮਨ ਵਿਚ ਕੇਵਲ ਗੁਜ਼ਾਰੇ ਜੋਗੀ ਤਨਖਾਹ ਹੀ ਮਿਲਦੀ ਹੈ, ਜਦ ਕਿ ਸਾਡੇ ਐਮ.ਪੀ. ਨੂੰ ਆਮ ਭਾਰਤੀ ਦੀ ਤਨਖ਼ਾਹ ਨਾਲੋਂ 68 ਗੁਣਾਂ ਵਧ ਤਨਖਾਹ ਮਿਲਦੀ ਹੈ, ਜੋ ਸਰਕਾਰੀ ਖ਼ਜ਼ਾਨੇ ਦੀ ਲੁੱਟ ਹੈ।

ਭਾਰਤ ਇਕ ਗਰੀਬ ਦੇਸ਼ ਹੈ। ਸਾਡੇ ਪਾਰਲੀਮੈਂਟ ਮੈਂਬਰ ਤੇ ਵਧਾਇਕ ਕੋਈ ਨਾ ਕੋਈ ਕਾਰੋਬਾਰ ਜ਼ਰੂਰ ਕਰਦੇ ਹਨ, ਇਸ ਲਈ ਸਵਿਟਜ਼ਰਲੈਂਡ ਵਾਂਗ ਇਨ੍ਹਾਂ ਨੂੰ ਵੀ ਮਾਮੂਲੀ ਜਿਹਾ ਭੱਤਾ ਹੀ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਉਹ ਲੋਕਾਂ ਦੇ



Academy of the Punjab in North America: http://www.apnaorg.com

ਸਹੀ ਅਰਥਾਂ ਵਿਚ ਜਨ ਸੇਵਕ ਹੋਣਗੇ। ਦੂਜਾ ਬਦਲ ਇਹ ਹੈ ਕਿ ਇਨ੍ਹਾਂ ਦੀ ਤਨਖ਼ਾਹ ਭਾਵੇਂ ਕੈਬਨਿਟ ਸੈਕਟਰੀ ਦੀ ਕਰ ਦਿੱਤੀ ਜਾਵੇ, ਪਰ ਸਰਕਾਰੀ ਕਰਮਚਾਰੀਆਂ ਵਾਂਗ ਇਹ ਵੀ 24 ਘੰਟੇ ਲੋਕਾਂ ਨੂੰ ਸਮਰਪਿਤ ਹੋਣ। ਜਿਵੇਂ ਸਰਕਾਰੀ ਕਰਮਚਾਰੀਆਂ ਉਪਰ ਸਿਆਸੀ ਕੰਮਾਂ ਵਿਚ ਹਿੱਸਾ ਲੈਣ ਅਤੇ ਕੋਈ ਹੋਰ ਕੰਮ ਕਰਨ ਉਪਰ ਪਾਬੰਦੀ ਹੈ, ਉਹ ਇਨ੍ਹਾਂ ਉਪਰ ਵੀ ਲਾਗੂ ਹੋਵੇ। ਅਸੀਂ ਲੱਖ ਜਤਨ ਕਰੀਏ ਕਿੱਕਰ ਤੋਂ ਅੰਬ ਨਹੀਂ ਪ੍ਰਾਪਤ ਕਰ ਸਕਦੇ, ਉਸੇ ਤਰ੍ਹਾਂ ਮਾੜੇ ਲੋਕ ਪ੍ਰਤੀਨਿਧਾਂ ਤੋਂ ਚੰਗੇ ਕੰਮਾਂ ਦੀ ਆਸ ਨਹੀਂ ਕਰ ਸਕਦੇ। ਇਸ ਲਈ ਚੋਣ ਪ੍ਰਣਾਲੀ ਵਿਚ ਢੁਕਵੀਂ ਸੋਧ ਕਰਕੇ ਕੇਵਲ ਉਨ੍ਹਾਂ ਵਿਅਕਤੀਆਂ ਨੂੰ ਹੀ ਚੋਣ ਲੜਨ ਦੀ ਆਗਿਆ ਹੋਵੇ, ਜਿਨ੍ਹਾਂ ਦਾ ਲੋਕ ਭਲਾਈ ਦਾ ਰਿਕਾਰਡ ਹੋਵੇ।

*13 ਅਗਸਤ 2014*



Academy of the Punjab in North America: http://www.apnaorg.com

# ਇਹੋ ਜਿਹਾ ਹੁੰਦਾ ਸੀ ਪਹਿਲਾਂ ਪਿੰਡ ਗੁਮਟਾਲਾ

ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਸੁਲਤਾਨਵਿੰਡ, ਗੁਮਟਾਲਾ, ਤੁੰਗ ਤੇ ਗਿਲਵਾਲੀ ਪਿੰਡਾਂ ਦੀ ਜ਼ਮੀਨ ਲੈ ਕੇ ਵਸਾਇਆ। ਹਾਲ ਬਜ਼ਾਰ, ਰੇਲਵੇ ਸਟੇਸ਼ਨ, ਮਾਲ ਰੋਡ ਆਦਿ ਇਲਾਕਾ ਪਿੰਡ ਗੁਮਟਾਲਾ ਦਾ ਹੁੰਦਾ ਸੀ।

ਅੰਮ੍ਰਿਤਸਰ ਕਚਹਿਰੀਆਂ ਦੇ ਸਾਹਮਣੇ ਰਣਜੀਤ ਐਵਨਿਊ ਵਿਚ ਬਣੇ ਬੜੇ ਸ਼ਾਨਦਾਰ ਹੋਟਲ, ਘਰ ਤੇ ਹੋਰ ਇਮਾਰਤਾਂ ਦੀ ਥਾਂ 'ਤੇ ਪਹਿਲਾਂ ਮਾਲਟੇ, ਨਾਖਾਂ, ਅੰਬਾਂ, ਅਮਰੂਦਾਂ, ਜਾਮਨੂੰਆਂ ਆਦਿ ਦੇ ਬਾਗ ਹੁੰਦੇ ਸਨ। ਚੂਪਣ ਵਾਲੇ ਅੰਬਾਂ ਦਾ ਆਪਣਾ ਹੀ ਮਜਾ ਸੀ। ਸੌਂਫ਼ੀ ਅੰਬਾਂ ਦਾ ਸੁਆਦ ਅਜੋਕੇ ਵਧੀਆ ਅੰਬਾਂ ਨੂੰ ਮਾਤ ਪਾਉਂਦਾ ਸੀ। ਰਾਅ ਜਾਮਨੂੰਆਂ ਦੇ ਵੀ ਕਈ ਬੂਟੇ ਹੁੰਦੇ ਸਨ। ਸਾਵਣ ਭਾਦਰੋਂ ਦੇ ਮਹੀਨਿਆਂ ਵਿਚ ਅੰਬਾਂ ਅਤੇ ਜਾਮਨੂੰਆਂ ਦਾ ਆਨੰਦ ਮਾਨਣ ਲਈ ਸ਼ਹਿਰਾਂ ਤੋਂ ਉਚੇਚੇ ਤੌਰ 'ਤੇ ਲੋਕ ਆਉਂਦੇ ਸਨ। ਇੱਥੇ ਇਕ ਸੂਆ ਵੱਗਦਾ ਹੁੰਦਾ ਸੀ ਜਿੱਥੇ ਅਸੀਂ ਬੈਠ ਕੇ ਸਿਆਲ ਵਿਚ ਪੜ੍ਹਦੇ ਹੁੰਦੇ ਸੀ। ਇਸ ਦੇ ਠੰਡੇ ਪਾਣੀ ਵਿਚ ਬਾਗ਼ ਵਿਚੋਂ ਅੰਬ ਲੈ ਕੇ ਲੋਕੀਂ ਉਸ ਵਿਚ ਪਾ ਠੰਡੇ ਕਰ ਕੇ ਚੂਪਦੇ ਸਨ। ਜੋਗੀਪੀਰ ਜਿੱਥੇ ਹੁਣ ਬਲਾਕ ਡੀ ਵਿਚ ਗੁਰਦੁਆਰਾ ਬਣ ਗਿਆ ਹੈ, ਦੇ ਲਾਗੇ ਫ਼ਾਲਸੇ ਦੇ ਖੇਤ ਹੁੰਦੇ ਸਨ। ਇਸ ਦੇ ਨਾਲ ਹੀ ਪਿੰਡ ਤੋਂ ਐਨ ਸਾਹਮਣੇ ਸਲਾਰਾਂ ਦਾ ਖੂਹ ਹੁੰਦਾ ਸੀ ਤੇ ਇਸ ਦੇ ਆਲੇ-ਦੁਆਲੇ ਜ਼ੈਲਦਾਰਾਂ ਦੀ ਜ਼ਮੀਨ ਸੀ। ਇਸ ਤੋਂ ਅੱਗੇ ਕਚਹਿਰੀ ਤੀਕ ਸ. ਬਲਦੇਵ ਇੰਦਰ ਸਿੰਘ ਦੀ ਜ਼ਮੀਨ ਸੀ, ਜਿਸ ਵਿਚ ਬਾਗ਼ ਹੀ ਬਾਗ਼ ਸਨ।

ਬਾਈ ਪਾਸ ਦੇ ਨਾਲ ਵਗਦੇ ਬਰਸਾਤੀ ਨਾਲੇ ਦਾ ਪਾਣੀ ਸਾਫ਼ ਹੁੰਦਾ ਸੀ, ਜਿੱਥੋਂ ਅਸੀਂ ਮੱਛੀਆਂ ਫੜਦੇ ਸੀ। ਇਨ੍ਹਾਂ ਵਿਚ ਚੀਂਗੜ੍ਹ ਵੀ ਹੁੰਦੇ ਸਨ, ਜਿਹੜੇ ਡੰਗ ਮਾਰਦੇ ਦਿੰਦੇ ਸਨ। ਨਲਕਿਆਂ ਤੇ ਖੂਹੀਆਂ ਦਾ ਪਾਣੀ ਸਾਫ਼-ਸੁਥਰਾ ਹੁੰਦਾ ਸੀ। ਬਾਅਦ ਵਿਚ ਇਸ ਵਿਚ ਕਾਰਖ਼ਾਨਿਆਂ ਅਤੇ ਕਲੋਨੀਆਂ ਦੇ ਸੀਵਰੇਜ਼ ਦਾ ਗੰਦਾ ਪਾਣੀ ਪਾਉਣ ਨਾਲ ਇਸ ਨੇ ਗੰਦੇ ਨਾਲੇ ਦਾ ਰੂਪ ਲੈ ਲਿਆ। ਪਿੰਡ ਦਾ ਸਾਫ਼ ਪਾਣੀ ਵੀ ਪ੍ਰਦੂਸ਼ਿਤ ਹੋਣ ਕਰਕੇ ਪਿੰਡ ਵਾਸੀਆਂ ਲਈ ਜ਼ਹਿਰ ਬਣ ਗਿਆ। ਗਰਮੀਆਂ ਵਿਚ ਜਿਸ ਪਾਣੀ ਵਿਚ ਵੜ ਕੇ ਪਸ਼ੂ ਆਨੰਦ ਮਾਣਦੇ ਸਨ ਤੇ ਪੀ ਕੇ ਆਪਣੀ ਪਿਆਸ ਬੁਝਾਉਂਦੇ ਸਨ, ਹੁਣ ਉਹ ਨਾ ਉਸ ਨੂੰ ਪੀ ਸਕਦੇ ਹਨ ਤੇ ਨਾ ਹੀ ਉਸ ਵਿਚ ਵੜ ਸਕਦੇ ਹਨ ਕਿਉਂਕਿ ਹੁਣ ਉਹ ਤੇਜ਼ਾਬੀ ਹੋਣ ਕਰਕੇ ਇਹ ਪੀਣਯੋਗ ਨਹੀਂ ਤੇ ਉਨ੍ਹਾਂ ਦੀ ਚਮੜੀ ਨੂੰ ਵੀ ਸਾੜਦਾ ਹੈ। ਇਹ ਪਾਣੀ ਪਾਕਿਸਤਾਨ ਜਾਂਦਾ ਹੈ ਤੇ ਪਾਕਿਸਤਾਨ ਨੇ ਵਿਸ਼ਵ ਸਿਹਤ ਸੰਸਥਾ ਵਿਚ ਇਸ ਦੀ ਸ਼ਕਾਇਤ ਕੀਤੀ ਹੋਈ ਹੈ। ਇਸ ਪਾਣੀ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ



Academy of the Punjab in North America: http://www.apnaorg.com

ਪ੍ਰਦੂਸ਼ਣ ਕੰਟਰੋਲ ਕਮੇਟੀ ਨੇ ਮਾਨਯੋਗ ਹਾਈ ਕੋਰਟ ਵਿਚ ਕੇਸ ਕੀਤਾ ਹੋਇਆ ਪਰ ਅਫ਼ਸੋਸ ਦੀ ਗੱਲ ਹੈ ਕਿ ਮੇਅਰ ਤੋਂ ਲੈ ਕੇ ਮੁੱਖ-ਮੰਤਰੀ ਤੀਕ ਸਭ ਨੇ ਅੱਖਾਂ ਮੀਟੀਆਂ ਹੋਈਆਂ ਹਨ, ਹਾਲਾਂ ਕਿ ਇਸ ਦੀ ਏਨੀ ਬਦਬੂ ਹੈ ਕਿ ਦੂਰੋਂ ਹੀ ਇਸ ਦਾ ਪਤਾ ਲਗ ਜਾਂਦਾ ਹੈ।

ਪੁਰਾਣੇ ਸਮੇਂ ਬਰਸਾਤਾਂ ਵਿਚ ਹੜ੍ਹ ਆ ਜਾਂਦੇ ਸਨ। ਪਿੰਡ ਦਾ ਆਲਾ-ਦੁਆਲਾ ਸਾਰਾ ਹੜ੍ਹਾਂ ਦੇ ਪਾਣੀ ਨਾਲ ਘਿਰ ਜਾਂਦਾ ਸੀ ਤੇ ਬੇੜੀ ਨਾਲ ਜ਼ੈਲਦਾਰਾਂ ਦੇ ਘਰਾਂ ਸਾਹਮਣਿਓਂ ਸੜਕ ਉਪਰ ਜਾਣਾ ਪੈਂਦਾ ਸੀ।

ਮੌਜੂਦਾ ਪੁਲ ਦੇ ਸਾਹਮਣੇ ਛੱਪੜ ਹੁੰਦਾ ਸੀ, ਜਿਥੇ ਸੰਘਾੜੇ ਤੇ ਕਮਲ ਦੇ ਫੁੱਲ ਹੁੰਦੇ ਸਨ। ਕਮਾਦ ਦੇ ਹਰੇ ਭਰੇ ਖੇਤ ਸਨ, ਜਿਨ੍ਹਾਂ ਕਰਕੇ ਸਿਆਲ ਵਿਚ ਵੇਲਣੇ ਵੱਗਦੇ ਸਨ। ਕਾਠੇ ਕਮਾਦ ਦੀ ਰੌਅ ਦਾ ਆਪਣਾ ਸੁਆਦ ਹੁੰਦਾ ਸੀ। ਗੁੜ ਤਿਆਰ ਕਰਨ ਸਮੇਂ ਸੁੰਗਧਿਤ ਵਾਤਾਵਰਨ ਹੁੰਦਾ ਸੀ ਤੇ ਗਰਮ-ਗਰਮ ਗੁੜ ਖਾਣ ਦਾ ਆਪਣਾ ਹੀ ਸੁਆਦ ਹੁੰਦਾ ਸੀ। ਜ਼ੈਲਦਾਰਾਂ ਦੇ ਘਰਾਂ ਵਾਲੇ ਪਾਸੇ ਬੀਬੀ ਬਲਵੰਤ ਕੌਰ ਦੀ ਭੱਠੀ 'ਤੇ ਭੁੱਜਦੇ ਮਕਈ ਤੇ ਛੋਲਿਆਂ ਦੇ ਗਰਮ-ਗਰਮ ਦਾਣਿਆਂ ਨੂੰ ਖਾਣ ਦਾ ਮਜ਼ਾ ਤੇ ਨਜ਼ਾਰਾ ਅਜੇ ਤੀਕ ਨਹੀਂ ਭੁੱਲਦਾ।

ਸਿਆਲ ਵਿਚ ਛਟਾਲਾ ਬਹੁਤ ਹੁੰਦਾ ਸੀ ਤੇ ਗੱਡਿਆਂ ਤੇ ਲੱਦ ਕੇ ਕਿਸਾਨ ਸ਼ਹਿਰ ਵੇਚਣ ਲਈ ਜਾਂਦੇ ਸਨ। ਕਿਸਾਨਾਂ ਨੂੰ ਬਹੁਤ ਸਖ਼ਤ ਮਿਹਨਤ ਕਰਨੀ ਪੈਂਦੀ ਸੀ। ਕੋਰੇ ਵਿਚ ਠਰੇ ਛਟਾਲੇ ਨੂੰ ਵੱਢਣ ਲਗਿਆ ਹੱਥ ਠਰ ਜਾਂਦੇ ਸਨ, ਇਸ ਲਈ ਹੱਥਾਂ ਨੂੰ ਨਿਘ ਦੇਣ ਲਈ ਅੱਗ ਬਾਲਣੀ ਪੈਂਦੀ ਸੀ।

ਗੁਰਦੁਆਰੇ ਵਿਚ ਵੱਖ-ਵੱਖ ਗੁਰਪੁਰਬ ਮਨਾਏ ਜਾਂਦੇ ਸਨ। ਪਿੰਡ ਦੇ ਸ. ਕਰਮ ਸਿੰਘ ਢਾਡੀ ਆਪ ਆਪਣੇ ਜਥੇ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਸਨ ਤੇ ਕਈ ਵੇਰ ਹੋਰ ਜੱਥਿਆਂ ਨੂੰ ਵੀ ਸੱਦ ਲੈਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਦੇ ਅਵਤਾਰ ਪੁਰਬ ਸਮੇਂ ਦੇਰ ਰਾਤ ਤੀਕ ਦੀਵਾਨ ਸੱਜਦਾ ਸੀ। ਜਿਹੜੇ ਬੱਚੇ ਕਵਿਤਾ ਪੜ੍ਹਦੇ ਸਨ, ਜ਼ੈਲਦਾਰ ਸ. ਸ਼ਿਵਦਿਆਲ ਸਿੰਘ ਉਨ੍ਹਾਂ ਨੂੰ ਇਨਾਮ ਦਿੰਦੇ ਸਨ। ਪਿੱਪਲਾਂ ਤੇ ਬੋਹੜਾਂ ਦੇ ਥਲੇ ਤਖ਼ਤ ਪੋਸ਼ ਬਣੇ ਹੁੰਦੇ ਸਨ, ਜਿਨ੍ਹਾਂ ਉਪਰ ਲੋਕੀਂ ਬੈਠ ਕੇ ਗੱਪ-ਸ਼ੱਪ ਮਾਰਦੇ ਸਨ। ਪਿੰਡ ਵਿਚ ਇਕ ਦੋ ਅਮਲੀ ਹੀ ਹੁੰਦੇ ਸਨ। ਸ਼ਰਾਬ ਪੀਣੀ ਤੇ ਅਫ਼ੀਮ ਖਾਣੀ ਮਾੜੀ ਸਮਝੀ ਜਾਂਦੀ ਸੀ।


1972 ਵਿਚ ਨਗਰ ਸੁਧਾਰ ਟਰੱਸਟ ਨੇ ਜੋ ਰਣਜੀਤ ਐਵੇਨਿਊ ਸਕੀਮ ਬਣਾਈ ਉਹ ਨਾ ਕੇਵਲ ਇੱਥੋਂ ਦੇ ਮਨਮੋਹਿਕ ਹਰਿਆਵਲ ਨੂੰ ਖਾ ਗਈ ਸਗੋਂ ਉਹ ਕਿਸਾਨਾਂ ਲਈ ਬਰਬਾਦੀ ਲੈ ਕੇ ਆਈ। ਟਰੱਸਟ ਨੇ ਕੌਡੀਆਂ ਦੇ ਭਾਅ ਕੇਵਲ 4 ਰੁਪਏ ਵਰਗ ਗ਼ਜ਼ ਜ਼ਮੀਨ ਖਰੀਦੀ, ਜਿਸ ਨਾਲ ਕਿਸਾਨ ਕਖੋਂ ਹੌਲੇ ਹੋ ਗਏ। ਕਈ ਕਿਸਾਨ ਅਜੇ ਤੀਕ ਨਹੀਂ ਉੱਠ ਸਕੇ। ਹੈਰਾਨੀ ਵਾਲੀ ਗਲ ਹੈ ਕਿ ਟਰੱਸਟ ਨੇ ਕਿਸਾਨਾਂ ਨੂੰ ਰਾਖਵੀ ਕੀਮਤ 'ਤੇ ਉਹੋ ਜ਼ਮੀਨ 135 ਰੁਪਏ ਵਰਗ ਗ਼ਜ਼ ਦਿੱਤੀ। ਪਿੰਡ ਦੇ ਆਲੇ-ਦੁਆਲੇ ਜਿਹੜੀਆਂ ਕਲੋਨੀਆਂ ਬਣੀਆਂ ਹਨ, ਉਹ ਪੰਜਾਬ ਦੇ ਵਿਗੜੇ ਹਾਲਾਤਾਂ ਪਿੱਛੋਂ ਬਣੀਆਂ ਹਨ।

*4 ਅਗਸਤ 2014*



Academy of the Punjab in North America: http://www.apnaorg.com

# 'ਕੁੜੀਏ ਬਦਾਮੀ ਰੰਗੀਏ' ਵਾਲਾ ਦਲੀਪ ਸਿੰਘ 'ਦੀਪ'



ਦਲੀਪ ਸਿੰਘ ਦੀਪ ਉਨ੍ਹਾਂ ਕਲਾਕਾਰਾਂ ਵਿੱਚੋਂ ਹੈ, ਜਿਨ੍ਹਾਂ ਨੂੰ ਗਾਇਕ ਦੇ ਨਾਲ-ਨਾਲ ਲੇਖਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦੀਆਂ ਗੀਤਾਂ ਅਤੇ ਗ਼ਜ਼ਾਂ ਦੀਆਂ 6 ਕਿਤਾਬਾਂ 'ਦੀਪ ਦੇ ਗੀਤ', 'ਬਹਿ ਜਾ ਨੀ ਸਕੂਟਰ ਤੇ', 'ਦੁੱਧ ਵਾਂਗੂੰ ਪੀ ਮਿੱਤਰਾ', 'ਕੁੜੀਏ ਬਦਾਮੀ ਰੰਗੀਏ', 'ਜਗਦੇ ਦੀਪ', 'ਹੀਰਾ ਬੇਮਿਸਾਲ ਏ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੇ ਬਹੁਤ ਸਾਰੇ ਗੀਤਾਂ ਦੀ ਰਿਕਾਰਡਿੰਗ ਉਨ੍ਹਾਂ ਦੀ ਆਪਣੀ ਅਵਾਜ਼ ਵਿੱਚ ਹੋ ਚੁੱਕੀ ਹੈ। ਉਨ੍ਹਾਂ ਸਵਰਨ ਲਤਾ ਅਤੇ ਬਲਬੀਰ ਸੁਰੱਈਆ ਨਾਲ ਸਟੇਜਾਂ ਤੇ ਵੀ ਗਾਇਆ ਤੇ ਗਾਣੇ ਵੀ ਰਿਕਾਰਡ ਕਰਵਾਏ।

ਉਨ੍ਹਾਂ ਬਹੁਤ ਸਾਰੇ ਦੋਗਾਣੇ, ਸੋਲੋ ਗੀਤ, ਕਵਾਲੀਆਂ, ਧਾਰਮਿਕ ਗੀਤ, ਦੇਸ਼ ਪਿਆਰ, ਰੁਮਾਂਟਿਕ ਅਤੇ ਬਿਰਹਾ ਦੇ ਗੀਤ ਲਿਖੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਗੀਤ ਕਿਸੇ ਕਿਤਾਬ ਦਾ ਰੂਪ ਨਹੀਂ ਲੈ ਸਕੇ। ਉਨ੍ਹਾਂ ਦੇ ਗੀਤਾਂ ਵਿੱਚੋਂ ਜਿਥੇ ਪੰਜਾਬੀ ਸਭਿਆਚਾਰ ਦੀ ਨੁਹਾਰ ਝਲਕ ਮਾਰਦੀ ਹੈ, ਉਥੇ ਹਾਸਰਸ ਅਤੇ ਵਿਅੰਗ ਵੀ ਵੇਖਣ ਨੂੰ ਮਿਲਦਾ ਹੈ। ਉਨ੍ਹਾਂ ਦੇ ਬਹੁਤ ਸਾਰੀਆਂ ਗ਼ਜ਼ਲਾਂ ਤੇ ਧਾਰਮਿਕ ਗੀਤ ਜਿਵੇਂ, "ਆਜਾ ਵੀਰ ਪਿਆਰਿਆ, ਜੱਗ ਦੇ ਸਹਾਰਿਆ, ਮੁੜ-ਮੁੜ ਤਕਾਂ ਤੇਰਾ ਰਾਹ," "ਬਾਜਾਂ ਵਾਲੇ ਮੇਰੇ ਚੋਜੀ ਨੇ, ਇਸ ਜੱਗ ਤੇ ਠੰਡ ਵਰਤਾਈ," "ਹੇ ਨਾਨਕ ਹੇ ਸਤਿਗੁਰੂ ਨਾਨਕ, ਸੁਣ ਜਾ ਤੂੰ ਅਫਸਾਨਾ ਦਿਲ ਦਾ", "ਜ਼ਿੰਦਗੀ ਹੈ ਦੇਸ਼ ਲਈ ਦੇਸ਼ ਤੋਂ ਲੁਟਾ ਦਿਓ" ਬਹੁਤ ਪ੍ਰਸਿਧ ਹੋਏ। ਉਨ੍ਹਾਂ ਦੀਆਂ ਰਚਨਾਵਾਂ ਕਈ ਪਰਚਿਆਂ ਜਿਵੇਂ—ਗੁਰਦੁਆਰਾ ਗਜ਼ਟ, ਜਨ ਸਾਹਿਤ, ਮਾਨਸਰੋਵਰ ਅਤੇ ਫ਼ਿਲਮੀ ਦੁਨੀਆਂ ਆਦਿ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੀਆਂ ਭਗਤ ਪੂਰਨ ਸਿੰਘ ਨੂੰ ਸਮਰਪਿਤ ਦੋ ਆਡੀਓ ਕੈਸਟਾਂ, 'ਸਾਡੇ ਲਈ ਵਰਦਾਨ ਏ' ਅਤੇ 'ਤੈਨੂੰ ਲੱਖ-ਲੱਖ ਹੈ ਪਰਨਾਮ' ਵੀ ਜਾਰੀ ਹੋ ਚੁੱਕੀਆਂ ਹਨ। ਉਹ ਜੋ ਵੀ ਰਚਨਾ ਕਰ ਕੇ ਗਾਉਂਦੇ ਹਨ, ਉਸ ਵਿੱਚ ਆਪਣੀ ਰੂਹ ਭਰ ਦਿੰਦੇ ਹਨ।

1961 ਤੋਂ ਕੋਲੰਬੀਆ ਕੰਪਨੀ ਵਿੱਚ ਉਨ੍ਹਾਂ ਨੇ ਬਹੁਤ ਸਾਰੇ ਗੀਤਾਂ ਦੀ ਗ੍ਰਾਮੋਫੋਨ ਰਿਕਾਰਡਿੰਗ ਕਰਵਾਈ। ਇਨ੍ਹਾਂ ਵਿੱਚੋ ਬਹੁਤ ਸਾਰੇ ਗਾਣੇ ਬਹੁਤ ਮਸ਼ਹੂਰ ਹੋਏ। ਇਨ੍ਹਾਂ ਵਿੱਚ "ਕਿੱਥੇ ਚੱਲੀਂ ਏਂ ਸਰ੍ਹੋਂ ਦਾ ਫੁੱਲ ਬਣ ਕੇ, ਕੁੜੀਏ ਬਦਾਮੀਂ ਰੰਗੀਏ", "ਮੇਰੇ ਰੰਗ



Academy of the Punjab in North America: http://www.apnaorg.com

ਤੇ ਦੁਪੱਟਾ ਕਿਹੜਾ ਸੱਜਦਾ, ਕੁੜੀਆਂ ਨੂੰ ਪੁਛਦੀ ਫਿਰਾਂ", "ਨੀ ਮਸਿਆ ਮੈਂ ਚਲਿਆ", "ਕਾਹਨੂੰ ਦੇਨੀਂ ਏਂ ਯੱਕੇ ਦਾ ਭਾੜਾ, ਬੋਤਾ ਲੈ ਜਾ ਮਿਤਰਾਂ ਦਾ", "ਨੀ ਬਿੱਲੋ ਖਾ ਲੈ ਨਾਸ਼ਪਾਤੀਆਂ, ਨਿੱਤ-ਨਿੱਤ ਨਹੀਂ ਸ਼ਹਿਰ ਵਿੱਚ ਆਉਣਾ", "ਨੱਕੇ ਮੋੜਦੀ ਝਾਂਜਰਾਂ ਵਾਲੀ, ਪਾਣੀ 'ਚ ਪਿਆਰ ਘੋਲਦੀ", "ਕੀੜੇ ਪੈਣਗੇ ਮਰੇਂਗੀ ਸੱਪ ਲੱੜਕੇ, ਮਿਤਰਾਂ ਨੂੰ ਦਗ਼ਾ ਦੇਣੀਏਂ", "ਕਾਹਨੂੰ ਮਾਰਨੀ ਬਨੇਰੇ ਉਤੋਂ ਰੋੜੇ", "ਵੱਧ ਗਈ ਤੂੰ ਵੇਲ ਦੀ ਤਰ੍ਹਾਂ", "ਮੇਰੀ ਪੀਂਘ ਨੂੰ ਕੋਈ ਦਿਉ ਨੀ ਹੁਲਾਰਾ", "ਤੇਰੇ ਦੰਦ ਮੋਤੀਆਂ ਦੇ ਦਾਣੇ, ਹੱਸਦੀ ਦੇ ਡੁੱਲ ਜਾਣਗੇ", "ਵੇ ਤੂੰ ਵੜਕੇ ਹਵੇਲੀ ਵਿੱਚ ਰੋਨਾਂ", "ਨੀ ਭਾਬੀ ਤੇਰੇ ਰੰਗ ਵਰਗਾ", "ਚੰਦਰਾ ਗੁਆਂਢ ਨਾ ਹੋਏ, ਲਾਈ ਲਗ ਨਾ ਹੋਵੇ ਘਰਵਾਲਾ", ਆਦਿ ਸ਼ਾਮਲ ਹਨ।

ਉਨ੍ਹਾਂ ਦੇ ਗਾਣਿਆਂ ਦੀ ਹਿਜ਼ ਮਾਸਟਰ ਵਾਇਸ ਕੰਪਨੀ ਵਿੱਚ ਵੀ ਬਹੁਤ ਰਿਕਾਰਡਿੰਗ ਹੋਈ। ਇਨ੍ਹਾਂ ਵਿੱਚੋਂ "ਮੈਂ ਬੀ.ਏ. ਪਾਸ ਤੂੰ ਅਠਵੀਂ ਫੇਲ੍ਹ, ਮੇਰਾ ਮੰਨਦਾ ਫਿਰ ਨਹੀਂ ਕਹਿਣਾ, ਤੇਰੇ ਘਰ ਨਹੀਂ ਰਹਿਣਾ", "ਮੇਰੇ ਪੈਰ 'ਚ ਵਜਿਆ ਕੰਡਾ", "ਮੈ ਮਰ ਗਈ ਲੋਕੋ", "ਇਕ ਛੜਾ ਉਹ ਬਿੱਟ-ਬਿੱਟ ਵੇਂਹਦਾ", "ਆ ਬਹਿ ਜਾ ਨੀ ਸਕੂਟਰ ਤੇ", "ਲੁਧਿਆਣੇ ਦੇ ਮੁੰਡੇ ਚੰਗੇ ਜੇਬਾਂ ਰਖਦੇ ਭਰੀਆਂ", "ਮੁੰਡੇ ਦਾ ਦਿੱਲ ਧੱਕ-ਧੱਕ ਕਰਦਾ", ਆਦਿ ਗਾਣੇ ਬਹੁਤ ਮਕਬੂਲ ਹੋਏ। ਇਹ ਰਿਕਾਰਡ ਸਾਲਾਂ ਬੱਧੀ ਲੋਕਾਂ ਦੇ ਬਨੇਰਿਆਂ ਤੇ, ਵਿਆਹ-ਸ਼ਾਦੀਆਂ ਅਤੇ ਹੋਰ ਖੁਸ਼ੀਆਂ ਦੇ ਮੌਕੇ ਤੇ ਘਰ ਦੇ ਵਿਹੜਿਆਂ 'ਚ ਅਤੇ ਪਿੰਡਾਂ ਦੇ ਅਖਾੜਿਆਂ ਵਿੱਚ ਵਜਦੇ ਰਹੇ। ਉਨ੍ਹਾਂ ਨੇ ਦੋ ਪੰਜਾਬੀ ਫਿਲਮਾਂ 'ਤੇਰੀ ਮੇਰੀ ਇਕ ਜਿੰਦੜੀ' ਅਤੇ 'ਕਵਿਤਾ' ਵਿੱਚ ਵੀ ਬਤੌਰ ਪਲੇ ਬੈਕ ਸਿੰਗਰ ਗਾਣੇ ਗਾਏ। ਉਨ੍ਹਾਂ ਨੇ ਜਿਥੇ ਆਪਣੀ ਮਧੁਰ ਸੁਰੀਲੀ ਅਵਾਜ ਦੇ ਨਾਲ ਭਾਰਤ ਦੇ ਕੋਨੇ ਕੋਨੇ ਵਿੱਚ ਵਸਦੇ ਪੰਜਾਬੀਆਂ ਨੂੰ ਕੀਲਿਆ, ਉਥੇ ਆਪਣੀ ਕਲਮ ਨਾਲ ਵੀ ਪਾਠਕਾਂ ਦੀ ਰੂਹ ਨੂੰ ਟੁੰਬਿਆ। ਉਨ੍ਹਾਂ ਦੇ ਗੀਤਾਂ ਨੂੰ ਸਾਰੇ ਪਰਿਵਾਰ ਵਿੱਚ ਬੈਠ ਕੇ ਪੜ੍ਹਿਆ ਅਤੇ ਸੁਣਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਵਿੱਚ ਅਸ਼ਲੀਲਤਾ ਅਤੇ ਲੱਚਰਪੁਣਾ ਨਹੀਂ। ਉਹਨਾਂ ਨੇ ਆਪਣੇ ਲਿਖੇ ਅਨੇਕਾਂ ਸੋਲੋ ਅਤੇ ਦੋਗਾਣੇ ਸਵਰਨ ਲਤਾ ਤੇ ਬਲਬੀਰ ਸੁਰੱਈਆ ਨਾਲ ਰਿਕਾਰਡ ਕਰਵਾਏ।

ਉਨ੍ਹਾਂ ਦਾ ਜਨਮ 26 ਅਗਸਤ, 1924 ਨੂੰ ਮਾਤਾ ਕ੍ਰਿਸ਼ਨ ਕੌਰ ਪਿਤਾ ਸ. ਲਾਭ ਸਿੰਘ ਹੰਸਪਾਲ ਦੇ ਘਰ ਬਿਆਸ ਦਰਿਆ ਦੇ ਕੰਢੇ ਉੱਤੇ ਵੱਸੇ ਪਿੰਡ ਵੜੈਚ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਰੇਲਵੇ ਵਿੱਚ ਬਾਇਲਰ ਇੰਜੀਨੀਅਰ ਸਨ। ਉਨ੍ਹਾਂ ਨੇ ਮੁੱਢਲੀ ਵਿਦਿਆ ਐਮ.ਬੀ. ਪ੍ਰਾਇਮਰੀ ਸਕੂਲ ਬਗਵਾਨਪੁਰਾ ਲਾਹੌਰ ਤੋਂ ਪ੍ਰਾਪਤ ਕੀਤੀ ਅਤੇ ਲਾਹੌਰ ਦੇ ਹੀ ਛਾਉਣੀ ਹਾਈ ਸਕੂਲ ਤੋਂ ਦਸਵੀਂ ਤਕ ਪੜਾਈ ਕੀਤੀ। ਬਚਪਨ ਤੋਂ ਹੀ ਗੀਤ, ਭਜਨ, ਸ਼ਬਦ ਗਾਉਣ ਦਾ ਸ਼ੌਂਕ ਸੀ। ਜਦੋਂ ਵੀ ਕਿਸੇ ਸਟੇਜ ਤੇ ਗਾਉਣ ਦਾ ਮੌਕਾ ਮਿਲਦਾ ਤਾਂ ਦੀਪ ਜੀ ਨਿਝੱਕ ਹੋ ਕੇ ਆਪਣਾ ਗਾਇਨ ਸੁਣਾ ਦਿੰਦੇ। ਅਵਾਜ਼ ਮਿਠੀ ਅਤੇ ਸੁਰੀਲੀ ਹੋਣ ਕਾਰਨ ਸਰੋਤਿਆਂ ਅਤੇ ਸਟੇਜ ਪ੍ਰਬੰਧਕਾਂ ਵਲੋਂ ਭਰਵਾਂ ਉਤਸ਼ਾਹ ਮਿਲਦਾ ਰਿਹਾ। 1942 ਵਿੱਚ ਪਹਿਲੀ ਵਾਰ ਟਿੱਬਾ ਪੰਡਤਾਂ ਰਾਮਗੜ੍ਹ (ਲਾਹੌਰ) ਦੇ ਸਿੰਘ ਸਭਾ ਗੁਰਦੁਆਰੇ ਦੀ ਸਟੇਜ ਤੇ ਖ਼ੁਦ ਹਾਰਮੋਨੀਅਮ ਵਜਾ ਕੇ ਸ਼ਬਦ



Academy of the Punjab in North America: http://www.apnaorg.com

ਗਾਇਨ ਕੀਤਾ। ਉਨ੍ਹਾਂ ਨੇ ਸੰਗੀਤ ਦੀ ਸਿਖਿਆ ਰੇਡੀਓ ਆਰਟਿਸਟ ਬੰਤਾ ਸਿੰਘ ਪਾਸੋਂ ਹਾਸਲ ਕੀਤੀ। ਉਨ੍ਹਾਂ ਦਿਨਾਂ ਵਿਚ ਉਨ੍ਹਾਂ ਦੇ ਗੁਆਂਢ ਪੰਚੋਲੀ ਆਰਟ ਪਿਕਚਰ ਦੇ ਸੰਗੀਤ ਨਿਰਦੇਸ਼ਕ ਡੀ.ਐਨ. ਮਧਹੋਕ ਰਹਿੰਦੇ ਸਨ, ਇਸ ਲਈ ਉਨ੍ਹਾਂ ਨੂੰ ਉਨ੍ਹਾਂ ਕੋਲੋਂ ਵੀ ਗਾਇਨ ਕਲਾ ਦੀ ਸਿਖਿਆ ਲੈਣ ਦਾ ਅਵਸਰ ਪ੍ਰਾਪਤ ਹੋਇਆ। 1944 ਵਿੱਚ ਉਨ੍ਹਾਂ ਦੀ ਸ਼ਾਦੀ ਲਾਹੌਰ ਵਿਖੇ ਪ੍ਰਕਾਸ਼ ਕੌਰ ਨਾਲ ਹੋਈ।

ਦੇਸ਼ ਦੀ ਵੰਡ ਤੋਂ ਬਾਅਦ ਉਹ ਪਰਿਵਾਰ ਸਮੇਤ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਬਿਆਸ ਆ ਵਸੇ। ਇੱਥੇ ਰਹਿੰਦੇ ਉਨ੍ਹਾਂ ਦੇ ਘਰ ਲੜਕੇ ਅਜੀਤ ਸਿੰਘ ਦਾ ਜਨਮ ਹੋਇਆ। ਫਿਰ ਉਹ ਕੁਝ ਸਮਾਂ ਅੰਮ੍ਰਿਤਸਰ ਰਹਿਣ ਪਿਛੋਂ ਲੁਧਿਆਣਾ ਆ ਗਏ। ਇੱਥੇ ਉਨ੍ਹਾਂ ਨੇ ਪਰਿਵਾਰ ਦੇ ਗੁਜ਼ਾਰੇ ਲਈ ਕਾਰਖ਼ਾਨਾ ਲਗਾਇਆ। ਇੱਥੇ ਉਨ੍ਹਾਂ ਸ਼ਾਸ਼ਤਰੀ ਸੰਗੀਤ ਦੀ ਸਿਖਿਆ ਮਾਸਟਰ ਰਤਨ ਹਦੀਆਬਾਦੀ ਕੋਲੋਂ ਪ੍ਰਾਪਤ ਕੀਤੀ ਅਤੇ ਮਾਸਟਰ ਸੀਤਾ ਰਾਮ ਕਲਸੀ ਪਾਸੋਂ ਵੀ ਸੰਗੀਤ ਦੀ ਸਿਖਿਆ ਲਈ।

1950 ਵਿਚ ਆਲ ਇੰਡੀਆ ਰੇਡੀਓ ਨੇ 'ਏ ਕਲਾਸ' ਕਲਾਕਾਰ ਵਜੋਂ ਉਨ੍ਹਾਂ ਦੀ ਮਿੱਠੀ, ਸੁਰੀਲੀ ਅਵਾਜ਼ ਨੂੰ ਗੀਤਾਂ ਵਿਚ ਪਰੋ ਕੇ ਘਰ-ਘਰ ਪਹੁੰਚਾਇਆ। 1961 ਵਿਚ ਉਨ੍ਹਾਂ ਦੀ ਗਾਇਕੀ ਗ੍ਰਾਮੋਫੋਨ ਰਿਕਾਰਡਾਂ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕਰਨ ਲਗੀ। ਇੰਗਲੈਂਡ ਦੀ ਕੋਲੰਬੀਆ ਗਰਾਮੋਫੋਨ ਕੰਪਨੀ ਅਤੇ ਐਚ.ਐਮ.ਵੀ. ਕੰਪਨੀ ਵਿੱਚ ਇਨ੍ਹਾਂ ਦੀ ਬਹੁਤ ਰਿਕਾਰਡਿੰਗ ਹੋਈ, ਜਿਸ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ।

ਜਿਥੋਂ ਤਕ ਲਿਖਣ ਕਲਾ ਦਾ ਸਬੰਧ ਹੈ, ਉਹ ਸਟੇਜੀ ਕਵੀ ਅਤੇ ਲੇਖਕ ਉਤਮ ਸਿੰਘ ਤੇਜ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਨੰਦ ਲਾਲ ਨੂਰਪੁਰੀ ਨੂੰ ਆਪਣੀ ਪ੍ਰੇਰਨਾ ਦਾ ਸ੍ਰੋਤ ਦਸਦੇ ਹਨ। ਇਸ ਸਮੇਂ ਉਹ ਅੰਮ੍ਰਿਤਸਰ ਰਹਿੰਦੇ ਹਨ। ਪਿੰਗਲਵਾੜਾ ਸੰਸਥਾ ਵਲੋਂ ਉਨ੍ਹਾਂ ਨੂੰ "ਉੱਤਮ ਸੇਵਾਵਾਂ ਐਵਾਰਡ", ਨਿੰਮਪਾ (ਰਜਿ.) ਸੰਸਥਾ ਵਲੋਂ "ਸਰਵੋਤਮ ਗਾਇਕ ਐਵਾਰਡ", ਪਰਫਾਰਮਿੰਗ ਆਰਟਸ ਪਰੋਮੋਸ਼ਨ ਸੁਸਾਇਟੀ (ਰਜਿ.) ਜਲੰਧਰ ਵਲੋਂ 'ਸੁਰਾਂ ਦਾ ਵਾਰਿਸ' ਐਵਾਰਡ, ਗੁਰੂ ਨਾਨਕ ਦੇਵ ਐਜੂਕੇਸ਼ਨਲ ਇੰਸਟੀਚਿਊਟ ਆਫ ਅੰਮ੍ਰਿਤਸਰ ਵਲੋਂ "ਲਾਈਫ ਟਾਇਮ ਲੋਕ ਗਾਇਕ ਐਵਾਰਡ", ਭਾਸ਼ਾ ਵਿਭਾਗ ਪੰਜਾਬ ਦੀ ਅੰਮ੍ਰਿਤਸਰ ਸ਼ਾਖਾ ਅਤੇ ਹੋਰ ਬਹੁਤ ਸਾਰੀਆਂ ਸੁਸਾਇਟੀਆਂ, ਸਭਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਦੀਪ ਇਸ ਵੇਲੇ ਆਪਣੀ ਉਮਰ ਦੇ ਨੱਬੇਵੇਂ ਪੌੜੇ 'ਤੇ ਖੜਾ ਹੈ।

ਅੱਜਕਲ ਆਪਣੇ ਪੋਤਰੇ ਬਲਬੀਰ ਸਿੰਘ ਜੋ ਕਿ ਸ੍ਰੀ ਗੁਰੂ ਰਾਮਦਾਸ ਸੀ.ਸੈ. ਸਕੂਲ ਅੰਮ੍ਰਿਤਸਰ ਵਿਖੇ ਸੰਗੀਤ ਦਾ ਲੈਕਚਰਾਰ ਹੈ, ਨਾਲ ਸੰਗੀਤ ਦੀ ਵਿਦਿਆ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਿਆ ਦੇ ਕੇ ਉਨ੍ਹਾਂ ਨੂੰ ਸੰਗੀਤਕ ਮੁਕਾਬਲਿਆਂ ਲਈ ਤਿਆਰ ਕਰ ਰਹੇ ਹਨ। ਇਸ ਦੇ ਨਾਲ ਉਹ ਗੁਰੂ ਨਾਨਕ ਦੇਵ ਐਜੂਕੇਸ਼ਨਲ ਇੰਸਟੀਚਿਊਟ ਆਫ ਅੰਮ੍ਰਿਤਸਰ (ਰਜਿ.) ਸੰਸਥਾ ਦੇ ਚੇਅਰਮੈਨ ਵਜੋਂ ਵੀ ਨਿਸ਼ਕਾਮ ਸੇਵਾ ਨਿਭਾ ਰਹੇ ਹਨ। ਇਹ ਸੰਸਥਾ "ਸਰਵੋਤਮ ਗਾਇਕ ਐਵਾਰਡ", "ਸਰਵੋਤਮ ਤਬਲਾ ਵਾਦਕ ਐਵਾਰਡ" "ਸਰਵੋਤਮ ਨਾਚ-ਕਲਾ ਐਵਾਰਡ" ਜਿਹੇ ਪੰਜ ਮੁਕਾਬਲੇ ਕਰਵਾ ਚੁੱਕੀ ਹੈ ਇਹਨਾਂ ਦਾ ਮੁੱਖ ਮੰਤਵ ਅਜ ਦੀ ਨੌਜਵਾਨ ਪੀੜ੍ਹੀ ਨੂੰ ਸੰਗੀਤ, ਸਭਿਆਚਾਰ



Academy of the Punjab in North America: http://www.apnaorg.com

ਅਤੇ ਆਪਣੇ ਵਿਰਸੇ ਨਾਲ ਜੋੜਨਾ ਹੈ, ਤਾਂ ਜੋ ਪੰਜਾਬ ਦੀ ਜਵਾਨੀ ਕਿਤੇ ਨਸ਼ਿਆਂ ਵਿਚ ਫਸ ਕੇ ਖਤਮ ਨਾ ਹੋ ਜਾਵੇ। ਅਜਕਲ ਉਹ ਗੁਰੂ ਨਾਨਕ ਦੇਵ ਸੰਗੀਤ ਅਕੈਡਮੀ (ਮਾਨਤਾ ਪ੍ਰਾਪਤ) ਦੇ ਬਤੌਰ ਡਾਇਰੈਕਟਰ ਨਿਸ਼ਕਾਮ ਸੇਵਾ ਕਰ ਰਹੇ ਹਨ। ਉਨ੍ਹਾਂ ਇਸ ਅਕੈਡਮੀ ਦੇ ਵਿਦਿਆਰਥੀਆਂ ਦੀ ਗੁਰਮਤਿ ਸੰਗੀਤ ਤੇ ਅਧਾਰਤ ਡੀ.ਵੀ.ਡੀ. ਡਿਸਕ ਤਿਆਰ ਕੀਤੀ ਹੈ। ਜਿਸ ਵਿੱਚ ਉਨ੍ਹਾਂ ਨੇ ਗੁਰਬਾਣੀ ਦੇ ਸ਼ਬਦਾਂ ਨੂੰ ਸੰਗੀਤਬੱਧ ਕਰ ਕੇ ਨਿਰਦੇਸ਼ਨ ਕੀਤਾ ਹੈ। ਇਸ ਦੀ ਪੂਰੀ ਆਡੀਓ-ਵੀਡੀਓ ਰਿਕਾਰਡਿੰਗ (ਗੂਗਲ) ਇੰਟਰਨੈਟ ਦੇ ਯੂ-ਟਿਊਬ ਉੱਤੇ "ਗੁਰੂ ਨਾਨਕ ਦੇਵ ਸੰਗੀਤ ਅਕੈਡਮੀ" ਦੇ ਨਾਮ ਹੇਠ ਦਰਜ ਕੀਤੀ ਗਈ ਹੈ।

ਗੁਰੂ ਸਾਹਿਬਾਨ ਦੇ ਪੁਰਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ, ਸਭਾ, ਸੁਸਾਇਟੀਆਂ ਵਲੋਂ ਕਰਵਾਏ ਜਾਂਦੇ ਕਵੀ ਦਰਬਾਰਾਂ ਵਿੱਚ ਵੀ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਕਵਿਤਾ ਪੜ੍ਹਨ ਲਈ ਸਦਿਆ ਜਾਂਦਾ ਹੈ।

ਉਨ੍ਹਾਂ ਨਾਲ ਉਨ੍ਹਾਂ ਦੇ ਈ-ਮੇਲ balbir.hanspal@gmail.com ਅਤੇ ਮੋਬਾਇਲ ਨੰ:-98149-49448 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਲੇਖ 26 ਮਈ 2014 ਨੂੰ ਲਿਖਿਆ ਗਿਆ ਸੀ, ਜੋ ਕਿ ਕਈ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਇਆ ਪਰ ਅਫ਼ਸੋਸ ਦੀ ਗੱਲ ਹੈ ਕਿ ਉਹ 29 ਅਗਸਤ 2014 ਨੂੰ ਸਵਰਗਵਾਸ ਹੋ ਗਏ। ਉਹ ਭਾਵੇਂ ਤੁਰ ਗਏ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਤੇ ਉਨ੍ਹਾਂ ਦੇ ਗਾਏ ਗੀਤ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਰੌਸ਼ਨ ਕਰਦੇ ਰਹਿਣਗੇ।

*26 ਮਈ 2014*



Academy of the Punjab in North America: http://www.apnaorg.com

# ਅਮਰੀਕੀ ਸਕੂਲ ਵਿਚ ਇਕ ਫੇਰੀ

ਅਮਰੀਕਾ ਦੀ ਤਰੱਕੀ ਦਾ ਕਾਰਨ ਇੱਥੋਂ ਦੀ ਸੁਚੱਜੀ ਸਿੱਖਿਆ ਪ੍ਰਣਾਲੀ ਹੈ। ਅਮਰੀਕਾ ਨੂੰ ਖੋਜੀਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ , ਜਿਸ ਦਾ ਆਧਾਰ ਇੱਥੋਂ ਦੀ ਉਤਮ ਸਿੱਖਿਆ ਹੈ। ਸਿੱਖਿਆ ਪ੍ਰਣਾਲੀ ਦੀ ਅਹਿਮ ਕੜੀ ਮੁੱਢਲੀ ਸਿੱਖਿਆ ਹੈ, ਜਿਸ ਨੂੰ ਪ੍ਰਾਇਮਰੀ ਸਿੱਖਿਆ ਕਿਹਾ ਜਾਂਦਾ ਹੈ। ਅਮਰੀਕਾ ਵਿੱਚ ਨਰਸਰੀ ਤੋਂ ਲੈ ਕੇ ਪੰਜਵੀਂ ਜਮਾਤ ਤੀਕ ਦੇ ਸਕੂਲਾਂ ਨੂੰ ਐਲੀਮੈਂਟਰੀ ਸਕੂਲ ਕਹਿੰਦੇ ਹਨ। ਹਰੇਕ ਇਲਾਕੇ ਦਾ ਆਪਣਾ ਐਲੀਮੈਂਟਰੀ ਸਕੂਲ ਹੈ, ਜਿਸ ਨੂੰ ਪਬਲਿਕ ਸਕੂਲ ਸੱਦਿਆ ਜਾਂਦਾ ਹੈ। ਇਹ ਉਸੇ ਤਰ੍ਹਾਂ ਹੈ, ਜਿਵੇਂ ਸਾਡੇ ਸਰਕਾਰੀ ਸਕੂਲ ਹਨ। ਫ਼ਰਕ ਇਹ ਕਿ ਸਾਡੇ ਸਰਕਾਰ ਪਾਸ ਸਕੂਲਾਂ ਦਾ ਪ੍ਰਬੰਧ ਹੈ ਪਰ ਅਮਰੀਕਾ ਵਿਚ ਇਨ੍ਹਾਂ ਪਬਲਿਕ ਸਕੂਲਾਂ ਦਾ ਪ੍ਰਬੰਧ ਉਸ ਇਲਾਕੇ ਦੇ ਰਹਿਣ ਵਾਲੇ ਕਰਦੇ ਹਨ। ਹਰੇਕ ਇਲਾਕੇ ਦੇ ਵਸਨੀਕ ਪ੍ਰਬੰਧਕੀ ਕਮੇਟੀ ਚੁਣਦੇ ਹਨ, ਜੋ ਚਾਰ ਸਾਲ ਲਈ ਸਕੂਲ ਦਾ ਪ੍ਰਬੰਧ ਚਲਾਉਂਦੀ ਹੈ। ਯਾਦ ਰਹੇ ਕਿ ਇੱਥੇ ਰਾਸ਼ਟਰਪਤੀ ਤੇ ਗਵਰਨਰ (ਇੱਥੇ ਮੁੱਖ-ਮੰਤਰੀ ਨੂੰ ਗਵਰਨਰ ਕਹਿੰਦੇ ਹਨ। ਭਾਰਤ ਵਾਂਗ ਅਮਰੀਕਾ ਵਿਚ ਗਵਰਨਰ ਦਾ ਕੋਈ ਆਹੁਦਾ ਨਹੀਂ) ਦੀ ਚੋਣ ਵੀ ਸਿੱਧੀ ਹੁੰਦੀ ਹੈ ਤੇ ਹੁੰਦੀ ਵੀ ਚਾਰ ਸਾਲ ਲਈ ਹੈ। ਚੁਣੀ ਹੋਈ ਕਮੇਟੀ ਅਧਿਆਪਕ ਨਿਯੁਕਤ ਕਰਦੀ ਹੈ ਤੇ ਸਕੂਲ ਦੀ ਦੇਖ-ਰੇਖ ਦੀ ਜ਼ੁੰਮੇਵਾਰੀ ਨਿਭਾਉਂਦੀ ਹੈ। ਸਰਕਾਰ ਦਾ ਇਸ ਵਿਚ ਕੋਈ ਦਖ਼ਲ ਨਹੀਂ। ਅਧਿਆਪਕ ਦੀ ਬਦਲੀ ਨਹੀਂ ਹੋ ਸਕਦੀ ਹੈ। ਸਕੂਲ ਚਲਾਉਣ ਲਈ ਕੁਝ ਰਕਮ ਸਰਕਾਰ ਦੇਂਦੀ ਹੈ, ਤੇ ਬਾਕੀ ਰਕਮ ਉਸ ਇਲਾਕੇ ਦੇ ਰਹਿਣ ਵਾਲਿਆਂ ਪਾਸੋਂ ਵਿਸ਼ੇਸ਼ ਫੰਡ ਦੇ ਤੌਰ 'ਤੇ ਲਾਜ਼ਮੀ ਲਈ ਜਾਂਦੀ ਹੈ। ਕਿਸੇ ਨੂੰ ਕੋਈ ਛੋਟ ਨਹੀਂ। ਕਿਉਂਕਿ ਲੋਕ ਪੈਸੇ ਦਿੰਦੇ ਹਨ, ਉਨ੍ਹਾਂ ਦੇ ਆਪਣੇ ਬੱਚਿਆਂ ਨੇ ਵੀ ਇਨ੍ਹਾਂ ਸਕੂਲਾਂ ਵਿਚ ਪੜ੍ਹਨਾ ਹੁੰਦਾ ਹੈ, ਇਸ ਲਈ ਉਹ ਪ੍ਰਬੰਧਕ ਕਮੇਟੀ ਵੀ ਚੰਗੀ ਚੁਣਦੇ ਹਨ ਤਾਂ ਜੋ ਸਕੂਲ ਚੰਗਾ ਚਲੇ। ਇਹੋ ਕਾਰਨ ਹੈ ਕਿ ਅਮਰੀਕਾ ਵਿਚ ਜਦ ਕੋਈ ਅਧਿਆਪਕ ਇਕ ਦਿਨ ਛੁੱਟੀ 'ਤੇ ਵੀ ਜਾਂਦਾ ਹੈ ਤਾਂ ਉਸ ਦਾ ਉਨ੍ਹਾਂ ਨੇ ਅਗਾਊਂ ਪ੍ਰਬੰਧ ਕੀਤਾ ਹੁੰਦਾ ਹੈ।

ਜਿਸ ਤਰ੍ਹਾਂ ਸਕੂਲ ਪ੍ਰਬੰਧ ਵਿਚ ਸਰਕਾਰ ਦਾ ਕੋਈ ਦਖਲ ਨਹੀਂ, ਉਸੇ ਤਰ੍ਹਾਂ ਇੱਥੇ ਜਿਹੜੀਆਂ ਪ੍ਰੀਖਿਆਵਾਂ ਹੁੰਦੀਆਂ ਹਨ, ਉਨ੍ਹਾਂ ਵਿੱਚ ਬਾਹਰੀ ਦਖਲ ਅੰਦਾਜ਼ੀ ਕੋਈ ਨਹੀਂ। ਜਿਹੜੇ ਅਧਿਆਪਕ ਪੜ੍ਹਾਉਂਦੇ ਹਨ ਉਹੋ ਹੀ ਪ੍ਰੀਖਿਆ ਲੈਂਦੇ ਹਨ ਭਾਵੇਂ ਸਕੂਲ ਹੋਵੇ ਤੇ ਭਾਵੇਂ ਕਾਲਜ ਜਾਂ ਯੂਨੀਵਰਸਿਟੀ। ਸਾਡੇ ਵਾਂਗ ਕੋਈ ਸਕੂਲ ਸਿਖਿਆ ਬੋਰਡ ਨਹੀਂ। ਸਕੂਲਾਂ ਵਿਚ ਘੱਟ ਆਮਦਨ ਵਾਲਿਆਂ ਨੂੰ ਹੀ ਖਾਣਾ ਮੁਫ਼ਤ ਮਿਲਦਾ ਹੈ। ਸਕੂਲ ਬੱਸਾਂ ਦਾ ਪ੍ਰਬੰਧ ਸਕੂਲ ਵੱਲੋਂ ਹੈ, ਜਿਸ ਦੀ ਕੋਈ ਵਖਰੀ ਫ਼ੀਸ ਨਹੀਂ ਦੇਣੀ ਪੈਂਦੀ। 99 ਪ੍ਰਤੀਸ਼ਤ



Academy of the Punjab in North America: http://www.apnaorg.com

ਤੋਂ ਵੀ ਵਧ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ। ਬਹੁਤ ਹੀ ਅਮੀਰ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ, ਕਿਉਂਕਿ ਫ਼ੀਸ ਬਹੁਤ ਜ਼ਿਆਦਾ ਹੈ ਤੇ ਹਾਰੀ ਸਾਰੀ ਇਹ ਫ਼ੀਸ ਨਹੀਂ ਦੇ ਸਕਦਾ।

ਪਿਛਲੇ ਮਹੀਨੇ 31 ਅਕਤੂਬਰ 2013 ਨੂੰ ਦਾਦੇ ਦਾਦੀਆਂ ਦਾ ਦਿਨ (ਗ੍ਰੈਂਡ ਪੇਰੈਂਟਸ ਡੇ) ਸੀ। ਇਸ ਦਿਨ ਇਸ ਲੇਖਕ ਨੂੰ ਆਪਣੇ ਇਲਾਕੇ ਦਾ 'ਬੀਵਰਕਰੀਕ ਪਬਲਿਕ ਐਲੀਮੈਂਟਰੀ ਸਕੂਲ' ਵੇਖਣ ਦਾ ਮੌਕਾ ਮਿਲਿਆ, ਜਿੱਥੇ ਕੇ ਮੇਰਾ ਪੋਤਰਾ ਮਾਨਤ ਸਿੰਘ ਪੜ੍ਹਦਾ ਹੈ। ਉਹ 6 ਸਾਲ ਦਾ ਹੈ ਤੇ ਪਹਿਲੀ ਜਮਾਤ ਦਾ ਵਿਦਿਆਰਥੀ ਹੈ। ਸਕੂਲ ਨੇ ਬੱਚਿਆਂ ਦੀ ਪੜ੍ਹਾਈ ਦਾ ਧਿਆਨ ਰੱਖਦੇ ਹੋਏ ਇਹ ਮੀਟਿੰਗ ਸਕੂਲ ਸਮੇਂ ਤੋਂ ਇਕ ਘੰਟਾ ਪਹਿਲਾਂ ਰੱਖੀ ਹੋਈ ਸੀ। ਜਦ ਅਸੀਂ ਸਕੂਲ ਪੁੱਜੇ ਤਾਂ ਸਕੂਲ ਦੀ ਪ੍ਰਿੰਸੀਪਲ ਕਾਰਾਂ 'ਤੇ ਆ ਰਹੇ ਮਾਪਿਆਂ ਦਾ ਗੇਟ ਉਪਰ ਸੁਆਗਤ ਕਰ ਰਹੀ ਸੀ। ਜਦ ਮਾਪੇ ਬਸਤਾ ਫੜ ਕੇ ਨਿਕਲਦੇ ਸਨ ਤਾਂ ਉਹ ਮਾਪਿਆਂ ਪਾਸੋਂ ਬਸਤਾ ਲੈ ਕੇ ਵਿਦਿਆਰਥੀਆਂ ਨੂੰ ਫੜਾ ਰਹੀ ਸੀ। ਪਤਾ ਲਗਾ ਕਿ ਸਾਰੇ ਅਮਰੀਕਾ ਵਿਚ ਸਕੂਲ ਸਟਾਫ ਸਕੂਲ ਲਗਣ ਤੋਂ ਅੱਧਾ ਘੰਟਾ ਪਹਿਲਾਂ ਆਉਂਦਾ ਹੈ। ਜਿਥੇ ਸਕੂਲ ਪ੍ਰਿੰਸੀਪਲ ਸਕੂਲ ਲੱਗਣ ਤੋਂ ਪਹਿਲਾਂ ਤੇ ਸਕੂਲ ਬੰਦ ਹੋਣ ਸਮੇਂ ਗੇਟ ਉਪਰ ਬੱਚਿਆਂ ਨੂੰ ਵੇਖਦੇ ਹਨ, ਉਸੇ ਤਰ੍ਹਾਂ ਸਕੂਲ ਦੇ ਸਟਾਫ ਦੇ ਕੁਝ ਮੈਂਬਰ ਸਕੂਲ ਦੀਆਂ ਬੱਸਾਂ ਦੀ ਨਿਗਰਾਨੀ ਕਰਦੇ ਹਨ। ਜਿਹੜੇ ਬੱਚੇ ਕਾਰਾਂ ਰਾਹੀਂ ਘਰਾਂ ਨੂੰ ਜਾਂਦੇ ਹਨ , ਉਨ੍ਹਾਂ ਨੂੰ ਬਕਾਇਦਾ ਸਟਾਫ ਵਾਲੇ ਜਾਂ ਸਿਕੂਰਟੀ ਵਾਲੇ ਕਾਰਾਂ ਵਿਚ ਇਹ ਪੜਤਾਲ ਕਰਕੇ ਬਿਠਾਉਂਦੇ ਹਨ ਕਿ ਵਾਕਿਆ ਹੀ ਲੈਣ ਆਇਆ ਵਿਅਕਤੀ ਸਹੀ ਹੈ।

ਸਾਡੇ ਛੁੱਟੀ ਹੋਣ ਪਿੱਛੋਂ ਅਧਿਆਪਕ ਘਰਾਂ ਨੂੰ ਚਲੇ ਜਾਂਦੇ ਹਨ, ਪਰ ਅਮਰੀਕਾ ਵਿਚ ਅਧਿਆਪਕ ਸਕੂਲ ਵਿਚ ਬੈਠ ਕੇ ਕਮਜ਼ੋਰ ਬੱਚਿਆਂ ਨੂੰ ਪੜ੍ਹਾਉਂਦੇ ਹਨ ਤੇ ਹੋਰ ਕੰਮ ਕਰਦੇ ਹਨ ਤੇ ਕਈ ਵੇਰ ਉਨ੍ਹਾਂ ਨੂੰ ਦੋ ਦੋ ਘੰਟੇ ਵਾਧੂ ਬੈਠਣਾ ਪੈਂਦਾ ਹੈ। ਕਹਿਣ ਦਾ ਭਾਵ ਹੈ ਕਿ ਅਧਿਆਪਕ ਵਿਦਿਆਰਥੀਆਂ ਨੂੰ ਪੜ੍ਹਾਉਣ ਸਮੇਂ ਪੜ੍ਹਾਈ ਹੀ ਕਰਾਉਂਦੇ ਹਨ, ਹੋਰ ਕੰਮ ਜੇ ਕੋਈ ਹੋਵੇ ਤਾਂ ਬਚਿਆਂ ਦੀ ਛੁੱਟੀ ਤੋਂ ਬਾਅਦ ਕਰਦੇ ਹਨ। ਏਥੇ ਹੀ ਬੱਸ ਨਹੀਂ, ਬੱਚਿਆਂ ਦੀ ਗ੍ਰੇਡਿੰਗ ਦਾ ਕੰਮ ਵੀ ਅਕਸਰ ਉਨ੍ਹਾਂ ਨੂੰ ਘਰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਅਮਰੀਕਾ ਵਿਚ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਹੈ।

ਕੰਮ ਸਭਿਆਚਾਰ ਹੀ ਅਮਰੀਕਾ ਦੀ ਤਰੱਕੀ ਦਾ ਕਾਰਨ ਹੈ। ਜਦ ਕਿ ਸਾਡੇ ਕੰਮ ਸਭਿਆਚਾਰ ਹੈ ਹੀ ਨਹੀਂ। ਕੌਂਸਲਰ ਤੋਂ ਲੈ ਕੇ ਮੁੱਖ-ਮੰਤਰੀ ਤੇ ਪ੍ਰਧਾਨ ਮੰਤਰੀ ਤੀਕ ਉਹ ਜ਼ੁੰਮੇਵਾਰੀਆਂ ਨਹੀਂ ਨਿਭਾਉਂਦੇ ਜਿਵੇਂ ਅਮਰੀਕਾ, ਕੈਨੇਡਾ ਆਦਿ ਵਾਲੇ ਨਿਭਾਉਂਦੇ ਹਨ। ਉਹ ਆਪਣੇ ਕੰਮਾਂ ਨੂੰ ਮੌਜ ਮੇਲਾ ਹੀ ਸਮਝਦੇ ਹਨ।

ਖ਼ੈਰ! ਜਦ ਅਸੀਂ ਸਕੂਲ ਦੇ ਅੰਦਰ ਦਾਖ਼ਲ ਹੋਏ ਤਾਂ ਸਾਹਮਣੇ ਹਾਲ ਵਿਚ ਸਾਡੇ ਬੈਠਣ ਦਾ ਪ੍ਰਬੰਧ ਸੀ। ਪ੍ਰਾਹੁਣੇ ਖਾ-ਪੀ ਰਹਿ ਸਨ। ਅਧਿਆਪਕ ਤੇ ਸਕੂਲ ਦੇ ਬੱਚੇ ਪ੍ਰਾਹਣਾਚਾਰੀ ਕਰ ਰਹੇ ਸਨ। ਭਾਰਤ ਵਿਚ ਜਦ ਸਕੂਲ ਵਾਲੇ ਬੱਚਿਆਂ ਪਾਸੋਂ ਕੋਈ ਕੰਮ ਲੈਂਦੇ ਹਨ ਤਾਂ ਮੀਡਿਆ ਵਾਲੇ ਇਸ ਨੂੰ ਬਾਲ ਮਜ਼ਦੂਰੀ ਦਾ ਨਾਂ ਦੇ ਕੇ ਸਕੂਲ ਦੀ ਨਿੰਦਿਆ ਕਰਦੇ ਹਨ, ਜਦ ਕਿ ਅਮਰੀਕਾ ਵਿਚ ਸਕੂਲ ਤੇ ਕਾਲਜ ਵਿਦਿਆਰਥੀਆਂ ਲਈ ਲੋਕ



Academy of the Punjab in North America: http://www.apnaorg.com

ਸੇਵਾ ਜ਼ਰੂਰੀ ਹੈ ਤੇ ਇਸ ਨੂੰ ਬੜਾ ਚੰਗਾ ਕੰਮ ਸਮਝਿਆ ਜਾਂਦਾ ਹੈ। ਅਮਰੀਕਾ ਵਿਚ ਦਰਜਾ ਚਾਰ ਕਰਮਚਾਰੀ ਕੋਈ ਨਹੀਂ ਜਿਵੇਂ ਕਿ ਸਾਡੇ ਸੇਵਾਦਾਰ ਹਨ, ਇਸ ਲਈ ਅਫ਼ਸਰਾਂ ਨੂੰ ਸਾਰੇ ਕੰਮ ਆਪ ਕਰਨੇ ਪੈਂਦੇ ਹਨ।

ਅਸੀਂ ਕੁਝ ਖਾ-ਪੀ ਕੇ ਲਾਇਬਰੇਰੀ ਗਏ, ਜਿਥੇ ਪੁਸਤਕਾਂ ਦੀ ਪ੍ਰਦਰਸ਼ਨੀ ਲੱਗੀ ਹੋਈ ਸੀ ਤੇ ਵਿਦਿਆਰਥੀ ਕਿਤਾਬਾਂ ਮੁੱਲ ਖ਼ਰੀਦ ਰਹੇ ਸਨ। ਇਹ ਵੇਖ ਕੇ ਹੈਰਾਨੀ ਹੋਈ ਕਿ ਇਕ ਪ੍ਰਾਇਮਰੀ ਸਕੂਲ ਦੀ ਲਾਇਬ੍ਰੇਰੀ ਵਿੱਚ ਪੁਸਤਕਾਂ, ਡੀ.ਵੀ.ਡੀ., ਕੰਪਿਊਟਰ ਤੇ ਹੋਰ ਸਾਜ਼ੋ-ਸਾਮਾਨ ਏਨਾ ਸੀ ਕਿ ਸਾਡੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਪਾਸ ਵੀ ਏਨਾ ਸਾਮਾਨ ਨਹੀਂ। ਅਸੀਂ ਕਿਤਾਬਾਂ ਅਲਮਾਰੀਆਂ ਵਿਚ ਸੰਭਾਲ ਕੇ ਰਖੀਆਂ ਹੁੰਦੀਆਂ ਹਨ, ਪਰ ਇੱਥੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਬਕਾਇਦਾ ਨਿਯਮਤ ਪੁਸਤਕਾਂ ਘਰ ਪੜ੍ਹਨ ਲਈ ਤੇ ਡੀ.ਵੀਂ.ਡੀ. ਵੇਖਣ ਲਈ ਦਿੱਤੀਆਂ ਜਾਂਦੀਆਂ ਹਨ। ਪ੍ਰਦਰਸ਼ਨੀ ਵਿਚ ਰਖੀਆਂ ਪੁਸਤਕਾਂ, ਰਿਆਇਤੀ ਦਰਾਂ 'ਤੇ ਬੱਚੇ ਧੜਾ ਧੜ ਖ਼ਰੀਦ ਰਹੇ ਸਨ। ਮੇਰੇ ਪੋਤਰੇ ਨੇ 5 ਕਿਤਾਬਾਂ ਖ਼ਰੀਦੀਆਂ। ਇਸ ਤਰ੍ਹਾਂ ਇੱਥੇ ਨਰਸਰੀ ਦੇ ਬੱਚਿਆਂ ਵਿਚ ਹੀ ਪੁਸਤਕਾਂ ਪੜ੍ਹਨ ਤੇ ਖ਼ਰੀਦਣ ਦੀ ਰੁਚੀ ਪੈਦਾ ਕੀਤੀ ਜਾਂਦੀ ਹੈ।

ਇਸ ਪਿੱਛੋਂ ਅਸੀਂ ਮਾਨਤ ਸਿੰਘ ਦੇ ਜਮਾਤ ਦੇ ਕਮਰੇ ਵਿਚ ਆਏ ਜਿੱਥੇ ਸਾਨੂੰ ਉਸ ਦੀ ਅਧਿਆਪਕਾ ਨੇ ਜੀ-ਆਇਆਂ ਕਿਹਾ। ਪਹਿਲੀ ਜਮਾਤ ਦੇ ਪੜ੍ਹਾਈ ਦੇ ਕਮਰੇ ਵਿਚ ਪੁਸਤਕਾਂ, ਕੰਪਿਊਟਰ, ਪ੍ਰੋਜੈਕਟਰ ਤੇ ਹੋਰ ਸਮੱਗਰੀ ਵੇਖ ਕੇ ਹੈਰਾਨੀ ਹੋਈ ਕਿ ਸਾਡੇ ਤਾਂ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਵੀ ਅਜਿਹੀ ਵਿਵਸਥਾ ਨਹੀਂ। ਇਹੋ ਕਾਰਨ ਹੈ ਕਿ ਇੱਥੇ 3 ਸਾਲ ਦੇ ਬਚੇ ਵੀ ਆਈ ਫੋਨ ਤੇ ਆਈ ਪੈਂਡ ਦੀ ਵਰਤੋਂ ਸਿੱਖ ਜਾਂਦੇ ਹਨ।

ਸਕੂਲ ਵਿਚ ਪੋਸਟਰ ਤੇ ਹੋਰ ਸਮਗਰੀ ਜੋ ਜਮਾਤਾਂ ਜਾਂ ਵਰਾਂਡਿਆਂ ਵਿਚ ਸੀ, ਬਹੁਤ ਜਾਣਕਾਰੀ ਭਰਪੂਰ ਸੀ। ਇਕ ਵਧੀਆ ਅਧਿਆਪਕਾ ਦੀ ਫੋਟੋਆਂ ਦੀ ਫਾਇਲ ਇਕ ਜਮਾਤ ਦੇ ਬਾਹਰ ਵਰਾਂਡੇ ਵਿਚ ਟੰਗੀ ਹੋਈ ਸੀ, ਜਿਸ ਨੂੰ ਪੜ੍ਹਨ ਦਾ ਮੌਕਾ ਮਿਲਿਆ। ਉਸ ਵਿਚ ਅਧਿਆਪਕਾ ਦੀ ਯੋਗਤਾ। ਉਸ ਦੇ ਪਤੀ ਨਾਲ ਉਸ ਦੀ ਫੋਟੋ ਜਿਸ ਦੇ ਥੱਲੇ ਉਸ ਨੇ ਆਪਣੇ ਪਤੀ ਬਾਰੇ ਲਿਖਿਆ ਹੋਇਆ ਸੀ। ਇਕ ਫੋਟੋ ਉਸ ਦੀ ਆਪਣੇ ਲੜਕੇ ਨਾਲ ਸੀ। ਉਸ ਬਾਰੇ ਵੀ ਉਸ ਨੇ ਆਪਣੇ ਵਿਚਾਰ ਦਿੱਤੇ ਹੋਏ ਸੀ। ਉਸ ਨੇ ਆਪਣੇ ਵਿਦਿਆਰਥੀਆਂ ਨੂੰ ਕਿਵੇਂ ਚੰਗੇ ਵਿਦਿਆਰਥੀ ਬਨਾਉਣਾ ਹੈ, ਉਸ ਬਾਰੇ ਵੀ ਲਿਖਿਆ ਸੀ।

ਜਦ ਅਸੀਂ ਸਕੂਲ ਤੋਂ ਬਾਹਰ ਆਉਣ ਲਗੇ ਤਾਂ ਸਕੂਲ ਦਾ ਸਮਾਂ ਜੋ ਕਿ ਪੌਣੇ ਅੱਠ ਸੀ ਹੋ ਗਿਆ ਸੀ ਤਾਂ ਪ੍ਰਿੰਸੀਪਲ ਜੋ ਕਿ ਸਾਡੇ ਆਉਣ ਸਮੇਂ ਗੇਟ 'ਤੇ ਲੋਕਾਂ ਦਾ ਸੁਆਗਤ ਕਰ ਰਹੀ ਸੀ, ਅੰਦਰ ਦਾਖ਼ਲ ਹੋ ਰਹੀ ਸੀ। ਉਸ ਨੇ ਸਾਡਾ ਸਕੂਲ ਆਉਣ ਲਈ ਧੰਨਵਾਦ ਕੀਤਾ ਤੇ ਸ਼ੁਭ ਦਿਨ ਦੀ ਕਾਮਨਾ ਕੀਤੀ। ਅਸੀਂ ਵੀ ਉਸ ਨੂੰ , "ਯੂ ਆਰ ਵੈੱਲਕਮ" ਕਿਹਾ, ਜਿਵੇਂ ਕੇ ਇੱਥੇ ਰਿਵਾਜ ਹੈ। ਵਾਪਸੀ ਸਮੇਂ ਮੈਂ ਸੋਚ ਰਿਹਾ ਸੀ ਕਿ ਉਹ ਸਮਾਂ ਕਦੋਂ ਆਵੇਗਾ, ਜਦੋਂ ਅਸੀਂ ਸੂਝਵਾਨ ਤੇ ਦੂਰ-ਅੰਦੇਸ਼ੀ ਆਪਣੇ ਨੁਮਾਇੰਦੇ ਚੁਣਾਂਗੇ, ਜਿਹੜੇ ਅਮਰੀਕਾ ਜਾਂ ਹੋਰ ਅਗਾਂਹ ਵਧੂ ਦੇਸ਼ਾਂ ਵਰਗੀਆਂ ਲੋਕ ਪੱਖ ਨੀਤੀਆਂ ਲਿਆਉਣਗੇ।

*11 ਅਪ੍ਰੈਲ 2013*



Academy of the Punjab in North America: http://www.apnaorg.com

# ਬਹੁਤ ਲਾਹੇਵੰਦ ਹੈ, ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਕਾਨੂੰਨ 2005

ਭਾਰਤ ਵੱਲੋਂ 2005 ਵਿੱਚ ਪਾਸ ਕੀਤਾ ਗਿਆ ਸੂਚਨਾ ਅਧਿਕਾਰ ਐਕਟ 2005 ਦੀ ਆਮ ਆਦਮੀ, ਸਮਾਜ ਸੇਵੀ ਸੰਸਥਾਵਾਂ, ਰਾਜਨੀਤਿਕ ਪਾਰਟੀਆਂ ਤੇ ਹੋਰ ਜਥੇਬੰਦੀਆਂ ਲਈ ਬਹੁਤ ਅਹਿਮੀਅਤ ਹੈ। ਇਹ ਕਾਨੂੰਨ ਬੜੀ ਲੰਮੀ ਜਦੋ-ਜਹਿਦ ਬਾਅਦ ਹੋਂਦ ਵਿੱਚ ਆਇਆ ਹੈ। ਪਾਰਲੀਮੈਂਟ ਵਿਚ ਇਹ ਕਾਨੂੰਨ ਪਾਸ ਹੋਣ ਲਈ 8 ਸਾਲ ਪਿਆ ਰਿਹਾ ਕਿਉਂਕਿ ਅਫ਼ਸਰਸ਼ਾਹੀ ਤੇ ਹਾਕਮ ਪਾਰਟੀਆਂ ਨਹੀਂ ਸਨ ਚਾਹੁੰਦੀਆਂ ਕਿ ਲੋਕਾਂ ਨੂੰ ਉਹ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਮਿਲੇ ਜੋ ਕਿ ਇਸ ਕਾਨੂੰਨ ਵਿਚ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 81 ਦੇਸ਼ ਅਜਿਹੇ ਕਾਨੂੰਨ ਪਾਸ ਕਰ ਚੁੱਕੇ ਹਨ, ਜਿਸ ਤੋਂ ਇਸ ਕਾਨੂੰਨ ਦੀ ਮਹੱਤਾ ਦਾ ਪਤਾ ਲੱਗਦਾ ਹੈ।

ਇਸ ਕਾਨੂੰਨ ਦੇ ਉਦੇਸ਼ਾਂ ਵਿਚ ਲਿਖਿਆ ਹੈ ਕਿ ਇਹ ਕਾਨੂੰਨ ਰਿਸ਼ਵਤਖੋਰੀ ਰੋਕਣ ਅਤੇ ਸਰਕਾਰ ਕੀ ਕਰ ਰਹੀ ਹੈ, ਦੀ ਜਾਣਕਾਰੀ ਆਮ ਜਨਤਾ ਨੂੰ ਦੇਣ ਲਈ ਬਣਾਇਆ ਜਾ ਰਿਹਾ ਹੈ। ਇੰਟਰਨੈਟ ਤੋਂ ਇਲਾਵਾ ਇਸ ਕਾਨੂੰਨ ਬਾਰੇ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਕਿਤਾਬਚੇ ਛਾਪ ਕੇ ਵੰਡੇ ਜਾ ਰਹੇ ਹਨ। ਜ਼ਿਲ੍ਹਾ ਪੱਧਰ ਤੋਂ ਲੈ ਕੇ ਰਾਜ ਪੱਧਰ ਅਤੇ ਕੌਮੀ ਪੱਧਰ 'ਤੇ ਕਈ ਸੰਸਥਾਵਾਂ, ਇਸ ਕਾਨੂੰਨ ਬਾਰੇ ਜਾਣਕਾਰੀ ਦੇਣ ਲਈ ਕਾਰਜਸ਼ੀਲ ਹਨ। ਇਸ ਦੇ ਬਾਵਜੂਦ ਵੀ, ਵੇਖਣ ਵਿੱਚ ਆਇਆ ਹੈ ਕਿ ਇਸ ਕਾਨੂੰਨ ਦੀ ਓਨੀ ਪੱਧਰ ਤੇ ਵਰਤੋਂ ਨਹੀਂ ਹੋ ਰਹੀ, ਜਿਸ ਦੀ ਕਿ ਆਸ ਕੀਤੀ ਜਾਂਦੀ ਸੀ। ਇਸ ਦੇ ਦੋ ਕਾਰਨ ਹਨ। ਇਕ ਤੇ ਆਮ ਜਨਤਾ ਨੂੰ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ, ਦੂਜਾ ਜਾਣਕਾਰੀ ਪ੍ਰਾਪਤ ਕਰਨ ਦਾ ਵਿਧੀ ਵਿਧਾਨ ਸਰਲ ਨਹੀਂ।

ਜਿੱਥੋਂ ਤੀਕ ਇਸ ਦੇ ਖੇਤਰ ਦਾ ਸੰਬੰਧ ਹੈ, ਕੋਈ ਵੀ ਭਾਰਤ ਦਾ ਨਿਵਾਸੀ, ਕੁਝ ਖ਼ਾਸ ਜਾਣਕਾਰੀ ਜਿਸ ਦਾ ਸਬੰਧ ਦੇਸ਼ ਦੀ ਸੁਰੱਖਿਆ ਵਗੈਰਾ ਨਾਲ ਸੰਬੰਧਿਤ ਹੋਵੇ, ਨੂੰ ਛੱਡ ਕੇ ਹਰ ਤਰ੍ਹਾਂ ਦੀ ਜਾਣਕਾਰੀ ਮੰਗ ਸਕਦਾ ਹੈ। ਸੂਚਨਾ ਪ੍ਰਾਪਤ ਕਰਨ ਲਈ ਨਿਰਧਾਰਤ ਫੀਸ ਵਿਸ਼ੇਸ਼ ਪ੍ਰਫਾਰਮੇ ਨਾਲ ਭਰ ਕੇ ਭੇਜਣੀ ਹੁੰਦੀ ਹੈ। ਪੰਜਾਬ ਸਮੇਤ ਕੇਂਦਰੀ ਸਰਕਾਰ ਦੇ ਦਫ਼ਤਰਾਂ ਤੋਂ ਜਾਣਕਾਰੀ ਲੈਣ ਲਈ ਬਿਨੈ ਪੱਤਰ ਦੇ ਨਾਲ 10 ਰੁਪਏ ਫੀਸ ਜਮ੍ਹਾਂ ਕਰਾਉਣੀ ਹੁੰਦੀ ਹੈ। ਇਹ ਫੀਸ ਬਿਨੈ-ਪੱਤਰ ਦੇ ਨਾਲ ਪੋਸਟਲ ਆਰਡਰ ਦੇ ਰੂਪ ਵਿਚ ਭੇਜੀ ਜਾ ਸਕਦੀ ਹੈ ਜਾਂ ਇਹ ਰਕਮ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ ਜਾਂ ਸਰਕਾਰੀ ਖ਼ਜ਼ਾਨੇ ਵਿਚ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ। ਜਿੱਥੋਂ ਤੀਕ ਬਾਕੀ ਰਕਮ ਦਾ ਸਬੰਧ



Academy of the Punjab in North America: http://www.apnaorg.com

ਹੈ, ਸੂਚਨਾ ਅਧਿਕਾਰੀ ਜਾਣਕਾਰੀ ਭੇਜਣ ਤੋਂ ਪਹਿਲਾਂ ਦੱਸੇਗਾ ਕਿ ਸੂਚਨਾ ਤਿਆਰ ਹੈ, ਏਨੀ ਰਾਸ਼ੀ ਭੇਜ ਦਿਓ। ਆਮ ਤੌਰ 'ਤੇ 2 ਰੁਪਏ ਪ੍ਰਤੀ ਪੰਨਾ ਤੋਂ ਇਲਾਵਾ ਡਾਕ ਖਰਚਾ ਲਿਆ ਜਾਂਦਾ ਹੈ। ਜੇ ਜਾਣਕਾਰੀ ਸੀ.ਡੀ. 'ਤੇ ਲੈਣੀ ਹੋਵੇ ਤਾਂ 50 ਰੁਪਏ ਫ਼ੀਸ ਹੈ।

ਜੇ ਕਿਸੇ ਪਾਸ ਸੰਬੰਧਤ ਪ੍ਰਫਾਰਮਾ ਛਪਿਆ ਹੋਇਆ ਨਾ ਹੋਵੇ ਤਾਂ ਉਹ ਹੱਥ ਨਾਲ ਸੰਬੰਧਤ ਅਧਿਕਾਰੀ ਪਾਸ ਹੇਠ ਲਿਖੇ ਸਿਰਲੇਖਾਂ ਹੇਠ ਜਾਣਕਾਰੀ ਮੰਗ ਸਕਦਾ ਹੈ: 1. ਬਿਨੈਕਾਰ ਦਾ ਨਾਂ, 2. ਪਤਾ, 3. ਜਾਣਕਾਰੀ ਸੰਬੰਧੀ ਵੇਰਵਾ : (ੳ) ਸੂਚਨਾ ਦਾ ਵਿਸ਼ਾ ਭਾਵ ਕਿ ਸੂਚਨਾ ਕਿਸ ਸੰਬੰਧੀ ਹੈ, (ਅ) ਉਹ ਸਮਾਂ ਜਿਸ ਨਾਲ ਸੂਚਨਾ ਸੰਬੰਧਿਤ ਹੈ, (ੲ) ਮੰਗੀ ਗਈ ਸੂਚਨਾ ਦਾ ਵੇਰਵਾ ਭਾਵ ਜੋ ਸੂਚਨਾ ਚਾਹੀਦੀ ਹੈ ਬਾਰੇ ਇਥੇ ਵਿਸਥਾਰ ਨਾਲ ਲਿਖਣਾ ਚਾਹੀਦਾ ਹੈ; 4. ਕੀ ਸੂਚਨਾ ਡਾਕ ਰਾਹੀਂ ਚਾਹੀਦੀ ਹੈ ਜਾਂ ਨਿੱਜੀ ਰੂਪ ਵਿਚ। ਇਸ ਵਿਚ ਜੇ ਡਾਕ ਰਾਹੀਂ ਚਾਹੀਦੀ ਹੈ ਤਾਂ ਲਿਖਣਾ ਚਾਹੀਦਾ ਹੈ ਕਿ ਰਜਿਸਟਰਡ ਡਾਕ ਰਾਹੀਂ ਜਾਂ ਆਮ ਡਾਕ ਰਾਹੀਂ।

ਇਸ ਪਿੱਛੋ ਜੋ 10 ਰੁਪਏ ਦੀ ਫੀਸ ਭੇਜੀ ਜਾ ਰਹੀ ਹੈ ਉਸ ਦਾ ਵੇਰਵਾ ਦੇਣਾ ਚਾਹੀਦਾ ਹੈ ਭਾਵ ਕਿ ਜੇ ਪੋਸਟਲ ਆਰਡਰ ਰਾਹੀਂ ਫੀਸ ਭੇਜੀ ਜਾ ਰਹੀ ਹੈ ਤਾਂ ਉਸ ਦਾ ਨੰਬਰ ਭਰਨਾ ਚਾਹੀਦਾ ਹੈ ਜੇ ਨਕਦ ਰਕਮ ਜਮ੍ਹਾਂ ਕਰਵਾਈ ਹੈ ਤਾਂ ਉਸ ਰਸੀਦ ਦਾ ਨੰਬਰ ਲਿਖਣਾ ਚਾਹੀਦਾ ਹੈ। ਇਸ ਉਪਰ ਬਿਨੈਕਾਰ ਦੇ ਦਸਤਖ਼ਤ ਤੇ ਪਤਾ ਹੋਣਾ ਚਾਹੀਦਾ ਹੈ।

ਭੇਜੇ ਗਏ ਬਿਨੈ ਪੱਤਰ ਅਤੇ ਫੀਸ ਦੀ ਫੋਟੋ ਕਾਪੀ ਆਪਣੀ ਜਾਣਕਾਰੀ ਲਈ ਲਈ ਕੋਲ ਰੱਖਣਾ ਚਾਹੀਦੀ ਹੈ। ਜਿੱਥੋਂ ਤੀਕ ਸਮੇਂ ਦਾ ਸੰਬੰਧ ਹੈ ਇਸ ਬਾਰੇ ਆਮ ਹਾਲਤਾਂ ਵਿਚ ਸਮਾਂ 30 ਦਿਨ ਹੈ ਪਰ ਜੇ ਕਿਸੇ ਦੀ ਜਾਨ ਨੂੰ ਖ਼ਤਰਾ ਹੈ ਜਿਵੇਂ ਕਿ ਪੁਲੀਸ ਜਾਂ ਕੋਈ ਹੋਰ ਸੁਰੱਖਿਆ ਅਧਿਕਾਰੀ ਕਿਸੇ ਵਿਅਕਤੀ ਨੂੰ ਚੁੱਕ ਜਾਂ ਫੜ ਕੇ ਲੈ ਜਾਂਦਾ ਹੈ ਤਾਂ ਉਸ ਅਧਿਕਾਰੀ ਨੂੰ 24 ਘੰਟੇ ਦੇ ਅੰਦਰ ਅੰਦਰ ਇਹ ਸੂਚਨਾ ਦੇਣੀ ਹੋਵੇਗੀ। ਜੇ ਸੂਚਨਾ ਸਮੇਂ ਸਿਰ ਨਹੀਂ ਮਿਲਦੀ ਜਾਂ ਕੋਈ ਅਧਿਕਾਰੀ ਗਲਤ ਜਾਂ ਅਧੂਰੀ ਸੂਚਨਾ ਦਿੰਦਾ ਹੈ ਤਾਂ ਇਸ ਦੀ ਅਪੀਲ ਸੰਬੰਧਿਤ ਦਫ਼ਤਰ ਦੇ ਮੁਖੀ ਪਾਸ ਕਰਨੀ ਹੈ। ਹਰੇਕ ਦਫ਼ਤਰ ਵਿੱਚ ਇਕ ਸੂਚਨਾ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ ਜੋ ਕਿ ਆਮ ਤੌਰ ਤੇ ਸੁਪਰਡੈਂਟ ਜਾਂ ਕਿਸੇ ਹੋਰ ਦਰਜੇ ਦਾ ਕਰਮਚਾਰੀ ਹੁੰਦਾ ਹੈ। ਮਿਸਾਲ ਦੇ ਤੌਰ ਤੇ ਡਿਪਟੀ ਕਮਿਸ਼ਨਰ ਦਫ਼ਤਰ ਸੰਬੰਧੀ ਅਪੀਲ ਡਿਪਟੀ ਕਮਿਸ਼ਨਰ ਪਾਸ ਜਾਵੇਗੀ, ਕਾਰਪੋਰੇਸ਼ਨ ਸੰਬੰਧੀ ਸੰਬੰਧਿਤ ਕਾਰਪੋਰੇਸ਼ਨ ਦਾ ਮਿਉਂਸਿਪਲ ਕਮਿਸ਼ਨਰ ਅਪੀਲ ਸੁਣੇਗਾ। ਇਸ ਪਿੱਛੋਂ ਸ਼ਕਾਇਤ ਜਾਂ ਅਪੀਲ ਸੰਬੰਧਿਤ ਸੂਬੇ ਦਾ ਮੁੱਖ ਰਾਜ ਸੂਚਨਾ ਕਮਿਸ਼ਨਰ ਸੁਣੇਗਾ। ਪੰਜਾਬ ਦਾ ਮੁੱਖ ਰਾਜ ਸੂਚਨਾ ਕਮਿਸ਼ਨਰ ਦਾ ਦਫ਼ਤਰ ਚੰਡੀਗੜ੍ਹ ਵਿਖੇ 17 ਸੈਕਟਰ ਵਿਖੇ ਹੈ। ਜੇ ਸੂਚਨਾ ਨਹੀਂ ਮਿਲਦੀ ਜਾਂ ਅਧੂਰੀ ਜਾਂ ਗਲਤ ਸੂਚਨਾ ਮਿਲਦੀ ਹੈ ਤਾਂ ਇਸ ਦੀ ਸਿੱਧੀ ਸ਼ਿਕਾਇਤ ਮੁੱਖ ਰਾਜ ਸੂਚਨਾ ਕਮਿਸ਼ਨਰ ਪੰਜਾਬ, ਚੰਡੀਗੜ੍ਹ ਪਾਸ ਵੀ ਕੀਤੀ ਜਾ ਸਕਦੀ ਹੈ। ਚੰਗਾ ਇਹੀ ਹੈ ਕਿ ਪਹਿਲਾਂ ਅਪੀਲ ਸੰਬੰਧਿਤ ਦਫ਼ਤਰ ਦੇ ਮੁੱਖੀ ਪਾਸ ਕੀਤੀ ਜਾਵੇ। ਉਸ ਨੂੰ ਜੁਆਬ ਦੇਣ ਲਈ 30 ਦਿਨ ਮਿਲਣਗੇ। ਜੇ ਪੁਲੀਸ ਕਿਸੇ ਵਿਅਕਤੀ ਨੂੰ ਫੜ ਕੇ ਲੈ ਜਾਂਦੀ ਹੈ ਤੇ ਉਸ ਦਾ ਪਤਾ ਨਹੀਂ ਦੱਸਦੀ ਕਿ ਉਹ ਕਿੱਥੇ ਹੈ ਤੇ ਕਿਸ ਕੇਸ ਵਿੱਚ ਫੜਿਆ ਗਿਆ ਹੈ ਤਾਂ ਸੰਬੰਧਿਤ ਠਾਣੇ ਵਾਲੇ ਜੇ 24 ਘੰਟੇ ਜੁਆਬ ਨਹੀਂ ਦਿੰਦੇ ਤਾਂ ਚੰਗਾ ਇਹੋ ਹੀ ਹੈ ਕਿ ਮੁੱਖ ਰਾਜ ਸੂਚਨਾ



Academy of the Punjab in North America: http://www.apnaorg.com

ਕਮਿਸ਼ਨਰ ਪੰਜਾਬ ਸੈਕਟਰ 17 ਚੰਡੀਗੜ੍ਹ ਪਾਸ ਸਿੱਧੇ ਜਾਣਾ ਚਾਹੀਦਾ ਹੈ, ਉਹ ਫੌਰੀ ਕਾਰਵਾਈ ਕਰਕੇ ਉਸੇ ਸਮੇਂ ਜੁਆਬ ਦਿਵਾਉਣਗੇ।

ਇਸ ਕਾਨੂੰਨ ਦਾ ਸਿੱਟਾ ਹੀ ਹੈ ਕਿ ਅੱਜ ਤੁਸੀਂ ਪ੍ਰਧਾਨ ਮੰਤਰੀ, ਕੇਂਦਰੀ ਤੇ ਰਾਜ ਮੰਤਰੀਆਂ, ਜੱਜਾਂ, ਅਫ਼ਸਰਾਂ, ਵਿਧਾਇਕਾਂ, ਲੋਕ ਸਭਾ, ਰਾਜ ਸਭਾ ਦੇ ਮੈਂਬਰਾਂ ਆਦਿ ਦੇ ਜਾਇਦਾਦਾਂ ਦੇ ਵੇਰਵੇ ਇੰਟਰਨੈਟ ਉਪਰ ਵੇਖ ਸਕਦੇ ਹੋ। ਵੈਸੇ ਇਸ ਕਾਨੂੰਨ ਅਧੀਨ ਵੱਖ ਵੱਖ ਵਿਭਾਗਾਂ ਨੇ ਵੱਖ ਵੱਖ ਜਾਣਕਾਰੀ ਦੇਣ ਲਈ ਕੀ ਕਦਮ ਚੁਕਣੇ ਹਨ, ਉਸ ਦਾ ਵੇਰਵਾ ਦਿੱਤਾ ਗਿਆ ਹੈ। ਮਿਸਾਲ ਦੇ ਤੌਰ ਤੇ ਸੈਕਸ਼ਨ 4(1) ਦਾ ਉਪ-ਸੈਕਸ਼ਨ ਕਹਿੰਦਾ ਹੈ ਕਿ ਹਰੇਕ ਜਨਤਕ ਅਦਾਰਾ ਸਾਰਾ ਰਿਕਾਰਡ ਵਰਗੀਕਰਨ ਕਰਕੇ ਤਰਤੀਬ ਅਨੁਸਾਰ ਤਿਆਰ ਕਰਕੇ ਉਸ ਦਾ ਨਿਸ਼ਚਿਤ ਸਮੇਂ ਵਿਚ ਕੰਪਿਊਟਰਕਰਨ ਕਰੇਗਾ। ਇਸ ਰਿਕਾਰਡ ਨੂੰ ਲੋਕਾਂ ਦੀ ਸੁਵਿਧਾ ਲਈ ਇੰਟਰਨੈਟ ਅਤੇ ਹੋਰਨਾਂ ਸਥਾਨਾਂ ਉਪਰ ਪਾਇਆ ਜਾਵੇਗਾ ਤਾਂ ਜੋ ਸਾਰੇ ਦੇਸ਼ ਦੇ ਲੋਕ ਇਸ ਤੋਂ ਜਾਣੂ ਹੋ ਸਕਣ। ਪਰ ਅਜੇ ਤੀਕ ਬਹੁਤ ਸਾਰੇ ਵਿਭਾਗਾਂ ਨੇ ਅਜਿਹਾ ਨਹੀਂ ਕੀਤਾ। ਇਸ ਲਈ ਸਮਾਜ ਸੇਵੀ ਸੰਸਥਾਵਾਂ ਅਤੇ ਰਾਜਨੀਤਕ ਪਾਰਟੀਆਂ ਨੂੰ ਇਹ ਮੁੱਦਾ ਸਰਕਾਰ ਪਾਸ ਉਠਾਉਣਾ ਚਾਹੀਦਾ ਹੈ।

ਬਿਹਾਰ ਇਕ ਅਜਿਹਾ ਸੂਬਾ ਹੈ, ਜਿੱਥੇ ਸਰਕਾਰ ਨੇ ਲੋਕਾਂ ਦੀ ਸਹੂਲਤ ਲਈ ਕੁਝ ਟੈਲੀਫੋਨ ਨੰਬਰ ਦਿੱਤੇ ਹੋਏ ਹਨ। ਕੋਈ ਵੀ ਵਿਅਕਤੀ ਜੋ ਸੂਚਨਾ ਲੈਣੀ ਚਾਹੁੰਦਾ ਹੈ, ਉਹ ਇਨ੍ਹਾਂ ਟੈਲੀਫੋਨਾਂ ਉਪਰ ਆਪਣਾ ਪਤਾ ਤੇ ਲੋੜੀਂਦੀ ਸੂਚਨਾ ਨੋਟ ਕਰਵਾ ਦਿੰਦਾ ਹੈ ਤੇ ਉਸ ਨੂੰ ਘਰ ਬੈਠੇ ਨੂੰ ਹੀ ਸੂਚਨਾ ਡਾਕ ਰਾਹੀਂ ਪਹੁੰਚ ਜਾਣੀ ਹੈ ਤੇ ਬਣਦੀ ਰਕਮ ਵੀ ਸੂਚਨਾ ਦੇਣ ਸਮੇਂ ਲਈ ਜਾਂਦੀ ਹੈ। ਇਨ੍ਹਾਂ ਟੈਲੀਫੋਨਾਂ ਤੋਂ ਇਲਾਵਾ ਤੁਸੀਂ ਇੰਟਰਨੈਟ ਉਪਰ ਈ-ਮੇਲ ਰਾਹੀਂ ਵੀ ਸੂਚਨਾ ਮੰਗ ਸਕਦੇ ਹੋ। ਇਸ ਤਰ੍ਹਾਂ ਬਿਹਾਰ ਵਾਸੀਆਂ ਨੂੰ ਬੜੇ ਸੌਖੇ ਢੰਗ ਨਾਲ ਘਰ ਬੈਠਿਆਂ ਸੂਚਨਾ ਮਿਲ ਰਹੀ ਹੈ। ਕੇਂਦਰੀ ਤੇ ਬਾਕੀ ਰਾਜ ਸਰਕਾਰਾਂ ਨੂੰ ਵੀ ਅਜਿਹੀ ਵਿਧੀ ਅਪਨਾਉਣ ਲਈ ਸਮਾਜ ਸੇਵੀ ਸੰਸਥਾਵਾਂ ਨੂੰ ਜਨਤਕ ਲਾਮਬੰਦੀ ਕਰਨੀ ਚਾਹੀਦੀ ਹੈ।

ਇਸ ਕਾਨੂੰਨ ਅਧੀਨ ਕੋਈ ਵੀ ਵਿਅਕਤੀ ਨਿਸ਼ਚਿਤ ਫੀਸ ਭਰਕੇ ਕਿਸੇ ਵੀ ਦਫ਼ਤਰ ਦਾ ਰਿਕਾਰਡ ਵੇਖ ਸਕਦਾ ਹੈ। ਸੜਕ, ਇਮਾਰਤ ਵਗੈਰਾ ਦਾ ਸੰਬੰਧਿਤ ਮਹਿਕਮੇ ਤੋਂ ਸੈਂਪਲ ਮੰਗ ਸਕਦਾ ਹੈ ਤੇ ਉਸ ਨੂੰ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾ ਤੇ ਚੈਕ ਕਰਵਾ ਕੇ ਜੇ ਉਸ ਦੇ ਵਿੱਚ ਵਰਤਿਆ ਸਮਾਨ ਮਿਆਰੀ ਨਹੀਂ ਤਾਂ ਉਸ ਦੀ ਸ਼ਿਕਾਇਤ ਕਰ ਸਕਦਾ ਹੈ।

ਸਾਨੂੰ ਆਮ ਸ਼ਿਕਾਇਤ ਰਹਿੰਦੀ ਹੈ ਕਿ ਅਸੀਂ ਕੋਈ ਵੀ ਚਿੱਠੀ ਕਿਸੇ ਦਫ਼ਤਰ ਭੇਜਦੇ ਹਾਂ ਤਾਂ ਸਾਨੂੰ ਉਸ ਦਾ ਉਤਰ ਪ੍ਰਾਪਤ ਨਹੀਂ ਹੁੰਦਾ ਜਾਂ ਉਸ ਚਿੱਠੀ ਦਾ ਕੀ ਬਣਿਆ, ਬਾਰੇ ਸਾਨੂੰ ਕੋਈ ਪਤਾ ਨਹੀਂ ਲੱਗਦਾ। ਇਸ ਕਾਨੂੰਨ ਰਾਹੀਂ ਸੰਬੰਧਿਤ ਵਿਅਕਤੀ ਸੰਬੰਧਿਤ ਦਫ਼ਤਰ ਪਾਸੋਂ ਨਿਰਧਾਰਿਤ ਵਿਧੀ ਰਾਹੀਂ ਆਪਣੇ ਪੱਤਰ ਦੀ ਫੋਟੋ ਕਾਪੀ ਭੇਜ ਕੇ ਪੁੱਛ ਸਕਦਾ ਹੈ ਕਿ ਇਸ ਸੰਬੰਧੀ ਹੋਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਜਾਵੇ। ਇਸੇ ਤਰ੍ਹਾਂ ਨੌਕਰੀ ਦੀ ਚੋਣ ਸਮੇਂ ਕਿਸੇ ਦੀ ਚੋਣ ਨਹੀਂ ਹੁੰਦੀ ਤਾਂ ਸੰਬੰਧਿਤ ਵਿਅਕਤੀ ਇਸ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਮੰਗ ਸਕਦਾ ਹੈ। ਇਸੇ ਤਰ੍ਹਾਂ ਜੇ ਕਿਸੇ ਦੀ ਬਦਲੀ ਨਹੀਂ ਹੁੰਦੀ



Academy of the Punjab in North America: http://www.apnaorg.com

ਤਾਂ ਉਹ ਵੀ ਇਸ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਮੰਗ ਸਕਦਾ ਹੈ।

ਸਮਾਜ ਸੇਵੀ ਸੰਸਥਾਵਾਂ ਲਈ ਇਹ ਕਾਨੂੰਨ ਬਹੁਤ ਹੀ ਲਾਹੇਵੰਦ ਹੈ। ਸਰਕਾਰੀ ਹਸਪਤਾਲਾਂ ਵਿਚ ਦਵਾਈਆਂ ਅਤੇ ਸਟਾਫ ਦੀ ਕਮੀ ਹਮੇਸ਼ਾ ਰਹਿੰਦੀ ਹੈ। ਇਸ ਬਾਰੇ ਕਿਸੇ ਵਿਸ਼ੇਸ਼ ਹਸਪਤਾਲ ਜਾਂ ਸਮੁੱਚੇ ਪੰਜਾਬ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਜਿੱਥੇ ਸਰਕਾਰ ਦਾ ਧਿਆਨ ਦਿਵਾਇਆ ਜਾ ਸਕਦੇ ਹੈ, ਉੱਥੇ ਇਸ ਸੂਚਨਾ ਦੇ ਆਧਾਰ 'ਤੇ ਅਦਾਲਤਾਂ ਦਾ ਦਰਵਾਜ਼ਾ ਵੀ ਖੜਕਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਸਕੂਲਾਂ, ਕਾਲਜਾਂ ਤੇ ਹੋਰ ਅਦਾਰਿਆਂ ਵਿਚ ਖਾਲੀ ਅਸਾਮੀਆਂ ਤੇ ਹੋਰ ਤਰੁਟੀਆਂ, ਇਸ ਕਾਨੂੰਨ ਰਾਹੀਂ ਪਤਾ ਕਰ ਕੇ ਜਿੱਥੇ ਜਨਤਕ ਲਹਿਰ ਉਸਾਰੀ ਜਾ ਸਕਦੀ ਹੈ, ਉੱਥੇ ਅਦਾਲਤੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਕੀਲ ਸ੍ਰੀ ਐਚ.ਸੀ. ਅਰੋੜਾ ਨੇ ਸੂਚਨਾ ਅਧਿਕਾਰ ਕਾਨੂੰਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਜਥੇਬੰਦੀ ਬਣਾਈ ਹੋਈ ਹੈ, ਉਹ ਵੀ ਅਕਸਰ ਵੱਖ ਵੱਖ ਜਾਣਕਾਰੀਆਂ ਪ੍ਰਾਪਤ ਕਰਕੇ ਮਾਨਯੋਗ ਹਾਈਕੋਰਟ ਵਿਚ ਲੋਕ ਹਿੱਤ ਪਟੀਸ਼ਨਾਂ ਪਾਉਂਦੇ ਰਹਿੰਦੇ ਹਨ। ਪੰਜਾਬ ਪੁਲੀਸ ਵਿਚ ਕਈ ਸਜ਼ਾ-ਪ੍ਰਾਪਤ ਕਰਮਚਾਰੀ ਕੰਮ ਕਰ ਰਹੇ ਸਨ ਜਿਨ੍ਹਾਂ ਵਿਚ ਡੀ.ਐਸ.ਪੀ. ਪੱਧਰ ਦੇ ਅਧਿਕਾਰੀ ਵੀ ਸਨ, ਉਨ੍ਹਾਂ ਬਾਰੇ ਉਨ੍ਹਾਂ ਨੇ ਸੂਚਨਾ ਪ੍ਰਾਪਤ ਕਰਕੇ ਮਾਨਯੋਗ ਹਾਈਕੋਰਟ ਵਿਚ ਲੋਕ ਹਿੱਤ ਪਟੀਸ਼ਨ ਪਾਈ ਤੇ ਇਨ੍ਹਾਂ ਵਿਅਕਤੀਆਂ ਨੂੰ ਨੌਕਰੀਆਂ ਵਿਚੋਂ ਕਢਵਾਇਆ। ਪੰਜਾਬ ਵਿਚ ਰੈੱਡ ਕਰਾਸ ਫੰਡਾਂ ਦੀ ਵਰਤੋਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਇਕ ਵਿਅਕਤੀ ਨੇ ਮੀਡੀਆ ਨੂੰ ਦਿੱਤੀ। ਇਹ ਫੰਡ ਜੋ ਕਿ ਗਰੀਬਾਂ ਵਾਸਤੇ ਹੈ, ਇਸ ਦੀ ਦੁਰਵਰਤੋਂ ਕਿਵੇਂ ਹੋ ਰਹੀ ਹੈ, ਬਾਰੇ ਬੜੇ ਹੈਰਾਨੀਜਨਕ ਸਿੱਟੇ ਸਾਹਮਣੇ ਆਏ ਤੇ ਹੁਣ ਮਾਨਯੋਗ ਹਾਈਕੋਰਟ ਨੇ ਇਸ ਸੰਬੰਧੀ ਇਕ ਕਮੇਟੀ ਬਣਾਈ ਹੈ ਜੋ ਇਨ੍ਹਾਂ ਫੰਡਾਂ ਦੀ ਵਰਤੋਂ ਬਾਰੇ ਨੀਤੀ ਬਣਾਏਗੀ। ਸਾਡੀ ਅਕਸਰ ਸ਼ਿਕਾਇਤ ਰਹਿੰਦੀ ਹੈ ਕਿ ਕਾਗ਼ਜ਼ਾਂ ਵਿਚ ਹੀ ਕਈ ਰਕਮਾਂ ਖ਼ਰਚ ਹੁੰਦੀਆਂ ਹਨ ਇਨ੍ਹਾਂ ਨੂੰ ਵੀ ਇਸ ਕਾਨੂੰਨ ਰਾਹੀਂ ਰੋਕਿਆ ਜਾ ਸਕਦਾ ਹੈ।

ਇਸ ਲਈ ਲੋੜ ਹੈ ਕਿ ਜਿੱਥੇ ਬਿਹਾਰ ਵਾਂਗ ਜਾਣਕਾਰੀ ਪ੍ਰਾਪਤ ਕਰਨ ਦਾ ਤਰੀਕਾ ਆਸਾਨ ਬਣਾਇਆ ਜਾਵੇ, ਉੱਥੇ ਜੋ ਇਸ ਕਾਨੂੰਨ ਅਧੀਨ ਸਰਕਾਰੀ ਵਿਭਾਗਾਂ ਨੇ ਕੰਮ ਕਰਨੇ ਹਨ, ਉਹ ਕਰਵਾਏ ਜਾਣ। ਜੇ ਸਾਰਾ ਰਿਕਾਰਡ ਇੰਟਰਨੈਟ ਉਪਰ ਉਪਲਬੱਧ ਹੋ ਜਾਵੇ ਤਾਂ ਇਸ ਨਾਲ ਲੋਕਾਂ ਨੂੰ ਬਿਨੈ ਪੱਤਰਾਂ ਰਾਹੀਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰਨ ਦੀ ਲੋੜਾਂ ਹੀ ਨਹੀਂ ਪਵੇਗੀ। ਹਰ ਵਿਭਾਗ ਦੀ ਆਮਦਨ, ਖ਼ਰਚ, ਹਰੇਕ ਕਰਮਚਾਰੀ ਬਾਰੇ ਜਾਣਕਾਰੀ, ਸੰਬੰਧਿਤ ਦਫ਼ਤਰ ਵਿਚ ਹਰੇਕ ਅਰਜ਼ੀ ਪ੍ਰਾਪਤ ਕਰਨ ਅਤੇ ਨਿਪਟਾਰਾ ਕਰਨ ਦੀ ਮਿਤੀ, ਖਾਲੀ ਅਸਾਮੀਆਂ ਅਤੇ ਵਿਭਾਗ ਨਾਲ ਸੰਬੰਧੀ ਸਾਰਾ ਰਿਕਾਰਡ ਇੰਟਰਨੈਟ ਉਪਰ ਪਾਉਣ ਨਾਲ ਜਿੱਥੇ ਸਰਕਾਰੀ ਕਰਮਚਾਰੀਆਂ ਦੀ ਸਿਰਦਰਦੀ ਘੱਟੇਗੀ ਉੱਥੇ ਆਮ ਜਨਤਾ ਨੂੰ ਇਸ ਨਾਲ ਸਹੂਲਤ ਮਿਲੇਗੀ। ਵਿਦੇਸ਼ਾਂ ਵਿਚ ਲੋਕਾਂ ਨੂੰ ਸਾਰਾ ਕੁਝ ਇੰਟਰਨੈਟ ਉਪਰ ਹੀ ਮਿਲ ਜਾਂਦਾ ਹੈ, ਸਾਡੇ ਵਾਂਗ ਦਫ਼ਤਰਾਂ ਵਿਚ ਚੱਕਰ ਨਹੀਂ ਲਾਉਣੇ ਪੈਂਦੇ।

*17 ਅਪ੍ਰੈਲ 2012*



Academy of the Punjab in North America: http://www.apnaorg.com

# ਕਾਸ਼! ਸਾਡੀ ਪੁਲੀਸ ਵੀ ਐਸੀ ਹੋਵੇ

ਲੋਕ ਟੈਕਸ ਦਿੰਦੇ ਹਨ ਤਾਂ ਜੋ ਸਰਕਾਰ ਉਨ੍ਹਾਂ ਦੀ ਰਾਖੀ ਕਰੇ। ਜਾਨ ਦੀ ਬਾਜ਼ੀ ਲਾ ਕੇ ਲੋਕਾਂ ਦੀ ਜਾਨ ਬਚਾਉਣਾ, ਇਹ ਪੁਲਿਸ ਦਾ ਪਹਿਲਾ ਕਰਤੱਵ ਹੈ। ਅਮਰੀਕਾ ਦੇ ਵਿਸਕਾਸਨ ਸ਼ਹਿਰ ਦੇ ਗੁਰਦੁਆਰੇ ਉੱਪਰ ਇਕ ਸਿਰ ਫਿਰੇ ਗੋਰੇ ਵੱਲੋਂ ਜਦ 5 ਅਗਸਤ 2012 ਨੂੰ ਹਮਲਾ ਕੀਤਾ ਗਿਆ ਤਾਂ ਅਮਰੀਕਾ ਦੇ ਸਭ ਤੋਂ ਵੱਧ ਪ੍ਰਚਲਤ ਚੈਨਲ ਸੀ.ਐਨ.ਐਨ. ਅਤੇ ਫ਼ਾਕਸ ਨਿਊਜ਼ ਨੇ ਲਗਾਤਾਰ ਚਾਰ ਘੰਟੇ ਉਸ ਦਾ ਸਿੱਧਾ ਪ੍ਰਸਾਰਨ ਵਿਖਾਇਆ। ਦੁਨੀਆਂ ਭਰ ਦੇ ਲੋਕਾਂ ਨੇ ਵੇਖਿਆ ਕਿ ਕਿਵੇਂ ਉੱਥੋਂ ਦੀ ਪੁਲਿਸ ਨੇ ਫੌਰੀ ਪਹੁੰਚ ਕੇ ਹਮਲਾਵਰ ਨੂੰ ਜਾਨ 'ਤੇ ਖੇਡ ਕੇ ਮਾਰ ਮੁਕਾਇਆ। ਜਿਹੜੇ ਲੋਕ ਵਿਦੇਸ਼ਾਂ ਵਿਚ ਜਾਂਦੇ ਹਨ, ਉਨ੍ਹਾਂ ਪਾਸੋਂ ਤੁਸੀਂ ਪੁਲਿਸ ਦੇ ਚੰਗੇ ਕਿਰਦਾਰ ਦੀਆਂ ਅਨੇਕਾਂ ਕਹਾਣੀਆਂ ਸੁਣ ਸਕਦੇ ਹੋ।

ਇਕ ਵੇਰ ਮੈਂ ਲੈਂਡ ਲਾਇਨ 'ਤੇ ਅਮਰੀਕਾ ਤੋਂ ਭਾਰਤ ਫ਼ੋਨ ਕਰ ਰਿਹਾ ਸੀ ਤਾਂ ਸਵੇਰੇ 5 ਵਜੇ (ਉਸ ਸਮੇਂ ਭਾਰਤ ਵਿਚ ਦੁਪਿਹਰ ਦੇ ਢਾਈ ਵਜੇ ਸਨ) ਘਰ ਦੀ ਘੰਟੀ ਵਜੀ । ਵੇਖਿਆ ਤਾਂ ਅਮਰੀਕੀ ਸਿਪਾਹੀ ਸੀ। ਉਸ ਨੇ ਮੈਨੂੰ ਕਿਹਾ, "ਆਈ ਗੋਟ ਯੂਅਰ ਕਾਲ। ਯੂਅਰ ਫੋਨ ਵਾਸ ਬਿਸੀ" (ਭਾਵ ਕਿ ਮੈਨੂੰ ਤੁਹਾਡੀ ਕਾਲ ਆਈ ਸੀ ਤੇ ਤੁਹਾਡਾ ਫੋਨ ਬਿਜ਼ੀ ਸੀ)। ਮੈਂ ਉਸ ਨੂੰ ਦੱਸਿਆ ਕਿ ਮੈਂ ਭਾਰਤ ਵਿਚ ਫੋਨ ਕਰ ਰਿਹਾ ਸੀ, ਜਿਸ ਦੇ ਪਹਿਲੇ ਅੱਖਰ 91 ਹਨ ਤੇ ਅੱਗੇ ਲੈਂਡ ਲਾਇਨ ਕੋਡ 183 ਹੈ, ਇੰਝ ਗਲਤੀ ਨਾਲ 911 ਨੰਬਰ ਤੇ ਫੋਨ ਹੋ ਗਿਆ ਹੋਵੇਗਾ। ਉਸ ਨੇ ਸੌਰੀ (ਮੁਆਫ਼ ਕਰਨਾ) ਕਿਹਾ। ਮੈਂ ਉਸ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਮੇਰੇ ਘਰ ਦੇ ਲਾਗਿਉਂ ਸ. ਸੁਰਜੀਤ ਸਿੰਘ ਜੋ ਕਿ ਪੰਜਾਬ ਐਂਡ ਸਿੰਧ ਬੈਂਕ ਵਿਚੋਂ ਅਸਿਸਟੈਂਟ ਜਨਰਲ ਮੈਨੇਜਰ ਸੇਵਾ ਮੁਕਤ ਹੋਏ ਹਨ, ਕੈਨੇਡਾ ਦੇ ਵੈਨਕੂਅਰ ਸ਼ਹਿਰ ਰਹਿੰਦੇ ਹਨ। ਉਹਨਾਂ ਦੀ ਮੇਰੇ ਵਾਂਗ ਪੁਲਿਸ ਨੂੰ ਕਾਲ ਚਲੇ ਗਈ। ਉਸ ਸਮੇਂ ਉੱਥੇ ਰਾਤ ਦੇ ਢਾਈ ਵਜੇ ਸਨ। ਇਸੇ ਤਰ੍ਹਾਂ ਉਨ੍ਹਾਂ ਦੇ ਘਰ ਵੀ ਪੁਲੀਸ ਪਹੁੰਚ ਗਈ। ਅਮਰੀਕਾ ਤੇ ਕੈਨੇਡਾ ਵਿਚ ਅਕਸਰ ਇੰਝ ਹੋ ਜਾਂਦਾ ਹੈ, ਜਦੋਂ ਕਿਸੇ ਦੀ ਕਾਲ ਪੂਰੀ ਤਰ੍ਹਾਂ ਡਾਇਲ ਨਹੀਂ ਹੁੰਦੀ। ਇਸ ਤਰ੍ਹਾਂ ਵਿਦੇਸ਼ਾਂ ਵਿਚ ਪੁਲੀਸ ਨੂੰ ਜਦ ਕਿਸੇ ਦੀ ਟੈਲੀਫੋਨ ਕਾਲ ਮਿਲਦੀ ਹੈ ਤਾਂ ਉਹ ਆਪੇ ਹੀ ਉਸ ਦਾ ਸਥਾਨ ਪਹੁੰਚ ਜਾਂਦੀ ਹੈ।

2011 ਵਿਚ ਡੇਟਨ (ਓਹਇਓ ਸੂਬੇ) ਦੇ ਗੁਰਦੁਆਰੇ ਵਿਚ ਦੋ ਵੇਰ ਲੜਾਈ ਹੋਈ। ਉਸ ਸਮੇਂ ਇਹ ਲੇਖਕ ਵੀ ਉੱਥੇ ਹਾਜ਼ਰ ਸੀ। ਦੋਵੇਂ ਵਾਰ ਕਿਸੇ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਦੋਵਾਂ ਵੇਰਾਂ ਪੁਲਿਸ ਦੀਆਂ ਗੱਡੀਆਂ ਫਟਾ-ਫਟ ਪਹੁੰਚ ਗਈਆਂ ਤੇ



Academy of the Punjab in North America: http://www.apnaorg.com

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ 10 ਮਿੰਟਾਂ ਵਿਚ ਗੁਰਦੁਆਰਾ ਖਾਲੀ ਕਰ ਦਿਓ, ਨਹੀਂ ਤਾਂ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਬਾਹਰਲੀ ਸੜਕ ਦੀ ਟ੍ਰੈਫਿਕ ਉਨ੍ਹਾਂ ਨੇ ਕਿਸੇ ਹੋਰ ਪਾਸੇ ਮੋੜ ਦਿੱਤੀ। ਜਦ ਉਨ੍ਹਾਂ ਨੂੰ ਗੱਲ ਸੁਣਨ ਵਾਸਤੇ ਕਿਹਾ ਗਿਆ ਤਾਂ, ਉਨ੍ਹਾਂ ਨੇ ਕਿਹਾ ਕਿ ਅਸੀਂ ਕੋਈ ਗੱਲ ਨਹੀਂ ਸੁਣਨੀ। ਜੇ ਤੁਹਾਡਾ ਕੋਈ ਝਗੜਾ ਹੈ ਤਾਂ ਅਦਾਲਤ ਵਿਚ ਜਾਓ।

ਇਨ੍ਹਾਂ ਦੇਸ਼ਾਂ ਵਿਚ ਜੇ ਤੁਹਾਨੂੰ ਕੋਈ ਮੁਸ਼ਕਿਲ ਬਣਦੀ ਹੈ ਤਾਂ ਤੁਹਾਡੀ ਜੇ ਉਸ ਸਮੇਂ ਕੋਈ ਸਹਾਇਤਾ ਕਰ ਸਕਦਾ ਹੈ ਤਾਂ ਉਹ ਹੈ ਪੁਲਿਸ। ਸੜਕਾਂ ਕੰਢੇ ਥਾਂ-ਥਾਂ 'ਤੇ ਖੰਭੇ ਲਾ ਕੇ ਬਟਨ ਲਾਏ ਹੋਏ ਹਨ। ਜੇ ਤੁਸੀਂ ਬਟਨ ਨੱਪੋਗੇ ਤਾਂ ਪੁਲਿਸ ਫੌਰੀ ਪਹੁੰਚ ਜਾਵੇਗੀ। ਕਿਸੇ ਪੁਲੀਸ ਕਰਮਚਾਰੀ ਦੀ ਜੁਰਅਤ ਨਹੀਂ ਕਿ ਤੁਹਾਡੇ ਕੋਲੋਂ ਕੋਈ ਰਿਸ਼ਵਤ ਮੰਗੇ। ਜਦ ਸੜਕੀ ਦੁਰਘਟਨਾ ਹੋ ਜਾਂਦੀ ਹੈ ਤਾਂ ਪੁਲੀਸ ਕਰਮਚਾਰੀ ਫੌਰੀ ਪਹੁੰਚ ਕੇ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਨ। ਜੇ ਕਿਸੇ ਬੱਚੇ ਦੀ ਕੁੱਟ-ਮਾਰ ਕਰੋ ਤਾਂ ਬੱਚੇ ਪੁਲੀਸ ਨੂੰ ਫ਼ੋਨ ਕਰ ਦਿੰਦੇ ਹਨ ਤਾਂ ਪੁਲੀਸ ਕੁਟਣ ਵਾਲੇ ਨੂੰ ਫੜ ਕੇ ਲੈ ਜਾਂਦੀ ਹੈ। ਕਈ ਅਣਜਾਣ ਜਿਹੜੇ ਭਾਰਤ ਤੋਂ ਜਾਂਦੇ ਹਨ, ਉਹ ਇੰਝ ਥਾਣੇ ਪਹੁੰਚ ਜਾਂਦੇ ਹਨ, ਜਿਨ੍ਹਾਂ ਨੂੰ ਘਰ ਵਾਲੇ ਛੁਡਾ ਕੇ ਲਿਆਂਉਂਦੇ ਹਨ। ਕੈਨੇਡਾ ਵਿਚ ਕਈ ਸ਼ਰਾਬ ਪੀ ਕੇ ਘਰ ਵਾਲੀਆਂ ਨਾਲ ਬੁਰਾ ਸਲੂਕ ਕਰਦੇ ਹਨ। ਘਰ ਵਾਲੀਆਂ ਪੁਲੀਸ ਨੂੰ ਕਹਿ ਦਿੰਦੀਆਂ ਹਨ ਕਿ ਮੇਰੇ ਘਰ ਵਾਲੇ ਨੂੰ ਕਹੋ ਕਿ ਏਨੇ ਦਿਨ ਘਰ ਨਾ ਵੜੇ। ਪੁਲੀਸ ਉਨ੍ਹਾਂ ਨੂੰ ਸੂਚਿਤ ਕਰ ਦਿੰਦੀ ਹੈ, ਉਹ ਫਿਰ ਘਰ ਵਾਲੀਆਂ ਨੂੰ ਮਨਾਉਣ ਦੇ ਤਰੀਕੇ ਲਭਦੇ ਹਨ। ਜੇ ਘਰ ਵਾਲੀ ਨਾ ਮੰਨੇ ਤਾਂ ਉਹ ਓਨੇ ਦਿਨ ਘਰ ਨਹੀਂ ਜਾ ਸਕਦੇ। ਜੇ ਘਰ ਵਿਚ ਕੋਈ ਵਿਅਕਤੀ ਜਿਸ ਦੀ ਉਮਰ 18 ਸਾਲ ਹੈ, ਘਰ ਵਾਲਿਆਂ ਦੇ ਕਹਿਣੇ ਤੋਂ ਬਗ਼ੈਰ ਸ਼ਰਾਬ ਪੀਵੇ ਜਾਂ ਘਰ ਦਿਆਂ ਨੂੰ ਪ੍ਰੇਸ਼ਾਨ ਕਰੇ ਤਾਂ ਉਹ ਪੁਲੀਸ ਨੂੰ ਕਹਿ ਕਿ ਉਸ ਨੂੰ ਘਰੋਂ ਕਢਾ ਸਕਦੇ ਹਨ। ਇਸ ਤਰ੍ਹਾਂ ਪੁਲੀਸ ਦੀਆਂ ਬਹੁਤ ਜ਼ੁੰਮੇਂਵਾਰੀਆਂ ਹਨ, ਜਿਨ੍ਹਾਂ ਨੂੰ ਉਹ ਬਖ਼ੂਬੀ ਨਿਭਾਉਂਦੀ ਹੈ।

ਇਸ ਦੇ ਐਨ ਉਲਟ ਭਾਰਤੀ ਪੁਲੀਸ ਕਥਿਤ ਤੌਰ 'ਤੇ ਲੋਕਾਂ ਨੂੰ ਕੁਟਦੀ ਵੀ ਹੈ ਤੇ ਲੁਟਦੀ ਵੀ ਹੈ। ਨਵੰਬਰ 2011 ਵਿਚ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਮਸਾਣਾਂ ਲਈ ਗੈਸ ਨਾਲ ਸਸਕਾਰ ਕਰਨ ਲਈ ਕੇਰਲਾ ਤੋਂ ਮਸ਼ੀਨਾਂ ਲਿਆ ਰਹੇ ਡਰਾਇਵਰ ਨੂੰ ਸੁਭਾਨਪੁਰ ਵਿਖੇ ਪੰਜਾਬ ਪੁਲਿਸ ਨੇ ਉਸ ਨੂੰ ਕਥਿਤ ਤੌਰ 'ਤੇ ਕੁਟਿਆ, ਕਿਉਂਕਿ ਉਸ ਨੂੰ ਪੰਜਾਬੀ ਬਹੁਤੀ ਨਹੀਂ ਸੀ ਆਉਂਦੀ । ਉਸ ਦਾ ਮੋਬਾਇਲ ਤੇ ਪਰਸ ਖੋਹ ਲਿਆ ਹਾਲਾਂ ਕਿ ਉਸ ਦੇ ਪਾਸ ਅੰਮ੍ਰਿਤਸਰ ਦੇ ਡੀ.ਸੀ. ਦੇ ਨਾਂ ਦੇ ਬਿੱਲ ਸਨ। ਉਸ ਪਾਸ ਚਾਹ ਪੀਣ ਲਈ ਵੀ ਪੈਸੇ ਨਹੀਂ ਸਨ। ਉਹ ਕਿਸੇ ਤਰ੍ਹਾਂ ਅੰਮ੍ਰਿਤਸਰ ਪਹੁੰਚਿਆ। ਉਸ ਨੇ ਉਸ ਸਮੇਂ ਦੇ ਡੀ.ਸੀ. ਸ. ਕਾਹਨ ਸਿੰਘ ਪੰਨੂੰ ਨੂੰ ਇਸ ਸਬੰਧੀ ਸਾਰੀ ਜਾਣਕਾਰੀ ਦਿੱਤੀ, ਜਿਨ੍ਹਾਂ ਨੇ ਇਕ ਅਫ਼ਸਰ ਨੂੰ ਭੇਜਿਆ ਜਿਹੜਾ ਸੁਭਾਨਪੁਰ ਤੋਂ ਸਸਕਾਰ ਕਰਨ ਵਾਲੀਆਂ ਮਸ਼ੀਨਾਂ ਵਾਲਾ ਟਰਾਲਾ ਲਿਆਇਆ।

5 ਦਸੰਬਰ ਨੂੰ ਏ. ਐਸ.ਆਈ. ਸ. ਰਵਿੰਦਰਪਾਲ ਸਿੰਘ ਦੇ ਕਤਲ ਸਮੇਂ ਉੱਥੇ ਮੌਜੂਦ ਪੁਲੀਸ ਕਰਮਚਾਰੀ ਉਸ ਦੀ ਮਦਦ ਕਰਨ ਦੀ ਥਾਂ ਤੇ ਉੱਥੋਂ ਭੱਜ ਗਏ। ਨਜ਼ਦੀਕ



Academy of the Punjab in North America: http://www.apnaorg.com

ਹੀ ਥਾਣਾ ਹੋਣ ਦੇ ਬਾਵਜੂਦ ਕੋਈ ਕਰਮਚਾਰੀ ਨਹੀਂ ਬਹੁੜਿਆ ਤੇ ਨਾ ਕੇਂਦਰੀ ਸਰਕਾਰ ਵੱਲੋਂ ਹੰਗਾਮੀ ਹਾਲਾਤ ਸਮੇਂ 108 ਨੰਬਰ ਸੇਵਾ ਵਾਲੀ ਗੱਡੀ ਪਹੁੰਚੀ। ਜੇ ਇਹੋ ਘਟਨਾ ਵਿਕਸਤ ਦੇਸ਼ ਵਿਚ ਵਾਪਰੀ ਹੁੰਦੀ ਤਾਂ ਪੁਲੀਸ ਨੇ ਫੌਰੀ ਐਂਮਬੂਲੈਂਸ ਜਿਸ ਵਿਚ ਡਾਕਟਰ ਬੈਠਾ ਹੁੰਦਾ ਹੈ, ਲੈ ਕੇ ਪਹੁੰਚ ਜਾਣਾ ਸੀ ਤੇ ਉਸ ਦੀ ਜਾਨ ਬੱਚ ਜਾਣੀ ਸੀ।

ਅਮਰੀਕਾ, ਕੈਨੇਡਾ ਵਿਚ ਜਾ ਕੇ ਇਹ ਵੇਖਿਆ ਕਿ ਉਥੇ ਸਾਰੇ ਅਫ਼ਸਰ, ਮੰਤਰੀ, ਮੇਅਰ ਤੇ ਇੱਥੋਂ ਤੀਕ ਕਿ ਮੁੱਖ ਮੰਤਰੀ, ਪ੍ਰਧਾਨ ਮੰਤਰੀ ਆਪਣੀ ਕਾਰ ਆਪ ਚਲਾਉਂਦੇ ਹਨ। ਕੋਈ ਗੰਨਮੈਨ ਨਹੀਂ। ਉਹ ਆਮ ਸ਼ਹਿਰੀ ਦੀ ਤਰ੍ਹਾਂ ਰਹਿੰਦੇ ਹਨ ਤੇ ਆਮ ਲੋਕਾਂ ਵਿਚ ਵਿਚਰਦੇ ਹਨ। ਜਿਸ ਤੋਂ ਉੱਥੋਂ ਦੇ ਅਮਨ ਕਾਨੂੰਨ ਦੀ ਸਥਿਤੀ ਦਾ ਪਤਾ ਲਗਦਾ ਹੈ ਕਿ ਲੋਕ ਕਿੰਨੇ ਸੁਰੱਖਿਅਤ ਹਨ। ਇਹ ਸਾਰਾ ਕੁਝ ਉੱਥੋਂ ਦੇ ਸੁਚੱਜੇ ਪੁਲੀਸ ਪ੍ਰਬੰਧ ਕਰਕੇ ਹੈ। ਇਸ ਦੇ ਐਨ ਉਲਟ ਭਾਰਤ ਦੇ ਸਿਆਸਤਦਾਨਾਂ ਅਤੇ ਅਫ਼ਸਰਾਂ ਨੇ ਆਪਣੀ ਹਿਫ਼ਾਜ਼ਤ ਲਈ ਸਰਕਾਰੀ ਗੰਨਮੈਨ ਰਖੇ ਹੋਏ ਹਨ। ਇਨ੍ਹਾਂ ਦੀ ਕਾਰ ਦੇ ਅੱਗੇ ਇਕ ਪੁਲੀਸ ਦੀ ਜਿਪਸੀ ਚਲ ਰਹੀ ਹੁੰਦੀ ਹੈ ਜੋ ਹੂਟਰ ਰਾਹੀਂ ਲੋਕਾਂ ਨੂੰ ਚਿਤਾਵਨੀ ਦੇ ਰਹੀ ਹੁੰਦੀ ਹੈ ਕਿ ਪਰੇ ਹੋ ਜਾਵੋ। ਇੱਥੇ ਹੀ ਬੱਸ ਨਹੀਂ ਬਹੁਤ ਸਾਰਿਆਂ ਨੂੰ ਜ਼ੈੱਡ ਸਿਕੂਰਟੀ ਮਿਲੀ ਹੋਈ, ਜਿਸ ਤਹਿਤ ਬਹੁਤ ਸਾਰੀਆਂ ਕਾਰਾਂ , ਫ਼ਾਇਰ ਬਰਗੇਡ ਦੀ ਗੱਡੀ, ਐਂਮਬੂਲੈਂਸ, ਡਾਕਟਰ ਵਗ਼ੈਰਾ ਨਾਲ ਚਲ ਰਹੇ ਹੁੰਦੇ ਹਨ। ਭਾਰਤੀ ਆਗੂ ਆਮ ਲੋਕਾਂ ਤੋਂ ਲੁਕਦੇ ਫਿਰਦੇ ਹਨ, ਜੋ ਭਾਰਤੀ ਪੁਲੀਸ ਦੇ ਨਿਕੰਮੇਪਣ ਦੀ ਨਿਸ਼ਾਨੀ ਹੈ। ਭਾਰਤੀ ਆਗੂ ਤੇ ਅਫ਼ਸਰ ਨਾ ਤਾਂ ਸੜਕੀ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ ਤੇ ਨਾ ਹੀ ਇਨ੍ਹਾਂ ਨੂੰ ਕਿਸੇ ਚੋਰ ਉਚੱਕੇ ਦਾ ਡਰ ਹੁੰਦਾ ਹੈ। ਆਮ ਆਦਮੀ ਜਿਸ ਦੇ ਟੈਕਸਾਂ ਨਾਲ ਇਹ ਸਿਆਸਤਦਾਨ ਤੇ ਅਫ਼ਸਰਸ਼ਾਹੀ ਐਸ਼ੋ- ਆਰਾਮ ਵਾਲੀ ਜ਼ਿੰਦਗੀ ਬਤੀਤ ਕਰ ਰਹੀ ਹੈ, ਉਹ ਸੜਕੀਂ ਦੁਰਘਟਨਾਵਾਂ ਤੇ ਗੁੰਡਾ ਅਨਸਰਾਂ ਦਾ ਸ਼ਿਕਾਰ ਹੋ ਰਿਹਾ ਹੈ।

ਵਿਦੇਸ਼ਾਂ ਵਿਚ ਪੁਲੀਸ ਵਾਲੇ ਕਿਸੇ ਦਾ ਲਿਹਾਜ਼ ਨਹੀਂ ਕਰਦੇ, ਕਿਉਂਕਿ ਉਹ ਕਾਨੂੰਨ ਨੂੰ ਲਾਗੂ ਕਰਨਾ ਆਪਣਾ ਪਵਿਤਰ ਫ਼ਰਜ਼ ਸਮਝਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਚਲਾਨ ਪੁਲੀਸ ਵਾਲੇ ਨੇ ਕਰ ਦਿੱਤਾ ਜਦੋਂ ਉਹ ਸਟਾਪ ਸਾਇਨ 'ਤੇ ਨਹੀਂ ਖਲੋਤਾ। ਉੱਥੇ ਅਜਿਹਾ ਇਸ ਲਈ ਹੈ ਕਿਉਂਕਿ ਪੁਲੀਸ ਦੇ ਕੰਮਕਾਜ ਵਿਚ ਸਿਆਸੀ ਦਖ਼ਲ ਅੰਦਾਜ਼ੀ ਦੀ ਕਾਨੂੰਨੀ ਤੌਰ 'ਤੇ ਮਨਾਹੀ ਹੈ । ਜੇ ਕੋਈ ਵਿਧਾਇਕ, ਮੰਤਰੀ ਜਾਂ ਐਮ.ਪੀ. ਗ਼ੈਰ-ਕਾਨੂੰਨੀ ਦਖ਼ਲ ਅੰਦਾਜ਼ੀ ਕਰਦਾ ਹੈ ਤਾਂ ਉਸ ਨੂੰ ਅਸਤੀਫਾ ਦੇਣਾ ਪੈਂਦਾ ਹੈ। ਪਰ ਭਾਰਤ ਵਿਚ ਅਜਿਹਾ ਨਹੀਂ। ਭਾਰਤ ਵਿਚ ਕਿਸੇ ਦੀ ਜੁਰਅਤ ਨਹੀਂ ਕਿ ਉਹ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਦਾ ਚਲਾਨ ਕਰੇ। ਭਾਰਤ ਦੀ ਪਹਿਲੀ ਮਹਿਲਾ ਆਈ.ਪੀ.ਐਸ. ਡਾ. ਕਿਰਨ ਬੇਦੀ ਨੇ ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਫ਼ਲੇ ਵਿਚਲੀ ਪੀਲੀ ਲਾਇਨ ਤੋਂ ਬਾਹਰ ਖੜੀ ਕਾਰ ਦਾ ਚਲਾਣ ਕਰ ਦਿੱਤਾ ਤਾਂ ਉਸ ਨੂੰ ਉਸੇ ਵੇਲੇ ਟ੍ਰੈਫ਼ਿਕ ਪੁਲੀਸ ਤੋਂ ਹਟਾ ਦਿੱਤਾ ਗਿਆ।

ਅਜਿਹਾ ਇਸ ਲਈ ਹੈ ਕਿ ਅੰਗਰੇਜ਼ਾਂ ਨੇ ਹਿੰਦੁਸਤਾਨ ਨੂੰ ਗ਼ੁਲਾਮ ਰੱਖਣ ਲਈ ਇੰਗਲੈਂਡ ਨਾਲੋਂ ਵੱਖਰੇ ਕਾਨੂੰਨ ਬਣਾਏ ਸਨ ਜੋ ਅਜੇ ਵੀ ਲਾਗੂ ਹਨ। ਅਸੀਂ ਪੁਲੀਸ ਨੂੰ ਸਮੇਂ ਦਾ ਹਾਣੀ ਨਹੀਂ ਬਣਾਇਆ। ਸੁਪਰੀਮ ਕੋਰਟ ਨੇ ਪੁਲਿਸ ਵਿਭਾਗ ਦੇ ਕੰਮ



Academy of the Punjab in North America: http://www.apnaorg.com

ਕਾਜ ਵਿਚ ਸੁਧਾਰ ਲਿਆਉਣ ਲਈ ਕੁਝ ਹਦਾਇਤਾਂ ਜਾਰੀ ਕੀਤੀਆਂ ਹਨ, ਜਿਨਾਂ ਨੂੰ ਪੰਜਾਬ ਸਮੇਤ ਰਾਜ ਸਰਕਾਰਾਂ ਲਾਗੂ ਨਹੀਂ ਕਰ ਰਹੀਆਂ, ਕਿਉਂਕਿ ਇਨ੍ਹਾਂ ਨੂੰ ਮੌਜੂਦਾ ਵਿਵਸਥਾ ਆਪਣੇ ਹਿੱਤ ਵਿਚ ਲਗਦੀ ਹੈ। ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਲਈ ਜਨ- ਹਿੱਤ ਅੰਦੋਲਨ ਚਲਾਉਣ ਦੀ ਲੋੜ ਹੈ ਤਾਂ ਜੋ ਸਾਡੀ ਪੁਲੀਸ ਲੋਕਾਂ ਨੂੰ ਲੁਟੱਣ ਤੇ ਕੁਟੱਣ ਦੀ ਥਾਂ ਤੇ ਉਨ੍ਹਾਂ ਨਾਲ ਨੇਕ ਇਨਸਾਨਾਂ ਵਾਂਗ ਪੇਸ਼ ਆਵੇ।

*24 ਦਸੰਬਰ 2012*



Academy of the Punjab in North America: http://www.apnaorg.com

# ਕਾਸ਼ ! ਸਾਡੀਆਂ ਸਿਹਤ ਸੇਵਾਵਾਂ ਵੀ ਅਜਿਹੀਆਂ ਹੋਣ

ਭਾਰਤੀ ਸਵਿਧਾਨ ਬਹੁਤਾ ਕਰਕੇ ਇੰਗਲੈਂਡ ਅਤੇ ਕੈਨੇਡਾ ਵਗੈਰਾ ਨਾਲ ਮੇਲ ਖਾਂਦਾ ਹੈ। ਕਹਿਣ ਨੂੰ ਸਾਡੇ ਆਗੂ ਦਾਅਵਾ ਕਰਦੇ ਹਨ ਕਿ ਭਾਰਤ ਵਿਚ ਵਿਸ਼ਵ-ਪੱਧਰ ਦੀਆਂ ਮਿਆਰੀ ਸਿਹਤ ਸਹੂਲਤਾਂ ਹਨ। ਉਨ੍ਹਾਂ ਦਾ ਇਹ ਦਾਅਵਾ ਕਿਥੋਂ ਤੀਕ ਉਚਿਤ ਹੈ। ਇਹ ਅਗੇ ਚਲ ਕੇ ਵੇਖਾਂਗੇ। ਦੂਜੇ ਵਿਸ਼ਵ-ਯੁੱਧ ਸਮੇਂ ਜਰਮਨ ਨੇ ਇੰਗਲੈਂਡ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ। ਲੋਕਾਂ ਕੋਲ ਇਲਾਜ ਕਰਵਾਉਣ ਲਈ ਪੈਸੇ ਨਹੀਂ ਸਨ। ਅਨੇਕਾਂ ਲੋਕ ਇਲਾਜ ਖੁਣੋਂ ਮਰ ਗਏ। ਪਰ ਇਸ ਦੇ ਐਨ ਉਲਟ, ਜਰਮਨ ਵਿਚ ਸਰਕਾਰੀ ਸਿਹਤ ਸੇਵਾਵਾਂ ਹੋਣ ਕਰਕੇ ਲੋਕ ਇਲਾਜ ਖੁਣੋਂ ਨਾ ਮਰੇ। ਇਸ ਲਈ ਜਰਮਨ ਤੋਂ ਸਬਕ ਸਿੱਖਦੇ ਹੋਏ ਇੰਗਲੈਂਡ ਵਿਚ 1948 ਵਿਚ ਸਭ ਲਈ ਮੁਫ਼ਤ ਇਲਾਜ ਲਈ ਕਾਨੂੰਨ ਪਾਸ ਕੀਤਾ ਗਿਆ।

ਇਸ ਸਮੇਂ ਇੰਗਲੈਂਡ ਤੋਂ ਇਲਾਵਾ ਕੈਨੇਡਾ, ਫ਼ਰਾਂਸ, ਕਿਊਬਾ ਤੇ ਹੋਰ ਅਨੇਕਾਂ ਮੁਲਕਾਂ ਵਿਚ ਵਿਵਸਥਾ ਇਹ ਹੈ ਕਿ ਤੁਸੀਂ ਕਿਸੇ ਡਾਕਟਰ ਕੋਲ ਜਾਓ, ਡਾਕਟਰ ਫ਼ੀਸ ਨਹੀਂ ਲੈਂਦਾ। ਫ਼ੀਸ ਸਰਕਾਰ ਦਿੰਦੀ ਹੈ। ਐਮਰਜੈਂਸੀ ਸਮੇਂ ਟੈਲੀਫੋਨ ਕਰਨ 'ਤੇ ਐਂਬੂਲੈਂਸ ਫੌਰੀ ਆ ਜਾਂਦੀ ਹੈ। ਇੰਗਲੈਂਡ ਵਿਚ ਤਾਂ ਵਿਵਸਥਾ ਹੈ ਕਿ ਜੇ ਐਂਬੂਲੈਂਸ ਨਹੀਂ ਆਉਂਦੀ ਤੁਸੀਂ ਟੈਕਸੀ ਲੈ ਕੇ ਹਸਪਤਾਲ ਪਹੁੰਚ ਜਾਓ। ਟੈਕਸੀ ਨੂੰ ਪੈਸੇ ਹਸਪਤਾਲ ਵਾਲੇ ਦਿੰਦੇ ਹਨ। ਮਰੀਜ਼ ਦਾ ਫੌਰੀ ਇਲਾਜ ਸ਼ੁਰੂ ਹੋ ਜਾਂਦਾ ਹੈ। ਦੁਆਈਆਂ, ਖਾਣੇ ਆਦਿ ਦਾ ਸਾਰਾ ਪ੍ਰਬੰਧ ਹਸਪਤਾਲ ਵਾਲੇ ਕਰਦੇ ਹਨ। ਮਰੀਜ਼ ਦਾ ਇਕ ਪੈਸਾ ਖ਼ਰਚ ਨਹੀਂ ਹੁੰਦਾ। ਕਿਸੇ ਨੂੰ ਮਰੀਜ਼ ਕੋਲ ਬੈਠਣ ਦੀ ਲੋੜ ਨਹੀਂ। ਸਗੋਂ ਕਈ ਵੇਰ ਬੈਠਣ ਦੀ ਮਨਾਹੀ ਹੁੰਦੀ ਹੈ। ਮਰੀਜ਼ ਦੀ ਸਾਰੀ ਦੇਖ ਭਾਲ ਦੀ ਜ਼ੁੰਮੇਂਵਾਰੀ ਹਸਪਤਾਲ ਦੀ ਹੈ। ਕੁਤਾਹੀ ਲਈ ਹਸਪਤਾਲ ਨੂੰ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ।

ਅਮਰੀਕਾ ਵਿਚ ਸਾਰਾ ਇਲਾਜ ਪ੍ਰਾਈਵੇਟ ਹੈ। ਲੋਕਾਂ ਨੂੰ ਬੀਮਾ ਕਰਵਾਉਣਾ ਪੈਂਦਾ ਹੈ। ਇਲਾਜ ਬਹੁਤ ਮਹਿੰਗਾ ਹੈ। ਬਾਈਪਾਸ ਸਰਜਰੀ ਦੇ ਘੱਟੋ-ਘੱਟ ਇਕ ਲੱਖ ਡਾਲਰ ਲੱਗਦੇ ਹਨ, ਜੋ 54-55 ਲੱਖ ਰੁਪਏ ਦੇ ਕਰੀਬ ਬਣਦੇ ਹਨ। ਇਕ ਗੋਡਾ ਬਦਲਾਉਣ ਦੇ 50 ਹਜ਼ਾਰ ਡਾਲਰ ਤੋਂ ਉੱਪਰ ਲੱਗਦੇ ਹਨ। ਕੈਂਸਰ ਵਰਗੀਆਂ ਨਾਮ ਮੁਰਾਦ ਬੀਮਾਰੀਆਂ 'ਤੇ ਤਾਂ 4 ਲੱਖ ਡਾਲਰ ਦੇ ਕਰੀਬ ਖ਼ਰਚਾ ਆ ਜਾਂਦਾ ਹੈ, ਜੋ 2 ਕਰੋੜ ਰੁਪਏ ਦੇ ਉਪਰ ਬਣਦੇ ਹਨ। ਇਸ ਵਿਸ਼ੇ ਨੂੰ ਲੈ ਕੇ ਮਾਈਕਲ ਮੂਰੇ ਨੇ 'ਸਿਕੋ' (Sicko) ਨਾਮੀ ਫ਼ਿਲਮ ਬਣਾਈ ਹੈ, ਜਿਸ ਵਿਚ ਉਸ ਨੇ ਅਮਰੀਕੀ ਸਰਕਾਰ ਨੂੰ ਸਿਹਤ ਸੇਵਾਵਾਂ ਦਾ ਸਰਕਾਰੀਕਰਨ ਲਈ ਕਿਹਾ ਗਿਆ ਹੈ ਕਿਉਂਕਿ ਲੱਖਾਂ ਅਮਰੀਕੀਆਂ ਪਾਸ



Academy of the Punjab in North America: http://www.apnaorg.com

ਬੀਮਾ ਨਹੀਂ, ਜਿਸ ਕਰਕੇ ਉਹ ਇਲਾਜ ਖੁਣੋਂ ਮਰ ਰਹੇ ਹਨ। ਰਾਸ਼ਟਰਪਤੀ ਓਬਾਮਾ ਨੇ ਗ਼ਰੀਬ ਲੋਕਾਂ ਲਈ ਸਰਕਾਰ ਵੱਲੋਂ ਬੀਮਾ ਕਰਾਉਣ ਦੀ ਸਕੀਮ ਲਿਆਂਦੀ ਹੈ, ਜਿਸ ਦਾ ਰੀਪਬਲਿਕਨ ਪਾਰਟੀ ਵਿਰੋਧ ਕਰ ਰਹੀ ਹੈ। ਸਮਾਂ ਹੀ ਦੱਸੇਗਾ ਕਿ ਕੀ ਰਾਸ਼ਟਰਪਤੀ ਓਬਾਮਾ ਆਪਣੇ ਯਤਨਾਂ ਵਿਚ ਕਿੱਥੋਂ ਤੀਕ ਕਾਮਯਾਬ ਹੁੰਦੇ ਹਨ।

ਪੰਜਾਬ ਦੇ ਮੁੱਖ ਮੰਤਰੀ ਸਮੇਤ ਸਾਰੇ ਆਗੂ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੀ ਗੱਲ ਤਾਂ ਕਰਦੇ ਹਨ ਪਰ ਜਦ ਆਪਣੇ ਸਿਰ 'ਤੇ ਪੈਂਦੀ ਹੈ ਤਾਂ ਅਮਰੀਕਾ ਇਲਾਜ ਕਰਾਉਣ ਲਈ ਭਜਦੇ ਹਨ। ਦਿੱਲੀ ਵਿਚ ਬਲਾਤਕਾਰ ਦਾ ਸ਼ਿਕਾਰ ਕੁੜੀ ਨੂੰ ਸਿੰਗਾਪੁਰ ਇਲਾਜ ਲਈ ਲਿਜਾਇਆ ਗਿਆ, ਭਾਵੇਂ ਕਿ ਉੱਥੇ ਲੈ ਜਾ ਕੇ ਵੀ ਉਸ ਦੀ ਜਾਨ ਨਾ ਬਚਾਈ ਜਾ ਸਕੀ। ਕਿਹਾ ਗਿਆ ਕਿ ਭਾਰਤ ਉਸ ਦੇ ਇਲਾਜ ਲਈ ਢੁਕਵਾਂ ਦੇਸ਼ ਨਹੀਂ। ਬਹੁਤ ਸਾਰੇ ਅਮਰੀਕੀ ਲੋਕ ਜਿਨ੍ਹਾਂ ਪਾਸ ਬੀਮਾ ਨਹੀਂ ਹੈ, ਉਹ ਇਲਾਜ ਕਰਾਉਣ ਲਈ ਭਾਰਤ ਸਮੇਤ ਦੂਜੇ ਮੁਲਕਾਂ ਵਿਚ ਜਾਂਦੇ ਹਨ ਪਰ ਉਹ ਪ੍ਰਾਈਵੇਟ ਹਸਪਤਾਲਾਂ ਵਿਚ ਜਾਂਦੇ ਹਨ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ, ਦਵਾਈਆਂ ਤੇ ਹੋਰ ਸਹੂਲਤਾਂ ਦੀ ਕਮੀ ਹੈ। ਇਸ ਲਈ ਸਰਕਾਰੀ ਹਸਪਤਾਲਾਂ ਵਿਚ ਉਹੀ ਲੋਕ ਜਾਂਦੇ ਹਨ ਜਿਹੜੇ ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਨਹੀਂ ਕਰਵਾ ਸਕਦੇ। ਪਿਛਲੇ ਸਾਲ ਮੈਂ ਅੰਮ੍ਰਿਤਸਰ ਦੇ ਸਰਕਾਰੀ ਡੈਂਟਲ ਕਾਲਜ ਇਕ ਦੰਦ ਕਢਾਉਣ ਲਈ ਗਿਆ ਤਾਂ ਮੈਨੂੰ ਸਰਿੰਜ ਤੇ ਦਸਤਾਨੇ ਬਜ਼ਾਰੋਂ ਲਿਆਉਣ ਲਈ ਕਿਹਾ ਗਿਆ। ਮੈਨੂੰ ਹੈਰਾਨੀ ਵੀ ਹੋਈ ਅਤੇ ਪੰਜਾਬ ਸਰਕਾਰ ਦੀ ਘਟੀਆ ਕਾਰਗੁਜ਼ਾਰੀ 'ਤੇ ਅਫ਼ਸੋਸ ਵੀ ਹੋਇਆ ਕਿ ਡੀਂਗਾਂ ਮਾਰਨ ਵਾਲੇ ਅਕਾਲੀ-ਭਾਜਪਾ ਆਗੂਆਂ ਨੇ ਇੱਥੇ ਆ ਕੇ ਕਦੇ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਸ ਹਸਪਤਾਲ ਵਿਚ ਕਿਸ ਕਿਸ ਚੀਜ਼ ਦੀ ਕਮੀ ਹੈ। ਇਹੋ ਹਾਲ ਪੰਜਾਬ ਦੇ ਸਭ ਤੋਂ ਵਧੀਆ ਗੁਰੂ ਨਾਨਕ ਹਸਪਤਾਲ ਦਾ ਹੈ, ਜਿਥੇ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਦੀ ਆਸਾਮੀ ਪਿਛਲੇ 21 ਸਾਲ ਤੋਂ ਖਾਲੀ ਹੈ। ਇਕ ਡਾਕਟਰ ਨੇ ਇਸ ਲੇਖਕ ਨੂੰ ਦਸਿਆ ਕਿ ਪਿਛਲੇ 20 ਸਾਲਾਂ ਵਿਚ ਇਕ ਵੀ ਥਰਮਾਮੀਟਰ ਨਹੀਂ ਖਰੀਦਿਆ, ਜੋ ਕਿ ਬਹੁਤ ਜ਼ਰੂਰੀ ਹੈ। ਸਰਿੰਜਾਂ ਤੇ ਡਾਕਟਰਾਂ ਦੇ ਪਹਿਨਣ ਲਈ ਦਸਤਾਨੇਂ ਤੀਕ ਬਜ਼ਾਰੋਂ ਲਿਆਉਣੇ ਪੈਂਦੇ ਹਨ। ਇਕ ਵਿਅਕਤੀ ਦੁਆਈਆਂ ਲਿਆਉਣ ਅਤੇ ਇਕ ਮਰੀਜ਼ ਲਈ ਰੋਟੀ ਪਾਣੀ ਲਿਆਉਣ ਲਈ ਚਾਹੀਦਾ ਹੈ। ਇਸ ਤੋਂ ਬਾਕੀ ਹਸਪਤਾਲਾਂ ਦੀ ਹਾਲਤ ਦਾ ਪਤਾ ਲਾਇਆ ਜਾ ਸਕਦਾ ਹੈ। ਪੰਜਾਬ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਮੁੱਖ ਮੰਤਰੀ ਨੂੰ ਏਨੀ ਸਮਝ ਨਹੀਂ ਕਿ ਬਿਨਾਂ ਡਾਕਟਰ ਹਸਪਤਾਲ ਦਾ ਕੋਈ ਲਾਭ ਨਹੀਂ।

ਜਿਥੋਂ ਤੀਕ ਸਰਕਾਰੀ ਕਰਮਚਾਰੀਆਂ ਦਾ ਸੰਬੰਧ ਹੈ, ਉਨ੍ਹਾਂ ਨੂੰ ਇਨਡੋਰ (ਦਾਖ਼ਲ ਹੋ ਕੇ ਇਲਾਜ ਕਰਾਉਣ) ਦੇ ਪੈਸੇ ਮਿਲਦੇ ਹਨ, ਇਸ ਲਈ ਉਹ ਵੀ ਪ੍ਰਾਈਵੇਟ ਹਸਪਤਾਲਾਂ ਨੂੰ ਤਰਜੀਹ ਦਿੰਦੇ ਹਨ ਪਰ ਉਨ੍ਹਾਂ ਨੂੰ ਵੀ ਬੜੀ ਖਜਲ ਖੁਆਰੀ ਪਿੱਛੋਂ ਪੈਸੇ ਮਿਲਦੇ ਹਨ। ਉਹ ਪਹਿਲਾਂ ਪਲਿਓਂ ਪੈਸੇ ਖ਼ਰਚਦੇ ਹਨ ਤੇ ਫਿਰ ਪੈਸੇ ਲੈਣ ਲਈ ਦਫ਼ਤਰਾਂ ਦੇ ਚੱਕਰ ਮਾਰਦੇ ਹਨ ਤੇ ਰਿਸ਼ਵਤਾਂ ਦਿੰਦੇ ਹਨ।

ਇਸ ਲਈ ਇੰਗਲੈਂਡ, ਕੈਨੇਡਾ, ਫ਼ਰਾਂਸ ਵਾਂਗ ਸਭ ਨੂੰ ਮਿਆਰੀ ਇਲਾਜ ਮਿਲੇ,



Academy of the Punjab in North America: http://www.apnaorg.com

ਇਸ ਲਈ ਸਮਾਜ ਸੇਵੀ ਸੰਸਥਾਵਾਂ, ਮੁਲਾਜ਼ਮ, ਮਜ਼ਦੂਰ ਜਥੇਬੰਦੀਆਂ ਨੂੰ ਜਨ-ਹਿੱਤ ਅੰਦੋਲਨ ਸ਼ੁਰੂ ਕਰਨਾ ਚਾਹੀਦਾ ਹੈ। ਕਈਆਂ ਦਾ ਕਹਿਣਾ ਹੈ ਕਿ ਭਾਰਤ ਦੀ ਆਬਾਦੀ ਬਹੁਤ ਜ਼ਿਆਦਾ ਹੈ, ਇਸ ਲਈ ਇਥੇ ਅਜਿਹਾ ਸੰਭਵ ਨਹੀਂ। ਜੇ ਇਹ ਗੱਲ ਹੈ ਤਾਂ ਆਬਾਦੀ ਨੂੰ ਕੰਟਰੋਲ ਕਰਨ ਲਈ ਸਰਕਾਰ ਨੂੰ ਕਾਨੂੰਨ ਬਨਾਉਣਾ ਚਾਹੀਦਾ ਹੈ। ਇਕ ਹੋਰ ਤਰਕ ਇਹ ਹੈ ਕਿ ਉੱਥੇ ਲੋਕ ਟੈਕਸ ਦਿੰਦੇ ਹਨ। ਇਸ ਦਾ ਜੁਆਬ ਇਹ ਹੈ ਕਿ ਭਾਰਤ ਵਿਚ ਵੀ ਲੋਕ ਟੈਕਸ ਦਿੰਦੇ ਹਨ, ਜੇ ਟੈਕਸਾਂ ਦੀ ਚੋਰੀ ਹੈ ਤਾਂ ਇਸ ਲਈ ਸਰਕਾਰ ਜ਼ੁੰਮੇਵਾਰ ਹੈ। ਉਸ ਦੀ ਜੁਆਬਦੇਹੀ ਹੋਣੀ ਚਾਹੀਦੀ ਹੈ। ਟੈਕਸਾਂ ਦੀ ਚੋਰੀ ਕਥਿਤ ਤੌਰ 'ਤੇ ਮੰਤਰੀਆਂ ਅਤੇ ਅਫ਼ਸਰਾਂ ਦੀ ਮਿਲੀ ਭੁਗਤ ਨਾਲ ਹੋ ਰਹੀ ਹੈ। ਜੇ ਅਮਰੀਕਾ, ਕੈਨੇਡਾ ਵਾਲੇ ਟੈਕਸ ਚੋਰੀ ਰੋਕ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ਰੋਕ ਸਕਦੇ। ਇਕ ਹੋਰ ਦਲੀਲ ਦਿੱਤੀ ਜਾਂਦੀ ਹੈ ਕਿ ਉੱਥੇ ਇਸ ਲਈ ਵਿਸ਼ੇਸ਼ ਫੰਡ ਲਿਆ ਜਾਂਦਾ ਹੈ। ਜੇ ਸਰਕਾਰ ਇਮਾਨਦਾਰੀ ਦਿਖਾਵੇ ਤੇ ਮਿਆਰੀ ਸਿਹਤ ਸਹੂਲਤਾਂ ਦੇਵੇ ਤਾਂ ਲੋਕ ਇੱਥੇ ਵੀ ਅਜਿਹਾ ਫੰਡ ਦੇਣ ਲਈ ਤਿਆਰ ਹੋ ਜਾਣਗੇ।

ਭਾਰਤ ਵਿਚ ਟੈਕਸਾਂ ਦੀ ਵੱਡੀ ਪੱਧਰ 'ਤੇ ਹੋ ਰਹੀ ਚੋਰੀ ਤੋਂ ਇਲਾਵਾ ਬਲੈਕ ਮਨੀ (ਕਾਲਾ ਧਨ) ਤੇ ਰਿਸ਼ਵਤਖ਼ੋਰੀ ਦਾ ਬੋਲ ਬਾਲਾ ਹੈ। ਸਵਿਟਜ਼ਰਲੈਂਡ ਤੇ ਹੋਰ ਦੇਸ਼ਾਂ ਵਿਚ ਜੋ ਕਾਲਾ ਧਨ ਜਮ੍ਹਾਂ ਹੈ, ਉਸ ਵਿਚ ਭਾਰਤ ਦਾ ਨੰਬਰ ਸਭ ਤੋਂ ਉਪਰ ਹੈ। ਅਮਰੀਕਾ ਨੇ ਸਵਿਸ ਬੈਂਕਾਂ ਵਿਚੋਂ ਕਾਲਾ ਧਨ 2001 ਵਿਚ ਵਾਪਸ ਮੰਗਾ ਲਿਆ ਸੀ। ਕਈ ਹੋਰ ਮੁਲਕਾਂ ਨੇ ਵਾਪਸ ਮੰਗਾ ਲਿਆ ਹੈ। ਜੇ ਭਾਰਤ ਵੀ ਇਹ ਕਾਲਾ ਧਨ ਵਿਦੇਸ਼ੀ ਬੈਂਕਾਂ 'ਚੋਂ ਮੰਗਵਾ ਲਵੇ ਤਾਂ ਕਈ ਸਾਲ ਲੋਕਾਂ ਦਾ ਮੁਫ਼ਤ ਇਲਾਜ ਹੋ ਸਕਦਾ ਹੈ।

*31 ਦਸੰਬਰ 2012*



Academy of the Punjab in North America: http://www.apnaorg.com

# ਸ. ਰਵਿੰਦਰਪਾਲ ਸਿੰਘ ਨੂੰ ਸੱਚੀ ਸ਼ਰਧਾਂਜਲੀ

5 ਦਸੰਬਰ 2012 ਨੂੰ ਏ.ਐਸ.ਆਈ. ਸ. ਰਵਿੰਦਰਪਾਲ ਸਿੰਘ ਦੇ ਕਤਲ ਨੂੰ ਲੈ ਕੇ ਵੱਖ-ਵੱਖ ਸਿਆਸੀ ਪਾਰਟੀਆਂ ਬਿਆਨਬਾਜ਼ੀ ਕਰ ਰਹੀਆਂ ਹਨ, ਪਰ ਇਹ ਨਹੀਂ ਦੱਸ ਰਹੀਆਂ ਕਿ ਪੁਲੀਸ ਦੇ ਸਿਆਸੀਕਰਨ ਨੂੰ ਕਿਵੇਂ ਠੱਲ੍ਹ ਪਵੇ। ਕੀ ਪੰਜਾਬ ਸਰਕਾਰ ਵਲੋਂ ਚੁੱਕੇ ਗਏ ਕਦਮਾਂ ਨਾਲ ਸਿਆਸੀ ਸਰਪ੍ਰਸਤੀ ਹੇਠ ਹੁੰਦੀ ਗੁੰਡਾਗਰਦੀ ਬੰਦ ਹੋ ਜਾਵੇਗੀ। ਕੀ ਪੁਲੀਸ ਕਰਮਚਾਰੀ ਆਪਣੀ ਬਣਦੀ ਜ਼ੁੰਮੇਵਾਰੀ ਇਮਾਨਦਾਰੀ ਨਾਲ ਨਿਭਾਉਣਗੇ। ਕਦਾਚਿਤ ਨਹੀਂ।

ਕੀ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਜਿਵੇਂ ਕਿ ਮੁੱਖ-ਮੰਤਰੀ ਤੇ ਉਪ-ਮੁਖ ਮੰਤਰੀ ਕਹਿ ਰਹਿ ਹਨ। ਜੇ ਅਸੀਂ ਅਜਿਹੇ ਕੇਸਾਂ ਦੇ ਪਿਛੋਕੜ ਵਿਚ ਜਾਈਏ ਤਾਂ ਸਾਡੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਲੋਕਾਂ ਦੇ ਗੁਸੇ ਨੂੰ ਸ਼ਾਂਤ ਕਰਨ ਲਈ ਪੰਜਾਬ ਸਰਕਾਰ ਕਥਿਤ ਤੌਰ 'ਤੇ ਜਿਹੜੇ ਹੱਥ ਕੰਡੇ ਵਰਤ ਰਹੀ ਹੈ, ਅਜਿਹੇ ਪਹਿਲਾਂ ਵੀ ਵਰਤੇ ਜਾਂਦੇ ਰਹਿ ਹਨ ਤੇ ਬਾਕੀ ਸੂਬਿਆਂ ਵਿਚ ਵੀ ਵਰਤੇ ਜਾ ਰਹਿ ਹਨ।

ਸਿਆਸਤਦਾਨਾਂ ਦੁਆਰਾ ਧੱਕੇਸ਼ਾਹੀ ਦੀਆਂ ਅਣ-ਗਿਣਤ ਉਦਾਹਰਨਾਂ ਦੇਸ਼ ਭਰ ਵਿਚ ਮਿਲ ਜਾਂਦੀਆਂ ਹਨ। ਇੱਥੋ ਕੇਵਲ ਇਕ ਘਟਨਾ ਦਾ ਹੀ ਵਰਣਨ ਕੀਤਾ ਜਾਂਦਾ ਹੈ। ਲੁਧਿਆਣੇ ਵਿਚ 19 ਜੂਨ 2009 ਨੂੰ ਉਸ ਸਮੇਂ ਦੇ ਜ਼ਿਲ੍ਹਾ ਯੂਥ ਅਕਾਲੀ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਬੈਂਸ ਜੋ ਉਸ ਸਮੇਂ ਕੌਂਸਲਰ ਸਨ ਦੀ ਅਗਵਾਈ ਵਿਚ ਕਥਿਤ ਤੌਰ ਤੇ ਕੁਝ ਵਿਅਕਤੀਆਂ ਨੇ ਲੁਧਿਆਣਾ ਵਿਚ ਬਤੌਰ ਤਹਿਸੀਲਦਾਰ ਡਿਊਟੀ ਦੇ ਰਹਿ ਇਕ ਸੇਵਾ ਮੁਕਤ ਮੇਜਰ ਸ. ਗੁਰਬਿੰਦਰ ਸਿੰਘ ਬੈਨੀਪਾਲ ਨੂੰ ਉਸ ਦੇ ਦਫ਼ਤਰ ਵਿਚ ਦਿਨ ਦਿਹਾੜੇ ਕੁਟਿਆ। ਉਸ ਦੇ ਕੱਪੜੇ ਪਾੜ ਕੇ ਉਸ ਨੂੰ ਨੰਗਾ ਕਰ ਦਿੱਤਾ ਗਿਆ। ਉਸ ਦੀ ਦਸਤਾਰ ਰੁਲਦੀ ਰਹੀ ਤੇ ਹਮਲਾਵਰ ਉਸ ਦਾ ਰੀਵਾਲਵਰ, ਕੱਪੜੇ ਤੇ ਦਸਤਾਰ ਲੈ ਕੇ ਫਰਾਰ ਹੋ ਗਏ। ਉਹ ਉਸ ਨੂੰ ਮਰਿਆ ਸਮਝ ਕੇ ਚਲੇ ਗਏ। ਬੈਨੀਪਾਲ ਨੇ ਚਾਹ ਦੇ ਸਟਾਲ ਵਾਲੇ ਤੋਂ ਕਪੜਾ ਲੈ ਕੇ ਆਪਣੇ ਸਰੀਰ ਨੂੰ ਢੱਕਿਆ। ਉਸ ਸਮੇਂ ਦੀ ਪ੍ਰੈਸ (ਅੰਗਰੇਜ਼ੀ ਟ੍ਰਿਬਿਊਨ) ਨੇ ਇਸ ਘਟਨਾ ਦੀ ਅਫ਼ਗਾਨਿਸਤਾਨ ਦੇ ਤਾਲੇਬਾਨਾਂ ਨਾਲ ਤੁਲਨਾ ਕੀਤੀ। ਉਸ ਸਮੇਂ ਵੀ ਇਸ ਦੀ ਸਭ ਪਾਸਿਓਂ ਨਿੰਦਾ ਹੋਈ ਸੀ। ਮੁਲਾਜ਼ਮ ਜੱਥੇਬੰਦੀਆਂ ਨੇ ਹੜਤਾਲ ਤੇ ਰੋਸ ਮੁਜ਼ਾਹਰੇ ਕੀਤੇ ਅਤੇ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਦੀ ਮੁਅਤਲੀ ਦੀ ਮੰਗ ਕੀਤੀ ਕਿਉਂਕਿ ਬੈਨੀਪਾਲ ਨੇ ਲਿਖਤੀ ਤੌਰ 'ਤੇ ਸੁਰੱਖਿਆ ਦੀ ਮੰਗ ਕੀਤੀ ਸੀ ਜੋ ਕਿ ਪੂਰੀ ਨਾ ਕੀਤੀ ਗਈ। ਉਸ ਨੇ ਨਕਲੀ ਸਟੈਂਪ ਪੇਪਰਾਂ ਦਾ ਸਕੈਂਡਲ ਫੜਿਆ ਸੀ, ਜਿਸ ਕਾਰਨ ਉਹ ਆਪਣੇ ਆਪ ਨੂੰ ਅਣ-ਸੁਰੱਖਿਅਤ



Academy of the Punjab in North America: http://www.apnaorg.com

ਮਹਿਸੂਸ ਕਰਦਾ ਸੀ। ਕਾਂਗਰਸ ਪਾਰਟੀ ਨੇ ਹੁਣ ਵਾਂਗ ਹੀ ਸਰਕਾਰ ਤੋਂ ਅਸਤੀਫਾ ਮੰਗਿਆ ਤੇ ਗਵਰਨਰੀ ਰਾਜ ਦੀ ਮੰਗ ਕੀਤੀ ਸੀ। ਤਹਿਸਦਾਰਾਂ ਦੇ ਹੜਤਾਲ 'ਤੇ ਜਾਣ ਅਤੇ ਹੋਰਨਾਂ ਮੁਲਾਜ਼ਮ ਜਥੇਬੰਦੀਆਂ ਦੇ ਦਬਾਅ ਕਾਰਨ ਬੈਂਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬੈਨੀਪਾਲ ਨੇ 5 ਅਗਸਤ 2009 ਨੂੰ ਬਿਨਾਂ ਦਸਤਾਰ ਦੇ ਡਿਊਟੀ ਦਿੱਤੀ ਤੇ ਕਿਹਾ ਕਿ ਜਿੰਨੀ ਦੇਰ ਤੀਕ ਪੁਲੀਸ ਮੇਰੀ ਦਸਤਾਰ ਲੱਭ ਕੇ ਨਹੀਂ ਲਿਆਉਂਦੀ, ਓਨੀ ਦੇਰ ਉਹ ਬਿਨਾਂ ਦਸਤਾਰ ਰੋਸ ਵਜੋਂ ਆਉਣਗੇ। ਉਸ ਦਾ ਕਹਿਣਾ ਸੀ ਪੰਜਾਬ ਸਰਕਾਰ ਫ਼ਰਾਂਸ ਸਰਕਾਰ ਨਾਲ ਦਸਤਾਰ ਲਈ ਲੜਾਈ ਲੜ ਰਹੀ ਜਦ ਕਿ ਉਸ ਦੇ ਆਪਣੇ ਰਾਜ ਵਿਚ ਇਕ ਸਿੱਖ ਅਫ਼ਸਰ ਦੀ ਦਸਤਾਰ ਉਸ ਨੂੰ ਲੱਭ ਕੇ ਨਹੀਂ ਦਿੱਤੀ ਜਾ ਰਹੀ। ਉਸ ਸਮੇਂ ਵੀ ਹੁਣ ਵਾਂਗ ਹੀ ਅਕਾਲੀ ਆਗੂ ਬੈਂਸ ਨੂੰ ਪਾਰਟੀ ਵਿਚੋਂ ਕਢ ਦਿੱਤਾ ਗਿਆ ਸੀ। ਪਰ ਬੈਂਸ ਅਤੇ ਉਸ ਦੇ ਭਰਾ ਨੇ 2012 ਦੀ ਵਿਧਾਨ ਸਭਾ ਚੋਣ ਬਤੌਰ ਅਜ਼ਾਦ ਉਮੀਦਵਾਰ ਲੜੀ ਤੇ ਜਿੱਤ ਪ੍ਰਾਪਤ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ ਬੈਂਸ ਨੂੰ ਮੁੜ ਅਕਾਲੀ ਦਲ ਵਿਚ ਸ਼ਾਮਿਲ ਕਰ ਲਿਆ।

ਕੌਮੀ ਪੱਧਰ 'ਤੇ ਜਦ ਅਸੀਂ ਝਾਤ ਮਾਰਦੇ ਹਾਂ ਤਾਂ ਸਾਡੇ ਸਾਹਮਣੇ 1984 ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਸਮੇਤ ਕਾਂਗਰਸੀ ਰਾਜਾਂ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਸਾਹਮਣੇ ਆਉਂਦਾ ਹੈ, ਜਿਸ ਤੋਂ ਹਰੇਕ ਵਿਅਕਤੀ ਜਾਣੂ ਹੈ। ਮੌਕੇ 'ਤੇ ਪੁਲੀਸ ਹੋਣ ਦੇ ਬਾਵਜੂਦ ਉਸ ਨੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਕਈ ਥਾਵਾਂ 'ਤੇ ਪੁਲਿਸ ਨੇ ਦੋਸ਼ੀਆਂ ਦੀ ਮਦਦ ਕੀਤੀ। ਦੋਸ਼ੀ ਅਜੇ ਵੀ ਖੁਲ੍ਹੇਆਮ ਫਿਰ ਰਹਿ ਹਨ। ਬੰਗਾਲ ਅਤੇ ਗ਼ੈਰ ਕਾਂਗਰਸੀ ਹਕੂਮਤਾਂ ਵਿਚ ਸਿੱਖਾਂ ਦਾ ਬਚਾਅ ਹੋ ਗਿਆ। ਸਿੱਖਾਂ ਨੂੰ ਜਿਸ ਬੇ-ਰਹਿਮੀ ਨਾਲ ਮਾਰਿਆ ਗਿਆ, ਉਸ ਨਾਲ ਇਨਸਾਨੀਅਤ ਸ਼ਰਮਸਾਰ ਹੋ ਜਾਂਦੀ ਹੈ। 28 ਸਾਲ ਬੀਤ ਜਾਣ 'ਤੇ ਵੀ ਪੀੜਿਤ ਪਰਿਵਾਰ ਇਨਸਾਫ਼ ਲੈਣ ਲਈ ਦਰ-ਦਰ ਭਟਕ ਰਹੇ ਹਨ।

ਦੂਜੀ ਪ੍ਰਮੁੱਖ ਉਦਾਹਰਨ ਗੁਜਰਾਤ ਦੀ ਹੈ। 27 ਫਰਵਰੀ 2002 ਨੂੰ ਗੁਜਰਾਤ ਦੇ ਗੋਦਰਾ ਰੇਲਵੇ ਸਟੇਸ਼ਨ 'ਤੇ ਸਾਬਰਮਤੀ ਐਕਸਪ੍ਰੈਸ ਵਿਚ 58 ਹਿੰਦੂ ਕਾਰ ਸੇਵਕ ਜੋ ਅਯੁੱਧਿਆ ਤੋਂ ਵਾਪਸ ਆ ਰਹੇ ਸਨ, ਗੱਡੀ ਦੇ ਡੱਬਿਆਂ ਨੂੰ ਅੱਗ ਲਾ ਕੇ ਜ਼ਿੰਦਾ ਸਾੜ ਦਿੱਤੇ ਗਏ। 1984 ਵਿਚ ਜਿਵੇਂ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਸਿੱਖਾਂ ਨੂੰ ਕਥਿਤ ਤੌਰ 'ਤੇ ਸਬਕ ਸਿਖਾਉਣ ਲਈ ਉਨ੍ਹਾਂ ਦਾ ਬੜੀ ਬੇ-ਰਹਿਮੀ ਨਾਲ ਕਤਲ ਕੀਤਾ ਗਿਆ, ਉਸੇ ਤਰ੍ਹਾਂ ਗੁਜਰਾਤ ਵਿਚ ਮੁਸਲਮਾਨਾਂ ਨੂੰ ਸਬਕ ਸਿਖਾਉਣ ਲਈ ਕਈ ਸ਼ਹਿਰਾਂ ਵਿਚ ਉਨ੍ਹਾਂ ਦਾ ਬੇ-ਰਹਿਮੀ ਨਾਲ ਕਤਲ ਕੀਤਾ ਗਿਆ। ਉਨ੍ਹਾਂ ਨੂੰ ਜ਼ਿੰਦਾ ਸਾੜਿਆ ਗਿਆ। ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਉਨ੍ਹਾਂ ਦੇ ਘਰਾਂ ਤੇ ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਇਸ ਕਤਲੇਆਮ ਵਿਚ 800 ਦੇ ਕਰੀਬ ਮੁਸਲਮਾਨ ਮਾਰੇ ਗਏ। 223 ਵਿਅਕਤੀ ਲਾਪਤਾ ਹੋਏ। 523 ਧਾਰਮਿਕ ਸਥਾਨ ਜਿਨ੍ਹਾਂ ਵਿਚ 298 ਦਰਗਾਹਾਂ, 205 ਮਸੀਤਾਂ, 17 ਮੰਦਰ ਅਤੇ 3 ਚਰਚਾਂ ਨੂੰ ਨੁਕਸਾਨ ਪੁੱਜਾ। 61 ਹਜ਼ਾਰ ਦੇ ਕਰੀਬ ਮੁਸਲਮਾਨ ਅਤੇ 10 ਹਜ਼ਾਰ ਹਿੰਦੂ ਆਪਣੇ ਘਰ ਛੱਡ ਕੇ ਚੱਲੇ ਗਏ। ਲੋਕ ਸਹਾਇਤਾ ਲਈ ਪੁਲੀਸ ਨੂੰ ਪੁਕਾਰਦੇ ਰਹੇ ਪਰ ਪੁਲੀਸ ਨਹੀਂ ਪਹੁੰਚੀ।



Academy of the Punjab in North America: http://www.apnaorg.com

ਆਈ.ਪੀ.ਐਸ. ਪੁਲੀਸ ਅਧਿਕਾਰੀ ਸੰਜੀਵ ਭੱਟ ਨੇ ਦੋਸ਼ ਲਾਇਆ ਸੀ ਕਿ ਉਸ ਸਮੇਂ ਦੇ ਮੁੱਖ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕਥਿਤ ਤੌਰ 'ਤੇ ਪੁਲੀਸ ਅਧਿਕਾਰੀਆਂ ਨੂੰ ਕਿਹਾ ਸੀ ਕਿ ਉਹ ਦੰਗਾਕਾਰੀਆਂ ਨੂੰ ਨਾ ਰੋਕਣ ਤੇ ਉਹ ਅਫ਼ਸਰਾਂ ਦੀ ਉਸ ਮੀਟਿੰਗ ਵਿਚ ਆਪ ਵੀ ਸ਼ਾਮਲ ਸੀ। ਉਸ ਨੂੰ ਮੋਦੀ ਸਰਕਾਰ ਨੇ ਮੁਅਤਲ ਕੀਤਾ ਹੋਇਆ ਹੈ। ਇਨ੍ਹਾਂ ਕਤਲਾਂ ਕਰ ਕੇ ਅਮਰੀਕਾ ਨੇ ਮੋਦੀ ਦੇ ਅਮਰੀਕਾ ਵਿਚ ਦਾਖਲ ਹੋਣ 'ਤੇ ਪਾਬੰਦੀ ਲਾਈ ਹੋਈ ਹੈ।

ਅਮਨ ਕਾਨੂੰਨ ਦਾ ਮੱਸਲਾ ਰਾਜ ਸਰਕਾਰਾਂ ਦਾ ਹੈ। ਰਾਜ ਸਰਕਾਰਾਂ ਪੁਲੀਸ ਕਰਮਚਾਰੀਆਂ ਨੂੰ ਆਪਣੇ ਨੌਕਰ ਹੀ ਸਮਝਦੀਆਂ ਹਨ। ਉਹ ਨਿੱਜੀ ਕੰਮਾਂ ਲਈ ਉਨ੍ਹਾਂ ਨੂੰ ਵਰਤਦੀਆਂ ਹਨ। ਜੇ ਕੋਈ ਉਨ੍ਹਾਂ ਦੀ ਮਰਜ਼ੀ ਨਾਲ ਨਹੀਂ ਚਲਦਾ ਤਾਂ ਉਸ ਨੂੰ ਬਦਲ ਦਿੱਤਾ ਜਾਂਦਾ ਹੈ। ਬਹੁਤੇ ਇਮਾਨਦਾਰਾਂ ਅਫ਼ਸਰਾਂ ਨੂੰ ਨੁਕਰੇ ਲਾਇਆ ਜਾਂਦਾ ਹੈ। ਅੱਜ ਕਾਂਗਰਸੀ ਤੇ ਅਕਾਲੀ ਦੋਵੇਂ ਸ. ਰਵਿੰਦਰਪਾਲ ਸਿੰਘ ਦੇ ਕਤਲ ਦੀ ਨਿਖੇਧੀ ਕਰ ਰਹਿ ਹਨ। ਜੇ ਉਹ ਸਿਆਸੀ ਸਰਪ੍ਰਸਤੀ ਹੇਠ ਹੁੰਦੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸੁਹਿਰਦ ਹਨ ਤਾਂ ਉਨ੍ਹਾਂ ਨੂੰ ਲੋਕ ਸਭਾ ਦੇ ਚਲ ਰਹੇ ਅਜਲਾਸ ਵਿਚ ਭਾਰਤ ਸਰਕਾਰ ਨੂੰ ਅਜਿਹਾ ਬਿਲ ਇਸ ਅਜਲਾਸ ਵਿਚ ਲਿਆਉਣ ਲਈ ਕਹਿਣਾ ਚਾਹੀਦਾ ਹੈ ਜਿਸ ਰਾਹੀਂ ਮੰਤਰੀਆਂ, ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਆਦਿ ਨੂੰ ਪੁਲਿਸ ਜਾਂ ਹੋਰ ਸਰਕਾਰੀ ਕੰਮਾਂ ਵਿਚ ਗ਼ੈਰ-ਕਾਨੂੰਨੀ ਦਖ਼ਲ ਦੇਣ ਤੋਂ ਰੋਕਿਆ ਜਾ ਸਕੇ। ਜੇ ਕੋਈ ਅਜਿਹਾ ਕਰੇ ਤਾਂ ਉਸ ਨੂੰ ਨਾ ਕੇਵਲ ਉਸ ਆਹੁਦੇ ਤੋਂ ਫ਼ਾਰਗ ਕੀਤਾ ਜਾਵੇ ਸਗੋਂ ਸਜ਼ਾ ਵੀ ਹੋਵੇ। ਇੰਗਲੈਂਡ, ਕੈਨੇਡਾ ਆਦਿ ਦੇਸ਼ਾਂ ਵਿਚ ਅਜਿਹੇ ਕਾਨੂੰਨ ਬਣੇ ਹਨ। ਅਜਿਹਾ ਹੀ ਬਿੱਲ ਪੰਜਾਬ ਅਸੈਂਬਲੀ ਵਿਚ ਵੀ ਪਾਸ ਕੀਤਾ ਜਾਵੇ। ਸ. ਰਵਿੰਦਰਪਾਲ ਸਿੰਘ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

*13 ਦਸੰਬਰ 2012*



Academy of the Punjab in North America: http://www.apnaorg.com

# ਕੀ ਏਅਰ ਇੰਡੀਆ ਦੀ ਆਨ ਤੇ ਸ਼ਾਨ ਮੁੜ ਬਹਾਲ ਹੋ ਸਕਦੀ ਹੈ?

ਏਅਰ ਇੰਡੀਆ ਦੇ ਪਾਇਲਟਾਂ ਵੱਲੋਂ 7 ਮਈ ਤੋਂ ਸ਼ੁਰੂ ਕੀਤੀ ਗਈ ਹੜਤਾਲ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਹੀ। ਸ਼ਹਿਰੀ ਹਵਾਬਾਜ਼ੀ ਮੰਤਰੀ ਮੁੜ ਮੁੜ ਕਹਿ ਰਹੇ ਹਨ ਕਿ ਪਾਇਲਟਾਂ ਦੀਆਂ ਕੋਈ ਮੰਗਾਂ ਨਹੀਂ ਹਨ, ਉਨ੍ਹਾਂ ਨੂੰ ਆਪਣੀ ਡਿਊਟੀ ਉਪਰ ਮੁੜ ਬਿਨਾਂ ਸ਼ਰਤ ਹਾਜ਼ਰ ਹੋ ਜਾਣਾ ਚਾਹੀਦਾ ਹੈ। ਦੂਜੇ ਪਾਸੇ ਪਾਇਲਟਾਂ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਕਿਸੇ ਨੇ ਅਜੇ ਤੀਕ ਕੋਈ ਗਲਬਾਤ ਨਹੀਂ ਕੀਤੀ। ਏਅਰ ਇੰਡੀਆ ਨੇ ਪਾਇਲਟਾਂ ਦੀ ਯੂਨੀਅਨ ਆਈ.ਪੀ.ਜੀ. ਦੀ ਮਾਨਤਾ ਖਤਮ ਕਰ ਦਿੱਤੀ ਹੈ। 111 ਪਾਇਲਟਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। 11 ਪਾਇਲਟਾਂ ਦੇ ਲਾਇਸੈਂਸ ਰੱਦ ਕਰਨ ਬਾਰੇ ਲਿਖਿਆ ਜਾ ਚੁੱਕਾ ਹੈ। ਪਾਇਲਟ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਨੌਕਰੀਓਂ ਕੱਢਣ ਦੇ ਆਦੇਸ਼ ਵਾਪਸ ਲਏ ਜਾਣ। ਸਰਕਾਰ ਅਜਿਹਾ ਕਰਨ ਲਈ ਤਿਆਰ ਨਹੀਂ। ਪਾਇਲਟਾਂ ਨੇ ਮੁੰਬਈ ਤੇ ਦਿੱਲੀ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਕੁਝ ਪਾਇਲਟਾਂ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ ਹੈ ਕਿਉਂਕਿ ਉਨ੍ਹਾਂ ਦੀ ਸਿਹਤ ਵਿਗੜ ਗਈ ਹੈ। ਹੜਤਾਲੀ ਪਾਇਲਟਾਂ ਨੇ ਸ੍ਰੀਮਤੀ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਖਲ ਦੀ ਮੰਗ ਕੀਤੀ ਹੈ। ਹੁਣ ਤੀਕ ਇਸ ਹੜਤਾਲ ਨਾਲ 800 ਕਰੋੜ ਦੇ ਕਰੀਬ ਨੁਕਸਾਨ ਹੋ ਚੁੱਕਾ ਹੈ। ਯਾਤਰੂਆਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਅਰ ਇੰਡੀਆ ਪਾਸ ਬੋਇੰਗ 777 ਕਿਸਮ ਦੇ 20 ਜ਼ਹਾਜ ਹਨ। ਇਨ੍ਹਾਂ ਵਿਚੋਂ 14 ਉਡਣ ਦੀ ਥਾਂ 'ਤੇ ਦਿੱਲੀ ਖੜੇ ਹਨ। ਏਅਰ ਇੰਡੀਆ ਜੋ ਵਿਦੇਸ਼ਾਂ ਨੂੰ ਰੋਜ਼ਾਨਾ 4000 ਯਾਤਰੀਆਂ ਢੋਂਦੀ ਸੀ ਇਸ ਸਮੇਂ ਕੇਵਲ 1000 ਯਾਤਰੂ ਹੀ ਸਫਰ ਕਰ ਰਹੇ ਹਨ।

ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਟਕਰਾ ਵਾਲੀ ਨੀਤੀ ਅਪਣਾਉਂਦੇ ਹੋਏ 111 ਪਾਇਲਟਾਂ ਨੂੰ ਨੌਕਰੀ ਤੋਂ ਕੱਢ ਕੇ ਉਨ੍ਹਾਂ ਦੀ ਥਾਂ 'ਤੇ ਨਵੇਂ ਪਾਇਲਟ ਭਰਤੀ ਕਰਨ ਦੇ ਇਸ਼ਤਿਹਾਰ ਦਿੱਤੇ ਹਨ। ਅਜਿਹਾ ਹੀ ਤਜਰਬਾ 1993 ਵਿੱਚ ਕੀਤਾ ਗਿਆ ਸੀ ਜੋ ਕਿ ਅਸਫਲ ਰਿਹਾ। 1993 ਵਿਚ ਇੰਡੀਅਨ ਏਅਰ ਲਾਇਨਜ਼ ਐਗਜ਼ੈਕਟਿਵ ਪਾਇਲਟਾਂ ਦੀ ਹੜਤਾਲ ਸਮੇਂ ਸਰਕਾਰ ਨੇ ਉਡਾਨਾਂ ਚਾਲੂ ਰੱਖਣ ਲਈ ਉਜ਼ਬੇਕਿਸਤਾਨ ਦੇ ਪਾਇਲਟਾਂ ਦੇ ਜਹਾਜ਼ ਲੀਜ਼ ਉਪਰ ਲਏ। 9 ਜਨਵਰੀ 2009 ਨੂੰ ਉਜ਼ਬੇਕਿਸਤਾਨ ਏਅਰਲਾਈਨਜ਼ ਦਾ 167 ਇੰਡੀਅਨ ਏਅਰਲਾਈਨਜ਼ ਦੀਆਂ ਸਵਾਰੀਆਂ ਹੈਦਰਾਬਾਦ



Academy of the Punjab in North America: http://www.apnaorg.com

ਤੋਂ ਲਿਆ ਰਿਹਾ ਜ਼ਹਾਜ ਧੁੰਦ ਕਾਰਨ ਦਿੱਲੀ ਹਵਾਈ ਅੱਡੇ ਤੇ ਹਾਦਸਾਗ੍ਰਸਤ ਹੋ ਗਿਆ, ਜਦੋਂ ਇਹ ਉਤਰ ਰਿਹਾ ਸੀ। ਇਹ ਪਟੜੀ ਤੋਂ ਪਰੇ ਜਾਣ ਕਾਰਨ ਉਲਟ ਗਿਆ ਤੇ ਇਸ ਨੂੰ ਅੱਗ ਲੱਗ ਗਈ। ਯਾਤਰੀਆਂ ਦੀ ਕਿਸਮਤ ਚੰਗੀ ਸੀ ਕਿ ਉਹ ਇਸ ਹਾਦਸੇ ਵਿਚ ਵਾਲ ਵਾਲ ਬੱਚ ਗਏ। ਇਸ ਹਾਦਸੇ ਪਿਛੋਂ ਸਰਕਾਰ ਨੇ ਪਾਇਲਟਾਂ ਦੀਆਂ ਮੰਗਾਂ ਮੰਨ ਲਈਆਂ ਤੇ ਇੰਜ ਇਕ ਮਹੀਨੇ ਪਿੱਛੋਂ ਹੜਤਾਲ ਖ਼ਤਮ ਹੋਈ।

ਇਕ ਸੇਵਾ ਮੁਕਤ ਏਅਰ ਇੰਡੀਆ ਕਮਾਂਡਰ ਕੈਪਟਨ ਏ.ਐਸ. ਜੋਸ਼ੀ ਦਾ ਕਹਿਣਾ ਹੈ ਕਿ ਪਾਇਲਟ ਨੂੰ 'ਟ੍ਰੇਨ' ਕਰਨ ਤੇ ਲੱਖਾਂ ਰੁਪਏ ਲੱਗਦੇ ਹਨ ਤੇ ਇਸ ਦੇ ਨਾਲ ਸਮਾਂ ਵੀ ਲੱਗਦਾ ਹੈ। ਇਹ 401 ਪਾਇਲਟ ਜਿਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ ਇਹ ਸਾਡੇ ਕੀਮਤੀ ਪਾਇਲਟ ਹਨ। ਉਨ੍ਹਾਂ ਦੀ ਸੀਨੀਅਰਤਾ (ਸੀਨੀਆਰਟੀ) ਨਾਲ ਸੰਬੰਧਿਤ ਮੰਗਾਂ ਹਨ, ਜਿਹੜੀਆਂ ਟੇਬਲ ਉਪਰ ਬੈਠ ਕੇ ਹੱਲ ਕੀਤੀਆਂ ਜਾ ਸਕਦੀਆਂ ਹਨ। ਸਰਕਾਰੀ ਅਦਾਰਾ ਹੋਣ ਕਰਕੇ ਇਸ ਦੀ ਕਿਸੇ ਨੂੰ ਪ੍ਰਵਾਹ ਨਹੀਂ। ਜਨਤਾ ਦਾ ਪੈਸਾ ਬਰਬਾਦ ਕੀਤਾ ਜਾ ਰਿਹਾ ਹੈ।

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਕੈਪਟਨ ਜੋਸ਼ੀ ਦੇ ਵਿਚਾਰਾਂ ਵਿਚ ਵਜ਼ਨ ਹੈ। ਜਿਵੇਂ ਪੰਜਾਬ ਵਿਚ ਪ੍ਰਾਈਵੇਟ ਬੱਸਾਂ ਲਾਭ ਕਮਾ ਰਹੀਆਂ ਹਨ, ਪਰ ਪੰਜਾਬ ਰੋਡਵੇਜ਼ ਤੇ ਪੈਪਸੂ ਕਾਰਪੋਰੇਸ਼ਨ ਜੋ ਕਿ ਸਰਕਾਰੀ ਅਦਾਰੇ ਹਨ, ਘਾਟੇ ਵਿਚ ਚੱਲ ਰਹੇ ਹਨ, ਇਹੋ ਹਾਲ ਏਅਰ ਇੰਡੀਆ ਦਾ ਹੈ।

ਜੇ ਇਸ ਦੇ ਇਤਿਹਾਸਕ ਪਿਛੋਕੜ ਵਿਚ ਜਾਈਏ ਤਾਂ ਪਤਾ ਲੱਗਦਾ ਹੈ ਕਿ 1997 ਤੀਕ ਜਦੋਂ ਤੀਕ ਆਰ.ਡੀ. ਟਾਟਾ ਇਸ ਦੇ ਚੇਅਰਮੈਨ ਰਹਿ, ਉਸ ਸਮੇਂ ਤੀਕ ਇਹ ਦੁਨੀਆਂ ਦੀਆਂ ਪਹਿਲੀਆਂ ਪੰਜ ਏਅਰਲਾਇਨਾਂ (ਫ਼ਾਈਵ ਸਟਾਰਜ਼) ਵਿਚੋਂ ਇਕ ਸੀ ਤੇ ਉਨ੍ਹਾਂ ਦੀ ਅਗਵਾਈ ਵਿਚ ਇਸ ਨੇ ਕਈ ਮੱਲਾਂ ਮਾਰੀਆਂ। ਇਸ ਨੇ ਆਪਣੇ ਸਿਰ 'ਤੇ ਹੈਂਗਰ ਬਣਾਏ , ਮੁੰਬਈ ਤੇ ਵਿਦੇਸ਼ਾਂ ਵਿਚ ਜਾਇਦਾਦਾਂ ਖਰੀਦੀਆਂ, ਹੋਟਲ ਬਣਾਏ, ਕਰਮਚਾਰੀਆਂ ਲਈ ਕੁਆਟਰ ਉਸਾਰੇ। ਜਿਵੇਂ ਸਿੰਗਾਪੁਰ ਏਅਰਲਾਈਨ ਸਿੰਗਾਪੁਰ ਦੀ ਸ਼ਾਨ ਹੈ, ਕਤਰ ਏਅਰਵੇਜ਼ ਕਤਰ ਦੀ, ਬ੍ਰਿਟਿਸ਼ ਏਅਰਵੇਜ਼ ਬਰਤਾਨੀਆ ਦੀ ਸ਼ਾਨ ਹੈ, ਇਸੇ ਤਰ੍ਹਾਂ ਏਅਰ ਇੰਡੀਆ ਵਿਸ਼ਵ ਭਰ ਵਿਚ ਮਹਾਰਾਜਾ ਦੇ ਨਾਂ ਨਾਲ ਦੁਨੀਆਂ ਭਰ ਵਿਚ ਨਾਮਣਾ ਖੱਟ ਦੀ ਰਹੀ ਹੈ। 1997 ਵਿਚ ਇਸ ਦੀ ਕਮਾਨ ਆਈ.ਏ.ਐਸ. ਅਫ਼ਸਰਾਂ ਹੱਥ ਆ ਗਈ ਤੇ ਇਸ ਦੇ ਮਾੜੇ ਦਿਨ ਸ਼ੁਰੂ ਹੋ ਗਏ। ਕੁਝ ਸਾਲਾਂ ਤੋਂ ਇਹ ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ। ਕਰਮਚਾਰੀਆਂ ਨੂੰ 6- 6 ਮਹੀਨੇ ਤਨਖਾਹਾਂ ਨਹੀਂ ਮਿਲਦੀਆਂ। ਇਸ ਸਮੇਂ ਇਹ ਕੋਈ 50 ਹਜ਼ਾਰ ਕਰੋੜ ਰੁਪਏ ਦੇ ਕਰੀਬ ਕਰਜ਼ੇ ਹੇਠ ਹੈ, ਜਿਹੜਾ ਮੁੱਖ ਤੌਰ 'ਤੇ 2005 ਵਿਚ 111 ਜਹਾਜ਼ ਖਰੀਦਣ ਲਈ 32 ਹਜ਼ਾਰ ਕਰੋੜ ਰੁਪਏ ਦੇ ਤੌਰ 'ਤੇ ਲਿਆ ਗਿਆ ਸੀ। ਸਿਆਸਤਾਨਾਂ ਤੇ ਅਫ਼ਸਰਾਂ ਨੇ ਇਸ ਨੂੰ ਇਕ ਵਪਾਰਕ ਅਦਾਰੇ ਦੇ ਤੌਰ 'ਤੇ ਚਲਾਉਣ ਦੀ ਥਾਂ 'ਤੇ ਇਸ ਨੂੰ ਇਕ ਸਰਕਾਰੀ ਅਦਾਰੇ ਦੇ ਤੌਰ 'ਤੇ ਚਲਾਇਆ। ਹੁਣ ਭਾਰਤ ਲਈ ਇਹ ਇਜ਼ਤ ਮਾਣ ਖਟਣ ਦੀ ਥਾਂ 'ਤੇ ਨਮੋਸ਼ੀ ਦਾ ਕਾਰਨ ਬਣੀ ਹੋਈ ਹੈ।

ਸ਼ਹਿਰੀ ਹਵਾਬਾਜ਼ੀ ਮੰਤਰੀ ਦਾ ਕਹਿਣਾ ਹੈ ਕਿ ਵਪਾਰਕ ਅਦਾਰੇ ਚਲਾਉਣਾ



Academy of the Punjab in North America: http://www.apnaorg.com

ਸਰਕਾਰ ਦਾ ਕੰਮ ਨਹੀਂ। ਇਸ ਦਾ ਭਾਵ ਹੈ ਕਿ ਏਅਰ ਇੰਡੀਆ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇ ਸਿੰਗਾਪੁਰ ਸਰਕਾਰ ਸਿੰਗਾਪੁਰ ਏਅਰਲਾਈਨ ਬੜੀ ਸਫ਼ਲਤਾਪੂਰਕ ਚਲਾ ਸਕਦੀ ਹੈ, ਅਸਟਰੇਲੀਆ ਸਰਕਾਰ ਕੁਆਨਟਾਜ਼ ਚਲਾ ਸਕਦੀ ਹੈ ਤੇ ਨਿਊਜ਼ੀਲੈਂਡ ਸਰਕਾਰ ਏਅਰ ਨਿਊਜ਼ੀਲੈਂਡ ਚਲਾ ਸਕਦੀ ਹੈ ਤਾਂ ਭਾਰਤ ਸਰਕਾਰ ਏਅਰ ਇੰਡੀਆ ਕਿਉਂ ਨਹੀਂ ਚਲਾ ਸਕਦੀ ?

ਅਸਲ ਵਿਚ 2007 ਵਿੱਚ ਏਅਰ ਇੰਡੀਆ, ਇੰਡੀਅਨ ਏਅਰਲਾਈਨਜ਼, ਏਅਰ ਇੰਡੀਆ ਐਕਸਪ੍ਰੈਸ ਨੂੰ ਮਿਲਾ ਕੇ ਐਨ.ਏ.ਸੀ.ਆਈ.ਐਲ. (ਨੈਸ਼ਨਲ ਏਵੀਏਸ਼ਨ ਕੰਪਨੀ ਆਫ ਇੰਡੀਆ ਲਿਮਟਿਡ) ਬਣਾ ਦਿੱਤੀ ਗਈ, ਜੋ ਕਿ ਇਸ ਲਈ ਤਬਾਹਕੁਨ ਸਾਬਤ ਹੋਈ। ਇਸ ਦੀ ਪੁਸ਼ਟੀ ਸੀਨੀਅਰ ਕਾਂਗਰਸੀ ਐਮ.ਪੀ. ਵੀ. ਕਿਸ਼ੋਰ ਚੰਦਰਾ ਦਿਓ ਦੀ ਪ੍ਰਧਾਨਗੀ ਵਿੱਚ ਇਸ ਸਬੰਧੀ ਬਣੀ ਪਾਰਲੀਮੈਂਟ ਕਮੇਟੀ ਦੀ ਰਿਪੋਰਟ ਤੋਂ ਵੀ ਹੁੰਦੀ ਹੈ ਜੋ ਕਿ 12 ਮਾਰਚ 2010 ਨੂੰ ਪਾਰਲੀਮੈਂਟ ਅੱਗੇ ਪੇਸ਼ ਕੀਤੀ ਗਈ। ਇਸ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਨੂੰ ਇਕੱਠਿਆਂ ਕਰਕੇ ਇਕ ਕੰਪਨੀ ਬਨਾਉਣਾ ਗ਼ਲਤ ਫੈਸਲਾ ਸੀ। ਕਮੇਟੀ ਦਾ ਕਹਿਣਾ ਹੈ ਕਿ ਏਅਰ ਇੰਡੀਆ ਨੇ 2001 ਤੋਂ 2006-07 ਤੀਕ ਲਾਭ ਕਮਾਇਆ। ਇਨ੍ਹਾਂ ਛੇ ਸਾਲਾਂ ਵਿੱਚ ਇੰਡੀਅਨ ਏਅਰਲਾਈਨਜ਼ ਨੇ ਵੀ ਤਿੰਨ ਵਰ੍ਹੇ ਲਾਭ ਕਮਾਇਆ। ਭਾਵੇਂ ਪ੍ਰਾਈਵੇਟ ਏਅਰਲਾਈਨਜ਼ ਵੀ ਘਾਟੇ ਵਿੱਚ ਗਈਆਂ, ਪਰ ਜਿੰਨਾਂ ਘਾਟਾ ਇਨ੍ਹਾਂ ਦੋਵਾਂ ਨੂੰ ਮਿਲਾਉਣ ਪਿੱਛੋਂ ਹੋਇਆ, ਇਸ ਦਾ ਜੁਆਬ ਕਿਸੇ ਪਾਸ ਨਹੀਂ। ਏਕੀਕਰਨ ਪਿੱਛੋਂ ਲਾਭ ਦੀ ਥਾਂ ਤੇ ਘਾਟਾ ਇਸ ਲਈ ਪਿਆ ਕਿਉਂਕਿ ਲਾਹੇਵੰਦ ਅਹਿਮ ਰੂਟ ਪ੍ਰਾਈਵੇਟ ਏਅਰਲਾਈਨਜ਼ ਨੂੰ ਦਿੱਤੇ ਗਏ। ਇਸ ਕਮੇਟੀ ਨੇ 80 ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਰੂਟਾਂ ਦੀ ਸੂਚੀ ਜਾਰੀ ਕੀਤੀ ਜਿਨ੍ਹਾਂ ਤੋਂ 2002-03 ਤੋਂ ਏਅਰ ਇੰਡੀਆਂ ਨੇ ਆਪਣੀਆਂ ਉਡਾਣਾਂ ਬੰਦ ਕੀਤੀਆਂ ਜੋ ਪ੍ਰਾਈਵੇਟਾਂ ਨੂੰ ਦਿੱਤੀਆਂ ਗਈਆਂ। ਕਮੇਟੀ ਨੇ ਸਫ਼ਾਰਸ਼ ਕੀਤੀ ਹੈ ਕਿ ਜਿਨ੍ਹਾਂ ਨੇ ਇਹ ਫੈਸਲਾ ਲਿਆ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ ਤਾਂ ਜੋ ਸਰਕਾਰੀ ਅਦਾਰਿਆਂ ਨੂੰ ਅੱਗੇ ਤੋਂ ਘਾਟਾ ਨਾ ਪਵੇ। ਕਮੇਟੀ ਨੇ ਸਫਾਰਸ਼ ਕੀਤੀ ਹੈ ਕਿ ਰੂਟਾਂ ਨੂੰ ਤਰਕ ਸੰਗਤ ਬਣਾਇਆ ਜਾਵੇ। ਕਮੇਟੀ ਅਨੁਸਾਰ ਦੂਜਾ ਪ੍ਰਮੁੱਖ ਕਾਰਨ ਹੈ ਕਿ ਜਹਾਜ਼ਾਂ ਦੀ ਵਰਤੋਂ ਠੀਕ ਨਹੀਂ ਹੋ ਰਹੀ। ਇਹ ਜਹਾਜ਼ ਰੋਜ਼ਾਨਾ 9 ਘੰਟੇ ਉਡਦੇ ਹਨ ਤੇ ਔਸਤਨ 16 ਘੰਟੇ ਖੜ੍ਹੇ ਰਹਿੰਦੇ ਹਨ। ਕੈਗ ਨੇ ਵੀ ਏਅਰ ਇੰਡੀਆ ਦੀ ਕੀਮਤ 'ਤੇ ਗਲਫ਼ ਤੇ ਯੂਰਪੀ ਲਾਹੇਵੰਦ ਰੂਟ ਵਿਦੇਸ਼ੀ ਏਅਰ ਲਾਈਨਜ਼ ਨੂੰ ਦੇਣ ਦਾ ਮੁਦਾ ਵੀ ਉਠਾਇਆ। ਪਰ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ।

ਸੀਤਾ ਰਾਮ ਯੈਚੁਰੀ ਦੀ ਅਗਵਾਈ ਵਿਚ ਬਣੀ ਪਾਰਲੀਮੈਂਟਰੀ ਸਟੈਂਡਿੰਗ ਕਮੇਟੀ ਜਿਸ ਦੇ 31 ਮੈਂਬਰ ਸਨ ਨੇ 2010 ਵਿਚ ਦਿੱਤੀ ਆਪਣੀ ਰਿਪੋਰਟ ਵਿਚ ਦਿਓ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰੋੜ੍ਹਤਾ ਕੀਤੀ। ਇਸ ਕਮੇਟੀ ਅਨੁਸਾਰ ਰੂਟਾਂ ਨੂੰ ਤਰਕਸੰਗਤ ਕਰਨ ਦੇ ਨਾਂ ਹੇਠ ਏਅਰ ਇੰਡੀਆ ਨੂੰ ਲਾਭਵਾਲੇ ਵਧੀਆ ਰੂਟਾਂ ਤੋਂ ਹਟਾ ਕੇ ਘਾਟੇ ਵਾਲੇ ਰੂਟਾਂ ਉਪਰ ਚਲਾਇਆ ਗਿਆ। ਇਹ ਲਾਭਦਇਕ ਰੂਟ ਪ੍ਰਾਈਵੇਟ ਹਵਾਈ



Academy of the Punjab in North America: http://www.apnaorg.com

ਕੰਪਨੀਆਂ ਨੂੰ ਦਿੱਤੇ ਗਏ। ਇਸ ਤਰ੍ਹਾਂ ਏਅਰ ਇੰਡੀਆ ਦੀ ਕੀਮਤ 'ਤੇ ਪ੍ਰਾਈਵੇਟ ਏਅਰਲਾਇਨਜ਼ ਨੂੰ ਲਾਭ ਪਹੁੰਚਾਇਆ ਗਿਆ। ਇੱਥੇ ਹੀ ਬੱਸ ਨਹੀਂ ਪ੍ਰਾਈਵੇਟ ਏਅਰਲਾਇਨਜ਼ ਨੂੰ ਉਨ੍ਹਾਂ ਦੀ ਮਨਮਰਜ਼ੀ ਦੇ ਰੂਟ ਦਿੱਤੇ ਗਏ ਤੇ ਇਡੀਅਨ ਏਅਰਲਾਇਨਜ਼ ਨੂੰ ਉਹ ਰੂਟ ਦਿੱਤੇ ਗਏ ਜਿਨ੍ਹਾਂ ਵਿਚ 70% ਘਾਟੇ ਵਾਲੇ ਰੂਟ ਸਨ। ਮੁਬੰਈ-ਡੁਬਈ ਰੂਟ 'ਤੇ ਏਅਰ ਇਡੀਆ ਦੀਆਂ ਰੋਜਾਨਾ 3 ਉਡਾਣਾਂ ਦੀ ਥਾਂ 'ਤੇ 2 ਉਡਾਣਾਂ ਕਰ ਦਿੱਤੀਆਂ ਗਈਆਂ ਜਦ ਕਿ ਉਸ ਦੇ ਮੁਕਾਬਲੇ ਦੀ ਏਅਰ ਲਾਇਨ ਦੀਆਂ ਰੋਜ਼ਾਨਾ 4 ਉਡਾਣਾਂ ਸਨ। ਜੇ ਵਪਾਰਕ ਪੱਖੋਂ ਅਜਿਹਾ ਕੀਤਾ ਗਿਆ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਦੂਸਰੀ ਏਅਰਲਾਇਨ ਨੇ 4 ਉਡਾਣਾਂ ਕਿਉਂ ਜਾਰੀ ਰਖੀਆਂ। ਮੁੰਬਈ-ਦੋਹਾ ਰੂਟ ਵੀ ਲਾਹੇਵੰਦਾ ਸੀ ਕਿਉਂਕਿ ਇੱਥੇ ਜਹਾਜ਼ ਦੀਆਂ 90% ਸੀਟਾਂ ਭਰਦੀਆਂ ਸਨ ਪਰ ਇਸ ਨੂੰ ਇਕ ਦਮ ਬੰਦ ਕਰ ਦਿੱਤਾ ਗਿਆ ਤੇ ਇਹ ਰੂਟ ਪ੍ਰਾਈਵੇਟ ਲਈ ਖੁਲ੍ਹਾ ਛੱਡ ਦਿੱਤਾ ਗਿਆ। ਇਸ ਕਮੇਟੀ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਇਹ ਸਾਰਾ ਕੁਝ ਰੂਟ ਸ਼ੁਰੂ ਕਰਨ ਵਾਲੀਆਂ ਕੰਪਨੀਆਂ ਦੀ ਮਿਲੀਭੁਗਤ ਨਾਲ ਹੋਇਆ ਕਿਉਂਕਿ ਇਹ ਰੂਟ ਬੰਦ ਉਸ ਸਮੇਂ ਕੀਤੇ ਗਏ ਜਦ ਕੰਪਨੀ ਨੇ ਨਵੇਂ ਰੂਟ ਸ਼ੁਰੂ ਕੀਤੇ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਕਿ ਇਸ ਕਿ ਇਸ ਦੀ ਪੜਤਾਲ ਕਰਾਈ ਜਾਵੇ ਕਿ ਲਾਭ ਵਾਲੇ ਰੂਟ ਪ੍ਰਾਈਵੇਟਾਂ ਨੂੰ ਲਾਭ ਪਹੁੰਚਾਉਣ ਲਈ ਕਿਉਂ ਦਿੱਤੇ ਗਏ। ਪਰ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ।

ਸਾਰੀ ਦੁਨੀਆ ਵਿਚ ਉਸ ਦੇਸ਼ ਦੀਆਂ ਕੰਪਨੀਆਂ ਆਪਣੇ ਦੇਸ਼ ਦੇ ਹਿੱਤਾਂ ਨੂੰ ਪਹਿਲਾਂ ਵੇਖਦੀਆਂ ਹਨ ਤੇ ਵਿਦੇਸ਼ੀਆਂ ਦੇ ਹਿੱਤ ਨੂੰ ਬਾਦ ਵਿੱਚ। ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਇਕ ਦੂਜੇ ਵਿੱਚ ਮਿਲਾਉਣ ਤੋਂ ਪਿੱਛੋਂ ਦੁਵੱਲੇ ਸਮਝੌਤਿਆਂ ਰਾਹੀਂ ਵਿਦੇਸ਼ੀ ਹਵਾਈ ਕੰਪਨੀਆਂ ਨੂੰ ਤੋਹਫੇ ਵਜੋਂ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਦੇ ਲਾਭਦਾਇਕ ਰੂਟ ਦਿੱਤੇ ਗਏ। ਮਿਸਾਲ ਦੇ ਤੌਰ 'ਤੇ ਸਿੰਗਾਪੁਰ ਨਾਲ ਸਮਝੌਤੇ ਅਧੀਨ 16 ਉਡਾਣਾਂ ਇੰਡੀਅਨ ਏਅਰਲਾਈਨ ਦੀਆਂ ਸਨ ਤੇ 16 ਉਡਾਣਾਂ ਹੀ ਏਅਰ ਇੰਡੀਆ ਦੀਆਂ ਸਨ ਤੇ ਇਨ੍ਹਾਂ ਦੀਆਂ ਸਮਰੱਥਾ 90% ਸੀ ਪਰ ਦੋਵਾਂ ਹਵਾਈ ਕੰਪਨੀਆਂ ਦੇ ਏਕੀਕਰਨ ਕਰਨ ਪਿੱਛੋਂ ਇਹ ਉਡਾਣਾਂ 16 ਰਹਿ ਗਈਆਂ ਤੇ 16 ਲਾਭਦਾਇਕ ਰੂਟ ਕਥਿਤ ਤੌਰ ' ਕਥਿਤ ਤੌਰ 'ਤੇ ਕਿੰਗਫਿਸ਼ਰ ਨੂੰ ਦੇ ਦਿੱਤੇ ਗਏ। ਇਸੇ ਤਰ੍ਹਾਂ ਭਾਰਤ ਵਿਚਲੀਆਂ ਇੰਡੀਅਨ ਏਅਰਲਾਇਨਜ਼ ਦੀਆਂ ਸਥਾਨਕ ਉਡਾਣਾਂ ਬੰਦ ਕਰਕੇ ਕਿੰਗਫਿਸ਼ਰ ਵਗੈਰਾ ਨੂੰ ਦਿਤੀਆਂ ਗਈਆਂ। ਇਨ੍ਹਾਂ ਵਿੱਚੋਂ ਬਹੁਤੀਆਂ ਦੀ ਸਮਰੱਥਾ 90% ਸੀ। ਕੋਚੀ-ਦੋਹਾ-ਬਹਿਰੀਨ-ਕਾਲੀਕਟ-ਦੋਹਾ-ਬਹਿਰੀਨ ਰੂਟ ਜਿੱਥੇ ਕਿ 100 ਪ੍ਰਤੀਸ਼ਤ ਸੀਟਾਂ ਭਰੀਆਂ ਜਾਂਦੀਆਂ ਸਨ, 2009 ਵਿਚ ਪ੍ਰਾਈਵੇਟਾਂ ਨੂੰ ਦਿੱਤਾ। 2003 ਵਿਚ ਲੁਫਥਾਂਸਾ ਤੇ ਟੇਮੀਰੇਟਸਾ ਨੂੰ ਗਲਫ ਤੇ ਯੂਰਪ ਦੇ ਰੂਟ ਦਿੱਤੇ ਗਏ 2008-09 ਵਿਚ ਅਮਰੀਕਾ, ਯੂ.ਕੇ., ਚੀਨ, ਫਰਾਂਸ, ਜਰਮਨੀ, ਕੈਨੇਡਾ, ਗਲਫ ਨੂੰ ਟਰੈਫਿਕ ਦੇ ਅਧਿਕਾਰ ਦਿੱਤੇ ਗਏ। ਇਸ ਤਰ੍ਹਾਂ ਏਅਰ ਇੰਡੀਆ ਦੀ ਕੀਮਤ ਤੇ ਇਨ੍ਹਾਂ ਨੂੰ ਮਾਰਕੀਟ ਵਧਾਉਣ ਦਾ ਮੌਕਾ ਦਿੱਤਾ ਗਿਆ।

ਸੁਆਲ ਪੈਦਾ ਹੁੰਦਾ ਹੈ ਕਿ ਏਅਰ ਇੰਡੀਆ ਦੀ ਆਨ ਤੇ ਸ਼ਾਨ ਮੁੜ ਬਹਾਲ



Academy of the Punjab in North America: http://www.apnaorg.com

ਕਿਵੇਂ ਹੋਵੇ ? ਮਹਾਰਾਜਾ ਮੁੜ ਕਿਵੇਂ ਹਵਾਈ ਅੱਡਿਆਂ ਉਪਰ ਮੁੜ ਸਿਰ ਉੱਚਾ ਕਰ ਸਕੇ। ਇੰਡੀਅਨ ਫਾਊਂਡੇਸ਼ਨ ਆਫ ਏਵੀਗੇਸ਼ਨ ਏਅਰੋਸਪੇਸ ਐਂਡ ਡੀਵੈਲਪਮੈਂਟ ਦੇ ਚੇਅਰਮੈਨ ਸ੍ਰੀ ਸਾਨਤ ਕੌਲ ਦਾ ਕਹਿਣਾ ਹੈ ਕਿ ਇਸ ਹਵਾਈ ਕੰਪਨੀ ਦਾ ਨਿਜੀਕਰਨ ਦੀ ਸਰਕਾਰ ਦੀ ਅਜੇ ਤੀਕ ਨੀਤੀ ਸਪਸ਼ਟ ਨਹੀਂ ਹੈ। 2001 ਵਿਚ ਇਸ ਨੂੰ ਵੇਚਣ ਦਾ ਯਤਨ ਕੀਤਾ ਗਿਆ ਜੋ ਕਿ ਸਫਲ ਨਾ ਹੋ ਸਕਿਆ। ਇਸ ਨੂੰ ਨਿਜੀਕਰਨ ਤੋਂ ਬਗੈਰ ਵੀ ਮੁੜ ਮੁਨਾਫੇ ਵਿਚ ਲਿਆਂਦਾ ਜਾ ਸਕਦਾ ਹੈ। ਹਾਲ ਹੀ ਵਿਚ ਜਾਪਾਨ ਏਅਰ ਲਾਇਨਜ਼ (ਜੇ.ਏ.ਐਲ.) ਦੀ ਉਦਾਹਰਨ ਸਾਡੇ ਸਾਹਮਣੇ ਹੈ। ਕੋਈ 9 ਮਹੀਨੇ ਪਹਿਲਾਂ 78 ਸਾਲ ਦੇ ਕਾਜ਼ੂਓ ਇਨਾਮੋਰੀ ਨੇ ਜਦ ਚੇਅਰਮੈਨ ਦਾ ਅਹੁਦਾ ਸੰਭਾਲਿਆ ਤਾਂ ਇਸ ਹਵਾਈ ਕੰਪਨੀ ਨੇ ਬਿਮਾਰ (ਸਿਕ) ਹੋਣ ਕਰਕੇ 1,28,000 ਕਰੋੜ ਰੁਪਏ ਦੇ ਕਰਜ਼ੇ ਕਾਰਨ ਦੀਵਾਲੀਆਪਣ ਦਾ ਕੇਸ ਪਾਇਆ ਹੋਇਆ ਸੀ। ਇਕ ਸੂਝਵਾਨ ਵਪਾਰੀ ਹੋਣ ਕਰਕੇ ਉਸ ਨੇ ਇਸ ਨੂੰ 9 ਮਹੀਨੇ ਵਿਚ ਹੀ ਮੁੜ ਲਾਭ ਕਮਾਉਣ ਵਾਲੀ ਹਵਾਈ ਕੰਪਨੀ ਬਣਾ ਦਿੱਤਾ। ਇਸੇ ਤਰ੍ਹਾਂ ਸਤਿਅਮ ਕੰਪਿਊਟਰਜ਼ ਸਿਸਟਮ ਨੂੰ ਭਾਰਤ ਵਿਚ ਸਭ ਤੋਂ ਵੱਡੇ ਘਪਲੇ (ਫਰਾਡ) ਦਾ ਸਾਹਮਣਾ ਕਰਨਾ ਪਿਆ। ਟੈਕ ਮਹਿੰਦਰਾ ਨੇ ਇਸ ਕੰਪਨੀ ਨੂੰ ਆਪਣੇ ਹੱਥ ਵਿੱਚ ਲਿਆ। ਮਹਿੰਦਰਾ ਸਤਿਅਮ ਦੇ ਨਾਂ ਹੇਠ ਇਸ ਕੰਪਨੀ ਨੇ 2009-10 ਦੇ ਪਹਿਲੇ 6 ਮਹੀਨਿਆਂ ਵਿਚ 2500 ਕਰੋੜ ਦਾ ਲਾਭ ਕਮਾਇਆ ਜਦ ਕਿ ਇਸ ਤੋਂ ਪਹਿਲਾਂ 2008-09 ਵਿਚ ਇਹ 10 ਹਜ਼ਾਰ ਕਰੋੜ ਰੁਪਏ ਦੇ ਘਾਟੇ ਵਿਚ ਸੀ। ਇਸ ਲਈ ਜੇ ਏਅਰ ਇੰਡੀਆ ਦਾ ਚੇਅਰਮੈਨ ਜੇ.ਆਰ.ਡੀ. ਟਾਟਾ ਵਰਗਾ ਸੂਝਵਾਨ ਵਪਾਰੀ ਬਣਾ ਦਿੱਤਾ ਜਾਵੇ ਤੇ ਉਸ ਦੇ ਨਾਲ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਆਈ.ਏ.ਐਸ. ਅਫਸਰਾਂ ਦੀ ਥਾਂ ਤੇ ਇਸ ਪੇਸ਼ੇ ਨਾਲ ਜੁੜੇ ਵਿਅਕਤੀ ਲਏ ਜਾਣ, ਸਿਆਸੀ ਦਖਲ ਅੰਦਾਜ਼ੀ ਬੰਦ ਕਰ ਦਿੱਤੀ ਜਾਵੇ ਤਾਂ ਇਹ ਵੀ 6 ਮਹੀਨੇ ਵਿਚ ਲਾਭ ਕਮਾਉਣ ਵਾਲਾ ਅਦਾਰਾ ਬਣ ਸਕਦਾ ਹੈ। ਦੂਜਾ ਬਦਲ ਇਹ ਹੈ ਕਿ ਸ੍ਰੀ ਲੰਕਾ ਵਾਂਗ ਏਅਰ ਇੰਡੀਆ ਨੂੰ ਕਿਸੇ ਦੂਜੀ ਏਅਰ ਲਾਇਨ ਦਾ ਕੰਟਰੋਲ ਹੇਠ ਦੇ ਦਿੱਤਾ ਜਾਵੇ। 1998 ਵਿਚ ਸ੍ਰੀ ਲੰਕਾ ਸਰਕਾਰ ਨੇ ਡੁਬਈ ਦੀ ਏਮੀਰੇਟਸ ਏਅਰ ਲਾਈਨਜ਼ ਨਾਲ ਸਮਝੌਤਾ ਕਰਕੇ ਸ੍ਰੀ ਲੰਕਨ ਏਅਰਲਾਇਨਜ਼ ਨੂੰ 10 ਸਾਲ ਲਈ ਚਲਾਉਣ ਲਈ ਦੇ ਦਿੱਤਾ। ਏਮੀਰੇਟਸ ਨੇ 40 ਪ੍ਰਤੀਸ਼ਤ ਸ਼ੇਅਰ ਜੋ ਕਿ ਬਾਦ ਵਿਚ 43.6 ਪ੍ਰਤੀਸ਼ਤ ਕਰ ਦਿੱਤੇ ਗਏ ਖਰੀਦੇ। 2008 ਵਿਚ ਇਹ ਮੁੜ ਸ੍ਰੀ ਲੰਕਾ ਸਰਕਾਰ ਦੇ ਅਧੀਨ ਆ ਗਈ। ਹੁਣ ਇਹ ਏਅਰ ਲਾਇਨ ਬਹੁਤ ਵਧੀਆ ਚੱਲ ਰਹੀ ਹੈ। ਸ੍ਰੀ ਲੰਕਾ ਸਰਕਾਰ ਨੇ ਸ਼ੇਅਰ ਵੀ ਮੁੜ ਵਾਪਸ ਖਰੀਦ ਲਏ ਹਨ। ਭਾਰਤ ਸਰਕਾਰ ਵੀ ਇਸੇ ਤਰ੍ਹਾਂ 10 ਸਾਲ ਏਅਰ ਇੰਡੀਆ ਕਿਸੇ ਹੋਰ ਏਅਰ ਲਾਇਨ ਨੂੰ ਦੇ ਕੇ ਇਸ ਦੇ ਸੰਕਟ ਵਿਚੋਂ ਨਿਕਲ ਸਕਦੀ ਹੈ।

ਇਸ ਲਈ ਜੇ ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ। ਇਸ ਲਈ ਹੜਤਾਲੀ ਪਾਇਲਟਾਂ ਨਾਲ ਗੱਲਬਾਤ ਕਰਕੇ ਜਿਵੇਂ ਕਿ ਉਪਰ ਵਰਨਣ ਕੀਤਾ ਗਿਆ ਹੈ ਇਸ ਦਾ ਸਥਾਈ ਹੱਲ ਲੱਭਣਾ ਚਾਹੀਦਾ ਹੈ।

*30 ਜੂਨ 2012*



Academy of the Punjab in North America: http://www.apnaorg.com

# ਪੁਸਤਕ ਰੀਵਿਊ
# ਪੁਸਤਕ: 'ਸਖ਼ੀਰਾ'

ਲੇਖਕ: ਚਰਨਜੀਤ ਸਿੰਘ ਪੰਨੂੰ
ਮੁੱਲ: 15 ਡਾਲਰ
ਪੰਨੇ:210
ਪ੍ਰਕਾਸ਼ਤ :ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ / ਅੰਮ੍ਰਿਤਸਰ

'ਸਖ਼ੀਰਾ' ਅਮਰੀਕਾ ਨਿਵਾਸੀ ਚਰਨਜੀਤ ਸਿੰਘ ਪੰਨੂੰ ਦਾ ਲਿਖਿਆ ਛੇਵਾਂ ਕਹਾਣੀ ਸੰਗ੍ਰਹਿ ਤੇ ਬਾਰ੍ਹਵੀਂ ਪੁਸਤਕ ਹੈ। ਇਸ ਵਿਚ 13 ਕਹਾਣੀਆਂ ਅੰਕਿਤ ਹਨ। 'ਸਖ਼ੀਰਾ' ਕਹਾਣੀ ਜਿਸ ਦੇ ਨਾਂ 'ਤੇ ਇਸ ਪੁਸਤਕ ਦਾ ਨਾਂ ਰੱਖਿਆ ਗਿਆ ਹੈ, ਲੇਖਕ ਦੇ ਜੱਦੀ ਪਿੰਡ ਨਾਲ ਸੰਬੰਧਿਤ ਹੈ। 'ਸਖ਼ੀਰਾ' ਨਾਂ ਕਿਵੇਂ ਪਿਆ ? ਰੇਲਵੇ ਸਟੇਸ਼ਨ ਪਿੰਡ ਦੀ ਹਦੂਦ ਵਿਚ ਹੋਣ ਦੇ ਬਾਵਜੂਦ ਰੇਲਵੇ ਸਟੇਸ਼ਨ ਦਾ ਨਾਂ 'ਜੰਡੋਕੇ' ਕਿਉਂ ਪਿਆ ? ਅਤੇ ਇਸ ਪਿੰਡ ਦੀਆਂ ਨਾਮਵਰ ਸ਼ਖ਼ਸੀਅਤਾਂ ਤੇ ਮਹੱਤਵਪੂਰਨ ਘਟਨਾਵਾਂ ਬਾਰੇ ਇਸ ਕਹਾਣੀ ਵਿਚ ਰੌਸ਼ਨੀ ਪਾਈ ਗਈ ਹੈ। ਇਸ ਪਿੰਡ ਨੇ ਜਿਥੇ ਜਤਿੰਦਰ ਪੰਨੂ ਵਰਗੇ ਪ੍ਰਸਿੱਧ ਲੇਖਕ ਤੇ ਪੱਤਰਕਾਰ ਪੈਦਾ ਕੀਤੇ ਹਨ, ਉਥੇ ਸੁਖਦੇਵ ਸਿੰਘ ਸਖ਼ੀਰਾ ਵਰਗੇ ਨਾਮਵਰ ਖਾੜਕੂ ਵੀ ਪੈਦਾ ਕੀਤੇ, ਜਿਨ੍ਹਾਂ ਦੀ ਇਲਾਕੇ ਵਿਚ ਬਹੁਤ ਚੜ੍ਹਤ ਰਹੀ ਹੈ। 'ਬੱਕਰੇ' ਵੀ ਇਸੇ ਪਿੰਡ ਨਾਲ ਸੰਬੰਧਿਤ ਕਹਾਣੀ ਹੈ। ਸਾਕਾ ਨੀਲਾ ਤਾਰਾ ਸਮੇਂ 1984 ਵਿਚ ਖਾੜਕੂਵਾਦ ਦਾ ਸੰਤਾਪ ਕਿਵੇਂ ਪਿੰਡ ਨੂੰ ਹੰਢਾਉਣਾ ਪਿਆ, ਇਸ ਬਾਰੇ ਲੇਖਕ ਨੇ ਪਾਠਕਾਂ ਦਾ ਧਿਆਨ ਦਿਵਾਇਆ ਹੈ ਤਾਂ ਜੋ ਜਿਹੜੀਆਂ ਵਧੀਕੀਆਂ ਮਿਲਟਰੀ ਤੇ ਪੁਲੀਸ ਨੇ ਕੀਤੀਆਂ ਹਨ, ਉਹ ਇਤਿਹਾਸ ਦਾ ਹਿੱਸਾ ਬਣ ਸਕਣ।

'ਔਰੈਟ' ਲੰਬੜਦਾਰ ਸਾਧੂ ਸਿੰਘ ਉਰਫ਼ ਔਰੈਟ ਨਾਲ ਸੰਬੰਧਿਤ ਕਹਾਣੀ ਹੈ ਜੋ ਆਪਣੀ ਇਕਲੌਤੀ ਬੇਟੀ ਨੂੰ ਅਮਰੀਕਾ ਭੇਜਣ ਦੇ ਸੁਪਨੇ ਲੈਂਦਾ ਹੈ, ਪਰ ਇਹ ਸੁਪਨੇ ਅਮਰੀਕਾ ਵਿਚ ਜਾ ਕੇ ਚਕਨਾਚੂਰ ਹੋ ਜਾਂਦੇ ਹਨ। ਇਹ ਕਹਾਣੀ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਦੇ ਦੁਖਾਂਤ ਦੀ ਸਹੀ ਤਸਵੀਰ ਪੇਸ਼ ਕਰਦੀ ਹੈ।

'ਸੂਲੀ ਟੰਗੀ ਸੋਚ' ਇਕ ਪੁਰਸ਼ ਦੇ ਮਾਨਸਿਕ ਉਤਰਾਵਾਂ-ਚੜ੍ਹਾਵਾਂ ਨੂੰ ਪੇਸ਼ ਕਰਦੀ ਕਹਾਣੀ ਹੈ, ਜੋ ਇਕ ਵਿਦੇਸ਼ੀ ਔਰਤ ਪਾਸੋਂ ਮਾਲਸ਼ ਕਰਾਉਣ ਜਾਂਦਾ ਹੈ। 'ਚੋਣ ਮਰਯਾਦਾ' ਭਾਰਤੀ ਚੋਣ ਪ੍ਰਣਾਲੀ 'ਤੇ ਇਕ ਵਿਅੰਗ ਹੈ। 'ਡਾਇਰੀ ਦਾ ਪੰਨਾ' ਭਾਰਤੀ ਕਿਰਦਾਰ



Academy of the Punjab in North America: http://www.apnaorg.com

ਦੀ ਮੂੰਹ-ਬੋਲਦੀ ਤਸਵੀਰ ਹੈ, ਜਿਥੇ ਵਿਦੇਸ਼ਾਂ ਵਿਚ ਸਮੇਂ ਸਿਰ ਕੰਮ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਹੈ, ਉੱਥੇ ਸਾਡੇ ਸਰਕਾਰੀ ਦਫ਼ਤਰਾਂ ਵਿਚ ਹੀ ਨਹੀਂ, ਸਗੋਂ ਘਰਾਂ ਵਿਚ ਕੰਮ ਕਰਨ ਵਾਲੇ ਰਾਜ-ਮਿਸਤਰੀ ਵਗੈਰਾ ਲਈ ਵੀ ਸਮੇਂ 'ਤੇ ਕੰਮ ਦੀ ਕੋਈ ਕਦਰ ਨਹੀਂ।

'ਮਾਸਟਰ ਘੁੱਗ ਸੈਨ' ਕਹਾਣੀ ਭਾਵੇਂ 'ਐਪ੍ਰਿਲ ਫ਼ੂਲ' ਨਾਲ ਸੰਬੰਧਿਤ ਹੈ, ਪਰ ਇਸ ਵਿਚ ਲੇਖਕ ਨੇ ਆਪਣੇ ਸਾਥੀ ਅਧਿਆਪਕ 'ਮਾਸਟਰ ਘੁੱਗ ਸੈਨ' ਦੇ ਕਿਰਦਾਰ ਰਾਹੀਂ ਸਕੂਲ ਦੇ ਪ੍ਰਿੰਸੀਪਲ ਸ. ਮਾਹਣਾ ਸਿੰਘ ਨੂੰ ਇਕ ਨੇਕ ਦਿਲ ਅਤੇ ਦੂਰ-ਅੰਦੇਸ਼ ਸਖਸ਼ੀਅਤ ਉਜਾਗਰ ਕੀਤਾ ਹੈ, ਜੋ ਘੁੱਗ ਸੈਨ ਨੂੰ ਆਤਮ-ਹੱਤਿਆ ਕਰਨ ਤੋਂ ਵਰਜਦਾ ਹੈ। ਭਾਵੇਂ ਲੇਖਕ ਨੇ ਸਕੂਲ ਦਾ ਨਾਂ ਨਹੀਂ ਲਿਖਿਆ, ਪਰ ਉਹ ਖ਼ਾਲਸਾ ਕਾਲਜ ਸੀ.ਸੈ. ਸਕੂਲ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ। ਮੈਂ ਵੀ ਉਹਨਾਂ ਦਾ ਵਿਦਿਆਰਥੀ ਰਿਹਾ ਹਾਂ, ਜਿਥੇ ਉਹ ਇਕ ਸੁਯੋਗ ਸਕੂਲ ਮੁਖੀ ਸਨ, ਉੱਥੇ ਉਹ ਇਕ ਚੰਗੇ ਅਧਿਆਪਕ ਵੀ ਸਨ। ਵਾਕਿਆ ਹੀ ਉਹ ਦਰਵੇਸ਼ ਰਹਿਬਰ ਮਹਾਂਪੁਰਸ਼ ਸਨ ਜਿਵੇਂ ਕਿ ਇਸ ਕਹਾਣੀ ਵਿਚ ਦਰਸਾਇਆ ਹੈ।

'ਛਤਰੀ' ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਦੀ ਅਜਿਹੀ ਤਸਵੀਰ ਪੇਸ਼ ਕਰਦੀ ਹੈ ਕਿ ਪਰਉਪਕਾਰੀ ਤੇ ਦੂਜਿਆਂ ਨੂੰ ਛਤਰੀ ਵਾਂਗ ਸਹਾਰਾ ਦੇਣ ਵਾਲੇ ਕਿਵੇਂ ਨਸ਼ਿਆਂ ਦੀ ਸਮਗਲਿੰਗ ਵਿਚ ਖਚਿਤ ਅੰਦਰੋਂ ਤਨ-ਮਨ ਦੇ ਖੋਟੇ ਵਹਿਸ਼ੀ ਦਰਿੰਦੇ ਸਾਬਤ ਹੁੰਦੇ ਹਨ। ਅਮਰੀਕੀ ਕਾਲਜ ਵਿਚ ਜਾ ਕੇ ਇਕ ਪੰਜਾਬੀ ਵਿਦਿਆਰਥਣ ਸ਼ਰਮ ਹਯਾ ਲਾਹ ਕੇ ਕਿਵੇਂ ਨਸ਼ਿਆਂ ਅਤੇ ਸੈਕਸ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਲਈ ਮਜਬੂਰ ਹੁੰਦੀ ਹੈ, ਉਸ ਬਾਰੇ ਵੀ ਚਾਨਣਾ ਪਾਇਆ ਗਿਆ ਹੈ।

'ਗਡੀਹਰਾ' ਅੰਧ-ਵਿਸ਼ਵਾਸਾਂ ਵਿਚ ਫਸੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਦਰਸਾਉਂਦੀ ਕਹਾਣੀ ਹੈ। ਬੱਚਿਆਂ ਦੁਆਰਾ ਪਿਛਲੇ ਜਨਮ ਦੀਆਂ ਕਹਾਣੀਆਂ ਸੁਣ ਕੇ ਬਿਨਾਂ ਕਿਸੇ ਸਬੂਤ ਦੇ ਉਹਨਾਂ ਦੀ ਪੂਜਾ ਕਰਨਾ ਅੰਧ-ਵਿਸ਼ਵਾਸਸੀ ਪੰਜਾਬੀਆਂ ਦਾ ਸੁਭਾਅ ਬਣ ਚੁੱਕਾ ਹੈ। ਕਹਾਣੀ ਦਾ ਮੁੱਖ-ਪਾਤਰ ਬਲਕਾਰਾ ਆਪਣੇ ਹੀ ਰਿਸ਼ਤੇਦਾਰ ਕੋਲੋਂ ਕਤਲ ਹੋ ਚੁੱਕਾ ਹੈ, ਪਰ ਉਸ ਦੀ ਮਾਤਾ ਅਜਿਹੇ ਹੀ ਬੱਚੇ ਵਿਚ ਉਸ ਦੇ ਰੂਪ ਨੂੰ ਵੇਖਦੀ ਹੈ, ਜੋ ਕਹਿੰਦਾ ਹੈ ਕਿ ਮੈਂ ਦੁਬਾਰਾ ਜਨਮ ਇਸ ਲਈ ਲਿਆ, ਕਿਉਂਕਿ ਮੇਰੀ ਉਮਰ ਅਜੇ ਬਾਕੀ ਸੀ।

'ਗੁਮਿਨਾਮ' ਇਕ ਇਕ-ਪਾਸੜ ਪਿਆਰ ਦੀ ਕਹਾਣੀ ਹੈ। ਕਹਾਣੀ ਦੇ ਨਾਇਕ ਸੁਖਰਾਜ ਨੂੰ ਉਸ ਦੀਆਂ ਜਮਾਤਣਾਂ ਪਿਆਰ ਕਰਦੀਆਂ ਹਨ, ਪਰ ਉਹ ਉਹਨਾਂ ਵੱਲ ਧਿਆਨ ਨਹੀਂ ਦਿੰਦਾ। ਪਿਆਰ ਦੇ ਪ੍ਰਗਟਾਵੇ ਵਾਲੀ ਇਕ ਗੁਮਿਨਾਮ ਚਿੱਠੀ ਜੋ ਉਸ ਨੂੰ ਮਿਲਦੀ ਹੈ, 'ਤੇ ਕੇਂਦਰਿਤ ਹੈ ਇਹ ਕਹਾਣੀ।

'ਮੁੱਛ' ਇਕ ਐਸੇ ਭਾਰਤੀ ਦੀਆਂ ਮਨੋਭਾਵਾਂ ਨੂੰ ਪੇਸ਼ ਕਰਦੀ ਕਹਾਣੀ ਹੈ ਜੋ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਜਾ ਰਿਹਾ ਹੈ। ਅਮਰੀਕੀ ਨਾਗਰਿਤਾ ਹਾਸਲ ਕਰਨ ਦੀ ਖੁਸ਼ੀ ਉੱਪਰ ਉਸ ਦੇ ਆਪਣੇ ਦੇਸ਼ ਦੀ ਬੇਗਾਨਗੀ, ਮਿੱਟੀ ਦਾ ਮੋਹ, ਨਜ਼ਦੀਕੀ ਰਿਸ਼ਤੇਦਾਰ, ਆਪਣਾ ਸੱਭਿਆਚਾਰ ਭਾਰੂ ਹੁੰਦਾ ਦਰਸਾਇਆ ਗਿਆ ਹੈ, ਪਰ ਉਹ



Academy of the Punjab in North America: http://www.apnaorg.com

ਅਜਿਹੀ ਸਥਿਤੀ ਵਿਚ ਹੈ ਕਿ ਕਰ ਕੁਝ ਨਹੀਂ ਸਕਦਾ। ਵਿਆਹੇ ਹੋਣ ਦੇ ਬਾਵਜੂਦ ਵੀ ਭਾਰਤੀ ਕਿਵੇਂ ਉਥੋਂ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਨਕਲੀ ਵਿਆਹ ਕਰਵਾ ਕੇ ਨਾਗਰਿਕਤਾ ਮਿਲਣ ਪਿੱਛੋਂ ਕਿਵੇਂ ਤਲਾਕ ਲੈ ਲੈਂਦੇ ਹਨ, ਨੂੰ ਵੀ ਪੇਸ਼ ਕੀਤਾ ਗਿਆ ਹੈ।

'ਬੇਦਾਵਾ' ਅਮਰੀਕੀ ਸ਼ਹਿਰੀ ਬਣਨ ਲਈ ਲਿਖਤੀ ਪ੍ਰੀਖਿਆ ਦੇਣ ਜਾ ਰਹੇ ਪੰਜਾਬੀ ਨਾਲ ਸੰਬੰਧਿਤ ਮਨੋਵਿਗਿਆਨਕ ਕਹਾਣੀ ਹੈ। ਪਹਿਲਾਂ ਰਸਤੇ ਵਿਚ ਲੁੱਟੇ ਗਏ ਆਪਣੀ ਸਾਥੀ ਦੀ ਕਹਾਣੀ ਯਾਦ ਕਰਕੇ ਡਰਦਾ-ਡਰਦਾ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ। ਫਿਰ ਪਾਰਕਿੰਗ ਵਾਲੀ ਥਾਂ 'ਤੇ ਉਸ ਨੂੰ ਪੁਲੀਸ ਵਾਲੇ ਸ਼ੱਕ ਦੇ ਆਧਾਰ 'ਤੇ ਤੰਗ ਕਰਦੇ ਹਨ। ਉਪਰੰਤ ਲਿਖਤੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਸ ਨੂੰ ਸਹੁੰ ਖੁਆਈ ਜਾਂਦੀ ਹੈ, "ਮੈਂ ਆਪਣੇ ਦੇਸ਼ ਦੀਆਂ ਵਫਾਦਾਰੀਆਂ ਨੂੰ ਤਿਲਾਂਜਲੀ ਦੇ ਦਿਆਂਗਾ।" ਇਹ ਉਸ ਨੂੰ ਆਪਣੀ ਜਨਮ-ਭੋਂ ਨਾਲ ਗ਼ੱਦਾਰੀ ਨਜ਼ਰ ਆਉਂਦੀ ਹੈ।

ਇਸ ਤਰ੍ਹਾਂ ਇਹ ਕਹਾਣੀ ਸੰਗ੍ਰਹਿ ਇਕ ਅਜਿਹਾ ਵਿਲੱਖਣ ਗੁਲਦਸਤਾ ਹੈ, ਜਿਸ ਵਿਚ ਵੱਖ-ਵੱਖ ਤਰਾਂ ਦੇ ਫੁੱਲ ਆਪਣੀ ਮਹਿਕ ਖਿੰਡਾ ਰਹੇ ਹਨ। ਇਹਨਾਂ ਕਹਾਣੀਆਂ ਵਿਚ ਅਮਰੀਕਾ ਬਾਰੇ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ, ਜਿਸ ਬਾਰੇ ਆਮ ਸਾਧਾਰਨ ਪਾਠਕ ਅਣਜਾਣ ਹੈ। ਇਹਨਾਂ ਕਹਾਣੀਆਂ ਵਿਚ ਲੇਖਕ ਆਪ ਹੀ ਅਸਲ ਵਿਚ ਸਾਡੇ ਅੰਗ-ਸੰਗ ਰਹਿੰਦਾ ਹੈ। ਅਮਰੀਕਾ ਵਿਚ ਲੰਮੇ ਸਮੇਂ ਤੋਂ ਰਹਿਣ ਕਰਕੇ ਉਸ ਨੇ ਅਮਰੀਕਾ ਨੂੰ ਕਰੀਬ ਹੋ ਕੇ ਵੇਖਿਆ ਹੈ ਤੇ ਬਹੁਤ ਕੁਝ ਆਪਣੇ ਪਿੰਡੇ 'ਤੇ ਹੰਢਾਇਆ ਹੈ। ਬਹੁਤੀਆਂ ਕਹਾਣੀਆਂ ਵਿਚ ਉਸ ਦਾ ਨਿੱਜ ਝਲਕਾਂ ਮਾਰਦਾ ਹੈ। ਪਾਠਕ ਇਨਾਂ ਕਹਾਣੀਆਂ ਦਾ ਭਰਪੂਰ ਆਨੰਦ ਮਾਣਦਾ ਹੈ।

*19 ਅਪ੍ਰੈਲ 2012*



Academy of the Punjab in North America: http://www.apnaorg.com

# ਹਲਕਾ ਵਿਕਾਸ ਫੰਡ ਵੀ ਹੈ ਘਪਲਿਆਂ ਦਾ ਸ਼ਿਕਾਰ

ਅਜਕਲ ਮੀਡਿਆ ਵਿਚ ਘਪਲਿਆਂ ਦਾ ਬੋਲ ਬਾਲਾ ਹੈ ਪਰ ਇਕ ਘਪਲਿਆਂ ਦਾ ਖੇਤਰ ਹਲਕਾ ਵਿਕਾਸ ਫੰਡ ਵੀ ਹੈ, ਜਿਸ ਦਾ ਕੋਈ ਜ਼ਿਕਰ ਨਹੀਂ ਹੋ ਰਿਹਾ। ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਅਨੁਸਾਰ ਇਹ ਫੰਡ ਕੁਰਪਸ਼ਨ ਫੰਡ ਹੈ ਤੇ ਇਸ ਫੰਡ ਨਾਲ ਹੁੰਦੇ ਕੰਮ ਵੀ ਮਿਆਰੀ ਨਹੀਂ ਹੁੰਦੇ। ਬਿਹਾਰ ਦੇ ਅੰਕੜੇ ਦੱਸਦੇ ਹਨ ਕਿ ਵਿਧਾਇਕਾਂ ਨੂੰ ਦਿੱਤੇ ਜਾਂਦੇ ਹਲਕਾ ਫੰਡ ਅਨੁਸਾਰ ਹੋਏ ਕੰਮਾਂ ਵਿਚੋਂ ਕੇਵਲ 35 ਪ੍ਰਤੀਸ਼ਤ ਮਿਆਰੀ ਸਨ, 52 ਪ੍ਰਤੀਸ਼ਤ ਅਰਧ ਮਿਆਰੀ (ਸਬ ਸਟੈਂਡਰਡ) ਤੇ 12 ਪ੍ਰਤੀਸ਼ਤ ਬਿਲਕੁਲ ਨਿਕੰਮੇ ਭਾਵ ਨਾ ਹੋਇਆਂ ਵਰਗੇ ਸਨ। 2010 ਵਿਚ ਬਿਹਾਰ ਸਰਕਾਰ ਨੇ ਵਿਧਾਇਕਾਂ ਨੂੰ ਦਿੱਤਾ ਜਾਂਦਾ ਹਲਕਾ ਵਿਕਾਸ ਫੰਡ ਬੰਦ ਕਰ ਦਿੱਤਾ। ਬਿਹਾਰ ਦੇ ਉਪ-ਮੁੱਖ ਮੰਤਰੀ ਸ੍ਰੀ ਸ਼ੁਸ਼ੀਲ ਕੁਮਾਰ ਮੋਦੀ ਜੋ ਕਿ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਹਨ ਨੇ ਬਿਹਾਰ ਸਰਕਾਰ ਦੇ ਇਸ ਫੈਸਲੇ ਦੀ ਸਰਾਹਨਾ ਕਰਦੇ ਹੋਏ ਇਸ ਨੂੰ ਇਤਿਹਾਸਕ ਫੈਸਲਾ ਕਰਾਰ ਦਿੱਤਾ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਪਾਰਲੀਮੈਂਟ ਮੈਂਬਰਾਂ ਨੂੰ ਦਿੱਤਾ ਜਾਂਦਾ ਹਲਕਾ ਵਿਕਾਸ ਸਕੀਮ ਬੰਦ ਕਰੇ।

ਸ੍ਰੀ ਨਰਸਿਮਾ ਰਾਓ ਦੀ ਸਰਕਾਰ ਵੇਲੇ 1993-94 ਵਿੱਚ ਹਲਕਾ ਵਿਕਾਸ ਫੰਡ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਹਰ ਸੰਸਦ ਮੈਂਬਰ ਨੂੰ 1 ਕਰੋੜ ਰੁਪਏ ਜਨਤਕ ਕੰਮਾਂ ਉੱਤੇ ਖਰਚ ਕਰਨ ਲਈ ਦਿੱਤੇ ਗਏ ਸਨ। ਬਾਅਦ ਵਿੱਚ ਇਹ ਰਾਸ਼ੀ 2 ਕਰੋੜ ਰੁਪਏ ਕਰ ਦਿੱਤੀ ਗਈ। 2011 ਦੇ ਮਾਰਚ ਵਿੱਚ ਬਜਟ ਸੈਸ਼ਨ ਦੌਰਾਨ ਖਜ਼ਾਨਾ ਮੰਤਰੀ ਨੇ ਇਹ ਰਾਸ਼ੀ 5 ਕਰੋੜ ਰੁਪਏ ਕਰਨ ਦਾ ਐਲਾਨ ਕੀਤਾ ਸੀ। 7 ਜੁਲਾਈ 2011 ਨੂੰ ਮੰਤਰੀ ਮੰਡਲ ਦੀ ਬੈਠਕ ਵਿੱਚ ਇਸ ਨੂੰ ਪ੍ਰਵਾਨਗੀ ਦਿੱਤੀ ਗਈ। ਲੋਕ ਸਭਾ ਦੇ 545 ਅਤੇ ਰਾਜ ਸਭਾ ਦੇ 250 ਮੈਂਬਰ ਹਨ। ਇਸ ਫੰਡ ਵਿਚ ਪਹਿਲਾਂ 1580 ਕਰੋੜ ਰੁਪਏ ਸਾਲਾਨਾ ਖਰਚ ਹੁੰਦੇ ਸਨ। ਇਸ ਪ੍ਰਵਾਨਗੀ ਨਾਲ 3950 ਕਰੋੜ ਰੁਪਏ ਸਾਲਾਨਾ ਖਰਚ ਹੋਣ ਲਗੇ। ਇਸ ਤਰਾਂ ਇਹ ਵਾਧਾ 2370 ਕਰੋੜ ਦਾ ਕੀਤਾ ਗਿਆ। ਸਰਕਾਰੀ ਐਲਾਨ ਅਨੁਸਾਰ ਇਸ ਸਕੀਮ ਅਧੀਨ 22490.57 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ, ਜਿਸ ਵਿਚੋਂ ਪਿਛਲੇ ਸਾਲ 20454.56 ਕਰੋੜ ਖਰਚ ਕੀਤੇ ਗਏ।

ਕੇਂਦਰ ਸਰਕਾਰ ਵੱਲ ਵੇਖ ਕੇ ਰਾਜ ਸਰਕਾਰ ਨੇ ਵੀ ਵਿਧਾਇਕਾਂ ਲਈ ਵੀ ਅਜਿਹੇ ਫੰਡ ਜਾਰੀ ਕਰਨੇ ਸ਼ੁਰੂ ਕੀਤੇ। 1993 ਵਿੱਚ ਜਦੋਂ ਤੋਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਨਰਸਿਮਾ ਰਾਓ ਨੇ ਇਹ ਫ਼ੰਡ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਤੋਂ ਹੀ ਇਸ ਦੀ ਦੁਰਵਰਤੋਂ ਅਤੇ ਵਿਧੀ ਵਿਧਾਨ ਨੂੰ ਲੈ ਕੇ ਆਲੋਚਨਾ ਹੁੰਦੀ ਰਹੀ ਹੈ ਤੇ ਇਸ ਨੂੰ ਬੰਦ ਕਰਨ ਦੀ



Academy of the Punjab in North America: http://www.apnaorg.com

ਮੰਗ ਕੀਤੀ ਜਾਂਦੀ ਰਹੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਸ੍ਰੀ ਨਰਸਿਮਾ ਰਾਓ ਦੀ ਸਰਕਾਰ ਘੱਟ ਗਿਣਤੀ ਵਿੱਚ ਸੀ, ਇਸ ਲਈ ਉਨ੍ਹਾਂ ਨੇ ਆਪਣੀ ਸਰਕਾਰ ਨੂੰ ਬਚਾਉਣ ਲਈ ਪਾਰਲੀਮੈਂਟ ਮੈਂਬਰਾਂ ਨੂੰ ਖ਼ੁਸ਼ ਕਰਨ ਲਈ ਇਹ ਫੰਡ ਜਾਰੀ ਕੀਤਾ ਸੀ ਤੇ ਮੌਜੂਦਾ ਕਾਂਗਰਸ ਅਗਵਾਈ ਵਾਲੀ ਸਾਂਝੀ ਸਰਕਾਰ ਨੇ ਵੀ ਪਿਛਲੇ ਸਾਲ ਹਰੇਕ ਪਾਰਲੀਮੈਂਟ ਮੈਂਬਰ ਨੂੰ 2 ਕਰੋੜ ਦੀ ਥਾਂ 'ਤੇ 5 ਕਰੋੜ ਦਾ ਗੱਫਾ ਦੇ ਕੇ ਸ੍ਰੀ ਨਰਸਿਮਾਂ ਰਾਓ ਦਾ ਇਤਿਹਾਸ ਹੀ ਦੁਹਰਾਇਆ ਹੈ। ਇਹ ਇਕ ਕਿਸਮ ਦੀ ਕਥਿਤ ਤੌਰ 'ਤੇ ਰਿਸ਼ਵਤ ਹੀ ਹੈ।

ਕੈਗ (ਕੰਟਰੋਲਰ ਐਂਡ ਆਡੀਟਰ ਜਨਰਲ) ਜੋ ਕਿ ਦੇਸ਼ ਦੇ ਕੰਮਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਹੈ, ਜਿਸ ਨੇ ਜੀ ਸਪੈਕਟਰਮ, ਕੋਲ ਖਾਣਾਂ ਦਾ ਘੁਟਾਲਾ ਤੇ ਹੋਰ ਘੁਟਾਲੇ ਫੜੇ, ਨੇ ਇਸ ਫੰਡ ਦੀ ਦੁਰਵਰਤੋਂ ਵੱਲ ਕਈ ਵੇਰ ਧਿਆਨ ਦੁਆਇਆ ਹੈ। ਕੈਗ ਦਾ ਇਹ ਵੀ ਕਹਿਣਾ ਹੈ ਕਿ ਇਸ ਫੰਡ ਅਧੀਨ ਹੁੰਦੇ ਖ਼ਰਚੇ ਦੀ ਦੇਖ ਰੇਖ ਕੋਈ ਨਹੀ ਕਰਦਾ। ਕੈਗ ਨੇ 2001 ਵਿੱਚ ਇਸ ਪ੍ਰੋਗਰਾਮ ਦਾ ਮੁੜ-ਮੁਲੰਕਣ ਕਰਨ ਦੀ ਸਿਫ਼ਾਰਿਸ਼ ਦੇ ਨਾਲ ਨਾਲ ਇਸ ਦੀ ਵਰਤੋਂ ਵਿਚ ਪਾਰਦਰਸ਼ਤਾ ਲਿਆਉਣ ਲਈ ਵੀ ਕਿਹਾ ਸੀ। ਵਿੱਤੀ ਮਾਮਲਿਆਂ ਬਾਰੇ ਪਾਰਲੀਮੈਂਟ ਕਮੇਟੀ ਨੇ 1998-99 ਦੀ ਰਿਪੋਰਟ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਸਕੀਮ ਵਿਚ ਸ਼ੱਕ ਹੈ ਕਿਉਂਕਿ ਜਿਹੜਾ ਵਿਭਾਗ ਇਹ ਰਕਮ ਦਿੰਦਾ ਹੈ, ਉਹ ਇਸ ਦੀ ਵਰਤੋਂ ਦੀ ਪੜਤਾਲ ਨਹੀਂ ਕਰਦਾ।

ਇਸ ਦੀ ਦੁਰਵਰਤੋਂ ਦੀ ਪੁਸ਼ਟੀ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡੀਵੈਲਪਮੈਂਟ (ਨਬਾਰਡ) ਵਲੋਂ 2010 ਵਿਚ ਜਾਰੀ ਰਿਪੋਰਟ ਤੋਂ ਵੀ ਹੁੰਦੀ ਹੈ। ਹਰ ਪਾਰਲੀਮੈਂਟ ਮੈਂਬਰ ਨੂੰ ਇਹ ਪੈਸੇ ਲੋਕ ਭਲਾਈ ਲਈ ਦਿੱਤੇ ਜਾਂਦੇ ਹਨ ਪਰ ਇਸ ਸੰਸਥਾ ਵਲੋ 135 ਹਲਕਿਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪਾਰਲੀਮੈਂਟ ਮੈਂਬਰਾਂ ਨੇ ਇਹ ਰਕਮ ਸੜਕਾਂ, ਸਰਕਾਰੀ ਸਕੂਲਾਂ, ਹਸਪਤਾਲ ਵਗੈਰਾ 'ਤੇ ਖਰਚ ਕਰਨ ਦੀ ਥਾਂ 'ਤੇ ਧਾਰਮਿਕ ਸੰਸਥਾਵਾਂ, ਮੰਦਰਾਂ, ਚਰਚਾਂ, ਸਰਕਾਰੀ ਅਫਸਰਾਂ ਦੇ ਨਿੱਜੀ ਖਰਚਿਆਂ ਤੇ ਇਥੋਂ ਤੀਕ ਕਿ ਇਸ ਨੂੰ ਗਬਨ ਕਰਨ ਵਿਚ ਵਰਤਿਆ। ਕੁਦਰਤੀ ਆਫਤਾਂ ਜਿਵੇਂ ਸੁਨਾਮੀ 2004, ਗੁਜਰਾਤ ਦਾ ਭੂਚਾਲ, ਬਿਹਾਰ ਦੇ ਹੜ੍ਹ ਵਿਚ ਇਸ ਫੰਡ ਵਿਚੋਂ ਜਾਰੀ ਰਾਸ਼ੀ ਦੀ ਕਾਗਜ਼ਾਂ ਵਿਚ ਪੂਰੀ ਵਰਤੋਂ ਕੀਤੀ ਗਈ, ਪਰ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਅੰਡੇਮਾਨ ਤੇ ਨਿਕੋਬਾਰ ਵਿੱਚ ਸੁਨਾਮੀ ਵਿਚ ਕੰਮ ਅਧੂਰਾ ਹੀ ਛੱਡ ਦਿੱਤਾ ਗਿਆ। ਗੁਜਰਾਤ ਸਰਕਾਰ 9 ਕਰੋੜ ਰੁਪਏ ਜੋ ਕਿ ਗੁਜਰਾਤ ਭੂਚਾਲ ਵਿਚ ਨਹੀ ਵਰਤੇ, ਦਾ ਵੇਰਵਾ ਨਹੀਂ ਦੇ ਰਹੀ। ਨਕਲੀ ਕਾਗਜ਼ਾਤ ਬਣਾ ਕੇ ਰਕਮਾਂ ਹੜਪ ਕਰਨ ਦੀਆਂ ਅਨੇਕਾਂ ਉਦਾਹਰਨਾਂ ਦਿੱਤੀਆਂ ਗਈਆਂ ਹਨ।

ਲੋਕ ਸਭਾ ਵਿਚ ਇਸ ਫੰਡ ਦੀ ਘਪਲੇਬਾਜ਼ੀ ਤੇ ਦੁਰਵਤੋਂ ਨੂੰ ਲੈ ਕੇ ਚਰਚਾ ਦੌਰਾਨ, ਇਸ ਫੰਡ ਨੂੰ ਬੰਦ ਕਰਨ ਦੀ ਮੰਗ ਅਕਸਰ ਉਠਦੀ ਰਹੀ ਹੈ। ਲੋਕ ਸਭਾ ਸਪੀਕਰ ਕਾਮਰੇਡ ਸੋਮਨਾਥ ਚੈਟਰਜੀ ਨੇ ਅਜਿਹੇ ਮਾਮਲਿਆਂ ਤੋਂ ਦੁਖੀ ਹੋ ਕੇ ਭਾਰਤ ਸਰਕਾਰ ਨੂੰ ਕਿਹਾ ਸੀ ਕਿ ਇਹ ਫੰਡ ਬੰਦ ਕਰ ਦੇਣਾ ਚਾਹੀਦਾ ਹੈ। ਕੈਗ ਨੇ ਆਪਣੀ ਇਕ ਰਿਪੋਰਟ ਵਿੱਚ ਇਸ ਫੰਡ ਦੀ ਦੁਰਵਰਤੋਂ ਦੇ 8764 ਕੇਸਾਂ ਦੀ ਸੂਚੀ ਜਾਰੀ ਕੀਤੀ। ਮਾਰਚ 2003



Academy of the Punjab in North America: http://www.apnaorg.com

ਵਿੱਚ ਲੋਕ ਸਭਾ ਵਿੱਚ ਮਾਇਆਵਤੀ ਟੇਪ ਮਾਮਲੇ ਵਿੱਚ ਉਸ ਸਮੇਂ ਦੇ ਲੋਕ ਸਭਾ ਸਪੀਕਰ ਸ੍ਰੀ ਮੁਰਲੀ ਮਨੋਹਰ ਜੋਸ਼ੀ ਸਮੇਂ, ਇਸ ਫੰਡ ਦੀ ਦੁਰਵਰਤੋਂ ਬਾਰੇ ਚਰਚਾ ਸਮੇਂ ਕਈ ਮੈਂਬਰਾਂ ਨੇ ਇਹ ਫੰਡ ਬੰਦ ਕਰਨ ਦੀ ਮੰਗ ਕੀਤੀ ਸੀ। 27 ਜਨਵਰੀ 2006 ਨੂੰ ਉਸ ਸਮੇਂ ਦੇ ਲੋਕ ਸਭਾ ਮੈਂਬਰ ਸ੍ਰੀ ਪਵਨ ਕੁਮਾਰ ਬਾਂਸਲ ਜੋ ਕਿ ਇਸ ਸਮੇਂ ਕੇਂਦਰੀ ਮੰਤਰੀ ਹਨ, ਨੂੰ ਉਸ ਲੋਕ ਸਭਾ ਕਮੇਟੀ ਤੋਂ ਅਸਤੀਫਾ ਦੇਣਾ ਪਿਆ ਜੋ ਕਿ ਉਨ੍ਹਾਂ ਦੀ ਅਗਵਾਈ ਕਮੇਟੀ ਵਿੱਚ ਇਸ ਫੰਡ ਦੇ ਘਪਲਿਆਂ ਦੀ ਪੜਤਾਲ ਕਰਨ ਲਈ ਬਣਾਈ ਗਈ ਸੀ ਕਿਉਂਕਿ ਸਾਬਕਾ ਬੀ.ਜੇ.ਪੀ. ਪਾਰਲੀਮੈਂਟ ਮੈਂਬਰ ਸ੍ਰੀ ਸਤਿਆ ਪਾਲ ਜੈਨ ਨੇ ਕਥਿਤ ਦੋਸ਼ ਲਾਇਆ ਸੀ ਕਿ ਸ੍ਰੀ ਬਾਂਸਲ ਨੇ ਆਪਣੇ ਅਖਤਿਆਰੀ ਫੰਡ ਵਿਚੋਂ ਚੰਡੀਗੜ੍ਹ ਗੌਲਫ ਕਲੱਬ ਨੂੰ ਸੁਕੈਸ਼ ਕੋਰਟ ਬਨਾਉਣ ਲਈ 5 ਲੱਖ ਰੁਪਏ ਦਿੱਤੇ ਸਨ, ਜੋ ਕਿ ਬਣਾਇਆ ਨਹੀਂ ਗਿਆ ਸੀ। ਉਨ੍ਹਾਂ ਨੇ ਇਹ ਦੋਸ਼ ਲਾਇਆ ਸੀ ਕਿ ਇਸ ਫੰਡ ਨੂੰ ਜਾਰੀ ਕਰਨ ਤੋਂ ਕੁਝ ਮਹੀਨੇ ਪਹਿਲਾਂ ਉਨ੍ਹਾਂ ਨੂੰ ਇਸ ਕਲੱਬ ਵਲੋਂ ਆਨਰੇਰੀ ਮੈਂਬਰਸ਼ਿਪ ਦਿੱਤੀ ਗਈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਚੰਡੀਗੜ੍ਹ ਪ੍ਰੈਸ ਕਲੱਬ ਨੂੰ ਲਾਇਬਰੇਰੀ ਬਨਾਉਣ ਲਈ 7 ਲੱਖ ਰੁਪਏ ਦਿੱਤੇ ਗਏ ਜੋ ਕਿ ਬਣਾਈ ਨਹੀਂ ਗਈ। ਵਰਨਣਯੋਗ ਹੈ ਕਿ ਲੋਕ ਸਭਾ ਦੇ 10 ਮੈਂਬਰਾਂ ਨੇ ਇਕ ਸਟਰਿੰਗ ਅਪਰੇਸ਼ਨ ਵਿੱਚ ਸੁਆਲ ਪੁੱਛਣ ਲਈ ਕੈਸ਼ ਪ੍ਰਾਪਤ ਕੀਤਾ ਸੀ, ਜਿਸ ਦੀ ਲੋਕ ਸਭਾ ਵਿੱਚ ਗੂੰਜ ਹੋਈ। ਉਸ ਸਮੇਂ ਦੇ ਸਪੀਕਰ ਕਾਮਰੇਡ ਸੋਮਨਾਥ ਚੈਟਰਜੀ ਨੇ ਇਸ ਸਬੰਧੀ ਲੋਕ ਸਭਾ ਮੈਂਬਰਾਂ ਦੀ ਕਮੇਟੀ ਬਣਾਈ ਸੀ, ਜਿਸ ਦੇ ਆਧਾਰ 'ਤੇ ਉਨ੍ਹਾਂ ਦੀ ਲੋਕ ਸਭਾ ਦੀ ਮੈਂਬਰਸ਼ਿਪ ਖਾਰਜ਼ ਕੀਤੀ ਗਈ। ਇਸ ਕਮੇਟੀ ਦੀ ਅਗਵਾਈ ਵੀ ਸ੍ਰੀ ਪਵਨ ਕੁਮਾਰ ਬਾਂਸਲ ਨੇ ਕੀਤੀ ਸੀ।

ਸਾਬਕਾ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਦਾ ਕਾਂਗਰਸ ਨੇ ਜਦ ਰਾਸ਼ਟਰਪਤੀ ਦੇ ਉਮੀਦਵਾਰ ਵਜੋਂ ਨਾਂ ਦਾ ਐਲਾਨ ਕੀਤਾ ਸੀ ਤਾਂ 7 ਜੁਲਾਈ 2007 ਨੂੰ ਉਸ ਸਮੇਂ ਐਨ.ਡੀ.ਏ. ਕਨਵੀਨਰ ਸ੍ਰੀ ਜਾਰਜ਼ ਫਰਨਾਡੇਜ਼ ਦੀ ਅਗਵਾਈ ਵਿੱਚ ਲੋਕ ਸਭਾ ਮੈਂਬਰਾਂ ਦੇ ਇਕ ਡੈਲੀਗੇਟ ਨੇ ਉਸ ਸਮੇਂ ਦੇ ਸਪੀਕਰ ਸ੍ਰੀ ਸੋਮਨਾਥ ਚੈਟਰਜੀ ਨੂੰ ਇਕ ਮੈਮੋਰੰਡਮ ਉਨ੍ਹਾਂ ਵਿਰੁੱਧ ਦਿੱਤਾ ਸੀ। ਉਸ ਮੈਮੋਰੰਡਮ ਵਿਚ ਹੋਰਨਾਂ ਕਥਿਤ ਦੋਸ਼ਾਂ ਤੋਂ ਇਲਾਵਾ ਇਹ ਵੀ ਦੋਸ਼ ਸਨ ਕਿ ਉਨ੍ਹਾਂ ਨੇ 1995 ਵਿੱਚ ਐਮ.ਪੀ. ਫੰਡਾਂ ਵਿਚੋਂ 36 ਲੱਖ ਰੁਪਏ ਸਪੋਰਟਸ ਕੰਪਲੈਕਸ ਬਨਵਾਉਣ ਲਈ ਦਿੱਤੇ ਸਨ, ਜੋ ਉਸ ਕਾਲਜ ਦੇ ਨੇੜੇ ਸੀ ਜੋ ਕਿ ਇਕ ਉਨ੍ਹਾਂ ਦੇ ਪਰਿਵਾਰ ਵਲੋਂ ਬਣਾਏ ਟਰੱਸਟ ਵਲੋ ਚਲਾਇਆ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ, ਇਸ ਫੰਡ ਨਾਲ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ, ਆਪਣੇ ਹਿਤੈਸ਼ੀਆਂ ਨੂੰ ਨਿੱਜੀ ਲਾਭ ਪਹੁੰਚਾਉਣ ਦੀਆਂ ਅਨੇਕਾਂ ਉਦਾਹਰਨਾਂ ਮੌਜੂਦ ਹਨ।

ਇੰਝ ਇਹ ਫੰਡ ਵੱਡੀਆਂ ਵੱਡੀਆਂ ਸ਼ਖਸੀਅਤਾਂ ਦੀ ਬਦਨਾਮੀ ਦਾ ਕਾਰਨ ਬਣ ਰਿਹਾ ਹੈ। ਹਰ ਐਮ.ਪੀ. ਨੂੰ 5 ਸਾਲ ਲਈ 25 ਕਰੋੜ ਰੁਪਏ ਦੇਣੇ, ਜਦ ਕਿ ਸਾਡੇ ਸਿਆਸਤਦਾਨਾਂ ਉਪਰ ਭ੍ਰਿਸ਼ਟਾਚਾਰ ਦੇ ਦੋਸ਼ ਆਏ ਦਿਨ ਲੱਗਦੇ ਰਹਿੰਦੇ ਹਨ। ਯੋਜਨਾ ਕਮਿਸ਼ਨ ਨੇ ਅਕਤੂਬਰ 2010 ਵਿਚ ਇਸ ਵਾਧੇ ਦੀ ਵਿਰੋਧਤਾ ਕੀਤੀ ਸੀ। ਉਸ ਦਾ ਤਰਕ ਸੀ ਕਿ ਇਸ ਦਾ ਕੰਮ ਭਰੋਸੇਯੋਗ ਨਹੀਂ। ਲੋਕ ਸਭਾ ਵਿਚ ਪਿਛਲੇ ਸਾਲ ਬਜਟ



Academy of the Punjab in North America: http://www.apnaorg.com

ਸੈਸ਼ਨ ਦੌਰਾਨ ਕਮਿਊਨਿਸਟ ਪਾਰਟੀ ਮਾਰਕਸਵਾਦੀ ਤੇ ਭਾਰਤੀ ਕਮਿਊਨਿਸਟ ਪਾਰਟੀ ਨੇ ਇਸ ਵਿਚ ਵਾਧਾ ਕਰਨ ਦੀ ਵਿਰੋਧਤਾ ਕਰਦੇ ਹੋਏ ਇਸ ਫੰਡ ਨੂੰ ਬੰਦ ਕਰਨ ਦੀ ਮੰਗ ਕੀਤੀ ਸੀ।

ਸਭ ਤੋ ਚੰਗੀ ਗੱਲ ਹੈ ਇਹ ਹੈ ਕਿ ਬਿਹਾਰ ਸਰਕਾਰ ਵਾਂਗ ਇਹ ਫੰਡ ਖ਼ਤਮ ਕਰਨਾ ਚਾਹੀਦਾ ਹੈ। ਜਿੰਨੀ ਦੇਰ ਤੀਕ ਇਹ ਫੰਡ ਖ਼ਤਮ ਨਹੀਂ ਹੁੰਦਾ ਉਸ ਸਮੇਂ ਤੀਕ ਇਸ ਦੀ ਦੁਰਵਰਤੋਂ ਰੋਕਣ ਲਈ ਵਿਧੀ ਵਿਧਾਨ ਬਦਲਣ ਦੀ ਲੋੜ ਹੈ। ਬਿਹਾਰ ਵਾਂਗ ਜੋ ਕੰਮ ਪਾਰਲੀਮੈਂਟ ਮੈਂਬਰ ਜਾਂ ਵਧਾਇਕ ਨੇ ਆਪਣੇ ਹਲਕੇ ਵਿਚ ਕਰਾਉਣੇ ਹਨ, ਉਹ ਉਸ ਨੂੰ ਰਾਜ ਸਰਕਾਰ ਨੂੰ ਲਿਖ ਕੇ ਦੇਣੇ ਚਾਹੀਦੇ ਹਨ। ਉਨ੍ਹਾਂ ਬਾਰੇ ਬਕਾਇਦਾ ਸਕੀਮ ਤਿਆਰ ਕਰ ਕੇ, ਜ਼ਿਲ੍ਹਾ ਯੋਜਨਾ ਬੋਰਡ ਪਾਸ ਜਾਣੀ ਚਾਹੀਦੀ ਹੈ। ਬਿਹਾਰ ਸਰਕਾਰ ਨੇ ਹਰੇਕ ਜ਼ਿਲ੍ਹੇ ਵਿਚ ਇੰਜੀਨੀਅਰਾਂ ਦੀਆਂ ਕਮੇਟੀਆਂ ਬਣਾਈਆਂ ਹਨ, ਜਿਹੜੀਆਂ ਵਿਧਾਇਕਾਂ ਤੇ ਸਰਕਾਰ ਵਲੋਂ ਕਰਾਏ ਜਾਣ ਵਾਲੇ ਕੰਮਾਂ ਨੂੰ ਕਰਾਉਂਦੀਆਂ ਹਨ ਤੇ ਖਰਚਾ ਵੀ ਉਹੋ ਕਮੇਟੀਆਂ ਕਰਦੀਆਂ ਹਨ। ਸੰਬੰਧਿਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਇਨ੍ਹਾਂ ਦੀ ਨਿਗਰਾਨੀ ਕਰਦਾ ਹੈ। ਬਿਹਾਰ ਨੇ ਪਿੰਡ ਪੱਧਰ ਤੋ ਯੋਜਨਾਵਾਂ ਤਿਆਰ ਕਰਨੀਆਂ ਸ਼ੁਰੂ ਕੀਤੀਆਂ ਹਨ। ਵਿਧਾਇਕਾਂ ਦਾ ਇਸ ਵਿੱਚ ਕੋਈ ਰੋਲ ਨਹੀਂ। ਬਾਕੀ ਸੂਬਿਆਂ ਤੇ ਕੇਂਦਰ ਸਰਕਾਰ ਨੂੰ ਵੀ ਅਜਿਹਾ ਵਿਧੀ ਵਿਧਾਨ ਬਣਾਉਣਾ ਚਾਹੀਦਾ ਹੈ ਤਾਂ ਜੋ ਲੋਕਾਂ ਦੇ ਟੈਕਸਾਂ ਤੋ ਇਕੱਠੀਆਂ ਕੀਤੀਆਂ ਰਕਮਾਂ ਕਥਿਤ ਤੌਰ 'ਤੇ ਪਾਰਲੀਮੈਂਟ ਮੈਂਬਰਾਂ ਦੀਆਂ ਜੇਬ ਖਰਚਾ (ਪਾਕਟ ਮਨੀ) ਨਾ ਬਣ ਸਕੇ।

*1 ਅਕਤੂਬਰ 2012*



Academy of the Punjab in North America: http://www.apnaorg.com

# ਆਉਂਦੀਆਂ ਚੋਣਾਂ ਵਿੱਚ ਪਾਰਟੀਆਂ ਦਾ ਚੋਣ ਮਨੋਰਥ ਕੀ ਹੋਵੇ

ਪੰਜਾਬ ਅਸੈਂਬਲੀ ਦੀਆਂ ਚੋਣਾਂ ਲਈ ਵੱਖ-ਵੱਖ ਪਾਰਟੀਆਂ ਨੇ ਹੁਣ ਵੋਟਾਂ ਮੰਗਣ ਆਉਣਾ ਹੈ। ਇਨ੍ਹਾਂ ਪਾਰਟੀਆਂ ਦੇ ਚੋਣ ਮਨੋਰਥ ਵੀ ਆ ਰਹਿ ਹਨ। ਕੁਝ ਮਹੱਤਵਪੂਰਨ ਮੁਦੇ ਹਨ ਜਿਨ੍ਹਾਂ ਵੱਲ ਆਉਂਦੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਵਿਚੋਂ ਜਿਹੜੇ ਮੁਦੇ ਚੋਣ ਮਨੋਰਥ ਵਿਚ ਸ਼ਾਮਿਲ ਨਹੀਂ, ਉਹ ਸ਼ਾਮਿਲ ਕਰਾਉਣੇ ਚਾਹੀਦੇ ਹਨ:-

1. ਇੰਗਲੈਂਡ ਕੈਨੇਡਾ ਆਦਿ ਵਾਂਗ ਸਰਕਾਰ ਸਭ ਨੂੰ ਮੁਫ਼ਤ ਸਿਹਤ, ਸਿੱਖਿਆ ਦੇਣ ਤੋਂ ਇਲਾਵਾ ਰੋਜ਼ਗਾਰ ਤੇ ਰਿਹਾਇਸ਼ ਦੇ ਪ੍ਰਬੰਧ ਕਰਨ ਦੀ ਵਿਵਸਥਾ ਬਣਾਵੇਗੀ।
2. ਪੁਲਿਸ ਕਾਨੂੰਨ ਵਿੱਚ ਸੋਧ ਕਰਕੇ ਪੁਲਿਸ ਨੂੰ ਲੋਕਾਂ ਪ੍ਰਤੀ ਉਸੇ ਤਰ੍ਹਾਂ ਦੀ ਸੇਵਾ ਕਰਨ ਯੋਗ ਬਣਾਇਆ ਜਾਵੇਗਾ ਜਿਵੇਂ ਕਿ ਵਿਦੇਸ਼ਾਂ ਵਿਚ। ਇਨ੍ਹਾਂ ਦੇਸ਼ਾਂ ਵਿਚ ਹਰੇਕ ਮੁਸ਼ਕਲ ਵੇਲੇ ਲੋਕ ਪੁਲੀਸ ਕੋਲ ਪਹੁੰਚ ਕਰਦੇ ਹਨ ਤੇ ਮੁਸ਼ਕਲ ਸਮੇਂ ਲੋਕਾਂ ਦੀ ਸਹਾਇਤਾ ਲਈ ਸਭ ਤੋਂ ਪਹਿਲਾਂ ਪੁਲੀਸ ਸਹਾਈ ਹੁੰਦੀ ਹੈ।
3. ਵੀ.ਆਈ.ਪੀ. ਸਭਿਆਚਾਰ ਖਤਮ ਕੀਤਾ ਜਾਵੇਗਾ। ਲਾਲ ਬੱਤੀ ਅਤੇ ਸਾਇਰਨ ਵਾਲੀਆਂ ਗੱਡੀਆਂ ਵਿਦੇਸ਼ਾਂ ਵਾਂਗ ਕੇਵਲ ਐਮਬੂਲੈਂਸ ਅਤੇ ਫਾਇਰ ਬ੍ਰੀਗੇਡ ਪਾਸ ਹੀ ਹੋਣਗੀਆਂ। ਕਿਸੇ ਵੀ ਅਫਸਰ ਜਾਂ ਮੰਤਰੀ ਇਨ੍ਹਾਂ ਦੀ ਵਰਤੋਂ ਨਹੀਂ ਕਰੇਗਾ। ਕਿਸੇ ਨੂੰ ਪੰਜਾਬ ਪੁਲਿਸ ਦੁਆਰਾ ਸੁਰੱਖਿਆ ਸਰਕਾਰੀ ਖਰਚੇ 'ਤੇ ਨਹੀਂ ਦਿੱਤੀ ਜਾਵੇਗੀ। ਜੇ ਕਿਸੇ ਨੂੰ ਸੁਰੱਖਿਆ ਦੀ ਲੋੜ ਹੈ ਤਾਂ ਉਹ ਪ੍ਰਾਈਵੇਟ ਸੁਰੱਖਿਆ ਦਾ ਖੁਦ ਪ੍ਰਬੰਧ ਕਰੇ। ਜੇ ਕਿਸੇ ਨੂੰ ਪੁਲਿਸ ਮੁਹੱਈਆ ਕੀਤੀ ਜਾਵੇਗੀ ਤਾਂ ਉਸ ਦਾ ਖਰਚਾ ਸੰਬੰਧਿਤ ਵਿਅਕਤੀ ਨੂੰ ਦੇਣਾ ਹੋਵੇਗਾ।
4. ਰਿਸ਼ਵਤਖੋਰੀ ਨੂੰ ਰੋਕਣ ਲਈ 27 ਦਸੰਬਰ 2011 ਨੂੰ ਲੋਕ ਸਭਾ ਵੱਲੋਂ ਪਾਸ ਕੀਤੇ ਗਏ ਕਾਨੂੰਨ ਵਿਚ ਢੁਕਵੀਆਂ ਸੋਧਾਂ ਕਰਕੇ ਸਿੰਗਾਪੁਰ ਤੇ ਹੋਰ ਮੁਲਕਾਂ ਵਲੋਂ ਬਣਾਏ ਸਖ਼ਤ ਕਾਨੂੰਨਾਂ ਦੇ ਆਧਾਰ ਤੇ ਅੰਨਾ ਹਜ਼ਾਰੇ ਟੀਮ ਵਾਲੇ ਸੁਝਾਵਾਂ ਨੂੰ ਵੀ ਧਿਆਨ ਵਿਚ ਰਖਦੇ ਹੋਏ ਪੰਜਾਬ ਵਿਚ ਨਵਾਂ ਲੋਕ ਪਾਲ ਬਿੱਲ ਵਿਧਾਨ ਸਭਾ ਦੇ ਪਹਿਲੇ ਅਜਲਾਸ ਵਿਚ ਪਾਸ ਕੀਤਾ ਜਾਵੇਗਾ। ਬਿਹਾਰ ਸਰਕਾਰ ਨੇ ਕਾਨੂੰਨ ਬਣਾਇਆ ਹੈ ਕਿ ਜੇ ਸਾਬਤ ਹੋ ਜਾਂਦਾ ਹੈ ਕਿ ਕਿਸੇ ਕਰਮਚਾਰੀ ਜਾਂ ਵਿਧਾਇਕ ਨੇ ਸ੍ਰੋਤਾਂ ਤੋਂ ਵੱਧ ਜਾਇਦਾਦ ਬਣਾਈ ਹੈ ਤਾਂ ਉਹ ਜ਼ਬਤ ਕੀਤੀ ਜਾਵੇਗੀ। ਇਕ ਆਈ.ਏ.ਐਸ. ਅਫਸਰ ਦੀ ਕੋਠੀ ਜ਼ਬਤ ਕਰਕੇ ਉੱਥੇ ਸਕੂਲ



Academy of the Punjab in North America: http://www.apnaorg.com

ਖੋਲ੍ਹ ਦਿੱਤਾ ਗਿਆ ਹੈ। ਕੋਈ 650 ਦੇ ਕਰੀਬ ਅਜਿਹੇ ਮਾਮਲੇ ਵਿਸ਼ੇਸ਼ ਅਦਾਲਤਾਂ ਵਿਚ ਚਲ ਰਹੇ ਹਨ।

5. ਬਿਹਾਰ ਵਾਂਗ ਕਾਨੂੰਨ ਦਾ ਰਾਜ ਕਾਇਮ ਕਰਨ ਲਈ ਦਰਜ ਮੁਕੱਦਮਿਆਂ ਦੇ ਛੇਤੀ ਨਿਪਟਾਰੇ ਲਈ ਵਿਸ਼ੇਸ਼ ਅਦਾਲਤਾਂ ਸਥਾਪਤ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰਾਂ ਤੇ ਪੁਲਿਸ ਅਫਸਰਾਂ ਨੂੰ ਕਾਨੂੰਨ ਦਾ ਰਾਜ ਕਾਇਮ ਕਰਨ ਲਈ ਜੁਆਬਦੇਹ ਬਣਾਇਆ ਜਾਵੇਗਾ। ਬਿਹਾਰ ਵਾਂਗ ਸਾਬਕਾ ਫੌਜੀਆਂ ਨੂੰ ਭਰਤੀ ਕਰਕੇ ਐਸ.ਏ.ਐਫ. (ਸਪੈਸ਼ਲ ਐਗਜਿਲਰੀ ਫੋਰਸ) ਤਿਆਰ ਕੀਤੀ ਜਾਵੇਗੀ। ਹਰ ਥਾਣੇ ਨੂੰ ਲੋੜੀਂਦੀਆਂ ਸਹੂਲਤਾਂ ਅਤੇ ਵੀਡਿਓਗ੍ਰਾਫੀ ਲਈ ਕੈਮਰੇ ਦਿੱਤੇ ਜਾਣਗੇ ਤਾਂ ਜੋ ਲੜਾਈ ਝਗੜੇ ਵਾਲੀ ਥਾਂ ਦੀ ਵੀਡਿਓ ਬਣਾਈ ਜਾ ਸਕੇ।

6. ਪਿਛਲੀ ਯੂ.ਪੀ.ਏ. ਸਰਕਾਰ ਨੇ ਕਾਨੂੰਨ ਬਣਾਇਆ ਸੀ ਕਿ ਵਿਧਾਇਕਾਂ ਵਿਚੋਂ 15 ਪ੍ਰਤੀਸ਼ਤ ਮੰਤਰੀ ਹੀ ਬਣ ਸਕਦੇ ਹਨ। ਪਰ ਇਸ ਵਿੱਚ ਇਕ ਚੋਰ ਮੋਰੀ ਇਹ ਰਹਿ ਗਈ ਕਿ ਮੁੱਖ ਸੰਸਦੀ ਸਕੱਤਰਾਂ ਉਪਰ ਅਜਿਹੀਆਂ ਪਾਬੰਦੀਆਂ ਨਹੀਂ ਸੀ। ਇਸ ਚੋਰ ਮੋਰੀ ਦਾ ਲਾਭ ਉਠਾਉਂਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਜਿਹੜੇ ਵਿਧਾਇਕ ਮੰਤਰੀ ਬਣਨੋਂ ਰਹਿ ਗਏ, ਉਨ੍ਹਾਂ ਨੂੰ ਮੁੱਖ ਸੰਸਦੀ ਸਕੱਤਰ ਲਾ ਦਿੱਤਾ ਗਿਆ ਜਿਨ੍ਹਾਂ ਨੂੰ ਕਿ ਮੰਤਰੀਆਂ ਵਾਲੀਆਂ ਸਹੂਲਤਾਂ ਮਿਲਦੀਆਂ ਹਨ। ਉਸ ਸਮੇਂ ਮੌਜੂਦਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਿਰੋਧੀ ਪਾਰਟੀ ਦੇ ਆਗੂ ਸਨ, ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਇਸ ਕਾਰਵਾਈ ਦੀ ਵਿਰੋਧਤਾ ਕੀਤੀ ਸੀ। ਹੁਣ ਜਦ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਕੈਪਟਨ ਅਮਰਿੰਦਰ ਦੇ ਨਕਸ਼ੇ ਕਦਮ ’ਤੇ ਚਲਦੇ ਹੋਏ 13 ਮੁੱਖ ਸੰਸਦੀ ਨਿਯੁਕਤ ਕਰ ਦਿੱਤੇ। ਇਸ ਤਰ੍ਹਾਂ ਪੰਜਾਬ ਵਿੱਚ ਮੁੱਖ-ਮੰਤਰੀ, ਉਪ ਮੁੱਖ-ਮੰਤਰੀ ਤੋਂ ਇਲਾਵਾ 15 ਮੰਤਰੀ ਤੇ 13 ਮੁੱਖ ਸੰਸਦੀ ਸਕੱਤਰ ਹਨ। ਇਸ ਤਰ੍ਹਾਂ ਇਕ ਤਰ੍ਹਾਂ ਪੰਜਾਬ ਦੇ ਮੰਤਰੀ ਮੰਡਲ ਵਿੱਚ 30 ਦੇ ਕਰੀਬ ਮੰਤਰੀ ਬਣ ਜਾਂਦੇ ਹਨ। ਇਸ ਲਈ ਪੰਜਾਬ ਅਸੈਂਬਲੀ ਵਿੱਚ ਮਤਾ ਲਿਆ ਕਿ ਕਾਨੂੰਨ ਬਣਾਇਆ ਜਾਵੇਗਾ ਕਿ ਮੰਤਰੀ ਮੰਡਲ ਵਿੱਚ ਮੁੱਖ-ਸੰਸਦੀ ਸਕੱਤਰਾਂ ਸਮੇਤ ਮੰਤਰੀ ਮੰਡਲ ਦੀ ਵੱਧ ਤੋਂ ਵੱਧ ਗਿਣਤੀ 15% ਹੋਵੇਗੀ। ਕੇਂਦਰ ਨੂੰ ਵੀ ਮੌਜੂਦਾ ਕਾਨੂੰਨ ਵਿੱਚ ਸੋਧ ਕਰਨ ਲਈ ਕਿਹਾ ਜਾਵੇਗਾ।

7. ਕੈਨੇਡਾ ਵਾਂਗ ਹਰ ਵਿਧਾਇਕ ਆਪਣੇ ਹਲਕੇ ਵਿੱਚ ਦਫਤਰ ਖੋਲੇਗਾ। ਜਿਥੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੀਕ ਕਰਮਚਾਰੀ ਬੈਠੇਗਾ ਜੋ ਕਿ ਲੋਕਾਂ ਦੇ ਮਸਲਿਆਂ ਸੰਬੰਧੀ ਈ-ਮੇਲ, ਡਾਕ ਰਾਹੀਂ ਜਾਂ ਨਿੱਜੀ ਰੂਪ ਵਿੱਚ ਅਰਜ਼ੀਆਂ ਪ੍ਰਾਪਤ ਕਰੇਗਾ। ਜਿਸ ਦਾ ਵਿਧਾਇਕ ਨੂੰ 30 ਦਿਨਾਂ ਦੇ ਅੰਦਰ ਇਸ ਦਾ ਉੱਤਰ ਸੰਬੰਧਿਤ ਵਿਅਕਤੀ ਨੂੰ ਭੇਜਿਆ ਜਾਵੇਗਾ। ਵਿਧਾਇਕ ਦਾ ਆਪਣੇ ਦਫਤਰ ਵਿਚ ਬੈਠਣ ਦਾ ਸਮਾਂ ਨਿਸ਼ਚਿਤ ਹੋਵੇਗਾ। ਵਿਧਾਇਕਾਂ ਨੂੰ ਸੂਚਨਾ ਅਧਿਕਾਰ ਹੇਠ ਲਿਆਂਦਾ ਜਾਵੇਗਾ।



Academy of the Punjab in North America: http://www.apnaorg.com

8. ਇਸ ਸਮੇਂ ਵਿਧਾਇਕਾਂ ਨੇ ਚੰਡੀਗੜ੍ਹ ਜਾਂ ਸ਼ਹਿਰਾਂ ਵਿੱਚ ਰਿਹਾਇਸ਼ ਰੱਖੀ ਹੋਈ ਹੈ, ਜਿੱਥੇ ਵੋਟਰਾਂ ਦਾ ਮਿਲਣਾ ਮੁਸ਼ਕਿਲ ਹੈ। ਵਿਧਾਇਕ ਦੀ ਰਿਹਾਇਸ਼ ਆਪਣੇ ਇਲਾਕੇ ਵਿੱਚ ਹੋਵੇ ਜਾਂ ਅਜਿਹੇ ਇਲਾਕੇ ਵਿੱਚ ਹੋਵੇ ਜਿਥੇ ਇਲਾਕੇ ਦੇ ਵਿਅਕਤੀ ਉਸ ਨੂੰ ਮਿਲ ਸਕਣ। ਇਸ ਬਾਰੇ ਇਕ ਸਾਰਥਕ ਨੀਤੀ ਬਣਾਈ ਜਾਵੇਗੀ।

9. ਹਰੇਕ ਮੰਤਰੀ ਵਿਧਾਇਕ, ਮੇਅਰ, ਕੌਂਸਲਰ, ਡਿਪਟੀ ਮੇਅਰ ਆਦਿ ਲਈ ਸਰਕਾਰੀ ਕਰਮਚਾਰੀਆਂ ਵਾਂਗ ਸੇਵਾ ਨਿਯਮ ਬਣਾਏ ਜਾਣਗੇ ਤਾਂ ਜੋ ਉਨ੍ਹਾਂ ਨੂੰ ਜੁਆਬਦੇਹ ਬਣਾਇਆ ਜਾਵੇ। ਮਿਸਾਲ ਦੇ ਤੌਰ 'ਤੇ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਲਾਭ ਕਮਾ ਰਹੀਆਂ ਹਨ ਪਰ ਪੰਜਾਬ ਰੋਡਵੇਜ਼ ਤੇ ਪੈਪਸੂ ਕਾਰਪੋਰੇਸ਼ਨ ਘਾਟੇ ਵਿੱਚ ਕਿਉਂ ਹਨ। ਪ੍ਰਾਈਵੇਟ ਸਕੂਲਾਂ ਦਾ ਜੇ ਪ੍ਰਬੰਧ ਚੰਗਾ ਹੋ ਸਕਦਾ ਹੈ ਤਾਂ ਸਰਕਾਰੀ ਸਕੂਲਾਂ ਦਾ ਕਿਉਂ ਨਹੀਂ। ਪ੍ਰਾਈਵੇਟ ਹਸਪਤਾਲ ਵਧੀਆ ਚਲ ਸਕਦੇ ਹਨ ਤਾਂ ਸਰਕਾਰੀ ਹਸਪਤਾਲ ਕਿਉਂ ਨਹੀਂ। ਜੇ ਚੰਡੀਗੜ੍ਹ ਸਫਾਈ ਪੱਖੋਂ ਦੇਸ਼ ਭਰ ਵਿੱਚ ਪਹਿਲੇ ਨੰਬਰ 'ਤੇ ਹੈ ਤਾਂ ਗੁਰੂ ਕੀ ਨਗਰੀ ਜਿਸ ਨੂੰ ਸਿੱਖਾਂ ਦਾ ਮੱਕਾ ਕਿਹਾ ਜਾਂਦਾ ਹੈ 405 ਸਥਾਨ ਭਾਵ ਕਿ ਸਭ ਤੋਂ ਗੰਦੇ ਸ਼ਹਿਰਾਂ ਵਿੱਚ ਸ਼ਾਮਲ ਕਿਉਂ। ਚੰਡੀਗੜ੍ਹ ਵਿੱਚ ਟ੍ਰੈਫਿਕ ਨਿਯਮ ਲਾਗੂ ਹਨ ਤਾਂ ਪੰਜਾਬ ਵਿੱਚ ਕਿਉਂ ਨਹੀਂ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਲਾਊਡ ਸਪੀਕਰ ਰਾਤ ਨੂੰ 9 ਵਜੇ ਤੇ ਸਵੇਰੇ 6 ਵਜੇ ਤੀਕ ਵੱਜ ਨਹੀਂ ਸਕਦੇ ਪਰ ਸਾਡੇ ਇਹ ਸਾਰੀ ਰਾਤ ਵੱਜਦੇ ਰਹਿੰਦੇ ਹਨ ਕਿਉਂ? ਕੰਨ ਪਾੜਵੇਂ ਪ੍ਰੈਸ਼ਰ ਹਾਰਨ ਚੰਡੀਗੜ੍ਹ ਨਹੀਂ ਵੱਜਦੇ ਕਿਉਂਕਿ ਕਾਨੂੰਨੀ ਤੌਰ ਤੇ ਇਨ੍ਹਾਂ ਦੀ ਮਨਾਹੀ ਹੈ ਪਰ ਪੰਜਾਬ ਵਿੱਚ ਕਿਉਂ ਵੱਜਦੇ ਹਨ? ਇਸ ਦਾ ਕਾਰਨ ਇਹੋ ਹੈ ਕਿ ਇਥੇ ਸਾਡੇ ਮੰਤਰੀਆਂ ਤੇ ਅਫਸਰਾਂ ਦੀ ਕੋਈ ਜੁਆਬਦੇਹੀ ਨਹੀਂ। ਸੇਵਾ ਦਾ ਅਧਿਕਾਰ ਕੇਵਲ ਛੋਟੇ ਕਰਮਚਾਰੀਆਂ ਲਈ ਹੈ। ਇਹ ਮੰਤਰੀਆਂ ਅਤੇ ਅਫ਼ਸਰਾਂ ਉਪਰ ਵੀ ਲਾਗੂ ਹੋਣਾ ਚਾਹੀਦਾ ਹੈ।

10. ਪੰਜਾਬ ਸਰਕਾਰ ਵਲੋਂ ਟੀ.ਵੀ. ਚੈਨਲਾਂ ਅਤੇ ਅਖਬਾਰਾਂ ਵਿਚ ਕਰੋੜਾਂ ਰੁਪਏ ਹਰ ਸਾਲ ਖਰਚ ਕੀਤੇ ਜਾਂਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਬੇ-ਲੋੜੇ ਹੁੰਦੇ ਹਨ ਤੇ ਸਰਕਾਰੀ ਖਜ਼ਾਨੇ ਦੀ ਫਜ਼ੂਲ ਖਰਚੀ ਹੈ। ਕੈਨੇਡਾ ਵਿਚ ਸਰਕਾਰੀ ਇਸ਼ਤਿਹਾਰ ਦੇਣ ਲਈ ਇਕ ਸਲਾਹਕਾਰ ਕਮੇਟੀ ਬਣੀ ਹੋਈ ਹੈ ਜੋ ਕਿ ਇਹ ਨਿਰਣਾ ਕਰਦੀ ਹੈ ਕਿ ਕੀ ਇਹ ਇਸ਼ਤਿਹਾਰ ਵਾਕਿਆਂ ਹੀ ਦੇਣਾ ਬਣਦਾ ਹੈ। ਇਸ ਤਰ੍ਹਾਂ ਬੜਾ ਸੋਚ ਵਿਚਾਰ ਕੇ ਇਸ਼ਤਿਹਾਰ ਦਿੱਤੇ ਜਾਂਦੇ ਹਨ। ਜਿਹੜੇ ਇਸ਼ਤਿਹਾਰ ਦਿੱਤੇ ਜਾਂਦੇ ਹਨ ਉਨ੍ਹਾਂ ਵਿਚ ਮੁੱਖ ਮੰਤਰੀ ਜਾਂ ਮੰਤਰੀ ਦੀ ਫੋਟੋ ਨਹੀਂ ਦਿੱਤੀ ਜਾਂਦੀ। ਅਜਿਹੀ ਨੀਤੀ ਬਨਾਉਣ ਦੇ ਮੁੱਦੇ ਨੂੰ ਚੋਣ ਮਨੋਰਥ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

11. ਕੈਬਨਿਟ ਮੰਤਰੀਆਂ ਨੂੰ ਛੱਡ ਕੇ ਹੋਰ ਕਿਸੇ ਵੀ ਵਿਅਕਤੀ ਨੂੰ ਕੈਬਨਿਟ ਮੰਤਰੀ ਦਾ ਦਰਜਾ ਦੇਣ ਉਪਰ ਕਾਨੂੰਨੀ ਪਾਬੰਦੀ ਲਾਈ ਜਾਵੇਗੀ।

12. ਆਈ.ਏ.ਐਸ. ਤੇ ਆਈ.ਪੀ.ਐਸ. ਅਫਸਰ ਹੁੰਦੇ ਹੋਇਆਂ ਮੁੱਖ ਮੰਤਰੀ ਨੂੰ ਕਿਸੇ ਸਲਾਹਕਾਰ ਦੀ ਲੋੜ ਨਹੀਂ। ਮੀਡੀਆ ਸਲਾਹਕਾਰ ਜਾਂ ਹੋਰ ਸਲਾਹਕਾਰ ਲਾਉਣਾ ਸਰਕਾਰੀ ਖਜ਼ਾਨੇ ਉਪਰ ਬੋਝ ਹੈ। ਇਨ੍ਹਾਂ ਉਪਰ ਕਾਨੂੰਨੀ ਪਾਬੰਦੀ ਹੋਣੀ ਚਾਹੀਦੀ



Academy of the Punjab in North America: http://www.apnaorg.com

ਹੈ।

13. ਹਰੇਕ ਵਿਭਾਗ ਵਿੱਚ ਸੋਚ ਸਮਝ ਕੇ ਕਰਮਚਾਰੀਆਂ ਦੀਆਂ ਆਸਾਮੀਆਂ ਰੱਖੀਆਂ ਜਾਂਦੀਆਂ ਹਨ। ਇਸ ਲਈ ਇਨ੍ਹਾਂ ਨੂੰ ਖਾਲੀ ਰੱਖਣ ਨਾਲ ਜਨਤਾ ਦਾ ਨੁਕਸਾਨ ਹੈ। ਇਹ ਆਮ ਆਦਮੀ ਦੀ ਸਮਝ ਵਿੱਚ ਆਉਂਦਾ ਹੈ ਕਿ ਡਾਕਟਰਾਂ ਤੇ ਹੋਰ ਤਕਨੀਕੀ ਸਟਾਫ ਤੋਂ ਬਿਨਾਂ ਹਸਪਤਾਲ ਚਲਾਉਣ ਦਾ ਕੋਈ ਫਾਇਦਾ ਨਹੀਂ। ਇਸੇ ਤਰ੍ਹਾਂ ਮੈਡੀਕਲ ਕਾਲਜ ਪ੍ਰੋਫੈਸਰਾਂ ਤੋਂ ਬਿਨਾਂ ਨਹੀਂ ਚਲ ਸਕਦੇ। ਇਹੋ ਗੱਲ ਸਕੂਲਾਂ ਤੇ ਹੋਰ ਮਹਿਕਮਿਆਂ ਉਪਰ ਢੁਕਦੀ ਹੈ। ਕੀ ਇਸ ਗੱਲ ਦੀ ਸਮਝ ਪੰਜਾਬ ਦੇ ਅਫਸਰਾਂ ਅਤੇ ਮੰਤਰੀਆਂ ਨੂੰ ਨਹੀਂ ? ਸਰਕਾਰੀ ਹਸਪਤਾਲਾਂ, ਸਕੂਲਾਂ ਤੇ ਹੋਰ ਵਿਭਾਗਾਂ ਵਿੱਚ ਸਟਾਫ ਦੀ ਭਾਰੀ ਕਮੀ ਹੈ ਜਦ ਕਿ ਪ੍ਰਾਈਵੇਟ ਹਸਪਤਾਲਾਂ, ਸਕੂਲਾਂ ਵਿੱਚ ਇਕ ਦਿਨ ਆਸਾਮੀ ਖਾਲੀ ਨਹੀਂ ਰਹਿੰਦੀ। ਇਸ ਲਈ ਅਜਿਹੀ ਨੀਤੀ ਬਣਾਈ ਜਾਵੇ ਜਿਸ ਨਾਲ ਕੋਈ ਵੀ ਆਸਾਮੀ ਇਕ ਦਿਨ ਲਈ ਵੀ ਖਾਲੀ ਨਾ ਰਹੇ।

14. ਗੰਦਗੀ ਬੀਮਾਰੀਆਂ ਦੀ ਮਾਂ ਹੈ ਇਸ ਲਈ ਪੰਜਾਬ ਦੇ ਸ਼ਹਿਰ ਜੋ ਕਿ ਸਭ ਤੋਂ ਗੰਦੇ ਹਨ, ਨੂੰ ਸਾਫ ਸੁਥਰਾ ਬਨਾਉਣ ਲਈ ਕੌਮੀ ਸਫਾਈ (ਸੈਨੀਟੇਸ਼ਨ) ਨੀਤੀ ਲਾਗੂ ਕੀਤੀ ਜਾਵੇਗੀ ਤੇ 2003 ਵਿੱਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੁਆਰਾ ਬਣੇ ਪੰਜਾਬ ਹੈਲਥ ਐਂਡ ਸੈਨੀਟੇਸ਼ਨ ਰੂਲਜ਼ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ।

15. ਪੰਜਾਬ ਵਿੱਚ ਸੜਕਾਂ ਪੁੱਟ ਕੇ ਦੁਬਾਰਾ ਉਸੇ ਪੱਧਰ 'ਤੇ ਬਣਾਈਆਂ ਜਾਣਗੀਆਂ ਤਾਂ ਜੋ ਸੜਕਾਂ ਉਚੀਆਂ ਹੋ ਕੇ ਲੋਕਾਂ ਦੇ ਘਰ ਨੀਵੇ ਨਾ ਹੋਣ।

16. ਹਰੇਕ ਪਿੰਡ ਵਿੱਚ ਲਾਇਬਰੇਰੀ ਸਥਾਪਤ ਕੀਤੀ ਜਾਵੇਗੀ।

17. ਆਰਥਕ ਮਾਹਿਰਾਂ ਦੀ ਇਕ ਕਮੇਟੀ ਬਣਾ ਕੇ ਸਰਕਾਰੀ ਖਜ਼ਾਨੇ ਦੀ ਹੋ ਰਹੀ ਫਜ਼ੂਲ ਖਰਚੀ ਦਾ ਪਤਾ ਲਾਇਆ ਜਾਵੇਗਾ ਤੇ ਇਸ ਨੂੰ ਰੋਕਣ ਲਈ ਢੁੱਕਵੇਂ ਕਦਮ ਚੁੱਕੇ ਜਾਣਗੇ।

18. ਅੰਮ੍ਰਿਤਸਰ ਸਮੇਤ ਸਾਰੇ ਸ਼ਹਿਰਾਂ ਦੇ ਇਤਿਹਾਸਕ ਸਮਾਰਕਾਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ ਤੇ ਇਸ ਲਈ ਲੋੜੀਂਦੇ ਫੰਡ ਕਾਇਮ ਕੀਤੇ ਜਾਣਗੇ। ਇਨ੍ਹਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣਗੇ। ਅੰਮ੍ਰਿਤਸਰ ਨੂੰ ਹੈਰੀਟੇਜ਼ ਸਿਟੀ ਬਨਾਉਣ ਲਈ ਪਹਿਲੇ ਇਜਲਾਸ ਵਿੱਚ ਮਤਾ ਪੇਸ਼ ਕੀਤਾ ਜਾਵੇਗਾ।

19. ਸੂਚਨਾ ਅਧਿਕਾਰ ਕਾਨੂੰਨ 2005 ਤੋਂ ਆਮ ਪੰਜਾਬੀ ਲਾਭ ਉਠਾ ਸਕੇ, ਇਸ ਦੇ ਲਈ ਬਿਹਾਰ ਸਰਕਾਰ ਵਾਂਗ ਵਿਸ਼ੇਸ਼ ਟੈਲੀਫੋਨ ਨੰਬਰ ਸਥਾਪਤ ਕੀਤੇ ਜਾਣਗੇ, ਜਿਥੇ ਲੋਕ ਲੋੜੀਂਦੀ ਜਾਣਕਾਰੀ ਨੋਟ ਕਰਵਾਉਣਗੇ। ਸਾਰਾ ਕੁਝ ਸਰਕਾਰੀ ਪੱਧਰ 'ਤੇ ਹੋ ਕੇ ਸੰਬੰਧਿਤ ਵਿਅਕਤੀ ਨੂੰ ਸੂਚਨਾ ਘਰ ਪੁੱਜ ਜਾਵੇਗੀ। ਬਣਦੀ ਰਕਮ ਜਾਣਕਾਰੀ ਦੇਣ ਸਮੇਂ ਲਈ ਜਾਵੇਗੀ। ਟੈਲੀਫੋਨ ਦੇ ਨਾਲ ਈ-ਮੇਲ ਦੀ ਵੀ ਸੁਵਿਧਾ ਹੋਵੇਗੀ।

*28 ਦਸੰਬਰ 2011*



Academy of the Punjab in North America: http://www.apnaorg.com

# ਭਾਰਤ ਵਿਚ ਪਾਰਟੀ ਮੈਂਬਰਾਂ ਦੀ ਕੋਈ ਪੁੱਛ-ਗਿੱਛ ਨਹੀਂ

ਮੈਂਬਰਾਂ ਦੇ ਸਮੂਹ ਨੂੰ ਪਾਰਟੀ ਕਹਿੰਦੇ ਹਨ। ਰਾਜਨੀਤਕ ਪਾਰਟੀਆਂ ਦੇ ਮੈਂਬਰ ਪਾਰਟੀ ਦੀ ਜਿੰਦ ਜਾਨ ਹੁੰਦੇ ਹਨ। ਅਮਰੀਕਾ ਦੀ ਮਿਸਾਲ਼ ਸਾਡੇ ਸਾਹਮਣੇ ਹੈ, ਅਗਲੇ ਸਾਲ ਉੱਥੇ ਅਮਰੀਕੀ ਰਾਸ਼ਟਰਪਤੀ ਦੀ ਚੋਣ ਹੋਣੀ ਹੈ, ਹੁਣੇ ਹੀ ਉੱਥੇ ਵੱਖ ਵੱਖ ਪਾਰਟੀਆਂ ਵੱਲੋਂ ਉਮੀਦਵਾਰਾਂ ਦੇ ਨਾਮ ਆ ਰਹੇ ਹਨ। ਹਰੇਕ ਪਾਰਟੀ ਦੇ ਉਮੀਦਵਾਰ ਜਿਹੜੇ ਚੋਣ ਲੜਨੀ ਚਾਹੁੰਦੇ ਹਨ, ਉਹ ਉਨ੍ਹਾਂ ਵਿੱਚੋਂ ਕਿਸ ਨੇ ਚੋਣ ਲੜਨੀ ਹੈ, ਉਸ ਦਾ ਫੈਸਲਾ ਉੱਥੋਂ ਦੀ ਪਾਰਟੀ ਦੇ ਮੈਂਬਰਾਂ ਨੇ ਕਰਨਾ ਹੈ। ਪਿਛਲੀਆਂ ਚੋਣਾਂ ਸਮੇਂ ਹੈਰੀ ਕਲਿੰਗਟਨ ਤੇ ਬਰਾਕ ਹੁਸੈਨ ਓਬਾਮਾ ਨੇ ਪਾਰਟੀ ਪੱਧਰ 'ਤੇ ਆਪਸ ਵਿੱਚ ਚੋਣ ਲੜੀ। ਡੈਮੋਕਰੈਟਿਕ ਪਾਰਟੀ ਦੇ ਮੈਂਬਰਾਂ ਦੀ ਬਹੁ-ਸੰਮਤੀ ਨੇ ਬਰਾਕ ਹੁਸੈਨ ਓਬਾਮਾ ਦੇ ਹੱਕ ਵਿੱਚ ਫਤਵਾ ਦਿੱਤਾ ਤੇ ਉਹ ਪਾਰਟੀ ਦੇ ਉਮੀਦਵਾਰ ਬਣੇ ਤੇ ਚੋਣ ਜਿੱਤ ਗਏ। ਪਾਰਟੀ ਚੋਣਾਂ ਸਮੇਂ ਦੋਵਾਂ ਉਮੀਦਵਾਰਾਂ ਨੇ ਇੱਕ ਦੂਜੇ ਵਿਰੁੱਧ ਦੂਸ਼ਨਬਾਜ਼ੀ ਕੀਤੀ, ਪਰ ਚੋਣਾਂ ਜਿੱਤਣ ਪਿੱਛੋਂ ਉਹ ਦੋਵੇਂ ਹੁਣ ਮਿਲ ਕੇ ਕੰਮ ਕਰ ਰਹੇ ਹਨ। ਅਜਿਹੀ ਹੀ ਵਿਵਸਥਾ ਉੱਥੇ ਕਾਰਪੋਰੇਸ਼ਨ ਤੇ ਗਵਰਨਰ ਦੀ ਚੋਣ ਲਈ ਵੀ ਹੈ।

ਬਾਕੀ ਦੇਸ਼ਾਂ ਜਿਵੇਂ ਕਨੇਡਾ, ਇੰਗਲੈਂਡ ਜਿੱਥੇ ਸਾਡੇ ਵਾਂਗ ਪਾਰਲੀਮੈਂਟਰੀ ਨਿਜ਼ਾਮ ਹੈ, ਉੱਥੇ ਵੀ ਐਮ.ਐਲ.ਏ., ਐਮ.ਪੀ. ਆਦਿ ਦੀ ਚੋਣ ਕਿਸ ਨੇ ਲੜਨੀ ਹੈ, ਇਹ ਸਬੰਧਿਤ ਪਾਰਟੀ ਦੇ ਮੈਂਬਰ ਫੈਸਲਾ ਕਰਦੇ ਹਨ। ਇਸ ਦੇ ਟਾਕਰੇ 'ਤੇ ਭਾਰਤ ਵਿਚ ਅਜੇ ਵੀ ਸ਼ਕਤੀਆਂ ਦਾ ਕੇਂਦਰੀਕਰਨ ਹੈ। ਸਾਰੀ ਸ਼ਕਤੀ ਪਾਰਟੀ ਪ੍ਰਧਾਨਾਂ ਦੇ ਹੱਥ ਹੈ। ਕੌਂਸਲਰ ਤੋਂ ਲੈ ਕੇ ਵਿਧਾਇਕਾਂ, ਲੋਕ ਸਭਾ, ਰਾਜ ਸਭਾ ਤੇ ਇੱਥੋਂ ਤੀਕ ਕਿ ਮੁੱਖ ਮੰਤਰੀਆਂ ਦਾ ਫੈਸਲਾ ਸਬੰਧਤ ਪਾਰਟੀ ਦਾ ਪ੍ਰਧਾਨ ਕਰਦਾ ਹੈ। ਇਹੋ ਕਾਰਨ ਹੈ ਕਿ ਕਾਂਗਰਸੀ, ਭਾਜਪਾ ਤੇ ਹੋਰ ਕੌਮੀ ਪਾਰਟੀਆਂ ਦੇ ਮੈਂਬਰ ਦਿੱਲੀ ਟਿਕਟਾਂ ਲੈਣ ਲਈ ਗੇੜੇ ਮਾਰਦੇ ਰਹਿੰਦੇ ਹਨ, ਜਦਕਿ ਅਕਾਲੀ ਦਲ ਦੀ ਚੋਣ ਲੜਨ ਦੇ ਚਾਹਵਾਨ ਚੰਡੀਗੜ੍ਹ ਦੇ ਫੇਰੇ ਲਗਾਉਂਦੇ ਹਨ। ਇਹੋ ਹਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈ। ਇਸ ਦੇ ਪ੍ਰਧਾਨ ਦਾ ਫੈਸਲਾ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਕੀਤਾ ਜਾਂਦਾ ਹੈ। ਮੈਂਬਰਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮੇਂ ਅਕਾਲੀ ਵਰਕਰਾਂ ਨੂੰ ਕੋਈ ਨਹੀ ਪੁੱਛਦਾ। ਟਿਕਟਾਂ ਦੀ ਸਾਰੀ ਵੰਡ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਕੀਤੀ ਜਾਂਦੀ ਹੈ। ਪੰਜਾਬ ਅਸੈਂਬਲੀ ਚੋਣਾਂ 30 ਨੂੰ ਹੋਣ ਜਾ ਰਹੀਆਂ ਲਈ ਕਾਂਗਰਸ ਪਾਰਟੀ ਵਲੋਂ ਸੂਚੀ ਇਸ ਕਰਕੇ ਦੇਰੀ ਨਾਲ ਜਾਰੀ ਕੀਤੀ ਗਈ ਕਿਉਂਕਿ ਕਾਂਗਰਸ



Academy of the Punjab in North America: http://www.apnaorg.com

ਹਾਈ ਕਮਾਨ ਨੇ ਦੇਰ ਨਾਲ ਉਮੀਦਵਾਰਾਂ ਦਾ ਫ਼ੈਸਲਾ ਕੀਤਾ। ਇਹੋ ਸਥਿਤੀ ਭਾਰਤੀ ਜਨਤਾ ਪਾਰਟੀ ਦੀ ਰਹੀ। ਸ਼੍ਰੋਮਣੀ ਅਕਾਲੀ ਦਲ ਨੇ ਸਭ ਤੋਂ ਪਹਿਲਾਂ ਸੂਚੀ ਜਾਰੀ ਕੀਤੀ, ਉਸ ਵਿਰੁਧ ਵਿਰੋਧੀ ਸੁਰਾਂ ਇਸ ਲਈ ਉੱਠੀਆਂ ਕਿ ਪੁਰਾਣੇ ਟਕਸਾਲੀ ਵਰਕਰਾਂ ਨੂੰ ਅਣਡਿੱਠ ਕਰਕੇ ਮਨਮਰਜ਼ੀ ਨਾਲ ਨਵੇਂ ਜਾਂ ਦੂਸਰੀਆਂ ਪਾਰਟੀਆਂ ਵਿਚੋਂ ਆਏ ਜਾਂ ਹਲਕੇ ਦੇ ਬਾਹਰਲਿਆਂ ਨੂੰ ਟਿਕਟਾਂ ਦੇ ਦਿੱਤੀਆਂ ਗਈਆਂ ਹਨ। ਵਰਕਰਾਂ ਨੂੰ ਬਿਲਕੁਲ ਪੁਛਿਆ ਨਹੀਂ ਗਿਆ।

ਅੰਮ੍ਰਿਤਸਰ ਤੋਂ ਸ. ਗੁਰਪ੍ਰਤਾਪ ਸਿੰਘ ਟਿੱਕਾ, ਸੰਤ ਅਜੀਤ ਸਿੰਘ ਤੇ ਹੋਰ ਅਕਾਲੀ ਆਗੂਆਂ ਨੇ ਬਾਦਲ ਅਕਾਲੀ ਦਲ ਨੂੰ ਇਸੇ ਲਈ ਅਲਵਿਦਾ ਕਹੀ ਹੈ ਕਿ ਉਨ੍ਹਾਂ ਦੀ ਪਾਰਟੀ ਵਿਚ ਕੋਈ ਪੁੱਛ ਪਰਤੀਤ ਨਹੀਂ। ਇਹੋ ਹਾਲ ਭਾਜਪਾ ਤੇ ਕਾਂਗਰਸ ਪਾਰਟੀਆਂ ਦਾ ਹੋਇਆ। ਇਨ੍ਹਾਂ ਪਾਰਟੀਆਂ ਵਿਚ ਵੀ ਵਿਰੋਧੀ ਸੁਰਾਂ ਉੱਠ ਰਹੀਆਂ ਹਨ। ਕਈ ਭਾਜਪਾ ਤੇ ਕਾਂਗਰਸੀ ਆਗੂ ਪਾਰਟੀ ਨੂੰ ਅਲਵਿਦਾ ਕਹਿ ਗਏ ਹਨ ਤੇ ਆਉਂਦੇ ਸਮੇਂ ਹੋਰਨਾਂ ਵਲੋਂ ਵੀ ਅਲਵਿਦਾ ਕਹਿ ਜਾਣ ਦੀ ਸੰਭਾਵਨਾ ਹੈ। ਸਾਰੀਆਂ ਪਾਰਟੀਆਂ ਵਿਚ ਪਰਿਵਾਰਵਾਦ ਨੂੰ ਪਹਿਲ ਦਿੱਤੀ ਗਈ ਹੈ। ਵੱਡੇ ਲੀਡਰਾਂ ਨੇ ਪੁਰਾਣੇ ਮਿਹਨਤੀ ਵਰਕਰਾਂ ਨੂੰ ਅਣਡਿੱਠ ਕਰਕੇ ਆਪਣੇ ਪਰਵਾਰਿਕ ਮੈਂਬਰਾਂ, ਰਿਸ਼ਤੇਦਾਰਾਂ ਜਾਂ ਅਮੀਰਾਂ ਨੂੰ ਟਿਕਟਾਂ ਦਿੱਤੀਆਂ ਹਨ। ਪਾਰਟੀ ਵਰਕਰ ਦਰੀਆਂ ਵਿਛਾਉਣ ਜੋਗੇ ਰਹਿ ਗਏ ਹਨ। ਇਸ ਤਰ੍ਹਾਂ ਸਿਆਸਤ ਸੇਵਾ ਨਾ ਰਹਿ ਕਿ ਵਪਾਰ ਬਣ ਗਈ ਹੈ। ਭਾਈ-ਭਤੀਜਾਵਾਦ ਤੇ ਪੈਸੇ ਦਾ ਵਡੇ ਪੱਧਰ ਤੇ ਖ਼ਰਚ ਕਰ ਕੇ ਹਰ ਹੀਲੇ ਚੋਣਾਂ ਜਿਤਣ ਦੇ ਰੁਝਾਨ ਨੇ ਕਦਰਾਂ ਕੀਮਤਾਂ ਦੀਆਂ ਧਜੀਆਂ ਉੱਡਾ ਦਿੱਤੀਆਂ ਹਨ।

ਇੰਝ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿੱਚ ਉਹ ਜਮਹੂਰੀਅਤ ਅਜੇ ਤੱਕ ਕਾਇਮ ਨਹੀ ਹੋ ਸਕੀ, ਜੋ ਕਿ ਇੰਗਲੈਂਡ, ਕਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਹੈ। ਪੰਜਾਬ ਹੀ ਨਹੀਂ ਸਗੋਂ ਭਾਰਤੀ ਸਿਆਸਤ ਵਿੱਚ ਕੁੱਝ ਪਰਿਵਾਰਾਂ ਦਾ ਕਬਜ਼ਾ ਹੈ। ਭਾਰਤ ਦੇ 65 ਸਾਲਾਂ ਦੇ ਰਾਜਨੀਤਕ ਇਤਿਹਾਸ ਵਿੱਚ ਕੁਝ ਸਮੇਂ ਨੂੰ ਛੱਡ ਕੇ ਨਹਿਰੂ ਖਾਨਦਾਨ ਦਾ ਹੀ ਕਬਜ਼ਾ ਰਿਹਾ ਹੈ, ਜੋ ਕਿ ਅਜੇ ਤੱਕ ਵੀ ਬਰਕਰਾਰ ਹੈ। ਇਹੋ ਹਾਲ ਪੰਜਾਬ ਦਾ ਹੈ। ਇੱਥੋ ਦੀ ਸਿਆਸਤ ਵਿੱਚ ਕੁੱਝ ਪਰਿਵਾਰ ਹੀ ਛਾਏ ਰਹੇ ਹਨ। ਜੇ ਅਸੀ ਚਾਹੁੰਦੇ ਹਾਂ ਕਿ ਭਾਰਤ ਵਿੱਚ ਵੀ ਲੋਕ ਦੂਜੇ ਦੇਸ਼ਾਂ ਵਾਂਗ ਅਜ਼ਾਦੀ ਦਾ ਨਿੱਘ ਮਾਣ ਸਕਣ ਤਾਂ ਸਾਨੂੰ ਵੀ ਪਰਿਵਾਰਵਾਦ ਨੂੰ ਖ਼ਤਮ ਕਰਕੇ ਰਾਜਸੀ ਸ਼ਕਤੀ ਪਾਰਟੀ ਵਰਕਰਾਂ ਨੂੰ ਦੇਣੀ ਚਾਹੀਦੀ ਹੈ। ਪਾਰਟੀ ਵਰਕਰਾਂ ਨੂੰ ਰੀੜ੍ਹ ਦੀ ਹੱਡੀ ਬਨਾਉਣਾ ਪਵੇਗਾ, ਤਾਂ ਹੀ ਅਸੀਂ ਦੇਸ਼ ਵਿੱਚੋਂ ਰਿਸ਼ਵਤਖੋਰੀ ਵਰਗੀਆਂ ਬੀਮਾਰੀਆਂ ਤੋਂ ਨਿਜ਼ਾਤ ਪਾ ਸਕਦੇ ਹਾਂ। 30 ਜਨਵਰੀ ਨੂੰ ਪੈਣ ਜਾ ਰਹੀਆਂ ਵੋਟਾਂ ਵਿਚ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਨੇਕ ਇਮਾਨਦਾਰ ਉਮੀਦਵਾਰਾਂ ਨੂੰ ਵੋਟ ਪਾਉਣ ਤਾਂ ਜੋ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਰੁਜ਼ਗਾਰ ਲਈ ਪੁਲਿਸ ਦੀਆਂ ਡਾਂਗਾਂ ਨਾ ਖਾਣੀਆਂ ਪੈਣ ਤੇ ਮੰਗਾਂ ਮੰਨਵਾਉਣ ਲਈ ਅਰਥੀਫੂਕ ਮੁਜ਼ਾਹਰੇ ਨਾ ਕਰਨੇ ਪੈਣ।

*2 ਜਨਵਰੀ 2011*



Academy of the Punjab in North America: http://www.apnaorg.com

# ਵਿਲੁਪੁਰਮ ਕਾਂਡ ਨੇ ਡਾਕਟਰੀ ਸਿਖਿਆ ਦੇ ਖੇਤਰ ਦੀ ਪੋਲ ਖੋਲ੍ਹੀ

24 ਜਨਵਰੀ 2016 ਨੂੰ ਤਿੰਨ ਨੌਜੁਆਨ ਲੜਕੀਆਂ ਨੇ ਤਾਮਿਲਨਾਡੂ ਦੇ ਐਸ.ਵੀ.ਐਸ. ਯੋਗਾ ਤੇ ਨੈਚੁਰਲਪੈਥੀ ਮੈਡੀਕਲ ਕਾਲਜ ਵਿਲੁਪੁਰਮ ਦੀਆਂ ਗ਼ੈਰ ਕਾਨੂੰਨੀ ਗਤੀਵਿਧੀਆਂ ਤੋਂ ਤੰਗ ਆ ਕੇ ਆਤਮ ਹੱਤਿਆ ਕਰਕੇ ਜੋ ਖੁਲਾਸਾ ਕੀਤਾ ਹੈ, ਉਹ ਬਹੁਤ ਹੀ ਦੁਖਦਾਈ ਤੇ ਹੈਰਾਨੀਜਨਕ ਹੈ। ਇਸ ਨੇ ਭਾਰਤੀ ਸੰਸਥਾਵਾਂ ਦੀ ਕਾਰਗੁਜ਼ਾਰੀ ਨੂੰ ਚੌਰਾਹੇ ਵਿਚ ਖੜਾ ਕੀਤਾ ਹੈ। ਇਹ ਤਿੰਨ ਲੜਕੀਆਂ ਸਾਧਾਰਨ ਪਰਿਵਾਰਾਂ ਵਿਚੋਂ ਸਨ ਤੇ ਇਹੋ ਕਾਰਨ ਹੈ ਕਿ ਇਨ੍ਹਾਂ ਦੀਆਂ ਮੌਤਾਂ ਨੂੰ ਨਾ ਤਾਂ ਭਾਰਤੀ ਲੋਕਾਂ ਨੇ ਤੇ ਨਾ ਹੀ ਮੀਡਿਆ ਨੇ ਗੰਭੀਰਤਾ ਨਾਲ ਲਿਆ ਹੈ। ਇਨ੍ਹਾਂ ਤੋਂ ਇਕ ਹਫ਼ਤਾ ਪਹਿਲਾਂ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਦੇ ਰੋਹਿਤ ਨੇ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਆਤਮ ਹੱਤਿਆ ਕੀਤੀ ਸੀ, ਜਿਸ ਦਾ ਦੇਸ਼ ਭਰ ਵਿਚ ਵਿਰੋਧ ਹੋਇਆ ਸੀ। ਇਨ੍ਹਾਂ ਲੜਕੀਆਂ ਨੇ ਵੀ ਸ਼ਾਇਦ ਸੋਚਿਆ ਸੀ ਕਿ ਉਹ ਵੀ ਅਜਿਹਾ ਕਰਕੇ ਇਸ ਕਾਲਜ ਦੀਆਂ ਬੇਨਿਯਮੀਆਂ ਤੇ ਵਿਦਿਆਰਥੀਆਂ ਦੀ ਲੁਟ ਘਸੁਟ ਉਜਾਗਰ ਕਰਕੇ ਦੇਸ਼ ਭਰ ਦਾ ਧਿਆਨ ਆਪਣੇ ਵਲ ਖਿਚਣਗੀਆਂ ਪਰ ਉਨਾਂ ਨੂੰ ਇਹ ਨਹੀਂ ਸੀ ਪਤਾ ਕਿ ਜਦ ਸਾਰਾ ਪ੍ਰਬੰਧਕੀ ਢਾਂਚਾ ਹੀ ਭ੍ਰਿਸ਼ਟ ਹੋਇਆ ਹੋਵੇ ਤਾਂ ਉਨ੍ਹਾਂ ਦੀ ਕੌਣ ਸੁਣੇਗਾ। ਰਾਹੁਲ ਇਕ ਵਿਸ਼ੇਸ਼ ਵਰਗ ਤੇ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ, ਇਸ ਲਈ ਉਸ ਦੀ ਮੌਤ 'ਤੇ ਵਿਰੋਧ ਹੋਣਾ ਸੁਭਾਵਕ ਹੀ ਸੀ।

ਇਨ੍ਹਾਂ ਵਿਚੋਂ ਇਕ 18 ਸਾਲ ਦੀ ਵੀ. ਪ੍ਰਿਅਕਾ ਸੀ। ਬਚਪਨ ਵਿਚ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ। ਉਹ 2 ਭੈਣਾਂ ਸਨ। ਉਸ ਦੀ ਮਾਤਾ ਨੇ ਉਸ ਨੂੰ ਅਤੇ ਉਸ ਦੀ ਵੱਡੀ ਭੈਣ ਨੂੰ ਇੰਜਨੀਅਰਿੰਗ ਦੀ ਪੜ੍ਹਾਈ ਕਰਾਉਣ ਲਈ ਆਪਣੀ ਜ਼ਮੀਨ ਵੇਚ ਦਿੱਤੀ। ਦੂਜੀ ਲੜਕੀ 19 ਸਾਲ ਦੀ ਮੋਨੀਸ਼ਾ ਸੀ ਜਿਸ ਦੇ ਪਿਤਾ ਤਾਮਿਲਨਾਡੂ ਬਿਜਲੀ ਬੋਰਡ ਵਿਚ ਨੌਕਰੀ ਕਰਦੇ ਹਨ। ਤੀਜੀ ਲੜਕੀ 18 ਸਾਲ ਦੀ ਈ. ਸਰਨਈਆ ਸੀ। ਉਹ ਵੀ ਸਾਧਾਰਨ ਪਰਿਵਾਰ 'ਚੋਂ ਸੀ। ਇਹ ਤਿੰਨ ਕੁੜੀਆਂ ਸ਼ੁਕਰਵਾਰ ਘਰੋਂ ਗਈਆਂ ਤੇ ਐਤਵਾਰ ਨੂੰ ਇਨ੍ਹਾਂ ਦੀਆਂ ਲਾਸ਼ਾਂ ਕਾਲਜ ਦੇ ਨੇੜੇ ਖੂਹ ਵਿਚ ਮਿਲੀਆਂ। ਕਾਲਜ ਵਾਲਿਆਂ ਦੇ ਬਿਨਾਂ ਮਾਤਾ ਪਿਤਾ ਦੀ ਉਡੀਕ ਕੀਤਿਆਂ, ਉਨ੍ਹਾਂ ਦਾ ਪੋਸਟ ਮਾਰਟਮ ਕਰਵਾ ਦਿੱਤਾ। ਮੋਨੀਸ਼ਾ ਦੇ ਪਿਤਾ ਦਾ ਕਹਿਣਾ ਹੈ ਕਿ ਕਿ ਉਸ ਦੇ ਸਿਰ 'ਤੇ ਜ਼ਖ਼ਮਾਂ ਦੇ ਨਿਸ਼ਾਨ ਸਨ, ਇਸ ਲਈ ਉਨ੍ਹਾਂ ਦੀ ਹੱਤਿਆ ਕੀਤੀ ਗਈ।



Academy of the Punjab in North America: http://www.apnaorg.com

ਇਸ ਕਾਲਜ ਬਾਰੇ ਜੋ ਤੱਥ ਮੀਡਿਆ ਵਿਚ ਆਏ ਹਨ, ਉਹ ਬੜੇ ਹੈਰਾਨੀਜਨਕ ਹਨ। ਇਹ ਕਾਲਜ 2008 ਵਿਚ ਸ਼ੁਰੂ ਹੋਇਆ। ਇਸ ਦੀ ਕੋਈ ਚਾਰ ਦਿਵਾਰੀ ਨਹੀਂ, ਕੋਈ ਲੈਬਾਰਟਰੀ ਨਹੀਂ, ਕੋਈ ਅਧਿਆਪਕ ਨਹੀਂ ਪਰ ਫਿਰ ਵੀ ਇੱਥੇ 100 ਵਿਦਿਆਰਥੀ ਪੜ੍ਹ ਰਹੇ ਹਨ। ਕਾਲਜ ਦੇ ਬਾਹਰ ਲੱਕੜ ਦੇ ਡੰਡਿਆਂ ਉਪਰ ਇਕ ਕਾਲਜ ਦਾ ਬੈਨਰ ਹੈ। ਦਾਖਲ ਹੁੰਦਿਆਂ ਇਕ ਮੰਜ਼ਲੀ ਇਮਾਰਤ ਹੈ ਜਿਸ ਵਿਚ 24 ਕੈਬਿਨ ਹਨ। ਅੱਗੇ ਸਜੇ ਪਾਸੇ ਰਸੋਈ ਹੈ, ਜਿੱਥੇ ਵੱਡੀ ਜਮਾਤ ਦੇ ਵਿਦਿਆਰਥੀ ਛੋਟੀ ਜਮਾਤ ਵਾਲਿਆਂ ਲਈ ਖਾਣਾ ਤਿਆਰ ਕਰਦੇ ਹਨ। ਇਕ ਤਿੰਨ ਮੰਜ਼ਲੀ ਇਮਾਰਤ ਹੈ, ਜਿਸ ਵਿਚ ਵੱਖ ਵੱਖ ਕਮਰੇ ਹਨ ਜਿਵੇਂ ਉਪਰੇਸ਼ਨ ਥੀਏਟਰ, ਬਾਹਰੀ ਮਰੀਜ਼ਾਂ ਲਈ ਕਮਰਾ ਵਗੈਰਾ। ਇਕ ਡਾਇਲੈਸਿਸ ਰੂਮ ਹੈ। ਬੱਸ ਇਹ ਨਾਂ ਦੇ ਹੀ ਕਮਰੇ ਹਨ, ਇਨ੍ਹਾਂ ਵਿਚ ਵਿਦਿਆਰਥੀ ਰਹਿੰਦੇ ਹਨ। ਡਾਇਲੈਸਿਸ ਰੂਮ ਗ਼ੈਰ ਕਾਨੂੰਨੀ ਹੈ ਕਿਉਂਕਿ ਇਹ ਐਲੋਪੈਥੀ ਵਾਲੇ ਕਾਲਜਾਂ ਵਿਚ ਹੁੰਦਾ ਹੈ। ਹਰ ਵਿਦਿਆਰਥੀ ਪਾਸੋਂ 5 ਲੱਖ ਰੁਪਏ ਲਏ ਜਾਂਦੇ ਹਨ।

ਹੈਰਾਨੀ ਇਸ ਗੱਲ ਦੀ ਹੈ ਕਿ ਇਸ ਨੂੰ ਡਾ. ਐਮ.ਜੀ.ਆਰ. ਮੈਡੀਕਲ ਯੂਨੀਵਰਸਿਟੀ ਵੱਲੋਂ ਮਾਨਤਾ ਮਿਲੀ ਹੋਈ ਹੈ। ਸੋਚਣ ਵਾਲੀ ਗੱਲ ਹੈ ਕਿ ਐਮ.ਸੀ.ਆਈ. ਅਤੇ ਏ.ਆਈ.ਸੀ.ਟੀ.ਈ. ਨੇ ਇਸ ਕਾਲਜ ਨੂੰ ਮਾਨਤਾ ਕਿਵੇਂ ਦੇ ਦਿੱਤੀ। ਇਸ ਦਾ ਬਕਾਇਦਾ ਮੁਆਇਨਾ ਹੁੰਦਾ ਹੈ। ਰਾਜ ਸਰਕਾਰ ਵੱਲੋਂ ਬਾਕੀ ਦੇ ਮੈਡੀਕਲ ਕਾਲਜਾਂ ਵਾਂਗ ਇਸ ਦਾ ਦਾਖਲਾ ਬਕਾਇਦਾ ਕੌਂਸਲਿੰਗ ਕਰਕੇ ਕੀਤਾ ਜਾਂਦਾ ਹੈ, ਜਿਸ ਤੋਂ ਲੋਕ ਇਹੋ ਸਮਝਦੇ ਹਨ ਕਿ ਬਾਕੀ ਕਾਲਜਾਂ ਵਾਂਗ ਇਹ ਮਾਨਤਾ ਪ੍ਰਾਪਤ ਮਿਆਰੀ ਕਾਲਜ ਹੈ।

ਰਾਜ ਸਰਕਾਰ ਨੇ ਭਾਵੇਂ ਕੋਰਸਾਂ ਲਈ ਸਾਲਾਨਾ ਫੀਸ 30 ਹਜ਼ਾਰ ਤੋਂ 50 ਹਜ਼ਾਰ ਰੁਪਏ ਰੱਖੀ ਹੋਈ ਹੈ ਪਰ ਇਹ ਕਾਲਜ ਇਕ ਲੱਖ ਤੋਂ 1.5 ਲੱਖ ਰੁਪਏ ਸਾਲਾਨਾ ਲੈਂਦਾ ਹੈ। ਵਿਦਿਆਰਥੀਆਂ ਪਾਸੋਂ 2 ਜਾਂ 3 ਸਾਲ ਦੀ ਅਗਾਊਂ ਫੀਸ ਲਈ ਜਾਂਦੀ ਹੈ। ਕਈ ਵਿਦਿਆਰਥੀਆਂ ਪਾਸੋਂ 5 ਜਾਂ 6 ਲੱਖ ਰੁਪਏ ਵੀ ਲਏ ਜਾਂਦੇ ਹਨ। ਇਸ ਦੀ ਕੋਈ ਰਸੀਦ ਨਹੀਂ ਦਿੱਤੀ ਜਾਂਦੀ। ਇਸ ਦੀ ਤਸਦੀਕ ਵੀ. ਪ੍ਰਿਅਕਾ ਦੀ ਮਾਤਾ ਨੇ ਵੀ ਕੀਤੀ ਹੈ ਕਿ ਉਸ ਦੀ ਬੇਟੀ ਨੇ ਅਜੇ ਦੂਜੇ ਸਾਲ ਦੀ ਪੜ੍ਹਾਈ ਮੁਕੰਮਲ ਵੀ ਨਹੀਂ ਸੀ ਕੀਤੀ ਕਿ ਕਾਲਜ ਨੇ ਉਨ੍ਹਾਂ ਪਾਸੋਂ 5 ਲੱਖ ਰੁਪਏ ਜਬਰੀ ਲਏ। ਮਾਪਿਆਂ ਦਾ ਇਹ ਵੀ ਦੋਸ਼ ਹੈ ਕਿ ਵਿਦਿਆਰਥੀਆਂ ਪਾਸੋਂ ਘਰ ਦੇ ਕੰਮ ਵੀ ਜਬਰੀ ਕਰਵਾਏ ਜਾਂਦੇ ਸਨ। ਇਥੋਂ ਤੀਕ ਟਾਇਲਟ ਵੀ ਸਾਫ਼ ਕਰਨ ਨੂੰ ਕਿਹਾ ਜਾਂਦਾ ਸੀ। ਜੋ ਕੋਈ ਵਿਰੋਧਤਾ ਕਰਨਾ ਸੀ ਤਾਂ ਉਸ ਨਾਲ ਬਦਸਲੂਕੀ ਕੀਤੀ ਜਾਂਦੀ ਸੀ।

ਵਿਦਿਆਰਥੀਆਂ ਦੀ ਕੋਈ ਸੁਣਵਾਈ ਨਹੀਂ ਸੀ। ਪਿਛਲੇ ਸਾਲ 3 ਸਤੰਬਰ ਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਪ੍ਰਬੰਧਕ ਕਮੇਟੀ ਵਿਰੁੱਧ ਵਿਦਿਆਰਥੀਆਂ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਜੋ 14 ਸਤੰਬਰ ਤੀਕ ਜਾਰੀ ਰਹੀ। ਜਦ ਜ਼ਿਲ੍ਹਾ ਪ੍ਰਸ਼ਾਸਨ ਨੇ ਉਨ੍ਹਾਂ ਦੀ ਕੋਈ ਗੱਲ ਨਾ ਸੁਣੀ ਤਾਂ 6 ਵਿਦਿਆਰਥੀਆਂ ਨੇ ਪਿਛਲੇ ਸਾਲ ਅਕਤੂਬਰ ਵਿਚ ਚੂਹੇ ਮਾਰਨ ਵਾਲਾ ਜ਼ਹਿਰ ਖਾ ਲਿਆ ਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਵਿਦਿਆਰਥੀਆਂ ਨੇ ਇਸ ਕਾਲਜ ਦੀਆਂ ਵਧੀਕੀਆਂ ਅਤੇ ਗ਼ੈਰ ਕਾਨੂੰਨੀ



Academy of the Punjab in North America: http://www.apnaorg.com

ਕਾਰਵਾਈਆਂ ਵਿਰੁਧ ਡਿਪਟੀ ਕਮਿਸ਼ਨਰ ਤੋਂ ਲੈ ਕੇ ਮੁੱਖ ਮੰਤਰੀ, ਉਪ-ਕੁਲਪਤੀ, ਮੁੱਖ-ਸਕੱਤਰ, ਮੈਡੀਕਲ ਕੌਂਸਲ ਆਫ ਇੰਡੀਆ (ਐਮ.ਸੀ.ਆਈ.) ਤੀਕ ਸ਼ਕਾਇਤਾਂ ਕੀਤੀਆਂ ਗਈਆਂ, ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਉਲਟਾ ਕਾਲਜ ਨੂੰ ਦੋਸ਼ ਮੁਕਤ ਕਰ ਦਿੱਤਾ ਗਿਆ।

ਇਸ ਘਟਨਾ ਸਬੰਧੀ ਵੀ ਕਿਸੇ ਦਾ ਕੋਈ ਬਿਆਨ ਨਹੀਂ ਆਇਆ। ਮੁੱਖ ਮੰਤਰੀ ਦੀ ਗੱਲ ਛੱਡੋ, ਜ਼ਿਲਾ ਪ੍ਰਸ਼ਾਸਨ ਵਲੋਂ ਵੀ ਕੋਈ ਬਿਆਨ ਨਹੀਂ ਆਇਆ। ਮੀਡਿਆ ਵਿਚ ਵੀ ਉਦੋਂ ਹਲਚਲ ਹੋਈ ਜਦੋਂ ਪੁਲੀਸ ਵਲੋਂ ਕਾਲਜ ਨੂੰ ਸੀਲ ਕਰਕੇ ਤਾਲੇ ਲਾ ਦਿੱਤੇ ਗਏ। ਅਜੇ ਤੀਕ ਸਿੱਖਿਆ ਮੰਤਰੀ ਤੇ ਸਿਖਿਆ ਸਕੱਤਰ ਵਲੋਂ ਵੀ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ। ਯੂਨੀਵਰਸਿਟੀ ਦੇ ਰਜਿਸਟਰਾਰ ਤੇ ਹੋਰ ਅਧਿਕਾਰੀਆਂ ਜਿਨ੍ਹਾਂ ਨੇ ਝੂਠੀਆਂ ਮੁਆਇਨੇ ਦੀਆਂ ਰਿਪੋਰਟਾਂ ਜਾਰੀ ਕੀਤੀਆਂ ਤੇ ਊਣਤਾਈਆਂ ਹੋਣ ਦੇ ਬਾਵਜੂਦ ਕਾਲਜ ਨੂੰ ਚਲਣ ਵਿਚ ਮਦਦ ਕੀਤੀ, ਉਨ੍ਹਾਂ ਵਿਚੋਂ ਕਿਸੇ ਦੀ ਵੀ ਅਜੇ ਤੀਕ ਗ੍ਰਿਫ਼ਤਾਰੀ ਨਹੀਂ ਹੋਈ ਤੇ ਨਾ ਹੀ ਉਨ੍ਹਾਂ ਵਿਰੁਧ ਕੇਸ ਦਰਜ ਕੀਤਾ ਗਿਆ ਹੈ।

ਮਾੜੇ ਪ੍ਰਬੰਧ ਕਰਕੇ ਬਹੁਤ ਸਾਰੇ ਵਿਦਿਆਰਥੀ ਕਾਲਜ ਛਡ ਜਾਂਦੇ ਹਨ। ਵਿਦਿਆਰਥੀਆਂ ਦੇ ਅਸਲੀ ਸਰਟੀਫਿਕੇਟ ਦਾਖਲੇ ਸਮੇਂ ਲੈ ਲਏ ਜਾਂਦੇ ਹਨ ਜੋ ਲੱਖਾਂ ਰੁਪਏ ਲੈ ਕੇ ਦਿੱਤੇ ਜਾਂਦੇ ਹਨ। ਕਈਆਂ ਨੇ ਇਸ ਸਬੰਧੀ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਤਾਂ ਜਾ ਕੇ ਉਨ੍ਹਾਂ ਨੂੰ ਸਰਟੀਫਿਕੇਟ ਮਿਲੇ। 2010 ਵਿਚ ਮਦਰਾਸ ਹਾਈਕੋਰਟ ਨੇ ਇਸ ਕਾਲਜ ਨੂੰ ਪਹਿਲੇ ਸਾਲ ਦੇ ਵਿਦਿਆਰਥੀ ਪਾਸੋਂ ਕਾਲਜ ਬਦਲਣ ਲਈ ਸਰਟੀਫਿਕੇਟ ਮੰਗਣ 'ਤੇ ਸਾਢੇ ਪੰਜ ਸਾਲ ਦੀ ਫ਼ੀਸ ਮੰਗਣ 'ਤੇ ਫਿਟਕਾਰ ਲਈ ਸੀ। 2012 ਵਿਚ ਮਦਰਾਸ ਹਾਈਕੋਰਟ ਨੇ ਇਸ ਕਾਲਜ ਨੂੰ ਇਸ ਦੀ ਚੇਅਰਮੈਨ ਵਸੂਕੀ ਵਲੋਂ ਇਕ ਵਿਦਿਆਰਥਣ ਨੂੰ ਕਾਲਜ ਛੱਡਣ 'ਤੇ ਧਮਕੀਆਂ ਦੇਣ 'ਤੇ ਖਿਚਾਈ ਕੀਤੀ ਸੀ ਤੇ ਹੁਕਮ ਕੀਤੇ ਸਨ ਕਿ ਉਸ ਦੇ ਸਾਰੇ ਸਰਟੀਫਿਕੇਟ ਉਸ ਨੂੰ ਦਿੱਤੇ ਜਾਣ। ਇਸੇ ਸਾਲ ਹਾਈਕੋਰਟ ਨੇ ਇਸ ਕਾਲਜ ਦੀ ਰਿਟ ਪਟੀਸ਼ਨ ਖਾਰਜ ਕੀਤੀ ਸੀ, ਜਿਸ ਵਿਚ ਇਸ ਨੂੰ ਹੋਮਿਓਪੈਥੀ ਕਾਲਜ ਖੋਲ੍ਹਣ ਦੀ ਆਗਿਆ ਨਾ ਦੇਣ 'ਤੇ ਕਾਲਜ ਵਲੋਂ ਮੁੜ ਮੁਆਇਨਾ (ਇਨਸਪੈਕਸ਼ਨ) ਕਰਾਉਣ ਦੀ ਮੰਗ ਕੀਤੀ ਗਈ ਸੀ ਕਿਉਂਕਿ ਮੁਆਇਨਾ ਟੀਮ ਨੇ ਕਾਲਜ ਵਿਚ ਕਈ ਊਣਤਾਈਆਂ ਪਾਈਆਂ ਸਨ।

ਮੁੱਖ ਮੰਤਰੀ ਜੈਲਲਿਥਾ ਨੇ ਹਰ ਪਰਿਵਾਰ ਨੂੰ ਇਕ ਇਕ ਲੱਖ ਰੁਪਏ ਜ਼ਰੂਰ ਦਿੱਤੇ ਜਦ ਕਿ 2014 ਵਿਚ ਉਸ ਨੂੰ ਅਦਾਲਤ ਵਲੋਂ ਸਜ਼ਾ ਸੁਣਾਈ ਗਈ ਸੀ ਤਾਂ ਉਸ ਸਮੇਂ ਆਤਮ-ਹੱਤਿਆ ਕਰਨ ਵਾਲਿਆਂ ਨੂੰ ਤਿੰਨ-ਤਿੰਨ ਲੱਖ ਰੁਪਏ ਦਿੱਤੇ ਗਏ ਸਨ। ਪਰ ਮੁੱਖ ਮੰਤਰੀ ਨੇ ਇਸ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਸਪੱਸ਼ਟ ਹੈ ਕਿ ਉਸ ਦੀ ਹਮਦਰਦੀ ਕੁੜੀਆਂ ਨਾਲ ਨਹੀਂ, ਸਗੋਂ ਉਹ ਕਾਲਜ ਦੀ ਮਦਦ ਕਰ ਰਹੀ ਹੈ। ਇਸ ਦਾ ਕਾਰਨ ਜੋ ਮੀਡਿਆ ਵਿਚ ਆਇਆ ਹੈ, ਉਸ ਅਨੁਸਾਰ ਤਾਮਿਲਨਾਡੂ ਵਿਚ ਪ੍ਰਾਈਵੇਟ ਡਾਕਟਰੀ ਸਿਖਿਆ ਦੇ ਕਾਲਜਾਂ ਵਿਚ, ਸਰਕਾਰ ਤੇ ਡਾ.ਐਮ.ਜੀ.ਆਰ. ਮੈਡੀਕਲ ਯੂਨੀਵਰਸਿਟੀ ਦੀ ਮਿਲੀਭੁਗਤ ਨਾਲ ਕਥਿਤ ਤੌਰ 'ਤੇ ਸੀਟਾਂ ਵੇਚਣ ਦਾ ਗੋਰਖਧੰਦਾ ਚਲਦਾ ਹੈ। ਐਮ.ਬੀ.ਬੀ.ਐਸ. ਦੀਆਂ ਸੀਟਾਂ ਦੀ ਵਿਕਰੀ



Academy of the Punjab in North America: http://www.apnaorg.com

40 ਲੱਖ ਤੋਂ ਸ਼ੁਰੂ ਹੁੰਦੀ ਹੈ। ਪੋਸਟਗ੍ਰੈਜੂਏਟ ਭਾਵ ਐਮ.ਡੀ., ਐਮ.ਐਸ. ਆਦਿ ਲਈ ਛੇ ਛੇ ਕਰੋੜ ਲਏ ਜਾਂਦੇ ਹਨ। ਇਹ ਕਾਰੋਬਾਰ 1000 ਕਰੋੜ ਰੁਪਏ ਤੋਂ ਵੱਧ ਦਾ ਹੈ। ਇਹ ਸਾਰਾ ਕੁਝ ਦੋ ਨੰਬਰ ਵਿਚ ਚਲਦਾ ਹੈ। ਕੋਈ ਰਸੀਦ ਨਹੀਂ ਦਿੱਤੀ ਜਾਂਦੀ। ਇਸ ਤਰ੍ਹਾਂ ਸਾਰਾ ਪ੍ਰਬੰਧਕੀ ਢਾਂਚਾ ਹੀ ਭਰਿਸ਼ਟਚਾਰ ਦਾ ਸ਼ਿਕਾਰ ਹੈ।

ਇਹ ਵਰਤਾਰਾ ਸਾਰੇ ਭਾਰਤ ਦਾ ਹੈ। ਬੀਤੇ ਦਿਨੀਂ ਟਾਇਮਜ਼ ਆਫ਼ ਇੰਡੀਆ ਵਿਚ ਇਕ ਖ਼ਬਰ ਪ੍ਰਕਾਸ਼ਿਤ ਹੋਈ ਸੀ, ਜਿਸ ਵਿਚ ਡਾਕਟਰੀ ਸਿਖਿਆ ਨਾਲ ਸਬੰਧਿਤ ਅਦਾਰਿਆਂ ਵਿਚ ਚਲ ਰਹੇ ਕਾਲੇ ਧਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਸੀ। ਇਸ ਰਿਪੋਰਟ ਅਨੁਸਾਰ ਭਾਰਤ ਵਿਚ 422 ਡਾਕਟਰੀ ਕਾਲਜ ਹਨ, ਜਿਨ੍ਹਾਂ ਵਿਚੋਂ 224 ਪ੍ਰਾਈਵੇਟ ਹਨ। ਇਨ੍ਹਾਂ ਵਿਚ 15% ਐਨ.ਆਰ.ਆਈ. ਕੋਟਾ ਹੈ। ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਵਿਚ ਪ੍ਰਬੰਧਕ ਕਮੇਟੀ ਦਾ ਕੋਟਾ 43% ਹੈ। ਇਸ ਤਰ੍ਹਾਂ 58% ਸੀਟਾਂ ਮੈਰਿਟ ਚੋਂ ਬਾਹਰ ਹੋ ਜਾਂਦੀਆਂ ਹਨ। ਪੋਸਟਗ੍ਰੈਜੂਏਟ (ਐਮ.ਡੀ., ਐਮ.ਐਸ. ਵਗੈਰਾ) ਵਿਚ ਇਨ੍ਹਾਂ ਸੀਟਾਂ ਦੀ ਗਿਣਤੀ 9808 ਹੈ, ਜਿਨ੍ਹਾਂ ਤੋਂ ਇਨ੍ਹਾਂ ਨੂੰ 12000 ਕਰੋੜ ਰੁਪਏ ਦਾ ਕਾਲਾ ਧਨ ਪ੍ਰਾਪਤ ਹੁੰਦਾ ਹੈ। ਐਮ.ਬੀ.ਬੀ.ਐਸ. ਵਿਚ ਇਨ੍ਹਾਂ ਸੀਟਾਂ ਦੀ ਗਿਣਤੀ 15100 ਬਣਦੀ ਹੈ, ਜਿਸ ਤੋਂ 25000 ਕਰੋੜ ਰੁਪਏ ਦਾ ਕਾਲਾ ਧਨ ਪ੍ਰਾਪਤ ਹੁੰਦਾ ਹੈ। ਇੰਝ ਇਹ ਸੈਂਤੀ ਹਜ਼ਾਰ ਕਰੋੜ ਰੁਪਏ ਦਾ ਕਾਲਾ ਧਨ ਸਾਡੇ ਵਿਦਿਆ ਦੇ ਮੰਦਰ ਕਮਾਉਂਦੇ ਹਨ। ਕਾਲਾ ਧਨ ਇਸ ਲਈ ਕਿ ਇਸ ਦੀ ਕੋਈ ਰਸੀਦ ਨਹੀਂ ਦਿਤੀ ਜਾਂਦੀ।

ਪੰਜਾਬ ਵਿਚ ਵੀ ਧੜਾਧੜ ਪ੍ਰਾਈਵੇਟ ਮੈਡੀਕਲ ਕਾਲਜ ਤੇ ਯੂਨੀਵਰਸਿਟੀਆਂ ਖੁਲ੍ਹ ਰਹੀਆਂ ਹਨ। ਨਾ ਕੇਵਲ ਸਰਕਾਰੀ ਹਸਪਤਾਲਾਂ ਸਗੋਂ ਮੈਡੀਕਲ ਕਾਲਜਾਂ ਅਤੇ ਮੈਡੀਕਲ ਯੂਨੀਵਰਸਿਟੀਆਂ ਵਿਚ ਡਾਕਟਰਾਂ ਦੀ ਭਾਰੀ ਕਮੀ ਹੈ। ਕਈਆਂ ਡਾਕਟਰਾਂ ਦੇ ਨਾਂ ਤਾਂ ਕਾਲਜ ਦੀ ਸੂਚੀ ਵਿਚ ਹਨ ਪਰ ਉਨ੍ਹਾਂ ਨੂੰ ਕਾਲਜ ਦੀ ਪੜਤਾਲ ਕਰਨ ਸਮੇਂ ਭਾਵ ਇਨਸਪੈਕਸ਼ਨ ਸਮੇਂ ਬੁਲਾਇਆ ਜਾਂਦਾ ਹੈ ਤਾਂ ਜੁ ਕਾਲਜ ਦੀ ਮਾਨਤਾ ਰੱਦ ਨਾ ਹੋ ਜਾਵੇ। ਇਸ ਲਈ ਸਾਰੇ ਪ੍ਰਬੰਧਕੀ ਢਾਂਚੇ ਦਾ ਮੁਲੰਕਣ ਕਰ ਕੇ, ਇਸ ਸਾਰਥਕ ਤੇ ਪਾਰਦਰਸ਼ਕ ਨੀਤੀ ਬਨਾਉਣ ਦੀ ਲੋੜ ਹੈ, ਜਿਸ ਵਿਚ ਹਰ ਅਧਿਕਾਰੀ ਦੀ ਜੁਆਬਦੇਹੀ ਹੋਵੇ। ਸਖ਼ਤ ਸਜ਼ਾਵਾਂ ਦੀ ਵੀ ਵਿਵਸਥਾ ਹੋਵੇ ਤਾਂ ਜੋ ਕੋਈ ਵੀ ਅਣਗਹਿਲੀ ਕਰਨ ਦੀ ਜੁਰਅਤ ਨਾ ਕਰੇ।

*31 ਜਨਵਰੀ 2016*



Academy of the Punjab in North America: http://www.apnaorg.com

# ਯੂਨੀਵਰਸਿਟੀਆਂ ਨੂੰ ਸਿਆਸਤਦਾਨਾਂ ਦੇ ਸ਼ਿਕੰਜੇ 'ਤੋਂ ਮੁਕਤ ਕਰਾਉਣ ਦੀ ਲੋੜ

ਕੇਂਦਰੀ ਯੂਨੀਵਰਸਿਟੀ ਹੈਦਰਾਬਾਦ ਵਿਚ ਪੀ-ਐਚ.ਡੀ. ਕਰ ਰਹੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਵੱਲੋਂ ਕੀਤੀ ਹਾਤਮ-ਹੱਤਿਆ ਦੇ ਪਿਛੋਕੜ 'ਤੇ ਝਾਤ ਪਾਇਆਂ ਜੋ ਗੱਲ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਸ ਲਈ ਯੂਨੀਵਰਸਿਟੀ ਵਿਚ ਬੇਲੋੜੀ ਸਿਆਸੀ ਦਖ਼ਲ ਅੰਦਾਜ਼ੀ ਜ਼ੁੰਮੇਵਾਰ ਹੈ। ਉੱਥੋਂ ਦੇ ਸਥਾਨਕ ਕੇਂਦਰੀ ਮੰਤਰੀ ਬੰਡਾਰੂ ਦੱਤਾਰੇ ਤੇ ਕੇਂਦਰੀ ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਨੇ ਐਸਾ ਮਾਹੌਲ ਬਣਾ ਦਿੱਤਾ, ਜਿਸ ਕਰਕੇ ਇਹ ਦੁਖਦਾਈ ਘਟਨਾ ਵਾਪਰੀ। ਉਸ ਨੌਜੁਆਨ ਜਿਸ ਨੇ ਕਾਰਲ ਸਾਗਨ ਵਾਂਗ ਇਕ ਮਹਾਨ ਵਿਗਿਆਨੀ ਬਣਨ ਦੇ ਸੁਪਨੇ ਲਏ ਸਨ, ਇਸ ਸਿਆਸੀ ਦਖ਼ਲ ਅੰਦਾਜ਼ੀ ਕਰਕੇ ਉਹ ਪਲਾਂ ਵਿਚ ਚਕਨਾ ਚੂਰ ਹੋ ਗਏ। ਉਹ ਇਕ ਹੁਸ਼ਿਆਰ ਵਿਦਿਆਰਥੀ ਸੀ, ਇਸ ਦਾ ਸਬੂਤ ਉਸ ਵੱਲੋਂ ਕੇਂਦਰੀ ਅਦਾਰੇ ਵਿਚ ਆਮ ਵਰਗ ਵਿਚ ਦਾਖ਼ਲਾ ਲੈਣਾ ਤੇ ਸੀ.ਐਸ.ਆਈ.ਆਰ. ਤੋਂ ਖੋਜ ਕਰਨ ਲਈ ਜੂਨੀਅਰ ਰੀਸਰਚ ਫੈਲੋਸ਼ੀਪ ਪ੍ਰਾਪਤ ਕਰਨਾ ਹੈ।

ਉਹ ਭਾਵੇਂ ਹੁਸ਼ਿਆਰ ਵਿਦਿਆਰਥੀ ਹੋਣ ਕਰਕੇ ਪੜ੍ਹਾਈ ਲਈ ਸਕਾਲਰਸ਼ਿਪ ਲੈ ਰਿਹਾ ਸੀ, ਪਰ ਉਹ ਦਲਿਤ ਸਮਾਜ ਦੀ ਬਿਹਤਰੀ ਲਈ ਕੁਝ ਕਰਨਾ ਚਾਹੁੰਦਾ ਸੀ ਤੇ ਇਸ ਲਈ ਉਹ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ (ਏ.ਐਸ.ਏ.) ਦੇ ਝੰਡੇ ਹੇਠ ਦੱਬੇ ਕੁਚਲੇ ਲੋਕਾਂ ਲਈ ਕੰਮ ਕਰ ਰਿਹਾ ਸੀ। ਇਸ ਦਾ ਇਕ ਅਫ਼ਸੋਸਨਾਕ ਪਹਿਲੂ ਇਹ ਵੀ ਹੈ ਕਿ ਖ਼ੁਦਕੁਸ਼ੀ ਕਰਨ ਲਈ ਉਸ ਨੇ ਯੂਨੀਅਨ ਦੇ ਇਸ ਝੰਡੇ ਦੀ ਰਸੀ ਬਣਾ ਕੇ ਇਸ ਦਾ ਫੰਧਾ ਬਣਾ ਕੇ ਆਤਮ-ਹੱਤਿਆ ਕੀਤੀ।

ਵੈਸੇ ਇਹ ਖ਼ੁਦਕੁਸ਼ੀ ਇਸ ਯੂਨੀਵਰਸਿਟੀ ਦੀ ਪਹਿਲੀ ਘਟਨਾ ਨਹੀਂ। ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਨੇ ਦਾਅਵਾ ਕੀਤਾ ਹੈ ਕਿ 1970 ਵਿਚ ਇਸ ਯੂਨੀਵਰਸਿਟੀ ਦੇ ਸਥਾਪਤ ਹੋਣ ਪਿੱਛੋਂ 12 ਅਨੁਸੂਚਿਤ ਜਾਤੀ ਨਾਲ ਸੰਬੰਧਿਤ ਵਿਦਿਆਰਥੀਆਂ ਨੇ ਉਨ੍ਹਾਂ ਨਾਲ ਕੀਤੇ ਜਾਂਦੇ ਜਾਤੀ ਵਿਤਕਰੇ ਕਾਰਨ ਖ਼ੁਦਕੁਸ਼ੀਆਂ ਕੀਤੀਆਂ ਹਨ। ਸਭ ਤੋਂ ਪਹਿਲਾਂ ਸੰਥਲ ਕੁਮਾਰ ਨੇ 2008 ਵਿਚ ਖ਼ੁਦਕੁਸ਼ੀ ਕੀਤੀ। ਉਹ ਭੌਤਿਕ ਵਿਗਿਆਨ ਵਿਚ ਪੀ-ਐਚ.ਡੀ. ਕਰਦਾ ਸੀ। ਉਸ ਨੂੰ ਯੂਨੀਵਰਸਿਟੀ ਨੇ ਗਾਈਡ ਨਾ ਦਿੱਤਾ ਤੇ ਉਸ ਨੇ ਦੁਖੀ ਹੋ ਕੇ ਹੋਸਟਲ ਵਿੱਚ ਆਪਣੀ ਜਾਨ ਕੋਈ ਜ਼ਹਿਰੀਲੀ ਚੀਜ਼ ਖਾ ਕੇ ਗੁਆ ਲਈ। ਉਹ ਤਾਮਿਲਨਾਡੂ ਤੋਂ ਸੀ ਤੇ ਦਲਿਤਾਂ ਦੀ ਉਪਜਾਤੀ ਪੈਨੀਯੈਂਡੀ ਨਾਲ ਸੰਬੰਧਿਤ



Academy of the Punjab in North America: http://www.apnaorg.com

ਸੀ। ਵਿਨੋਦ ਪਾਵਰਾਲਾ ਪੜਤਾਲੀ ਕਮੇਟੀ ਨੇ ਇਸ ਦੇ ਕਾਰਨਾਂ ਦੀ ਪੜਤਾਲ ਕੀਤੀ। ਕਮੇਟੀ ਨੇ ਤਸਦੀਕ ਕੀਤਾ ਕਿ ਵਿਦਿਆਰਥੀਆਂ ਨਾਲ ਵਿਤਕਰਾ ਇਸ ਦਾ ਮੁੱਖ ਕਾਰਨ ਸੀ। 2013 ਵਿਚ ਦੋ ਦਲਿਤ ਵਿਦਿਆਰਥੀਆਂ ਨੇ ਆਤਮ ਹੱਤਿਆਵਾਂ ਕੀਤੀਆਂ। ਐਮ. ਵੈਨਕਟੇਸ਼ ਪੀ-ਐਚ.ਡੀ. ਦੇ ਤੀਜੇ ਸਾਲ ਦਾ ਵਿਦਿਆਰਥੀ ਸੀ। ਉਸ ਨੂੰ ਨਾ ਤਾਂ ਗਾਈਡ ਮੁਹੱਈਆ ਕੀਤਾ ਗਿਆ ਤੇ ਨਾ ਹੀ ਪ੍ਰਯੋਗਸ਼ਾਲਾ ਦਿੱਤੀ ਗਈ ਜਦ ਕਿ ਉਸ ਦੇ ਨਾਲ ਦੇ 2 ਉਚ ਜਾਤੀ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਗਾਈਡ ਮੁਹੱਈਆ ਕੀਤੇ ਗਏ ਤੇ ਉਨ੍ਹਾਂ ਨੇ ਖੋਜ ਵੀ ਮੁਕੰਮਲ ਕਰ ਲਈ ਸੀ। ਉਸ ਦੀ ਮੌਤ ਦੀ ਪੜਤਾਲ ਲਈ ਬਣੀ ਕਮੇਟੀ ਨੇ ਵੀ ਇਸ ਦੀ ਪ੍ਰਸ਼ਟੀ ਕੀਤੀ ਸੀ ਕਿ ਉਸ ਨੂੰ ਗਾਈਡ ਨਾ ਦੇਣਾ ਹੀ ਉਸ ਦੀ ਆਤਮ ਹੱਤਿਆ ਦਾ ਕਾਰਨ ਸੀ।

ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਮੌਤਾਂ ਨੂੰ ਰੋਕਣ ਲਈ ਜਿਹੜੀਆਂ ਵੀ ਕਮੇਟੀਆਂ ਬਣੀਆਂ ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਹੀਂ ਕੀਤਾ ਗਿਆ। ਪਿਛਲੇ 10 ਸਾਲਾਂ ਵਿਚ ਆਈ.ਆਈ.ਟੀ., ਆਲ ਇੰਡੀਆ ਇਨਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਆਦਿ ਵਰਗੀਆਂ ਪ੍ਰਸਿੱਧ ਸੰਸਥਾਵਾਂ ਵਿਚ 23 ਦਲਿਤਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਰੋਹਿਤ ਦੇ ਖੁਦਕੁਸ਼ੀ ਪੱਤਰ ਤੋਂ ਸਪੱਸ਼ਟ ਹੈ ਕਿ ਦਲਿਤ ਘਰ ਜਨਮ ਲੈਣਾ ਅਜੇ ਵੀ ਇਕ ਗੁਨਾਹ ਹੈ। ਭਾਵੇਂ ਦਲਿਤਾਂ ਲਈ ਰਾਖਵਾਂਕਰਨ ਹੈ ਪਰ ਭਾਰਤ ਵਿਚ ਉਨ੍ਹਾਂ ਨਾਲ ਹਰ ਪੱਧਰ 'ਤੇ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਹੈ। ਇਸ ਦੀ ਪ੍ਰਸ਼ਟੀ ਮਈ 2007 ਵਿਚ ਭਾਰਤ ਸਰਕਾਰ ਵੱਲੋਂ ਸਥਾਪਤ ਇਕ ਉੱਚ ਪੱਧਰੀ ਤਿੰਨ ਮੈਂਬਰੀ ਕਮੇਟੀ ਜਿਸ ਦੀ ਅਗਵਾਈ ਪਦਮ ਸ੍ਰੀ ਡਾ. ਸੁਖਾਡੀਓ ਥੋਰਾਟ ਨੇ ਕੀਤੀ ਸੀ ਵਲੋਂ ਦਿੱਤੀ ਰਿਪੋਰਟ ਤੋਂ ਹੁੰਦੀ ਹੈ। ਇਸ ਕਮੇਟੀ ਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸੰਬੰਧਿਤ ਵਿਦਿਆਰਥੀਆਂ ਨਾਲ ਜਮਾਤਾਂ ਵਿਚ, ਹੋਸਟਲ ਅਲਾਟ ਕਰਨ ਵਿਚ, ਗਾਈਡ ਤੇ ਪ੍ਰਯੋਗਸ਼ਾਲਾਵਾਂ, ਖੇਡਾਂ, ਹੋਰ ਗਤੀਵਿਧੀਆਂ ਤੇ ਹੋਰ ਸਹੂਲਤਾਂ ਦੇਣ ਵਿਚ ਕੀਤੇ ਜਾਂਦੇ ਵਿਤਕਰੇ ਬਾਰੇ ਵਿਸਤ੍ਰਿਤ ਰਿਪੋਰਟ ਦਿੱਤੀ ਹੈ, ਜੋ ਕਿ ਭਾਰਤ ਦੇ ਅਖੌਤੀ ਸਭ ਤੋਂ ਵੱਡੇ ਲੋਕਤੰਤਰ ਦੇ ਨਾਂ 'ਤੇ ਧੱਬਾ ਹੈ।

ਕਹਿਣ ਨੂੰ ਤਾਂ ਭਾਰਤ ਵਿਚ ਲਿਖਣ, ਬੋਲਣ ਦੀ ਆਜ਼ਾਦੀ ਹੈ ਜੋ ਕਿ ਅਸਲੀਅਤ ਤੋਂ ਕੋਹਾਂ ਦੂਰ ਹੈ। ਇੱਥੋਂ ਦੀ ਬਹੁ-ਗਿਣਤੀ ਵਾਲੇ ਧਰਮ ਦੇ ਪੈਰੋਕਾਰਾਂ ਵੱਲੋਂ ਘੱਟ ਗਿਣਤੀਆਂ ਦੀ ਆਵਾਜ਼ ਨੂੰ ਦਬਾਇਆ ਜਾਂਦਾ ਹੈ ਤੇ ਇਹੋ ਕੁਝ ਇਸ ਯੂਨੀਵਰਸਿਟੀ ਵਿਚ ਹੋਇਆ। ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ (ਏ.ਐਸ.ਏ.) ਨੇ ਦਿੱਲੀ ਵਿਚ ਭਾਜਪਾ ਨਾਲ ਸੰਬੰਧਿਤ ਵਿਦਿਆਰਥੀ ਸੰਸਥਾ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਵੱਲੋਂ 'ਮੁਜ਼ੱਫਰ ਨਗਰ ਬਾਕੀ ਹੈ' ਦਸਤਾਵੇਜ਼ੀ ਫਿਲਮ ਵਿਖਾਉਣ ਦੇ ਵਿਰੋਧ ਵਿਚ ਵਿਖਾਵਾ ਕੀਤਾ, ਦੀ ਨਿਖੇਧੀ ਕੀਤੀ। ਇਕ ਏ.ਬੀ.ਵੀ.ਪੀ. ਵਿਦਿਆਰਥੀ ਨਦਨਮ ਸੁਸ਼ੀਲ ਕੁਮਾਰ ਨੇ ਇਸ ਦਾ ਵਿਰੋਧ ਕੀਤਾ। ਉਸ ਨੇ ਸ਼ਕਾਇਤ ਕੀਤੀ ਕਿ ਰੋਹਿਤ ਤੇ ਉਸ ਦੇ ਸਾਥੀਆਂ ਨੇ ਉਸ ਦੀ ਮਾਰ-ਕੁਟਾਈ ਕੀਤੀ ਹੈ। ਜਦ ਉਸ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਨੇ ਸਕਿਊਰਟੀ ਅਫ਼ਸਰ ਦੀ ਮੌਜੂਦਗੀ ਵਿਚ ਲਿਖਤੀ ਮੁਆਫੀ ਮੰਗੀ। ਬਾਅਦ ਵਿਚ ਉਸ ਨੇ ਪੁਲੀਸ ਨੂੰ ਸ਼ਕਾਇਤ ਕੀਤੀ ਤੇ ਇਸ ਲਈ



Academy of the Punjab in North America: http://www.apnaorg.com

ਦੋ ਗੁਆਹ ਵੀ ਲਿਆਂਦੇ। ਜਦ ਕਿ ਉਸ ਦਾ ਕਹਿਣਾ ਸੀ ਕਿ ਉਹ ਇੱਕਲਾ ਸੀ ਜਦ ਉਸ ਦੀ ਕੁੱਟ ਮਾਰ ਕੀਤੀ ਗਈ। ਇਕ ਬੋਰਡ ਨੇ ਇਸ ਦੀ ਪੜਤਾਲ ਕੀਤੀ ਤੇ ਰਿਪੋਰਟ ਦਿੱਤੀ ਕਿ ਉਸ ਨੂੰ ਕੁੱਟਮਾਰ ਕਰਨ ਦੇ ਕੋਈ ਸਬੂਤ ਨਹੀਂ ਮਿਲੇ। ਹਸਪਤਾਲ ਦੀਆਂ ਰਿਪੋਰਟਾਂ ਤੋਂ ਪਤਾ ਲਗਾ ਕਿ 7 ਅਗਸਤ 2015 ਨੂੰ ਹਸਪਤਾਲ ਵਿਚ ਉਸ ਦਾ ਅਪੈਂਡੇਸਾਇਟਸ ਦਾ ਅਪਰੇਸ਼ਨ ਹੋਇਆ ਸੀ। ਇਸ ਤਰ੍ਹਾਂ ਉਸ ਨੇ ਰੋਹਿਤ ਸਮੇਤ 5 ਵਿਦਿਆਰਥੀਆਂ ਵਿਰੁੱਧ ਪੁਲੀਸ ਵਿਚ ਝੂਠੀ ਸ਼ਕਾਇਤ ਦਰਜ ਕਰਵਾਈ ਸੀ। ਭਾਰਤੀ ਜਨਤਾ ਪਾਰਟੀ ਨਾਲ ਸਬੰਧਿਤ ਇਸ ਜਥੇਬੰਦੀ ਦੀ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਨਾਲ ਵਿਚਾਰਧਾਰਕ ਵਿਰੋਧਤਾ ਵੀ ਸੀ। ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਵਲੋਂ ਡਾ. ਭੀਮ ਰਾਓ ਅੰਬੇਦਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਜਾਂਦਾ ਸੀ ਜੋ ਇਸ ਜਥੇਬੰਦੀ ਨੂੰ ਭਾਉਂਦਾ ਨਹੀਂ ਸੀ। ਉਨ੍ਹਾਂ ਵਲੋਂ ਘਟ ਗਿਣਤੀਆਂ ਨਾਲ ਹੁੰਦੀਆਂ ਵਧੀਕੀਆਂ ਵਿਰੁਧ ਵੀ ਆਵਾਜ਼ ਉਠਾਈ ਜਾਂਦੀ ਸੀ।

ਇੱਥੇ ਹੀ ਬੱਸ ਨਹੀਂ ਸੁਸ਼ੀਲ ਕੁਮਾਰ ਨੇ ਜਿੱਥੇ ਰੋਹਿਤ ਸਮੇਤ 5 ਵਿਦਿਆਰਥੀਆਂ ਵਿਰੁਧ ਕੁੱਟ ਮਾਰ ਦੇ ਦੋਸ਼ ਲਾਏ, ਉੱਥੇ ਉਸ ਨੇ ਉਨ੍ਹਾਂ ਵਿਰੁਧ ਦੇਸ਼ ਧਰੋਹੀ ਦੇ ਦੋਸ਼ ਲਾਏ ਕਿਉਂਕਿ ਇਨ੍ਹਾਂ ਦੀ ਜਥੇਬੰਦੀ ਨੇ ਯਕੂਬ ਮੈਨਨ ਨੂੰ ਫ਼ਾਂਸੀ ਦੇਣ 'ਤੇ ਮੁਜ਼ਾਹਰਾ ਕੀਤਾ ਸੀ। ਭਾਵੇਂ ਸੁਸ਼ੀਲ ਕੁਮਾਰ ਕੁੱਟਮਾਰ ਸਾਬਤ ਨਾ ਕਰ ਸਕਿਆ, ਫਿਰ ਵੀ ਯੂਨੀਵਰਸਿਟੀ ਨੇ ਇਕ ਬੋਰਡ ਬਣਾਇਆ, ਜਿਸ ਨੇ ਉਸ ਦੀ ਸ਼ਕਾਇਤ ਦੇ ਆਧਾਰ 'ਤੇ 31 ਅਗਸਤ 2015 ਨੂੰ ਉਨ੍ਹਾਂ ਪੰਜਾਂ ਨੂੰ ਇਕ ਸਮੈਸਟਰ ਲਈ ਮੁਅਤਲ ਕਰ ਦਿੱਤਾ। ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਨੂੰ ਛਡ ਕੇ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਸਮੇਤ ਬਾਕੀ ਵਿਦਿਆਰਥੀ ਜਥੇਬੰਦੀਆਂ ਨੇ ਇਸ ਮੁਅਤਲੀ ਵਿਰੁਧ ਆਵਾਜ਼ ਉਠਾਈ ਤੇ ਮੁਜ਼ਾਹਰੇ ਕੀਤੇ।

ਇਸ ਦੇ ਬਾਵਜੂਦ ਵੀ ਕੇਂਦਰੀ ਮੰਤਰੀ ਬੰਦਾਰੂ ਦੱਤਾ ਡੇਅ ਵੱਲੋਂ ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਨੂੰ ਇਨ੍ਹਾਂ ਵਿਦਿਆਰਥੀਆਂ ਵਿਰੁੱਧ ਕਾਰਵਾਈ ਕਰਨ ਲਈ ਪੱਤਰ ਲਿਖਿਆ ਗਿਆ। ਇਸ ਪੱਤਰ ਨੇ ਬਲਦੀ ਅੱਗ 'ਤੇ ਤੇਲ ਦਾ ਕੰਮ ਕੀਤਾ। ਸਿੱਟੇ ਵਜੋਂ ਸਿੱਖਿਆ ਵਿਭਾਗ ਵੱਲੋਂ ਪਿਛਲੇ ਸਾਲ 5 ਪੱਤਰ, 3 ਸਤੰਬਰ, 24 ਸਤੰਬਰ, 6 ਅਕਤੂਬਰ, 20 ਅਕਤੂਬਰ ਤੇ 19 ਨਵੰਬਰ ਨੂੰ ਲਿਖੇ ਗਏ, ਜਿਸ ਦੇ ਆਧਾਰ 'ਤੇ ਰੋਹਿਤ ਤੇ ਉਸ ਦੇ ਸਾਥੀਆਂ ਵਿਰੁੱਧ ਯੂਨੀਵਰਸਿਟੀ ਵਿਚ ਜਾਤੀਵਾਦ, ਫਿਰਕਾਪ੍ਰਸਤੀ ਤੇ ਕੌਮ-ਵਿਰੋਧੀ ਗਤੀਵਿਧੀਆਂ ਦੇ ਕੇਸ ਦਰਜ ਕੀਤੇ ਗਏ ਤੇ ਉਨ੍ਹਾਂ ਨੂੰ ਯੂਨੀਵਰਸਿਟੀ ਵਿਚੋਂ ਕੱਢਿਆ ਗਿਆ। ਰੋਹਿਤ ਨੇ ਉਪ-ਕੁਲਪਤੀ ਨੂੰ ਪੱਤਰ ਲਿਖਿਆ ਜਿਸ ਦਾ ਉਸ ਨੇ ਕੋਈ ਉੱਤਰ ਨਾ ਦਿੱਤਾ। ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਗੇਟ ਬਾਹਰ ਤੰਬੂ ਲਾ ਕੇ ਰੋਸ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦਾ ਯੂਨੀਵਰਸਿਟੀ ਅਧਿਕਾਰੀਆਂ ਨੇ ਕੋਈ ਨੋਟਿਸ ਨਹੀਂ ਲਿਆ ਗਿਆ।

ਰੋਹਿਤ ਦਾ ਵਜੀਫ਼ਾ ਬੰਦ ਹੋ ਗਿਆ, ਜਿਸ ਨਾਲ ਉਸ ਦੇ ਪਰਿਵਾਰ ਦਾ ਗੁਜ਼ਾਰਾ ਹੁੰਦਾ ਸੀ। ਉਧਰੋਂ ਝੂਠੇ ਪੁਲੀਸ ਕੇਸਾਂ ਨੇ ਉਸ ਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ। ਉਸ ਨੇ ਪੜ੍ਹਾਈ ਛਡ ਕੇ ਇਨ੍ਹਾਂ ਮੁਸ਼ਕਲਾਂ ਨਾਲ ਜੂਝਣਾ ਸ਼ੁਰੂ ਕਰ ਦਿੱਤਾ। ਜਿਸ ਦਾ ਸਿੱਟਾ


Academy of the Punjab in North America: http://www.apnaorg.com

ਇਹ ਨਿਕਲਿਆ ਕਿ ਉਸ ਨੇ 17 ਜਨਵਰੀ 2016 ਨੂੰ ਖ਼ੁਦਕੁਸ਼ੀ ਕਰ ਲਈ। ਇਸ ਤਰ੍ਹਾਂ ਇਹ ਕਤਲ ਦਾ ਮਾਮਲਾ ਬਣਦਾ ਹੈ। ਇਸ ਕਤਲ ਲਈ ਸਿਆਸੀ ਦਖ਼ਲ ਅੰਦਾਜ਼ੀ ਜ਼ੁੰਮੇਵਾਰ ਹੈ। ਕੇਂਦਰੀ ਸਰਕਾਰ ਦਾ ਦਖਲ ਦੇਣਾ ਬਿਲਕੁਲ ਨਹੀਂ ਸੀ ਬਣਦਾ। ਸਥਾਨਕ ਮਾਮਲੇ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਹੱਲ ਕੀਤੇ ਜਾਣੇ ਚਾਹੀਦੇ ਹਨ। ਦਲਿਤ ਵਿਦਿਆਰਥੀ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਬਣਾ ਕੇ ਜੋ ਵੀ ਕੁਝ ਕਰ ਰਹੇ ਸਨ, ਉਹ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਭਾਰਤੀ ਸੰਵਿਧਾਨ ਹਰੇਕ ਨੂੰ ਲਿਖਣ ਤੇ ਬੋਲਣ ਦੀ ਆਜ਼ਾਦੀ ਦੇਂਦਾ ਹੈ।

ਦੇਸ਼ ਭਰ ਵਿਚ ਉੱਠੇ ਵਿਦਰੋਹ ਨੂੰ ਸ਼ਾਂਤ ਕਰਨ ਲਈ ਭਾਰਤ ਸਰਕਾਰ ਨੇ ਇਕ ਮੈਂਬਰੀ ਨਿਆਂਇਕ ਕਮਿਸ਼ਨ ਬਨਾਉਣ ਦਾ ਐਲਾਨ ਕੀਤਾ ਹੈ। ਆਮ ਤੌਰ 'ਤੇ ਅਜਿਹੇ ਕਮਿਸ਼ਨ ਕੇਵਲ ਰੋਹ ਨੂੰ ਠੰਡਾ ਕਰਨ ਲਈ ਹੁੰਦੇ ਹਨ। ਪਰ ਇਹ ਕਮਿਸ਼ਨ ਕੀ ਕਰਦਾ ਹੈ। ਇਹ ਸਮਾਂ ਹੀ ਦਸੇਗਾ। ਵਿਦਿਆਰਥੀ ਤੇ ਅਧਿਆਪਕ ਉਪ ਕੁਲਪਤੀ ਅੱਪਾ ਰਾਓ ਨੂੰ ਬਰਖਾਸਤ ਕਰਨ ਤੇ ਆਰਜ਼ੀ ਉਪ ਕੁਲਪਤੀ ਵਿਪਨ ਸ੍ਰੀਵਾਸਤਵ ਤੋਂ ਆਹੁਦਾ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਵਿਪਨ ਸ੍ਰੀਵਾਸਤਵ ਉਸ ਕਮੇਟੀ ਦਾ ਮੈਂਬਰ ਸੀ ਜਿਸ ਨੇ 5 ਵਿਦਿਆਰਥੀਆਂ ਵਿਰੁਧ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਲੋੜ ਹੈ ਕਿ ਇਸ ਘਟਨਾਕ੍ਰਮ ਤੋਂ ਕੇਂਦਰ ਸਰਕਾਰ ਸਬਕ ਸਿਖੇ ਤੇ ਯੂਨੀਵਰਸਿਟੀਆਂ ਨੂੰ ਸਿਆਸਤਦਾਨਾਂ ਦੀ ਦਖਲ ਅੰਦਾਜ਼ੀ ਤੋਂ ਮੁਕਤ ਕਰਵਾਉਣ ਲਈ ਢੁਕਵੇਂ ਕਦਮ ਚੁਕੇ। ਕੇਂਦਰੀ ਯੂਨੀਵਰਸਿਟੀ ਹੈਦਰਾਬਾਦ ਦਾ ਮਾਹੌਲ ਸ਼ਾਂਤ ਕਰਨ ਦੇ ਨਾਲ ਨਾਲ ਸਾਰੇ ਵਿਦਿਅਕ ਅਦਾਇਆਂ ਨੂੰ ਸਮਾਰਟ ਬਣਾਇਆ ਜਾਵੇ। ਵਖ ਵਖ ਵਰਗਾਂ ਨਾਲ ਹੋ ਰਿਹਾ ਵਿਤਕਰਾ ਬੰਦ ਕੀਤਾ ਜਾਵੇ ਤਾਂ ਜੋ ਹਰ ਨਾਗਰਿਕ ਦੇਸ਼ ਦੀ ਤਰੱਕੀ ਲਈ ਬਣਦਾ ਯੋਗਦਾਨ ਪਾ ਸਕੇ।

*30 ਜਨਵਰੀ 2016*



Academy of the Punjab in North America: http://www.apnaorg.com

# ਲੀਹੋਂ ਲੱਥੀ ਸਕੂਲ ਸਿੱਖਿਆ ਪ੍ਰਣਾਲੀ

ਅਮਰੀਕਾ ਦੁਨੀਆਂ ਭਰ ਵਿਚੋਂ ਸਭ ਤੋਂ ਵਿਕਸਤ ਦੇਸ਼ ਹੈ ਤੇ ਇਸ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਹੋਇਆਂ 240 ਸਾਲ ਹੋ ਗਏ ਹਨ। ਅਮਰੀਕੀ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਭਾਵੇਂ ਕਈ ਖਾਮੀਆਂ ਹਨ, ਪਰ ਫਿਰ ਵੀ ਇੱਥੇ ਇਕ ਉੱਤਮ ਸਿੱਖਿਆ ਪ੍ਰਣਾਲੀ ਹੈ, ਜਿਸ ਦੀ ਵਾਗਡੋਰ ਲੋਕਾਂ ਦੇ ਹੱਥ ਵਿੱਚ ਹੈ। ਸਰਕਾਰ ਦਾ ਇਸ ਵਿਚ ਕੋਈ ਦਖ਼ਲ ਨਹੀਂ। ਸਾਡੇ ਵਾਂਗ ਇੱਥੇ ਵੀ ਪ੍ਰਾਇਮਰੀ, ਮਿਡਲ ਤੇ ਸੈਕੰਡਰੀ ਸਕੂਲ ਹਨ। ਜਿਸ ਇਲਾਕੇ ਦਾ ਸਕੂਲ ਹੈ, ਉੱਥੇ ਉਸ ਇਲਾਕੇ ਦੇ ਬੱਚੇ ਪੜ੍ਹਦੇ ਹਨ। ਬਾਰ੍ਹਵੀਂ ਤੀਕ ਕੋਈ ਫੀਸ ਨਹੀਂ। ਇਲਾਕਾ ਨਿਵਾਸੀ ਸਿੱਧੀ ਚੋਣ ਰਾਹੀਂ ਸਕੂਲ ਕਮੇਟੀ ਚੁਣਦੇ ਹਨ, ਜੋ ਸਕੂਲ ਚਲਾਉਂਦੀ ਹੈ। ਅਧਿਆਪਕ ਤੇ ਹੋਰ ਸਟਾਫ਼ ਭਰਤੀ ਕਰਦੀ ਹੈ। ਜੇ ਕੋਈ ਅਧਿਆਪਕ ਇਕ ਦਿਨ ਦੀ ਛੁੱਟੀ ਤੇ ਜਾਂਦਾ ਹੈ ਤਾਂ ਉਸ ਦੀ ਥਾਂ 'ਤੇ ਇਨ੍ਹਾਂ ਨੇ ਅਧਿਆਪਕ ਰੱਖੇ ਹੋਏ ਹਨ, ਜਿਨ੍ਹਾਂ ਨੂੰ ਫੋਨ ਕਰਕੇ ਬੁਲਾ ਲਿਆ ਜਾਂਦਾ ਹੈ। ਭਾਵ ਕਿ ਕੋਈ ਵੀ ਜਮਾਤ ਬਿਨਾਂ ਅਧਿਆਪਕ ਤੋਂ ਇਕ ਦਿਨ ਵੀ ਖਾਲੀ ਨਹੀਂ ਰਹਿੰਦੀ। ਸਾਰੇ ਅਧਿਆਪਕਾਂ ਨੂੰ ਸਮਾਨ ਗ੍ਰੇਡ ਦਿੱਤੇ ਜਾਂਦੇ ਹਨ। ਹਰ ਸਕੂਲ ਵਿਚ ਇਕ ਨਰਸ ਹੈ, ਜੋ ਲੋੜ ਪੈਣ 'ਤੇ ਮੁੱਢਲੀ ਡਾਕਟਰੀ ਸਹਾਇਤਾ ਦੇਂਦੀ ਹੈ। ਹਰੇਕ ਸਕੂਲ ਭਾਵੇਂ ਉਹ ਪ੍ਰਾਇਮਰੀ ਹੀ ਹੋਵੇ, ਵਿਚ ਸ਼ਾਨਦਾਰ ਲਾਇਬਰੇਰੀ ਹੈ। ਇਕ ਲਾਇਬਰੇਰੀਅਨ ਹੈ। ਹਰ ਹਫ਼ਤੇ ਇਕ ਪੀਰਡ ਲਾਇਬਰੇਰੀ ਦਾ ਹੁੰਦਾ ਹੈ। ਬੱਚੇ ਪਿਛਲੀ ਕਿਤਾਬ ਵਾਪਸ ਕਰਦੇ ਹਨ ਤੇ ਨਵੀਂ ਪੁਸਤਕ ਪੜ੍ਹਨ ਲਈ ਲੈ ਲੈਂਦੇ ਹਨ। ਸਾਡੇ ਵਾਂਗ ਇੱਥੇ ਵੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਹਨ, ਜਿਨ੍ਹਾਂ ਨੂੰ ਜ਼ਿਲ੍ਹਾ ਸੁਪਰਡੈਂਟ ਕਿਹਾ ਜਾਂਦਾ ਹੈ।

ਅਮਰੀਕਾ ਵਿਚ ਪ੍ਰੀਖਿਆ ਪ੍ਰਣਾਲੀ ਅਧਿਆਪਕ ਕੇਂਦਰਤ ਹੈ। ਸਕੂਲ ਹੋਵੇ ਜਾਂ ਕਾਲਜ ਜਾਂ ਯੂਨੀਵਰਸਿਟੀ ਜਿਹੜਾ ਅਧਿਆਪਕ ਵਿਸ਼ਾ ਪੜ੍ਹਾਉਂਦਾ ਹੈ, ਉਹੋ ਹੀ ਪ੍ਰੀਖਿਆ ਲੈਂਦਾ ਹੈ। ਅਧਿਆਪਕਾਂ ਦੀ ਕਾਰਗੁਜ਼ਾਰੀ ਵੇਖਣ ਲਈ ਰਾਜ ਪੱਧਰੀ ਪ੍ਰੀਖਿਆ ਹੁੰਦੀ ਹੈ ਪਰ ਉਸ ਦਾ ਬੱਚੇ ਦੀ ਕਾਰਗੁਜ਼ਾਰੀ ਨਾਲ ਕੋਈ ਸੰਬੰਧ ਨਹੀਂ ਹੁੰਦਾ। ਸਾਡੇ ਹਾਊਸ ਟੈਕਸ ਵਾਂਗ ਘਰਾਂ 'ਤੇ ਸਿੱਖਿਆ ਟੈਕਸ ਲਾ ਕੇ ਸਕੂਲ ਲਈ ਫੰਡ ਇਕੱਠਾ ਕੀਤਾ ਜਾਂਦਾ ਹੈ। ਕੁਝ ਪੈਸੇ ਰਾਜ ਤੇ ਕੁਝ ਕੇਂਦਰ ਸਰਕਾਰ ਸਹਾਇਤਾ ਵਜੋਂ ਭੇਜਦੀ ਹੈ।

ਵਿਕਸਤ ਦੇਸ਼ਾਂ ਵਿਚ ਵਿਚਰਦਿਆਂ ਜੋ ਭਾਰਤ ਦੀ ਦਸ਼ਾ ਹੈ, ਉਸ ਨੂੰ ਵੇਖ ਕੇ ਤਰਸ ਆਉਂਦਾ ਹੈ। ਅੰਗਰੇਜ਼ੀ ਰਾਜ ਵੇਲੇ ਅੰਗਰੇਜ਼ਾਂ ਨੇ ਵਿਦਿਅਕ ਢਾਂਚਾ ਅਜਿਹਾ ਬਣਾਇਆ ਸੀ ਕਿ ਉਨ੍ਹਾਂ ਨੂੰ ਕੰਮ ਚਲਾਉਣ ਲਈ ਪੜ੍ਹੇ ਲਿਖੇ ਵਿਅਕਤੀ ਮਿਲ ਸਕਣ। ਉਚੇਰੀ ਸਿੱਖਿਆ ਲਈ ਲੋਕਾਂ ਨੂੰ ਇੰਗਲੈਂਡ ਜਾਣਾ ਪੈਂਦਾ ਸੀ। ਆਜ਼ਾਦੀ ਪਿੱਛੋਂ ਭਾਰਤ ਦੀ



Academy of the Punjab in North America: http://www.apnaorg.com

ਸਿੱਖਿਆ ਪ੍ਰਣਾਲੀ ਨੇ ਬਹੁਤ ਤਰੱਕੀ ਕੀਤੀ ਤੇ ਤੇ ਸਿੱਖਿਆ ਖੇਤਰ ਵਿਚ ਕਈ ਪੁਲਾਘਾ ਪੁੱਟੀਆਂ। ਅੱਜ ਭਾਰਤ ਦੇ ਵਿਦਿਆਰਥੀ ਵਿਦੇਸ਼ਾਂ ਵਿਚ ਉਚੇਰੀ ਸਿੱਖਿਆ ਵਿੱਚ ਮੱਲਾਂ ਮਾਰ ਰਹੇ ਹਨ। ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦਾ ਚੀਨ ਤੋਂ ਬਾਦ ਦੂਜਾ ਸਥਾਨ ਹੈ।

ਅੰਗਰੇਜ਼ਾਂ ਸਮੇਂ ਸਿੱਖਿਆ ਪੰਚਾਇਤੀ ਰਾਜ ਪ੍ਰਣਾਲੀ ਅਧੀਨ ਸੀ। ਸ਼ਹਿਰਾਂ ਵਿਚ ਮਿਉਂਸਿਪਲ ਕਮੇਟੀਆਂ ਤੇ ਪਿੰਡਾਂ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਸਕੂਲ ਚਲਾਉਂਦੀਆਂ ਸਨ। ਆਜ਼ਾਦੀ ਪਿੱਛੋਂ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਸਨ ਮਿਲਦੀਆਂ ਕਿਉਂਕਿ ਪੰਜਾਬ ਸਰਕਾਰ ਜ਼ਿਲ੍ਹਾ ਪ੍ਰੀਸ਼ਦਾਂ ਤੇ ਮਿਉਂਸਿਪਲ ਕਮੇਟੀਆਂ ਨੂੰ ਸਮੇਂ ਸਿਰ ਗਰਾਂਟਾਂ ਨਹੀਂ ਸੀ ਜਾਰੀ ਕਰਦੀ। ਸਿੱਟੇ ਵਜੋਂ 1957 ਵਿਚ ਅਧਿਆਪਕਾਂ ਨੇ ਜ਼ਬਰਦਸਤ ਅੰਦੋਲਨ ਕੀਤਾ, ਸਰਕਾਰ ਨੂੰ ਮਜਬੂਰ ਹੋ ਕੇ ਸਿੱਖਿਆ ਦਾ ਪ੍ਰਾਂਤੀਕਰਨ ਕਰਨਾ ਪਿਆ। ਸਕੂਲ ਸਿੱਧੇ ਸਰਕਾਰ ਅਧੀਨ ਆ ਗਏ ਤੇ ਅਧਿਆਪਕਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ ਮਿਲਣ ਲੱਗੀ।

ਉਨ੍ਹਾਂ ਦਿਨਾਂ ਵਿਚ ਆਰਜ਼ੀ ਨਿਯੁਕਤੀਆਂ ਹੁੰਦੀਆਂ ਸਨ। ਰੁਜ਼ਗਾਰ ਦਫ਼ਤਰਾਂ ਵਿਚ ਬੇ-ਰੁਜ਼ਗਾਰ ਅਧਿਆਪਕਾਂ ਦੇ ਨਾਂ ਰਜਿਸਟਰ ਹੁੰਦੇ ਸਨ। ਜਦ ਵੀ ਕੋਈ ਆਸਾਮੀ ਖਾਲੀ ਹੁੰਦੀ ਸੀ ਜਾਂ ਕੋਈ ਅਧਿਆਪਕ ਲੰਬੀ ਛੁੱਟੀ 'ਤੇ ਜਾਂਦਾ ਸੀ, ਤਾਂ ਇਨ੍ਹਾਂ ਦਫ਼ਤਰਾਂ ਤੋਂ ਨਾਂ ਮੰਗਵਾ ਕੇ ਆਰਜ਼ੀ ਨਿਯੁਕਤੀਆਂ ਕਰ ਦਿੱਤੀਆਂ ਜਾਂਦੀਆਂ ਸਨ। ਅਧਿਆਪਕਾਂ ਦੀ ਬੇ-ਰੁਜ਼ਗਾਰ ਅਧਿਆਪਕ ਯੂਨੀਅਨ ਹੁੰਦੀ ਸੀ, ਜੋ ਉਨ੍ਹਾਂ ਨਾਲ ਸਬੰਧਤ ਮਸਲਿਆਂ ਲਈ ਸੰਘਰਸ਼ ਕਰਦੀ ਸੀ। ਪੱਕੀਆਂ ਨੌਕਰੀਆਂ ਲਈ ਵੀ ਭਰਤੀ ਹੁੰਦੀ ਸੀ ਪਰ ਸਮੇਂ ਸਮੇਂ ਕੁਝ ਸ਼ਰਤਾਂ ਅਧੀਨ ਆਰਜ਼ੀ ਅਧਿਆਪਕਾਂ ਨੂੰ ਵੀ ਰੈਗੁਲਰ ਕਰ ਦਿੱਤਾ ਜਾਂਦਾ ਸੀ।

ਇਹ ਪਰੰਪਰਾ ਪਿਛਲੇ ਕਈ ਸਾਲਾਂ ਤੋਂ ਬੰਦ ਹੈ। ਇਸ ਲਈ ਇਸ ਨੂੰ ਮੁੜ ਬਹਾਲ ਕਰਨ ਦੀ ਲੋੜ ਹੈ। ਅੱਜ ਸੈਂਕੜੇ ਨਹੀਂ ਹਜ਼ਾਰਾਂ ਅਧਿਆਪਕਾਂ, ਸੇਵਾਦਾਰਾਂ, ਕਲਰਕਾਂ, ਲੈਬ ਅਟੈਨਡੈਂਟਾਂ ਆਦਿ ਵਰਗਾਂ ਦੀਆਂ ਆਸਾਮੀਆਂ ਖਾਲੀ ਹਨ। ਕੀ ਕਦੇ ਪ੍ਰਾਈਵੇਟ ਸਕੂਲ ਜਿੱਥੇ ਮੰਤਰੀਆਂ ਅਤੇ ਅਮੀਰਾਂ ਦੇ ਬੱਚੇ ਪੜ੍ਹਦੇ ਹਨ ਕਦੇ ਕੋਈ ਆਸਾਮੀ ਖ਼ਾਲੀ ਰਹਿੰਦੀ ਹੈ ? ਉਤਰ ਹੈ ਨਹੀਂ। ਕੀ ਪੰਜਾਬ ਦੇ ਸਿੱਖਿਆ ਮੰਤਰੀ, ਮੁੱਖ-ਮੰਤਰੀ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਬਿਨਾਂ ਸਟਾਫ਼ ਦੇ ਸਕੂਲ ਨਹੀਂ ਚਲ ਸਕਦੇ। ਅੱਜ ਬੇ-ਰੁਜ਼ਗਾਰ ਅਧਿਆਪਕ ਸੜਕਾਂ ਉਪਰ ਉਤਰੇ ਹੋਏ ਹਨ। ਉਨ੍ਹਾਂ ਨੂੰ ਅਕਸਰ ਪੁਲੀਸ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਲੋਕ ਪਸ਼ੂਆਂ ਨੂੰ ਵੀ ਮਾਰਨ ਲਗਿਆਂ ਤਰਸ ਖਾਂਦੇ ਹਨ, ਪਰ ਪੁਲਿਸ ਦੀ ਮਾਨਸਿਕ ਅਵਸਥਾ ਐਸੀ ਹੈ ਕਿ ਇਹ ਲੋਕਾਂ ਦੀ ਸੇਵਕ ਬਣਨ ਦੀ ਥਾਂ 'ਤੇ ਸਿਆਤਦਾਨਾਂ ਦੀ ਹੱਕਠੋਕਾ ਬਣੀ ਹੋਈ ਹੈ ਤੇ ਇਨ੍ਹਾਂ ਨੂੰ ਬੇਤਹਾਸ਼ਾ ਕੁਟਦੀ ਹੈ। ਮੁੱਖ ਮੰਤਰੀ ਪਾਸ ਪਿੰਡਾਂ ਵਿਚ ਜਾ ਕੇ ਸੰਗਤ ਦਰਸ਼ਨ ਕਰਨ ਲਈ ਤਾਂ ਸਮਾਂ ਹੈ। ਕੀ ਉਹ ਇਨ੍ਹਾਂ ਅਧਿਆਪਕਾਂ ਤੇ ਹੋਰ ਸੰਘਰਸ਼ ਕਰ ਰਹੇ ਕਰਮਚਾਰੀਆਂ ਦੇ ਆਗੂਆਂ ਨੂੰ ਸੱਦ ਕੇ ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਸਮਾਂ ਨਹੀਂ ? ਇਸ ਪਿੱਛੇ ਇਕ ਮਾਨਸਿਕਤਾ ਕੰਮ ਕਰ ਰਹੀ ਹੈ ਕਿ ਜੇ ਸਰਕਾਰੀ ਸਕੂਲ ਵਧੀਆ ਬਣ ਗਏ ਤਾਂ ਗ਼ਰੀਬਾਂ ਦੇ ਬੱਚੇ ਪੜ੍ਹ ਕੇ ਇਨ੍ਹਾਂ ਸਿਆਸਦਾਨਾਂ ਤੇ ਅਮੀਰਜ਼ਾਦਿਆਂ ਦੇ ਬੱਚਿਆਂ ਦੇ ਮੁਕਾਬਲੇ 'ਤੇ ਆ ਜਾਣਗੇ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਿਕਸਤ ਦੇਸ਼ਾਂ ਵਿਚ 12ਵੀਂ ਤਕ ਮੁਫ਼ਤ ਮਿਆਰੀ



Academy of the Punjab in North America: http://www.apnaorg.com

ਵਿਦਿਆ ਇਸ ਲਈ ਹੈ ਕਿ ਇਹ ਬੱਚੇ ਵਧੀਆ ਪੜ੍ਹਾਈ ਕਰਕੇ ਚੰਗੇ ਨਾਗਰਿਕ ਬਣ ਕੇ ਦੇਸ਼ ਦੀ ਤਰੱਕੀ ਵਿਚ ਵਡਮੁੱਲਾ ਯੋਗਦਾਨ ਪਾ ਸਕਣ।

ਜੇ ਪਿਛੋਕੜ 'ਤੇ ਝਾਤ ਪਾਈਏ ਤਾਂ ਜਿੰਨੇ ਵੀ ਸੇਵਾ ਮੁਕਤ ਆਈ.ਏ.ਐਸ. ਪ੍ਰੋਫ਼ੈਸਰ, ਡਾਕਟਰ, ਇੰਜਨੀਅਰ ਤੇ ਹੋਰ ਅਫ਼ਸਰ ਹਨ, ਇਹ ਸਾਰੇ ਜਾਂ ਤਾਂ ਸਰਕਾਰੀ ਸਕੂਲਾਂ 'ਚੋਂ, ਖਾਲਸਾ ਸਕੂਲਾਂ ਜਾਂ ਹੋਰ ਪ੍ਰਾਈਵੇਟ ਸਕੂਲਾਂ ਤੋਂ ਪੜ੍ਹੇ ਹਨ ਜਿੱਥੇ ਮੀਡਿਅਮ ਪੰਜਾਬੀ ਹੁੰਦਾ ਸੀ ਤੇ ਮਾਮੂਲੀ ਫ਼ੀਸ ਹੁੰਦੀ ਸੀ। ਇਹ ਅੰਗਰੇਜ਼ੀ ਮਾਧਿਅਮ ਤੇ ਅਖੌਤੀ ਪਬਲਿਕ ਸਕੂਲਾਂ ਦਾ ਰਿਵਾਜ 1980 ਦੇ ਆਸ ਪਾਸ ਸ਼ੁਰੂ ਹੋਇਆ। ਇਸ ਲਈ ਪੰਜਾਬ ਦੀ ਸਿੱਖਿਆ ਠੀਕ ਲੀਹ 'ਤੇ ਲਿਆਉਣ ਲਈ ਪਹਿਲਾਂ ਵਾਂਗ ਆਰਜ਼ੀ ਨਿਯੁਕਤੀਆਂ ਸ਼ੁਰੂ ਕਰਨ ਦੀ ਲੋੜ ਹੈ ਤੇ ਸਰਕਾਰੀ ਸਕੂਲਾਂ ਨੂੰ ਸਭ ਲਈ ਪੜ੍ਹਨਯੋਗ ਬਣਾਉਣਾ ਚਾਹੀਦਾ ਹੈ। ਜੇ ਕੋਈ ਅਦਾਲਤੀ ਅੜਿਚਣ ਹੈ ਤਾਂ ਉਹ ਅਦਾਲਤ ਕੋਲੋਂ ਦੂਰ ਕਰਵਾਈ ਜਾ ਸਕਦੀ ਹੈ।

ਇਨ੍ਹਾਂ ਦਿਨਾਂ ਵਿਚ ਇਕ ਮਸਲਾ ਠੇਕੇ 'ਤੇ ਅਧਿਆਪਕ ਭਰਤੀ ਕਰਨ ਦਾ ਹੈ। ਇਹ ਸਰਾਸਰ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ। ਬਰਾਬਰ ਕੰਮ ਲਈ ਬਰਾਬਰ ਤਨਖਾਹ ਲੈਣੀ ਕਰਮਚਾਰੀਆਂ ਦਾ ਸਵਿਧਾਨਕ ਹੱਕ ਹੈ। ਅੱਜ ਸਰਕਾਰ ਨੇ 5000 ਰੁਪਏ ਮਹੀਨੇ 'ਤੇ ਅਧਿਆਪਕ ਰੱਖੇ ਹੋਏ ਹਨ। ਜਿਸ ਆਸਾਮੀ ਤੇ ਕੋਈ ਅਧਿਆਪਕ ਕੰਮ ਕਰ ਰਿਹਾ ਹੈ, ਉਸ ਨੂੰ ਉਸ ਦੀ ਤਨਖਾਹ ਦੇਣੀ ਬਣਦੀ ਹੈ। ਕਿਸੇ ਵੀ ਦੇਸ਼ ਵਿਚ ਅਜਿਹੀ ਠੇਕਾ ਪ੍ਰਣਾਲੀ ਨਹੀਂ। ਵੋਟਾਂ ਬਟੋਰਨ ਲਈ ਸਰਕਾਰ ਧੜਾਧੜ ਸਕੂਲ ਅਪਗ੍ਰੇਡ ਕਰ ਰਹੀ ਹੈ। ਜੇ ਇਹ ਤਨਖਾਹ ਨਹੀਂ ਦੇ ਸਕਦੀ ਤਾਂ ਇਸ ਨੂੰ ਸਕੂਲ ਅਪਗ੍ਰੇਡ ਕਰਨ ਦੀ ਥਾਂ 'ਤੇ ਮੌਜੂਦਾ ਸਕੂਲਾਂ ਵਲ ਧਿਆਨ ਦੇਣਾ ਚਾਹੀਦਾ ਹੈ। ਜੇ ਮੰਤਰੀਆਂ, ਵਿਧਾਇਕਾਂ, ਮੁੱਖ ਮੰਤਰੀਆਂ, ਪਾਰਲੀਮੈਂਟ ਮੈਂਬਰਾਂ ਤੇ ਉਨ੍ਹਾਂ ਦੇ ਚਹੇਤਿਆਂ ਦੀਆਂ ਤਨਖ਼ਾਹਾਂ, ਭੱਤਿਆਂ ਵਿਚ ਲਗਾਤਾਰ ਵਾਧਾ ਕੀਤਾ ਜਾ ਸਕਦਾ ਹੈ ਤਾਂ ਇਨ੍ਹਾਂ ਨੂੰ ਨਿਰਧਾਰਿਤ ਗ੍ਰੇਡ ਕਿਉਂ ਨਹੀਂ ਦਿੱਤੇ ਜਾ ਸਕਦੇ? ਇਹ ਸਭ ਕੁਝ ਜਾਣਬੁਝ ਕੇ ਕੀਤਾ ਜਾ ਰਿਹਾ ਹੈ।

ਗੁਜਰਾਤ ਵਿਚ ਹਾਈਕੋਰਟ ਨੇ ਠੀਕ ਹੀ ਕਿਹਾ ਹੈ ਕਿ ਲੋਕ ਨੁਮਾਇੰਦਿਆਂ ਵਿਧਾਇਕਾਂ, ਮੰਤਰੀਆਂ, ਸਰਪੰਚਾਂ ਆਦਿ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਾਉਣੇ ਜ਼ਰੂਰੀ ਕਰਾਰ ਦੇਣਾ ਚਾਹੀਦਾ ਹੈ ਤਾਂ ਹੀ ਇਨ੍ਹਾਂ ਦੀ ਹਾਲਤ ਸੁਧਰੇਗੀ। ਸਿੱਖਿਆ ਰਾਜ ਸਰਕਾਰ ਦਾ ਵਿਸ਼ਾ ਹੈ। ਇਸ ਲਈ ਆਉਂਦੀਆਂ ਚੋਣਾਂ ਵਿਚ ਰਾਜਨੀਤਕ ਪਾਰਟੀਆਂ ਉਪਰ ਦਬਾਅ ਪਾਇਆ ਜਾਵੇ ਕਿ ਉਹ ਆਪਣੇ ਚੋਣ ਮਨੋਰਥ ਵਿਚ ਸ਼ਾਮਲ ਕਰਨਗੇ ਕਿ ਜੇ ਉਹ ਜਿੱਤਦੇ ਹਨ ਤਾਂ ਉਹ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ, ਸਰਪੰਚਾਂ ਆਦਿ ਲਈ ਆਪਣੇ ਬੱਚੇ ਸਰਕਾਰੀ ਸਕੂਲਾਂ ਤੇ ਸਰਕਾਰੀ ਕਾਲਜਾਂ ਵਿਚ ਪੜ੍ਹਾਉਣੇ ਜ਼ਰੂਰੀ ਕਰਨਗੇ।

ਇਸ ਲਈ ਪੰਜਾਬ ਨੂੰ ਜੇ ਤਰੱਕੀ ਕਰਨੀ ਹੈ ਤਾਂ ਇਸ ਨੂੰ ਇਕ ਵਧੀਆ ਵਿਕਸਤ ਵਿਦਿਅਕ ਢਾਂਚਾ ਕਾਇਮ ਕਰਨਾ ਹੋਵੇਗਾ। ਸਾਰੇ ਸਰਕਾਰੀ ਸਕੂਲਾਂ ਨੂੰ ਹੀ ਮਾਡਲ ਸਕੂਲ ਬਣਾਉਣਾ ਹੋਵੇਗਾ।

*25 ਜੂਨ 2016*


Academy of the Punjab in North America: http://www.apnaorg.com

# ਅਮਰੀਕੀ ਸਕੂਲ ਬੱਸਾਂ ਤੋਂ ਸੇਧ ਲਵੇ ਭਾਰਤ

ਅਮਰੀਕਾ ਵਿਚ ਬਾਰ੍ਹਵੀਂ ਤੀਕ ਸਕੂਲ ਵਿਦਿਆ ਮੁਫ਼ਤ ਹੈ, ਇੱਥੋਂ ਤੀਕ ਕਿ ਜਿਹੜੀਆਂ ਸਕੂਲ ਬੱਸਾਂ ਵੀ ਹਨ, ਉਸ ਦਾ ਵੀ ਕੋਈ ਕਿਰਾਇਆ ਨਹੀਂ ਵਸੂਲ ਕੀਤਾ ਜਾਂਦਾ। ਸਕੂਲਾਂ ਲਈ ਇਹ ਬੱਸਾਂ ਵਿਸ਼ੇਸ਼ ਕਿਸਮ ਦੀਆਂ ਹਨ। ਇਨ੍ਹਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪਹਿਲਾਂ ਘੋੜਿਆਂ ਨਾਲ ਚੱਲਣ ਵਾਲੀਆਂ ਗੱਡੀਆਂ ਬਣਾਈਆਂ ਗਈਆਂ ਜਿਸ ਵਿੱਚ 20 ਦੇ ਕਰੀਬ ਬੱਚੇ ਬੈਠ ਸਕਦੇ ਸਨ। 1886 ਈ: ਵਿੱਚ ਇੰਡੀਆਨਾ ਸੂਬੇ ਵਿੱਚ ਸਕੂਲ ਬੱਸਾਂ ਬਣਨੀਆਂ ਸ਼ੁਰੂ ਹੋਈਆਂ। 2010 ਈ: ਵਿੱਚ ਗਰੀਨ ਸਕੂਲ ਬੱਸਾਂ ਦੀ ਸ਼ੁਰੂਆਤ ਹੋਈ। ਅਮਰੀਕਾ ਵਿੱਚ ਚਾਰ ਕਿਸਮ ਦੀਆਂ ਬੱਸਾਂ ਦੀਆਂ ਬਾਡੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਸਾਰਿਆਂ ਦੀ ਵੱਧ ਤੋਂ ਵੱਧ ਚੌੜਾਈ 102 ਇੰਚ ਅਤੇ ਵੱਧ ਤੋਂ ਵੱਧ ਲੰਬਾਈ 45 ਫੁੱਟ ਰੱਖੀ ਗਈ ਹੈ। ਇਨ੍ਹਾਂ ਵਿਚ ਵੱਧ ਤੋਂ ਵੱਧ 90 ਬੱਚੇ ਬੈਠ ਸਕਦੇ ਹਨ।

ਬੱਚਿਆਂ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਰਾਜ ਸਰਕਾਰਾਂ ਤੇ ਕੇਂਦਰੀ ਸਰਕਾਰ ਨੇ ਇਸ ਲਈ ਵਿਸ਼ੇਸ਼ ਕਾਨੂੰਨ ਬਣਾਏ ਹਨ। ਬੱਸਾਂ ਦਾ ਰੰਗ ਪੀਲਾ ਰੱਖਿਆ ਗਿਆ ਹੈ। ਅਪ੍ਰੈਲ 1939 ਈ: ਵਿੱਚ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਫਰੈਂਕ ਡਬਲਿਊ. ਸਇਰ ਨੇ ਬੱਸਾਂ ਬਨਾਉਣ ਵਾਲੀਆਂ ਕੰਪਨੀਆਂ ਦੀ ਮੀਟਿੰਗ ਸਦੀ ਜਿਸ ਵਿੱਚ ਵਿਸ਼ੇਸ਼ ਕਿਸਮ ਦਾ ਪੀਲਾ ਰੰਗ ਚੁਣਿਆ ਗਿਆ, ਜਿਸ ਦੀ ਵਰਤੋਂ ਕੀਤੀ ਜਾ ਰਹੀ ਹੈ। ਜਦ ਵਿਦਿਆਰਥੀਆਂ ਨੂੰ ਚੜ੍ਹਾਇਆ ਜਾਂ ਉਤਾਰਿਆ ਜਾਂਦਾ ਹੈ ਤਾਂ ਲਾਇਟਾਂ ਫਲੈਸ਼ ਕਰਦੀਆਂ ਹਨ ਤੇ ਦੋਵਾਂ ਪਾਸਿਆਂ 'ਤੇ ਖੜੇ ਸੰਕੇਤ (ਸਟਾਪ ਸਾਇਨ) ਜਗਦਾ ਹੈ। ਉਸ ਸਮੇਂ ਕੋਈ ਵੀ ਇਸ ਨੂੰ ਪਾਸ ਨਹੀਂ ਕਰ ਸਕਦਾ। ਸੜਕੀ ਦੁਰਘਟਨਾਵਾਂ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਕਈ ਐਮਰਜੈਂਸੀ ਦਰਵਾਜ਼ੇ ਰੱਖੇ ਗਏ ਹਨ। ਸੀਟ ਬੈਲਟਾਂ ਕਈਆਂ ਵਿਚ ਹਨ ਤੇ ਕਈਆਂ ਵਿਚ ਨਹੀਂ। ਬੱਚੇ ਆਪਣੀ ਬੱਸ ਥਲੇ ਨਾ ਆ ਜਾਣ, ਇਸ ਲਈ ਵਿਸ਼ੇਸ਼ ਦਰਪਣ ਲਾਏ ਗਏ ਹਨ। ਬੱਚਿਆਂ ਦੀ ਸੁਰੱਖਿਆ ਲਈ ਬੱਸ ਦੇ ਅੱਗੇ ਇਕ ਵਿਸ਼ੇਸ਼ ਪਲਾਸਟਿਕ ਦੀ ਸੋਟੀ (ਸਕੂਲ ਬਸ ਕਰਾਸਿੰਗ ਆਰਮ) ਹੁੰਦੀ ਹੈ। ਇਸ ਨਾਲ ਬੱਚੇ ਬੱਸ ਤੋਂ ਹਟਵੇਂ ਰਹਿੰਦੇ ਹਨ ਤੇ ਡਰਾਇਵਰ ਨੂੰ ਨਜ਼ਰ ਆਉਂਦੇ ਹਨ। ਦਰਵਾਜ਼ਾ ਵੀ ਇੱਕ ਹੀ ਹੁੰਦਾ ਹੈ ਜੋ ਹਾਈਰੋਲਿਕ (ਆਪਣੇ ਆਪ ਬੰਦ ਹੋਣ ਵਾਲਾ) ਅਤੇ ਡਰਾਈਵਰ ਦੇ ਨੇੜੇ ਹੁੰਦਾ ਹੈ ਤਾਂ ਜੋ ਡਰਾਈਵਰ ਬੱਚਿਆਂ ਨੂੰ ਚੜ੍ਹਨ ਤੇ ਉਤਰਨ ਸਮੇਂ ਵੇਖ ਸਕੇ।

ਬੱਸ ਨੇ ਸਵੇਰੇ ਸਵੇਰੇ ਚਲਣਾ ਹੁੰਦਾ ਹੈ, ਇਸ ਲਈ ਹਨੇਰੇ ਵਿੱਚ ਬੱਸਾਂ ਨਜ਼ਰ ਆ ਜਾਣ ਇਸ ਲਈ ਵਿਸ਼ੇਸ਼ ਟੇਪਾਂ ਲਾਈਆਂ ਗਈਆਂ ਹਨ।



Academy of the Punjab in North America: http://www.apnaorg.com

ਪਛਲੇ ਦੋ ਦਹਾਕਿਆਂ ਤੋਂ ਬੱਸ ਵਿਚ ਵਿਡਿਓ ਕੈਮਰੇ ਲਾਏ ਜਾ ਰਹੇ ਹਨ। ਇਕ ਕੈਮਰਾ ਬਾਹਰ ਲਾਇਆ ਗਿਆ ਹੈ, ਤਾਂ ਜੋ ਗ਼ੈਰ-ਕਾਨੂੰਨੀ ਢੰਗ ਨਾਲ ਲੰਘਣ ਵਾਲੀਆਂ ਗੱਡੀਆਂ ਦੀ ਰੀਕਾਰਡਿੰਗ ਕਰ ਸਕੇ। ਬੱਸਾਂ ਬਹੁਤਾ ਧੂੰਆਂ ਨਾ ਛੱਡਣ, ਇਸ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਤੇ ਪੁਰਾਣੀਆਂ ਗੱਡੀਆਂ ਵਿਚ ਫਿਲਟਰ ਲਾਏ ਗਏ ਹਨ। ਕਈ ਸੂਬਿਆਂ ਵਿੱਚ ਦੋਗਲੇ ਇੰਜਣ ਵਰਤੇ ਜਾ ਰਹੇ ਹਨ, ਜੋ ਬਿਜਲੀ ਤੇ ਬੈਟਰੀ ਦੋਵਾਂ ਨਾਲ ਚੱਲਦੇ ਹਨ।

ਅਮਰੀਕੀ ਸਕੂਲ ਬੱਸਾਂ ਦਾ ਬੱਚਿਆਂ ਦੀ ਢੁਆਈ ਵਿੱਚ ਅਹਿਮ ਰੋਲ ਹੈ। 2013 ਵਿੱਚ ਹਰ ਸਕੂਲੀ ਦਿਨ ਸਮੇਂ 468000 ਦੇ ਕਰੀਬ ਸਕੂਲ ਬੱਸਾਂ ਨੇ 2 ਕਰੋੜ 88 ਲੱਖ ਬੱਚਿਆਂ ਨੂੰ ਸਕੂਲ ਖੜਿਆ ਤੇ ਲਿਆਂਦਾ। ਅੱਧ ਤੋਂ ਜ਼ਿਆਦਾ ਬਾਰ੍ਹਵੀਂ ਤੀਕ ਸਕੂਲਾਂ ਦੇ ਵਿਦਿਆਰਥੀ ਇਨ੍ਹਾਂ ਵਿਚ ਸਫ਼ਰ ਕਰਦੇ ਹਨ।

ਫਤਹਿਗੜ੍ਹ ਚੂੜੀਆਂ ਨੇੜੇ 12 ਜਨਵਰੀ 2016 ਨੂੰ ਵਾਪਰੇ ਹਾਦਸੇ ਜਿਸ ਵਿਚ ਇਕ ਪ੍ਰਾਈਵੇਟ ਸਕੂਲ ਦੀ ਬੱਸ ਬਰਸਾਤੀ ਨਾਲੇ ਵਿੱਚ ਡਿੱਗਣ ਨਾਲ ਤਿੰਨ ਬੱਚਿਆਂ ਦੀ ਮੌਤ ਹੋ ਗਈ ਜਦ ਕਿ 40 ਬੱਚੇ ਜ਼ਖਮੀ ਹੋ ਗਏ, ਨੇ ਪੰਜਾਬ ਵਿੱਚ ਸਕੂਲੀ ਬੱਸਾਂ ਕਿਵੇਂ ਬੱਚਿਆਂ ਦੀ ਸੁਰੱਖਿਆ ਨਾਲ ਖਿਲਵਾੜ ਕਰ ਰਹੀਆਂ ਹਨ, ਦੀ ਪੋਲ ਖੋਲ੍ਹੀ ਹੈ। ਬੱਸ ਵਿੱਚ 35 ਸੀਟਾਂ ਸਨ ਜਦ ਕਿ 60 ਬੱਚੇ ਇਸ ਵਿਚ ਬਿਠਾਏ ਗਏ ਸਨ।

ਅਮਰੀਕਾ ਵਾਂਗ ਸਕੂਲੀ ਬੱਸਾਂ ਲਈ ਮਾਨਯੋਗ ਹਾਈਕੋਰਟ ਨੇ ਸੁਰੱਖਿਅਤ ਸਕੂਲ ਵਾਹਨ ਨੀਤੀ (ਸੇਫ਼ ਸਕੂਲ ਵਾਹਨ ਪਾਲਿਸੀ) ਅਧੀਨ ਨਿਰਦੇਸ਼ ਦਿੱਤੇ ਹੋਏ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਕੋਈ ਪਾਲਣਾ ਨਹੀਂ ਕੀਤੀ ਜਾ ਰਹੀ। ਬੱਸਾਂ ਦੇ ਅੱਗੇ ਤੇ ਪਿੱਛੇ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਣੇ ਚਾਹੀਦੇ ਹਨ। ਦਰਵਾਜ਼ੇ ਵੀ ਹਾਈਰੋਲਿਕ (ਆਪਣੇ ਆਪ ਬੰਦ ਹੋਣ ਵਾਲੇ) ਚਾਹੀਦੇ ਹਨ। ਇਕ ਔਰਤ ਬੱਸ ਵਿੱਚ ਬੱਚਿਆਂ ਦੀ ਨਿਗਰਾਨੀ ਲਈ ਚਾਹੀਦੀ ਹੈ। ਅਮਰੀਕਾ ਵਾਂਗ ਬੱਸ ਦੇ ਦੋਵੇਂ ਪਾਸੇ ਖੜੇ ਹੋਣ ਦੇ ਸੰਕੇਤ (ਸਟਾਪ ਸਿਗਨਲ ਆਰਮ) ਚਾਹੀਦੀਆਂ ਹਨ ਤਾਂ ਜੋ ਬੱਸ ਖੜੀ ਹੋਣ 'ਤੇ ਕੋਈ ਗੱਡੀ ਉਸ ਨੂੰ ਪਾਸ ਨਾ ਕਰੇ। ਡਰਾਇਵਰ ਕੋਲ ਘੱਟੋ ਘੱਟ 5 ਸਾਲ ਦਾ ਭਾਰੀ ਗੱਡੀ ਚਲਾਉਣ ਦਾ ਲਾਈਸੈਂਸ ਹੋਣਾ ਚਾਹੀਦਾ ਹੈ। ਪੰਜਾਬ ਵਿਚ ਕੇਵਲ ਬੱਸਾਂ ਦੇ ਰੰਗ ਪੀਲੇ ਕੀਤੇ ਹਨ, ਬਾਕੀ ਨਿਯਮਾਂ ਦੀ ਪਾਲਣਾ ਨਹੀਂ ਹੋ ਰਹੀ, ਜਿਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ ਤਾਂ ਜੋ ਕੀਮਤੀ ਜਾਨਾਂ ਨੂੰ ਦੁਰਘਟਨਾਵਾਂ ਤੋਂ ਬਚਾਇਆ ਜਾ ਸਕੇ। ਕਈਆਂ ਸਕੂਲਾਂ ਨੇ ਮਨਮਰਜ਼ੀ ਦੀਆਂ ਬਸਾਂ ਲਾਈਆਂ ਹੋਈਆਂ ਹਨ। ਕਈਆਂ ਨੇ ਗ਼ੈਰ-ਕਾਨੂੰਨੀ ਘੜੁੱਕੇ ਲਾਏ ਹੋਏ ਹਨ। ਕਈਆਂ ਨੇ ਥਰੀ ਵ੍ਹੀਲਰ ਲਾਏ ਹੋਏ ਹਨ, ਜਿਨ੍ਹਾਂ ਵਿਚ ਕੁੱਕੜਾਂ ਦੀ ਤਰ੍ਹਾਂ 20-20 ਦੇ ਕਰੀਬ ਬਚੇ ਬੈਠੇ ਹੁੰਦੇ ਹਨ। ਇਸ ਤਰ੍ਹਾਂ ਪੰਜਾਬ ਵਿਚ ਬਚਿਆਂ ਦੀ ਸੁਰਖਿਆ ਰੱਬ ਆਸਰੇ ਹੈ। ਜਦ ਕੋਈ ਦੁਰਘਟਨਾ ਵਾਪਰਦੀ ਹੈ ਤਾਂ ਰੱਬ ਦਾ ਭਾਣਾ ਕਹਿ ਕੇ ਸਬਰ ਕਰ ਲਿਆ ਜਾਂਦਾ ਹੈ। ਮ੍ਰਿਤਕਾਂ ਤੇ ਜਖ਼ਮੀਆਂ ਨੂੰ ਸਰਕਾਰੀ ਸਹਾਇਤਾ ਦੇ ਕੇ ਕੰਮ ਸਾਰ ਲਿਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਉਪਰਾਲੇ ਨਹੀਂ ਕੀਤੇ ਜਾਂਦੇ। ਵਿਗਿਆਨਕ ਯੁੱਗ ਵਿਚ ਵੀ ਸਾਡੇ ਲੀਡਰਾਂ ਦੀ ਸੋਚ ਮੱਧ-ਯੁਗ ਵਾਲੀ ਹੈ।

*23 ਜਨਵਰੀ 2016*



Academy of the Punjab in North America: http://www.apnaorg.com

# ਸਾਕਾ ਨੀਲਾ ਤਾਰਾ ਦੇ ਸਬਕ

ਭਾਰਤ ਦੇ ਇਤਿਹਾਸ ਵਿਚ 'ਸਾਕਾ ਨੀਲਾ ਤਾਰਾ' ਦੇ ਦੁਖਾਂਤ ਨੂੰ ਹਮੇਸ਼ਾਂ ਕਾਲੇ ਅੱਖਰਾਂ ਵਿਚ ਯਾਦ ਕੀਤਾ ਜਾਂਦਾ ਰਹੇਗਾ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਦੂਰੋਂ ਦੂਰੋਂ ਆਏ ਲੋਕਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਇਹ ਯਾਤਰਾ ਉਨ੍ਹਾਂ ਦੀ ਜ਼ਿੰਦਗੀ ਦੀ ਅੰਤਿਮ ਯਾਤਰਾ ਹੋ ਨਿੱਬੜੇਗੀ। ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਦੇ ਕਤਲ ਤੋਂ ਬਾਅਦ ਦੇਸ਼ ਭਰ ਵਿਚ ਬੇ-ਦੋਸ਼ੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਇਸ ਸਾਕੇ ਦਾ ਸਿੱਟਾ ਸੀ। 32 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੀਕ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਕਥਿਤ ਤੌਰ 'ਤੇ ਦੰਗੇ ਕਰਵਾਉਣ ਵਾਲੇ ਕਾਂਗਰਸੀ ਆਗੂਆਂ ਨੂੰ ਸਜ਼ਾਵਾਂ ਨਹੀਂ ਮਿਲ ਰਹੀਆਂ। ਇਹ ਪ੍ਰਸ਼ਨ ਵਾਰ ਵਾਰ ਉਠਾਇਆ ਜਾਂਦਾ ਰਿਹਾ ਹੈ ਤੇ ਜਾਂਦਾ ਰਹੇਗਾ ਕਿ ਇਹ ਦੁਖਾਂਤ ਕਿਉਂ ਵਾਪਰਿਆ? ਪੰਜਾਬ ਦੇ ਹਾਲਾਤ ਖ਼ਰਾਬ ਕਿਉਂ ਹੋਏ? ਉਹ ਕਿਹੜੀਆਂ ਸ਼ਕਤੀਆਂ ਸਨ ਜਿਹੜੀਆਂ ਇਸ ਲਈ ਦੋਸ਼ੀ ਸਨ? ਕੀ ਇਸ ਪਿੱਛੇ ਵਿਦੇਸ਼ੀ ਹੱਥ ਸੀ? ਅਕਾਲੀ ਕਾਂਗਰਸੀਆਂ ਨੂੰ ਪੰਜਾਬ ਦੇ ਹਾਲਾਤ ਖਰਾਬ ਕਰਨ ਲਈ ਦੋਸ਼ੀ ਠਹਿਰਾਉਂਦੇ ਹਨ, ਜਦ ਕਿ ਕਾਂਗਰਸੀ ਅਕਾਲੀਆਂ ਨੂੰ ਦੋਸ਼ੀ ਠਹਿਰਾਉਂਦੇ ਹਨ।

ਬੀ.ਬੀ.ਸੀ. ਦੇ ਪ੍ਰਸਿੱਧ ਪੱਤਰਕਾਰ ਮਾਰਕ ਟੱਲੀ ਅਤੇ ਸਤੀਸ਼ ਜੈਕਬ ਨੇ ਆਪਣੀ ਪੁਸਤਕ 'ਅੰਮ੍ਰਿਤਸਰ : ਸ੍ਰੀ ਮਤੀ ਗਾਂਧੀ ਦੀ ਅੰਤਲੀ ਲੜਾਈ' ਵਿਚ ਇਨ੍ਹਾਂ ਸੁਆਲਾਂ ਦੇ ਜੁਆਬ ਬੜੇ ਸੁਚੱਜੇ ਢੰਗ ਨਾਲ ਦਿੱਤੇ ਹਨ। ਉਨ੍ਹਾਂ ਨੇ ਇਹ ਪੁਸਤਕ ਨਵੰਬਰ 1985 ਵਿੱਚ ਲਿਖੀ ਸੀ ਜਦ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਹੋਇਆਂ ਸਾਲ ਹੋ ਚੁੱਕਾ ਸੀ ਤੇ ਉਸ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਿਆਂ ਨੂੰ ਸਾਲ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਸੀ। ਉਸ ਸਮੇਂ ਤੀਕ 20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੋਂ ਹੋਈਆਂ ਚੋਣਾਂ ਵਿੱਚ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਅਕਾਲੀ ਸਰਕਾਰ ਬਣ ਚੁੱਕੀ ਸੀ।

ਉਹ ਲਿਖਦੇ ਹਨ, "ਸ੍ਰੀਮਤੀ ਇੰਦਰਾ ਗਾਂਧੀ ਨੇ ਵਿਦੇਸ਼ੀ ਸ਼ਕਤੀਆਂ ਨੂੰ ਪੰਜਾਬ ਸੰਕਟ ਲਈ ਦੋਸ਼ੀ ਠਹਿਰਾਇਆ ਜਿਹੜੀਆਂ ਭਾਰਤ ਨੂੰ ਸ਼ਕਤੀਸ਼ਾਲੀ ਅਤੇ ਇੱਕਮੁੱਠ ਨਹੀਂ ਸਨ ਦੇਖਣਾ ਚਾਹੁੰਦੀਆਂ। ਨਿਰਸੰਦੇਹ ਉਨ੍ਹਾਂ ਨੇ ਆਪਣਾ ਰੋਲ ਅਦਾ ਕੀਤਾ। ਆਤੰਕਵਾਦ ਨਾਲ ਬੱਝੇ ਸਿੱਖ ਅੱਤਵਾਦੀਆਂ ਨੂੰ ਉਕਸਾ ਕੇ ਅਤੇ ਉਨ੍ਹਾਂ ਦੀ ਮਦਦ ਕਰਕੇ ਉਹ ਸ਼ਕਤੀਆਂ ਇਹ ਰੋਲ ਅਦਾ ਕਰਨਾ ਜਾਰੀ ਰੱਖਣਗੀਆਂ। ਪ੍ਰੰਤੂ ਇਕੱਲੀਆਂ ਬਾਹਰੀ



Academy of the Punjab in North America: http://www.apnaorg.com

ਸ਼ਕਤੀਆਂ ਭਾਰਤ ਵਰਗੇ ਸ਼ਕਤੀਸ਼ਾਲੀ ਅਤੇ ਸਥਿਰ ਦੇਸ਼ ਲਈ ਖ਼ਤਰਾ ਨਾ ਬਣ ਸਕਦੀਆਂ ਸਨ ਅਤੇ ਨਾ ਹੀ ਬਣ ਸਕਣਗੀਆਂ। ਭਾਰਤੀਆਂ ਨੂੰ ਹੁਣ ਆਪਣੇ ਦੇਸ਼ ਅਤੇ ਉਨ੍ਹਾਂ ਕਮਜ਼ੋਰੀਆਂ ਵੱਲ ਵੇਖਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਜਾਬ ਨੂੰ ਸਿਆਸੀ ਤਬਾਹੀ ਦੀਆਂ ਬਰੂਹਾਂ 'ਤੇ ਲਿਆਂਦਾ"।

ਉਨ੍ਹਾਂ ਨੇ ਵਿਦੇਸ਼ੀ ਹੱਥਾਂ ਦੀ ਥਾਂ 'ਤੇ ਅੰਦਰੂਨੀ ਸ਼ਕਤੀਆਂ ਨੂੰ ਇਸ ਦੁਖਾਂਤ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਭਾਰਤੀ ਪ੍ਰਸ਼ਾਸਨ ਪ੍ਰਣਾਲੀ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ, "ਦੁਨੀਆਂ ਦੇ ਇਸ ਸਭ ਤੋਂ ਵੱਡੇ ਪ੍ਰਜਾਤੰਤਰ ਦਾ ਸੰਚਾਲਨ ਅਤੇ ਪ੍ਰਬੰਧ ਅਜੇ ਵੀ ਬ੍ਰਿਟਿਸ਼ ਰਾਜ ਦੁਆਰਾ ਸਥਾਪਤ ਸੰਸਥਾਵਾਂ ਰਾਹੀਂ ਹੁੰਦਾ ਹੈ। ਇੰਡੀਅਨ ਐਡਮਨਿਸਟਰੇਟਿਵ ਸਰਵਿਸ ਜਿਹੜੀ ਪ੍ਰਸ਼ਾਸਨ 'ਤੇ ਗਾਲਿਬ ਹੈ ਬ੍ਰਿਟਿਸ਼ ਰਾਜ ਦੀ ਆਈ.ਸੀ.ਐਸ. ਦੀ ਨਕਲ ਹੈ ਅਤੇ ਇੰਡੀਅਨ ਪੁਲਿਸ ਸਰਵਿਸ ਆਈ.ਪੀ. ਦੀ। ਮੈਕਾਲੇ ਦਾ ਪੀਨਲ ਕੋਡ ਅਜੇ ਵੀ ਲਾਗੂ ਹੈ। ਭਾੜੇ ਦੇ ਗਵਾਹ ਜਿਹੜੇ ਰਾਜ ਦੇ ਹੱਕ ਵਿੱਚ ਭੁਗਤਿਆ ਕਰਦੇ ਸਨ ਅੱਜ ਮਜਿਸਟਰੇਟਾਂ ਸਾਹਮਣੇ ਆਜ਼ਾਦ ਭਾਰਤ ਦੀ ਪੁਲਿਸ ਦੇ ਹੱਕ ਵਿੱਚ ਭੁਗਤਦੇ ਹਨ। ਅੰਗਰੇਜ਼ਾਂ ਦੀ ਦਿੱਤੀ ਕਾਨੂੰਨ ਪ੍ਰਣਾਲੀ ਸਰਕਾਰ ਦੇ ਇਰਾਦਿਆਂ ਨੂੰ ਨਿਸਫ਼ਲ ਕਰਨ ਲਈ ਅਮੀਰ ਜਾਗੀਰਦਾਰ ਅਤੇ ਪ੍ਰਭਾਵਸ਼ਾਲੀ ਤੱਤਾਂ ਰਾਹੀਂ ਵਰਤੀ ਜਾਂਦੀ ਹੈ। ਗਰੀਬ ਅਦਾਲਤ ਅਤੇ ਪੁਲਿਸ ਨੂੰ ਅਤਿਆਚਾਰੀ ਸਮਝਦੇ ਹਨ"।

ਉਨ੍ਹਾਂ ਅਨੁਸਾਰ, "ਪੰਜਾਬ ਸੰਕਟ ਨੇ ਦੱਸ ਦਿੱਤਾ ਹੈ ਕਿ ਆਧੁਨਿਕ ਭਾਰਤ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਬ੍ਰਿਟਿਸ਼ ਰਾਜ ਸਮੇਂ ਦੀਆਂ ਸੰਸਥਾਵਾਂ ਨਾ-ਮੁਆਫ਼ਕ ਹਨ। ਪੁਲਿਸ ਲਾਚਾਰ ਸੀ ਕਿਉਂਕਿ ਵਰ੍ਹਿਆਂ ਦੀ ਨਾਕਾਫ਼ੀ ਤਨਖ਼ਾਹ ਅਤੇ ਇਸ ਦੇ ਸਿੱਟੇ ਵਜੋਂ ਫੈਲੀ ਰਿਸ਼ਵਤ ਨੇ ਇਸ ਦੇ ਅਮਲੇ ਨੂੰ ਅੰਦਰੋਂ ਨਸ਼ਟ ਕਰ ਦਿੱਤਾ ਸੀ—ਦੋਵੇਂ ਹੀ ਅੰਗਰੇਜ਼ੀ ਰਾਜ ਦੀ ਪੁਲਿਸ ਦੀਆਂ ਵਿਸ਼ੇਸ਼ਤਾਵਾਂ ਸਨ। ਜਿਨ੍ਹਾਂ ਕੁਝ ਆਤੰਕਵਾਦੀਆਂ ਨੂੰ ਉਨ੍ਹਾਂ ਨੇ ਫੜਿਆ ਵੀ, ਪੁਲਿਸ ਅਫ਼ਸਰ ਜਾਣਦੇ ਸਨ ਕਿ ਉਨ੍ਹਾਂ ਨੂੰ ਜੱਜਾਂ ਸਾਹਮਣੇ ਪੇਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ ਕਿਉਂਕਿ ਉਨ੍ਹਾਂ ਦੀਆਂ ਦਮ ਤੋੜਦੀਆਂ ਅਦਾਲਤਾਂ ਤੋਂ ਸਜ਼ਾਵਾਂ ਪ੍ਰਾਪਤ ਕਰਨ ਵਿੱਚ ਕਈ ਵਰ੍ਹੇ ਬੀਤ ਜਾਣਗੇ। ਇਸ ਲਈ ਪੁਲਿਸ ਨੇ 'ਪੁਲਿਸ ਮੁਕਾਬਲੇ ਦੀ' ਆੜ ਵਿੱਚ ਕਤਲਾਂ ਦਾ ਸਹਾਰਾ ਲਿਆ। ਇਨ੍ਹਾਂ ਪੁਲਿਸ ਮੁਕਾਬਲਿਆਂ ਨੇ ਸੰਤ ਭਿੰਡਰਾਂਵਾਲੇ ਦੇ ਬਦਲੇ ਦੇ ਸੱਦੇ ਨੂੰ ਯੋਗ ਠਹਿਰਾਇਆ"। ਉਨ੍ਹਾਂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਵੀ ਦੋਸ਼ੀ ਠਹਿਰਾਇਆ ਹੈ। ਉਹ ਲਿਖਦੇ ਹਨ, "ਸ੍ਰੀਮਤੀ ਇੰਦਰਾ ਗਾਂਧੀ ਨੇ ਭਾਰਤ ਦੀਆਂ ਸੰਸਥਾਵਾਂ ਨੂੰ ਸੁਧਾਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੇ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਤਾਰੀ"।

ਅੱਜ ਤੋਂ ਕੋਈ 32 ਸਾਲ ਪਹਿਲਾਂ ਲਿਖੀ ਪੁਸਤਕ ਵਿੱਚ ਉਨ੍ਹਾਂ ਨੇ ਆਪਣੀ ਭੂਮਿਕਾ ਦਾ ਅੰਤ ਇਨ੍ਹਾਂ ਸਤਰਾਂ ਨਾਲ ਕੀਤਾ, "ਰਾਜੀਵ ਗਾਂਧੀ ਭਾਰਤ ਨੂੰ 21 ਵੀਂ ਸਦੀਂ ਵਿਚ ਲੈ ਜਾਣਾ ਚਾਹੁੰਦਾ ਹੈ। ਉਸ ਨੂੰ ਪਹਿਲਾਂ ਭਾਰਤ ਦੀਆਂ ਸੰਸਥਾਵਾਂ ਨੂੰ 20ਵੀਂ ਸਦੀਂ ਦਾ ਹਾਣੀ ਬਣਾਉਣਾ ਪਵੇਗਾ"।



Academy of the Punjab in North America: http://www.apnaorg.com

ਉਨ੍ਹਾਂ ਨੇ ਭਾਰਤੀ ਸਿਆਸੀ ਪਾਰਟੀਆਂ ਉਪਰ ਵੀ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਉਸ ਸਮੇਂ ਦੀ ਕਾਂਗਰਸ ਪਾਰਟੀ ਨੂੰ ਮੌਕਾ-ਪ੍ਰਸਤਾਂ ਦਾ ਟੋਲਾ ਕਰਾਰ ਦਿੰਦੇ ਉਹ ਲਿਖਦੇ ਹਨ, "ਸੰਤ ਭਿੰਡਰਾਂਵਾਲੇ ਰਾਹੀਂ ਫੈਲਾਈ ਜਾ ਰਹੀ ਨਫ਼ਰਤ ਦਾ ਟਾਕਰਾ ਕਰਨ ਲਈ, ਜਿਸ ਕਾਂਗਰਸ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦਾ ਦੂਤ ਹੋਣਾ ਚਾਹੀਦਾ ਸੀ, ਮੌਕਾ-ਪ੍ਰਸਤਾਂ ਦਾ ਟੋਲਾ ਸੀ, ਜਿਨ੍ਹਾਂ ਦੀਆਂ ਅੱਖਾਂ ਆਪਣੇ ਹਲਕਿਆਂ ਦੀ ਬਜਾਏ ਸਦਾ ਹੀ ਸ਼ਕਤੀ ਦੇ ਸੋਮੇ, ਦਿੱਲੀ 'ਤੇ ਹੁੰਦੀਆਂ ਸਨ। ਮੌਕਾ-ਪ੍ਰਸਤ ਸਿਵਿਲ ਸੇਵਾ 'ਤੇ ਵੀ ਗਾਲਿਬ ਸਨ ਜੋ ਆਪਣੇ ਸਿਆਸੀ ਮਾਲਕਾਂ ਨੂੰ ਖ਼ੁਸ਼ ਕਰਨ ਲਈ ਕੋਈ ਵੀ ਨਿਯਮ ਤੋੜਨ ਲਈ ਤਿਆਰ ਸਨ। ਪਾਰਲੀਮੈਂਟ ਸ਼ਕਤੀਵਿਹੀਨ ਸੀ ਕਿਉਂਕਿ ਸ੍ਰੀਮਤੀ ਗਾਂਧੀ ਦੇ ਪਾਰਲੀਮੈਂਟ ਦੇ ਮੈਂਬਰਾਂ ਵਿਚੋਂ ਕੋਈ ਹੌਂਸਲੇ ਵਾਲਾ ਹੀ ਉਸ ਦੀ ਪੰਜਾਬ ਨੀਤੀ ਵਿਰੁੱਧ ਬੋਲਣ ਦੀ ਜੁਰਅਤ ਕਰਦਾ ਸੀ।"

ਉਨ੍ਹਾਂ ਨੇ ਭਾਰਤੀ ਸਿਆਸਤਦਾਨਾਂ ਦੇ ਅਸਲੀ ਚਿਹਰੇ ਨੂੰ ਬੇਨਕਾਬ ਕੀਤਾ ਹੈ। ਉਹ ਲਿਖਦੇ ਹਨ, "ਸ੍ਰੀ ਮਤੀ ਇੰਦਰਾ ਗਾਂਧੀ ਬਹੁਤ ਸਾਰੇ ਪੂਰਬੀ ਬਾਦਸ਼ਾਹਾਂ ਵਾਂਗ ਜਾਲ ਵਿਚ ਉਲਝ ਗਈ ਸੀ, ਉਸ ਨੇ ਆਪਣੇ ਆਪ ਨੂੰ ਚਾਪਲੂਸਾਂ, ਜੀ-ਹਜ਼ੂਰੀਆਂ ਨਾਲ ਘੇਰ ਲਿਆ ਸੀ ਜਿਹੜੇ ਉਸ ਨੂੰ ਉਹੋ ਦੱਸਦੇ ਸਨ, ਜੋ ਉਹ ਸੁਣਨਾ ਚਾਹੁੰਦੀ ਸੀ, ਉਹ ਨਹੀਂ ਜੋ ਉਸ ਨੂੰ ਸੁਣਨਾ ਚਾਹੀਦਾ ਸੀ। ਭਾਵੇਂ ਉਹ ਪ੍ਰਜਾਤੰਤਰੀ ਪ੍ਰਣਾਲੀ ਨਾਲ ਚੁਣੀ ਪ੍ਰਧਾਨ ਮੰਤਰੀ ਸੀ, ਪਰ ਉਹ ਪੁਰਾਣੇ ਜ਼ਮਾਨੇ ਦੇ ਰਾਜਿਆਂ ਵਾਂਗ ਹੀ ਰਾਜਸੀ ਦਰਬਾਰ ਲਾਉਂਦੀ ਸੀ, ਜਿਹੜਾ ਕਿ ਅਫ਼ਵਾਹਾਂ ਤੇ ਸਾਜ਼ਿਸ਼ਾਂ ਦੇ ਪਨਪਣ ਤੇ ਪੁੰਗਰਣ ਲਈ ਬੜਾ ਉਪਜਾਊ ਹੁੰਦਾ ਹੈ।"

ਸਿਆਸਤਦਾਨਾਂ ਵੱਲੋਂ ਵੋਟਾਂ ਦੀ ਰਾਜਨੀਤਕ ਖੇਡ ਨੂੰ ਬੇਅਸਰ ਕਰਨ ਲਈ ਸ੍ਰੀਮਤੀ ਇੰਦਰਾ ਗਾਂਧੀ ਨੇ ਪਹਿਲਾਂ ਕਾਰਵਾਈ ਕਿਉਂ ਨਾ ਕੀਤੀ? ਸਿਰਲੇਖ ਹੇਠ ਨੰਗਿਆਂ ਕੀਤਾ ਹੈ। ਉਹ ਖੇਡ ਜੋ ਅਜੇ ਵੀ ਖੇਡੀ ਜਾ ਰਹੀ ਹੈ। ਉਨ੍ਹਾਂ ਅਨੁਸਾਰ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਰਾਜ ਦੇ ਅੰਤਲੇ ਕਾਲ ਵਿੱਚ ਆਪਣੇ ਰਵਾਇਤੀ ਮਦਦਗਾਰਾਂ—ਮੁਸਲਮਾਨਾਂ ਤੇ ਅਨੁਸੂਚਿਤ ਜਾਤੀ ਨੂੰ ਛੱਡ ਦਿੱਤਾ ਅਤੇ ਬਹੁਮਤ ਹਿੰਦੂ ਭਾਈਚਾਰੇ ਨੂੰ ਇੱਕ ਨਿੱਗਰ ਵੋਟ ਸਮੂਹ ਵਿਚ ਢਾਲਣ ਦੀ ਕੋਸ਼ਿਸ਼ ਕੀਤੀ। ਉਸ ਨੇ ਭਿੰਡਰਾਂਵਾਲੇ ਦੇ ਖ਼ਿਲਾਫ਼ ਕਾਰਵਾਈ ਵਿਚ ਦੇਰ ਇਸ ਲਈ ਕੀਤੀ, ਕਿਉਂਕਿ ਉਹ ਘੱਟ ਗਿਣਤੀ ਭਾਈਚਾਰੇ ਦੇ ਹਿੰਦੂ ਧਰਮ ਨੂੰ ਪ੍ਰਤੱਖ ਵੰਗਾਰਣ 'ਤੇ ਖ਼ੁਸ਼ ਸੀ। ਇਸ ਨੇ ਉਸ ਦੀ ਹਿੰਦੂ ਭਾਈਚਾਰੇ ਨੂੰ ਇਕੱਠਾ ਕਰਕੇ ਜੋੜਨ ਵਿੱਚ ਮਦਦ ਕੀਤੀ। ਲੇਖਕਾਂ ਅਨੁਸਾਰ 1984 ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦੀ ਪ੍ਰਤਿਸ਼ਠਾ ਨੀਵੀਂ ਹੋ ਗਈ ਸੀ। ਉਪ-ਚੋਣਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਕਾਂਗਰਸ ਲਈ ਭੈੜੀਆਂ ਸਿੱਧ ਹੋ ਰਹੀਆਂ ਸਨ। ਆਪਣੇ ਸਾਹਮਣੇ ਮੂੰਹ ਅੱਡੀ ਖੜੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਅਨਿਸਚਿਤ ਜਾਪਦੀ ਸੀ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਜਿੱਥੇ ਕਿ ਮੈਂਬਰ ਅਕਸਰ ਅਫ਼ਵਾਹਾਂ ਦੇ ਅਦਾਨ ਪ੍ਰਦਾਨ ਲਈ ਇਕੱਠੇ ਹੁੰਦੇ ਸਨ। ਇਸ ਸੰਭਾਵਨਾ ਦੀ ਕਾਫ਼ੀ ਚਰਚਾ ਸੀ ਕਿ ਕਾਂਗਰਸ ਚੋਣ ਹਾਰ ਜਾਵੇਗੀ। ਪ੍ਰੈਸ ਵੀ ਸ੍ਰੀਮਤੀ ਇੰਦਰਾ ਗਾਂਧੀ ਦੇ ਚੋਣ ਭਵਿੱਖ ਤੋਂ ਜ਼ਿਆਦਾ ਆਸ਼ਾਵਦੀ ਨਹੀਂ ਸੀ। ਇਸ ਲਈ ਲੇਖਕਾਂ ਦਾ ਵਿਸ਼ਵਾਸ



Academy of the Punjab in North America: http://www.apnaorg.com

ਹੈ ਇੱਕ ਵਾਰ ਫਿਰ ਤਬਾਹੀ ਦਾ ਸਾਹਮਣਾ ਕਰਦੇ ਹੋਏ, ਸ੍ਰੀਮਤੀ ਇੰਦਰਾ ਗਾਂਧੀ ਭਿੰਡਰਾਂਵਾਲੇ ਦੇ ਖ਼ਿਲਾਫ਼ ਕਰੜੀ ਕਾਰਵਾਈ ਕਰਨ ਲਈ ਮਜਬੂਰ ਹੋ ਗਈ। ਦਿੱਲੀ ਵਿਚਲੇ ਸਿੱਖ ਕਤਲੇਆਮ ਤੋਂ ਬਾਅਦ ਇਸ ਦੀ ਜਾਂਚ ਪੰਜ ਮਹੀਨੇ ਬਾਅਦ ਕਰਾਉਣਾ ਵੀ ਸ੍ਰੀ ਰਾਜੀਵ ਗਾਂਧੀ ਦੀ ਵੋਟ ਰਾਜਨੀਤੀ ਸੀ। ਸ੍ਰੀ ਰਾਜੀਵ ਗਾਂਧੀ ਨੇ ਜਾਂਚ ਨੂੰ ਆਮ ਚੋਣਾਂ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਤੀਕ ਮੁਲਤਵੀ ਰੱਖਿਆ, ਜਿਨ੍ਹਾਂ ਨੂੰ ਆਪਣੇ ਪ੍ਰਧਾਨ ਮੰਤਰੀ ਪਦ ਨੂੰ ਪ੍ਰਾਪਤ ਕਰਨ ਲਈ ਫ਼ੈਸਲਾਕੁੰਨ ਰੂਪ ਵਿੱਚ ਜਿੱਤਣਾ ਇੱਕ ਜ਼ਰੂਰਤ ਸੀ। ਉਹ ਇਸ ਗੱਲੋਂ ਡਰਦਾ ਸੀ ਕਿ ਕੋਈ ਵੀ ਜਾਂਚ ਹਿੰਦੂ ਵੋਟਰਾਂ ਵਿੱਚ ਅਪ੍ਰਿਯ ਹੋਵੇਗੀ ਭਾਵ ਹਿੰਦੂਆਂ ਨੂੰ ਨਰਾਜ਼ ਕਰੇਗੀ।

ਗ੍ਰਹਿ ਮੰਤਰਾਲੇ ਦੇ ਅਧਿਕਾਰੀ ਚਾਹੁੰਦੇ ਸਨ ਕਿ ਜੋ ਵੀ ਪੰਜਾਬ ਵਿੱਚ ਗ਼ਲਤ ਹੋਇਆ ਹੈ, ਇਸ ਦਾ ਜ਼ਿਆਦਾ ਦੋਸ਼ ਪਾਕਿਸਤਾਨ ਸਿਰ ਮੜ੍ਹਿਆ ਜਾਵੇ। ਉਨ੍ਹਾਂ ਨੂੰ ਯਕੀਨ ਸੀ ਕਿ ਇਹ ਬਹੁਤ ਸਾਰੇ ਸਿੱਖਾਂ ਨੂੰ ਜਚਾ ਦੇਵੇਗਾ ਕਿ ਸਰਕਾਰ ਨੇ ਉਨ੍ਹਾਂ ਨੂੰ ਇੱਕ ਸਾਜ਼ਿਸ਼ ਤੋਂ ਬਚਾਇਆ ਹੈ, ਜਿਹੜੀ ਉਨ੍ਹਾਂ ਨੂੰ ਮੁੜ ਉਸ ਮੁਸਲਿਮ ਗ਼ਲਬੇ ਅਧੀਨ ਕਰ ਦੇਂਦੀ, ਜਿਸ ਨੂੰ ਉਨ੍ਹਾਂ ਨੇ ਵੰਡ ਸਮੇਂ ਰੱਦ ਕੀਤਾ ਸੀ। ਪ੍ਰੰਤੂ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਨੇ ਚਿਤਾਵਨੀ ਦਿੱਤੀ ਕਿ ਪਾਕਿਸਤਾਨ ਦਾ ਹਵਾਲਾ ਭਾਰਤ ਦੇ ਅਮਰੀਕਾ ਨਾਲ ਸਬੰਧਾਂ ਨਾਲ ਬਖੇੜਾ ਕਰੇਗਾ। ਇਸ ਤਰ੍ਹਾਂ ਲੰਬੀ ਸੋਚ ਵਿਚਾਰ ਪਿੱਛੋਂ ਵਾਈਟ ਪੇਪਰ, ਪਾਕਿਸਤਾਨ ਦਾ ਹਵਾਲਾ ਦਿੱਤੇ ਬਿਨਾਂ ਛਾਪਿਆ ਗਿਆ। ਲੇਖਕਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੇ ਮਨਸੂਬਿਆਂ ਬਾਰੇ ਵੀ ਦੱਸਿਆ ਹੈ ਅਤੇ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਮੁੜ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਲਈ ਸ੍ਰਿੰਘ ਸਾਹਿਬਾਨ ਨਾਲ ਸ. ਬੂਟਾ ਸਿੰਘ ਅਤੇ ਫ਼ੌਜੀ ਅਧਿਕਾਰੀਆਂ ਵੱਲੋਂ ਕੀਤੇ ਸਮਝੌਤਿਆਂ ਨੂੰ ਤਾਰਪੀਡੋ ਕਰਨ ਦਾ ਸਾਰਾ ਦੋਸ਼ ਸ੍ਰੀਮਤੀ ਇੰਦਰਾ ਗਾਂਧੀ ਉਪਰ ਲਾਇਆ ਹੈ।

ਉਨ੍ਹਾਂ ਨੇ ਪੰਜਾਬ ਦੇ ਦੁਖਾਂਤ ਅਤੇ ਸ੍ਰੀਮਤੀ ਗਾਂਧੀ ਦੇ ਕਤਲ ਲਈ ਸੰਤ ਭਿੰਡਰਾਂਵਾਲੇ ਅਤੇ ਸ. ਬੇਅੰਤ ਸਿੰਘ ਨੂੰ ਦੋਸ਼ ਮੁਕਤ ਕਰਦੇ ਹੋਏ ਸ੍ਰੀਮਤੀ ਇੰਦਰਾ ਗਾਂਧੀ ਦੁਆਰਾ ਸਿਰਜੇ ਸਿਆਸੀ ਵਾਤਾਵਰਣ ਨੂੰ ਮੁੱਖ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਇਸ ਅਧਿਆਇ ਨੂੰ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤਾ ਹੈ "ਸ੍ਰੀਮਤੀ ਗਾਂਧੀ ਦਾ ਕਤਲ ਕਿਸ ਨੇ ਕੀਤਾ ? ਮੈਂ'! ਸਬ ਇੰਸਪੈਕਟਰ ਬੇਅੰਤ ਸਿੰਘ ਨੇ ਕਿਹਾ ਜਦੋਂ ਉਸ ਨੇ ਸ੍ਰੀਮਤੀ ਗਾਂਧੀ ਦੇ ਬਾਗ਼ ਵਿੱਚ ਕਮਾਂਡੋਆਂ ਨੂੰ ਆਤਮ ਸਮਰਪਣ ਕੀਤਾ। ਪ੍ਰੰਤੂ ਉਹ ਆਪ ਸ਼ਿਕਾਰ ਸੀ, ਬਲੀ ਦਾ ਬਕਰਾ ਸੀ, ਜਿਸ ਨੂੰ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਸਾਰੇ ਸਿੱਖ ਭਾਈਚਾਰੇ ਵਿੱਚ ਫੈਲਿਆ ਗੁਸਾ ਵਹਾ ਲੈ ਗਿਆ ਸੀ—ਉਹ ਗੁੱਸਾ ਜਿਸ ਨੂੰ ਸਿਰਜਣ ਲਈ ਉਸ ਨੇ ਕੁਝ ਨਹੀਂ ਸੀ ਕੀਤਾ। ਇਹ ਉਨ੍ਹਾਂ ਦੀ ਸਿਰਜਣਾ ਸੀ ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਚੁੱਕੀ ਸੀ। ਉਨ੍ਹਾਂ ਦੀ ਜਿਨ੍ਹਾਂ ਨੇ ਭਾਰਤ ਉੱਤੇ ਰਾਜ ਕਰਨ ਦੀ ਜ਼ਿੰਮੇਵਾਰੀ ਸਾਂਭੀ ਹੋਈ ਸੀ। ਉਸ ਸਮੇਂ ਤੇ ਕਾਲ ਦੀ ਜਿਸ ਨੇ ਜਿਸ ਵਿੱਚ ਉਹ ਜੀ ਰਹੇ ਸਨ। ਸੰਤ ਭਿੰਡਰਾਂਵਾਲੇ ਅਤੇ ਉਸ ਦੀ ਸਿੱਖ ਮੂਲ ਸਿਧਾਂਤਵਾਦਿਤਾ ਜਿਸ ਦੀ ਪਰਵਿਰਸ਼ ਹਿੰਦੂਆਂ ਦੀ ਨਫ਼ਰਤ ਨਾਲ ਕੀਤੀ ਗਈ ਸੀ, ਨੂੰ ਆਸਾਨੀ ਨਾਲ



Academy of the Punjab in North America: http://www.apnaorg.com

ਦੋਸ਼ ਦੇ ਦੇਣਾ ਬਹੁਤ ਸੌਖਾ ਹੈ। ਪ੍ਰੰਤੂ ਮੂਲ ਸਿਧਾਂਤਵਾਦਿਤਾ ਦੀ ਹੋਂਦ ਖਲਾਅ (ਖਾਲੀ ਥਾਂ) ਵਿੱਚ ਨਹੀਂ ਹੁੰਦੀ। ਕੋਈ ਸ਼ਾਹ ਨਹੀਂ ਤਾਂ ਕੋਈ ਖੁਮੈਨੀ ਨਹੀਂ ਉਪਜਦਾ। ਕੋਈ ਇੰਦਰਾ ਨਹੀਂ ਤਾਂ ਕੋਈ ਭਿੰਡਰਾਂਵਾਲਾ ਨਹੀਂ ਬਣਦਾ। ਇਹ ਟਿੱਪਣੀ ਬਹੁਤ ਸਖ਼ਤ ਪ੍ਰਤੀਤ ਹੋ ਸਕਦੀ ਹੈ। ਇਹ ਇਸ ਕਰਕੇ ਕਿ ਸ੍ਰੀਮਤੀ ਗਾਂਧੀ ਕਿਸੇ ਵੀ ਤਰ੍ਹਾਂ ਅੱਤਿਆਚਾਰੀ ਸ਼ਾਸਕ ਜਾਂ ਖ਼ੁਦਮੁਖ਼ਤਾਰ ਬਾਦਸ਼ਾਹ ਨਹੀਂ ਸੀ। ਪਰ ਉਹ ਅਜਿਹੇ ਸਿਆਸੀ ਵਾਤਾਵਰਣ ਲਈ ਜ਼ਿੰਮੇਵਾਰ ਸੀ ਜਿਸ ਨੇ ਭਿੰਡਰਾਂਵਾਲੇ ਦੀ ਮੂਲ ਸਿਧਾਂਤਵਾਦਿਤਾ ਨੂੰ ਉਚਿਤਤਾ ਪ੍ਰਦਾਨ ਕੀਤੀ"। ਉਨ੍ਹਾਂ ਨੇ ਸੰਤ ਭਿੰਡਰਾਂਵਾਲੇ ਨੂੰ ਉਚਾ ਚੁੱਕਣ ਅਤੇ ਉਸ ਵਿਰੁੱਧ ਸਮੇਂ ਸਿਰ ਕਾਰਵਾਈ ਨਾ ਕਰਨ ਲਈ ਕਾਂਗਰਸ ਪਾਰਟੀ ਨੂੰ ਦੋਸ਼ੀ ਠਹਿਰਾਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਰੋਲ ਬਾਰੇ ਵੀ ਲਿਖਿਆ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਗਿਰਦ ਅਫ਼ਸਰਸ਼ਾਹੀ ਨੇ ਉਸ ਦੇ ਯਤਨਾਂ ਨੂੰ ਸਫ਼ਲ ਨਾ ਹੋਣ ਦਿੱਤਾ। ਉਹ ਲਿਖਦੇ ਹਨ, "...ਇਹ ਮਹੱਤਵਪੂਰਨ ਹੈ ਕਿ ਅਮਰਿੰਦਰ ਸਿੰਘ ਅਕਾਲੀ ਦਲ ਨਾਲ ਗੱਲਬਾਤ ਵਿੱਚ ਆਪਣੇ ਵਿਚੋਲੇ ਦੇ ਰੋਲ ਤੋਂ ਪਿਛਾਹ ਹੱਟ ਗਿਆ ਸੀ ਕਿਉਂਕਿ ਸ੍ਰੀਮਤੀ ਗਾਂਧੀ ਦੇ ਗਿਰਦ ਅਫ਼ਸਰਸ਼ਾਹ ਹਰ ਮਸਲੇ ਨੂੰ ਉਲਝਾ ਦਿੰਦੇ ਸਨ"।

ਇੰਗਲੈਂਡ ਵਲੋਂ ਜਿਹੜੇ ਗੁਪਤ ਪੱਤਰ ਫ਼ਰਵਰੀ 2014 ਵਿਚ ਜਾਰੀ ਕੀਤੇ ਗਏ, ਉਨ੍ਹਾਂ ਵਿਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੇ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਬਰਤਾਨੀਆ ਸਰਕਾਰ ਦੀ ਸਲਾਹ ਲਈ ਸੀ। ਉਸ ਨੇ ਭਾਰਤ ਸਰਕਾਰ ਨੂੰ ਕਿਹਾ ਸੀ ਕਿ ਉਹ ਹੈਲੀਕਾਪਟਰ ਦੀ ਸਹਾਇਤਾ ਨਾਲ ਮਿਲਟਰੀ ਦੇ ਕੋਮਾਂਡੋ ਭੇਜ ਕਿ ਸੰਤਾਂ ਨੂੰ ਚੁੱਕ ਲਵੇ। ਸ੍ਰੀਮਤੀ ਇੰਦਰਾ ਗਾਂਧੀ ਵਲੋਂ ਅਜਿਹਾ ਨਾ ਕਰਨ ਤੋਂ ਪਤਾ ਚਲਦਾ ਹੈ ਕਿ ਉਸ ਦੇ ਮਨਸੂਬੇ ਹੋਰ ਸਨ।

ਲੇਖਕਾਂ ਨੇ ਸ੍ਰੀ ਰਾਜੀਵ ਗਾਂਧੀ ਵੱਲੋਂ ਸੰਤ ਲੌਂਗੋਵਾਲ ਨਾਲ ਕੀਤੇ ਸਮਝੌਤੇ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਉਨ੍ਹਾਂ ਨੇ ਕਾਂਗਰਸ ਨੂੰ ਸੱਚੇ ਅਰਥਾਂ ਵਿੱਚ ਧਰਮ ਨਿਰਪੇਖ ਰਾਸ਼ਟਰੀ ਪਾਰਟੀ ਬਣਾਉਣ ਅਤੇ ਰਾਜਨੀਤਕ ਅਫ਼ਸਰਸ਼ਾਹਾਂ ਅਤੇ ਸ਼ਕਤੀ ਦੇ ਟੁੱਕੜ ਬੋਚ ਅਤੇ ਜੋਕ ਵਰਗ ਦੀ ਉਸ ਜਕੜ ਨੂੰ ਤੋੜਨ ਦੀ ਨਸੀਹਤ ਦਿੱਤੀ ਹੈ ਜਿਹੜਾ ਭਾਰਤੀ ਅਰਥਤੰਤਰ ਦਾ ਖ਼ੂਨ ਚੂਸ ਰਿਹਾ ਹੈ। ਉਨ੍ਹਾਂ ਨਵੀਂਆਂ ਸੰਸਥਾਵਾਂ ਸਥਾਪਤ ਕਰਕੇ ਟੁੱਟੇ ਫੁੱਟੇ ਢਾਂਚੇ ਨੂੰ ਓਵਰਹਾਲ ਕਰਨ ਲਈ ਕਿਹਾ ਸੀ ਤਾਂ ਕਿ ਵਾਤਾਵਰਣ, ਵਿੱਦਿਆ, ਮਕਾਨ ਅਤੇ ਸਿਹਤ ਸੇਵਾਵਾਂ ਉਨ੍ਹਾਂ ਭਾਰਤੀਆਂ ਨੂੰ ਵੀ ਪ੍ਰਾਪਤ ਹੋ ਸਕਣ ਜਿਹੜੇ ਅਜੇ ਵੀ ਘਿਨਾਉਣੀਆਂ ਗੰਦੀਆਂ ਬਸਤੀਆਂ ਅਤੇ ਦੂਰ ਦਰਾਜ ਦੇ ਪਿਛੜੇ ਪਿੰਡਾਂ ਵਿੱਚ ਜੀਣ ਲਈ ਸਰਾਪੇ ਹਨ। ਪਰ ਅਫ਼ਸੋਸ ਦੀ ਗੱਲ ਹੈ ਕਿ ਸ੍ਰੀ ਰਾਜੀਵ ਗਾਂਧੀ ਵੀ ਉਹ ਕੁਝ ਨਾ ਕਰ ਸਕਿਆ ਜੋ ਕੁਝ ਕਰਨ ਲਈ ਇਹ ਲੇਖਕ ਕਹਿ ਰਹੇ ਸਨ ਕਿਉਂਕਿ ਉਸ ਦਾ ਵੀ ਤਾਮਿਲਨਾਡੂ ਵਿਚ ਲਿਟੇ ਦੀ ਇਕ ਕਾਰਕੁਨ ਵਲੋਂ ਆਤਮਘਾਤੀ ਹਮਲੇ ਵਿਚ ਕਤਲ ਕਰ ਦਿੱਤਾ ਗਿਆ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਸੇ ਵੀ ਸਰਕਾਰ ਨੇ ਖ਼ੂਨ ਪੀਣੀ ਅਫ਼ਸਰਸ਼ਾਹੀ ਨੂੰ ਨੱਥ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਨਵੀਂਆਂ ਸੰਸਥਾਵਾਂ ਜਿਵੇਂ ਕਿ ਉਪਰ ਸੁਝਾਅ ਦਿੱਤਾ ਗਿਆ ਹੈ ਕਾਇਮ ਕਰਨ ਲਈ ਉਪਰਾਲੇ ਕੀਤੇ ਹਨ। ਪੰਜਾਬ



Academy of the Punjab in North America: http://www.apnaorg.com

ਮਸਲੇ ਨੂੰ ਸਮੇਂ ਸਿਰ ਹੱਲ ਨਾ ਕਰਨਾ, ਪੰਜਾਬ ਦੇ ਖ਼ੂਨ-ਖ਼ਰਾਬੇ ਦਾ ਅਸਲ ਕਾਰਨ ਬਣਿਆ। ਪੰਜਾਬ ਮਸਲਾ ਅਜੇ ਵੀ ਜਿਉਂ ਤਾਂ ਤਿਉਂ ਹੈ। ਲੌਂਗੋਵਾਲ-ਰਾਜੀਵ ਸਮਝੌਤਾ ਉਸ ਭਾਵਨਾ ਨਾਲ ਲਾਗੂ ਨਹੀਂ ਕੀਤਾ ਗਿਆ ਜਿਸ ਭਾਵਨਾ ਨਾਲ ਸਮਝੌਤਾ ਕੀਤਾ ਗਿਆ ਸੀ। ਚੰਡੀਗੜ੍ਹ, ਪਾਣੀਆਂ ਦਾ ਮਸਲਾ, ਪੰਜਾਬੀ ਬੋਲਦੇ ਇਲਾਕੇ ਅਤੇ ਹੋਰ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜੀਆਂ ਹਨ। ਦਿੱਲੀ ਅਤੇ ਹੋਰਨਾਂ ਥਾਵਾਂ 'ਤੇ ਹੋਏ ਸਿੱਖ ਕਤਲੇਆਮ ਸਬੰਧੀ 'ਵਿਡੋ ਕੌਲਨੀ' ਵਰਗੀਆਂ ਡੌਕੂਮੈਂਟਰੀਜ਼ ਬਣ ਰਹੀਆਂ ਹਨ ਜਿਨ੍ਹਾਂ ਰਾਹੀਂ ਉਸ ਬਹਾਦਰ ਕੌਮ ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਬਾਅਦ ਵਿਚ ਹਿੰਦ-ਪਾਕਿ ਲੜਾਈਆਂ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅੰਦਰ ਬੇਗ਼ਾਨਗੀ ਦੀ ਭਾਵਨਾ ਵੱਧ ਰਹੀ ਹੈ ਤੇ ਇਹ ਮੁੜ ਪੰਜਾਬ ਵਿੱਚ ਅੱਗ ਦੇ ਭਾਂਬੜ ਬਾਲ ਸਕਦੀ ਹੈ। ਇਹੋ ਹਾਲ ਬਾਕੀ ਦੇਸ਼ ਦੀਆਂ ਸਮੱਸਿਆਵਾਂ ਦਾ ਹੈ। ਸਾਡੇ ਰਾਜਨੀਤਕ ਲੋਕ ਡੰਗ-ਟਪਾਊ ਨੀਤੀਆਂ 'ਤੇ ਚਲ ਰਹੇ ਹਨ। ਉਹ ਕਿਸੇ ਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਹਨ। ਹਰੇਕ ਦੀ ਅਵਾਜ਼ ਨੂੰ ਡੰਡੇ ਨਾਲ ਦਬਾਉਣਾ ਉਨ੍ਹਾਂ ਦੀ ਰਾਜਨੀਤੀ ਹੈ।

ਇਸ ਲਈ ਜੇ ਭਾਰਤ ਨੂੰ ਇਕ ਰੱਖਣਾ ਹੈ ਤਾਂ ਭਾਰਤੀ ਸਿਆਸਤਦਾਨਾਂ ਨੂੰ ਠੰਢੇ ਦਿੱਲ ਨਾਲ 'ਸਾਕਾ ਨੀਲਾ ਤਾਰਾ' ਤੋਂ ਸਬਕ ਸਿੱਖਣਾ ਚਾਹੀਦਾ ਹੈ ਤੇ ਆਪਣੀ ਕਾਰਜ ਸ਼ੈਲੀ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ। ਸਮੁੱਚੀ ਪ੍ਰਸ਼ਾਸਨਿਕ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ। ਅੰਗਰੇਜੀ ਰਾਜ ਦੀ ਸ਼ਾਸ਼ਨ ਪ੍ਰਣਾਲੀ ਨੂੰ ਜੜ੍ਹੋਂ ਉਖਾੜਨਾ ਚਾਹੀਦਾ ਹੈ ਤੇ ਨਵੇਂ ਹਾਲਾਤ ਅਨੁਸਾਰ ਨਵਾਂ ਪ੍ਰਸ਼ਾਸਨਿਕ ਢਾਂਚਾ ਕਾਇਮ ਕਰਨਾ ਚਾਹੀਦਾ ਹੈ ਜੋ ਇਕੀਵੀਂ ਸਦੀ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕੇ। ਇਸ ਸਮੇਂ ਸ੍ਰੀ ਰਾਜੀਵ ਗਾਂਧੀ ਦੇ ਜਾਨਸ਼ੀਨ ਕਈ ਸੂਬਿਆਂ ਵਿਚ ਗੱਦੀ 'ਤੇ ਬਿਰਾਜਮਾਨ ਹਨ। ਸ੍ਰੀਮਤੀ ਸੋਨੀਆ ਗਾਂਧੀ ਅਤੇ ਡਾ. ਮਨਮੋਹਨ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਬੜੇ ਅਗਾਂਹ-ਵਧੂ ਹਨ। ਉਨ੍ਹਾਂ ਨੇ 10 ਸਾਲ ਲਗਾਤਾਰ ਭਾਰਤ 'ਤੇ ਰਾਜ ਕੀਤਾ ਉਨ੍ਹਾਂ ਨੂੰ ਸ੍ਰੀ ਰਾਜੀਵ ਗਾਂਧੀ ਦੇ ਅੱਧਵਾਟੇ ਕੰਮਾਂ ਨੂੰ ਪੂਰਾ ਕਰਨ ਲਈ ਕੁਝ ਨਹੀਂ ਕੀਤਾ। ਉਨ੍ਹਾਂ ਤੋਂ ਪਹਿਲੀਆਂ ਕਾਂਗਰਸੀ ਸਰਕਾਰਾਂ ਨੇ ਵੀ ਕੁਝ ਨਹੀਂ ਕੀਤਾ। ਹੁਣ ਮੋਦੀ ਸਰਕਾਰ ਹੈ। ਇਸ ਨੂੰ ਚਾਹੀਦਾ ਹੈ ਕਿ ਭਾਰਤ ਨੂੰ ਇੱਕਵੀਂ ਸਮੇਂ ਸਦੀ ਦਾ ਹਾਣੀ ਬਨਾਉਣ ਲਈ ਦਲੇਰੀ ਅਤੇ ਹੌਂਸਲੇ ਤੋਂ ਕੰਮ ਲਵੇ। ਪੰਜਾਬ ਸਮੇਤ ਬਾਕੀ ਮਸਲੇ ਮੈਰਿਟ ਦੇ ਆਧਾਰ 'ਤੇ ਨਿਪਟਾਉਣੇ ਚਾਹੀਦੇ ਹਨ ਤੇ ਉਪਰ ਜ਼ਿਕਰ ਕੀਤਾ ਹੈ ਸਮੁੱਚੀ ਪ੍ਰਸ਼ਾਸਨਿਕ ਪ੍ਰਣਾਲੀ ਵਿਚ ਸੁਧਾਰ ਲਿਆਓਣਾ ਚਾਹੀਦਾ ਹੈ।

ਭਗੌੜੇ ਫ਼ੌਜੀਆਂ ਤੇ ਸਿੱਖ ਦੰਗਾ-ਪੀੜਤਾਂ ਦੇ ਮੁੜ ਵਸੇਬੇ ਲਈ ਢੁਕਵੇਂ ਕਦਮ ਚੁਕਣੇ ਚਾਹੀਦੇ ਹਨ ਤੇ ਦਿੱਲੀ ਦੀਆਂ ਸਿੱਖ ਵਿਧਵਾ ਕੌਲਨੀਆਂ ਦਾ ਦੌਰਾ ਦਿੱਲੀ ਦੇ ਮੁੱਖ ਮੰਤਰੀ ਨੂੰ ਨਾਲ ਲੈ ਕੇ ਕਰਨਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਉਨ੍ਹਾਂ ਦੀ ਕਾਨੂੰਨੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਅੰਦਰ ਭਾਰਤੀ ਸੰਵਿਧਾਨ ਪ੍ਰਤੀ ਵਿਸ਼ਵਾਸ ਮੁੜ ਬਹਾਲ ਹੋ ਸਕੇ। ਇਹ ਉਨ੍ਹਾਂ ਲਈ ਸੁਨਹਿਰੀ ਮੌਕਾ ਹੈ, ਜਿਸ ਦਾ ਉਨ੍ਹਾਂ ਨੂੰ ਲਾਭ ਉਠਾਉਣਾ ਚਾਹੀਦਾ ਹੈ। ਅਜਿਹੇ ਮੌਕੇ ਵਾਰ ਵਾਰ ਨਹੀਂ ਆਉਂਦੇ।

*20 ਮਈ 2016*



Academy of the Punjab in North America: http://www.apnaorg.com

# ਭਾਰਤੀ ਹਵਾਈ ਅੱਡਿਆਂ ਲਈ ਉਸਾਰੂ ਨੀਤੀ ਬਣਾਉਣ ਦੀ ਲੋੜ

ਹਰ ਸਿਆਸਤਦਾਨ ਚਾਹੁੰਦਾ ਹੈ ਕਿ ਉਸ ਦੇ ਹਲਕੇ ਵਿਚ ਹਵਾਈ ਅੱਡਾ ਹੋਵੇ ਭਾਵੇਂ ਉੱਥੋਂ ਹਵਾਈ ਸਫ਼ਰ ਕਰਨ ਵਾਲੇ ਹੋਣ ਜਾਂ ਨਾ ਹੋਣ। ਇਹੋ ਕਾਰਨ ਹੈ ਕਿ ਏਅਰ ਅਥਾਰਟੀ ਆਫ਼ ਇੰਡੀਆ ਜੋ ਕਿ ਹਵਾਈ ਅੱਡਿਆਂ ਦੀ ਉਸਾਰੀ ਤੇ ਦੇਖ-ਰੇਖ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ ਦੇ ਅਧੀਨ 93% ਹਵਾਈ ਅੱਡੇ ਘਾਟੇ ਵਿਚ ਹਨ। ਪਿਛਲੇ 4 ਸਾਲ 2010-11 ਤੋਂ 2013-14 ਸਮੇਂ ਦਾ ਘਾਟਾ 4788 ਕਰੋੜ ਰੁਪਏ ਹੈ।

ਇਸ ਅਦਾਰੇ ਅਧੀਨ 125 ਹਵਾਈ ਅੱਡੇ ਹਨ, ਜਿਨ੍ਹਾਂ ਵਿਚ 18 ਅੰਤਰ-ਰਾਸ਼ਟਰੀ, 7 ਕਸਟਮ ਹਵਾਈ ਅੱਡੇ, 78 ਘਰੇਲੂ ਹਵਾਈ ਅੱਡੇ ਅਤੇ 26 ਹਵਾਈ ਫ਼ੌਜ ਦੇ ਹਵਾਈ ਅੱਡੇ ਹਨ। ਇਨ੍ਹਾਂ ਵਿਚੋਂ 107 ਹਵਾਈ ਅੱਡੇ ਸ਼ਹਿਰੀ ਹਵਾਬਾਜ਼ੀ ਅਧੀਨ ਹਨ। ਵੱਡੇ ਹਵਾਈ ਅੱਡੇ ਦਿੱਲੀ, ਮੁੰਬਈ ਤੇ ਹੈਦਰਾਬਾਦ ਇਸ ਅਧੀਨ ਨਹੀਂ ਹਨ।

10 ਸੂਬਿਆਂ ਵਿਚ 64% ਹਵਾਈ ਅੱਡੇ ਹਨ। ਗੁਜਰਾਤ ਵਿਚ ਸਭ ਤੋਂ ਵੱਧ ਸਰਕਾਰੀ ਹਵਾਈ ਅੱਡੇ ਹਨ ਤੇ ਇਨ੍ਹਾਂ ਦੀ ਗਿਣਤੀ 10 ਹੈ। ਮਹਾਂਰਾਸ਼ਟਰ ਦੂਜੇ ਸਥਾਨ 'ਤੇ ਹੈ ਇਸ ਵਿਚ 9 ਹਵਾਈ ਅੱਡੇ ਹਨ। ਆਸਾਮ, ਰਾਜਸਥਾਨ ਤੇ ਤਾਮਿਲਨਾਡੂ ਵਿਚ 7-7 ਹਵਾਈ ਅੱਡੇ ਹਨ। ਜਿਨ੍ਹਾਂ ਸੂਬਿਆਂ ਵਿਚ 6 ਹਵਾਈ ਅੱਡੇ ਹਨ, ਉਨ੍ਹਾਂ ਵਿਚ ਉੱਤਰ ਪ੍ਰਦੇਸ਼, ਕਰਨਾਟਕਾ, ਆਂਧਰਾ ਪ੍ਰਦੇਸ਼ ਤੇ ਪੱਛਮੀ ਬੰਗਾਲ ਹਨ। ਪੰਜਾਬ ਵਿਚ ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਪਠਾਨਕੋਟ, ਲੁਧਿਆਣਾ ਵਿਚ ਹਵਾਈ ਅੱਡੇ ਹਨ ਤੇ ਜੇ ਇਨ੍ਹਾਂ ਵਿਚ ਚੰਡੀਗੜ੍ਹ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਗਿਣਤੀ ਵੀ 6 ਬਣਦੀ ਹੈ। ਮੱਧ ਪ੍ਰਦੇਸ਼ ਵਿਚ 5 ਹਵਾਈ ਅੱਡੇ ਹਨ।

ਜਿੱਥੋਂ ਤੀਕ ਆਮਦਨ ਦਾ ਸਬੰਧ ਹੈ, 108 ਹਵਾਈ ਅੱਡਿਆਂ ਵਿਚੋਂ ਕੇਵਲ 8 ਨੇ 2013-14 ਵਰ੍ਹੇ ਵਿਚ ਲਾਭ ਕਮਾਇਆ। ਇਨ੍ਹਾਂ ਵਿਚੋਂ ਚੈਨਈ, ਅਹਿਮਦਾਬਾਦ, ਗੋਆ, ਕਲਕੱਤਾ, ਪੂਨੇ, ਕਾਲੀਕਟ, ਮੁੰਬਈ ਤੇ ਤ੍ਰੀਵੇਂਦਰਮ ਨੇ ਕ੍ਰਮਵਾਰ 452.40 ਕਰੋੜ, 58.06 ਕਰੋੜ, 51.30 ਕਰੋੜ, 44.63 ਕਰੋੜ, 20.34 ਕਰੋੜ, 18.67 ਕਰੋੜ, 16.49 ਕਰੋੜ, 7.10 ਕਰੋੜ ਰੁਪਏ ਲਾਭ ਕਮਾਇਆ।

ਸਭ ਤੋਂ ਵੱਧ ਘਾਟੇ ਵਾਲੇ ਹਵਾਈ ਅੱਡਿਆਂ ਵਿਚ ਅੰਮ੍ਰਿਤਸਰ, ਲਖਨਊ, ਜੈਪੁਰ, ਭੋਪਾਲ, ਵਾਰਾਨਸੀ, ਰਾਂਚੀ, ਭੁਵਨੇਸ਼ਵਰ ਤੇ ਗੁਹਾਟੀ ਸ਼ਾਮਲ ਹਨ। ਇਨ੍ਹਾਂ ਦਾ 2013-14 ਸਾਲ ਵਿਚ ਕ੍ਰਮਵਾਰ ਘਾਟਾ 74.46 ਕਰੋੜ, 59.31 ਕਰੋੜ, 49.98 ਕਰੋੜ,



Academy of the Punjab in North America: http://www.apnaorg.com

48.08 ਕਰੋੜ, 46.46 ਕਰੋੜ, 39.84 ਕਰੋੜ, 38.05 ਕਰੋੜ ਤੇ 34.54 ਕਰੋੜ ਰੁਪਏ ਸੀ।

ਪਿਛਲੇ ਮੌਨਸੂਨ ਸੈਸ਼ਨ ਵਿਚ ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਸ੍ਰੀ ਮਹੇਸ਼ ਸ਼ਰਮਾ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਭਾਰਤੀ ਏਅਰਪੋਰਟ ਅਥਾਰਟੀ ਨੂੰ 2010-11 ਵਿਚ 895.39 ਕਰੋੜ ਰੁਪਏ ਦਾ ਘਾਟਾ ਪਿਆ ਜੋ 2011-12 ਵਿਚ ਵੱਧ ਕੇ 1101.84 ਕਰੋੜ ਰੁਪਏ, 2012-13 ਵਿਚ ਵੱਧ ਕੇ 1546.84 ਕਰੋੜ ਰੁਪਏ ਹੋ ਗਿਆ। ਉਨ੍ਹਾਂ ਅਨੁਸਾਰ 2014-15 ਵਰ੍ਹੇ ਵਿਚ 1129.30 ਕਰੋੜ ਰੁਪਏ ਪੈਣ ਦੀ ਸੰਭਾਵਨਾ ਹੈ। ਵੈਸੇ 2014-15 ਵਰ੍ਹੇ ਵਿਚ ਏਅਰਪੋਰਟ ਅਥਾਰਟੀ ਨੂੰ 96 ਹਵਾਈ ਅੱਡਿਆਂ 'ਚੋਂ 1200 ਕਰੋੜ ਰੁਪਏ ਦਾ ਘਾਟਾ ਪਿਆ। ਸ਼ਹਿਰੀ ਹਵਾਬਾਜ਼ੀ ਵਿਭਾਗ ਵੱਲੋਂ ਦਿੱਤੇ ਵੇਰਵਿਆਂ ਅਨੁਸਾਰ ਮਹਾਂਰਾਸ਼ਟਰ ਦੇ 6 ਹਵਾਈ ਅੱਡਿਆਂ ਦਾ ਘਾਟਾ 70 ਕਰੋੜ ਰੁਪਏ ਸੀ।

ਹਵਾਈ ਕੰਪਨੀਆਂ ਜਿਨ੍ਹਾਂ ਰੂਟਾਂ ਦਾ ਘਾਟਾ ਪੈਂਦਾ ਹੈ, ਉਨ੍ਹਾਂ ਨੂੰ ਉਹ ਬੰਦ ਕਰ ਦੇਂਦੀਆਂ ਹਨ। ਇਹੋ ਕਾਰਨ ਹੈ ਕਿ ਕੁਝ ਸਾਲ ਪਹਿਲਾਂ 106 ਹਵਾਈ ਅੱਡਿਆਂ ਤੋਂ ਉਡਾਣਾਂ ਚਲਦੀਆਂ ਸਨ, ਜਿਨ੍ਹਾਂ ਦੀ ਗਿਣਤੀ ਹੁਣ ਘੱਟ ਕੇ 70 ਰਹਿ ਗਈ ਹੈ। ਭਾਰਤ ਵਿਚ ਸਭ ਤੋਂ ਵੱਧ ਘਾਟੇ ਵਾਲੇ ਹਵਾਈ ਅੱਡਿਆਂ ਵਿਚ ਗੁਜਰਾਤ ਸੂਬਾ ਪਹਿਲੇ ਸਥਾਨ 'ਤੇ ਹੈ। ਇਨ੍ਹਾਂ ਵਿਚੋਂ ਹਰ ਇਕ ਅੱਡੇ ਦਾ ਸਾਲਾਨਾ ਘਾਟਾ 2 ਕਰੋੜ ਰੁਪਏ ਤੋਂ 26 ਕਰੋੜ ਰੁਪਏ ਤੀਕ ਹੈ। ਸੂਰਤ, ਰਾਜਕੋਟ, ਵਦੋਦਰਾ, ਭਾਵਨਗਰ, ਜਾਮ ਨਗਰ, ਭੁਜ, ਪੋਰਬੰਦਰ, ਕਾਂਡਲਾ ਅਤੇ ਕੇਸ਼ੋਦ ਘਾਟੇ ਵਾਲੇ ਹਵਾਈ ਅੱਡੇ ਹਨ। ਇਨ੍ਹਾਂ ਵਿਚੋਂ ਕਾਂਡਲਾ ਅਤੇ ਕੇਸ਼ੋਦ ਹਵਾਈ ਅੱਡਿਆਂ 'ਤੇ ਇਕ ਵੀ ਉਡਾਣ ਨਹੀਂ ਜਾਂਦੀ। ਗੁਜਰਾਤ ਤੋਂ ਬਾਅਦ ਰਾਜਸਥਾਨ ਅਤੇ ਆਸਾਮ ਦੀ ਵਾਰੀ ਆਉਂਦੀ। 2014-15 ਵਿਚ ਵਾਦੋਦਰਾ ਹਵਾਈ ਅੱਡੇ ਨੇ ਸਭ ਤੋਂ ਜ਼ਿਆਦਾ ਘਾਟਾ ਖਾਧਾ ਜੋ ਕਿ 26.68 ਕਰੋੜ ਸੀ। ਰਾਜਕੋਟ 26.05 ਕਰੋੜ ਰੁਪਏ ਘਾਟਾ ਕਰਕੇ ਦੂਜੇ ਸਥਾਨ 'ਤੇ ਸੀ। ਵੈਸੇ ਗੁਜਰਾਤ ਵਿਚ 27 ਹਵਾਈ ਅੱਡੇ ਹਨ।

20 ਹਵਾਈ ਅੱਡੇ ਐਸੇ ਹਨ ਜਿਹੜੇ ਬਿਲਕੁਲ ਚੱਲ ਨਹੀਂ ਰਹੇ ਕਿਉਂਕਿ ਇੱਥੇ ਸਵਾਰੀਆਂ ਨਹੀਂ ਹਨ, ਪਰ ਇਨ੍ਹਾਂ ਦੇ ਸਟਾਫ਼ ਦੇ ਤੇ ਹੋਰ ਖ਼ਰਚੇ ਉਸੇ ਤਰ੍ਹਾਂ ਚੱਲ ਰਹੇ ਹਨ। ਇਨ੍ਹਾਂ ਦਾ ਘਾਟਾ 250 ਕਰੋੜ ਰੁਪਏ ਸਾਲਾਨਾ ਹੈ। ਇਨ੍ਹਾਂ ਵਿਚ ਪੰਜਾਬ ਦੇ 3 ਹਵਾਈ ਅੱਡੇ ਬਠਿੰਡਾ, ਪਠਾਨਕੋਟ ਤੇ ਲੁਧਿਆਣਾ ਵੀ ਸ਼ਾਮਲ ਹਨ। ਲੁਧਿਆਣਾ ਤੋਂ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਪਰ ਘਾਟੇ ਕਾਰਨ ਇਨ੍ਹਾਂ ਨੂੰ ਬੰਦ ਕਰਨਾ ਪਿਆ। ਬਠਿੰਡਾ ਅਤੇ ਪਠਾਨਕੋਟ ਤੋਂ ਅਜੇ ਤੀਕ ਇਕ ਵੀ ਜਹਾਜ਼ ਨੇ ਉਡਾਣ ਨਹੀਂ ਭਰੀ।

ਬੰਦ ਪਏ ਹਵਾਈ ਅੱਡਿਆਂ ਬਾਰੇ ਸਰਕਾਰ ਦੀ ਲਾਪ੍ਰਵਾਹੀ ਦਾ ਪਤਾ ਇਸ ਗੱਲੋਂ ਲੱਗਦਾ ਹੈ ਕਿ ਰਾਜਸਥਾਨ ਦੇ ਜੈਸਲਮੇਰ ਹਵਾਈ ਅੱਡੇ ਦੀ ਤਬਾਹਕੁਨ ਦ੍ਰਿਸ਼ ਤੋਂ ਪਤਾ ਲੱਗਦਾ ਹੈ, ਜੋ ਕਿ ਸਾਢੇ ਤਿੰਨ ਸਾਲ ਪਹਿਲਾਂ ਬਣਾਇਆ ਗਿਆ ਸੀ। ਇਸ ਬੰਦ ਪਏ ਹਵਾਈ ਦੀ ਦੁਰਦਸ਼ਾ ਦਾ ਤਸਵੀਰਾਂ ਸਮੇਤ ਇੰਗਲੈਂਡ ਤੋਂ ਪ੍ਰਕਾਸ਼ਿਤ ਹੁੰਦੀ ਪ੍ਰਸਿੱਧ ਡੇਲੀ ਮੇਲ ਨੇ ਬੜੇ ਵਿਸਥਾਰ ਨਾਲ ਵਰਣਨ ਕੀਤਾ ਹੈ। 123 ਕਰੋੜ ਰੁਪਏ ਨਾਲ ਬਣੇ ਇਸ ਹਵਾਈ ਅੱਡੇ ਦਾ ਸਾਰਾ ਸਮਾਨ ਜੰਗਾਲਿਆ ਗਿਆ ਹੈ। ਛੱਤਾਂ ਵੀ ਟੁੱਟ ਗਈਆਂ ਹਨ



Academy of the Punjab in North America: http://www.apnaorg.com

ਤੇ ਇਸ ਅੰਦਰ ਕਬੂਤਰਾਂ ਨੇ ਆਪਣੇ ਬਣਾਏ ਹੋਏ ਹਨ। ਸਵਾਰੀਆਂ ਨਾ ਮਿਲਣ ਕਰਕੇ ਕੋਈ ਵੀ ਹਵਾਈ ਕੰਪਨੀ ਇਥੋਂ ਉਡਾਣ ਸ਼ੁਰੂ ਕਰਨ ਲਈ ਤਿਆਰ ਨਹੀਂ। ਅਖ਼ਬਾਰ ਅਨੁਸਾਰ 2009 ਤੋਂ ਬਾਦ 8 ਅਜਿਹੇ ਹਵਾਈ ਅੱਡੇ ਬਣਾਏ ਗਏ ਜਿਨ੍ਹਾਂ ਤੋਂ ਕੋਈ ਉਡਾਣ ਨਹੀਂ ਜਾਂਦੀ ਤੇ ਇਨ੍ਹਾਂ ਉਪਰ 350 ਕਰੋੜ ਰੁਪਏ ਤੋਂ ਵੱਧ ਖਰਚਾ ਆਇਆ। ਸ਼ਹਿਰੀ ਹਵਾਬਾਜ਼ੀ ਮੰਤਰੀ ਮਹੇਸ਼ ਕੁਮਾਰ ਦਾ ਕਹਿਣਾ ਹੈ, ਇਨ੍ਹਾਂ ਬੰਦ ਹਵਾਈ ਅੱਡਿਆਂ 'ਤੇ ਫਲਾਇੰਗ ਸਕੂਲ ਖੋਲ੍ਹੇ ਜਾਣਗੇ। ਏਅਰ ਕਾਰਗੋ ਲਈ ਇਨ੍ਹਾਂ ਨੂੰ ਵਰਤਿਆ ਜਾਵੇਗਾ। ਖ਼ੈਰ ਇਹ ਸਮਾਂ ਹੀ ਦਸੇਗਾ ਕਿ ਭਾਰਤ ਸਰਕਾਰ ਇਸ ਮਕੜ ਜਾਲ ਵਿਚੋਂ ਕਿਵੇਂ ਨਿਕਲਦੀ ਹੈ।

ਇਕ ਪਾਸੇ ਪਹਿਲੇ ਹਵਾਈ ਅੱਡੇ ਘਾਟੇ ਵਿਚ ਜਾ ਰਹੇ ਹਨ, ਦੂਜੇ ਪਾਸੇ ਭਾਰਤ ਸਰਕਾਰ 50 ਘੱਟ ਲਾਗਤ ਵਾਲੇ ਹਵਾਈ ਅੱਡੇ ਬਨਾਉਣ ਜਾ ਰਹੀ ਹੈ। ਸਾਡੇ ਵਿਚਾਰ ਅਨੁਸਾਰ ਨਵੇਂ ਹਵਾਈ ਅੱਡਿਆਂ ਨੂੰ ਬਨਾਉਣ ਦੀ ਥਾਂ 'ਤੇ ਪਹਿਲੇ ਹਵਾਈ ਅੱਡਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਲੋੜ ਹੈ। ਜੇ ਵੇਖਿਆ ਜਾਵੇ ਤਾਂ ਘਾਟੇ ਦਾ ਮੁੱਖ ਕਾਰਨ ਇਨ੍ਹਾਂ ਹਵਾਈ ਅੱਡਿਆਂ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਹੋ ਰਹੀ।

2010 ਵਿਚ ਦਿੱਲੀ ਦਾ ਹਵਾਈ ਅੱਡਾ ਬਣਨ ਪਿੱਛੋਂ ਭਾਰਤ ਸਰਕਾਰ ਨੇ ਸਿੱਧੀਆਂ ਉਡਾਣਾਂ ਬੰਦ ਕਰ ਕੇ ਉਨ੍ਹਾਂ ਨੂੰ ਬਰਾਸਤਾ ਦਿੱਲੀ ਕਰ ਦਿੱਤਾ, ਜੋ ਬਹੁਤੇ ਹਵਾਈ ਅੱਡਿਆਂ ਦੇ ਘਾਟੇ ਦਾ ਕਾਰਨ ਬਣਿਆ। ਸਾਲ 2015 ਵਿਚ ਦਿੱਲੀ ਯਾਤਰੂਆਂ ਦੀ ਗਿਣਤੀ 35492957 ਸੀ। ਇਸ ਦੇ ਮੁਕਾਬਲੇ 'ਤੇ ਅੰਮ੍ਰਿਤਸਰ ਦੇ ਯਾਤਰੂਆਂ ਦੀ ਗਿਣਤੀ 804043 ਸੀ। ਜੇ ਇਨ੍ਹਾਂ ਵਿੱਚੋਂ 20% ਨੂੰ ਅੰਮ੍ਰਿਤਸਰ ਲੈ ਆਂਦਾ ਜਾਵੇ ਤਾਂ ਇਹ ਹਵਾਈ ਅਡਾ ਲਾਭ ਵਿਚ ਹੋ ਸਕਦਾ ਹੈ।

ਜੇ ਇਕ ਜਹਾਜ਼ ਹਵਾਈ ਅੱਡੇ 'ਤੇ ਖੜ੍ਹਾ ਰਹੇ ਤਾਂ ਹਵਾਈ ਅੱਡੇ ਨੂੰ 10 ਕਰੋੜ ਰੁਪਏ ਸਾਲਾਨਾ ਆਮਦਨ ਹੁੰਦੀ ਹੈ। ਅੰਮ੍ਰਿਤਸਰ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਅੰਮ੍ਰਿਤਸਰ ਤੋਂ ਪਹਿਲਾਂ ਅੰਮ੍ਰਿਤਸਰ-ਬਰਮਿੰਘਮ ਤੇ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣਾਂ ਜਾਂਦੀਆਂ ਸਨ। ਇਹ ਉਡਾਣਾਂ ਲਾਭ ਕਮਾਉਂਦੀਆਂ ਸਨ ਪਰ ਹੁਣ ਇਹ ਘਾਟੇ ਵਿਚ ਜਾ ਰਹੀਆਂ ਹਨ ਕਿਉਂਕਿ ਜਿੱਥੇ ਪਹਿਲਾ ਇਕ ਜਹਾਜ਼ ਲੋੜੀਂਦਾ ਸੀ, ਹੁਣ ਉਸ ਲਈ 2 ਵਰਤਣੇ ਪੈ ਰਹੇ ਹਨ, ਇਸ ਲਈ ਉਡਾਣਾਂ ਘਾਟੇ ਵਿਚ ਜਾ ਰਹੀਆਂ ਹਨ। ਮਿਸਾਲ ਦੇ ਤੌਰ 'ਤੇ ਅੰਮ੍ਰਿਤਸਰ ਤੋਂ ਬਰਮਿੰਘਮ ਜਾਂ ਲੰਡਨ ਜਾਣ ਲਈ ਕਰੀਬ 8 ਘੰਟੇ ਲਗਦੇ ਹਨ ਤੇ ਆਉਣ ਲਈ 7.30 ਘੰਟੇ ਲੱਗਦੇ ਸਨ। ਇਸ ਲਈ ਇਕ ਜਹਾਜ਼ ਲੋੜੀਂਦਾ ਸੀ। ਹੁਣ ਬਰਮਿੰਘਮ ਤੇ ਲੰਡਨ ਏਅਰ ਇੰਡੀਆ ਦੀਆਂ ਉਡਾਣਾਂ ਜੋ ਚਲ ਰਹੀਆਂ ਹਨ, ਉਨ੍ਹਾਂ ਲਈ ਦੋ-ਦੋ ਜਹਾਜ਼ ਵਰਤੇ ਜਾ ਰਹੇ ਹਨ। ਇਸ ਤਰ੍ਹਾਂ ਇਹ ਦੋਵੇਂ ਉਡਾਣਾਂ ਘਾਟੇ ਵਿਚ ਹਨ।

ਇਸ ਲਈ ਵੱਖ ਵੱਖ ਹਵਾਈ ਅੱਡਿਆਂ ਤੋਂ ਜਿਹੜੀਆਂ ਉਡਾਣਾਂ ਸਿੱਧੀਆਂ ਉੱਡ ਸਕਦੀਆਂ ਹਨ, ਉਨ੍ਹਾਂ ਨੂੰ ਸਿੱਧਾ ਉਡਾਇਆ ਜਾਵੇ। ਅੰਮ੍ਰਿਤਸਰ ਤੇ ਹੋਰ ਹਵਾਈ ਅੱਡਿਆਂ ਤੋਂ ਕਈ ਹਵਾਈ ਕੰਪਨੀਆਂ ਉਡਾਣਾਂ ਸ਼ੁਰੂ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਜਾ ਰਹੀ, ਉਹ ਦੇਣੀ ਚਾਹੀਦੀ ਹੈ। ਮਿਸਾਲ ਦੇ ਤੌਰ 'ਤੇ



Academy of the Punjab in North America: http://www.apnaorg.com

ਯੂਰਪ ਦੀ ਸਭ ਤੋਂ ਵੱਡੀ ਟਰਕਿਸ਼ ਏਅਰਲਾਇਨ ਨੂੰ ਅੰਮ੍ਰਿਤਸਰ ਤੋਂ ਉਡਾਣਾਂ ਸ਼ੁਰੂ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਰਹੀ। ਕਈ ਕੰਪਨੀਆਂ ਜਿਵੇਂ ਕਤਰ ਏਅਰਵੇਜ਼ ਇਥੇ ਵੱਡੇ ਬੋਇੰਗ 777 ਜਹਾਜ਼ ਲਿਆਉਣੀਆਂ ਚਾਹੁੰਦੀਆਂ ਹਨ, ਪਰ ਉਨ੍ਹਾਂ ਨੂੰ ਆਗਿਆ ਨਹੀਂ ਜਾ ਰਹੀ। ਉਹ ਸੁਆਰੀਆਂ ਦੇ ਨਾਲ-ਨਾਲ ਅੰਮ੍ਰਿਤਸਰ ਤੋਂ ਸਬਜ਼ੀਆਂ, ਫਲ, ਫੁੱਲ ਆਦਿ ਖੜਨਾ ਚਾਹੁੰਦੀਆਂ ਹਨ। ਉਨ੍ਹਾਂ ਨੂੰ ਆਗਿਆ ਦੇਣੀ ਚਾਹੀਦੀ ਹੈ। ਅੰਮ੍ਰਿਤਸਰ ਵਿਚ ਆਧੁਨਿਕ ਸਹੂਲਤਾਂ ਵਾਲਾ ਏਅਰ ਕਾਰਗੋ ਬੰਦ ਪਿਆ ਹੈ ਕਿਉਂਕਿ ਕੋਈ ਵੀ ਉਡਾਣ ਇਥੋਂ ਏਅਰ ਕਾਰਗੋ ਨਹੀਂ ਖੜ੍ਹਦੀ। ਕਤਰ ਏਅਰਵੇਜ਼ ਦੇ ਕਾਰਗੋ ਖੜਨ ਨਾਲ ਕਿਸਾਨਾਂ ਤੇ ਹਵਾਈ ਅੱਡੇ ਨੂੰ ਲਾਭ ਹੋਵੇਗਾ। ਜੇ ਅੰਮ੍ਰਿਤਸਰ ਤੋਂ ਬਰਮਿੰਘਮ ਤੇ ਲੰਡਨ ਲਈ ਸਿੱਧੀਆਂ ਉਡਾਣਾਂ ਸ਼ੁਰੂ ਹੋ ਜਾਣ ਤਾਂ ਇਥੋਂ ਏਅਰ ਕਾਰਗੋ ਜਾ ਮੁੜ ਜਾਣਾ ਸ਼ੁਰੂ ਹੋ ਸਕਦਾ ਹੈ। ਇਸੇ ਤਰ੍ਹਾਂ ਚੰਡੀਗੜ੍ਹ ਤੋਂ ਵਿਦੇਸ਼ੀ ਹਵਾਈ ਕੰਪਨੀਆਂ ਨੇ ਆਗਿਆ ਮੰਗੀ ਹੋਈ ਹੈ ਪਰ ਉਨ੍ਹਾਂ ਨੂੰ ਅਗਿਆ ਨਹੀਂ ਦਿੱਤੀ ਜਾ ਰਹੀ ਤੇ ਹੁਣ ਇਹ ਮਾਮਲਾ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਹੈ।

ਮੁੱਕਦੀ ਗੱਲ ਹੈ ਕਿ ਵਪਾਰਕ ਪੱਖ ਤੋਂ ਜਿਥੇ ਹਵਾਈ ਅੱਡਾ ਚਲ ਸਕਦਾ ਹੈ, ਉੱਥੇ ਹੀ ਹਵਾਈ ਅੱਡਾ ਬਨਾਉਣਾ ਚਾਹੀਦਾ ਹੈ। ਵੋਟ ਬੈਂਕ ਪੱਕਾ ਕਰਨ ਲਈ ਹਵਾਈ ਅੱਡੇ ਬਣਾਉਣੇ ਬੰਦ ਕੀਤੇ ਜਾਣ। ਬੰਦ ਪਏ ਜਾਂ ਘਾਟੇ ਵਿਚ ਚਲ ਰਹੇ ਹਵਾਈ ਅੱਡਿਆਂ ਨੂੰ ਲਾਭਦਾਇਕ ਬਨਾਉਣ ਲਈ ਲੋੜੀਂਦੇ ਕਦਮ ਚੁਕਣੇ ਜਾਣ। ਭਵਿੱਖ ਵਿਚ ਵਪਾਰਕ ਪੱਖਾਂ ਨੂੰ ਧਿਆਨ ਵਿਚ ਰੱਖਕੇ ਹੀ ਸਿਵਲ ਹਵਾਈ ਅੱਡੇ ਬਨਾਉਣੇ ਚਾਹੀਦੇ ਹਨ। ਇਸ ਵਿਚ ਦੇਸ਼ ਦਾ ਭਲਾ ਹੈ।

*24 ਫਰਵਰੀ 2016*



Academy of the Punjab in North America: http://www.apnaorg.com

# ਖ਼ਾਲਸਾ ਯੂਨੀਵਰਸਿਟੀ: ਕੀ ਸੱਚਮੁੱਚ ਇਸ ਦੀ ਲੋੜ ਹੈ?

ਖ਼ਾਲਸਾ ਯੂਨੀਵਰਸਿਟੀ ਨੂੰ ਲੈ ਕੇ ਵੱਖ ਵੱਖ ਤਰ੍ਹਾਂ ਦੇ ਬਿਆਨ ਆ ਰਹੇ ਹਨ। ਮੀਡਿਆ ਵਿਚ ਆਈਆਂ ਖ਼ਬਰਾਂ ਤੋਂ ਪਤਾ ਲਗਦਾ ਹੈ ਕਿ ਉਚੇਰੀ ਸਿੱਖਿਆ ਵਿਭਾਗ ਦੀ ਇਕ ਉੱਚ ਪੱਧਰੀ ਕਮੇਟੀ ਨੇ ਯੂਨੀਵਰਸਿਟੀ ਦੇ ਕੈਂਪਸ ਦਾ ਮੁਆਇਨਾ ਕਰਕੇ ਰਿਪੋਰਟ ਦੇ ਦਿੱਤੀ ਹੈ, ਜੋ ਛੇਤੀ ਹੀ ਸਰਕਾਰ ਨੂੰ ਭੇਜੀ ਜਾਵੇਗੀ। ਆਉਂਦੇ ਅਸੈਂਬਲੀ ਵਿਧਾਨ ਸਭਾ ਵਿਚ ਇਸ ਤਜਵੀਜ਼ ਨੂੰ ਰਖਿਆ ਜਾਵੇਗਾ ਤੇ ਪ੍ਰਵਾਨਗੀ ਲਈ ਜਾਵੇਗੀ। ਮਈ ਵਿਚ ਪੜ੍ਹਾਈ ਸ਼ੁਰੂ ਹੋ ਜਾਵੇਗੀ ਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਇਸ ਲਈ 7 ਕਰੋੜ ਰੁਪਏ ਫ਼ਰਨੀਚਰ ਤੇ ਹੋਰ ਸਾਜੋ ਸਮਾਨ ਖ਼ਰੀਦਣ ਲਈ ਰਖੇ ਹਨ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਯੂਨੀਵਰਸਿਟੀ ਉਸ ਉਦੇਸ਼ ਨੂੰ ਪੂਰਾ ਕਰੇਗੀ ਜਿਸ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਹੋਈ ਸੀ। ਯਾਦ ਰਹੇ ਕਿ ਇਸ ਕਾਲਜ ਲਈ ਕੋਟ ਖਾਲਸਾ ਅਤੇ ਕਾਲੇ ਅਨੂਪੁਰ ਦੇ ਪਿੰਡਾਂ ਨੇ ਆਪਣੀਆਂ ਜ਼ਮੀਨਾਂ ਮੁਫ਼ਤ ਦਿੱਤੀਆਂ ਸਨ ਤਾਂ ਜੋ ਹਰੇਕ ਸਸਤੀ ਵਿਦਿਆ ਪ੍ਰਾਪਤ ਕਰ ਸਕੇ। ਇਸ ਦੀ ਉਸਾਰੀ ਕਾਰ ਸੇਵਾ ਰਾਹੀਂ ਹੋਈ, ਜਿਸ ਵਿਚ ਸਮੁੱਚੀ ਸਿੱਖ ਕੌਮ ਨੇ ਆਪਣੀ ਸ਼ਮੂਲੀਅਤ ਕੀਤੀ ਸੀ। ਇਸ ਕਾਲਜ ਤੋਂ ਅਜੇ ਤੀਕ ਗਰੀਬ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਗਰੀਬ ਵਿਦਿਆਰਥੀਆਂ ਵਿਚ ਇਹ ਲੇਖਕ ਵੀ ਸ਼ਾਮਲ ਹੈ, ਜਿਸ ਨੇ 1958 ਵਿਚ ਛੇਵੀਂ ਜਮਾਤ ਵਿਚ ਦਾਖਲਾ ਲੈ ਕੇ, ਇੱਥੋਂ ਬੀ.ਐੱਸ-ਸੀ, ਬੀ.ਐੱਡ. ਕਰ ਕੇ ਅਧਿਆਪਕ ਦੀ ਨੌਕਰੀ ਪ੍ਰਾਪਤ ਕੀਤੀ। ਮੇਰੇ ਜਮਾਤੀਆਂ ਵਿਚ ਬਹੁਤ ਸਾਰੇ ਆਸ-ਪਾਸ ਦੇ ਪਿੰਡਾਂ ਤੇ ਇਲਾਕੇ ਦੇ ਸਧਾਰਨ ਪਰਿਵਾਰਾਂ ਦੇ ਵਿਦਿਆਰਥੀ ਸਨ, ਜਿਨ੍ਹਾਂ ਵਿਚੋਂ ਕਈ ਡਾਕਟਰ, ਇੰਜੀਨੀਅਰ, ਪ੍ਰੋਫ਼ੈਸਰ ਤੇ ਗ਼ਜ਼ਟਿਡ ਅਫ਼ਸਰ ਹਨ। ਇਨ੍ਹਾਂ ਵਿਚੋਂ ਅੱਜ ਕਈ ਅਮਰੀਕਾ ਤੇ ਹੋਰਨਾਂ ਦੇਸ਼ਾਂ ਆਪਣਾ ਨਾਮਣਾ ਖਟ ਰਹੇ ਹਨ। ਇਨ੍ਹਾਂ ਜਮਾਤੀਆਂ ਵਿਚ ਅਮਰੀਕਾ ਦਾ ਪ੍ਰਸਿੱਧ ਡਾਕਟਰ ਜਿਸ ਨੂੰ ਕਰਨਲ ਅਰਜਿੰਦਰ ਪਾਲ ਸਿੰਘ ਸੇਖੋਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵੀ ਸ਼ਾਮਲ ਹੈ। ਕੀ ਪ੍ਰਸਾਵਿਤ ਯੂਨੀਵਰਸਿਟੀ ਵਿਚ ਗਰੀਬ ਵਿਦਿਆਰਥੀ ਦਾਖ਼ਲਾ ਲੈ ਸਕਣਗੇ। ਇਹ ਸਭ ਤੋਂ ਵੱਡਾ ਪ੍ਰਸ਼ਨ ਹੈ।

ਜਦ ਅਸੀਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪਿਛੋਕੜ 'ਤੇ ਝਾਤ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅੰਗਰੇਜ਼ਾਂ ਨੇ ਭਾਰਤ 'ਤੇ ਕਬਜ਼ਾ ਕਰਨ ਪਿੱਛੋਂ ਆਪਣੀਆਂ ਲੋੜਾਂ



Academy of the Punjab in North America: http://www.apnaorg.com

ਪੂਰੀਆਂ ਕਰਨ ਲਈ ਪੱਛਮੀ ਲੀਹਾਂ 'ਤੇ ਵਿਦਿਅਕ ਅਦਾਰੇ ਖੋਲ੍ਹੇ ਤੇ ਈਸਾਈ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਤੋਂ ਪ੍ਰਭਾਵਤ ਹੋ ਕੇ ਵੱਖ-ਵੱਖ ਧਰਮਾਂ ਵਾਲਿਆਂ ਨੇ ਵੀ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਨਾਉਣ ਤੇ ਆਪੋ-ਆਪਣੇ ਧਰਮ ਦੀ ਜਾਣਕਾਰੀ ਦੇਣ ਲਈ ਵਿਦਿਅਕ ਅਦਾਰੇ ਖੋਲਣੇ ਅਰੰਭ ਕਰ ਦਿੱਤੇ। 1857 ਦੇ ਗ਼ਦਰ ਫੇਲ੍ਹ ਹੋ ਜਾਣ ਪਿਛੋਂ ਮੁਸਲਿਮ ਆਗੂ ਸਰ ਸਾਇਦ ਅਹਿਮਦ ਖ਼ਾਨ ਨੇ ਮਹਿਸੂਸ ਕੀਤਾ ਕਿ ਮੁਸਲਮਾਨਾਂ ਨੂੰ ਸਮੇਂ ਦਾ ਹਾਣੀ ਬਨਾਉਣ ਲਈ ਅੰਗਰੇਜ਼ੀ ਦੀ ਪੜ੍ਹਾਈ ਤੇ ਪੱਛਮੀ ਵਿਗਿਆਨ ਦੀ ਪੜ੍ਹਾਈ ਕਰਾਉਣੀ ਜ਼ਰੂਰੀ ਹੈ। ਇਸ ਉਦੇਸ਼ ਲਈ ਉਨ੍ਹਾਂ ਨੇ 1858 ਵਿਚ ਮੁਰਾਦਾਬਾਦ ਤੇ 1863 ਈ: ਵਿਚ ਗਾਜੀਪੁਰ ਵਿਚ ਸਕੂਲ ਖੋਲ੍ਹੇ ਤੇ 1870 ਈ: ਵਿਚ ਤਹਿਜ਼ੀਬਉਲ ਅਖ਼ਲਾਕ ਪਰਚਾ ਕਢਿਆ। ਇੰਗਲੈਂਡ ਜਾ ਕੇ ਉੱਥੇ ਔਕਸਫ਼ੋਰਡ ਅਤੇ ਕੈਮਬ੍ਰਿਜ ਯੂਨੀਵਰਸਿਟੀਆਂ ਵੇਖੀਆਂ। ਉਨ੍ਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੇ 1877 ਵਿਚ ਮੁਹੰਮਦਨ ਐਂਗਲੋ ਔਰੀਐਂਟਲ ਕਾਲਜ, ਅਲੀਗੜ੍ਹ ਖੋਲ੍ਹਿਆ। ਇਨ੍ਹਾਂ ਮੁਸਲਮਾਨ ਅਦਾਰਿਆਂ ਨੇ ਪੜ੍ਹੇ ਲਿਖੇ ਮੁਸਲਮਾਨ ਵਿਦਿਆਰਥੀ ਪੈਦਾ ਕੀਤੇ ਜਿਨ੍ਹਾਂ ਨੇ ਅੰਗਰੇਜ਼ੀ ਰਾਜ ਪ੍ਰਬੰਧ ਵਿਚ ਵੱਧ ਚੜ੍ਹ ਕੇ ਭਾਗ ਲਿਆ।

ਅੰਗਰੇਜ਼ਾਂ ਨੇ 1865 ਵਿਚ ਭਾਰਤੀ ਭਾਸ਼ਾਵਾਂ ਦੀ ਪੜ੍ਹਾਈ ਲਈ ਓਰੀਐਂਟਲ ਕਾਲਜ ਲਾਹੌਰ ਖੋਲ੍ਹਿਆ। ਪ੍ਰੋਫੈਸਰ ਗੁਰਮੁਖ ਸਿੰਘ ਨੂੰ ਇਸ ਵਿਚ ਪੰਜਾਬੀ ਦੇ ਅਧਿਆਪਕ ਨਿਯੁਕਤ ਕੀਤਾ ਗਿਆ। ਇਸ ਕਾਲਜ ਨੂੰ 14 ਅਕਤੂਬਰ 1882 ਨੂੰ ਪੰਜਾਬ ਯੂਨੀਵਰਸਿਟੀ ਵਿਚ ਤਬਦੀਲ ਕਰ ਦਿੱਤਾ ਗਿਆ।

ਇਨ੍ਹਾਂ ਅਦਾਰਿਆਂ ਨੂੰ ਵੇਖਦੇ ਹੋਏ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਸਿੱਖਾਂ ਨੂੰ ਵਿਦਿਆ ਦੇਣ ਲਈ ਵਿਚਾਰ ਵਟਾਂਦਰਾ ਕੀਤਾ। ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਤੇ ਸਿੱਖ ਵਿਦਵਾਨ ਭਾਈ ਜਵਾਹਰ ਸਿੰਘ ਨੇ ਖ਼ਾਲਸਾ ਕਾਲਜ ਬਨਾਉਣ ਬਾਰੇ 1883 ਵਿਚ ਖ਼ਾਲਸਾ ਦੀਵਾਨ ਲਾਹੌਰ ਵਿਚ ਸਿੱਖ ਕਾਲਜ ਬਨਾਉਣ ਦੀ ਤਜਵੀਜ਼ ਰੱਖੀ। ਸਿੱਟੇ ਵਜੋਂ 1890 ਵਿਚ 121 ਮੈਂਬਰੀ ਖ਼ਾਲਸਾ ਕਾਲਜ ਐਸਟੈਬਲਿਸ਼ਮੈਂਟ ਕਮੇਟੀ ਬਣਾਈ ਗਈ। ਉਸ ਸਮੇਂ ਦੇ ਡੀ.ਪੀ.ਆਈ., ਪੰਜਾਬ ਕਰਨਲ ਡਬਲਊ.ਆਰ.ਐਮ. ਹੋਲਰੋਇਡ ਨੂੰ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਸਰਕਾਰੀ ਕਾਲਜ ਲਾਹੌਰ ਦੇ ਪ੍ਰਿੰਸੀਪਲ ਡਬਲਯੂ. ਬੈੱਲ ਨੂੰ ਸਕੱਤਰ ਬਣਾਇਆ ਗਿਆ। ਇਸ ਕਮੇਟੀ ਵਿਚ ਪ੍ਰੋਫ਼ੈਸਰ ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਸਰ ਅਤਰ ਸਿੰਘ, ਨਾਭਾ ਦੇ ਗੁਰਦਿਆਲ ਸਿੰਘ ਮਾਨ, ਪਟਿਆਲਾ ਦੇ ਦੀਵਾਨ ਗੁਰਮੁਖ ਸਿੰਘ ਤੋਂ ਇਲਾਵਾ ਸਰਕਾਰੀ ਅਫ਼ਸਰ ਸ਼ਾਮਲ ਕੀਤੇ ਗਏ। ਇਸ ਕਮੇਟੀ ਨੇ ਨਾਭਾ ਦੇ ਮਹਾਰਜਾ ਹੀਰਾ ਸਿੰਘ, ਕਪੂਰਥਲਾ ਦੇ ਮਹਾਰਜਾ ਜਗਤਜੀਤ ਸਿੰਘ ਤੇ ਪਟਿਆਲਾ ਦੇ ਮਹਾਰਾਜਾ ਰਾਜਿੰਦਰ ਸਿੰਘ ਪਾਸੋਂ ਵਿਸ਼ੇਸ਼ ਸਹਾਇਤਾ ਮੰਗੀ ਤੇ ਉਨ੍ਹਾਂ ਨੇ ਇਸ ਪ੍ਰਤੀ ਖੁੱਲ੍ਹ-ਦਿੱਲੀ ਵਿਖਾਈ। ਮਾਇਕ ਮਦਦ ਦੇਣ ਦੇ ਨਾਲ ਇਨ੍ਹਾਂ ਨੇ ਆਪੋ-ਆਪਣੀ ਰਿਆਸਤ ਦੇ ਹੋਸਟਲ ਵੀ ਬਣਾਏ, ਜੋ ਅਜੇ ਵੀ ਕਾਇਮ ਹਨ। ਸਿੱਟੇ ਵਜੋਂ 15 ਮਾਰਚ 1892 ਨੂੰ ਪੰਜਾਬ ਦੇ ਗਵਰਨਰ ਸਰ ਜੇਮਜ਼ ਲਾਇਲ ਨੇ ਇਸ ਦਾ ਨੀਂਹ ਪੱਥਰ ਰੱਖਿਆ। ਪਹਿਲੇ ਪੰਜ ਪ੍ਰਿੰਸੀਪਲ ਅੰਗਰੇਜ਼ ਸਨ ਤੇ ਉਨ੍ਹਾਂ ਤੋਂ ਪਿੱਛੋਂ ਇਸ ਦਾ ਪ੍ਰਬੰਧ ਸਿੱਖਾਂ ਹੱਥ ਆਇਆ।



Academy of the Punjab in North America: http://www.apnaorg.com

ਆਖਰੀ ਪ੍ਰਿੰਸੀਪਲ ਵਾਦਨ ਸਨ।

1901 ਈ: ਵਿਚ ਉਸ ਸਮੇਂ ਦੇ ਭਾਰਤੀ ਵਾਇਸ ਰਾਏ ਲਾਰਡ ਕਰਜ਼ਨ ਨੇ ਮੁਹੰਮਦਨ ਐਂਗਲੋ ਔਰੀਐਂਟਲ ਕਾਲਜ, ਅਲੀਗੜ੍ਹ ਦਾ ਦੌਰਾ ਕੀਤਾ ਤੇ ਉੱਥੇ ਚਲ ਰਹੇ ਕੰਮ ਦੀ ਬੜੀ ਤਾਰੀਫ਼ ਕੀਤੀ। 1920 ਈ: ਵਿਚ ਇਸ ਕਾਲਜ ਨੂੰ ਕੇਂਦਰੀ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਦਾ ਦਰਜਾ ਦਿੱਤਾ ਗਿਆ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਸਥਾਪਤ ਕਰਨ ਪਿੱਛੇ ਜੋ ਉਦੇਸ਼ ਰੱਖੇ ਗਏ ਸਨ, ਉਨ੍ਹਾਂ ਅਨੁਸਾਰ ਪੜ੍ਹਾਈ ਤੇ ਖੋਜ ਕਾਰਜਾਂ ਤੋਂ ਇਲਾਵਾ ਇਸਲਾਮੀ ਵਿਚਾਰਧਾਰਾ ਅਤੇ ਇਸਲਾਮੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਸੀ। ਭਾਰਤ ਵਿਚ ਰਹਿੰਦੇ ਮੁਸਲਮਾਨਾਂ ਦੇ ਵਿਦਿਅਕ ਅਤੇ ਸਭਿਆਚਾਰਕ ਪੱਖਾਂ ਨੂੰ ਪ੍ਰਫੁੱਲਤ ਕਰਨਾ ਵੀ ਇਸ ਦਾ ਮੰਤਵ ਸੀ। ਇਹ ਯੂਨੀਵਰਸਿਟੀ 1160 ਏਕੜ ਵਿਚ ਫੈਲੀ ਹੋਈ ਹੈ। ਇਸ ਦੀਆਂ 12 ਫੈਕਲਟੀਆਂ ਦੇ 98 ਵਿਭਾਗ, 5 ਇੰਸਟੀਚਿਊਟ ਅਤੇ 13 ਸੈਂਟਰ ਹਨ। ਇਸ ਦੇ 80 ਹੋਸਟਲ ਹਨ। ਇਸ ਵਿਚ 28000 ਤੋਂ ਵੱਧ ਵਿਦਿਆਰਥੀ, 1342 ਅਧਿਆਪਕ ਤੇ 5610 ਨਾਨ-ਟੀਚਿੰਗ ਕਰਮਚਾਰੀ ਹਨ। 2011 ਵਿਚ ਇਸ ਨੇ ਪੱਛਮੀ ਬੰਗਾਲ ਦੇ ਮੁਰਸ਼ਦਾਬਾਦ ਤੇ ਕੇਰਲਾ ਦੇ ਮਲਾਪੁਰਮ ਵਿਚ ਆਪਣੇ ਕੇਂਦਰ ਖੋਲ੍ਹੇ। ਇਸ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਵੱਲੋਂ 1000 ਕਰੋੜ ਤੋਂ ਉਪਰ ਸਾਲਾਨਾ ਗਰਾਂਟ ਮਿਲਦੀ ਹੈ। ਇਸ ਲਈ ਇਥੇ ਫੀਸਾਂ ਬਹੁਤ ਹੀ ਘੱਟ ਹਨ। ਜੇ ਇੰਝ ਕਹਿ ਲਿਆ ਜਾਵੇ ਕਿ ਨਾ ਮਾਤਰ ਹਨ ਤਾਂ ਇਸ ਵਿਚ ਅਤਿਕਥਨੀ ਨਹੀਂ।

ਇਸੇ ਤਰ੍ਹਾਂ ਬਨਾਰਸ ਹਿੰਦੂ ਕਾਲਜ 1873 ਈ: ਵਿਚ ਸਥਾਪਤ ਕੀਤਾ ਗਿਆ ਤੇ 1915 ਵਿਚ ਇਸ ਨੂੰ ਪਾਰਲੀਮੈਂਟ ਨੇ ਯੂਨੀਵਰਸਿਟੀ ਦਾ ਦਰਜਾ ਦਿੱਤਾ। ਬਨਾਰਸ ਹਿੰਦੂ ਯੂਨੀਵਰਸਿਟੀ ਦਾ ਮੰਤਵ ਵੀ ਵੇਦਕ, ਹਿੰਦੂ, ਬੋਧੀ, ਜੈਨ, ਸਿੱਖ, ਇਸਾਈ, ਪਾਰਸੀ ਤੇ ਦੂਜੇ ਧਰਮਾਂ ਦੇ ਸਭਿਆਚਾਰਾਂ ਦਾ ਅਧਿਐਨ ਕਰਨਾ ਤੇ ਉਨ੍ਹਾਂ ਵਿਚ ਸਾਂਝ ਪੈਦਾ ਕਰਨਾ ਸੀ। ਇਸ ਦੀਆਂ 15 ਫੈਕਲਟੀਆਂ ਅਤੇ 124 ਵਿਭਾਗਾਂ ਤੋਂ ਇਲਾਵਾ 927 ਬਿਸਤਰਿਆਂ ਵਾਲਾ ਆਧੁਨਿਕ ਹਸਪਤਾਲ ਹੈ। ਇਸ ਵਿਚ 30 ਹਜ਼ਾਰ ਤੋਂ ਉਪਰ ਵਿਦਿਆਰਥੀ ਪੜ੍ਹਦੇ ਹਨ। ਇਹ ਯੂਨੀਵਰਸਿਟੀ ਦੇਸ਼ ਦੀਆਂ ਚੋਣਵੀਆਂ ਯੂਨੀਵਰਸਿਟੀਆਂ ਵਿਚੋਂ ਇਕ ਹੈ। ਇਸ ਦੇ ਦੋ ਕੈਂਪਸ ਹਨ। ਇਕ ਬਨਾਰਸ ਵਿਚ ਤੇ ਦੂਜਾ ਮਿਰਜ਼ਾਪੁਰ ਜ਼ਿਲ੍ਹੇ ਵਿਚ। ਬਨਾਰਸ ਵਾਲੇ ਕੈਂਪਸ ਦਾ ਖੇਤਰ 1300 ਏਕੜ ਤੇ ਮਿਰਜ਼ਾਪੁਰ ਜ਼ਿਲ੍ਹੇ ਵਾਲੇ ਬਰਕਾਸ਼ਾ ਕੈਂਪਸ ਦਾ ਖੇਤਰ 2700 ਏਕੜ ਹੈ। ਕੇਂਦਰ ਵੱਲੋਂ 1000 ਕਰੋੜ ਦੇ ਕਰੀਬ ਗਰਾਂਟ ਮਿਲਣ ਕਰਕੇ ਫੀਸਾਂ ਬਹੁਤ ਘੱਟ ਹਨ। ਬੀ.ਏ. ਦੀ ਸਾਲਾਨਾ ਫੀਸ ਕੋਈ 2500 ਰੁਪਏ ਦੇ ਕਰੀਬ ਹੈ।

ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪ੍ਰਬੰਧਕੀ ਕਮੇਟੀ ਦਾ ਨਿਸ਼ਾਨਾ ਵੀ ਪ੍ਰਿੰਸੀਪਲ ਵਾਦਨ ਦੀ ਸਹਾਇਤਾ ਨਾਲ ਬਨਾਰਸ ਹਿੰਦੂ ਯੂਨੀਵਰਸਿਟੀ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਾਂਗ ਇਕ ਸਿੱਖ ਯੂਨੀਵਰਸਿਟੀ ਸਥਾਪਤ ਕਰਨਾ ਸੀ। ਇਹ ਮੰਤਵ ਇਸ ਲਈ ਪੂਰਾ ਨਾ ਹੋ ਸਕਿਆ ਕਿਉਂਕਿ 1921 ਵਿਚ ਪ੍ਰਿੰਸ ਆਫ਼ ਵੇਲਜ਼ ਨੂੰ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਜੀ-ਆਇਆਂ ਕਹਿਣ ਦੀ ਥਾਂ 'ਤੇ ਉਸ ਦਾ



Academy of the Punjab in North America: http://www.apnaorg.com

ਵਿਰੋਧ ਕੀਤਾ।

ਸਾਡੇ ਵਿਚਾਰ ਅਨੁਸਾਰ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਨੂੰ ਆਪਣੀ ਤਜਵੀਜ਼ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਣਾ ਚਾਹੀਦਾ ਹੈ। ਸਾਰਾ ਕੁਝ ਜਨਤਕ ਕਰਨਾ ਚਾਹੀਦਾ ਹੈ ਤੇ ਸਾਰੇ ਸੰਸਾਰ ਵਿਚ ਵਸਦੇ ਇਸ ਸੰਸਥਾ ਦੇ ਸ਼ੁਭ-ਚਿੰਤਕਾਂ ਪਾਸੋਂ ਸੁਝਾਅ ਲੈਣੇ ਚਾਹੀਦੇ ਹਨ। ਕਾਹਲੀ ਨਹੀਂ ਵਖਾਉਣੀ ਚਾਹੀਦੀ। ਇਹ ਵੀ ਦਸਣਾ ਚਾਹੀਦਾ ਹੈ ਕਿ ਤਜਵੀਜ਼ਸ਼ੁਦਾ ਯੂਨੀਵਰਸਿਟੀ ਵਿਚ ਗਰੀਬ ਵਿਦਿਆਰਥੀਆਂ ਦਾ ਕੀ ਭਵਿੱਖ ਹੋਵੇਗਾ। ਕੀ ਇਹ ਯੂਨੀਵਰਸਿਟੀ ਜ਼ਮੀਨ ਦਾਨ ਕਰਨ ਵਾਲਿਆਂ ਦੀ ਤਰਜਮਾਨੀ ਕਰੇਗੀ ਜਿਨ੍ਹਾਂ ਨੇ ਮੁਫ਼ਤ ਵਿਚ ਜ਼ਮੀਨ ਇਸ ਲਈ ਦਿੱਤੀ ਤਾਂ ਜੁ ਗਰੀਬ ਵਿਦਿਆਰਥੀ ਇਥੇ ਪੜ੍ਹ ਸਕਣ। ਕੀ ਇਹ ਉਪਰੋਕਤ ਹਿੰਦੂ ਤੇ ਮੁਸਲਿਮ ਧਰਮਾਂ ਨਾਲ ਸੰਬੰਧਿਤ ਯੂਨੀਵਰਸਿਟੀ ਦੇ ਕੱਦ ਆਕਾਰ ਦੀ ਯੂਨੀਵਰਸਿਟੀ ਹੋਵੇਗੀ। ਜਾਂ ਕਿ ਆਮ ਪ੍ਰਾਈਵੇਟ ਯੂਨੀਵਰਸਿਟੀਆਂ ਵਾਂਗ ਹੋਵੇਗੀ ਜਿਨ੍ਹਾਂ ਦਾ ਕੰਮ ਇਸ ਨੂੰ ਇਕ ਵਪਾਰਕ ਅਦਾਰੇ ਵਾਂਗ ਚਲਾਉਣਾ ਹੈ। ਪੰਜਾਬ ਵਿਚ ਅਜੇ ਤੀਕ ਜਿਨੀਆਂ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਬਣੀਆਂ ਹਨ, ਉਨ੍ਹਾਂ ਨੂੰ ਸਰਕਾਰ ਤੇ ਕੇਂਦਰ ਵਲੋਂ ਗਰਾਂਟ ਨਹੀਂ ਮਿਲ ਰਹੀ। ਇਸ ਲਈ ਪ੍ਰਬੰਧਕ ਉਹ ਇਨ੍ਹਾਂ ਨੂੰ ਦੁਕਾਨਾਂ ਵਾਂਗ ਲਾਭ ਕਮਾਉਣ ਲਈ ਚਲ ਰਹੇ ਹਨ। ਜੇ ਇਸ ਨੇ ਇਹੋ ਕੁਝ ਕਰਨਾ ਹੈ ਤਾਂ ਇਹ ਯੂਨੀਵਰਸਿਟੀ ਖਾਲਸਾ ਕਾਲਜ ਨੂੰ ਦਾਨ ਵਿਚ ਮਿਲੀ ਜ਼ਮੀਨ 'ਤੇ ਬਿਲਕੁਲ ਨਹੀਂ ਬਣਨੀ ਚਾਹੀਦੀ। ਦਾਨ ਦਿੱਤੀ ਜ਼ਮੀਨ ਭਾਵੇਂ ਕਿਤੇ ਵੀ ਹੋਵੇ, ਉਸ ਨੂੰ ਲੋਕ ਭਲਾਈ ਲਈ ਵਰਤਣਾ ਚਾਹੀਦਾ ਹੈ, ਨਾ ਕਿ ਇਸ ਯੂਨੀਵਰਸਿਟੀ ਲਈ। ਇਸ ਲਈ ਕਮੇਟੀ ਵੱਖਰੀ ਜ਼ਮੀਨ ਖ਼ਰੀਦੇ ਤੇ ਇਸ ਨੂੰ ਵਪਾਰਕ ਲੀਹਾਂ 'ਤੇ ਚਲਾਏ।

ਸਿੱਖ ਕੌਮ ਹੀ ਨਹੀਂ, ਸਮੁੱਚੇ ਪੰਜਾਬ ਦਾ ਭਲਾ ਇਸ ਵਿਚ ਹੈ ਕਿ ਜਨਤਕ ਲਾਮਬੰਦੀ ਕਰ ਕੇ ਕੇਂਦਰ 'ਤੇ ਦਬਾਅ ਪਾਇਆ ਜਾਵੇ ਕਿ ਉਹ ਉਪਰੋਕਤ ਯੂਨੀਵਰਸਿਟੀ ਵਾਂਗ ਅੰਮ੍ਰਿਤਸਰ ਵਿਚ ਜ਼ਿਲ੍ਹੇ ਵਿਚ 1500 ਤੋਂ ਵੱਧ ਏਕੜ ਜ਼ਮੀਨ ਪ੍ਰਾਪਤ ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਬਣਾਏ, ਜਿਸ ਵਿਚ ਦੀ ਮਾਮੂਲੀ ਫੀਸ ਹੋਵੇ। ਡਾ. ਮਨਮੋਹਨ ਸਿੰਘ ਸਰਕਾਰ ਨੇ ਭਾਰਤ ਵਿਚ ਅੰਮ੍ਰਿਤਸਰ ਸਮੇਤ 14 ਵਿਸ਼ਵ ਪੱਧਰੀ ਯੂਨੀਵਰਸਿਟੀਆਂ ਬਨਾਉਣ ਦਾ ਐਲਾਨ ਕੀਤਾ ਸੀ ਪਰ ਇਨ੍ਹਾਂ ਦੀ ਨੋਟੀਫਿਕੇਸ਼ਨ ਨਾ ਹੋ ਸਕੀ। ਇਸ ਨੂੰ ਅਮਲ ਵਿਚ ਲਿਆ ਕਿ ਇਥੇ ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਸਥਾਪਤ ਕੀਤੀ ਜਾਵੇ, ਜਿਸ ਦੀ ਰੂਪ ਰੇਖਾ ਉਪਰੋਕਤ ਯੂਨੀਵਰਸਿਟੀਆਂ ਵਾਲੀ ਹੋਵੇ। ਜੇ ਅਜਿਹਾ ਹੋ ਜਾਂਦਾ ਹੈ ਤਾਂ ਇਹ ਪ੍ਰਬੰਧਕੀ ਕਮੇਟੀ ਦੀ ਸਿੱਖ ਕੌਮ ਨੂੰ ਬਹੁਤ ਬੜੀ ਵੱਡੀ ਦੇਣ ਹੋਵੇਗੀ।

*10 ਫਰਵਰੀ 2017*



Academy of the Punjab in North America: http://www.apnaorg.com

# ਬੜੀਆਂ ਹੱਕੀ ਨੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਅਧਿਆਪਕਾਂ ਤੇ ਕਰਮਚਾਰੀਆਂ ਦੀਆਂ ਮੰਗਾਂ

ਅਮਰੀਕਾ ਤੇ ਭਾਰਤ ਦੇ ਪ੍ਰਬੰਧਕੀ ਢਾਂਚੇ ਵਿਚ ਇਕ ਮੁੱਖ ਵਖਰੇਵਾਂ ਮੰਤਰੀਆਂ ਦੀ ਚੋਣ ਸੰਬੰਧੀ ਹੈ। ਅਮਰੀਕਾ ਵਿਚ ਸੰਬੰਧਿਤ ਖੇਤਰ ਦੀ ਜਾਣਕਾਰੀ ਰੱਖਣ ਵਾਲੇ ਨੂੰ ਹੀ ਉਸ ਮਹਿਕਮੇ ਦਾ ਮੰਤਰੀ ਲਾਇਆ ਜਾਂਦਾ ਹੈ। ਅਮਰੀਕਾ ਦੇ ਇਸ ਸਮੇਂ ਜੋ ਕੇਂਦਰੀ ਸਿੱਖਿਆ ਮੰਤਰੀ ਹਨ ਉਹ ਸਿੱਖਿਆ ਵਿਚ ਪੀ-ਐਚ.ਡੀ. ਹਨ ਤੇ ਕਿਸੇ ਸਮੇਂ ਸਕੂਲ ਅਧਿਆਪਕ ਤੇ ਰਾਜ ਸਿਖਿਆ ਮੰਤਰੀ ਹੁੰਦੇ ਸਨ। ਇਸ ਲਈ ਭਾਰਤ ਨੂੰ ਵੀ ਅਮਰੀਕਾ ਤੋਂ ਸੋਧ ਲੈ ਕੇ ਮੰਤਰੀਆਂ ਦੀ ਚੋਣ ਕਰਨੀ ਚਾਹੀਦੀ ਹੈ। ਸਬੰਧਿਤ ਵਿਭਾਗ ਨਾਲ ਜਾਣਕਾਰੀ ਰਖਣਵਾਲੇ ਨੂੰ ਹੀ ਉਸ ਵਿਭਾਗ ਦਾ ਮੰਤਰੀ ਲਾਉਣਾ ਚਾਹੀਦਾ ਹੈ।

ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਵੱਲੋਂ ਕੀਤੇ ਜਾ ਰਹੇ ਅੰਦੋਲਨ 'ਤੇ ਝਾਤ ਪਾਈਏ ਤਾਂ ਇਹ ਸਿੱਟਾ ਨਿਕਲਦਾ ਹੈ, ਜਿਨ੍ਹਾਂ ਮੰਗਾਂ ਲਈ ਇਹ ਕਰਮਚਾਰੀ ਪਿਛਲੇ 4 ਸਾਲ ਤੋਂ ਅੰਦੋਲਨ ਕਰ ਰਹੇ ਹਨ, ਉਸ ਵਿਚ ਇਨ੍ਹਾਂ ਕਰਮਚਾਰੀਆਂ ਦੇ ਨਾਲ ਨਾਲ ਪੰਜਾਬ ਦੇ ਖਜ਼ਾਨੇ ਦਾ ਵੀ ਭਲਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਸਰਕਾਰ ਦਾ ਭਲਾ ਕਿਵੇਂ ਹੈ। ਉਹ ਇਸ ਤਰ੍ਹਾਂ ਕਿ ਇਸ ਸਮੇਂ ਜਿਹੜੀ ਤਨਖਾਹ ਇਨ੍ਹਾਂ ਨੂੰ ਮਿਲਦੀ ਹੈ ਉਸ ਵਿਚੋਂ 95% ਰਕਮ ਸਰਕਾਰ ਦੇਂਦੀ ਹੈ ਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਨੂੰ ਕੇਵਲ 5% ਰਕਮ ਹੀ ਪਾਉਣੀ ਪੈਂਦੀ ਹੈ। ਇਹ ਅਧਿਆਪਕ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਸਰਕਾਰੀ ਸਕੂਲਾਂ ਵਿਚ ਭੇਜਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਸਰਕਾਰੀ ਅਧਿਆਪਕਾਂ ਵਾਂਗ ਹਰ ਮਹੀਨੇ ਸਿੱਧੀ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ ਮਿਲ ਸਕੇ। ਜੇ ਸਰਕਾਰ ਇਨ੍ਹਾਂ ਨੂੰ ਸਰਕਾਰੀ ਸਕੂਲਾਂ ਵਿਚ ਤਬਦੀਲ ਕਰ ਦੇਂਦੀ ਹੈ ਤਾਂ ਕੋਈ 3400 ਦੇ ਕਰੀਬ ਅਧਿਆਪਕ ਕੇਵਲ 1000 ਤੋਂ 2500 ਰੁਪਏ ਮਾਸਕ 'ਤੇ ਸਰਕਾਰ ਨੂੰ ਮਿਲ ਜਾਣਗੇ। ਦੂਸਰੇ ਕਰਮਚਾਰੀ ਵੀ ਇਸ ਨਾਲੋਂ ਵੀ ਘੱਟ ਤਨਖ਼ਾਹ 'ਤੇ ਮਿਲ ਜਾਣਗੇ। ਇਨ੍ਹਾਂ ਸਕੂਲਾਂ ਦੀ ਦੇਖ ਰੇਖ ਤੇ ਰਿਕਾਰਡ ਦੀ ਸਾਂਭ ਸੰਭਾਲ ਲਈ ਪੰਜਾਬ ਦੇ ਜ਼ਿਲ੍ਹਾ ਤੇ ਡੀ.ਪੀ.ਆਈ. ਦਫ਼ਤਰਾਂ ਵਿਚ ਕੰਮ ਕਰਦੇ ਕੋਈ 150 ਦੇ ਕਰੀਬ ਕਰਮਚਾਰੀਆਂ ਦੀ ਲੋੜ ਨਹੀਂ ਰਹੇਗੀ। ਇਸ ਤਰ੍ਹਾਂ ਸਰਕਾਰੀ ਖਜ਼ਾਨੇ ਦਾ ਬੋਝ ਘਟੇਗਾ। ਇਨ੍ਹਾਂ ਦਾ 250 ਕਰੋੜ ਰੁਪਏ ਦਾ ਪ੍ਰਾਵੀਡੈਂਟ ਫੰਡ ਸਰਕਾਰ ਨੂੰ ਮਿਲ ਜਾਵੇਗਾ।

ਜੇ ਅਸੀਂ ਇਸ ਸਕੀਮ ਦੇ ਪਿਛੋਕੜ 'ਤੇ ਝਾਤ ਪਾਈਏ ਤਾਂ ਪਤਾ ਲੱਗਦਾ ਹੈ



Academy of the Punjab in North America: http://www.apnaorg.com

ਕਿ 1967 ਵਿਚ ਕੇਂਦਰ ਸਰਕਾਰ ਨੇ ਆਪਣੇ ਅਧਿਆਪਕਾਂ ਨੂੰ ਕੁਠਾਰੀ ਕਮਿਸ਼ਨ ਵੱਲੋਂ ਸੁਝਾਏ ਤਨਖਾਹ ਸਕੇਲ ਦਿੱਤੇ ਸਨ। ਦਿੱਲੀ ਸਰਕਾਰ ਨੇ ਮਾਨਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸਰਕਾਰੀ ਸਕੂਲਾਂ ਦੇ ਨਾਲ ਹੀ ਨਵੇਂ ਤਨਖਾਹ ਸਕੇਲ ਦੇ ਦਿੱਤੇ। ਦਿੱਲੀ ਵਿਚ ਇਹ ਸਕੀਮ ਅਜੇ ਵੀ ਲਾਗੂ ਹੈ। ਉੱਥੇ ਸਗੋਂ 100% ਗਰਾਂਟ ਸਰਕਾਰ ਦੇਂਦੀ ਹੈ ਜਦ ਕਿ ਪੰਜਾਬ ਵਿਚ 95%। ਦਿੱਲੀ ਸਰਕਾਰ ਵਲੋਂ ਇਮਾਰਤਾਂ ਦੀ ਮੁਰੰਮਤ ਤੇ ਹੋਰ ਸਮੱਗਰੀ ਲਈ 10% ਰਕਮ ਹੋਰ ਦਿੱਤੀ ਜਾਂਦੀ ਹੈ। ਜੇ ਕਿਸੇ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਜਾਵੇ ਤਾਂ ਵਾਧੂ ਅਧਿਆਪਕਾਂ ਨੂੰ ਦੂਜੇ ਸਕੂਲਾਂ ਵਿਚ ਭੇਜ ਦਿੱਤਾ ਜਾਂਦਾ ਹੈ। ਸਰਕਾਰੀ ਸਕੂਲਾਂ ਵਾਂਗ ਉੱਥੇ ਇਨ੍ਹਾਂ ਅਧਿਆਪਕਾਂ ਸਿੱਧੀ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ ਮਿਲਦੀ ਹੈ। ਬਹੁਤ ਸਾਰੇ ਸੂਬਿਆਂ ਵਿਚ ਇਹ ਸਕੀਮ ਅਜੇ ਵੀ ਲਾਗੂ ਹੈ। ਜਿਨ੍ਹਾਂ ਸੂਬਿਆਂ ਨੇ ਇਸ ਸਕੀਮ ਤੋਂ ਕਿਨਾਰਾ ਕਰ ਲਿਆ ਹੈ, ਉੱਥੋਂ ਦੇ ਕਰਮਚਾਰੀਆਂ ਨੂੰ ਸਰਕਾਰੀ ਸਕੂਲਾਂ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ। ਇਨ੍ਹਾਂ ਸੂਬਿਆਂ ਵਿਚ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਵੀ ਹਨ, ਜਿੱਥੇ ਇਨ੍ਹਾਂ ਅਧਿਆਪਕਾਂ ਤੇ ਬਾਕੀ ਕਰਮਚਾਰੀਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜਿਆ ਜਾ ਚੁੱਕਾ ਹੈ।

ਪੰਜਾਬ ਵਿਚ 1967 ਵਿਚ ਮਾਨਤਾ ਪ੍ਰਾਪਤ ਸਕੂਲ ਅਧਿਆਪਕਾਂ ਤੇ ਦੂਸਰੇ ਕਰਮਚਾਰੀਆਂ ਨੂੰ ਦਿੱਲੀ ਵਾਂਗ ਸਹੂਲਤਾਂ ਲੈਣ ਲਈ ਹਿੰਦੂ ਸਭਾ ਸੀਨੀਅਰ ਸੈਕਡਰੀ ਸਕੂਲ ਅੰਮ੍ਰਿਤਸਰ ਦੇ ਅਧਿਆਪਕ ਸ੍ਰੀ ਸਰਸਵਤੀ ਭੂਸ਼ਣ ਦੀ ਅਗਵਾਈ ਵਿਚ ਯੂਨੀਅਨ ਬਣਾ ਕੇ ਜੇਲ੍ਹ ਭਰੋ ਅੰਦੋਲਨ ਚਲਾਉਣਾ ਪਿਆ ਕਿਉਂਕਿ ਜਸਟਿਸ ਗੁਰਨਾਮ ਸਿੰਘ ਦੀ ਸਾਂਝੇ ਮੋਰਚੇ ਦੀ ਸਰਕਾਰ ਨੇ ਇਸ ਮੰਗ ਨੂੰ ਪ੍ਰਵਾਨ ਨਾ ਕੀਤਾ। ਜਦ ਸ. ਲਛਮਣ ਸਿੰਘ ਗਿੱਲ ਮੁੱਖ-ਮੰਤਰੀ ਬਣੇ ਤਾਂ ਉਨ੍ਹਾਂ ਨੇ ਇਹ ਮੰਗ ਮੰਨ ਕੇ ਅਧਿਆਪਕਾਂ ਨੂੰ ਰਿਹਾਅ ਕੀਤਾ। ਉਸ ਸਮੇਂ 508 ਸਕੂਲਾਂ ਵਿੱਚ 9468 ਆਸਾਮੀਆਂ ਪ੍ਰਵਾਨ ਕੀਤੀਆਂ ਗਈਆਂ। ਬਾਕੀ ਕਰਮਚਾਰੀਆਂ ਜਿਵੇਂ ਕਲਰਕ, ਲਬਾਟਰੀ ਅਟੈਂਡੈਂਟ, ਸੇਵਾਦਾਰ ਅਦਿ ਨੂੰ ਵੀ ਸਰਕਾਰੀ ਕਰਮਚਾਰੀਆਂ ਵਾਲੇ ਤਨਖ਼ਾਹ ਸਕੇਲ ਦਿੱਤੇ ਗਏ।

ਇਸ ਸਕੀਮ ਵਿਚ ਪੰਜਾਬ ਦੇ ਸਾਰੇ ਪ੍ਰਮੁੱਖ ਸਕੂਲ ਜਿਨ੍ਹਾਂ ਵਿਚ ਡੀ.ਏ.ਵੀ. ਸਕੂਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲ, ਵੱਡੀ ਪੱਧਰ 'ਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਖੁੱਲੇ ਖ਼ਾਲਸਾ ਸਕੂਲ, ਆਉਣ ਦੇ ਬਾਵਜੂਦ ਵੀ ਸਰਕਾਰ ਦੀ ਨੀਤੀ ਇਨ੍ਹਾਂ ਵਿਰੋਧੀ ਰਹੀ ਤੇ ਉਨ੍ਹਾਂ ਨੂੰ ਹਰ ਮੰਗ ਲਈ ਸੰਘਰਸ਼ ਕਰਨਾ ਪਿਆ। ਉਨ੍ਹਾਂ ਨੂੰ 1992 ਵਿਚ ਪੈਨਸ਼ਨ ਤੇ ਨਵੇਂ ਤਨਖ਼ਾਹ ਸਕੇਲ ਲੈਣ ਲਈ ਜੇਲ੍ਹ ਭਰੋ ਅੰਦੋਲਨ ਕਰਨਾ ਪਿਆ। ਜਦ ਜੇਲ੍ਹ ਵਿਚ ਰਮੇਸ਼ ਚੰਦਰ ਕੋਹਲੀ ਦੀ ਮੌਤ ਹੋ ਗਈ ਤਾਂ ਜਨਤਕ ਦਬਾਅ ਅਧੀਨ ਸਰਕਾਰ ਨੇ ਇਹ ਮੰਗਾਂ ਮੰਨੀਆਂ।

ਇਨ੍ਹਾਂ ਸਕੂਲਾਂ ਦੇ ਮਾੜੇ ਦਿਨ ਉਸ ਸਮੇਂ ਆਉਣੇ ਸ਼ੁਰੂ ਹੋਏ ਜਦ 2003 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਇਨ੍ਹਾਂ ਸਕੂਲਾਂ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਪੈਨਸ਼ਨ ਬੰਦ ਕਰਨ ਤੋਂ ਇਲਾਵਾ ਖ਼ਾਲੀ ਆਸਾਮੀਆਂ ਭਰਨ 'ਤੇ ਪਾਬੰਦੀ ਲਾ ਦਿੱਤੀ। ਇਨ੍ਹਾਂ ਕਰਮਚਾਰੀਆਂ ਨੇ 2006 ਵਿਚ



Academy of the Punjab in North America: http://www.apnaorg.com

ਜੇਲ੍ਹ ਭਰੋ ਅੰਦੋਲਨ ਕੀਤਾ। ਹਾਈਕੋਰਟ ਵਿਚੋਂ ਯੂਨੀਅਨ ਜਿੱਤ ਗਈ। ਉਨ੍ਹਾਂ ਦੀ ਪੈਨਸ਼ਨ ਸਤੰਬਰ 2012 ਵਿਚ ਬਹਾਲ ਹੋ ਗਈ ਪਰ ਆਸਾਮੀਆਂ ਭਰਨ 'ਤੇ ਲੱਗੀ ਪਾਬੰਦੀ ਖ਼ਤਮ ਨਾ ਹੋਈ। ਇਸ ਸਮੇਂ ਦੌਰਾਨ ਪੈਨਸ਼ਨ ਨੂੰ ਉਡੀਕਦੇ 250 ਦੇ ਕਰੀਬ ਕਰਮਚਾਰੀ ਰੱਬ ਨੂੰ ਪਿਆਰੇ ਹੋ ਗਏ।

ਡੀ.ਏ.ਵੀ. ਸਕੂਲ, ਫ਼ਾਜ਼ਿਲਕਾ ਨੇ ਖ਼ਾਲੀ ਆਸਾਮੀਆਂ ਭਰਨ ਲਈ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਇਸ ਦਾ ਉਲਟ ਅਸਰ ਇਹ ਹੋਇਆ ਕਿ ਸਰਕਾਰ ਨੇ ਜਿਹੜੀ ਸਰਕਾਰੀ ਅਧਿਸੂਚਨਾ ਜਾਰੀ ਕੀਤੀ ਉਸ ਵਿਚ ਨਵੀਆਂ ਆਸਾਮੀਆਂ ਲਈ 1967 ਦੇ ਕਾਨੂੰਨ ਵਿਚ ਸੋਧ ਕਰਕੇ 95% ਦੀ ਥਾਂ 'ਤੇ ਸਰਕਾਰੀ ਗਰਾਂਟ 70% ਕਰ ਦਿੱਤੀ। ਇਸ ਤਰ੍ਹਾਂ ਪ੍ਰਬੰਧਕੀ ਕਮੇਟੀ ਨੂੰ 5% ਦੀ ਥਾਂ 'ਤੇ 30% ਪਾਉਣ ਲਈ ਆਦੇਸ਼ ਦਿੱਤੇ ਗਏ। ਇਕ ਹੋਰ ਹੁਕਮ ਕੀਤਾ ਗਿਆ ਕਿ ਹਰ ਜਮਾਤ ਵਿਚ 30 ਵਿਦਿਆਰਥੀ ਚਾਹੀਦੇ ਹਨ। ਜੇ ਇਹ ਗਿਣਤੀ ਘੱਟ ਗਈ ਤਾਂ ਉਸੇ ਹਿਸਾਬ ਨਾਲ ਗਰਾਂਟ ਕਟ ਲਈ ਜਾਵੇਗੀ। ਇਹ ਨੀਤੀ ਬੜੀ ਮਾਰੂ ਸਿੱਧ ਹੋਈ। ਕਿਸੇ ਵੀ ਸਕੂਲ ਨੇ ਇਸ ਨੀਤੀ ਨਾਲ ਇਕ ਵੀ ਆਸਾਮੀ ਨਹੀਂ ਭਰੀ। ਕਈ ਸਕੂਲ ਬੰਦ ਹੋ ਗਏ ਤੇ ਹੁਣ ਇਨ੍ਹਾਂ ਸਕੂਲਾਂ ਦੀ ਗਿਣਤੀ 508 ਸਕੂਲਾਂ ਤੋਂ ਘੱਟ ਕੇ 460 ਦੇ ਕਰੀਬ ਰਹੇ ਗਈ ਹੈ। ਕਮੇਟੀਆਂ ਦੇ ਆਪਸੀ ਝਗੜਿਆਂ ਕਾਰਨ ਵੀ ਕਈ ਸਕੂਲ ਬੰਦ ਹੋ ਗਏ ਹਨ ਅਤੇ ਕਈ ਬੰਦ ਹੋਣ ਵਾਲੇ ਹਨ। ਆਸਾਮੀਆਂ ਦੀ ਗਿਣਤੀ ਜੋ 1967 ਵਿਚ 9468 ਸੀ ਤੋਂ ਘੱਟ ਕੇ ਹੁਣ ਕੇਵਲ 3400 ਦੇ ਆਸ ਪਾਸ ਰਹਿ ਗਈ ਹੈ।

ਇਹ ਸਕੂਲ ਪੰਜਾਬ ਦੀ ਸਿਖਿਆ ਵਿਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ ਤੇ ਇਨ੍ਹਾਂ ਦੀਆਂ ਪ੍ਰਾਪਤੀਆਂ ਦਾ ਸ਼ਾਨਦਾਰ ਇਤਿਹਾਸ ਹੈ। ਇਨ੍ਹਾਂ ਵਿਚ ਬਹੁਤ ਸਾਰੇ ਸਕੂਲ ਐਸੇ ਹਨ, ਜਿਨ੍ਹਾਂ ਦੇ ਅਧਿਆਪਕਾਂ ਨੇ ਕੌਮੀ ਪੁਰਸਕਾਰ ਪ੍ਰਾਪਤ ਕੀਤੇ ਹਨ। ਇਨ੍ਹਾਂ ਵਿਚੋਂ ਕਈ ਸਕੂਲ ਦੂਰ ਦੁਰਾਡੇ ਪਿੰਡਾਂ ਵਿਚ ਹਨ, ਜਿੱਥੋਂ ਕੇਵਲ ਸਰਕਾਰੀ ਪ੍ਰਾਇਮਰੀ ਸਕੂਲ ਹਨ। ਇਕ ਪਾਸੇ ਸਰਕਾਰ ਗ਼ਰੀਬ ਵਿਦਿਆਰਥੀਆਂ ਨੂੰ ਮਿਆਰੀ ਸਿਖਿਆ ਦੇਣ ਲਈ ਵਿਸ਼ੇਸ਼ ਸਕੂਲ ਖੋਲ੍ਹ ਰਹੀ ਦੂਜੇ ਪਾਸੇ ਇਹ ਸਕੂਲ ਜੋ ਮਾਮੂਲੀ ਫ਼ੀਸਾਂ ਲੈ ਕੇ ਹਰ ਵਿਦਿਅਰਥੀ ਨੂੰ ਮਿਆਰੀ ਸਿਖਿਆ ਦੇ ਰਹੇ ਹਨ, ਨੂੰ ਬੰਦ ਕਰਨ ਵਲ ਜਾ ਰਹੀ ਹੈ। ਲੋੜ ਹੈ ਸਰਕਾਰ ਇਨ੍ਹਾਂ ਦੀ ਬਾਂਹ ਫੜੇ ਤੇ ਦਿੱਲੀ ਵਾਂਗ 100% ਗਰਾਂਟ ਤੇ ਹੋਰ ਸਹੂਲਤਾਂ ਦੇਵੇ, ਜਿਨ੍ਹਾਂ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ। ਲੋੜ ਹੈ ਕਿ ਮੁੱਖ ਪਾਰਲੀਮਾਨੀ ਸਕੱਤਰ ਸਰੂਪ ਚੰਦ ਸਿੰਗਲਾ ਨੇ 8 ਜੁਲਾਈ 2016 ਦੀ ਬਠਿੰਡਾ ਰੈਲੀ ਵਿੱਚ ਆ ਕੇ ਜੋ ਮੰਗ ਪੱਤਰ ਇਨ੍ਹਾਂ ਦੀ ਯੂਨੀਅਨ ਪਾਸੋਂ ਪ੍ਰਾਪਤ ਕੀਤਾ ਸੀ, ਉਸ ਨੂੰ ਲਾਗੂ ਕੀਤਾ ਜਾਵੇ। ਇਸ ਦਾ 2017 ਦੀਆਂ ਚੋਣਾਂ ਵਿਚ ਵੀ ਅਕਾਲੀ-ਭਾਜਪਾ ਗੱਠਜੋੜ ਨੂੰ ਲਾਭ ਮਿਲੇਗਾ।

*12 ਜੁਲਾਈ 2016*



Academy of the Punjab in North America: http://www.apnaorg.com

# ਸ਼ਰਾਬ ਬੰਦੀ ਲਈ ਜਨਤਕ ਲਹਿਰ ਉਸਾਰਨ ਦੀ ਲੋੜ

ਬਿਹਾਰ ਚੋਣਾਂ ਸਮੇਂ ਬਿਹਾਰ ਦੀਆਂ ਔਰਤਾਂ ਅਤੇ ਨੌਜੁਆਨਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਨੇ 1 ਅਪ੍ਰੈਲ 2016 ਤੋਂ ਸ਼ਰਾਬ ਬੰਦੀ ਲਾਗੂ ਕਰਨ ਦਾ ਵਾਅਦਾ ਜੋ ਚੋਣ ਮੈਨੀਫੈਸਟੋ ਵਿਚ ਕੀਤਾ ਸੀ, ਉਸ ਨੂੰ ਲਾਗੂ ਕਰ ਦਿੱਤਾ ਹੈ। ਕਈਆਂ ਨੇ ਇਸ ਨੂੰ ਖਾਣ ਪੀਣ ਦੀ ਆਜ਼ਾਦੀ 'ਤੇ ਹਮਲਾ ਕਰਾਰ ਦੇਂਦੇ ਹੋਏ ਨਿਖੇਧੀ ਕੀਤੀ ਹੈ ਪਰ ਬਹੁਤਿਆਂ ਨੇ ਉਨ੍ਹਾਂ ਦੇ ਇਸ ਕਦਮ ਦੀ ਸ਼ਲਾਘਾ ਕਰਦੇ ਹੋਏ, ਸਾਰੇ ਦੇਸ਼ ਵਿਚ ਸ਼ਰਾਬ ਬੰਦੀ ਦੀ ਮੰਗ ਸ਼ੁਰੂ ਕਰ ਦਿੱਤੀ ਹੈ।

ਜਿਥੋਂ ਤੀਕ ਪੰਜਾਬ ਦਾ ਸਬੰਧ ਹੈ, ਸਾਰੇ ਭਾਰਤ ਵਿਚ ਸੂਬਾਈ ਸਰਕਾਰਾਂ ਨੇ ਪਿੰਡ ਪਿੰਡ ਲਾਇਬਰੇਰੀਆਂ ਖੋਲ੍ਹਣ ਲਈ ਕਾਨੂੰਨ ਪਾਸ ਕਰਕੇ ਲਾਇਬਰੇਰੀਆਂ ਖੋਲ੍ਹ ਦਿੱਤੀਆਂ ਪਰ ਪੰਜਾਬ ਹੀ ਇਕੋ ਇਕ ਐਸਾ ਸੂਬਾ ਹੈ, ਜਿੱਥੋਂ ਦੀ ਸਰਕਾਰ ਨੇ ਲਾਇਬਰੇਰੀਆਂ ਨਹੀਂ ਖੋਲ੍ਹੀਆਂ ਪਰ ਥਾਂ ਥਾਂ 'ਤੇ ਸ਼ਰਾਬ ਦੇ ਠੇਕੇ ਖੋਲ੍ਹ ਕੇ ਪੰਜਾਬ ਨੂੰ ਨਸ਼ਈਆਂ ਦਾ ਸੂਬਾ ਬਣਾ ਦਿੱਤਾ ਹੈ।

ਇਕ ਸਮਾਂ ਸੀ, ਜਦ ਪੰਜਾਬ ਵਿਚ ਸ਼ਰਾਬ ਪੀਣੀ ਮਾੜੀ ਸਮਝੀ ਜਾਂਦੀ ਸੀ ਪਰ ਹੁਣ ਵਿਆਹ ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਮੌਕਿਆਂ 'ਤੇ ਮੈਰਿਜ ਪੈਲਸਾਂ ਵਿਚ ਸ਼ਰਾਬ ਆਮ ਵਰਤਾਈ ਜਾਂਦੀ ਹੈ। ਔਰਤਾਂ ਨੇ ਵੀ ਹੁਣ ਪੀਣੀ ਸ਼ੁਰੂ ਕਰ ਦਿੱਤੀ ਹੈ, ਭਾਵੇਂ ਕਿ ਗਰਭਵਤੀ ਔਰਤਾਂ ਇਹ ਬਹੁਤ ਨੁਕਸਾਨ ਦੇਹ ਹੈ।

ਸ਼ਰਾਬ ਸਮੇਤ ਸਾਰੇ ਨਸ਼ੇ ਨੁਕਸਾਨ ਦੇਹ ਹਨ। ਪੰਜਾਬ ਦੀਆਂ ਪ੍ਰਮੁਖ ਰਾਜਨੀਤਕ ਪਾਰਟੀਆਂ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਸ਼ਰਾਬ ਦੀ ਵਰਤੋਂ ਕਰਨ ਵਾਲਾ ਇਨ੍ਹਾਂ ਪਾਰਟੀਆਂ ਦਾ ਮੈਂਬਰ ਨਹੀਂ ਬਣ ਸਕਦਾ। ਸਿੱਖ ਰਹਿਤ ਮਰਿਆਦਾ ਸਮੇਤ ਸਾਰੇ ਧਾਰਮਿਕ ਗ੍ਰੰਥਾਂ ਵਿਚ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਕਰਨ ਦੀ ਮਨਾਹੀ ਹੈ। ਮੁਸਲਮ ਦੇਸ਼ਾਂ ਵਿਚ ਸ਼ਰਾਬ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਹੈ। ਇਹੋ ਕਾਰਨ ਹੈ ਕਿ ਭਾਰਤ ਵਿਚ ਕਈ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ।

ਪੰਜਾਬ ਵਿਚ ਅਜਿਹਾ ਨਹੀਂ ਹੈ। ਅੰਮ੍ਰਿਤਸਰ ਵਰਗੇ ਪਵਿੱਤਰ ਸ਼ਹਿਰ ਦੀ ਚਾਰ-ਦੀਵਾਰੀ ਦੇ ਨਾਲ ਯਾਤਰੂਆਂ ਦੀ ਸਹੂਲਤ ਲਈ ਸੂਚਨਾ ਕੇਂਦਰ ਖੋਲ੍ਹਣ ਦੀ ਥਾਂ 'ਤੇ ਸਰਕਾਰ ਨੇ ਠੇਕੇ ਇਸ ਤਰ੍ਹਾਂ ਖੋਲ੍ਹੇ ਹੋਏ ਹਨ, ਜਿਵੇਂ ਸ਼ਰਾਬ ਪੰਜਾਬੀਆਂ ਦੀ ਮਨਭਾਉਂਦੀ ਖੁਰਾਕ ਹੋਵੇ। ਇਨ੍ਹਾਂ ਠੇਕਿਆਂ ਲਾਗੇ ਹੀ ਸਰਕਾਰ ਨੇ ਅਹਾਤਿਆਂ ਨੂੰ ਲਾਇਸੈਂਸ ਦਿੱਤੇ ਹਨ ਤਾਂ ਜੁ ਲੋਕ ਆਸਾਨੀ ਨਾਲ ਸ਼ਰਾਬ ਪੀ ਸਕਣ, ਹਾਲਾਂ ਕਿ 1991 ਵਿਚ ਅੰਮ੍ਰਿਤਸਰ



Academy of the Punjab in North America: http://www.apnaorg.com

ਨਗਰ ਨਿਗਮ ਹੋਂਦ ਜਦ ਵਿਚ ਆਈ ਸੀ ਤਾਂ ਸਰਬ ਪਾਰਟੀ ਕਮੇਟੀ ਨੇ ਇਨ੍ਹਾਂ ਠੇਕਿਆਂ ਤੇ ਮੀਟ ਦੀਆਂ ਦੁਕਾਨਾਂ ਨੂੰ ਚਾਰ-ਦੀਵਾਰੀ ਤੋਂ ਬਾਹਰ ਦੂਰ ਕੱਢਣ ਦੀ ਸਿਫਾਰਸ਼ ਕੀਤੀ ਸੀ।

ਪੰਜਾਬ ਦੀ ਇਕ ਪੀੜ੍ਹੀ ਅਤਿਵਾਦ ਨੇ ਖਾ ਲਈ, ਦੂਜੀ ਪੀੜ੍ਹੀ ਹੁਣ ਨਸ਼ਿਆਂ ਨੇ ਖਾ ਲਈ ਹੈ। ਇਹੋ ਕਾਰਨ ਹੈ ਕਈ ਪਿੰਡਾਂ ਵਿਚ ਠੇਕਾ ਖੁਲ੍ਹਣ 'ਤੇ ਪਿੰਡ ਵਾਸੀਆਂ ਵਲੋਂ ਵਿਰੋਧ ਕੀਤਾ ਜਾਂਦਾ ਹੈ। ਇਸ ਦੇ ਬਾਵਜੂਦ ਵੀ ਸਰਕਾਰ ਨਸ਼ਾਬੰਦੀ ਲਈ ਕੋਈ ਕਦਮ ਨਹੀਂ ਚੁੱਕ ਰਹੀ। ਸਗੋਂ ਚੋਣਾਂ ਭਾਵੇਂ ਪੰਚਾਇਤਾਂ ਦੀਆਂ ਕਿਉਂ ਨਾ ਹੋਣ, ਸ਼ਰਾਬ ਵੰਡੀ ਹੀ ਨਹੀਂ ਜਾਂਦੀ ਸਗੋਂ ਨਜਾਇਜ਼ ਸ਼ਰਾਬ ਕਢਣ ਦੀ ਵੀ ਆਗਿਆ ਦਿੱਤੀ ਜਾਂਦੀ ਹੈ।

ਜੇ ਅਸੀਂ ਸ਼ਰਾਬਬੰਦੀ ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਮਹਾਤਮਾ ਗਾਂਧੀ ਨੇ 1927 ਵਿਚ ਸ਼ਰਾਬ ਵਿਰੋਧੀ ਲਹਿਰ ਚਲਾਈ ਸੀ। ਉਨ੍ਹਾਂ ਨੇ 1934 ਵਿਚ ਆਪਣੇ ਪਰਚੇ ਹਰੀਜਨ ਵਿਚ ਸ਼ਰਾਬ ਦੇ ਨੁਕਸਾਨ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹੋਏ ਲਿਖਿਆ ਸੀ ਕਿ ਸ਼ਰਾਬੀ ਵਿਅਕਤੀ ਆਪਣੀ ਪਤਨੀ, ਮਾਂ ਅਤੇ ਭੈਣ ਵਿਚ ਫ਼ਰਕ ਭੁਲ ਜਾਂਦਾ ਹੈ। ਉਨ੍ਹਾਂ ਵੱਲੋਂ 1921 ਵਿਚ ਚਲਾਈ ਗਈ ਨਾ-ਮਿਲਵਰਤਨ ਲਹਿਰ ਵਿਚ ਸ਼ਰਾਬ ਦੀਆਂ ਦੁਕਾਨਾਂ ਦੇ ਬਾਹਰ ਰੋਸ ਪ੍ਰਗਟਾਵਾ ਕਰਨਾ ਵੀ ਸ਼ਾਮਿਲ ਸੀ। ਇਹੋ ਕਾਰਨ ਸੀ ਕਿ 1939 ਵਿਚ ਬੰਬਈ ਸੂਬਾ ਜਿੱਥੇ ਕਿ ਉਸ ਸਮੇਂ ਕਾਂਗਰਸ ਦੀ ਹਕੂਮਤ ਸੀ, ਵਿਚ ਸ਼ਰਾਬ ਬੰਦੀ ਲਾਗੂ ਕੀਤੀ ਗਈ। ਦੂਜੇ ਵਿਸ਼ਵ ਯੁੱਧ ਵਿਚ ਭਾਰਤ ਨੂੰ ਸ਼ਾਮਲ ਹੋਣ 'ਤੇ ਕਾਂਗਰਸ ਸਰਕਾਰ ਨੇ ਰੋਸ ਵਜੋਂ ਤਿਆਗ ਪੱਤਰ ਦੇ ਦਿੱਤਾ ਤੇ ਬਰਤਾਨੀਆ ਸਰਕਾਰ ਨੇ ਇਹ ਪਾਬੰਦੀ ਵਾਪਸ ਲੈ ਲਈ। 1949 ਵਿਚ ਮੁਰਾਰਜੀ ਡਿਸਾਈ ਦੀ ਸਰਕਾਰ ਨੇ ਇਹ ਪਾਬੰਦੀ ਸਖ਼ਤੀ ਨਾਲ ਲਾਗੂ ਕੀਤੀ। ਇੱਥੋਂ ਤੀਕ ਕਿ ਉਸ ਨੇ ਖੰਘ ਤੇ ਹੋਰ ਦਵਾਈਆਂ ਜਿਨ੍ਹਾਂ ਵਿਚ ਅਲਕੋਹਲ ਵਰਤੋਂ ਹੁੰਦੀ ਸੀ ਦੀ ਵਿਕਰੀ 'ਤੇ ਵੀ ਪਾਬੰਦੀ ਲਾ ਦਿੱਤੀ। ਇਹ ਮਾਮਲਾ ਸੁਪਰੀਮ ਕੋਰਟ ਵਿਚ ਗਿਆ ਤੇ ਉਸ ਨੂੰ ਇਨ੍ਹਾਂ ਦਵਾਈਆਂ ਸੰਬੰਧੀ ਆਦੇਸ਼ ਦੇਣੇ ਪਏ। ਸੰਵਿਧਾਨ ਬਣਨ ਪਿੱਛੋਂ 1954 ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਸਾਰੇ ਦੇਸ਼ ਵਿਚ 1958 ਤੀਕ ਨਸ਼ਾਬੰਦੀ ਲਾਗੂ ਕਰਨ ਲਈ ਨਸ਼ਾਬੰਦੀ ਪੜਤਾਲ ਕਮੇਟੀ ਬਣਾਈ।

ਮਹਾਤਮਾ ਗਾਂਧੀ ਦੀ ਨਸ਼ਾ ਵਿਰੋਧੀ ਲਹਿਰ ਦਾ ਸਿੱਟਾ ਹੀ ਸੀ ਕਿ ਮੌਜੂਦਾ ਸੂਬਿਆਂ ਮੱਧ ਪ੍ਰਦੇਸ਼, ਉੜੀਸਾ, ਆਸਾਮ, ਤਾਮਿਲਨਾਡੂ, ਮਹਾਂਰਾਸ਼ਟਰ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਕਰਨਾਟਕਾ ਵਿਚ 1937 ਵਿਚ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ ਲਾਈ ਗਈ ਪਰ ਗੁਜਰਾਤ ਤੇ ਮੀਜ਼ੋਰਾਮ ਨੂੰ ਛੱਡ ਕੇ ਬਾਕੀਆਂ ਨੇ 1967 ਵਿੱਚ ਵਾਪਸ ਲੈ ਲਈ।

ਬੰਬਈ ਸੂਬੇ ਵਿਚ 1948 ਤੋਂ 1950 ਤੀਕ ਪਾਬੰਦੀ ਸੀ। ਇਸ ਨੂੰ ਮੁੜ 1958 ਵਿਚ ਲਾਗੂ ਕੀਤਾ ਗਿਆ। 1 ਮਈ 1960 ਨੂੰ ਬੰਬਈ ਸੂਬੇ ਨੂੰ ਤੋੜ ਕੇ ਦੋ ਸੂਬੇ ਮਹਾਂਰਾਸ਼ਟਰ ਤੇ ਗੁਜਰਾਤ ਬਣਾ ਦਿੱਤੇ ਗਏ। ਗੁਜਰਾਤ ਸੂਬੇ ਨੇ ਸ਼ਰਾਬ ਬੰਦੀ ਨੂੰ ਜਾਰੀ ਰੱਖਿਆ। ਨਾਗਾਲੈਂਡ ਨੇ 1989 ਵਿਚ ਸ਼ਰਾਬ ਕੱਢਣ, ਵੇਚਣ, ਦੇਣ ਵਰਤੋਂ ਕਰਨ ਤੇ ਇਸ਼ਤਿਹਾਰਬਾਜ਼ੀ ਕਰਨ 'ਤੇ ਪਾਬੰਦੀ ਲਾਈ ਸੀ। ਉੱਥੇ ਦੂਜੇ ਸੂਬੇ ਤੋਂ ਸ਼ਰਾਬ ਲਿਆਉਣ ਤੇ 3 ਸਾਲ ਦੀ ਕੈਦ ਤੇ ਜੁਰਮਾਨੇ ਦੀ ਵਿਵਸਥਾ ਹੈ। ਇਸੇ ਤਰ੍ਹਾਂ ਲਕਸ਼ਦੀਪ ਟਾਪੂ ਵਿਚ ਵੀ ਸ਼ਰਾਬਬੰਦੀ ਹੈ।



Academy of the Punjab in North America: http://www.apnaorg.com

ਇੰਜ 1954 ਵਿਚ ਇਕ ਚੌਥਾਈ ਭਾਰਤ ਸ਼ਰਾਬ ਬੰਦੀ ਅਧੀਨ ਸੀ। ਪਰ ਕਈ ਕਾਰਨਾਂ ਕਰਕੇ ਕਈ ਸੂਬਿਆਂ ਨੇ ਇਹ ਪਾਬੰਦੀ ਹਟਾ ਲਈ। ਕੇਰਲਾ ਵਿਚ ਕਾਂਗਰਸ ਸਰਕਾਰ ਨੇ ਅਗਸਤ 2014 ਵਿਚ ਪੰਜ ਤਾਰਾ ਹੋਟਲਾਂ ਨੂੰ ਛੱਡ ਕੇ ਬਾਕੀ ਹੋਟਲਾਂ ਵਿਚ ਸ਼ਰਾਬ ਦੀ ਵਿਕਰੀ ਉਪਰ ਪਾਬੰਦੀ ਲਾਉਣ ਦਾ ਫ਼ੈਸਲਾ ਕੀਤਾ ਸੀ ਤਾਂ ਇਸਦਾ ਸਖ਼ਤ ਵਿਰੋਧ ਹੋਇਆ ਸੀ ਕਿਉਂਕਿ ਇਸ ਕਿੱਤੇ ਨਾਲ 25000 ਵਿਅਕਤੀਆਂ ਦੀ ਨੌਕਰੀ ਜੁੜੀ ਹੋਈ ਸੀ ਤੇ ਇਸ ਕਾਰੋਬਾਰ ਵਿਚ 10000 ਕਰੋੜ ਰੁਪਿਆ ਕਾਰੋਬਾਰੀਆਂ ਨੇ ਲਾਇਆ ਹੋਇਆ ਸੀ। ਮਾਨਯੋਗ ਸੁਪਰੀਮ ਕੋਰਟ ਨੇ 30 ਦਸੰਬਰ 2015 ਨੂੰ ਕੇਰਲਾ ਸਰਕਾਰ ਵੱਲੋਂ ਸ਼ਰਾਬ ਦੀ ਵਿਕਰੀ ਤੇ ਲਗਾਈ ਰੋਕ ਨੂੰ ਜਾਇਜ਼ ਠਹਿਰਾਇਆ ਹੈ। ਜੱਜ ਸਾਹਿਬਾਨ ਦਾ ਕਹਿਣਾ ਹੈ ਕਿ ਪੰਜ ਤਾਰਾ ਹੋਟਲਾਂ ਨੂੰ ਛੱਡ ਕੇ ਬਾਕੀ ਹੋਟਲਾਂ ਅਤੇ ਜਨਤਕ ਥਾਵਾਂ ਵਿਚ ਸ਼ਰਾਬ ਦੀ ਵਰਤੋਂ ਉਪਰ ਪਾਬੰਦੀ ਲਾਉਣਾ ਸਰਕਾਰ ਦਾ ਉਸਾਰੂ ਕਦਮ ਹੈ ਤੇ ਸ਼ਰਾਬ ਦੀ ਵਰਤੋਂ ਘੱਟ ਕਰਨ ਦਾ ਯਤਨ ਹੈ। ਇੱਥੇ ਦਸਣਾ ਬਣਦਾ ਹੈ ਕਿ ਪੰਜ ਤਾਰਾ ਹੋਟਲ ਨੂੰ ਛੱਡ ਕੇ ਬਾਕੀ ਹੋਟਲਾਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ ਕਿ ਕੇਰਲਾ ਸਰਕਾਰ ਦਾ ਇਹ ਕਦਮ ਵਿਤਕਰੇ ਵਾਲਾ ਹੈ। ਕੇਰਲਾ ਸਰਕਾਰ ਦਾ ਕਹਿਣਾ ਸੀ ਕਿ ਕੇਰਲਾ ਵਿਚ ਸਾਰੇ ਦੇਸ਼ ਦੀ 14 ਪ੍ਰਤੀਸ਼ਤ ਸ਼ਰਾਬ ਪੀਤੀ ਜਾਂਦੀ ਹੈ ਤੇ ਸਰਕਾਰ ਨੇ ਇਸ ਦੀ ਵਰਤੋਂ ਘੱਟ ਕਰਨ ਲਈ ਇਹ ਕਦਮ ਚੁੱਕੇ ਹਨ।

ਇਸ ਲਈ ਲੋੜ ਹੈ ਕਿ ਲੋਕਾਂ ਨੂੰ ਸ਼ਰਾਬ ਤੇ ਹੋਰ ਨਸ਼ਿਆਂ ਦੇ ਨੁਕਸਾਨ ਤੋਂ ਜਾਣੂ ਕਰਾਉਣ ਲਈ ਦੇਸ਼ ਵਿਆਪੀ ਲਹਿਰ ਚਲਾਈ ਜਾਵੇ। ਕੇਂਦਰ ਸਰਕਾਰ ਦਾ ਲੋਕ ਸੰਪਰਕ ਵਿਭਾਗ ਨਸ਼ਿਆਂ ਦੇ ਨੁਕਸਾਨ ਬਾਰੇ ਇਕ ਦਸਤਾਵੇਜ਼ੀ ਫ਼ਿਲਮ ਬਣਾਵੇ ਤੇ ਸੂਬਾਈ ਸਰਕਾਰਾਂ ਨੂੰ ਸੂਬਾਈ ਭਾਸ਼ਾ ਵਿਚ ਤਿਆਰ ਕਰਕੇ ਇਸ ਦੀਆਂ ਕਾਪੀਆਂ ਭੇਜੀਆਂ ਜਾਣ। ਇਸ ਨੂੰ ਪਿੰਡ ਪਿੰਡ, ਸ਼ਹਿਰ ਸ਼ਹਿਰ ਵਿਚ ਵਿਖਾਇਆ ਜਾਵੇ। ਇਸ ਦੇ ਨਾਲ ਹੀ ਸਮਾਜਸੇਵੀ ਸੰਸਥਾਵਾਂ ਵੀ ਇਸ ਨੇਕ ਕੰਮ ਵਿਚ ਅੱਗੇ ਆਉਣ।

ਪੰਜਾਬ ਸਰਕਾਰ ਇਸ ਕਿੱਤੇ ਨੂੰ ਇਸ ਕਰਕੇ ਉਤਸ਼ਾਹਿਤ ਕਰ ਰਹੀ ਹੈ ਕਿਉਂਕਿ ਕਈ ਸਿਆਸੀ ਪਾਰਟੀਆਂ ਦੇ ਆਗੂ ਇਸ ਕਾਰੋਬਾਰ ਨਾਲ ਜੁੜੇ ਹੋਏ ਹਨ ਤੇ ਸਰਕਾਰ ਨੂੰ ਇਸ ਕਾਰੋਬਾਰ ਤੋਂ ਅਰਬਾਂ ਰੁਪਏ ਕਮਾਈ ਹੋ ਰਹੀ ਹੈ। ਪੰਜਾਬ ਵਿਚ ਜੇ ਅਸੀਂ ਚਾਹੁੰਦੇ ਹਾਂ ਕਿ ਸ਼ਰਾਬ ਬੰਦੀ ਹੋਵੇ ਤਾਂ ਬਿਹਾਰ ਵਾਂਗ ਲੋਕ ਲਹਿਰ ਉਸਾਰ ਕੇ ਪਾਰਟੀਆਂ ਨੂੰ ਮਜਬੂਰ ਕੀਤਾ ਜਾਵੇ ਕਿ ਉਹ ਆਉਣ ਵਾਲੀਆਂ ਚੋਣਾਂ ਦੇ ਮੈਨੀਫੈਸਟੋ ਵਿਚ ਸ਼ਾਮਲ ਕਰਨ ਕਿ ਜੇ ਉਹ ਤਾਕਤ ਵਿਚ ਆਏ ਤਾਂ ਸ਼ਰਾਬ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਲਾਉਣਗੇ। ਪਹਿਲਾਂ ਪੰਜਾਬ ਵਿਚ ਅਫ਼ੀਮ ਤੇ ਪੋਸਤ ਦੇ ਠੇਕੇ ਹੁੰਦੇ ਸਨ, ਜਿਹੜੇ ਸਰਕਾਰ ਨੂੰ ਵਿਰੋਧ ਕਰਕੇ ਬੰਦ ਕਰਨੇ ਪਏ। ਇਹੋ ਕਾਰਨ ਹੈ ਕਿ ਹੁਣ ਇਨ੍ਹਾਂ ਦੀ ਆਮ ਵਰਤੋਂ ਨਹੀਂ ਹੋ ਰਹੀ ਕਿਉਂਕਿ ਕਾਨੂੰਨ ਦਾ ਲੋਕਾਂ ਨੂੰ ਡਰ ਹੈ। ਇਸੇ ਤਰ੍ਹਾਂ ਜੇ ਸ਼ਰਾਬ ਦੇ ਠੇਕੇ ਬੰਦ ਹੋ ਜਾਂਦੇ ਹਨ ਤਾਂ ਨਜਾਇਜ਼ ਸ਼ਰਾਬ ਦੀ ਵਰਤੋਂ ਹਾਰੀ ਸਾਰੀ ਨਹੀਂ ਕਰੇਗਾ। ਹੁਣ ਵਾਂਗ ਮੈਰਿਜ ਪੈਲਸਾਂ ਵਿਚ ਇਸ ਦੀ ਵਰਤੋਂ ਨਹੀਂ ਹੋ ਸਕੇਗੀ ਤੇ ਨਾ ਹੀ ਹੁਣ ਵਾਂਗ ਅਹਾਤੇ ਖੁੱਲ੍ਹ ਸਕਣਗੇ।

*18 ਜੂਨ 2016*



Academy of the Punjab in North America: http://www.apnaorg.com

# ਬਹੁ-ਪੱਖੀ ਲੇਖਕ : ਚਰਨਜੀਤ ਸਿੰਘ ਪੰਨੂੰ



ਚਰਨਜੀਤ ਸਿੰਘ ਪੰਨੂੰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। 1943 ਵਿਚ ਪਾਕਿਸਤਾਨ ਦੇ ਜੰਮਪਲ ਪੰਨੂੰ ਕਈ ਸਭਾਵਾਂ ਨਾਲ ਜੁੜੇ ਹੋਏ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੋਸਾਇਟੀ ਦੇ ਜੀਵਨ ਮੈਂਬਰ ਹਨ। ਉਹ ਰਾਮਪੁਰ ਲਿਖਾਰੀ ਸਭਾ ਤੇ ਲਿਖਾਰੀ ਸਾਹਿਤ ਸਭਾ ਜਗਤਪੁਰ ਦੇ ਮੈਂਬਰ, ਪੰਜਾਬੀ ਸਾਹਿਤ ਤੇ ਸਭਿਆਚਾਰਕ ਸਦਨ ਫਗਵਾੜਾ ਤੇ ਸੰਸਥਾਪਕ ਪ੍ਰਧਾਨ, ਪ੍ਰੀਤ ਸਾਹਿਤ ਸਭਾ ਫਗਵਾੜਾ ਦੇ ਸੰਸਥਾਪਕ ਚੇਅਰਮੈਨ ਅਤੇ ਸਾਹਿਤ ਸਭਾ ਬਹਿਰਾਮ ਦੇ ਚੇਅਰਮੈਨ ਹਨ। ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਅਤੇ ਵਿਪਸਾ ਦੇ ਸਰਗਰਮ ਮੈਂਬਰ ਤੇ ਹੋਰ ਕਈ ਸਭਾਵਾਂ ਨਾਲ ਸੰਬੰਧਿਤ ਹਨ। ਅੱਜ ਕੱਲ੍ਹ ਸੈਨਹੋਜ਼ੇ ਅਮਰੀਕਾ ਵਿਖੇ ਰਹਿੰਦੇ ਹਨ। ਉਹ ਸਾਹਿਤਿਕ ਤੇ ਸਮਾਜਕ ਸੇਵਾ ਨੂੰ ਸਮਰਪਿਤ ਹਨ।

ਉਹਨਾਂ ਦੇ ਪੰਜ ਕਾਵਿ-ਸੰਗ੍ਰਹਿ ਨਾਨਕ ਰਿਸ਼ਮਾ (1969), ਗੁਲਦਸਤਾ (2003), ਅੰਬਰ ਦੀ ਫੁਲਕਾਰੀ (2008), ਧਰਤੀ ਦੀ ਫੁਲਕਾਰੀ (2011) ਤੇ ਸ਼ਬਦਾਂ ਦੀ ਫੁਲਕਾਰੀ (2016) ਪ੍ਰਕਾਸ਼ਿਤ ਹੋ ਚੁੱਕੇ ਹਨ। ਨਾਵਲ ਤਿੜਕੇ ਚਿਹਰੇ 2002 ਵਿਚ ਛਪਿਆ।

ਉਹਨਾਂ 3 ਸਫ਼ਰਨਾਮੇ ਸਫ਼ਰਨਾਮਾ ਅਲਾਸਕਾ (2009), ਮੇਰੀ ਵਾਈਟ ਹਾਊਸ ਫੇਰੀ (2015) ਤੇ ਹਵਾਈ ਸਫ਼ਰਨਾਮਾ (2016) ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਹਨਾਂ ਦੇ 6 ਕਹਾਣੀ-ਸੰਗ੍ਰਹਿ ਭਟਕਦੀ ਰਾਤ (1978), ਪੀੜ੍ਹੀਆਂ ਦੇ ਫ਼ਾਸਲੇ (1979), ਸੰਦਲ ਦਾ ਸ਼ਰਬਤ (2000), ਸ਼ੀਸ਼ੇ ਦੇ ਟੁਕੜੇ (2004), ਖੇੜੇ ਦਾ ਸਿਰਨਾਵਾਂ (2006), ਸਖੀਰਾ (2011) ਪ੍ਰਕਾਸ਼ਿਤ ਹੋ ਚੁੱਕੇ ਹਨ। ਇਕ ਕਹਾਣੀ ਪੁਸਤਕ ਬੰਦ ਦਰਵਾਜਾ ਵੀ ਛਪਵਾਈ ਅਧੀਨ ਹੈ।

ਉਹਨਾਂ ਨੇ 2 ਡਰਾਮੇ ਸੁਨਹਿਰੀ ਦਿਨ ਅਤੇ ਦੋਹਰੀ ਕੈਦ ਲਿਖੇ ਹਨ ਜੋ ਆਕਾਸ਼ਵਾਣੀ ਜਲੰਧਰ ਵੱਲੋਂ ਬਰਾਡਕਾਸਟ ਕੀਤੇ ਗਏ। ਚਾਰ ਕਹਾਣੀਆਂ ਤੇ ਕਈ ਕਵਿਤਾਵਾਂ 1970-80 ਦੇ ਵਿਚਕਾਰ ਆਲ ਇੰਡੀਆ ਰੇਡੀਓ ਜਲੰਧਰ ਤੋਂ ਬਰਾਡਕਾਸਟ ਹੋਈਆਂ। ਉਹ 2 ਸਫ਼ਰਨਾਮੇ ਯੂਟਾ ਅਤੇ ਤਨਜ਼ਾਨੀਆ 'ਤੇ ਕਲਮ ਚਲਾ ਰਹੇ ਹਨ। ਉਹਨਾਂ ਦੀਆਂ ਰਚਨਾਵਾਂ 'ਤੇ ਯੂਨੀਵਰਸਿਟੀ ਪਟਿਆਲਾ ਦੇ ਡਾ. ਮੋਹਣ ਸਿੰਘ ਤਿਆਗੀ ਨੇ ਇਕ ਪੁਸਤਕ 'ਚਰਨਜੀਤ ਸਿੰਘ ਪੰਨੂੰ ਦਾ ਸਾਹਿਤ (ਸਿਰਜਣਾ ਤੇ ਸੰਵਾਦ)' ਸੰਪਾਦਿਤ ਕੀਤੀ ਹੈ, ਜਿਸ ਵਿਚ 30 ਵਿਦਵਾਨਾਂ ਦੇ ਲੇਖ ਹਨ।

*(5 ਅਕਤੂਬਰ 2016)*



Academy of the Punjab in North America: http://www.apnaorg.com

# ਵਿਦੇਸ਼ੀ ਸਿੱਖਾਂ ਪ੍ਰਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸਾਰੂ ਨੀਤੀ ਅਪਣਾਏ

ਜਦ ਵੀ ਵਿਦੇਸ਼ਾਂ ਵਿਚ ਸਿੱਖਾਂ ਨਾਲ ਕੋਈ ਮਾੜੀ ਘਟਨਾ ਵਾਪਰਦੀ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਨੋਟਿਸ ਲੈ ਕੇ ਕੋਈ ਨਾ ਕੋਈ ਬਿਆਨ ਮੀਡਿਆ ਵਿਚ ਜ਼ਰੂਰ ਦਾਗ਼ਿਆ ਜਾਂਦਾ ਹੈ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਸਿੱਖਾਂ ਨਾਲ ਨਸਲੀ ਵਿਤਕਰੇ ਦੀਆਂ ਘਟਨਾਵਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਸਭ ਤੋਂ ਜ਼ਿਆਦਾ ਮਾੜੀਆਂ ਘਟਨਾਵਾਂ ਅਮਰੀਕਾ ਵਿਚ ਵਾਪਰੀਆਂ ਹਨ ਤੇ ਅਜੇ ਵੀ ਵਾਪਰ ਰਹੀਆਂ ਹਨ। ਗੁਰਦੁਆਰਿਆਂ ਤੋਂ ਇਲਾਵਾ ਸਿੱਖੀ ਸਰੂਪ ਵਾਲਿਆ ਨੂੰ ਨਫ਼ਰਤ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਈ ਸਿੱਖ ਇਸ ਨਫ਼ਰਤ ਕਰਕੇ ਜਾਨਾਂ ਗੁਆ ਚੁੱਕੇ ਹਨ। ਅਮਰੀਕਾ ਵਿਚ ਸਭ ਤੋਂ ਦੁਖਦਾਈ ਘਟਨਾ 5 ਅਗਸਤ 2012 ਨੂੰ ਓਕ੍ਰੀਕ ਗੁਰਦੁਆਰਾ ਵਿਚ ਵਾਪਰੀ ਜਦੋਂ ਇਕ ਸਿਰਫਿਰੇ ਨਵ-ਨਾਜੀਵਾਦੀ ਸਾਬਕਾ ਅਮਰੀਕੀ ਫ਼ੌਜੀ ਵੇਡ ਮਾਈਕਲ ਪੇਜਰ ਨੇ ਗੁਰਦੁਆਰੇ 'ਤੇ ਹਮਲਾ ਕਰ ਦਿੱਤਾ। ਅਮਰੀਕਾ ਦੇ ਗੁਰਦੁਆਰੇ ਵਿਚ ਵਾਪਰੀ ਇਹ ਆਪਣੀ ਕਿਸਮ ਦੀ ਪਹਿਲੀ ਘਟਨਾ ਸੀ। ਪੁਲਿਸ ਵੱਲੋਂ ਸਮੇਂ ਸਿਰ ਪੁੱਜਣ ਅਤੇ ਪੁਲਿਸ ਕਰਮਚਾਰੀ ਵੱਲੋਂ ਦਲੇਰਾਨਾ ਕਾਰਵਾਈ ਕਰਕੇ ਹਮਲਾਵਰ ਨੂੰ ਮਾਰਨ ਕਰਕੇ ਬਹੁਤ ਵੱਡਾ ਦੁਖਾਂਤ ਟਲ ਗਿਆ। ਗੁਰਦੁਆਰੇ ਦੇ ਬੱਚਿਆਂ ਵੱਲੋਂ ਅੰਦਰ ਜਾ ਕੇ ਹਮਲਾਵਰ ਬਾਰੇ ਜਾਣਕਾਰੀ ਦੇਣ ਅਤੇ ਗੁਰਦੁਆਰੇ ਦੇ ਪ੍ਰਧਾਨ ਸ. ਸਤਵੰਤ ਸਿੰਘ ਕਾਲਕਾ ਦੀ ਦਲੇਰਾਨਾ ਕਾਰਵਾਈ ਨੇ ਸੰਗਤ ਦੀਆਂ ਵੱਡਮੁੱਲੀਆਂ ਜਾਨਾਂ ਬਚਾਉਣ ਵਿਚ ਸਹਾਇਤਾ ਕੀਤੀ। ਇਸ ਕਾਰਵਾਈ ਵਿਚ ਭਾਈ ਕਾਲਕਾ ਹਮਲਾਵਰ ਦਾ ਸ਼ਿਕਾਰ ਹੋ ਗਏ ਤੇ ਉਨ੍ਹਾਂ ਸਮੇਤ 6 ਕੀਮਤੀ ਜਾਨਾਂ ਅਜਾਈਂ ਚਲੀਆਂ ਗਈਆਂ। ਹਮਲਾਵਰ ਦਾ ਸਬੰਧ ਇਕ ਨਵ-ਨਾਜੀਵਾਦੀ ਜਥੇਬੰਦੀ ਨਾਲ ਸਬੰਧ ਸੀ। ਗੋਰਿਆਂ ਦੀ ਇਸ ਨਸਲੀ ਜਥੇਬੰਦੀ ਦਾ ਮੰਤਵ ਯਹੂਦੀਆਂ, ਅਮਰੀਕੀ ਮੂਲ ਅਤੇ ਹੋਰ ਧਰਮਾਂ ਦੇ ਲੋਕਾਂ ਨੂੰ ਖ਼ਤਮ ਕਰਕੇ ਅਮਰੀਕਾ ਵਿਚ ਗੋਰਿਆਂ ਦਾ ਰਾਜ ਕਾਇਮ ਕਰਨਾ ਹੈ।

ਇਸ ਘਟਨਾ ਦਾ ਅਮਰੀਕਾ ਦੇ ਕੌਮੀ ਚੈਨਲਾਂ ਸੀ.ਐਨ.ਐਨ. ਅਤੇ ਫਾਕਸ ਨਿਊਜ਼ ਨੇ 5 ਘੰਟੇ ਸਿੱਧਾ ਪ੍ਰਸਾਰਨ ਕੀਤਾ। ਅਮਰੀਕੀ ਰਾਸ਼ਟਰਪਤੀ ਨੇ ਕੌਮੀ ਝੰਡੇ ਨੀਵੇਂ ਕਰਨ ਦੇ ਆਦੇਸ਼ ਦਿੱਤੇ ਤੇ ਇਸ ਨੂੰ ਅਮਰੀਕਾ ਦੀ ਆਜ਼ਾਦੀ ਉਪਰ ਹਮਲਾ ਕਰਾਰ ਦਿੱਤਾ ਗਿਆ। ਰਾਸ਼ਟਰਪਤੀ ਦੀ ਪਤਨੀ ਤੇ ਸੂਬੇ ਦਾ ਮੁੱਖ-ਮੰਤਰੀ (ਜਿਸ ਨੂੰ ਅਮਰੀਕਾ ਵਿਚ ਗਵਰਨਰ ਕਿਹਾ ਜਾਂਦਾ ਹੈ) ਪੀੜਤ ਪਰਿਵਾਰਾਂ ਨੂੰ ਖ਼ੁਦ ਮਿਲੇ ਤੇ 10 ਅਗਸਤ ਨੂੰ ਸਸਕਾਰ ਸਮੇਂ



Academy of the Punjab in North America: http://www.apnaorg.com

ਅਹਿਮ ਅਮਰੀਕੀ ਸ਼ਖਸੀਅਤਾਂ ਇਸ ਵਿਚ ਸ਼ਾਮਲ ਹੋਈਆਂ। ਲਿਖਣ ਦਾ ਭਾਵ ਹੈ ਕਿ ਸਰਕਾਰ ਵੱਲੋਂ ਘਟ ਗਿਣਤੀਆਂ ਦੇ ਮਸਲੇ ਹੱਲ ਕਰਨ ਲਈ ਉਪਰਾਲੇ ਕੀਤੇ ਜਾਂਦੇ ਹਨ, ਪਰ ਸਰਕਾਰ ਦੀ ਮਜਬੂਰੀ ਇਹ ਹੈ ਕਿ ਉਹ ਵਿੱਦਿਅਕ ਅਦਾਰਿਆਂ ਵਿਚ ਸਿੱਖ ਧਰਮ ਦਾ ਪ੍ਰਚਾਰ ਨਹੀਂ ਕਰ ਸਕਦੀ ਕਿਉਂਕਿ ਅਮਰੀਕਾ ਵਿਚ ਵਿਦਿਅਕ ਅਦਾਰਿਆਂ ਵਿਚ ਧਰਮ ਦੇ ਪ੍ਰਚਾਰ 'ਤੇ ਪਾਬੰਦੀ ਹੈ। ਅਸਲ ਵਿਚ ਅਮਰੀਕਾ ਬੰਦੂਕ ਸਭਿਆਚਾਰ ਦਾ ਸ਼ਿਕਾਰ ਹੈ। ਅਮਰੀਕਾ ਵਿਚ ਹਥਿਆਰ ਰੱਖਣ ਦੀ ਖੁੱਲ੍ਹ ਹੈ। ਭਾਵ ਕੋਈ ਲਾਇਸੈਂਸ ਨਹੀਂ ਲੈਣਾ ਪੈਂਦਾ ਜਿਵੇਂ ਭਾਰਤ ਵਿਚ ਹੈ। ਇਹੋ ਕਾਰਨ ਹੈ ਕਿ ਰੋਜ਼ਾਨਾ ਅਮਰੀਕੀਆਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਹਰ ਸਾਲ ਹਜ਼ਾਰਾਂ ਅਮਰੀਕੀ ਇਸ ਬੰਦੂਕ ਸਭਿਆਚਾਰ ਕਰਕੇ ਮਾਰੇ ਜਾਂਦੇ ਹਨ। ਇੱਥੇ ਕੋਈ ਵੀ ਸੁਰੱਖਿਅਤ ਨਹੀਂ ਹੈ। ਇੱਥੋਂ ਤੀਕ ਕਿ ਪੁਲੀਸ ਵਾਲੇ ਵੀ ਸੁਰੱਖਿਅਤ ਨਹੀਂ।

ਅਸਲ ਵਿਚ ਅਮਰੀਕਾ ਵਿਚ ਸਿੱਖ ਪਛਾਣ ਦਾ ਮਸਲਾ 11 ਸਤੰਬਰ 2001 ਵਿਚ ਉਸ ਸਮੇਂ ਪੈਦਾ ਹੋਇਆ ਜਦੋਂ ਮੁਸਲਮ ਜਥੇਬੰਦੀ ਅਲਕਾਇਦਾ ਵੱਲੋਂ ਨਿਊਯਾਰਕ ਅਤੇ ਹੋਰ ਸ਼ਹਿਰਾਂ 'ਤੇ ਅਤਿਵਾਦੀ ਹਮਲਾ ਕੀਤਾ ਗਿਆ। ਇਸ ਦੀ ਜ਼ਿੰਮੇਵਾਰੀ ਅਲਕਾਇਦਾ ਦੇ ਲੀਡਰ ਬਿਨ ਲਾਦੇਨ ਨੇ ਲਈ ਸੀ। ਉਸ ਦੀ ਤਸਵੀਰ ਟੀ.ਵੀ. ਤੇ ਵਿਖਾਉਣ ਨਾਲ ਸਾਰਾ ਮਾਹੌਲ ਵਿਗੜ ਗਿਆ। ਭਾਵੇਂ ਕਿ ਉਸ ਦੀ ਪਗੜੀ ਵੱਖਰੀ ਤਰ੍ਹਾਂ ਦੀ ਸੀ ਪਰ ਉਸ ਦੀ ਸ਼ਕਲ ਸਿੱਖਾਂ ਨਾਲ ਮਿਲਦੀ ਜੁਲਦੀ ਹੋਣ ਕਰਕੇ ਸਿੱਖਾਂ ਨੂੰ ਉਸ ਨਾਲ ਜੋੜ ਕੇ ਵੇਖਿਆ ਜਾਣ ਲਗਾ। ਇਸ ਹਮਲੇ ਦੇ ਬਦਲੇ ਵਜੋਂ, ਚਾਰ ਦਿਨਾਂ ਪਿੱਛੋਂ ਆਪਣੇ ਸਟੋਰ ਦੇ ਬਾਹਰ ਬੂਟਿਆਂ ਨੂੰ ਪਾਣੀ ਦੇ ਰਹੇ ਐਰੀਜ਼ੋਨਾ ਵਾਸੀ ਸ. ਬਲਬੀਰ ਸਿੰਘ ਸੋਢੀ ਨੂੰ ਮੁਸਲਮਾਨ ਸਮਝ ਕੇ ਇਕ ਸਿਰਫਿਰੇ ਅਮਰੀਕੀ ਫ਼ੌਜੀ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਉਸ ਕਾਤਲ ਨੂੰ ਉਮਰ ਕੈਦ ਹੋਈ ਤੇ ਹੁਣ ਉਹ ਜੇਲ੍ਹ ਵਿਚ ਹੀ ਬਤੌਰ ਕੈਦੀ ਮਰੇਗਾ। ਕੁਝ ਦਿਨਾਂ ਬਾਦ ਸ. ਬਲਬੀਰ ਸਿੰਘ ਸੋਢੀ ਦੇ ਭਰਾ ਦਾ ਵੀ ਇਸੇ ਤਰ੍ਹਾਂ ਕਤਲ ਹੋਇਆ। ਨਸਲੀ ਵਿਤਕਰੇ ਦੀਆਂ ਸੈਂਕੜੇ ਵਾਰਦਾਤਾਂ ਹੋ ਚੁੱਕੀਆਂ ਹਨ ਤੇ ਕਈ ਸਿੱਖ ਨਸਲੀ ਵਿਤਕਰੇ ਕਾਰਨ ਮਾਰੇ ਜਾ ਚੁੱਕੇ ਹਨ।

ਅਮਰੀਕਾ ਵਿਚ ਸਿੱਖ ਪਛਾਣ ਦਾ ਮਸਲਾ ਜਿਉਂ ਦਾ ਤਿਉਂ ਹੈ। ਸਿੱਖੀ ਸਰੂਪ ਵਿਚ ਸੈਰ ਕਰਦੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਗੋਰੇ ਅਕਸਰ ਅਵਾਜ਼ੇ ਕਸਦੇ ਹਨ ਤੇ ਕਹਿੰਦੇ ਹਨ ਕਿ 'ਗੋ ਬੈਕ' (ਵਾਪਸ ਜਾਓ)। ਸਿੱਖ ਪਛਾਣ ਤੋਂ ਜਾਣੂ ਕਰਾਉਣ ਲਈ ਹੁਣ ਡਾ. ਰਾਜਵੰਤ ਸਿੰਘ ਵੱਲੋਂ ਕੌਮੀ ਮੁਹਿੰਮ ਚਲਾਉਣ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਇਕ ਨੁਮਾਇੰਦਾ ਸੰਸਥਾ ਹੈ, ਉਸ ਨੂੰ ਇਸ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ।

ਅਮਰੀਕਾ ਤੋਂ ਇਲਾਵਾ ਅਸਟਰੇਲੀਆ ਤੇ ਹੋਰਨਾਂ ਮੁਲਕਾਂ ਵਿਚ ਵੀ ਸਿੱਖਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦ ਵੀ ਕੋਈ ਘਟਨਾ ਵਾਪਰਦੀ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਈ ਵੇਰ ਅਕਾਲੀ ਆਗੂਆਂ ਵੱਲੋਂ ਉਸ ਘਟਨਾ ਸਬੰਧੀ ਬਿਆਨ ਤਾਂ ਅਕਸਰ ਆਉਂਦੇ ਹਨ, ਪਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਆਪਣੇ ਪੱਧਰ 'ਤੇ ਕੁਝ ਨਹੀਂ ਕੀਤਾ ਜਾਂਦਾ।

ਸਭ ਤੋਂ ਜਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਮੁਲਕ ਵਿਚ



Academy of the Punjab in North America: http://www.apnaorg.com

ਆਪਣਾ ਦਫ਼ਤਰ ਖੋਲ੍ਹੇ, ਜਿਥੇ ਅਜਿਹੇ ਪੜ੍ਹੇ ਲਿਖੇ ਵਿਅਕਤੀ ਰਖੇ ਜਾਣ ਜਿਨ੍ਹਾਂ ਨੂੰ ਪੰਜਾਬੀ ਤੋਂ ਇਲਾਵਾ ਉਸ ਦੇਸ਼ ਦੀ ਭਾਸ਼ਾ ਵੀ ਆਉਂਦੀ ਹੋਵੇ ਤਾਂ ਜੋ ਉਹ ਸ਼੍ਰੋਮਣੀ ਕਮੇਟੀ ਤੇ ਉਸ ਦੇਸ਼ ਦੇ ਸਿੱਖਾਂ ਵਿਚ ਇਕ ਪੁੱਲ ਦਾ ਕੰਮ ਕਰ ਸਕਣ।

ਗੁਰਦੁਆਰੇ ਪ੍ਰਚਾਰ ਦਾ ਮੁੱਖ ਸਥਾਨ ਹਨ ਪਰ ਇਨ੍ਹਾਂ ਵਿਚ ਗ੍ਰੰਥੀ ਸਿੰਘ ਉਹ ਚਾਹੀਦੇ ਹਨ ਜਿਹੜੇ ਉਸ ਦੇਸ਼ ਦੀ ਭਾਸ਼ਾ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਤਾਂ ਜੋ ਉਹ ਉਥੋਂ ਦੇ ਵਸਨੀਕਾਂ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਗੁਰਬਾਣੀ ਤੇ ਸਿੱਖ ਧਰਮ ਤੋਂ ਜਾਣੂ ਕਰਾ ਸਕਣ। ਇਸ ਸੰਬੰਧੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦੇਸ਼ੀ ਭਾਸ਼ਾਵਾਂ ਵਿਭਾਗ ਨਾਲ ਮਿਲ ਕੇ ਇਨ੍ਹਾਂ ਭਾਸ਼ਾਵਾਂ ਨੂੰ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਅਜਿਹਾ ਪ੍ਰਬੰਧ ਹੋਣ ਉਪਰੰਤ ਵੱਖ ਵੱਖ ਮੁਲਕਾਂ ਨਾਲ ਗੱਲਬਾਤ ਕੀਤੀ ਜਾਵੇ ਕਿ ਉਹ ਉਨ੍ਹਾਂ ਮੁਲਕਾਂ ਵਿਚ ਉਨ੍ਹਾਂ ਗ੍ਰੰਥੀਆਂ ਨੂੰ ਵੀਜ਼ਾ ਦੇਣ ਜਿਹੜੇ ਇਨ੍ਹਾਂ ਭਾਸ਼ਾਵਾਂ ਤੋਂ ਜਾਣੂ ਹੋਣ। ਇਸੇ ਤਰ੍ਹਾਂ ਭਾਰਤੀ ਭਾਸ਼ਾਵਾਂ ਵਿਚ ਗ੍ਰੰਥੀ ਸਿੰਘ ਤਿਆਰ ਕੀਤੇ ਜਾਣ ਜਿਹੜੇ ਸਬੰਧਿਤ ਸੂਬੇ ਦੀ ਭਾਸ਼ਾ ਜਾਣਦੇ ਹੋਣ।

ਸਿੱਖ ਧਰਮ ਨਾਲ ਸੰਬੰਧਿਤ ਸਾਹਿਤ ਦੀ ਘਾਟ ਬਹੁਤ ਹੈ। ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਵਿਚ ਸਿੱਖ ਰਹਿਤ ਮਰਿਆਦਾ ਨੂੰ ਪ੍ਰਕਾਸ਼ਿਤ ਕਰਕੇ ਭਾਰਤ ਤੋਂ ਇਲਾਵਾ ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਭੇਜਿਆ ਜਾਵੇ ਤਾਂ ਜੁ ਸਥਾਨਕ ਲੋਕ ਇਸ ਨੂੰ ਪੜ੍ਹ ਸਕਣ। ਚੋਣਵਾਂ ਸਾਹਿਤ ਵੀ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਪ੍ਰਕਾਸ਼ਿਤ ਕਰਕੇ ਮੁਫ਼ਤ ਵੰਡਿਆ ਜਾਵੇ। ਇਸ ਨੂੰ ਕਮੇਟੀ ਦੀ ਵੈੱਬ ਸਾਇਟ ਉਪਰ ਵੀ ਪਾਇਆ ਜਾਵੇ ਤਾਂ ਜੋ ਕਿਤੇ ਵੀ ਬੈਠਾ ਵਿਅਕਤੀ ਇਸ ਨੂੰ ਪੜ੍ਹ ਸਕੇ। ਇਸ ਸਮੇਂ ਜੋ ਵੈੱਬਸਾਇਟ 'ਤੇ ਸਾਹਿਤ ਹੈ, ਉਹ ਨਾ ਮਾਤਰ ਹੀ ਹੈ। ਚੰਗਾ ਹੋਵੇ, ਜੇ ਅਮਰੀਕਾ, ਕੈਨੇਡਾ, ਅਸਟਰੇਲੀਆ, ਇੰਗਲੈਂਡ ਆਦਿ ਦੇਸ਼ਾਂ ਜਿੱਥੇ ਕਿ ਸਿੱਖ ਵਡੀ ਗਿਣਤੀ ਵਿਚ ਹਨ, ਉੱਥੇ ਛਪਾਈ ਦੀਆਂ ਪ੍ਰੈਸਾਂ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਾਹਿਤ ਛਾਪਿਆ ਜਾਵੇ ਤਾਂ ਜੋ ਉਹ ਲੋਕਾਂ ਨੂੰ ਆਸਾਨੀ ਨਾਲ ਮਿਲ ਸਕੇ।

ਇਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਸਾਰਨ ਕੇਵਲ ਪੀ.ਟੀ.ਸੀ., ਟੀ.ਵੀ. ਚੈਨਲ ਤੋਂ ਹੀ ਕੀਤਾ ਜਾਂਦਾ ਹੈ। ਇਸ ਦਾ ਪ੍ਰਸਾਰਨ ਸਾਰੇ ਦੇਸ਼ਾਂ ਵਿਚ ਨਹੀਂ ਹੈ। ਇਸ ਲਈ ਇਸ ਨੂੰ ਸਾਰੀ ਦੁਨੀਆਂ ਵਿਚ ਨਹੀਂ ਸੁਣਿਆ ਜਾ ਰਿਹਾ। ਜਿੱਥੇ ਹੈ, ਉੱਥੇ ਇਸ ਦੇ ਪੈਸੇ ਵੀ ਕਾਫੀ ਦੇਣੇ ਪੈਂਦੇ ਹਨ। ਗੁਰਬਾਣੀ ਨੂੰ ਘਰ ਘਰ ਪਹੁੰਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਟੀ.ਵੀ. ਚੈਨਲ ਲਾਏ। ਇਕ ਚੈਨਲ ਦਾ ਕੋਈ 40 ਲੱਖ ਰੁਪਏ ਖ਼ਰਚਾ ਆਉਂਦਾ ਹੈ। ਇਸ ਚੈਨਲ ਤੋਂ ਸ਼ਰਤਾਂ ਅਧੀਨ ਦੂਜੇ ਚੈਨਲਾਂ ਵਾਲਿਆਂ ਨੂੰ ਪ੍ਰਸਾਰਨ ਕਰਨ ਦੀ ਮੁਫ਼ਤ ਵਿਚ ਆਗਿਆ ਦਿੱਤੀ ਜਾਵੇ, ਜਿਵੇਂ ਕਿ ਉਹ ਪ੍ਰੋਗਰਾਮ ਦੌਰਾਨ, ਪ੍ਰੋਗਰਾਮ ਤੋਂ ਪਹਿਲਾਂ ਤੇ ਬਾਅਦ ਵਿਚ ਕੋਈ ਇਸ਼ਤਿਹਾਰਬਾਜ਼ੀ ਨਹੀਂ ਕਰ ਸਕਦੇ। ਰਾਤ ਨੂੰ ਕੀਰਤਨ ਦੀ ਸਮਾਪਤੀ ਪਿੱਛੋਂ ਇੱਥੇ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇ। ਜਦ ਇਹ ਚੈਨਲ ਕਾਮਯਾਬ ਹੋ ਜਾਵੇ ਤਾਂ ਦੂਜਾ ਚੈਨਲ ਕੇਵਲ ਸਿੱਖੀ ਦੇ ਪ੍ਰਚਾਰ ਲਈ ਸ਼ੁਰੂ ਕੀਤਾ ਜਾਵੇ। ਇਸ 'ਤੇ ਸਿਆਸਤ ਕਰਨ ਦੀ ਪਾਬੰਦੀ ਹੋਵੇ। ਇਸ ਤਰ੍ਹਾਂ ਦੇ ਬਹੁਤ ਸਾਰੇ ਸੁਝਾਅ ਸੰਗਤਾਂ ਤੋਂ ਲੈ ਕੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਇਸ ਨਾਲ ਸਿੱਖੀ ਦੇ ਪ੍ਰਚਾਰ ਦਾ ਦਾਇਰਾ ਵੀ ਵਧੇਗਾ ਤੇ ਕਮੇਟੀ ਦੇ ਮਾਣ ਸਤਿਕਾਰ ਵਿਚ ਵੀ ਵਾਧਾ ਹੋਵੇਗਾ।

*6 ਮਈ 2016*



Academy of the Punjab in North America: http://www.apnaorg.com

# ਪੰਜਾਬੀ ਪੁਸਤਕਾਂ ਦਾ ਭੰਡਾਰ ਹੈ ਕਰਮਨ (ਅਮਰੀਕਾ) ਦੀ ਜਨਤਕ ਲਾਇਬਰੇਰੀ

ਕਿਸੇ ਵੀ ਸਭਿਆਚਾਰ ਨੂੰ ਜ਼ਿੰਦਾ ਰੱਖਣ ਲਈ ਉਸ ਦੀ ਭਾਸ਼ਾ ਦਾ ਜਿੰਦਾ ਹੋਣਾ ਜ਼ਰੂਰੀ ਹੈ। ਅੱਜ ਪੰਜਾਬੀ ਦੁਨੀਆਂ ਦੇ ਕੋਨੇ ਕੋਨੇ ਵਿਚ ਵੱਸੇ ਹੋਏ ਹਨ ਤੇ ਉਹ ਆਪਣੀ ਪਛਾਣ ਕਾਇਮ ਰਖਣ ਲਈ ਸੰਘਰਸ਼ਸ਼ੀਲ ਹਨ। ਪੰਜਾਬੀ ਪਛਾਣ ਲਈ ਪੰਜਾਬੀ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ। ਇਹੋ ਕਾਰਨ ਹੈ ਕੇ ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਹਨ, ਉੱਥੇ ਉਹ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਦਾ ਯਤਨ ਕਰਦੇ ਹਨ। ਇਸ ਦੇ ਨਾਲ ਹੀ ਸੂਝਵਾਨ ਪੰਜਾਬੀਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਲਾਇਬਰੇਰੀ ਵੀ ਕਾਇਮ ਕੀਤੀ ਜਾਵੇ। ਆਮ ਤੌਰ 'ਤੇ ਅਜਿਹੀਆਂ ਲਾਇਬਰੇਰੀਆਂ ਚੋਣਵੇਂ ਗੁਰਦੁਆਰਿਆਂ ਵਿਚ ਮਿਲਦੀਆਂ ਹਨ। ਪਰ ਅਮਰੀਕਾ ਦੇ ਕੁਝ ਸ਼ਹਿਰ ਅਜਿਹੇ ਵੀ ਹਨ, ਜਿੱਥੇ ਪਬਲਿਕ ਲਾਇਬਰੇਰੀਆਂ ਵਿਚ ਪੰਜਾਬੀ ਦੇ ਸੈਕਸ਼ਨ ਹਨ। ਇਨ੍ਹਾਂ ਵਿਚੋਂ ਕੈਲੀਫੋਰਨੀਆ ਸੂਬੇ ਦੇ ਕਰਮਨ ਸ਼ਹਿਰ ਦੇ ਪੰਜਾਬੀ ਸਭ ਤੋਂ ਮੋਹਰੀ ਹਨ। ਇੱਥੋਂ ਦੀ ਪਬਲਿਕ ਲਾਇਬਰੇਰੀ ਵਿਚ ਇਸ ਸਮੇਂ 3000 ਤੋਂ ਵੱਧ ਪੰਜਾਬੀ ਪੁਸਤਕਾਂ ਹਨ। ਇਨ੍ਹਾਂ ਵਿਚ ਕਈ ਬਹੁਤ ਹੀ ਕੀਮਤੀ ਪੁਸਤਕਾਂ ਹਨ, ਜਿਵੇਂ ਮਹਾਨਕੋਸ਼, ਐਨਸਾਈਕਲੋਪੀਡੀਆ, ਪੰਜਾਬੀ ਡਿਕਸ਼ਨਰੀ, ਸਿੱਖ ਧਰਮ, ਸਿੱਖ ਇਤਿਹਾਸ, ਪੰਜਾਬੀ ਭਾਸ਼ਾ ਤੇ ਸਭਿਆਚਾਰ ਨਾਲ ਦੁਰਲਭ ਪੁਸਤਕਾਂ। ਬੱਚਿਆਂ ਲਈ ਵੱਖਰਾ ਸੈਕਸ਼ਨ ਹੈ ਤੇ ਪੰਜਾਬੀ ਇਤਿਹਾਸ ਲਈ ਵੱਖਰਾ ਸੈਕਸ਼ਨ ਹੈ। ਬਾਲ ਸੈਕਸ਼ਨ ਵਿਚ ਕਿਤਾਬਾਂ ਦਾ ਵੱਡਾ ਸੰਗ੍ਰਹਿ ਹੈ। ਕਰਮਨ ਬਰਾਂਚ ਵਿਚ ਅੰਗਰੇਜ਼ੀ ਤੋਂ ਬਾਅਦ ਪੰਜਾਬੀ ਦਾ ਦੂਜਾ ਸਥਾਨ ਹੈ। ਇਸ ਤੋਂ ਇਲਾਵਾ ਕਰਮਨ ਕਾਉਂਟੀ ਦੀਆਂ 13 ਬਰਾਂਚਾਂ ਵਿਚ ਪੰਜਾਬੀ ਸੈਕਸ਼ਨ ਬਣ ਗਏ ਸਨ ਪਰ ਪੰਜਾਬੀ ਪਾਠਕਾਂ ਦੀ ਪੜ੍ਹਨ ਰੁਚੀ ਘਟ ਹੋਣ ਕਰਕੇ ਹੁਣ ਇਹ ਗਿਣਤੀ ਘਟ ਰਹੀ ਹੈ।

ਅਮਰੀਕਾ ਵਿਚ ਇਹ ਨਿਯਮ ਹੈ ਕਿ ਜਿਹੜੀਆਂ ਕਿਤਾਬਾਂ ਬਹੁਤ ਘਟ ਪੜ੍ਹੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਇਕ ਸਮੇਂ ਬਾਅਦ ਬਾਹਰ ਕੱਢ ਦਿੱਤਾ ਜਾਂਦਾ ਹੈ। ਕਿੰਨੀ ਮਾੜੀ ਗੱਲ ਹੈ ਕਿ ਸਾਡੇ ਪੰਜਾਬੀ ਭੈਣ ਭਰਾ ਇਸ ਦਾ ਲਾਭ ਨਹੀਂ ਉਠਾ ਰਹਿ। ਇਸ ਲਾਇਬਰੇਰੀ ਦੀਆਂ ਪੁਸਤਕਾਂ ਨਾਲ ਵੀ ਇਹੋ ਹੋ ਰਿਹਾ ਹੈ। ਹੁਣ ਇੱਥੋਂ ਦੀਆਂ ਕੱਢੀਆਂ ਪੁਸਤਕਾਂ ਕਰਮਨ ਦੇ ਪੰਜਾਬੀ ਸਕੂਲ ਵਿਚ ਰਖੀਆਂ ਜਾ ਰਹੀਆਂ ਹਨ।

ਇਸ ਲਾਇਬਰੇਰੀ ਨੂੰ ਵੇਖਣ ਲਈ ਕਈ ਨਾਮਵਰ ਲੇਖਕ ਤੇ ਪੰਜਾਬੀ ਪਿਆਰੇ ਆ ਚੁੱਕੇ ਹਨ। ਇਨ੍ਹਾਂ ਵਿਚ ਸ. ਜਗਦੇਵ ਸਿੰਘ ਜੱਸੋਵਾਲ, ਡਾ. ਰਘਬੀਰ ਸਿੰਘ



Academy of the Punjab in North America: http://www.apnaorg.com

ਸਿਰਜਣਾ, ਡਾ. ਏ.ਐਸ. ਅਟਵਾਲ, ਡਾ. ਪ੍ਰਿਤਪਾਲ ਸਿੰਘ, ਸ. ਜਸਵੀਰ ਸਿੰਘ, ਪ੍ਰਿੰ: ਦਰਸ਼ਨ ਸਿੰਘ ਨਤ, ਡਾ. ਸੁਖਮਿੰਦਰ ਸਿੰਘ, ਮਿਸਟਰ ਵਿਰੇਂਦਰ ਸ਼ਰਮਾ ਮੈਂਬਰ ਬ੍ਰਿਟਿਸ਼ ਪਾਰਲੀਮੈਂਟ, ਡਾ. ਸਵਰਾਜ ਸਿੰਘ, ਪ੍ਰੋ.ਜਗਮੋਹਣ ਸਿੰਘ, ਡਾ.ਸਾਧੂ ਸਿੰਘ ਕੈਨੇਡਾ, ਸ.ਕਰਮ ਸਿੰਘ ਮਾਨ, ਡਾ.ਅਜਮੇਰ ਸਿੰਘ ਸਿੱਧੂ, ਅਜੀਤ ਜਲੰਧਰ ਦੇ ਪਤਰਕਾਰ ਸ. ਮੇਜਰ ਸਿੰਘ, ਡਾ.ਵੀਨਾ ਸ਼ਰਮਾ, ਪ੍ਰਿੰ.ਗੁਰਨਾਮ ਸਿੰਘ ਆਦਿ ਸ਼ਾਮਲ ਹਨ।

ਇਹ ਲਾਇਬਰੇਰੀ ਕਿਵੇਂ ਸ਼ੁਰੂ ਹੋਈ। ਬਾਰੇ ਜਾਨਣਾ ਵੀ ਪਾਠਕਾਂ ਲਈ ਦਿਲਚਸਪ ਹੋਵੇਗਾ। ਸ. ਜਗਜੀਤ ਸਿੰਘ ਥਿੰਦ ਜੋ ਕਿ ਜਿਲ੍ਹਾ ਲੁਧਿਆਣਾ ਦੇ ਬਿੰਜਲ ਪਿੰਡ ਨਾਲ ਸਬੰਧਤ ਹਨ, ਆਪਣੇ ਬੱਚਿਆਂ ਨੂੰ ਮਿਲਣ ਕਰਮਨ ਆਏ ਤਾਂ ਉਹ ਇਥੋਂ ਦੀ ਪਬਲਿਕ ਲਾਇਬਰੇਰੀ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਉੱਥੇ ਉਨ੍ਹਾਂ ਨੇ ਪੰਜਾਬੀ ਦੀਆਂ ਦੋ ਪੁਸਤਕਾਂ ਵੇਖੀਆਂ ਜੋ ਕਿਸੇ ਪੰਜਾਬੀ ਨੇ ਦਾਨ ਦਿੱਤੀਆਂ ਸਨ। ਉਨ੍ਹਾਂ ਨੇ ਬਤੌਰ ਸਰਪੰਚ ਰਹਿੰਦੇ ਆਪਣੇ ਪਿੰਡ ਬਿੰਜਲ ਲਾਇਬਰੇਰੀ ਖੋਲ੍ਹੀ ਸੀ। ਇਸ ਲਈ ਉਨ੍ਹਾਂ ਅੰਦਰ ਇਸ ਲਾਇਬਰੇਰੀ ਬਾਰੇ ਜਾਨਣ ਦੀ ਉਤਸੁਕਤਾ ਪੈਦਾ ਹੋਈ ਕਿ ਕੀ ਇੱਥੇ ਪੰਜਾਬੀ ਵਿਚ ਵਖਰਾ ਸੈਕਸ਼ਨ ਬਣ ਕੇ ਵਡੀ ਗਿਣਤੀ ਵਿਚ ਪੁਸਤਕਾਂ ਰਖੀਆਂ ਜਾ ਸਕਦੀਆਂ ਹਨ। ਉੱਥੋਂ ਦੀ ਲਾਇਬਰੇਰੀਅਨ ਮਿਸਜ਼ ਰੀਟਾ ਡਿਲ ਟੇਸਟਾ ਨੇ ਉਨ੍ਹਾਂ ਨੂੰ ਦੱਸਿਆ ਕਿ ਜੇ ਤੁਸੀਂ ਇਥੇ ਰਹਿੰਦੇ ਪੰਜਾਬੀਆਂ ਦੇ ਅੰਕੜੇ ਇਕੱਠੇ ਕਰਕੇ ਲਿਆਓ ਤਾਂ ਪੰਜਾਬੀ ਪੁਸਤਕਾਂ ਖ਼ਰੀਦਣ ਲਈ ਗਰਾਂਟ ਮਿਲ ਸਕਦੀ ਹੈ। ਉਨ੍ਹਾਂ ਨੇ ਉਥੋਂ ਦੇ ਪੁਰਾਣੇ ਵਸਨੀਕ ਸ. ਮਹਿੰਦਰ ਸਿੰਘ ਗਰੇਵਾਲ ਤੇ ਕੁਲਦੀਪ ਸਿੰਘ ਕਾਲੇਕਾ ਦੀ ਸਹਾਇਤਾ ਨਾਲ ਅੰਕੜੇ ਇਕੱਠੇ ਕਰਕੇ ਲਾਇਬਰੇਰੀਅਨ ਨੂੰ ਦੇ ਦਿਤੇ।

ਕੁਝ ਦਿਨਾਂ ਬਾਅਦ ਫਰਿਜ਼ਨੋ ਕਾਊਂਟੀ ਨੇ 5 ਹਜ਼ਾਰ ਡਾਲਰ ਪੰਜਾਬੀ ਪੁਸਤਕਾਂ ਦੀ ਖ਼ਰੀਦ ਲਈ ਜਾਰੀ ਕਰ ਦਿੱਤੇ। ਉਨ੍ਹਾਂ ਨੇ ਪੰਜਾਬ ਦੀਆਂ ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੁਸਤਕਾਂ ਭੇਜਣ ਦੀ ਬੇਨਤੀ ਕੀਤੀ ਪਰ ਕਿਸੇ ਦਾ ਕੋਈ ਜੁਆਬ ਨਾ ਆਇਆ। ਮਜਬੂਰੀ-ਵਸ ਉਨ੍ਹਾਂ ਨੇ ਅਮਰੀਕਾ ਵਿਚ ਪੁਸਤਕ ਵੇਚਣ ਵਾਲਿਆਂ ਤੋਂ ਦੁਗਣੇ ਮੁੱਲ ਕਿਤਾਬਾਂ ਖ਼ਰੀਦੀਆਂ। ਆਖ਼ਰੀ ਤਰੀਕ ਤੋਂ ਕੁਝ ਦਿਨ ਪਹਿਲਾਂ ਸਿੰਘ ਬਰਦਰਜ਼, ਅੰਮ੍ਰਿਤਸਰ ਅਤੇ ਇਕਾ-ਦੁਕਾ ਪ੍ਰਕਾਸ਼ਕਾਂ ਨੇ ਕੁਝ ਪੁਸਤਕਾਂ ਭੇਜੀਆਂ। ਸਿੱਟੇ ਵਜੋਂ ਅੱਧੀ ਗਰਾਂਟ ਹੀ ਖਰਚ ਹੋ ਸਕੀ।

ਰਸਮੀ ਤੌਰ 'ਤੇ ਪੰਜਾਬੀ ਸੈਕਸ਼ਨ ਦਾ ਉਦਘਾਟਨ ਅਮਰੀਕਾ ਦੇ ਸੌਂਗੀ ਦੇ ਬਾਦਸ਼ਾਹ ਸ. ਚਰਨਜੀਤ ਸਿੰਘ ਬਾਠ ਨੇ 23 ਜਨਵਰੀ 1999 ਨੂੰ ਕੀਤਾ ਤੇ 2500 ਡਾਲਰ ਪੰਜਾਬੀ ਪੁਸਤਕਾਂ ਦੀ ਖ਼ਰੀਦ ਲਈ ਦਾਨ ਦਿਤੇ। ਇਸ ਮੌਕੇ ਮੇਅਰ ਮਿਸਟਰ ਟਰੇਨੀ ਰੋਡਰੀਗਜ਼, ਕਾਊਂਟੀ ਲਾਇਬਰੇਰੀਅਨ ਮਿਸਟਰ ਕੈਲਨਬਰਗ ਤੇ ਹੋਰ ਪਤਵੰਤੇ ਹਾਜ਼ਰ ਸਨ। ਸ. ਗੁਰਚਰਨ ਸਿੰਘ ਰੱਕੜ ਨੇ 500 ਡਾਲਰ ਪੰਜਾਬੀ ਪੁਸਤਕਾਂ ਖ਼ਰੀਦਣ ਲਈ ਦਾਨ ਦਿਤੇ। ਇੰਝ ਇਹ ਲਾਇਬਰੇਰੀ ਹੋਂਦ ਵਿਚ ਆਈ। ਇਸ ਤੋਂ ਪਿੱਛੋਂ ਪੰਜਾਬੀ ਪਿਆਰਿਆਂ ਅਤੇ ਫਰਿਜ਼ਨੋ ਕਾਊਂਟੀ ਨੇ ਸਹਾਇਤਾ ਕੀਤੀ ਤੇ ਇੱਥੋਂ ਦਾ ਪੰਜਾਬੀ ਸੈਕਸ਼ਨ ਪੁਸਤਕ ਭੰਡਾਰ ਦੇ ਤੌਰ 'ਤੇ ਜਾਣਿਆ ਜਾਣ ਲਗਾ।

ਵਰਨਣਯੋਗ ਹੈ ਕਿ ਕਰਮਨ ਦੀ ਆਬਾਦੀ 15 ਹਜ਼ਾਰ ਦੇ ਕਰੀਬ ਹੈ, ਜਿਨ੍ਹਾਂ



Academy of the Punjab in North America: http://www.apnaorg.com

ਵਿਚ 12% ਪੰਜਾਬੀ ਹਨ। ਕਰਮਨ ਸ਼ਹਿਰ, ਯੂਬਾ ਸਿਟੀ ਤੋਂ ਬਾਦ ਦੂਜਾ ਸ਼ਹਿਰ ਹੈ, ਜਿੱਥੋਂ ਦੇ ਪਬਲਿਕ ਸਕੂਲ ਵਿਚ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਦਿਲਚਸਪ ਪਹਿਲੂ ਇਹ ਹੈ ਕਿ ਇਸ ਸਕੂਲ ਵਿਚ ਸਭ ਤੋਂ ਵੱਧ ਮੈਕਸੀਕਨ ਬੱਚੇ ਪੰਜਾਬੀ ਪੜ੍ਹਦੇ ਹਨ, ਕਿਉਂਕਿ ਉਨ੍ਹਾਂ ਨੇ ਪੰਜਾਬੀਆਂ ਨਾਲ ਮਿਲ ਕੇ ਕੰਮ ਕਰਨਾ ਹੁੰਦਾ ਹੈ। ਪੰਜਾਬੀ ਉਨ੍ਹਾਂ ਦੇ ਰੁਜ਼ਗਾਰ ਨਾਲ ਜੁੜੀ ਹੋਈ ਹੈ। ਇਸ ਦਾ ਭਾਵ ਹੈ ਕਿ ਜੇ ਪੰਜਾਬੀ ਨੇ ਤਰੱਕੀ ਕਰਨੀ ਹੈ ਤਾਂ ਸਾਨੂੰ ਪੰਜਾਬੀ ਨੂੰ ਰੁਜ਼ਗਾਰ ਨਾਲ ਜੋੜਨਾ ਹੋਵੇਗਾ।

ਅਮਰੀਕਾ ਦੇ ਜਿਨ੍ਹਾਂ ਸ਼ਹਿਰਾਂ ਵਿਚ ਪੰਜਾਬੀ ਵੱਡੀ ਗਿਣਤੀ ਵਿਚ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉੱਥੇ ਪਬਲਿਕ ਲਾਇਬਰੇਰੀਆਂ ਵਿਚ ਇਸ ਤਰ੍ਹਾਂ ਦੇ ਪੰਜਾਬੀ ਸੈਕਸ਼ਨ ਬਣਾਉਣ ਤੇ ਨਾਲ ਹੀ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਨ ਕਿ ਉਹ ਲਾਇਬਰੇਰੀ ਵਿੱਚੋਂ ਪੰਜਾਬੀ ਪੁਸਤਕਾਂ ਘਰ ਲੈ ਕੇ ਜਾਇਆ ਕਰਨ ਤਾਂ ਜੋ ਉਥੋਂ ਦੀ ਸਰਕਾਰ ਨੂੰ ਪਤਾ ਲੱਗੇ ਕਿ ਪੰਜਾਬੀ ਪੁਸਤਕਾਂ ਪ੍ਰਤੀ ਪੰਜਾਬੀਆਂ ਦਾ ਮੋਹ ਹੈ ਤਾਂ ਜੋ ਉਹ ਵੱਧ ਵੱਧ ਗਰਾਂਟ ਜਾਰੀ ਕਰ ਸਕੇ।

*28 ਜੁਲਾਈ 2015*



Academy of the Punjab in North America: http://www.apnaorg.com

# ਲਾਲਾ ਲਾਜਪਤ ਰਾਏ ਦੀ ਗ਼ਦਰ ਪਾਰਟੀ ਪ੍ਰਤੀ ਪਹੁੰਚ

ਭਾਰਤ ਦੀ ਆਜ਼ਾਦੀ ਵਿਚ ਲਾਲਾ ਲਾਜਪਤ ਰਾਏ ਦੇ ਪਾਏ ਯੋਗਦਾਨ ਬਾਰੇ ਅਕਸਰ ਮੀਡਿਆ ਵਿਚ ਚਰਚਾ ਹੁੰਦੀ ਰਹਿੰਦੀ ਹੈ। ਜਿੱਥੋਂ ਤੀਕ ਗ਼ਦਰ ਪਾਰਟੀ ਦਾ ਸਬੰਧ ਹੈ, ਲਾਲਾ ਲਾਜਪਤ ਰਾਏ ਨਾਲ ਗ਼ਦਰ ਪਾਰਟੀ ਨੇ ਵੀ ਸੰਪਰਕ ਕੀਤਾ ਤੇ ਉਨ੍ਹਾਂ ਨੂੰ ਮਾਇਕ ਸਹਾਇਤਾ ਵੀ ਦਿੱਤੀ ਤਾਂ ਜੋ ਉਹ ਭਾਰਤ ਜਾ ਕੇ ਗ਼ਦਰੀਆਂ ਵਿਰੁੱਧ ਚਲ ਰਹੇ ਮੁਕੱਦਮਿਆਂ ਦੀ ਪੈਰਵੀ ਕਰ ਸਕਣ। ਪਰ ਉਨ੍ਹਾਂ ਨੇ ਇਹ ਰਾਸ਼ੀ ਇਸ ਕੰਮ 'ਤੇ ਖ਼ਰਚ ਕਰਨ ਦੀ ਥਾਂ 'ਤੇ ਕਾਂਗਰਸੀ ਵਿਚਾਰਧਾਰਾ 'ਤੇ ਖ਼ਰਚ ਕਰ ਦਿੱਤੀ, ਜਿਸ ਦੇ ਕਿ ਉਹ ਮੁਦੱਈ ਸਨ। ਮਹਾਨ ਦੇਸ਼ ਭਗਤ ਗ਼ਦਰੀ ਬਾਬਾ ਹਰਜਾਪ ਸਿੰਘ ਮਾਹਿਲਪੁਰ ਨੇ ਆਪਣੀ ਡਾਇਰੀ ਵਿਚ ਇਸ ਵਿਸ਼ੇ 'ਤੇ ਸੰਖੇਪ ਵਿਚ ਚਾਨਣਾ ਪਾਇਆ ਹੈ, ਜੋ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਛਾਪੀ ਹੈ।

ਬਾਬਾ ਹਰਜਾਪ ਸਿੰਘ ਲਿਖਦੇ ਹਨ ਕਿ 1914 ਵਿੱਚ ਨਹਿਰ ਪਾਨਾਮਾ ਦੇ ਮੁਕੰਮਲ ਹੋ ਜਾਣ ਉੱਤੇ ਅਮਰੀਕਾ ਸਰਕਾਰ ਵੱਲੋਂ ਸਾਨਫਰਾਂਸਿਸਕੋ ਅੰਦਰ ਇਕ ਬਹੁਤ ਵੱਡੀ ਨੁਮਾਇਸ਼ ਲਗਾਈ ਗਈ, ਜਿਸ ਨੂੰ ਦੁਨੀਆਂ ਭਰ ਤੋਂ ਲੋਕ ਵੇਖਣ ਆਏ। ਇਹ ਨੁਮਾਇਸ਼ ਬਹੁਤ ਹਰਮਨ ਪਿਆਰੀ ਹੋਈ ਤੇ ਇਕ ਸਾਲ ਜਾਰੀ ਰਹੀ। ਲਾਲਾ ਲਾਜਪਤ ਰਾਏ ਵੀ ਇਸ ਸਿਲਸਿਲੇ ਵਿਚ ਅਮਰੀਕਾ ਪੁੱਜੇ ਤੇ ਸੱਤ-ਅੱਠ ਮਹੀਨੇ ਉੱਥੇ ਹੀ ਰਹੇ। ਨੁਮਾਇਸ਼ ਵੇਖਣ ਦੇ ਪਿੱਛੋਂ ਆਪ ਕੁਝ ਚਿਰ ਅਮਰੀਕਾ ਵਿੱਚ ਸੈਰ ਸਪਾਟਾ ਕਰਦੇ ਰਹੇ। ਗ਼ਦਰ ਪਾਰਟੀ ਦਾ ਕੰਮ ਉਨ੍ਹੀਂ ਦਿਨੀਂ ਆਪਣੇ ਜੋਬਨ ਵਿਚ ਸੀ। ਜੱਥਿਆਂ ਦੇ ਜੱਥੇ ਹਿੰਦੋਸਤਾਨ ਪੁੱਜ ਚੁੱਕੇ ਸਨ ਤੇ ਆਪਣੀਆਂ ਸਰਗਰਮੀਆਂ ਦੇ ਪਿੱਛੋਂ ਗ੍ਰਿਫ਼ਤਾਰ ਹੋ ਗਏ ਸਨ। ਵੱਖ ਵੱਖ ਦੇਸ਼ਾਂ ਵਿਚ ਉਨ੍ਹਾਂ ਵਿਰੁੱਧ ਸਾਜ਼ਿਸ਼ਾਂ ਦੇ ਮੁਕੱਦਮੇ ਚਲ ਰਹੇ ਸਨ। ਲਾਲਾ ਜੀ ਆਪਣਾ ਪ੍ਰੋਗਰਾਮ ਖ਼ਤਮ ਕਰ ਕੇ ਜਿਸ ਵੇਲੇ ਦੇਸ਼ ਜਾਣ ਦੀ ਤਿਆਰੀ ਕਰ ਰਹੇ ਸਨ ਤਾਂ ਪੰਡਤ ਰਾਮਚੰਦਰ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ। ਉਹ ਲਾਲਾ ਜੀ ਨੂੰ ਮਿਲੇ ਤੇ ਹਿੰਦੋਸਤਾਨ ਅੰਦਰ ਗ਼ਦਰ ਪਾਰਟੀ ਦੇ ਮੈਂਬਰਾਂ ਨਾਲ ਵਾਪਰੇ ਸਾਰੇ ਹਾਲ ਉਨ੍ਹਾਂ ਨੂੰ ਦੱਸੇ ਤੇ ਪੰਜ ਹਜ਼ਾਰ ਡਾਲਰ ਲਾਲਾ ਜੀ ਨੂੰ ਹਿੰਦੋਸਤਾਨ ਅੰਦਰ ਚਲ ਰਹੇ ਸਾਜ਼ਿਸ਼ ਦੇ ਮੁਕੱਦਮਿਆਂ ਦੀ ਪੈਰਵੀ ਵਾਸਤੇ ਦਿੱਤੇ।

ਲਾਲਾ ਜੀ ਅਮਰੀਕਾ ਤੋਂ ਜਾਪਾਨ ਪੁੱਜੇ ਤਾਂ ਉਨ੍ਹਾਂ ਦੀ ਮੁਲਾਕਾਤ ਬਾਬੂ ਰਾਸ ਬਿਹਾਰੀ ਬੋਸ ਨਾਲ ਹੋਈ। ਮਿਸਟਰ ਬੋਸ ਨੇ ਸਾਰੇ ਹਾਲਾਤ ਤੋਂ ਉਨ੍ਹਾਂ ਨੂੰ ਜਾਣੂ ਕਰਾਇਆ। ਉਸ ਵੇਲੇ ਲਾਹੌਰ ਵਿੱਚ ਚਲਿਆ ਪਹਿਲਾ ਸਾਜ਼ਿਸ਼ ਦਾ ਮੁਕੱਦਮਾ ਮੁਕ ਜਾਣ ਦੀ ਖ਼ਬਰ



Academy of the Punjab in North America: http://www.apnaorg.com

ਉਨ੍ਹਾਂ ਨੂੰ ਜਾਪਾਨ ਪੁੱਜਦਿਆਂ ਹੀ ਲੱਗੀ। ਇਸ ਵਿਚ ਕਈ ਸੱਜਣਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਮਿਸਟਰ ਬੋਸ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਇਸ ਵੇਲੇ ਹਿੰਦੋਸਤਾਨ ਜਾਣਾ ਅੱਗ ਵਿੱਚ ਕੁੱਦਣ ਦੇ ਬਰਾਬਰ ਹੈ। ਇਸ ਲਈ ਉਨ੍ਹਾਂ ਨੂੰ ਦੇਸ਼ ਨਹੀਂ ਜਾਣਾ ਚਾਹੀਦਾ। ਲਾਲਾ ਜੀ ਨੂੰ ਭਾਈ ਪਰਮਾਨੰਦ ਨਾਲ ਜੋ ਬੀਤੀ ਸੀ ਉਸ ਦਾ ਵੀ ਪਤਾ ਲੱਗ ਗਿਆ ਸੀ। ਇਸ ਲਈ ਠੰਡ ਵਰਤਣ ਤਕ ਉਨ੍ਹਾਂ ਨੇ ਜਾਪਾਨ ਵਿੱਚ ਰਹਿਣਾ ਹੀ ਯੋਗ ਸਮਝਿਆ।

ਇਸੇ ਦੌਰਾਨ ਭਾਈ ਭਗਵਾਨ ਸਿੰਘ ਤੇ ਉਨ੍ਹਾਂ ਦੇ ਸਾਥੀ ਸਿਆਮ ਵਿੱਚੋਂ ਨਿਕਲ ਕੇ ਜਾਪਾਨ ਪੁੱਜੇ ਤੇ ਲਾਲਾ ਜੀ ਅਤੇ ਮਿਸਟਰ ਬੋਸ ਤੇ ਆਪਣੇ ਹੋਰ ਸਾਥੀਆਂ ਨਾਲ ਰਲ ਕੇ ਦੇਸ਼ ਦੀ ਆਜ਼ਾਦੀ ਲਈ ਨਵੇਂ ਸਿਰਿਉਂ ਕੰਮ ਸ਼ੁਰੂ ਕਰ ਦਿੱਤਾ। ਜਾਪਾਨ ਵਿਚ ਨੀਯਤ ਜਰਮਨ ਸਫ਼ੀਰ ਨੇ ਇਨ੍ਹਾਂ ਕੰਮਾਂ ਨੂੰ ਜਾਰੀ ਰੱਖਣ ਲਈ ਨੱਬੇ ਹਜ਼ਾਰ ਜ਼ੈੱਨ (ਜਾਪਾਨੀ ਸਿੱਕਾ) ਭਾਈ ਭਗਵਾਨ ਸਿੰਘ ਨੂੰ ਦਿੱਤੇ। ਭਾਈ ਜੀ ਨੇ ਇਹ ਸਾਰੀ ਦੀ ਸਾਰੀ ਰਕਮ ਬਾਬੂ ਰਾਸ ਬਿਹਾਰੀ ਬੋਸ ਨੂੰ ਲਿਆ ਕੇ ਦੇ ਦਿੱਤੀ। ਲਾਲਾ ਲਾਜਪਤ ਰਾਏ ਜਾਪਾਨ ਵਿਚ ਵਕਤ ਕਟੀ ਹੀ ਕਰ ਰਹੇ ਸਨ। ਸਾਰੇ ਮਿਤਰਾਂ ਨੇ ਉਨ੍ਹਾਂ ਨੂੰ ਇਹ ਸਲਾਹ ਦਿੱਤੀ ਕਿ ਇਥੇ ਵਿਹਲੇ ਰਹਿਣ ਨਾਲੋਂ ਅਮਰੀਕਾ ਵਿਚ ਜਾ ਕੇ ਕੁਝ ਕੰਮ ਕਰਨਾ ਜ਼ਿਆਦਾ ਚੰਗਾ ਹੈ। ਉਨ੍ਹਾਂ ਨੇ ਇਹ ਸਲਾਹ ਮੰਨ ਕੇ ਅਮਰੀਕਾ ਜਾਣਾ ਪ੍ਰਵਾਨ ਕਰ ਲਿਆ। ਮਿਸਟਰ ਬੋਸ ਨੇ ਦਸ ਹਜ਼ਾਰ ਜ਼ੈੱਨ ਉਨ੍ਹਾਂ ਨੂੰ ਦਿੱਤੇ। ਲਾਲਾ ਜੀ ਅਮਰੀਕਾ ਪਹੁੰਚ ਗਏ। ਕੁਝ ਚਿਰ ਪਿੱਛੋਂ ਭਾਈ ਭਗਵਾਨ ਸਿੰਘ ਤੇ ਭਾਈ ਸੰਤੋਖ ਸਿੰਘ ਜੀ ਵੀ ਅਮਰੀਕਾ ਪੁੱਜ ਗਏ। ਗ਼ਦਰ ਪਾਰਟੀ ਦੀ ਸਲਾਹ ਨਾਲ ਇਹ ਫ਼ੈਸਲਾ ਹੋਇਆ ਕਿ ਲਾਲਾ ਜੀ ਅਮਰੀਕਨ ਪਬਲਿਕ ਨੂੰ ਹਿੰਦੋਸਤਾਨ ਦੇ ਹਾਲਾਤ ਤੋਂ ਜਾਣੂੰ ਕਰਾਉਣ ਲਈ ਇਕ ਮਹਾਵਾਰੀ ਰਸਾਲਾ ਅੰਗਰੇਜ਼ੀ ਜ਼ਬਾਨ ਵਿੱਚ ਸ਼ੁਰੂ ਕਰਨ। ਇਸ ਰਸਾਲੇ ਦਾ ਨਾਮ 'ਯੰਗ ਇੰਡੀਆ' ਰੱਖਿਆ ਗਿਆ। ਅਖ਼ਬਾਰ ਦਾ ਦਫ਼ਤਰ ਨਿਊਯਾਰਕ ਵਿੱਚ ਕਾਇਮ ਕਰਨ ਦਾ ਫ਼ੈਸਲਾ ਹੋਇਆ। ਇਹ ਵੀ ਫ਼ੈਸਲਾ ਹੋਇਆ ਕਿ ਲਾਲਾ ਜੀ ਗ਼ਦਰ ਪਾਰਟੀ ਨਾਲ ਕੋਈ ਸੰਬੰਧ ਨਹੀਂ ਰੱਖਣਗੇ ਪਰ ਅਖ਼ਬਾਰ ਦੀ ਪਾਲਸੀ ਉਹੋ ਹੋਵੇਗੀ ਜੋ ਗ਼ਦਰ ਪਾਰਟੀ ਦੀ ਹੈ। ਪਾਰਟੀ ਨੇ ਇਸ ਅਖ਼ਬਾਰ ਦੇ ਸਾਰੇ ਖ਼ਰਚਿਆਂ ਦੀ ਜ਼ਿੰਮੇਵਾਰੀ ਆਪਣੇ ਉੱਤੇ ਲੈ ਲਈ ਤੇ ਅਖ਼ਬਾਰ ਨੂੰ ਜਾਰੀ ਕਰਨ ਲਈ ਸੱਤ ਸੌ ਡਾਲਰ ਲਾਲਾ ਜੀ ਦੇ ਹਵਾਲੇ ਕੀਤੇ ਗਏ।

ਲਾਲਾ ਜੀ ਬਣਾਏ ਪ੍ਰੋਗਰਾਮ ਅਨੁਸਾਰ ਨਿਊਯਾਰਕ ਪੁੱਜ ਗਏ ਤੇ ਯੰਗ ਇੰਡੀਆ ਅਖ਼ਬਾਰ ਸ਼ੁਰੂ ਕਰ ਦਿੱਤੀ, ਪਰ ਜਦੋਂ ਪਹਿਲਾ ਪਰਚਾ ਹੀ ਗ਼ਦਰ ਪਾਰਟੀ ਸਾਹਮਣੇ ਆਇਆ ਤਾਂ ਉਹਨਾਂ ਨੂੰ ਬੜੀ ਮਾਯੂਸੀ ਹੋਈ, ਕਿਉਂਕਿ ਅਖ਼ਬਾਰ ਦੀ ਪਾਲਸੀ ਗ਼ਦਰ ਪਾਰਟੀ ਦੀ ਥਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਸੀ ਤੇ ਅਖ਼ੀਰ ਤੱਕ ਇਹੋ ਹੀ ਰਹੀ। ਇਸ ਕਰਕੇ ਗ਼ਦਰ ਪਾਰਟੀ ਨੇ ਪਾਰਟੀ ਦੀ ਹੈਸੀਅਤ ਵਿਚ ਹੋਰ ਮਦਦ ਕਰਨੀ ਬੰਦ ਕਰ ਦਿੱਤੀ ਪਰ ਪਾਰਟੀ ਦੇ ਮੈਂਬਰ ਜ਼ਾਤੀ ਹੈਸੀਅਤ ਵਿੱਚ ਆਪਣੇ ਵਿੱਤ ਅਨੁਸਾਰ ਉਨ੍ਹਾਂ ਦੀ ਸਹਾਇਤਾ ਕਰਦੇ ਰਹੇ। ਅਖ਼ਬਾਰ ਨੇ ਕਾਫੀ ਨਾਂ ਪੈਦਾ ਕਰ ਲਿਆ। ਲਾਲਾ ਜੀ ਨੇ ਅਮਰੀਕਾ ਵਿਚ ਰਹਿੰਦੇ ਹੋਏ ਕਈ ਕਿਤਾਬਾਂ ਲਿਖੀਆਂ, ਜਿਹਨਾਂ ਵਿੱਚ ਯੰਗ ਇੰਡੀਆ ਬੜੀ ਪ੍ਰਸਿੱਧ ਹੈ।

1920 ਤੱਕ ਉਨ੍ਹਾਂ ਅਮਰੀਕਾ ਵਿਚ ਹੀ ਰਹੇ। ਇਸ ਸਾਲ ਦੇ ਆਰੰਭ ਵਿਚ ਉਨ੍ਹਾਂ



Academy of the Punjab in North America: http://www.apnaorg.com

ਨੇ ਹਿੰਦੋਸਤਾਨ ਜਾਣ ਲਈ ਪਾਸਪੋਰਟ ਦੀ ਮੰਗ ਕੀਤੀ ਪਰ ਨਿਊਯਾਰਕ ਦੇ ਬਰਤਾਨਵੀਂ ਸਫ਼ੀਰ ਨੇ ਪਾਸਪੋਰਟ ਦੇਣ ਤੋਂ ਨਾਂਹ ਕਰ ਦਿੱਤੀ। ਉਸ ਦੇ ਪਿੱਛੋਂ ਉਨ੍ਹਾਂ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਨਾਮ ਆਪਣੀ ਅਖ਼ਬਾਰ ਵਿੱਚ ਇਕ ਖੁੱਲੀ ਚਿੱਠੀ ਲਿਖੀ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਪਾਸਪੋਰਟ ਮਿਲ ਗਿਆ।ਉਨ੍ਹਾਂ ਦੇ ਪਿੱਛੋਂ ਯੰਗ ਇੰਡੀਆ ਅਖ਼ਬਾਰ ਨੂੰ ਡਾਕਟਰ ਹਿਰਕੇਕਾਰ ਬੜੀ ਕਾਮਯਾਬੀ ਨਾਲ ਚਲਾਉਂਦੇ ਰਹੇ। ਇਕ ਵਾਰੀ ਉਨ੍ਹਾਂ ਨੇ ਅਖ਼ਬਾਰ ਦੀ ਸਹਾਇਤਾ ਲਈ ਕੈਨੇਡਾ ਵਿੱਚ ਜਾ ਕੇ ਉੱਥੋਂ ਦੇ ਹਿੰਦੋਸਤਾਨੀਆਂ ਪਾਸ ਅਪੀਲ ਕੀਤੀ। ਜਿਸ ਨਾਲ ਤਿੰਨ ਹਜ਼ਾਰ ਡਾਲਰ ਇਕੱਠਾ ਹੋ ਗਿਆ। ਪਰ ਕੁਝ ਚਿਰ ਪਿੱਛੋਂ ਇਨ੍ਹਾਂ ਦੇ ਵੀ ਵਾਪਸ ਹਿੰਦੋਸਤਾਨ ਆ ਜਾਣ 'ਤੇ ਅਖ਼ਬਾਰ ਬੰਦ ਹੋ ਗਿਆ।

ਹਿੰਦੂ- ਜਰਮਨ ਸਾਜ਼ਿਸ਼ ਕੇਸ ਦੇ ਹਿੰਦੋਸਤਾਨੀ ਮੁਲਜ਼ਮਾਂ ਦੇ ਬਰੀ ਹੋਣ 'ਤੇ ਲਾਲਾ ਲਾਜਪਤ ਰਾਏ ਪਾਸੋਂ ਪਾਰਟੀ ਨੇ ਉਸ ਰਕਮ ਦੀ ਮੰਗ ਕੀਤੀ ਜੋ ਪੰਡਤ ਰਾਮ ਚੰਦਰ ਨੇ ਉਨ੍ਹਾਂ ਨੂੰ ਦਿੱਤੀ ਸੀ। ਲਾਲਾ ਜੀ ਨੇ ਦੱਸਿਆ ਕਿ ਉਹ ਰਕਮ ਪੰਜ ਹਜ਼ਾਰ ਨਹੀਂ ਸਗੋਂ ਤਿੰਨ ਹਜ਼ਾਰ ਡਾਲਰ ਸੀ। ਭਾਵੇਂ ਮੈਂ ਉਹ ਰਕਮ ਹਿੰਦੋਸਤਾਨ ਵਿੱਚ ਚਲੇ ਸਾਜ਼ਿਸ਼ ਦੇ ਮੁਕੱਦਮੇ ਉੱਤੇ ਨਹੀਂ ਖ਼ਰਚ ਕਰ ਸਕਿਆ ਪਰ ਮੈਂ ਹਿੰਦੋਸਤਾਨ ਦੀ ਆਜ਼ਾਦੀ ਦੇ ਪਰਚਾਰ ਲਈ ਯੰਗ ਇੰਡੀਆ ਅਖ਼ਬਾਰ ਦੇ ਸਿਲਸਿਲੇ ਵਿੱਚ ਖ਼ਰਚ ਚੁੱਕਾ ਹਾਂ ਪਰ ਜੇ ਪਾਰਟੀ ਚਾਹੇ ਤਾਂ ਮੈਂ ਇਹ ਰਕਮ ਹਿੰਦੋਸਤਾਨ ਜਾ ਕੇ ਭੇਜ ਸਕਦਾ ਹਾਂ। ਭਾਈ ਭਗਵਾਨ ਸਿੰਘ, ਜੋ ਇਸ ਕੰਮ ਲਈ ਲਾਲਾ ਜੀ ਪਾਸ ਨਿਊਯਾਰਕ ਗਏ ਸਨ, ਨੇ ਕਿਹਾ ਕਿ ਚੂੰਕਿ ਇਹ ਰਕਮ ਦੇਸ਼ ਦੀ ਖ਼ਾਤਰ ਹੀ ਖ਼ਰਚ ਕੀਤੀ ਗਈ ਹੈ ਇਸ ਲਈ ਪਾਰਟੀ ਇਸ ਦੀ ਮੰਗ ਨਹੀਂ ਕਰੇਗੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਲਾਲਾ ਲਾਜਪਤ ਰਾਏ ਦੀ ਗ਼ਦਰ ਪਾਰਟੀ ਪ੍ਰਤੀ ਪਹੁੰਚ ਨਾਕਾਰਤਮਕ ਸੀ। ਉਨ੍ਹਾਂ ਨੇ ਕਾਂਗਰਸ ਪਾਰਟੀ ਦਾ ਸਾਥ ਦਿੱਤਾ ਜੋ ਅੰਗਰੇਜ਼ਾਂ ਨਾਲ ਹਥਿਆਰਬੰਦ ਸੰਘਰਸ਼ ਦੇ ਵਿਰੁੱਧ ਸੀ। ਲਾਲਾ ਜੀ ਨੂੰ ਪਤਾ ਸੀ ਕਿ ਜੇ ਉਹ ਆਪਣੀ ਅਖ਼ਬਾਰ ਵਿਚ ਗ਼ਦਰ ਪਾਰਟੀ ਦੀ ਵਿਚਾਰਧਾਰਾ ਨੂੰ ਅਪਣਾਉਂਦੇ ਹਨ ਤਾਂ ਉਹ ਭਾਰਤ ਨਹੀਂ ਜਾ ਸਕਦੇ ਤੇ ਹੋ ਸਕਦਾ ਹੈ ਕਿ ਉਨ੍ਹਾਂ ਉਪਰ ਵੀ ਬਾਕੀ ਗ਼ਦਰੀਆਂ ਵਾਂਗ ਅਮਰੀਕਾ ਵਿਚ ਮੁਕੱਦਮਾ ਚਲ ਜਾਵੇ ਜਾਂ ਉਨ੍ਹਾਂ ਨੂੰ ਵੀ ਦੇਸ਼ ਨਿਕਾਲਾ ਦੇ ਦਿੱਤਾ ਜਾਵੇ ਜਿਵੇਂ ਕਿ ਲਾਲਾ ਹਰਦਿਆਲ ਨੂੰ 'ਗ਼ਦਰ' ਅਖ਼ਬਾਰ ਦੀਆਂ ਲਿਖਤਾ ਕਰਕੇ ਦਿੱਤਾ ਗਿਆ ਸੀ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭਾਰਤ ਦੀ ਆਜ਼ਾਦੀ ਵਿਚ ਲਾਲਾ ਜੀ ਦਾ ਯੋਗਦਾਨ ਜ਼ਰੂਰ ਸੀ ਪਰ ਉਨ੍ਹਾਂ ਦੀ ਵਿਚਾਰਧਾਰਾ ਇਨਕਲਾਬੀਆਂ ਵਾਲੀ ਨਹੀਂ ਸੀ। ਗ਼ਦਰ ਪਾਰਟੀ ਦੀ ਵਿਚਾਰਧਾਰਾ 'ਪਹਿਲਾ ਮਰਨ ਕਬੂਲ, ਜੀਵਨ ਕੀ ਛੱਡ ਆਸ' ਵਾਲੀ ਸੀ, ਜਿਸ ਉਪਰ ਮਰਜੀਵੜੇ ਹੀ ਚਲ ਸਕਦੇ ਸਨ।

*29 ਜੁਲਾਈ 2014*



Academy of the Punjab in North America: http://www.apnaorg.com

# ਸਿੱਖਿਆ ਪ੍ਰਣਾਲੀ ਅਧਿਆਪਕ ਕੇਂਦ੍ਰਿਤ ਹੋਵੇ

ਇਨ੍ਹਾਂ ਦਿਨ੍ਹਾਂ ਵਿਚ ਬਿਹਾਰ ਦੀਆਂ ਪ੍ਰੀਖਿਆਵਾਂ ਵਿਚ ਇਕ ਟੈਲੀਵਿਜ਼ੀਅਨ ਵਲੋਂ 10 ਵੀਂ ਜਮਾਤ ਦੇ ਬੋਰਡ ਦੀਆਂ ਪ੍ਰੀਖਿਆਵਾਂ ਵਿਚ ਵਜਦੀ ਨਕਲ ਦੇ ਦਰਸਾਏ ਗਏ ਦ੍ਰਿਸ਼ਾਂ ਦਾ ਅਮਰੀਕੀ ਅਖ਼ਬਾਰਾਂ ਨੇ ਵੀ ਨੋਟਿਸ ਲਿਆ ਹੈ। ਤਸਵੀਰਾਂ ਦੇ ਆਧਾਰ 'ਤੇ ਪੁਲੀਸ ਨੇ ਕੋਈ 716 ਵਿਅਕਤੀਆਂ ਜਿਨ੍ਹਾਂ ਵਿਚ ਬਹੁਤੇ ਰਿਸ਼ਤੇਦਾਰ ਤੇ ਦੋਸਤ ਹਨ ਗ੍ਰਿਫਤਾਰ ਕੀਤੇ ਹਨ। ਇਨ੍ਹਾਂ ਪਾਸੋਂ 15 ਲੱਖ ਰੁਪਏ ਜੁਰਮਾਨਾ ਲਿਆ ਗਿਆ ਹੈ ਤੇ ਇਹ ਸੰਭਾਵਨਾ ਹੈ ਕਿ ਕੋਈ 25 ਲੱਖ ਰੁਪਏ ਇਕਠੇ ਹੋਣਗੇ।

ਪ੍ਰੀਖਿਆਵਾਂ ਸਿੱਖਿਆ ਪ੍ਰਣਾਲਿ ਦਾ ਅਹਿਮ ਅੰਗ ਹੈ। ਪਰ ਅਸੀਂ ਇਸ ਨੂੰ ਸਮੇਂ ਅਨੁਸਾਰ ਨਹੀਂ ਬਦਲਿਆ। ਇਸ ਵਿਚ ਲਗਾਤਾਰ ਨਿਘਾਰ ਆ ਰਿਹਾ ਹੈ। ਨਕਲ ਇਕ ਸਮਾਜਕ ਬੁਰਿਆਈ ਹੈ। ਭਾਰਤ ਵਿਚ ਪ੍ਰੀਖਿਆਵਾਂ ਦੌਰਾਨ ਛਾਪਾਮਾਰ ਟੀਮਾਂ ਇੰਜ ਛਾਪੇ ਮਾਰਦੀਆਂ ਹਨ, ਜਿਵੇਂ ਪੁਰਾਣੇ ਜ਼ਮਾਨੇ ਵਿਚ ਥਾਣੇਦਾਰ ਪਿੰਡਾਂ ਵਿਚ ਸ਼ਰਾਬ ਦੀਆਂ ਭੱਠੀਆਂ ਫੜਦੇ ਸਨ। ਇਸ ਨੂੰ ਰੋਕਣ ਲਈ ਸਮੇਂ-ਸਮੇਂ ਕਈ ਢੰਗ ਅਪਣਾਏ ਗਏ। ਇਕ ਵਾਰ ਸਕੂਲ ਸਿੱਖਿਆ ਬੋਰਡ ਨੇ ਵਿਦਿਆਰਥੀਆਂ ਨੂੰ ਦੂਜੇ ਸਕੂਲਾਂ ਵਿਚ ਪ੍ਰੀਖਿਆ ਦੇਣ ਲਈ ਭੇਜ ਦਿੱਤਾ। ਇਨ੍ਹਾਂ ਵਿਦਿਆਰਥੀਆਂ ਨੇ ਉੱਥੇ ਜਾ ਕੇ ਉਹ ਊਧੜ-ਧੁੰਮੀ ਚੁੱਕੀ ਕਿ ਅਗਲੇ ਸਾਲ ਫਿਰ ਆਪੋ ਆਪਣੇ ਸਕੂਲਾਂ ਵਿਚ ਕੇਂਦਰ ਬਨਾਉਣੇ ਪਏ। ਹੁਣ ਬੋਰਡ ਵਲੋਂ ਵਿਡਿਓਗ੍ਰਾਫੀ ਸ਼ੁਰੂ ਕੀਤੀ ਗਈ ਹੈ। ਪਰ ਫਿਰ ਵੀ ਇਸ ਨਾਲ ਠੱਲ੍ਹ ਨਹੀਂ ਪੈ ਰਹੀ।

ਨਕਲ ਮਰਵਾਉਣ ਵਾਲਿਆਂ ਵੀ ਬੜੇ ਅਨੋਖੇ ਢੰਗ ਲੱਭੇ ਹੋਏ ਹਨ। ਇਕ ਪਿੰਡ ਵਿਚ ਜਦ ਛਾਪਾਮਾਰ ਟੀਮ ਆਉਂਦੀ ਸੀ ਤਾਂ ਉਹ ਦੂਰੋਂ ਆਉਂਦੀ ਕਾਰ ਜਾਂ ਜੀਪ ਵੇਖ ਕੇ ਗੁਰਦੁਆਰੇ ਦੇ ਸਪੀਕਰ 'ਤੇ ਗਾਣਾ ਲਾ ਦਿੰਦੇ ਸਨ "ਦੇਸ਼ ਦੀ ਆਬਰੂ ਖ਼ਤਰੇ ਮੇਂ ਹੈ ਹੋਸ਼ਿਆਰ ਹੋ ਜਾਉ", ਜਿਸ ਨਾਲ ਪ੍ਰੀਖਿਆਰਥੀਆਂ ਨੂੰ ਪਤਾ ਲਗ ਜਾਂਦਾ ਸੀ। ਜਦ ਲਾਲੂ ਪ੍ਰਸ਼ਾਦਿ ਬਿਹਾਰ ਦੇ ਮੁੱਖ-ਮੰਤਰੀ ਸਨ ਤਾਂ ਇਕ ਵਾਰ ਉਨ੍ਹਾਂ ਨੇ ਪ੍ਰੀਖਿਆ ਕੇਂਦਰਾਂ ਵਿਚ ਸਕੂਲ ਅਧਿਆਪਕਾਂ ਦੀ ਥਾਂ 'ਤੇ ਪਟਵਾਰੀ ਤੇ ਹੋਰ ਗ਼ੈਰ- ਅਧਿਆਪਕ ਅਮਲਾ ਲਾ ਦਿੱਤਾ। ਸਿੱਟਾ ਇਹ ਨਿਕਲਿਆ ਕਿ 12ਵੀਂ ਦਾ ਨਤੀਜਾ ਕੇਵਲ 12 ਪ੍ਰਤੀਸ਼ਤ ਆਇਆ। ਸਿੱਟੇ ਵਜੋਂ ਕਾਲਜਾਂ ਵਿਚ ਦਾਖਲਾ ਬਹੁਤ ਘੱਟ ਗਿਆ।

ਸਕੂਲ ਮੁਖੀਆਂ ਵੱਲੋਂ ਆਪਣੇ ਬੱਚਿਆਂ ਨੂੰ ਨਕਲ ਮਰਵਾਉਣ ਦੇ ਬਹੁਤ ਕਿੱਸੇ ਹਨ। ਇਕ ਸਕੂਲ ਪ੍ਰਿੰਸੀਪਲ ਦੀ ਕੁੜੀ ਜੋ ਹਾਇਰ ਸੈਕੰਡਰੀ ਵਿਚ ਪੰਜਾਬ ਵਿਚੋਂ ਪਹਿਲੇ ਸਥਾਨ 'ਤੇ ਆਈ ਸੀ, ਦੇ ਪ੍ਰੀ-ਮੈਡੀਕਲ ਵਿਚ ਪੜ੍ਹਦਿਆਂ ਕਾਲਜ ਟੈਸਟ ਵਿਚ ਫਿਜ਼ਿਕਸ



Academy of the Punjab in North America: http://www.apnaorg.com

ਵਿਚ ਕੇਵਲ 3 ਅੰਕ ਆਏ। ਉਸ ਨੇ ਪ੍ਰਿੰਸੀਪਲ ਨੂੰ ਸ਼ਿਕਾਇਤ ਕੀਤੀ ਕਿ ਉਸ ਦੇ ਏਨੇ ਘੱਟ ਅੰਕ ਆ ਹੀ ਨਹੀਂ ਸਕਦੇ। ਜਦ ਪ੍ਰਿੰਸੀਪਲ ਨੇ ਸੰਬੰਧਿਤ ਪ੍ਰੋਫੈਸਰ ਨੂੰ ਬੁਲਾਇਆ ਤਾਂ ਉਸ ਨੇ ਕਿਹਾ ਕਿ ਤੁਸੀਂ ਕਿਸੇ ਹੋਰ ਕੋਲੋਂ ਪਰਚਾ ਵਿਖਾ ਲਉ, ਜੇ ਕੁੜੀ 4 ਅੰਕ ਵੀ ਪ੍ਰਾਪਤ ਕਰ ਲਵੇ ਤਾਂ ਮੈਂ ਅਸਤੀਫ਼ਾ ਦੇ ਦੇਵਾਂਗਾ।

ਅਸੀਂ ਸਾਲ ਬਾਅਦ ਪ੍ਰੀਖਿਆ ਲੈਂਦੇ ਹਾਂ। ਵਿਦਿਆਰਥੀਆਂ ਉਪਰ ਬੋਝ ਬਹੁਤ ਹੁੰਦਾ ਹੈ। ਜਦ ਨਤੀਜਾ ਆਉਂਦਾ ਹੈ ਤਾਂ ਕਈ ਵਿਦਿਆਰਥੀ ਫੇਲ੍ਹ ਹੋਣ 'ਤੇ ਆਤਮ ਹੱਤਿਆ ਕਰਕੇ ਆਪਣੀਆਂ ਜ਼ਿੰਦਗੀਆਂ ਗੁਆ ਬੈਠਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਸਾਰਾ ਸਾਲ ਕੋਈ ਅਫ਼ਸਰ ਦੂਰ ਦੁਰਾਡੇ ਸਕੂਲਾਂ ਵਿਚ ਜਾ ਕੇ ਇਹ ਨਹੀਂ ਵੇਖਦਾ ਕਿ ਇੱਥੇ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਹਨ, ਇਨ੍ਹਾਂ ਨੂੰ ਭਰਿਆ ਜਾਵੇ। ਬਿਨਾਂ ਅਧਿਆਪਕਾਂ ਦੇ ਇਨ੍ਹਾਂ ਸਕੂਲਾਂ ਵਿਚ ਕੀ ਨਕਲ ਮਰਵਾਉਣੀ ਜ਼ਰੂਰੀ ਨਹੀਂ ਬਣ ਜਾਂਦੀ। ਇਨ੍ਹਾਂ ਸਕੂਲਾਂ ਵਿਚ ਹਿਸਾਬ ਤੇ ਵਿਗਿਆਨ ਦੇ ਵਿਸ਼ਿਆਂ ਲਈ ਨਕਲ ਲਈ ਸਮਗਰੀ ਤਿਆਰ ਕਰਨ ਵਿਚ ਬਹੁਤ ਮੁਸ਼ਕਲ ਆਉਂਦੀ ਹੈ।

ਪ੍ਰੀਖਿਆਵਾਂ ਵਿਚ ਲੱਗੇ ਅਮਲੇ ਉਪਰ ਦੋਹਰੀ ਤਲਵਾਰ ਲਟਕਦੀ ਹੈ। ਉਪਰੋਂ ਛਾਪਾਮਾਰ ਟੀਮਾਂ ਦਾ ਡਰ ਹੁੰਦਾ ਹੈ ਤੇ ਜੇ ਅਮਲਾ ਨਕਲ ਨਹੀਂ ਮਾਰਨ ਦਿੰਦਾ ਤਾਂ ਉਨ੍ਹਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਤੇ ਕਈ ਵੇਰ ਉਨ੍ਹਾਂ ਦੀ ਮਾਰ-ਕੁਟਾਈ ਵੀ ਹੋ ਜਾਂਦੀ ਹੈ। ਉਨ੍ਹਾਂ ਉਪਰ ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਦਾ ਕਈ ਵਾਰ ਵਿਸ਼ੇਸ਼ ਬੱਚਿਆਂ ਨੂੰ ਨਕਲ ਕਰਵਾਉਣ ਲਈ ਦਬਾਅ ਹੁੰਦਾ ਹੈ। ਇਸ ਤਰ੍ਹਾਂ ਪ੍ਰੀਖਿਆ ਵਿਚ ਲੱਗੇ ਅਮਲੇ ਨੂੰ ਕਈ ਤਰ੍ਹਾਂ ਦੇ ਮਾਨਸਿਕ ਤਣਾਅ ਵਿਚੋਂ ਗੁਜਰਨਾ ਪੈਂਦਾ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਨਕਲ ਇਕ ਸਮਾਜਿਕ ਬੁਰਿਆਈ ਹੈ ਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਜਿਨ੍ਹਾਂ ਜ਼ਮਾਨਿਆਂ ਵਿਚ ਮੇਰੇ ਵਰਗੇ ਵਿਅਕਤੀ ਪੜ੍ਹੇ ਹਨ, ਉਨ੍ਹਾਂ ਸਮਿਆਂ ਵਿਚ ਨਕਲ ਨਾਂ ਦੀ ਕੋਈ ਚੀਜ਼ ਨਹੀਂ ਸੀ ਹੁੰਦੀ। ਅਧਿਆਪਕ ਬੱਚਿਆਂ ਨੂੰ ਆਪਣੇ ਬੱਚੇ ਸਮਝਦੇ ਸਨ ਤੇ ਬਹੁਤ ਮਿਹਨਤ ਕਰਾਉਂਦੇ ਸਨ। ਇਹੋ ਕਾਰਨ ਹੈ ਕਿ ਜਿੰਨੇ ਵੀ ਤੁਹਾਨੂੰ ਸੇਵਾ ਮੁਕਤ ਅਫ਼ਸਰ, ਡਾਕਟਰ, ਇੰਜੀਨੀਅਰ, ਪ੍ਰੋਫੈਸਰ ਆਦਿ ਮਿਲਣਗੇ, ਉਹ ਕਾਨਵੈਂਟ ਦੀ ਥਾਂ 'ਤੇ ਜਾਂ ਤਾਂ ਸਰਕਾਰੀ ਸਕੂਲਾਂ ਤੋਂ ਪੜ੍ਹੇ ਹੋਣਗੇ ਜਾਂ ਅਜਿਹੇ ਪ੍ਰਾਈਵੇਟ ਸਕੂਲਾਂ ਤੋਂ ਪੜ੍ਹੇ ਹੋਣਗੇ ਜਿਨ੍ਹਾਂ ਵਿਚ ਫੀਸ ਨਾ-ਮਾਤਰ ਹੁੰਦੀ ਸੀ ਤੇ ਇਨ੍ਹਾਂ ਸਕੂਲਾਂ ਦਾ ਮੰਤਵ ਪੈਸੇ ਕਮਾਉਣਾ ਨਹੀਂ ਸੀ ਹੁੰਦਾ, ਸਗੋਂ ਸੇਵਾ ਭਾਵਨਾ ਸੀ ਤਾਂ ਜੁ ਸਾਡਾ ਸਮਾਜ ਪੜ੍ਹ ਲਿਖ ਕੇ ਚੰਗਾ ਬਣ ਸਕੇ। ਇਨ੍ਹਾਂ ਵਿਚੋਂ ਬਹੁਤੇ ਧਾਰਮਿਕ ਸਕੂਲ ਸਨ ਜਿਨ੍ਹਾਂ ਦਾ ਮੰਤਵ ਆਮ ਪੜ੍ਹਾਈ ਦੇ ਨਾਲ ਵਿਸ਼ੇਸ਼ ਧਰਮ ਨੂੰ ਸਿੱਖਿਆ ਦੇਣੀ ਹੁੰਦਾ ਸੀ। ਉਸ ਸਮੇਂ ਸਿਆਸੀ ਦਖ਼ਲ ਅੰਦਾਜ਼ੀ ਨਹੀਂ ਸੀ ਹੁੰਦੀ। ਅਧਿਆਪਕਾਂ ਨੂੰ ਅਫ਼ਸਰਾਂ ਦਾ ਡਰ ਹੁੰਦਾ ਸੀ।

ਅਮਰੀਕਾ ਦੀ ਤਰੱਕੀ ਦਾ ਕਾਰਨ ਇਥੋਂ ਦੀ ਚੰਗੀ ਸਿੱਖਿਆ ਪ੍ਰਣਾਲੀ ਹੈ। ਸਾਡੇ ਹਰ ਕੰਮ ਵਿਚ ਸਰਕਾਰ ਆਪਣੀ ਲੱਤ ਅੜਾਉਂਦੀ ਹੈ ਪਰ ਅਮਰੀਕਾ ਵਿਚ ਸਰਕਾਰ ਨੇ ਸਾਰੀਆਂ ਸ਼ਕਤੀਆਂ ਲੋਕਾਂ ਨੂੰ ਦਿੱਤੀਆਂ ਹਨ। ਉਹ ਇੰਜ ਹੈ ਕਿ ਜਿਵੇਂ ਅਸੀਂ



Academy of the Punjab in North America: http://www.apnaorg.com

ਪੰਚਾਇਤਾਂ ਦੀ ਚੋਣ ਕਰਦੇ ਹਨ ਇਸੇ ਤਰ੍ਹਾਂ ਜਿਸ ਇਲਾਕੇ ਵਿਚ ਸਕੂਲ ਹੈ, ਉਸ ਇਲਾਕੇ ਦੇ ਮਾਲਕ ਮਕਾਨ ਵੋਟਾਂ ਪਾ ਕੇ ਚਾਰ ਸਾਲ ਲਈ ਕਮੇਟੀ ਚੁਣਦੇ ਹਨ, ਜੋ ਸਕੂਲ ਨੂੰ ਚਲਾਉਂਦੀ ਹੈ। ਅਧਿਆਪਕਾਂ ਦੀ ਭਰਤੀ ਤੋਂ ਲੈ ਕੇ ਸਾਰਾ ਪ੍ਰਬੰਧ ਇਸ ਕਮੇਟੀ ਜ਼ੁੰਮੇ ਹੁੰਦਾ ਹੈ। ਅਧਿਆਪਕ ਦੀ ਬਦਲੀ ਨਹੀਂ ਹੋ ਸਕਦੀ। ਜੇ ਕੋਈ ਅਧਿਆਪਕ ਇਕ ਦਿਨ ਦੀ ਛੁੱਟੀ ਵੀ ਲੈਂਦਾ ਹੈ ਤਾਂ ਪ੍ਰਿੰਸੀਪਲ ਕੋਲ ਪਾਰਟ ਟਾਇਮ ਅਧਿਆਪਕਾਂ ਦੀ ਸੂਚੀ ਹੁੰਦੀ ਹੈ। ਪ੍ਰਿੰਸੀਪਲ ਉਨ੍ਹਾਂ ਨੂੰ ਸੱਦ ਲੈਂਦੀ ਹੈ। ਉਨ੍ਹਾਂ ਨੂੰ ਪੀਰੀਅਡਾਂ ਦੇ ਹਿਸਾਬ ਪੈਸੇ ਮਿਲਦੇ ਹਨ। ਹੁਣ ਪੈਸੇ ਕਿੱਥੋਂ ਆਉਣਗੇ ? ਇਸ ਵਿਚ ਕੁਝ ਪੈਸੇ ਸਰਕਾਰ ਦਿੰਦੀ ਹੈ ਤੇ ਬਾਕੀ ਪੈਸੇ ਉਸ ਇਲਾਕੇ ਦੇ ਘਰਾਂ ਉਪਰ ਜਿਵੇਂ ਸਾਡੇ ਪ੍ਰਾਪਰਟੀ ਟੈਕਸ ਹੈ, ਇਸੇ ਤਰ੍ਹਾਂ ਘਰਾਂ ਉਪਰ ਮਕਾਨ ਦੀ ਕੀਮਤ ਹਿਸਾਬ ਟੈਕਸ ਲਾ ਕੇ ਪੂਰਾ ਕੀਤਾ ਜਾਂਦਾ ਹੈ। ਅਮਰੀਕਾ ਵਿਚ ਬਾਰ੍ਹਵੀਂ ਤੀਕ ਬਚਿਆਂ ਪਾਸੋਂ ਕੋਈ ਫ਼ੀਸ ਨਹੀਂ ਲਈ ਜਾਂਦੀ, ਇਥੋਂ ਤੀਕ ਬੱਸਾਂ ਦਾ ਕਿਰਾਇਆ ਵੀ ਨਹੀਂ ਦੇਣਾ ਪੈਂਦਾ। 99 ਪ੍ਰਤੀਸ਼ਤ ਬੱਚੇ ਇਨ੍ਹਾਂ ਪਬਲਿਕ ਸਕੂਲਾਂ ਵਿਚ ਪੜ੍ਹਦੇ ਹਨ। ਜਿੱਥੋਂ ਤੀਕ ਪ੍ਰੀਖਿਆਵਾਂ ਦਾ ਸੰਬੰਧ ਹੈ, ਸਾਡੇ ਵਾਂਗ ਕੋਈ ਬੋਰਡ ਨਹੀਂ। ਸਕੂਲ ਵਾਲੇ ਆਪ ਹੀ ਪ੍ਰੀਖਿਆ ਲੈਂਦੇ ਹਨ। ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਜਿਹੜਾ ਅਧਿਆਪਕ ਪੜ੍ਹਾਉਂਦਾ ਹੈ ਉਹੋ ਹੀ ਪ੍ਰੀਖਿਆ ਲੈਂਦਾ ਹੈ। ਅਮਰੀਕਾ ਵਿਚ ਕਮਜ਼ੋਰ ਬਚਿਆਂ ਵਲ ਸਕੂਲ ਵਿਚ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਸਾਡੇ ਵਾਂਗ ਟਿਊਸ਼ਨਾਂ ਦਾ ਰਿਵਾਜ ਨਹੀਂ ਹੈ।

ਇਹ ਵੇਖਣ ਲਈ ਕਿ ਕੀ ਅਧਿਆਪਕ ਵਿਦਿਆਰਥੀ ਨੂੰ ਠੀਕ ਢੰਗ ਨਾਲ ਪੜ੍ਹਾ ਰਹੇ ਹਨ। ਇਕ ਰਾਜ ਪੱਧਰੀ ਪ੍ਰੀਖਿਆ ਲਈ ਜਾਂਦੀ ਹੈ। ਇਸ ਆਧਾਰ 'ਤੇ ਸਕੂਲਾਂ ਦੀ ਦਰਜਾ-ਬੰਦੀ ਕੀਤੀ ਜਾਂਦੀ ਹੈ, ਪਰ ਇਸ ਪ੍ਰੀਖਿਆ ਦਾ ਵਿਦਿਆਰਥੀਆਂ ਦੇ ਨਤੀਜੇ ਨਾਲ ਕੋਈ ਸੰਬੰਧ ਨਹੀਂ ਹੁੰਦਾ। ਸਾਡੇ ਸਕੂਲਾਂ ਦੀ ਦਰਜਾਬੰਦੀ ਨਹੀਂ ਕੀਤੀ ਜਾਂਦੀ। ਅਧਿਆਪਕਾਂ ਦੇ ਕੰਮ ਕਾਰ ਬਾਰੇ ਵਿਦਿਆਰਥੀਆਂ ਪਾਸੋਂ ਹਰ ਸਾਲ ਲਿਖਤੀ ਰਾਇ ਲਈ ਜਾਂਦੀ ਹੈ। ਭਾਰਤ ਵਿਚ ਅਜੇ ਅਸੀਂ ਇਹ ਪ੍ਰਣਾਲੀ ਸ਼ੁਰੂ ਨਹੀਂ ਕੀਤੀ ਭਾਵੇਂ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਇਸ ਦੀ ਸਿਫਾਰਸ਼ ਕੀਤੀ ਹੋਈ ਹੈ। ਇਸ ਲਈ ਛਾਪੇਮਾਰੀ ਦੀ ਥਾਂ 'ਤੇ ਸਾਨੂੰ ਸਮੁੱਚੇ ਵਿਦਿਅਕ ਢਾਂਚੇ ਦਾ ਮੁਲੰਕਣ ਕਰਵਾਉਣਾ ਚਾਹੀਦਾ ਹੈ ਤੇ ਇਸ ਨੂੰ ਸਮੇਂ ਦਾ ਹਾਣੀ ਬਨਾਉਣਾ ਚਾਹੀਦਾ ਹੈ। ਅਮਰੀਕਾ ਦੀ ਪ੍ਰਣਾਲੀ ਭਾਵੇਂ ਅਸੀਂ ਲਾਗੂ ਨਹੀਂ ਕਰ ਸਕਦੇ, ਪਰ ਅਸੀਂ ਇਸ ਤੋਂ ਸੇਧ ਜ਼ਰੂਰ ਲੈ ਸਕਦੇ ਹਾਂ। ਹਰ ਦੇਸ਼ ਦੇ ਆਪਣੇ ਹਾਲਾਤ ਹੁੰਦੇ ਹਨ। ਇਨ੍ਹਾਂ ਹਾਲਾਤਾਂ ਨੂੰ ਮੁੱਖ ਰੱਖ ਕੇ ਹੀ ਹਰ ਨੀਤੀ ਬਨਾਉਣੀ ਚਾਹੀਦੀ ਹੈ ਨਾ ਕਿ ਕਿਸੇ ਦੀ ਨਕਲ ਕਰ ਕੇ। ਅਸੀਂ ਅਧਿਆਪਕ ਨੂੰ ਕੌਮ ਦਾ ਨਿਰਮਾਤਾ ਕਹਿੰਦੇ ਹਾਂ, ਪਰ ਦੂਜੇ ਪਾਸੇ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਾਂ। ਇਸ ਲਈ ਲੋੜ ਹੈ ਅਧਿਆਪਕ ਨੂੰ ਸਿੱਖਿਆ ਦਾ ਕੇਂਦਰ ਬਿੰਦੂ ਬਣਾਇਆ ਜਾਵੇ।

*26 ਮਾਰਚ 2015*



Academy of the Punjab in North America: http://www.apnaorg.com

# ਵੇਲਾ ਵਿਆਹ ਚੁੱਕੀ ਹੈ 'ਸੰਗਤ ਦਰਸ਼ਨ' ਪ੍ਰਣਾਲੀ

ਕਿਸੇ ਵੀ ਅਗਾਂਹਵਧੂ ਦੇਸ਼ ਵਿਚ ਜਾਓ, ਤੁਹਾਨੂੰ ਕਿਸੇ ਨੂੰ ਵੀ ਮੁੱਖ ਮੰਤਰੀ ਮਗਰ ਅਰਜ਼ੀਆਂ ਲਈ ਫਿਰਦੇ ਨਹੀਂ ਵੇਖੋਗੇ, ਕਿਉਂਕਿ ਉੱਥੋਂ ਦਾ ਪ੍ਰਬੰਧਕੀ ਢਾਂਚਾ ਐਸਾ ਹੈ ਕਿ ਲੋਕਾਂ ਦੇ ਕੰਮ ਆਪਣੇ ਆਪ ਹੁੰਦੇ ਜਾਂਦੇ ਹਨ। ਹਰ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਦੇ ਆਪੋ ਆਪਣੇ ਇਲਾਕੇ ਵਿਚ ਦਫ਼ਤਰ ਹਨ, ਜਿੱਥੇ ਸਰਕਾਰੀ ਦਫ਼ਤਰਾਂ ਵਾਂਗ ਕਰਮਚਾਰੀ ਬੈਠਦੇ ਹਨ, ਜੋ ਲੋਕਾਂ ਦੇ ਟੈਲੀਫੋਨ ਸੁਣਦੇ ਹਨ, ਅਰਜ਼ੀਆਂ ਤੇ ਈ-ਮੇਲ ਪ੍ਰਾਪਤ ਕਰਦੇ ਹਨ ਤੇ ਜੁਆਬ ਦਿੰਦੇ ਹਨ। ਜੇ ਲੋੜ ਹੋਵੇ ਤਾਂ ਸੰਬੰਧਿਤ ਪ੍ਰਤੀਨਿਧ ਨੂੰ ਮਿਲਣ ਦਾ ਸਮਾਂ ਦੱਸਦੇ ਹਨ। ਮੁੱਖ ਮੰਤਰੀ ਦਾ ਦਫ਼ਤਰ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਦਾ ਹੈ। ਮੁੱਖ ਮੰਤਰੀ ਦਾ ਕੰਮ ਵਡੇ ਵਡੇ ਮਸਲਿਆਂ ਨੂੰ ਨਜਿਠਣਾ ਹੈ, ਨਾ ਕਿ ਲੋਕਾਂ ਦੇ ਨਿੱਕੇ ਨਿੱਕੇ ਕੰਮ ਜਿਨ੍ਹਾਂ ਨੂੰ ਸਰਕਾਰੀ ਅਧਿਕਾਰੀ ਹਲ ਕਰ ਸਕਦੇ ਹਨ, ਉਨ੍ਹਾਂ ਦੇ ਲਈ ਸਮਾਂ ਬਰਬਾਦ ਕਰਨਾ ਹੈ। ਸਾਡੇ ਮੰਤਰੀ ਤੇ ਮੁੱਖ ਮੰਤਰੀ ਸਾਰਾ ਸਾਲ ਨਿਯੁਕਤੀਆਂ ਅਤੇ ਬਦਲੀਆਂ ਵਿਚ ਰੁਝੇ ਰਹਿੰਦੇ ਹਨ। ਕਰਮਚਾਰੀ ਮੰਤਰੀਆਂ ਮਗਰ ਅਰਜ਼ੀਆਂ ਲੈ ਕੇ ਤੁਰੇ ਫਿਰਦੇ ਰਹਿੰਦੇ ਹਨ। ਇਸ ਨਾਲ ਕਰਮਚਾਰੀਆਂ ਅਤੇ ਮੰਤਰੀਆਂ ਦਾ ਬੇਲੋੜਾ ਸਮਾਂ ਬਰਬਾਦ ਹੁੰਦਾ ਹੈ। ਇਨ੍ਹਾਂ ਮੁਲਕਾਂ ਵਿਚ ਇਕ ਵਿਧੀ ਵਿਧਾਨ ਅਧੀਨ ਸਾਰਾ ਕੰਮ ਚਲਦਾ ਹੈ। ਕਈ ਦੇਸ਼ਾਂ ਵਿਚ ਤਾਂ ਇਹ ਕੰਮ ਮੰਤਰੀਆਂ ਦੇ ਅਧਿਕਾਰ ਖੇਤਰ ਵਿਚ ਹੀ ਨਹੀਂ ਆਉਂਦਾ। ਬਹੁਤੇ ਦੇਸ਼ਾਂ ਵਿਚ ਕਰਮਚਾਰੀਆਂ ਦੀ ਨਿਯੁਕਤੀਆਂ ਅਤੇ ਬਦਲੀਆਂ ਵਿਚ ਸਿਆਸੀ ਦਖ਼ਲ ਅੰਦਾਜ਼ੀ ਨਹੀਂ। ਜੇ ਕੋਈ ਸਿਆਸਤਦਾਨ ਗ਼ੈਰ-ਕਾਨੂੰਨੀ ਦਖ਼ਲ ਅੰਦਾਜ਼ੀ ਕਰਦਾ ਹੈ ਤਾਂ ਉਸ ਵਿਰੁੱਧ ਕਾਰਵਾਈ ਹੁੰਦੀ ਹੈ।

ਭਾਰਤ ਦੇ ਪਾਰਲੀਮੈਂਟ ਮੈਂਬਰ ਤੇ ਵਿਧਾਇਕ ਆਪਣੇ ਇਲਾਕੇ ਵਿਚ ਰਹਿਣ ਦੀ ਥਾਂ 'ਤੇ ਦੂਰ ਦੁਰਾਡੇ ਸ਼ਹਿਰਾਂ ਵਿਚ ਰਹਿੰਦੇ ਹਨ, ਜਿਨ੍ਹਾਂ ਨੂੰ ਮਿਲਣਾ ਬਹੁਤ ਮੁਸ਼ਕਲ ਹੁੰਦਾ ਹੈ। ਲੋਕ ਉਨ੍ਹਾਂ ਨੂੰ ਲਭਦੇ ਫਿਰਦੇ ਹਨ। ਉਹ ਦੂਰ ਦੁਰਾਡੇ ਆਪੋ ਆਪਣਾ ਕਾਰੋਬਾਰ ਕਰਦੇ ਹਨ। ਕਈ ਕਈ ਮਹੀਨੇ ਆਪਣੇ ਹਲਕੇ ਵਿਚ ਵੜਦੇ ਨਹੀਂ। ਕਈ ਵੇਰਾਂ ਲੋਕਾਂ ਨੂੰ ਉਨ੍ਹਾਂ ਦੇ ਭਗੌੜੇ ਹੋਣ ਦੇ ਇਸ਼ਤਿਹਾਰ ਲਾਉਂਣੇ ਪੈਂਦੇ ਹਨ ਤਾਂ ਜਾ ਕੇ ਉਹ ਆਪਣੇ ਹਲਕੇ ਵਿਚ ਆਉਂਦੇ ਹਨ। ਉਨ੍ਹਾਂ ਨੂੰ ਦਫ਼ਤਰ ਚਲਾਉਣ ਲਈ ਸਰਕਾਰ ਵਲੋਂ ਹਰ ਮਹੀਨੇ ਪੈਸੇ ਮਿਲਦੇ ਹਨ, ਪਰ ਫਿਰ ਵੀ ਉਹ ਬਕਾਇਦਾ ਦਫ਼ਤਰ ਨਹੀਂ ਚਲਾ ਰਹੇ ਕਿਉਂਕਿ ਉਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ। ਭਾਰਤੀ ਸਿਆਸਤਦਾਨ ਬਹੁਤ ਚਾਤੁਰ ਹਨ, ਉਨ੍ਹਾਂ ਨੇ ਜੁਆਬਦੇਹੀ ਲਈ ਕੋਈ ਕਾਨੂੰਨ ਨਹੀਂ ਬਣਾਇਆ, ਜਦ ਕਿ ਵਿਦੇਸ਼ਾਂ



Academy of the Punjab in North America: http://www.apnaorg.com

ਵਿਚ ਜੇ ਕੋਈ ਨਿਯਮਾਂ ਅਨੁਸਾਰ ਕੰਮ ਨਹੀਂ ਕਰਦਾ ਤਾਂ ਲੋਕ ਚਾਹੁਣ ਤਾਂ ਇਕ ਮਿੱਥੇ ਸਮੇਂ ਬਾਅਦ ਆਪਣੇ ਪ੍ਰਤੀਨਿਧਾਂ ਨੂੰ ਵਾਪਸ ਬੁਲਾ ਸਕਦੇ ਹਨ।

ਪੰਜਾਬ ਦੇ ਮੁੱਖ ਮੰਤਰੀ ਨੇ ਅਗਾਂਹਵਧੂ ਦੇਸ਼ਾਂ ਦੀ ਤਰਜ਼ 'ਤੇ ਪ੍ਰਬੰਧਕੀ ਢਾਂਚਾ ਕਾਇਮ ਨਹੀਂ ਕੀਤਾ ਤਾਂ ਜੁ ਲੋਕਾਂ ਦੇ ਮਸਲੇ ਆਮ ਕੰਮ-ਕਾਜ ਦੀ ਤਰ੍ਹਾਂ ਹੱਲ ਹੁੰਦੇ ਰਹਿਣ ਤਾਂ ਜੋ ਲੋਕਾਂ ਨੂੰ ਉਨ੍ਹਾਂ ਨੂੰ ਮਿਲਣ ਦੀ ਲੋੜ ਹੀ ਨਾ ਪਵੇ। ਵਿਦੇਸ਼ਾਂ ਵਿਚ ਮੁੱਖ ਮੰਤਰੀ ਆਮ ਲੋਕਾਂ ਦੀ ਤਰ੍ਹਾਂ ਰਹਿੰਦੇ ਹਨ। ਕੋਈ ਲਾਲ ਬੱਤੀ ਨਹੀਂ। ਕੋਈ ਸਰਕਾਰੀ ਡਰਾਇਵਰ ਨਹੀਂ। ਅਮਰੀਕਾ ਵਿਚ ਤਾਂ ਬਹੁਤੇ ਲੋਕਾਂ ਨੂੰ ਮੁੱਖ ਮੰਤਰੀ ਜਿਸ ਨੂੰ ਇੱਥੇ ਗਵਰਨਰ ਕਹਿੰਦੇ ਹਨ ਦਾ ਨਾਂ ਹੀ ਨਹੀਂ ਪਤਾ ਕਿਉਂਕਿ ਉਨ੍ਹਾਂ ਨੂੰ ਉਸ ਨੂੰ ਮਿਲਣ ਦੀ ਲੋੜ ਹੀ ਨਹੀਂ ਪੈਂਦੀ ਅਤੇ ਨਾ ਹੀ ਇੱਥੇ ਅਖ਼ਬਾਰਾਂ ਵਿਚ ਭਾਰਤੀ ਅਖ਼ਬਾਰਾਂ ਵਾਂਗ ਸਰਕਾਰੀ ਇਸ਼ਤਿਹਾਰ ਛਪਦੇ ਹਨ। ਨਾ ਹੀ ਨੀਂਹ ਰਖਣ ਦੇ ਇਸ਼ਤਿਹਾਰ ਛਪਦੇ ਹਨ ਤੇ ਨਾ ਹੀ ਖ਼ਬਰਾਂ। ਉਨ੍ਹਾਂ ਨੂੰ ਸਿਰਫ਼ ਰਾਸ਼ਟਰਪਤੀ ਦਾ ਨਾਂ ਹੀ ਪਤਾ ਹੈ।

ਸੰਗਤ ਦਰਸ਼ਨ ਮੱਧਕਾਲ ਦੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਪ੍ਰਣਾਲੀ ਹੈ ਜਿਸ ਸਮੇਂ ਨਾ ਤਾਂ ਸੰਚਾਰ ਸਾਧਨ ਸਨ ਤੇ ਨਾ ਹੀ ਆਵਾਜਾਈ ਦੇ ਸਾਧਨ ਹਨ। ਵਿਗਿਆਨਕ ਯੁਗ ਵਿਚ ਇਹ ਵੇਲਾ ਵਿਹਾਅ ਚੁੱਕੀ ਪ੍ਰਣਾਲੀ ਹੈ। ਲੋਕਾਂ ਦਾ ਮੁੱਖ ਮੰਤਰੀ ਮਗਰ ਅਰਜ਼ੀਆਂ ਲਈ ਫਿਰਨਾ ਨਿਕੰਮੇ ਪ੍ਰਬੰਧ ਦੀ ਮੂੰਹ ਬੋਲਦੀ ਤਸਵੀਰ ਹੈ।

ਉਲਟਾ ਇਸ ਦਾ ਨੁਕਸਾਨ ਹੋ ਰਿਹਾ ਹੈ। ਮੁੱਖ ਮੰਤਰੀ ਸਕਤਰੇਤ ਜਾਂਦੇ ਨਹੀਂ। 'ਘਰ ਵਾਲਾ ਘਰ ਨਹੀਂ, ਸਾਨੂੰ ਕਿਸੇ ਦਾ ਡਰ ਨਹੀਂ' ਵਾਲੀ ਅਵਸਥਾ ਬਣੀ ਹੋਈ ਹੈ। ਨਾ ਤਾਂ ਮੰਤਰੀ ਸਕਤਰੇਤ ਆਉਂਦੇ ਹਨ ਤੇ ਨਾ ਹੀ ਅਫ਼ਸਰ। ਬੀਤੇ ਸਮੇਂ ਕਈ ਵਾਰ ਮੁੱਖ ਮੰਤਰੀ ਤੇ ਉਪ ਮੁਖ ਮੰਤਰੀ ਨੇ ਗ਼ੈਰ ਹਾਜ਼ਰ ਮੰਤਰੀਆਂ ਅਤੇ ਅਫ਼ਸਰਾਂ ਨੂੰ ਫੜਿਆ ਹੈ। ਬਿਨਾਂ ਕਿਸੇ ਯੋਜਨਾਬੰਦੀ 'ਤੇ ਸੰਗਤ ਦਰਸ਼ਨ ਵਾਲੀ ਥਾਂ 'ਤੇ ਕਈ ਪ੍ਰੋਜੈਕਟ ਐਲਾਨ ਕੀਤੇ ਜਾਂਦੇ ਹਨ ਤੇ ਫੰਡ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਫੰਡਾਂ ਬਾਰੇ ਕਈ ਤਰ੍ਹਾਂ ਦੀਆਂ ਇਤਰਾਜ਼ਯੋਗ ਖ਼ਬਰਾਂ ਬਾਅਦ ਵਿਚ ਮੀਡਿਆ ਵਿਚ ਆਉਂਦੀਆਂ ਹਨ। ਅਸਲ ਵਿਚ ਸੰਗਤ ਦਰਸ਼ਨ ਦੇ ਨਾਂ 'ਤੇ ਵੋਟ ਬੈਂਕ ਪਕਾ ਕੀਤਾ ਜਾਂਦਾ ਹੈ। ਇਸ ਵਿਚ ਆਮ ਲੋਕਾਂ ਨੂੰ ਮਿਲਨ ਨਹੀਂ ਦਿੱਤਾ ਜਾਂਦਾ। ਜੇ ਕੋਈ ਵਿਅਕਤੀ ਜਾਂ ਜਥੇਬੰਦੀ ਜਬਰੀ ਮਿਲਣ ਦਾ ਯਤਨ ਕਰਦੀ ਹੈ ਤਾਂ ਪੁਲਿਸ ਵੱਲੋਂ ਉਨ੍ਹਾਂ ਦੀ ਖਿੱਚ ਧੂਹ ਕੀਤੀ ਜਾਂਦੀ ਹੈ।

ਰਾਜ ਸਰਕਾਰ ਦਾ ਕੰਮ ਹੈ, ਸਭ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਨੀਆਂ। ਚੰਗੀ ਸਿੱਖਿਆ ਦੇਣੀ, ਰੁਜ਼ਗਾਰ ਦੇ ਸਾਧਨ ਪੈਦਾ ਕਰਨੇ ਤੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭਤਾ ਦੇਣਾ, ਗ਼ਰੀਬ ਲੋਕਾਂ ਨੂੰ ਲੋੜਵੰਦ ਭਤਾ ਦੇਣਾ ਵਗੈਰਾ ਵਗੈਰਾ। ਪਰ ਸਾਡੇ ਸਰਕਾਰੀ ਹਸਪਤਾਲਾਂ ਵਿਚ ਡਾਕਟਰ ਨਹੀਂ, ਦਵਾਈਆਂ ਨਹੀਂ, ਸਾਜ਼ੋ-ਸਾਮਾਨ ਨਹੀਂ, ਨਰਸਾਂ ਤੇ ਹੋਰ ਸਟਾਫ਼ ਮੈਂਬਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। ਸਕੂਲ ਹਨ ਪਰ ਉਨ੍ਹਾਂ ਵਿਚ ਅਧਿਆਪਕ ਤੇ ਹੋਰ ਅਮਲਾ ਨਹੀਂ। ਸਰਕਾਰੀ ਹਸਪਤਾਲਾਂ ਵਿਚ ਸਿਆਸਤਦਾਨ ਨਹੀਂ ਜਾਂਦੇ ਤੇ ਨਾ ਹੀ ਸਰਕਾਰੀ ਸਕੂਲਾਂ ਵਿਚ ਆਪਣੇ ਬੱਚੇ ਭੇਜਦੇ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਮਿਆਰੀ ਨਹੀਂ। ਇੰਜ ਇਹ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਕਿ ਅਸੀਂ ਵਿਸ਼ਵ ਪਧਰੀ ਹਸਪਤਾਲ ਤੇ ਵਿਦਿਅਕ ਅਦਾਰੇ ਖੋਲ੍ਹੇ ਹਨ।



Academy of the Punjab in North America: http://www.apnaorg.com

ਲਾਇਬ੍ਰੇਰੀਆਂ ਹਨ ਪਰ ਉਨ੍ਹਾਂ ਵਿਚ ਲਾਇਬ੍ਰੇਰੀਅਨ ਨਹੀਂ। ਕਿਸਾਨ, ਬੇ-ਰੁਜ਼ਗਾਰ ਤੇ ਗ਼ਰੀਬ ਲੋਕ ਖ਼ੁਦਕੁਸ਼ੀਆਂ ਕਰ ਰਹੇ ਹਨ। ਰਿਸ਼ਵਤਖੋਰੀ ਨੇ ਨੱਕ ਵਿਚ ਦਮ ਕੀਤਾ ਹੋਇਆ ਹੈ। ਹਜ਼ਾਰਾਂ ਕਾਰਖਾਨੇ ਬੰਦ ਹੋ ਚੁੱਕੇ ਹਨ। ਇਕ ਪਾਸੇ ਲੋਕਾਂ ਦੀ ਆਮਦਨ ਦੇ ਸਾਧਨ ਨਹੀਂ, ਦੂਜਾ ਸਰਕਾਰ ਵੱਲੋਂ ਲੋਕਾਂ ਉਪਰ ਟੈਕਸਾਂ ਦਾ ਬੋਝ ਪਾਇਆ ਜਾ ਰਿਹਾ ਹੈ।

ਰੁਜ਼ਗਾਰ ਨਾ ਮਿਲਣ ਕਰਕੇ ਨੌਜੁਆਨ ਪੀੜ੍ਹੀ ਨਸ਼ਿਆਂ ਵਿਚ ਗਲਤਾਨ ਹੈ। ਬਿਜਲੀ ਦਰਾਂ ਵਿਚ ਲਗਾਤਾਰ ਵਾਧੇ ਅਤੇ ਟੈਕਸਾਂ ਦੇ ਬੋਝ ਨੇ ਕਾਰਖਾਨੇਦਾਰਾਂ ਨੂੰ ਦੂਜੇ ਸੂਬਿਆਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ ਹੈ। ਗੁਆਂਢੀ ਰਾਜਾਂ ਨੂੰ ਵਾਜਪਾਈ ਸਰਕਾਰ ਨੇ ਟੈਕਸਾਂ ਵਿਚ ਛੋਟਾਂ ਦਿੱਤੀਆਂ ਕਿਉਂਕਿ ਉਸ ਸਮੇਂ ਇਨ੍ਹਾਂ ਸੂਬਿਆਂ ਵਿਚ ਚੋਣਾਂ ਸਨ। ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਭਾਈਵਾਲ ਪਾਰਟੀ ਸੀ ਤੇ ਸ. ਸੁਖਬੀਰ ਸਿੰਘ ਬਾਦਲ ਸਨਅਤੀ ਰਾਜ ਮੰਤਰੀ ਸਨ। ਚਾਹੀਦਾ ਸੀ ਕਿ ਪੰਜਾਬ ਨੂੰ ਵੀ ਅਜਿਹੀਆਂ ਛੋਟਾਂ ਮਿਲਦੀਆਂ ਜਿਸ ਨੇ ਅੱਤਵਾਦ ਨੂੰ ਪਿੰਡੇ 'ਤੇ ਹੰਢਾਇਆ, ਪਰ ਸ਼੍ਰੋਮਣੀ ਅਕਾਲੀ ਦਲ ਅਜੇ ਤੀਕ ਅਜਿਹੀਆਂ ਛੋਟਾਂ ਲੈਣ ਵਿਚ ਕਾਮਯਾਬ ਨਹੀਂ ਹੋਇਆ। ਚੋਣਾਂ ਕਰਕੇ ਮੋਦੀ ਸਰਕਾਰ ਨੇ ਬਿਹਾਰ ਨੂੰ ਵਿਸ਼ੇਸ਼ ਪੈਕੇਜ ਦੇ ਦਿੱਤਾ ਹੈ ਪਰ ਪੰਜਾਬ ਨੂੰ ਅਜੇ ਤੀਕ ਕੋਈ ਪੈਕੇਜ ਨਹੀਂ ਮਿਲਿਆ, ਜਿਸ ਦੀ ਕਿ ਮੁੱਖ ਮੰਤਰੀ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ। ਦਿੱਲੀ ਵਿਚ ਆਮ ਪਾਰਟੀ ਨੇ ਖ਼ਰਾਬ ਫਸਲਾਂ ਦਾ 25000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਹੈ ਜਦ ਕਿ ਕੇਂਦਰ ਨੇ ਪੰਜਾਬ ਦੇ ਕਿਸਾਨਾਂ ਨੂੰ ਕੇਵਲ 8000 ਰੁਪਏ ਪ੍ਰਤੀ ਏਕੜ ਦਿੱਤੇ ਹਨ। ਕੇਂਦਰ ਸਰਕਾਰ ਸਨਅਤੀ ਘਰਾਣਿਆਂ ਨੂੰ ਅਰਬਾਂ ਰੁਪਏ ਦੀਆਂ ਛੋਟਾਂ ਦੇ ਚੁੱਕੀ ਹੈ ਪਰ ਪੰਜਾਬ ਸਰਕਾਰ ਕਰਜ਼ੇ ਦੇ ਬੋਝ ਥੱਲੇ ਦੱਬੀ ਕਿਰਸਾਨੀ ਲਈ ਬਿਨਾਂ ਵਿਆਜ਼ ਕਰਜ਼ਾ ਲੈਣ ਵਿਚ ਕਾਮਯਾਬ ਨਹੀਂ ਹੋਈ। ਕਿਸਾਨ ਹੋਰ ਸਭ ਕੁਝ ਜਰ ਲਵੇਗਾ ਪਰ ਬੈਂਕ ਵਲੋਂ ਨਿਲਾਮ ਹੁੰਦੀ ਜ਼ਮੀਨ ਨਹੀਂ ਵੇਖ ਸਕਦਾ। ਸਿੱਟੇ ਵਜੋਂ ਪ੍ਰੇਸ਼ਾਨ ਕਿਰਸਾਨ ਖ਼ੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ। ਉਸ ਦੀ ਅਜ ਬਾਂਹ ਫੜਨ ਦੀ ਲੋੜ ਹੈ। ਉਨ੍ਹਾਂ ਦੇ ਦਰਦ ਵੰਡਾਉਣ ਦੀ ਲੋੜ ਹੈ। ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਸੱਦ ਕੇ ਉਨ੍ਹਾਂ ਦੇ ਮਸਲਿਆਂ ਨੂੰ ਸਮਝਣ ਤੇ ਉਨ੍ਹਾਂ ਦੇ ਹੱਲ ਕਰਨ ਦੀ ਲੋੜ ਹੈ। ਬਾਬਾ ਸੂਰਤ ਸਿੰਘ ਨੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ ਰਖਿਆ ਹੋਇਆ ਹੈ, ਉਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਕੈਲੀਫੋਰਨੀਆ ਵਰਗਾ ਰਾਜ ਦੇ ਸੁਪਨੇ ਵਿਖਾਉਣ ਵਾਲੇ ਮੁੱਖ ਮੰਤਰੀ ਪਾਸ ਸਿਆਸਤ ਦਾ ਬਹੁਤ ਲੰਮਾ ਤਜਰਬਾ ਹੈ। ਉਨ੍ਹਾਂ ਪਾਸ ਵਿਦੇਸ਼ਾਂ ਤੋਂ ਪੜ੍ਹੇ ਮੰਤਰੀ ਹਨ, ਵਿਧਾਇਕ ਹਨ। ਵਿਦੇਸ਼ਾਂ ਵਿਚ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਨਾਮਵਰ ਪੰਜਾਬੀ ਹਨ। ਇਨ੍ਹਾਂ ਸੂਝਵਾਨ ਪਤਵੰਤਿਆਂ ਤੋਂ ਪੰਜਾਬ ਦੀ ਬਿਹਤਰੀ ਲਈ ਸੁਝਾਅ ਲੈਣੇ ਚਾਹੀਦੇ ਹਨ। ਪੰਜਾਬ ਦੇ ਪਰਵਾਸੀ ਭਵਨ ਵਿਚ ਕਿਸੇ ਸੂਝਵਾਨ ਪਰਵਾਸੀ ਨੂੰ ਉਨ੍ਹਾਂ ਨਾਲ ਸਬੰਧਤ ਮਸਲਿਆਂ ਦੀ ਜ਼ੁੰਮੇਵਾਰੀ ਸੌਂਪਣ ਦੀ ਲੋੜ ਹੈ ਤਾਂ ਜੁ ਉਨ੍ਹਾਂ ਦੇ ਮਸਲੇ ਵਿਦੇਸ਼ਾਂ ਵਿਚ ਰਹਿੰਦਿਆਂ ਹੀ ਹਲ ਹੋਣ।

ਅੱਜ ਹਰ ਪੰਜਾਬੀ ਦੀ ਅੱਖ ਪੰਜਾਬ ਵੱਲ ਹੈ। ਉਹ ਕਿਤੇ ਵੀ ਬੈਠਾ ਹੈ, ਉਹ ਪੰਜਾਬ ਦੀ ਸੁਖ ਮੰਗਦਾ ਹੈ। ਉਹ ਚਾਹੁੰਦਾ ਹੈ, ਪੰਜਾਬ ਵਿਚ ਵੀ ਹਰ ਵਿਅਕਤੀ ਨੂੰ



Academy of the Punjab in North America: http://www.apnaorg.com

ਵਿਦੇਸ਼ਾਂ ਵਾਲੀਆਂ ਸਭ ਨੂੰ ਲੋੜੀਂਦੀਆਂ ਸਹੂਲਤਾਂ ਸਭ ਨੂੰ ਮਿਲਣ। ਜੇ ਵਿਦੇਸ਼ਾਂ ਵਿਚ ਬਾਰ੍ਹਵੀਂ ਤੀਕ ਸਭ ਨੂੰ ਮੁਫ਼ਤ ਮਿਆਰੀ ਵਿਦਿਆ ਮਿਲਦੀ ਹੈ ਤਾਂ ਪੰਜਾਬ ਵਿਚ ਕਿਉਂ ਨਾ ਹੋਵੇ ? ਗਰੀਬ ਨੂੰ ਵੀ ਅਮੀਰਾਂ ਵਰਗੀਆਂ ਸਿਹਤ ਸਹੂਲਤਾਂ ਕਿਉਂ ਨਾ ਮਿਲਣ ? ਪੰਜਾਬ ਪੁਲਿਸ ਤੇ ਅਫ਼ਸਰਸ਼ਾਹੀ ਸਹੀ ਅਰਥਾਂ ਵਿਚ ਲੋਕਾਂ ਦੀ ਸੇਵਕ ਕਿਉਂ ਨਾ ਬਣੇ ? ਫਜ਼ੂਲ ਦੀ ਇਸ਼ਤਿਹਾਰੀ ਅਤੇ ਨੀਂਹ ਪੱਥਰਾਂ 'ਤੇ ਲੋਕਾਂ ਦੇ ਟੈਕਸਾਂ ਦਾ ਪੈਸਾ ਕਿਉਂ ਖਰਚ ਹੋਵੇ ? ਪੰਜਾਬ ਸਭ ਲਈ ਸੁਰੱਖਿਅਤ ਕਿਉਂ ਨਾ ਹੋਵੇ ? ਜੇ ਮੁੱਖ ਮੰਤਰੀ ਹੀ ਸੁਰੱਖਿਅਤ ਨਹੀਂ ਤਾਂ ਉਹ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਿਵੇਂ ਕਰ ਸਕਦਾ ਹੈ ? ਆਖਰ ਪੰਜਾਬੀ ਵਿਦੇਸ਼ ਜਾਣ ਲਈ ਜ਼ਮੀਨ ਜਾਇਦਾਦਾਂ ਵੇਚ ਕੇ ਜਾਣ ਲਈ ਉਤਾਵਲੇ ਕਿਉਂ ਹਨ ? ਪੰਜਾਬੀ ਪੰਜਾਬ ਵਿਚ ਪੈਸਾ ਲਾਉਣ ਦੀ ਥਾਂ 'ਤੇ ਦੂਜੇ ਸੂਬਿਆਂ ਕਿਉਂ ਪੈਸਾ ਲਾ ਰਹੇ ? ਜੇ ਅਮਰੀਕਾ ਨੇ ਚੋਣਾਂ ਲਈ ਕੇਵਲ ਇਕ ਮਹੀਨਾ ਜੋ ਕਿ ਨਵੰਬਰ ਰਖਿਆ ਹੋਇਆ ਤਾਂ ਪੰਜਾਬ ਵੀ ਕਿਉਂ ਨਾ ਇਕ ਮਹੀਨਾ ਚੋਣਾਂ ਲਈ ਰਖੇ ਤਾਂ ਜੁ 11 ਮਹੀਨੇ ਸਾਰੇ ਕੰਮ ਕਰਨ ? ਅਜਿਹੇ ਅਨੇਕਾਂ ਸੁਆਲ ਹਨ ਜਿਨ੍ਹਾਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ, ਜੇ ਵੇਲਾ ਵਿਹਾਅ ਚੁੱਕੀ ਸੰਗਤ ਦਰਸ਼ਨ ਪ੍ਰਣਾਲੀ ਨੂੰ ਤਿਆਗ ਕੇ, ਸੰਜੀਦਗੀ ਨਾਲ ਇਨ੍ਹਾਂ ਮਸਲਿਆਂ ਲਈ ਨਜਿਠਣ ਲਈ ਉਪਰਾਲੇ ਕੀਤੇ ਜਾਣ।

*21 ਅਗਸਤ 2015*



Academy of the Punjab in North America: http://www.apnaorg.com



ਡਾ. ਚਰਨਜੀਤ ਸਿੰਘ ਗੁਮਟਾਲਾ

ਡਾ. ਚਰਨਜੀਤ ਸਿੰਘ ਗੁਮਟਾਲਾ ਮਿਹਨਤੀ, ਸਿਰੜੀ, ਨਿਸ਼ਠਾਵਾਨ, ਉਤਸ਼ਾਹੀ, ਉਦਮੀ ਅਤੇ ਅਣਥਕ ਸ਼ਖ਼ਸੀਅਤ ਦਾ ਨਾਂ ਹੈ। ਉਸਨੇ ਬੀ.ਐਸਸੀ. (ਮੈਡੀਕਲ), ਬੀ.ਐੱਡ ਕਰਨ ਪਿਛੋਂ ਸੇਵਾ ਦੌਰਾਨ ਐਮ.ਏ. (ਅਰਥ ਸ਼ਾਸਤਰ), ਐਮ.ਏ. (ਪੰਜਾਬੀ) ਅਤੇ ਪੰਜਾਬੀ ਵਿਚ ਪੀਐੱਚ.ਡੀ. ਤਕ ਦੀ ਵਿੱਦਿਆ ਹਾਸਿਲ ਕੀਤੀ। ਲੰਮਾ ਸਮਾਂ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿਚ ਬਤੌਰ ਅਧਿਆਪਕ ਸੇਵਾ ਕੀਤੀ। ਸੇਵਾ ਦੌਰਾਨ ਹੀ ਉਸਨੇ ਆਪਣੇ ਆਪ ਨੂੰ ਸਮਾਜ ਸੇਵਾ ਲਈ ਅਰਪਣ ਕਰ ਦਿੱਤਾ। ਉਸ ਨੂੰ ਅੰਮ੍ਰਿਤਸਰ ਦੇ ਵਿਕਾਸ ਲਈ ਇਕ ਸੰਸਥਾ ਬਨਾਉਣ ਦਾ ਫੁਰਨਾ ਫੁਰਿਆ, ਜੋ 'ਅੰਮ੍ਰਿਤਸਰ ਵਿਕਾਸ ਮੰਚ' ਦੇ ਨਾਂ ਹੇਠ ਕਾਰਜਸ਼ੀਲ ਹੋਈ। ਇਹ ਸੰਸਥਾ ਅੰਮ੍ਰਿਤਸਰ ਦੇ ਵਿਕਾਸ, ਸਾਫ਼ ਸਫਾਈ, ਹੈਰੀਟੇਜ਼ ਦੀ ਸੰਭਾਲ, ਟਰੈਫ਼ਿਕ ਸਮੱਸਿਆ, ਹਵਾ ਅਤੇ ਆਵਾਜ਼ ਪ੍ਰਦੂਸ਼ਣ, ਸਿੱਖਿਆ ਸੰਬੰਧੀ ਸਮੱਸਿਆਵਾਂ, ਬਾਲ ਮਜ਼ਦੂਰੀ, ਅੰਮ੍ਰਿਤਸਰ ਹਵਾਈ ਅੱਡੇ ਦੇ ਵਿਕਾਸ ਅਤੇ ਅਜਿਹੇ ਹੋਰ ਅਨੇਕਾਂ ਕਾਰਜਾਂ ਲਈ ਵੱਡਮੁੱਲਾ ਯੋਗਦਾਨ ਪਾ ਰਹੀ ਹੈ। 'ਅੰਮ੍ਰਿਤਸਰ ਪੋਸਟ' ਨਾਂ ਦਾ ਅਖ਼ਬਾਰ ਜਾਰੀ ਕਰਕੇ ਇਨ੍ਹਾਂ ਲੋਕ ਸਮੱਸਿਆਵਾਂ ਦੇ ਹੱਲ ਲਈ ਆਮ ਲੋਕਾਂ, ਸਥਾਨਕ ਪ੍ਰਸ਼ਾਸਨ, ਪੰਜਾਬ ਅਤੇ ਕੇਂਦਰੀ ਸਰਕਾਰ ਤਕ ਪਹੁੰਚ ਕੀਤੀ। ਹੁਣ ਉਹ ਅੰਤਰ-ਰਾਸ਼ਟਰੀ ਪੱਧਰ ਉੱਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਤਰੱਕੀ ਲਈ ਯਤਨਸ਼ੀਲ ਹੋਣ ਤੋਂ ਇਲਾਵਾ ਅੰਤਰ-ਰਾਸ਼ਟਰੀ ਸਮੱਸਿਆਵਾਂ ਨਾਲ ਵੀ ਦਸਤਪੰਜਾ ਲੈ ਰਿਹਾ ਹੈ।

ਹੱਥਲੀ ਪੁਸਤਕ 'ਲੋਕ ਮਸਲੇ : ਦਸ਼ਾ ਤੇ ਦਿਸ਼ਾ' ਵਿਚ ਇਸ ਤਰ੍ਹਾਂ ਦੇ ਮਸਲਿਆਂ ਨੂੰ ਉਭਾਰਿਆ ਗਿਆ ਹੈ। ਲੇਖਕ ਲਈ ਦੇਸ਼ ਕਾਲ ਦੀ ਕੋਈ ਹਦਬੰਦੀ ਨਹੀਂ। ਉਸਨੇ ਸਮੇਂ ਸਮੇਂ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਇਨ੍ਹਾਂ ਸਮੱਸਿਆਵਾਂ ਬਾਰੇ ਜੋ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਵਿਚੋਂ ਕੁਝ ਚੋਣਵੇਂ ਲੇਖਾਂ ਨੂੰ ਇਸ ਸੰਗ੍ਰਹਿ ਵਿਚ ਸ਼ਾਮਲ ਕੀਤਾ ਗਿਆ ਹੈ। ਉਮੀਦ ਹੈ ਇਸ ਲੜੀ ਦੀਆਂ ਹੋਰ ਪੁਸਤਕਾਂ ਵੀ ਛੇਤੀ ਹੀ ਪਾਠਕਾਂ ਦੇ ਰੁਬਰੂ ਹੋਣਗੀਆਂ। ਆਸ ਹੈ ਇਹ ਰਚਨਾ ਪਾਠਕਾਂ ਦੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਬਣੇਗੀ।

**ਪ੍ਰੋ. ਬਿਕਰਮ ਸਿੰਘ ਘੁੰਮਣ**

**Sanjhi Soch Parkashan**
2601 Oakdale Road Suite H2, Box # 167
Modesto, California 95355 USA
Cell : (209) 303-1260
Email : Info@sanjhisoch.com

Academy of the Punjab in North America: http://www.apnaorg.com